ISSN No. 2394-0980

ਮਾਰਚ 2026, Volume 13

ਖੋਜ ਪੰਧ

Annual Peer Reviewed Refereed Journal

ਪਰਵਾਸੀ ਪੰਜਾਬੀ ਸਾਹਿਤ

ਪੰਜਾਬੀ ਵਿਭਾਗ

ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ

ਖ਼ਾਲਸਾ ਕਾਲਜ, ਪਟਿਆਲਾ

ਪੰਜਾਬ, ਭਾਰਤ

ਖੋਜ ਪੰਧ

KHOJ PANDH

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਖੋਜ ਜਰਨਲ

ISSN No. 2394-0980

ਮਾਰਚ 2026

March 2026

Vol. 13

Annual Peer Reviewed Refereed Journal

ਪਰਵਾਸੀ ਪੰਜਾਬੀ ਸਾਹਿਤ

PUNJABI JOURNAL

Price: 500

ਪੰਜਾਬੀ ਵਿਭਾਗ
ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ
ਖ਼ਾਲਸਾ ਕਾਲਜ, ਪਟਿਆਲਾ
ਪੰਜਾਬ, ਭਾਰਤ

ਮੁੱਖ ਸਰਪ੍ਰਸਤ
ਸ. ਹਰਜਿੰਦਰ ਸਿੰਘ ਜੀ ਧਾਮੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ

ਸਰਪ੍ਰਸਤ

ਸ. ਸੁਖਮਿੰਦਰ ਸਿੰਘ
ਆਨਰੇਰੀ ਸਕੱਤਰ,ਕਾਲਜ ਗਵਰਨਿੰਗ ਬਾਡੀ

ਮੁੱਖ ਸੰਪਾਦਕ

ਡਾ. ਧਰਮਿੰਦਰ ਸਿੰਘ ਉੱਭਾ
ਪ੍ਰਿੰਸੀਪਲ, ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ

ਸੰਪਾਦਕ

ਪ੍ਰੋ. ਪਰਮਜੀਤ ਕੌਰ (ਮੁਖੀ ਪੰਜਾਬੀ ਵਿਭਾਗ)
ਡਾ. ਪੁਸ਼ਪਿੰਦਰ ਕੌਰ
ਪ੍ਰੋ. ਜਗਰੂਪ ਕੌਰ
ਡਾ. ਦਵਿੰਦਰ ਸਿੰਘ
ਡਾ. ਸਰਬਜੀਤ ਸਿੰਘ
ਡਾ. ਜਸਵਿੰਦਰ ਸਿੰਘ

ਸਲਾਹਕਾਰ ਬੋਰਡ

ਡਾ. ਓਮ ਪ੍ਰਕਾਸ਼ ਵਸ਼ਿਸ਼ਟ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਡਾ. ਜੋਗਾ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰੋ. ਅੱਛਰੂ ਸਿੰਘ
ਸ਼੍ਰੋਮਣੀ ਸਾਹਿਤਕਾਰ

ਡਾ. ਸਰਬਜਿੰਦਰ ਸਿੰਘ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ

ਡਾ. ਰਜਿੰਦਰਪਾਲ ਸਿੰਘ ਬਰਾੜ
ਪੰਜਾਬੀ ਯੂਨਵਰਸਿਟੀ, ਪਟਿਆਲਾ

ਪਰਮਵੀਰ ਸਿੰਘ
ਖ਼ਾਲਸਾ ਸਕੂਲ, ਸਰੀ ਬ੍ਰਿਟਿਸ਼ ਕੋਲੰਬੀਆ, ਕੈਨੇਡਾ

ਡਾ. ਗੁਰਮੁਖ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡਾ. ਆਤਮ ਸਿੰਘ ਰੰਧਾਵਾ
ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ

ਡਾ. ਪਰਮਜੀਤ ਕੌਰ ਸਿੱਧੂ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਡਾ. ਮਨਜਿੰਦਰ ਸਿੰਘ
ਗੁਰੂ ਨਾਨਕ ਦੇਵ ਯੂਨੀ., ਸ੍ਰੀ ਅੰਮ੍ਰਿਤਸਰ ਸਾਹਿਬ

ਡਾ. ਪ੍ਰਵੀਨ ਕੁਮਾਰ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਡਾ. ਹਰਦੇਵ ਸਿੰਘ ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀ., ਫਤਿਹਗੜ੍ਹ ਸਾਹਿਬ

Releasing Schedule: January to to December (Annual)

©All rights reserved with National Press Associates. No part of this Journal may be reproduced or Transmitted in any from or by any means of electronic or mechanical including photocopy, recording or any information stored in a retrieval system, without the prior written permission of the publisher and college.

Production & Hosting By National Press Associates, New Delhi

Website: www.npajournals.org E-mail. info@npajournals.org Ph. +91-98889-34889

ਖੋਜ ਪੰਧ

ISSN 2394-0980 Vol.13 March 2026

ਤਤਕਰਾ

ਸੰਪਾਦਕੀ ਪੰਨਾ

1. ਸਾਹਿਤਕ ਤੇ ਇਤਿਹਾਸਕ ਦਸਤਾਵੇਜ਼ ਨਾਵਲ 'ਦਹਿਸ਼ਤ 1947'
ਡਾ. ਸ. ਪ. ਸਿੰਘ 1-7

2. ਪਰਵਾਸੀ ਪੰਜਾਬੀ ਗਲਪ : ਨਾਰੀਵਾਦੀ ਪਰਿਪੇਖ
ਡਾ. ਧਨਵੰਤ ਕੌਰ 8-21

3. ਪਰਵਾਸੀ ਪੰਜਾਬੀ ਕਹਾਣੀ ਦਾ ਕਾਵਿ-ਸ਼ਾਸਤਰ
ਡਾ. ਅਕਾਲ ਅੰਮ੍ਰਿਤ ਕੌਰ 22-30

4. ਬਹੁ ਸਭਿਆਚਾਰਵਾਦ ਅਤੇ ਗੁਰਮੀਤ ਪਨਾਗ ਦਾ ਕਥਾ ਜਗਤ
ਡਾ. ਪਰਮਜੀਤ ਕੌਰ ਸਿੱਧੂ 31-42

5. ਸਮਕਾਲੀ ਪਰਵਾਸੀ ਪੰਜਾਬੀ ਕਵਿਤਾ: ਸਿੱਧਾਂਤਕ ਪਰਿਪੇਖ
ਡਾ. ਪ੍ਰਵੀਨ ਕੁਮਾਰ 43-59

6. ਪਰਵਾਸੀ ਪੰਜਾਬੀ ਲੇਖਕਾਂ ਨਾਲ ਮੁਲਾਕਾਤਾਂ : ਤੁਲਨਾਤਮਕ ਅਧਿਐਨ
ਡਾ. ਗੁਰਪ੍ਰੀਤ ਕੌਰ ਬਰਾੜ 60-74

7. ਕਥਾ ਕੁਕਨੁਸ ਦੀ : ਮੂਲਵਾਸ ਅਤੇ ਪਰਵਾਸ ਦਾ ਦਵੰਦ
ਡਾ. ਗੁਰਪ੍ਰੀਤ ਕੌਰ 75-87

8. ਪੰਜਾਬੀ ਕੁੜੀਆਂ ਦਾ ਪਰਵਾਸ: ਸਮਾਜਿਕ ਪ੍ਰਬੰਧ 'ਤੇ ਪ੍ਰਭਾਵ
ਡਾ. ਤੇਜਿੰਦਰ ਕੌਰ 88-96

9. ਪਰਵਾਸੀ ਅਸਤਿਤਵ ਵਿਚ ਸਭਿਆਚਾਰਕ ਦਵੰਦ ਅਤੇ ਬੇਗਾਨਗੀ :ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੇ ਦੇ ਸੰਦਰਭ ਵਿਚ
ਡਾ. ਸੁਖਮਨਪ੍ਰੀਤ ਕੌਰ 97-111

10. ਪਰਮਵੀਰ ਸਿੰਘ ਦੀ ਕਾਵਿ-ਸੰਵੇਦਨਾ ਅਤੇ ਪਰਵਾਸ ਅਨੁਭਵ
ਡਾ. ਦਵਿੰਦਰ ਸਿੰਘ 112-129

11. ਪਰਵਾਸੀ ਦੁਖਾਂਤ ਦੀ ਅਭਿਵਿਅਕਤੀ : 'ਅੰਗੂਠੇ ਦਾ ਨਿਸ਼ਾਨ'
ਡਾ. ਜਸਪ੍ਰੀਤ ਕੌਰ 130-138

12. 'ਪਾਰ ਬਣਾਏ ਆਲ੍ਹਣੇ' ਦਾ ਵਿਸ਼ਲੇਸ਼ਣ (ਅੰਤਰ-ਨਸਲੀ ਵਿਆਹ ਅਤੇ ਵਿਗਠਤ ਪਰਿਵਾਰਕ ਸੰਬੰਧਾਂ ਦੇ ਸੰਦਰਭ ਵਿੱਚ)
ਡਾ. ਰਾਜਵੀਰ ਕੌਰ 139-146

13. ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਆਏ ਪ੍ਰਮੁੱਖ ਸਰੋਕਾਰ,ਸਮਸਿਆਂਵਾ ਅਤੇ ਦਵੰਧ (ਕਹਾਣੀ ਸੰ੍ਗਿਹ 'ਦੋ ਟਾਪੂ' ਅਤੇ 'ਟਾਵਰਜ' ਦੇ ਆਧਾਰ 'ਤੇ)
ਡਾ. ਮਨਿੰਦਰ ਕੌਰ 147-158

14. 'ਝੰਡੇ ਨੂੰ ਲੱਗੀ ਮੈਲ਼' ਸਮਕਾਲੀ ਸਮਾਜਿਕ ਅਤੇ ਇਤਿਹਾਸਕ ਪ੍ਰਸੰਗ
ਡਾ. ਰੁਪਿੰਦਰ ਕੌਰ 159-166

15. ਅਮਰੀਕਨ ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਰਾਣੀ ਨਗੇਂਦਰ ਕੌਰ ਦੀਆਂ ਕਹਾਣੀਆਂ: ਡਾਇਸਪੋਰਾ ਅਤੇ ਨੈਰੇਟੋਲੋਜੀਕ ਸੰਰਚਨਾ ਦਾ ਵਿਸ਼ਲੇਸ਼ਣ
ਹਰਪ੍ਰੀਤ ਕੁਮਾਰ 167-186

16. ਬਰਤਾਨਵੀ ਪੰਜਾਬੀ ਨਾਰੀ-ਕਾਵਿ : ਇਤਿਹਾਸਕ ਸਰਵੇਖ਼ਣ
ਗਗਨਦੀਪ ਸਿੰਘ 187-199

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀ ਹੈ

ਸੰਪਾਦਕੀ

ਪਰਵਾਸ ਮਨੁੱਖੀ ਇਤਿਹਾਸ ਦੀ ਇੱਕ ਨਿਰੰਤਰ ਚੱਲਣ ਵਾਲੀ ਸਮਾਜਿਕ ਅਤੇ ਸੱਭਿਆਚਾਰਕ ਪ੍ਰਕਿਰਿਆ ਹੈ। ਬਿਹਤਰ ਰੁਜ਼ਗਾਰ, ਸਿੱਖਿਆ, ਵਪਾਰ, ਸੁਰੱਖਿਆ ਅਤੇ ਜੀਵਨ-ਮਿਆਰ ਦੀ ਭਾਲ ਵਿੱਚ ਮਨੁੱਖ ਇੱਕ ਥਾਂ ਤੋਂ ਦੂਜੀ ਥਾਂ ਵੱਸਦਾ ਰਿਹਾ ਹੈ। ਪੰਜਾਬੀਆਂ ਦਾ ਪ੍ਰਵਾਸ ਵੀ ਇਸੇ ਇਤਿਹਾਸਕ ਯਾਤਰਾ ਦਾ ਮਹੱਤਵਪੂਰਨ ਅਧਿਆਇ ਹੈ। ਉੱਨੀਵੀਂ ਸਦੀ ਦੇ ਅੰਤ ਤੋਂ ਲੈ ਕੇ ਅੱਜ ਤੱਕ ਪੰਜਾਬੀ ਵੱਡੀ ਗਿਣਤੀ ਵਿੱਚ ਕੈਨੇਡਾ, ਇੰਗਲੈਂਡ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਇਟਲੀ, ਸਪੇਨ ਅਤੇ ਖਾੜੀ ਦੇਸ਼ਾਂ ਸਮੇਤ ਸੰਸਾਰ ਦੇ ਅਨੇਕ ਹਿੱਸਿਆਂ ਵਿੱਚ ਜਾ ਵੱਸੇ ਹਨ। ਇਸ ਪ੍ਰਵਾਸ ਨੇ ਸਿਰਫ਼ ਆਰਥਿਕ ਅਤੇ ਸਮਾਜਿਕ ਜੀਵਨ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਵੀ ਨਵੇਂ ਅਨੁਭਵ, ਨਵੇਂ ਵਿਸ਼ੇ ਅਤੇ ਨਵੀਆਂ ਅਭਿਵਿਅਕਤੀਆਂ ਪ੍ਰਦਾਨ ਕੀਤੀਆਂ ਹਨ। ਵਿਸ਼ਵ ਦਾ ਬਹੁਤ ਸਾਰਾ ਸਾਹਿਤ ਅੱਜ "ਪਰਵਾਸੀ ਪੰਜਾਬੀ ਸਾਹਿਤ" ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪਰਵਾਸੀ ਪੰਜਾਬੀ ਸਾਹਿਤ ਉਹ ਸਾਹਿਤ ਹੈ ਜੋ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਲੇਖਕਾਂ ਦੁਆਰਾ ਪੰਜਾਬੀ ਭਾਸ਼ਾ ਵਿੱਚ ਰਚਿਆ ਜਾਂਦਾ ਹੈ। ਇਸ ਸਾਹਿਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਜਨਮ-ਭੂਮੀ ਦੀਆਂ ਯਾਦਾਂ ਅਤੇ ਕਰਮ-ਭੂਮੀ ਦੇ ਅਨੁਭਵਾਂ ਦਾ ਮੇਲ ਮਿਲਦਾ ਹੈ। ਪਰਵਾਸੀ ਲੇਖਕ ਇੱਕ ਪਾਸੇ ਆਪਣੇ ਪਿੰਡ, ਮਿੱਟੀ, ਪਰਿਵਾਰ, ਰਿਸ਼ਤਿਆਂ ਅਤੇ ਸਭਿਆਚਾਰ ਨੂੰ ਯਾਦ ਕਰਦਾ ਹੈ ਜਦ ਕਿ ਦੂਜੇ ਪਾਸੇ ਨਵੇਂ ਦੇਸ਼ ਦੇ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਜੀਵਨ ਨਾਲ ਜੁੜੇ ਸੰਘਰਸ਼ਾਂ ਨੂੰ ਵੀ ਆਪਣੇ ਸਾਹਿਤ ਦਾ ਵਿਸ਼ਾ ਬਣਾਉਂਦਾ ਹੈ। ਇਸ ਕਰਕੇ ਇਹ ਸਾਹਿਤ ਦੋ ਸਭਿਆਚਾਰਾਂ ਦੇ ਸੰਵਾਦ ਦਾ ਮਹੱਤਵਪੂਰਨ ਦਸਤਾਵੇਜ਼ ਬਣ ਜਾਂਦਾ ਹੈ। ਆਪਣੀ ਧਰਤੀ ਤੋਂ ਦੂਰ ਹੋਣ ਦਾ ਅਹਿਸਾਸ, ਮਾਤਾ-ਪਿਤਾ ਅਤੇ ਪਰਿਵਾਰ ਤੋਂ ਵਿਛੋੜਾ, ਮਾਂ-ਬੋਲੀ ਨਾਲ ਜੁੜਿਆ ਪਿਆਰ, ਨਵੇਂ ਸਮਾਜ ਵਿੱਚ ਪਹਿਚਾਣ ਬਣਾਉਣ ਦੀ ਜੱਦੋ ਜਹਿਦ ਅਤੇ ਸਭਿਆਚਾਰਕ ਟਕਰਾਅ ਵਰਗੇ ਵਿਸ਼ੇ ਇਸ ਸਾਹਿਤ ਵਿੱਚ ਵਾਰ-ਵਾਰ ਸਾਹਮਣੇ ਆਉਂਦੇ ਹਨ। ਪਰਵਾਸੀ ਲੇਖਕ ਆਪਣੇ ਨਿੱਜੀ ਅਨੁਭਵਾਂ ਨੂੰ ਸਮੂਹਕ ਅਨੁਭਵਾਂ ਵਿੱਚ ਬਦਲ ਦਿੰਦਾ ਹੈ, ਜਿਸ ਕਾਰਨ ਉਸ ਦੀ ਰਚਨਾ ਵਿਸ਼ਵ ਪੱਧਰ 'ਤੇ ਰਹਿੰਦੇ ਪੰਜਾਬੀਆਂ ਦੀ ਆਵਾਜ਼ ਬਣ ਜਾਂਦੀ ਹੈ। ਪਰਵਾਸੀ ਪੰਜਾਬੀ ਸਾਹਿਤ ਵਿੱਚ ਕਵਿਤਾ, ਕਹਾਣੀ, ਨਾਵਲ, ਨਾਟਕ, ਸਵੈ-ਜੀਵਨੀ ਅਤੇ ਲੇਖ ਆਦਿ ਸਾਰੀਆਂ ਸਾਹਿਤਕ ਵਿਧਾਵਾਂ ਵਿੱਚ ਮਹੱਤਵਪੂਰਨ ਰਚਨਾਵਾਂ ਮਿਲਦੀਆਂ ਹਨ। ਕਵਿਤਾ ਵਿੱਚ ਯਾਦ, ਵਿਛੋੜਾ, ਪਛਾਣ ਅਤੇ ਮਾਨਵੀ ਸੰਵੇਦਨਾਵਾਂ ਦਾ ਪ੍ਰਭਾਵਸ਼ਾਲੀ ਚਿਤਰਣ ਹੁੰਦਾ ਹੈ। ਕਹਾਣੀ ਅਤੇ ਨਾਵਲਾਂ ਵਿੱਚ ਪਰਵਾਸੀ ਜੀਵਨ ਦੀਆਂ ਹਕੀਕਤਾਂ, ਨਸਲੀ ਭੇਦਭਾਵ, ਰੁਜ਼ਗਾਰ ਦੀਆਂ ਮੁਸ਼ਕਲਾਂ, ਪਰਿਵਾਰਕ ਸੰਬੰਧਾਂ ਵਿੱਚ ਆ ਰਹੇ ਬਦਲਾਅ ਅਤੇ ਨਵੀਂ ਪੀੜ੍ਹੀ ਦੇ ਸੱਭਿਆਚਾਰਕ ਸੰਕਟ ਨੂੰ ਬਹੁਤ ਹੀ ਯਥਾਰਥਵਾਦੀ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹ ਸਾਹਿਤ ਮਨੁੱਖੀ ਜੀਵਨ ਦੇ ਬਦਲਦੇ ਰੂਪਾਂ ਦਾ ਸੰਵੇਦਨਸ਼ੀਲ ਦਸਤਾਵੇਜ਼ ਬਣ ਜਾਂਦਾ ਹੈ। ਪਰਵਾਸੀ ਪੰਜਾਬੀ ਸਾਹਿਤ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਇਸ ਦੀ ਬਹੁ-ਸਭਿਆਚਾਰਕ ਦ੍ਰਿਸ਼ਟੀ ਹੈ। ਵਿਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀ ਵੱਖ-ਵੱਖ ਭਾਸ਼ਾਵਾਂ, ਧਰਮਾਂ ਅਤੇ ਸਭਿਆਚਾਰਾਂ ਨਾਲ ਸੰਪਰਕ ਵਿੱਚ ਆਉਂਦੇ ਹਨ। ਇਸ ਕਾਰਨ ਉਨ੍ਹਾਂ ਦੀ ਸੋਚ ਵਿੱਚ ਵਿਸ਼ਾਲਤਾ ਆਉਂਦੀ ਹੈ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਵਿਸ਼ਵ-ਮਾਨਵਤਾ, ਸਹਿ-ਅਸਤਿਤਵ, ਬਹੁਲਤਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਇਸ

ਨਾਲ ਪੰਜਾਬੀ ਸਾਹਿਤ ਦਾ ਘੇਰਾ ਸਿਰਫ਼ ਪੰਜਾਬ ਤੱਕ ਸੀਮਿਤ ਨਹੀਂ ਰਹਿੰਦਾ ਸਗੋਂ ਵਿਸ਼ਵ-ਪੱਧਰੀ ਅਨੁਭਵਾਂ ਨਾਲ ਜੁੜ ਜਾਂਦਾ ਹੈ। ਪਰਵਾਸੀ ਸਾਹਿਤ ਦਾ ਇੱਕ ਹੋਰ ਮਹੱਤਵਪੂਰਨ ਪੱਖ ਭਾਸ਼ਾ ਦੀ ਸੰਭਾਲ ਹੈ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਲੇਖਕ ਅਤੇ ਸਾਹਿਤਕ ਸੰਸਥਾਵਾਂ ਪੰਜਾਬੀ ਭਾਸ਼ਾ ਨੂੰ ਜੀਵੰਤ ਰੱਖਣ ਲਈ ਨਿਰੰਤਰ ਯਤਨ ਕਰ ਰਹੀਆਂ ਹਨ। ਉਹ ਸਾਹਿਤਕ ਪੱਤਰਿਕਾਵਾਂ ਪ੍ਰਕਾਸ਼ਿਤ, ਸਾਹਿਤਕ ਸਮਾਗਮ ਆਯੋਜਿਤ ਕਰਦੇ, ਕਵੀ ਦਰਬਾਰ ਕਰਵਾਉਂਦੇ ਹਨ ਅਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦਾ ਉਪਰਾਲਾ ਕਰਦੇ ਹਨ। ਸਮਕਾਲੀ ਪਰਵਾਸੀ ਪੰਜਾਬੀ ਸਾਹਿਤ ਵਿੱਚ ਔਰਤ ਅਨੁਭਵ ਨੂੰ ਵੀ ਵਿਸ਼ੇਸ਼ ਮਹੱਤਵ ਮਿਲਿਆ ਹੈ। ਪਰਵਾਸੀ ਪੰਜਾਬੀ ਇਸਤਰੀ ਨੂੰ ਘਰ, ਪਰਿਵਾਰ, ਰੁਜ਼ਗਾਰ, ਸਭਿਆਚਾਰਕ ਪਛਾਣ ਅਤੇ ਸਮਾਜਿਕ ਉਮੀਦਾਂ ਦੇ ਵਿਚਕਾਰ ਸੰਤੁਲਨ ਬਣਾਉਣ ਲਈ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਇਸਤਰੀ ਲੇਖਿਕਾਵਾਂ ਨੇ ਆਪਣੀਆਂ ਰਚਨਾਵਾਂ ਵਿੱਚ ਸਮਾਨਤਾ, ਸਵੈ-ਪਛਾਣ, ਪਰਿਵਾਰਕ ਸੰਬੰਧਾਂ ਅਤੇ ਆਤਮ-ਸਨਮਾਨ ਵਰਗੇ ਮੁੱਦਿਆਂ ਨੂੰ ਗੰਭੀਰਤਾ ਨਾਲ ਪੇਸ਼ ਕੀਤਾ ਹੈ। ਤਕਨਾਲੋਜੀ ਅਤੇ ਡਿਜ਼ੀਟਲ ਮਾਧਿਅਮ ਨੇ ਵੀ ਪਰਵਾਸੀ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਅੱਜ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਬੈਠਾ ਪੰਜਾਬੀ ਲੇਖਕ ਆਪਣੀ ਰਚਨਾ ਨੂੰ ਆਨਲਾਈਨ ਪੱਤਰਿਕਾਵਾਂ, ਵੈੱਬਸਾਈਟ, ਈ-ਪੁਸਤਕਾਂ ਅਤੇ ਸਮਾਜਿਕ ਮਾਧਿਅਮਾਂ ਰਾਹੀਂ ਪਾਠਕਾਂ ਤੱਕ ਪਹੁੰਚਾ ਸਕਦਾ ਹੈ। ਅਕਾਦਮਿਕ ਪੱਧਰ 'ਤੇ ਵੀ ਪਰਵਾਸੀ ਪੰਜਾਬੀ ਸਾਹਿਤ ਉੱਤੇ ਖੋਜ ਦਾ ਦਾਇਰਾ ਲਗਾਤਾਰ ਵਧ ਰਿਹਾ ਹੈ। ਇਸੇ ਪ੍ਰਸੰਗ ਵਿੱਚ ਖਾਲਸਾ ਕਾਲਜ, ਪਟਿਆਲਾ ਦੇ ਖੋਜ ਜਰਨਲ "ਖੋਜ ਪੰਧ" ਵੱਲੋਂ ਪਰਵਾਸੀ ਪੰਜਾਬੀ ਸਾਹਿਤ ਵਿਸ਼ੇ 'ਤੇ 16 ਖੋਜ-ਪੱਤਰਾਂ ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ। ਇਹ ਅੰਕ ਵਿਚ ਪਰਵਾਸੀ ਪੰਜਾਬੀ ਸਾਹਿਤ ਦੇ ਇਤਿਹਾਸ, ਪ੍ਰਵਿਰਤੀਆਂ, ਪ੍ਰਮੁੱਖ ਲੇਖਕਾਂ, ਭਾਸ਼ਾਈ ਪੱਖ, ਸਭਿਆਚਾਰਕ ਪਛਾਣ, ਨਾਰੀ ਅਨੁਭਵ, ਡਿਜ਼ੀਟਲ ਲੇਖਣ ਅਤੇ ਸਮਕਾਲੀ ਚੁਣੌਤੀਆਂ ਵਰਗੇ ਮਹੱਤਵਪੂਰਨ ਵਿਸ਼ਿਆਂ ਨੂੰ ਵਿਚਾਰਿਆ ਗਿਆ ਹੈ। ਇਹ ਸਾਹਿਤ ਪਰਵਾਸੀ ਜੀਵਨ ਦੇ ਸੰਘਰਸ਼, ਸਫ਼ਲਤਾ, ਪਛਾਣ, ਯਾਦਾਂ ਅਤੇ ਸਭਿਆਚਾਰਕ ਚੇਤਨਾ ਦਾ ਪ੍ਰਮਾਣਿਕ ਦਸਤਾਵੇਜ਼ ਹੈ। ਇਸ ਨੇ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਨਵੀਂ ਪਛਾਣ ਦਿੱਤੀ ਹੈ ਅਤੇ ਭਾਸ਼ਾ ਦੀਆਂ ਸੰਭਾਵਨਾਵਾਂ ਨੂੰ ਹੋਰ ਵਿਸਤਾਰਿਆ ਹੈ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਪਰਵਾਸੀ ਪੰਜਾਬੀ ਸਾਹਿਤ ਸਿਰਫ਼ ਪਰਵਾਸੀਆਂ ਦੀ ਕਹਾਣੀ ਨਹੀਂ, ਸਗੋਂ ਸਮੁੱਚੇ ਪੰਜਾਬੀ ਸਮਾਜ ਦੀ ਸਾਂਝੀ ਯਾਦ, ਸਭਿਆਚਾਰਕ ਵਿਰਾਸਤ ਅਤੇ ਵਿਸ਼ਵ-ਦ੍ਰਿਸ਼ਟੀ ਦਾ ਪ੍ਰਤੀਨਿਧ ਸਾਹਿਤ ਹੈ। ਇਸ ਲਈ ਇਸ ਦਾ ਗੰਭੀਰ ਅਧਿਐਨ, ਖੋਜ ਅਤੇ ਪ੍ਰਕਾਸ਼ਨ ਸਮੇਂ ਦੀ ਇੱਕ ਮਹੱਤਵਪੂਰਨ ਲੋੜ ਹੈ।

ਡਾ. ਧਰਮਿੰਦਰ ਸਿੰਘ ਉੱਭਾ
ਪ੍ਰਿੰਸੀਪਲ,
ਖ਼ਾਲਸਾ ਕਾਲਜ, ਪਟਿਆਲਾ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 1-7

ਸਾਹਿਤਕ ਤੇ ਇਤਿਹਾਸਕ ਦਸਤਾਵੇਜ਼ ਨਾਵਲ'ਦਹਿਸ਼ਤ 1947'

ਡਾ. ਸ. ਪ. ਸਿੰਘ
ਸਾਬਕਾ ਵਾਈਸ ਚਾਂਸਲਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ।

1947 ਦੀ ਵੰਡ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਦੀ ਸਭ ਤੋਂ ਵੱਡੀ ਸਮਾਜਿਕ ਅਤੇ ਰਾਜਨੀਤਿਕ ਘਟਨਾ ਹੈ। ਆਜ਼ਾਦੀ ਦੀ ਪ੍ਰਾਪਤੀ ਇੱਕ ਪਾਸੇ ਖੁਸ਼ੀ ਦਾ ਪ੍ਰਤੀਕ ਸੀ ਪਰ ਦੂਜੇ ਪਾਸੇ ਇਸ ਨਾਲ ਜੁੜੀ ਵੰਡ ਨੇ ਲੱਖਾਂ ਲੋਕਾਂ ਨੂੰ ਅਜਿਹੇ ਦੁੱਖ ਦਿੱਤੇ ਜਿਨ੍ਹਾਂ ਦੀ ਟੀਸ ਅੱਜ ਵੀ ਸਮੂਹਿਕ ਯਾਦ ਦਾ ਹਿੱਸਾ ਹੈ। ਪੰਜਾਬ ਦੀ ਧਰਤੀ ਨੇ ਇਸ ਤ੍ਰਾਸਦੀ ਨੂੰ ਸਭ ਤੋਂ ਵੱਧ ਹੰਢਾਇਆ। ਸਦੀਆਂ ਤੋਂ ਇਕੱਠੇ ਰਹਿੰਦੇ ਹਿੰਦੂ, ਸਿੱਖ ਅਤੇ ਮੁਸਲਮਾਨ ਅਚਾਨਕ ਇੱਕ-ਦੂਜੇ ਦੇ ਵੈਰੀ ਬਣ ਗਏ। ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਫਿਰਕੂ ਹਿੰਸਾ ਨੇ ਭਿਆਨਕ ਰੂਪ ਧਾਰ ਲਿਆ। ਵੰਡ ਦੇ ਇਸ ਦੁਖਾਂਤ ਨੂੰ ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਨੇ ਵੱਖ-ਵੱਖ ਰੂਪਾਂ ਵਿੱਚ ਦਰਜ ਕੀਤਾ। ਇਤਿਹਾਸਕਾਰਾਂ ਨੇ ਇਸ ਨੂੰ ਅੰਕੜਿਆਂ ਅਤੇ ਦਸਤਾਵੇਜ਼ਾਂ ਰਾਹੀਂ ਪੇਸ਼ ਕੀਤਾ ਜਦਕਿ ਸਾਹਿਤਕਾਰਾਂ ਨੇ ਮਨੁੱਖੀ ਪੀੜਾ ਅਤੇ ਸੰਵੇਦਨਾ ਨੂੰ ਕੇਂਦਰ ਵਿੱਚ ਰੱਖਿਆ। ਖੁਸ਼ਵੰਤ ਸਿੰਘ ਦਾ ਟ੍ਰੇਨ ਟੂ ਪਾਕਿਸਤਾਨ, ਭੀਸ਼ਮ ਸਾਹਨੀ ਦਾ ਤਮਸ, ਅੰਮ੍ਰਿਤਾ ਪ੍ਰੀਤਮ ਦਾ ਪਿੰਜਰ ਅਤੇ ਮੰਟੋ ਦੀਆਂ ਕਹਾਣੀਆਂ ਇਸ ਪ੍ਰਸੰਗ ਵਿੱਚ ਮਹੱਤਵਪੂਰਨ ਹਨ। ਪਰ ਬਰਜਿੰਦਰ ਕੌਰ ਢਿੱਲੋਂ ਦੀ ਦਹਿਸ਼ਤ 1947 ਦੀ ਵਿਲੱਖਣਤਾ ਇਹ ਹੈ ਕਿ ਇਹ ਇੱਕ ਪ੍ਰਤੱਖਦਰਸ਼ੀ ਬਾਲ ਮਨ ਦੀ ਹੱਡਬੀਤੀ ਹੈ। ਬਰਜਿੰਦਰ ਕੌਰ ਢਿੱਲੋਂ ਦਾ ਜਨਮ ਅਜਿਹੇ ਪੰਜਾਬ ਵਿੱਚ ਹੋਇਆ ਜੋ ਅੱਜ ਪਾਕਿਸਤਾਨ ਦਾ ਹਿੱਸਾ ਹੈ। ਉਸਦਾ ਬਚਪਨ ਲਾਇਲਪੁਰ, ਸ਼ੇਖੂਪੁਰਾ ਅਤੇ ਚੂਹੜਕਾਣੇ ਵਿੱਚ ਬੀਤਿਆ। ਵੰਡ ਤੋਂ ਬਾਅਦ ਉਹ ਆਪਣੇ ਪਰਿਵਾਰ ਸਮੇਤ ਭਾਰਤ ਆ ਗਈ ਅਤੇ ਬਾਅਦ ਵਿੱਚ ਕੈਨੇਡਾ ਜਾ ਵਸੀ। ਉਸ ਦੀਆਂ ਰਚਨਾਵਾਂ ਵਿੱਚ ਪੰਜਾਬੀ ਜੀਵਨ, ਵੰਡ ਦਾ ਦੁਖਾਂਤ, ਪਰਵਾਸੀ ਚੇਤਨਾ ਅਤੇ ਮਨੁੱਖੀ ਸੰਵੇਦਨਾ ਦੇ ਵੱਖ-ਵੱਖ ਪੱਖ ਦਰਸਾਏ ਗਏ ਹਨ। ਦਹਿਸ਼ਤ 1947 ਉਸ ਦੀ ਸਭ ਤੋਂ ਮਹੱਤਵਪੂਰਨ ਰਚਨਾ ਮੰਨੀ ਜਾਂਦੀ ਹੈ ਕਿਉਂਕਿ ਇਸ ਵਿੱਚ ਉਸ ਦੇ ਆਪਣੇ ਜੀਵਨ ਦਾ ਸਭ ਤੋਂ ਦਰਦਨਾਕ ਅਨੁਭਵ ਦਰਜ ਹੈ। ਨਾਵਲ ਦਹਿਸ਼ਤ 1947 ਰਚਿਤ ਬਰਜਿੰਦਰ ਕੌਰ ਢਿੱਲੋਂ ਦੇਸ਼ ਵੰਡ ਨਾਲ ਸਬੰਧਿਤ ਇਕ ਸਾਂਭਣਯੋਗ ਕਿਰਤ ਹੈ। ਬਰਜਿੰਦਰ ਕੌਰ ਢਿੱਲੋਂ ਪਿਛਲੀ ਅੱਧੀ ਸਦੀ ਕੈਨੇਡਾ ਦੀ ਵਸਨੀਕ ਰਹੀ ਅਤੇ 2024 ਵਿਚ ਉਹ ਸਦੀਵੀ ਵਿਛੋੜਾ ਦੇ ਗਈ।ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਉਸਦੇ ਜਿਉਂਦਿਆਂ ਉਸਦੀ ਇਸ ਰਚਨਾ ਜਿੰਨੀ ਤਵੱਜੋ ਮਿਲਣੀ ਚਾਹੀਦੀ ਸੀ,ਉਹ ਨਹੀਂ ਮਿਲੀ। ਲੇਖਿਕਾ ਦਾ ਬਚਪਨ ਲਾਇਲਪੁਰ,ਸ਼ੇਖੂਪੁਰਾ ਅਤੇ ਚੂਹੜਕਾਣੇ ਬੀਤਿਆ। ਦੇਸ਼ ਵੰਡ ਤੋਂ ਬਾਅਦ ਬਰਜਿੰਦਰ ਕੌਰ ਢਿੱਲੋਂ ਆਪਣੇ ਪਰਿਵਾਰ

ਸਮੇਤ ਭਾਰਤ ਆ ਗਈ।ਦੇਸ਼ ਵੰਡ ਦੇ ਦੁਖਾਂਤ ਨੂੰ ਉਸ ਨੂੰ ਜਿਸਮੀ ਤੇ ਜਿਹਨੀ ਤੌਰ ਤੇ ਹੰਢਾਇਆ।ਇਸ ਨਾਵਲ ਤੋਂ ਇਲਾਵਾ ਉਸ ਨੇ 'ਸਰਦਾਰਨੀ' (ਕਹਾਣੀ ਸੰਗ੍ਰਹਿ 2006) 'ਲਤੀਫਿਆਂ ਦੇ ਨਾਲ' (2009) 'ਮੇਰਾ ਟਰੰਕ' (ਕਹਾਣੀਆਂ) 2014,ਚੁਟਕਲਿਆਂ ਦੀ ਸ਼ਾਮ (2019),ਧੁਸਕ ਟੋ ਧਓਨ ਅੁਟੋ ਭੋਿਗਰਓਪਹੇ (2010) ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਨਾਵਲ ਦਹਿਸ਼ਤ 1947 (ਇਕ ਹੱਡਬੀਤੀ 2006) 2020 ਵਿਚ ਪੁਨਰ ਪ੍ਰਕਾਸ਼ਿਤ ਹੋਇਆ।

1947 ਦੀ ਵੰਡ ਸਾਡੇ ਇਤਿਹਾਸ ਦਾ ਦਹਿਸ਼ਤ ਤੇ ਵਹਿਸ਼ਤ ਨਾਲ ਲੱਥਪੱਥ ਉਹ ਕਾਲਾ ਪੰਨਾ ਹੈ, ਜਿਸ ਨੂੰ ਅਸੀਂ ਆਜ਼ਾਦੀ ਦੇ ਨਾਂ ਨਾਲ ਜਾਣਦੇ ਹਾਂ। ਇਸ ਖੂਨੀ ਸਾਕੇ ਦੀ ਪੇਸ਼ਕਾਰੀ ਹੁਣ ਤਕ ਦੇ ਸਾਹਿਤ ਅਤੇ ਹੋਰ ਲਲਿਤ ਕਲਾਵਾਂ ਵਿਚ ਵਿੰਭਿਨ ਢੰਗਾਂ ਨਾਲ ਹੁੰਦੀ ਰਹੀ ਹੈ। ਇਸੇ ਹੀ ਲੜੀ ਵਿਚ ਬਰਜਿੰਦਰ ਕੌਰ ਢਿੱਲੋਂ ਦੀ ਪੁਸਤਕ ‘ਦਹਿਸ਼ਤ 1947' ਨੂੰ ਪੜ੍ਹਨ ਤੇ ਵਾਚਣ ਦੀ ਜ਼ਰੂਰਤ ਹੈ। ਤੱਥਾਂ, ਖਿੱਤਿਆਂ, ਪਾਤਰਾਂ ਤੇ ਸਥਾਨ ਦੇ ਆਧਾਰ 'ਤੇ ਇਹ ਅਜਿਹੀ ਰਚਨਾ ਹੈ ਜੋ ਸੁਤੰਤਰ ਰੂਪ ਵਿਚ ਸਵੈ-ਜੀਵਨੀ ਮੂਲਕ ਗਲਪ ਰਚਨਾ ਹੋ ਨਿਬੜਦੀ ਹੈ। ਇਸ ਵਿਚ ਵੰਡ ਸਮੇਂ ਦੀ ਦਰਦਨਾਕ ਸਥਿਤੀ ਦਾ ਵਰਨਣ ਹੀ ਨਹੀਂ ਸਗੋਂ ਇਹ ਮਨੁੱਖੀ ਮਨ ਦੇ ਅੰਤਰੀਵੀ ਡਰ ਨੂੰ ਤੀਖਣਤਾ ਨਾਲ ਅਨੁਭਵ ਕਰਦੀ ਰਚਨਾ ਹੈ।ਭਾਰਤੀ ਇਤਿਹਾਸ ਵਿੱਚ ਅਗਸਤ 1947 ਨੂੰ ਇੱਕ ਨਵੇਂ ਦੇਸ਼ ਦੇ ਜਨਮ ਦੇ ਨਾਲ ਨਾਲ ਹਿੰਦੁਸਤਾਨ ਨੂੰ ਬਰਤਾਨਵੀ ਰਾਜ ਤੋਂ ਮੁਕਤੀ ਅਤੇ ਆਜ਼ਾਦੀ ਦੀ ਪ੍ਰਾਪਤੀ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਪਰ ਇਸ ਸਕਾਰਾਤਮਕ ਪ੍ਰਸਥਿਤੀ ਦੇ ਵਿਪਰੀਤ ਇਸ ਨੂੰ ਦੇਸ਼ ਦੀ ਵੰਡ ਵਿਸ਼ੇਸ਼ ਕਰ ਪੰਜਾਬ ਤੇ ਬੰਗਾਲ ਦੀ ਵੰਡ ਦੇ ਰੂਪ ਵਿੱਚ ਵੀ ਦੇਖਿਆ ਜਾਂਦਾ ਹੈ। ਪੰਜਾਬ ਲਈ 1947 ਦਾ ਸਾਲ ਵੰਡ ਦੇ ਪ੍ਰਤੀਕ ਤੱਕ ਹੀ ਸੀਮਤ ਨਾ ਰੱਖਦਿਆਂ ਨਹੀਂ ਦੇਖਿਆ ਜਾ ਸਕਦਾ ਸਗੋਂ ਇਸ ਸਮੇਂ ਪੈਦਾ ਹੋਏ ਦਹਿਸ਼ਤ ਦੇ ਮਾਹੌਲ ਵਿੱਚ ਫਿਰਕੂ ਫਸਾਦਾਂ ਦਾ ਘਿਨਾਉਣਾ ਰੂਪ ਵੀ ਦੇਖਣ ਨੂੰ ਮਿਲਦਾ ਹੈ ਜਿਸ ਵਿੱਚ ਲੱਖਾਂ ਹਿੰਦੂ, ਸਿੱਖ, ਮੁਸਲਮਾਨ ਕਤਲ ਹੋਏ। ਇਸ ਖ਼ੂਨ ਦੀ ਹੋਲੀ ਨੇ ਭਾਰਤ ਤੇ ਪਾਕਿਸਤਾਨ ਦੀ ਆਜ਼ਾਦੀ ਦੇ ਅਰਥਾਂ ਨੂੰ ਨਵਾਂ ਅਤੇ ਡਰਾਵਣਾ ਰੂਪ ਪ੍ਰਦਾਨ ਕੀਤਾ ਜਿਸ ਦਾ ਨਮੂਨਾ ਵਿਸ਼ਵ ਭਰ ਵਿੱਚ ਕਿਤੇ ਨਹੀਂ ਮਿਲਦਾ। ਜਿਸ ਵਿੱਚ ਲੱਖਾਂ ਲੋਕਾਂ ਦੇ ਕਤਲੇਆਮ ਦੇ ਨਾਲ-ਨਾਲ ਲੱਖਾਂ ਲੋਕਾਂ ਦਾ ਆਪਣੀ ਜੱਦੀ ਪੁਸ਼ਤੀ ਭੋਇ ਤੋਂ ਬੇਦਖ਼ਲ ਹੋਣਾ ਆਪਣੇ ਆਪ ਵਿੱਚ ਦਰਦਨਾਕ ਸਥਿਤੀ ਹੈ ਇਸ ਦਹਿਸ਼ਤ ਤੇ ਦਰਦਨਾਕ ਸਥਿਤੀ ਦਾ ਵਰਣਨ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਨੇ ਆਪੋ ਆਪਣੇ ਅਨੁਭਵ ਦੇ ਆਧਾਰ ਤੇ ਕੀਤਾ ਹੈ। ਅੰਗਰੇਜ਼ੀ, ਪੰਜਾਬੀ, ਹਿੰਦੀ ਤੇ ਉਰਦੂ ਵਿੱਚ ਇਸ ਵਰਤਾਰੇ ਨੂੰ ਵੱਖ ਵੱਖ ਰੂਪਾਂ ਵਿੱਚ ਪੇਸ਼ ਕੀਤਾ ਗਿਆ, ਜਿਨ੍ਹਾਂ ਵਿੱਚ ਖੁਸ਼ਵੰਤ ਸਿੰਘ, ਭੀਸ਼ਮ ਸਾਹਨੀ, ਖਵਾਜਾ ਅਹਿਮਦ ਅੱਬਾਸ, ਸਆਦਤ ਹਸਨ ਮੰਟੋ, ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ ਆਦਿ ਦੀਆਂ ਰਚਨਾਵਾਂ ਨੇ ਉਸ ਸਮੇਂ ਦੀਆਂ ਘਟਨਾਵਾਂ, ਪਲਾਂ ਨੂੰ ਸਾਹਿਤਕ ਰੂਪ ਵਿੱਚ ਕਲਮਬੰਦ ਕੀਤਾ। ਆਮ ਤੌਰ 'ਤੇ ਇਸ ਸਮੇਂ ਦੀਆਂ ਰਚਨਾਵਾਂ ਵਿੱਚ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 1-7

ਉਦੋਂ ਦੀਆਂ ਘਟਨਾਵਾਂ ਨੂੰ ਦੂਰ ਤੋਂ ਦੇਖਿਆ ਤੇ ਅਨੁਭਵ ਕੀਤਾ ਗਿਆ ਤੇ ਇਨ੍ਹਾਂ ਨੂੰ ਕਲਾਤਮਕ ਰੂਪ ਦਿੱਤਾ ਗਿਆ ਹੈ। ਦਹਿਸ਼ਤ 1947 ਨੂੰ ਸਾਹਿਤਕ ਅਤੇ ਇਤਿਹਾਸਕ ਦਸਤਾਵੇਜ਼ ਵਜੋਂ ਪਰਖਣਾ, ਔਰਤ ਅਤੇ ਬੱਚਿਆਂ ਦੀ ਪੀੜਾ ਦੇ ਚਿਤਰਨ ਦਾ ਵਿਸ਼ਲੇਸ਼ਣ ਕਰਨਾ ਅਤੇ ਮਨੋਵਿਗਿਆਨਕ ਦਹਿਸ਼ਤ ਅਤੇ ਸਮੂਹਿਕ ਯਾਦ ਦੇ ਪੱਖਾਂ ਨੂੰ ਸਮਝਣਾ ਖੋਜ ਪੱਤਰ ਦੇ ਉਦੇਸ਼ ਵਜੋਂ ਹਨ।

ਵੰਡ-ਸਾਹਿਤ ਦੇ ਅਧਿਐਨ ਵਿੱਚ ਕਈ ਪ੍ਰਕਾਰ ਦੀਆਂ ਚੁਣੌਤੀਆਂ ਮੌਜੂਦ ਹਨ। ਸਭ ਤੋਂ ਪਹਿਲਾਂ ਸਾਹਿਤ ਅਤੇ ਇਤਿਹਾਸ ਵਿਚਕਾਰ ਸੰਤੁਲਨ ਬਣਾਉਣ ਦੀ ਸਮੱਸਿਆ ਹੈ। ਸਾਹਿਤ ਅਨੁਭਵ ਅਤੇ ਭਾਵਨਾ ਦਾ ਖੇਤਰ ਹੈ ਜਦਕਿ ਇਤਿਹਾਸ ਤੱਥ ਅਤੇ ਦਸਤਾਵੇਜ਼ ਦਾ। ਇਸ ਤੋਂ ਇਲਾਵਾ ਵੰਡ ਬਾਰੇ ਲਿਖੀਆਂ ਗਈਆਂ ਬਹੁਤ ਸਾਰੀਆਂ ਰਚਨਾਵਾਂ ਸਿੱਧੇ ਅਨੁਭਵ ਦੀ ਥਾਂ ਸੁਣੀਆਂ-ਸੁਣਾਈਆਂ ਘਟਨਾਵਾਂ ’ਤੇ ਆਧਾਰਿਤ ਹਨ। ਇਸ ਕਾਰਨ ਪ੍ਰਮਾਣਿਕਤਾ ਦਾ ਪ੍ਰਸ਼ਨ ਵੀ ਮਹੱਤਵਪੂਰਨ ਹੋ ਜਾਂਦਾ ਹੈ। ਇੱਕ ਹੋਰ ਚੁਣੌਤੀ ਮਨੋਵਿਗਿਆਨਕ ਪੀੜਾ ਨੂੰ ਸਮਝਣ ਦੀ ਹੈ। ਵੰਡ ਸਿਰਫ਼ ਭੂਗੋਲਿਕ ਤਬਦੀਲੀ ਨਹੀਂ ਸੀ ਸਗੋਂ ਇੱਕ ਡੂੰਘਾ ਮਾਨਸਿਕ ਸਦਮਾ ਸੀ ਜਿਸ ਨੂੰ ਅੰਕੜਿਆਂ ਵਿੱਚ ਨਹੀਂ ਮਾਪਿਆ ਜਾ ਸਕਦਾ। ਦਹਿਸ਼ਤ 1947 ਵਰਗੀਆਂ ਰਚਨਾਵਾਂ ਇਸ ਖਲਾਅ ਨੂੰ ਭਰਦੀਆਂ ਹਨ। 1947 ਦੀ ਵੰਡ ਨੂੰ ਸਾਹਿਿਤਕ ਰਚਨਾ ਦੇ ਤੌਰ 'ਤੇ ਲੇਖਕਾਂ ਨੇ ਆਪਣੇ ਆਪਣੇ ਵਿਚਾਰਾਂ ਤੇ ਵਰਤਮਾਨ ਪ੍ਰਸਥਿਤੀਆਂ ਦੇ ਅੰਤਰਗਤ ਕਵਿਤਾ, ਕਹਾਣੀ, ਨਾਵਲ, ਵਾਰਤਕ ਦੇ ਰੂਪ ਵਿੱਚ ਲਿਿਖਆ ਅਤੇ ਇਨ੍ਹਾਂ 'ਤੇ ਆਧਾਰਿਤ ਫ਼ਿਲਮਾਂ ਤੇ ਨਾਟਕ ਵੀ ਤਿਆਰ ਕੀਤੇ ਗਏ। ਇਹ ਰਚਨਾਵਾਂ ਮੂਲ ਤੌਰ ਤੇ ਭਾਵੁਕਤਾ ਤੇ ਉਪਭਾਵੁਕਤਾ ਦੀ ਕੋਟੀ ਵਿੱਚ ਰੱਖੀਆਂ ਜਾ ਸਕਦੀਆਂ ਹਨ, ਜਿਸ ਕਾਰਨ ਤੱਥਾਂ, ਸਥਾਨਾਂ ਤੇ ਪ੍ਰਸੰਗਾਂ ਦੀ ਇਤਿਹਾਸਕ ਪ੍ਰਮਾਣਿਕਤਾ ਸਬੰਧੀ ਕਈ ਪ੍ਰਕਾਰ ਦੇ ਸ਼ੰਕੇ ਵੀ ਪੈਦਾ ਹੋਏ। ਜਿੰਨ੍ਹਾਂ ਨੂੰ ਵੰਡ ਸਬੰਧੀ ਇਤਿਹਾਸਕ ਦਸਤਾਵੇਜ਼ਾਂ ਨਾਲ ਮੇਚ ਕੇ ਦੇਖਿਆਂ ਕਈ ਵਾਰ ਬੇਚੈਨੀ ਵੀ ਹੁੰਦੀ ਹੈ। ਇਸ ਪ੍ਰਸੰਗ ਵਿੱਚ ਇਤਿਹਾਸਕ ਤੇ ਕਲਾਤਮਕਤਾ ਵਿੱਚ ਕਈ ਵਾਰ ਮੇਲ ਨਹੀਂ ਪੈਦਾ ਹੁੰਦਾ ਸਗੋਂ ਕਈ ਤਰ੍ਹਾਂ ਦੇ ਦਵੰਦ ਵੀ ਪੈਦਾ ਹੁੰਦੇ ਹਨ। ਇਤਿਹਾਸਕ ਦਸਤਾਵੇਜ਼ਾਂ ਵਿੱਚ ਪ੍ਰਮਾਣਿਕ ਰਚਨਾ ਦਾ ਉਲੇਖ ਕਰੀਏ ਤਾਂ ਡਾ. ਕਿਰਪਾਲ ਸਿੰਘ ਦੀਆਂ ਬਟਵਾਰੇ ਸਬੰਧੀ ਰਚਨਾਵਾਂ ਮੂਲ ਤੌਰ 'ਤੇ ਸਮੁੱਚਤਾ ਦਾ ਅਨੁਭਵ ਕਰਾਉਂਦੀਆਂ ਹੋਈਆਂ ਪ੍ਰਮਾਣਿਕਤਾ ਦਾ ਆਧਾਰ ਬਣਦੀਆਂ ਹਨ। ਇਸ ਪ੍ਰਕਾਰ ਬਟਵਾਰੇ ਸਬੰਧੀ ਇਤਿਹਾਸਕ ਤੇ ਕਲਾਤਮਕ ਰਚਨਾਵਾਂ ਵਿੱਚ ਕਿਤੇ ਕਿਤੇ ਬਿਖਰਾਵ ਨਜ਼ਰ ਆਉਂਦਾ ਹੈ ਜਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬਟਵਾਰੇ ਸਬੰਧੀ ਪ੍ਰਾਪਤ ਸਾਹਿਤਕ ਰਚਨਾਵਾਂ ਨੂੰ ਇਤਿਹਾਸਕ ਦਸਤਾਵੇਜ਼ਾਂ ਦੇ ਰੂਪ ਵਿੱਚ ਪੇਸ਼ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਲਈ ਇੱਕ ਖਲਾਅ ਪ੍ਰਾਪਤ ਹੁੰਦਾ ਹੈ। ਸਿਤਮ ਦੀ ਸਥਿਤੀ ਇਹ ਹੈ ਕਿ ਦਹਿਸ਼ਤ ਦੇ ਇਸ ਸਮੇਂ ਪ੍ਰਾਪਤ ਖੁਸ਼ਵੰਤ ਸਿੰਘ ,ਭੀਸ਼ਮ ਸਾਹਨੀ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਸ਼ਾਹਕਾਰ ਰਚਨਾਵਾਂ ਵੀ ਜਗਿਆਸਾ ਰੱਖਣ ਵਾਲੇ ਪਾਠਕਾਂ ਦੀ ਸੰਤੁਸ਼ਟੀ ਕਰਨ ਤੋਂ ਅਸਮਰੱਥ ਹਨ ਕਿਉਂਕਿ ਉਨ੍ਹਾਂ ਦੀਆਂ ਰਚਨਾਵਾਂ ਦੀਆਂ ਸੂਚਨਾਵਾਂ ਦਾ ਸਰੋਤ

Volume: 13, March 2026 ISSN: 2394-0980
PP: 1-7

ਤੀਜੇ ਪੱਧਰ ਦਾ ਹੈ। ਅੰਮ੍ਰਿਤਾ ਪ੍ਰੀਤਮ ਦੀ ਸ਼ਾਹਕਾਰ ਰਚਨਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਹੈ। ਅੰਮ੍ਰਿਤਾ ਆਪ ਨਿੱਜੀ ਗੱਲਬਾਤ ਵਿੱਚ ਇਸ ਰਚਨਾ ਨੂੰ ਉਪਭਾਵੁਕਤਾ ਵਾਲੀ ਅਪ੍ਰਮਾਣਿਕ ਰਚਨਾ ਕਰਾਰ ਦਿੰਦੀ ਹੋਈ ਵੀ ਰੱਦ ਕਰਦੀ ਹੈ। ਇਸ ਪ੍ਰਸੰਗ ਵਿੱਚ ਵੰਡ ਦੇ ਸਮੇਂ ਦੇ ਬਿਰਤਾਂਤ, ਗਲਪ ਰਚਨਾਵਲੀ ਜਿਹੜੀ ਅਜੇ ਆਮ ਪਾਠਕਾਂ ਤੋਂ ਓਹਲੇ ਰਹੀ ਹੈ ,ਉਸ ਸਬੰਧੀ ਚਰਚਾ ਕਰਨੀ ਸਮੇਂ ਦੀ ਲੋੜ ਹੈ। ਪੁਸਤਕ 'ਦਹਿਸ਼ਤ 1947' ਰਚਿਤ ਬਰਜਿੰਦਰ ਕੌਰ ਢਿੱਲੋਂ ਨੂੰ ਸਹੀ ਸੰਦਰਭ ਵਿੱਚ ਪੜ੍ਹਨ ਤੇ ਵਾਚਣ ਦੀ ਲੋੜ ਹੈ। ਬਰਜਿੰਦਰ ਕੌਰ ਢਿੱਲੋਂ ਨੇ ਇਸ ਪੁਸਤਕ ਨੂੰ ਹੱਡ ਬੀਤੀ ਕਰਾਰ ਦਿੱਤਾ ਹੈ ਕਿਉਂਕਿ ਇਹ ਰਵਾਇਤੀ ਸਾਹਿਤਕ ਰੂਪ ਦੀ ਕਿਸੇ ਸ਼੍ਰੇਣੀ ਦੀ ਪਰੰਪਰਾਗਤ ਕਸੌਟੀ 'ਤੇ ਪੂਰੀ ਨਹੀਂ ਉਤਰਦੀ ਅਸਲ ਵਿੱਚ ਇਹ ਤੱਥਾਂ, ਖਿੱਤਿਆਂ, ਪਾਤਰਾਂ ਦੇ ਸਥਾਨ ਦੇ ਆਧਾਰ 'ਤੇ ਇੱਕ ਅਜਿਹੀ ਰਚਨਾ ਹੈ ,ਜੋ ਸੁਤੰਤਰ ਰੂਪ ਵਿੱਚ ਸਵੈ ਜੀਵਨੀ ਮੂਲਕ ਗਲਪ ਰਚਨਾ ਹੋ ਨਿੱਬੜਦੀ ਹੈ। ਇਸ ਵਿੱਚ ਵੰਡ ਸਮੇਂ ਦੀ ਦਰਦਨਾਕ ਸਥਿਤੀ ਦਾ ਵਰਣਨ ਹੀ ਨਹੀਂ ਸਗੋਂ ਇਹ ਮਨੁੱਖੀ ਮਨ ਦੇ ਅੰਤਰੀਵੀ ਡਰ ਨੂੰ ਤੀਖਣਤਾ ਨਾਲ ਅਨੁਭਵ ਕਰਦੀ ਰਚਨਾ ਹੈ ਜੋ 1947ਦੇ ਦਹਿਸ਼ਤ ਭਰੇ ਸਮੇਂ ਦੌਰਾਨ ਹੰਢਾਏ ਪਲਾਂ ਨੂੰ ਚਿਤ੍ਰਤ ਕਰਦੀ ਹੈ। 'ਦਹਿਸ਼ਤ 1947' ਰਚਨਾ ਦੇ ਸ਼ੁਰੂ ਵਿੱਚ ਪਿਛੋਕੜ ਵਜੋਂ ਲਾਇਲਪੁਰ ਗੁੱਜਰਾਂਵਾਲੇ ਤੇ ਲਾਹੌਰ ਨੂੰ ਆਧਾਰ ਭੂਮੀ ਵਜੋਂ ਪੇਸ਼ ਕੀਤਾ ਹੈ ਇਸ ਵਿੱਚ ਅਪ੍ਰੈਲ 1947 ਤੋਂ ਪੈਦਾ ਹੋ ਰਹੀ ਫਿਰਕੂ ਕੁੜੱਤਣ ਨੂੰ ਮਹਿਸੂਸ ਕੀਤਾ ਜਾ ਰਿਹਾ ਸੀ ਪਰ ਅਗਸਤ1947 ਤੱਕ ਇਸ ਦੇ ਕਰੂਪ ਨੂੰ ਅਨੁਭਵ ਨਹੀਂ ਸੀ ਕੀਤਾ ਗਿਆ।

ਇਹ ਰਚਨਾ ਸਵੈਜੀਵਨੀ, ਇਤਿਹਾਸ ਅਤੇ ਗਲਪ ਦੇ ਸੰਗਮ ਵਜੋਂ ਸਾਹਮਣੇ ਆਉਂਦੀ ਹੈ। ਲੇਖਿਕਾ ਨੇ ਖੁਦ ਦਸ ਸਾਲ ਦੀ ਉਮਰ ਵਿੱਚ ਇਸ ਤ੍ਰਾਸਦੀ ਨੂੰ ਹੰਢਾਇਆ ਸੀ। ਇਸ ਲਈ ਰਚਨਾ ਵਿੱਚ ਦਰਸਾਏ ਗਏ ਦ੍ਰਿਸ਼ ਕਲਪਨਾ ਨਹੀਂ ਸਗੋਂ ਜੀਵਨ ਦੇ ਸੱਚ ਹਨ। ਇਸ ਰਚਨਾ ਵਿੱਚ ਸਥਾਨ, ਪਾਤਰ ਅਤੇ ਘਟਨਾਵਾਂ ਦੀ ਯਥਾਰਥਤਾ ਇਸ ਨੂੰ ਇੱਕ ਇਤਿਹਾਸਕ ਦਸਤਾਵੇਜ਼ ਦਾ ਦਰਜਾ ਦਿੰਦੀ ਹੈ। ਇਸ ਦੀ ਭਾਸ਼ਾ ਸਧਾਰਣ ਹੈ ਪਰ ਪ੍ਰਭਾਵ ਬਹੁਤ ਡੂੰਘਾ ਹੈ। ਨਾਵਲ ਵਿੱਚ ਵੰਡ ਤੋਂ ਪਹਿਲਾਂ ਦੀ ਸਾਂਝੀਵਾਲਤਾ ਅਤੇ ਬਾਅਦ ਵਿੱਚ ਪੈਦਾ ਹੋਈ ਫਿਰਕੂ ਨਫ਼ਰਤ ਦਾ ਬਹੁਤ ਹੀ ਯਥਾਰਥਕ ਚਿਤਰਨ ਕੀਤਾ ਗਿਆ ਹੈ। ਸਦੀਆਂ ਤੋਂ ਇਕੱਠੇ ਰਹਿੰਦੇ ਲੋਕ ਅਚਾਨਕ ਇੱਕ ਦੂਜੇ ਦੇ ਦੁਸ਼ਮਣ ਬਣ ਜਾਂਦੇ ਹਨ। ਲੇਖਿਕਾ ਦਰਸਾਉਂਦੀ ਹੈ ਕਿ ਕਿਵੇਂ ਅਫ਼ਵਾਹਾਂ, ਰਾਜਨੀਤਿਕ ਸਵਾਰਥਾਂ ਅਤੇ ਡਰ ਨੇ ਮਨੁੱਖਤਾ ਨੂੰ ਪਿੱਛੇ ਧੱਕ ਦਿੱਤਾ। ਪਿੰਡਾਂ ਵਿੱਚ ਲੁੱਟਮਾਰ, ਕਤਲ ਅਤੇ ਅੱਗਜ਼ਨੀ ਦੇ ਦ੍ਰਿਸ਼ ਨਾਵਲ ਨੂੰ ਇੱਕ ਜੀਵੰਤ ਇਤਿਹਾਸਕ ਦਸਤਾਵੇਜ਼ ਬਣਾ ਦਿੰਦੇ ਹਨ। ਇਸ ਨਾਵਲ ਦਾ ਕੇਂਦਰੀ ਪਾਤਰ ਇੱਕ ਔਰਤ ਹੈ ਜੋ ਆਪਣੇ ਪਤੀ ਦੀ ਮੌਤ ਤੋਂ ਬਾਅਦ ਬੱਚਿਆਂ ਦੀ ਰੱਖਿਆ ਲਈ ਸੰਘਰਸ਼ ਕਰਦੀ ਹੈ। ਪੰਜਾਬੀ ਵੰਡ-ਸਾਹਿਤ ਵਿੱਚ ਔਰਤਾਂ ਦੀ ਪੀੜਾ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ, ਪਰ ਦਹਿਸ਼ਤ 1947 ਵਿੱਚ ਇਹ ਪੀੜਾ ਅੰਦਰੂਨੀ ਪੱਧਰ 'ਤੇ ਸਾਹਮਣੇ ਆਉਂਦੀ ਹੈ। ਇਹ ਔਰਤ ਕੇਵਲ ਦੁੱਖ ਦੀ ਪ੍ਰਤੀਕ ਨਹੀਂ ਸਗੋਂ ਹਿੰਮਤ ਅਤੇ ਜਿਜੀਵਿਸ਼ਾ ਦਾ ਪ੍ਰਤੀਕ ਵੀ ਹੈ। ਉਹ ਹਰ ਸੰਕਟ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 1-7

ਦਾ ਸਾਹਮਣਾ ਕਰਦੀ ਹੈ ਅਤੇ ਆਪਣੇ ਬੱਚਿਆਂ ਨੂੰ ਬਚਾਉਣ ਵਿੱਚ ਕਾਮਯਾਬ ਹੁੰਦੀ ਹੈ। ਇਸ ਰਚਨਾ ਦੀ ਇੱਕ ਹੋਰ ਵਿਲੱਖਣਤਾ ਇਹ ਹੈ ਕਿ ਵੰਡ ਦੀਆਂ ਘਟਨਾਵਾਂ ਨੂੰ ਇੱਕ ਬੱਚੀ ਦੀ ਨਜ਼ਰ ਤੋਂ ਦੇਖਿਆ ਗਿਆ ਹੈ। ਬਾਲ ਮਨ ਵਿੱਚ ਡਰ, ਹੈਰਾਨੀ, ਅਸੁਰੱਖਿਆ ਅਤੇ ਅਸਮੰਜਸ ਦੀਆਂ ਭਾਵਨਾਵਾਂ ਬਹੁਤ ਤੀਖਣ ਹੁੰਦੀਆਂ ਹਨ। ਦਸ ਸਾਲ ਦੀ ਬੱਚੀ ਲਈ ਮੌਤ, ਕਤਲ ਅਤੇ ਉਜਾੜਾ ਸਿਰਫ਼ ਇਤਿਹਾਸਕ ਘਟਨਾਵਾਂ ਨਹੀਂ ਸਨ ਸਗੋਂ ਜੀਵਨ ਦੀਆਂ ਹਕੀਕਤਾਂ ਸਨ। ਇਸ ਲਈ ਇਹ ਰਚਨਾ ਵੰਡ ਦੇ ਮਨੋਵਿਗਿਆਨਕ ਪ੍ਰਭਾਵਾਂ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਹੈ। ਨਾਵਲ ਦਾ ਸਭ ਤੋਂ ਪ੍ਰਭਾਵਸ਼ਾਲੀ ਪੱਖ ਮਨੋਵਿਗਿਆਨਕ ਦਹਿਸ਼ਤ ਦਾ ਚਿਤਰਨ ਹੈ। ਲੇਖਿਕਾ ਸਪੱਸ਼ਟ ਕਰਦੀ ਹੈ ਕਿ ਵੰਡ ਦੇ ਦ੍ਰਿਸ਼ ਉਸਦੇ ਮਨ ਵਿੱਚ ਸੱਠ ਸਾਲ ਤੱਕ ਜਿਉਂਦੇ ਰਹੇ। ਇਹ ਯਾਦਾਂ ਰਾਤਾਂ ਦੀ ਨੀਂਦ ਖੋਹ ਲੈਂਦੀਆਂ ਹਨ ਅਤੇ ਮਰਨ ਵਾਲਿਆਂ ਦੀਆਂ ਚੀਕਾਂ ਮੁੜ-ਮੁੜ ਸੁਣਾਈ ਦਿੰਦੀਆਂ ਹਨ। ਇਹ ਸਥਿਤੀ ਆਧੁਨਿਕ ਮਨੋਵਿਗਿਆਨ ਦੇ ਉਸ ਸਿਧਾਂਤ ਨਾਲ ਮੇਲ ਖਾਂਦੀ ਹੈ ਜਿਸ ਅਨੁਸਾਰ ਵੱਡੀਆਂ ਤ੍ਰਾਸਦੀਆਂ ਮਨੁੱਖ ਦੇ ਅਵਚੇਤਨ ਵਿੱਚ ਸਥਾਈ ਤੌਰ ’ਤੇ ਵੱਸ ਜਾਂਦੀਆਂ ਹਨ।

ਦਹਿਸ਼ਤ 1947 ਦੀ ਸਭ ਤੋਂ ਵੱਡੀ ਤਾਕਤ ਇਸ ਦੀ ਪ੍ਰਮਾਣਿਕਤਾ ਹੈ। ਲੇਖਿਕਾ ਨੇ ਸਥਾਨਾਂ, ਘਟਨਾਵਾਂ ਅਤੇ ਪਾਤਰਾਂ ਨੂੰ ਯਥਾਰਥ ਰੂਪ ਵਿੱਚ ਦਰਸਾਇਆ ਹੈ। ਇਸ ਕਾਰਨ ਇਹ ਰਚਨਾ ਇਤਿਹਾਸਕਾਰਾਂ ਲਈ ਵੀ ਮਹੱਤਵਪੂਰਨ ਸਰੋਤ ਬਣ ਜਾਂਦੀ ਹੈ। ਜਿੱਥੇ ਬਹੁਤ ਸਾਰੀਆਂ ਸਾਹਿਤਕ ਰਚਨਾਵਾਂ ਕਲਪਨਾ ਅਤੇ ਭਾਵੁਕਤਾ ਦੇ ਅਸਰ ਹੇਠ ਹਨ, ਉੱਥੇ ਦਹਿਸ਼ਤ 1947 ਤੱਥਾਂ ਅਤੇ ਅਨੁਭਵ ਦੀ ਮਜ਼ਬੂਤ ਬੁਨਿਆਦ ’ਤੇ ਖੜ੍ਹੀ ਹੈ। ਪੰਜਾਬੀ ਵੰਡ-ਸਾਹਿਤ ਵਿੱਚ ਦਹਿਸ਼ਤ 1947 ਦਾ ਵਿਸ਼ੇਸ਼ ਸਥਾਨ ਹੈ। ਇਹ ਪਿੰਜਰ, ਤਮਸ ਅਤੇ ਟ੍ਰੇਨ ਟੂ ਪਾਕਿਸਤਾਨ ਵਰਗੀਆਂ ਰਚਨਾਵਾਂ ਦੀ ਲੜੀ ਵਿੱਚ ਆਉਂਦੀ ਹੈ ਪਰ ਇਸ ਦੀ ਵਿਲੱਖਣਤਾ ਇਸ ਦੀ ਹੱਡਬੀਤੀ ਅਤੇ ਸਵੈ ਜੀਵਨੀ ਮੂਲਕ ਪ੍ਰਕਿਰਤੀ ਹੈ। ਇਹ ਰਚਨਾ ਵੰਡ ਦੇ ਇਤਿਹਾਸ ਨੂੰ ਹੇਠਲੇ ਪੱਧਰ ਦੇ ਮਨੁੱਖੀ ਅਨੁਭਵਾਂ ਨਾਲ ਜੋੜਦੀ ਹੈ ਅਤੇ ਇਸੇ ਕਰਕੇ ਇਹ ਆਮ ਪਾਠਕ ਅਤੇ ਖੋਜਕਾਰ ਦੋਹਾਂ ਲਈ ਮਹੱਤਵਪੂਰਨ ਹੈ। ਦਹਿਸ਼ਤ 1947 ਰਚਨਾ ਦੀ ਵਿਲੱਖਣਤਾ ਤੇ ਪ੍ਰਮਾਣਿਕਤਾ ਦਾ ਪ੍ਰਮਾਣ ਇਹ ਹੈ ਕਿ ਇਸਦੀ ਰਚੈਤਾ ਨੇ ਨਿੱਜੀ ਤੌਰ 'ਤੇ ਹੰਢਾਏ ਪਲਾਂ ਨੂੰ ਆਪਣੀ ਸਮਰੱਥਾ ਅਨੁਸਾਰ ਚਿਤਰਿਆ ਹੈ ਅਤੇ ਇਸ ਵਿੱਚ ਖੂਬੀ ਇਹ ਹੈ ਕਿ ਇਸ ਸਮੇਂ ਦੀਆਂ ਸਥਿਤੀਆਂ, ਅਨੁਭਵਾਂ, ਮਨੋਭਾਵਾਂ ਨੂੰ, ਪਰਿਵਾਰ ਦੁਆਰਾ ਹੰਢਾਏ ਹੋਏ ਸਮੇਂ ਨੂੰ, ਸਥਾਨ ਤੇ ਕਾਲ ਦੇ ਪ੍ਰਸੰਗ ਵਿੱਚ ਯਥਾਰਥਕ ਰੂਪ ਵਿੱਚ ਪੇਸ਼ ਕੀਤਾ ਹੈ ਅਤੇ ਇਸ ਪੇਸ਼ਕਾਰੀ ਵਿੱਚ ਲੇਖਿਕਾ ਦੀ ਖ਼ੂਬੀ ਇਸ ਦਰਦਮਈ ਸਮੇਂ ਨੂੰ ਤੀਖਣ ਬੁੱਧੀ ਨਾਲ ਤੇ ਬਰੀਕੀ ਨਾਲ ਪੇਸ਼ ਕਰਨਾ ਹੈ।ਬਚਿੰਤ ਕੌਰ ਇਸ ਪੁਸਤਕ ਦੇ ਆਰੰਭ ਵਿੱਚ ਲਿਖਦੀ ਹੈ ਕਿ ਇਸ ਰਚਨਾ ਵਿੱਚ ਇਤਿਹਾਸ ਦਾ ਉਹ ਸੱਚ ਉਲੀਕਿਆ ਗਿਆ ਹੈ ਜਿਸ ਨੂੰ ਅਸੀਂ ਆਜ਼ਾਦੀ ਦਾ ਨਾਉ ਦਿੰਦੇ ਹਾਂ ਅਣਗਿਣ ਔਰਤਾ ਵਿਧਵਾ ਹੋਈਆਂ ਹਜ਼ਾਰਾਂ ਬੱਚੇ ਯਤੀਮ ਹੋਏ ਬੇਹਿਸਾਬ ਜਾਨਾ ਜਰਵਾਣਿਆਂ ਦੇ ਹੱਥੋਂ ਮੌਤ ਦੇ ਘਾਟ ਉਤਾਰ

Volume: 13, March 2026 ISSN: 2394-0980
PP: 1-7

ਦਿੱਤੀਆਂ ਗਈਆਂ। ਬੇਗੁਨਾਹਾਂ ਦਾ ਖ਼ੂਨ ਪਾਣੀ ਵਾਂਗ ਬਹਾ ਦਿੱਤਾ ਗਿਆ। ਹਿੰਦੁਸਤਾਨ ਅਤੇ ਪਾਕਿਸਤਾਨ ਦੀ ਆਜ਼ਾਦੀ ਨੇ ਮਾਸੂਮਾਂ ਤੇ ਬੇਗੁਨਾਹਾਂ ਨੂੰ ਕਿਵੇਂ ਕੋਹ-ਕੋਹ ਕੇ ਮਾਰਿਆ ਇਸ ਰਚਨਾ ਵਿੱਚ ਉਸਦਾ ਸਾਕਾਰ ਰੂਪ ਪਾਠਕਾਂ ਦੇ ਸਾਹਮਣੇ ਆਉਂਦਾ ਹੈ। ਇਸ ਰਚਨਾ ਦੀ ਪੂਰੀ ਪ੍ਰਕਿਰਿਆ ਇੱਕ ਸਵੈਜੀਵਨੀ ਦੀ ਵਿਧੀ ਵਾਲੀ ਹੈ ਇਹ ਰਚਨਾ ਇਤਿਹਾਸ ਵੀ ਹੈ ਤੇ ਸਵੈ ਜੀਵਨੀ ਵੀ। ਇਹ ਰਚਨਾ ਸਦੀਆਂ ਦੇ ਇਕੱਠੇ ਰਹਿ ਰਹੇ ਭਾਈਚਾਰੇ ਦੇ ਪਿਆਰ ਤੇ ਆਪਸੀ ਮਿਲਵਰਤਣ ਨੂੰ ਕੁੜੱਤਣ ਅਤੇ ਨਫ਼ਰਤ ਵਿੱਚ ਬਦਲਣ ਦੀ ਪ੍ਰਕਿਰਿਆ ਦਾ ਵਰਣਨ ਕਰਦੀ ਹੈ। ਇਸ ਵਰਣਨ ਵਿੱਚ ਹਰ ਉਸ ਪਲ ਨੂੰ ਬਾਹਰੀ ਤੇ ਅੰਦਰੂਨੀ ਪੱਧਰ ਤੇ ਚਿਤਰਿਆ ਗਿਆ ਹੈ ਜਿਸ ਵਿੱਚੋਂ ਲੇਖਿਕਾ ਖ਼ੁਦ ਗੁਜ਼ਰੀ ਹੈ। ਮੌਤ ਦੇ ਸਾਏ ਹੇਠ ਇੱਕ ਪਰਿਵਾਰ ਜਿਸ ਵਿੱਚ ਇੱਕ ਔਰਤ ਤੇ ਉਸਦੇ ਬੱਚੇ ਹਰ ਪ੍ਰਕਾਰ ਦੇ ਸੰਕਟ ਵਿੱਚੋਂ ਗੁਜ਼ਰ ਰਹੇ ਸਨ, ਦੇ ਅਹਿਸਾਸ ਨੂੰ ਅਨੁਭਵ ਅਤੇ ਚਿਤਰਤ ਕਰਨਾ ਆਪਣੇ ਆਪ 'ਚ ਇਕ ਨਿਵੇਕਲਾ ਯਤਨ ਹੈ। ‘ਦਹਿਸ਼ਤ 1947' ਜਾਗੀਰਦਾਰੀ ਪਰੰਪਰਾ ਨਾਲ ਸਬੰਧਤ ਇੱਕ ਅਜਿਹੇ ਪਰਿਵਾਰ ਦੀ ਗਾਥਾ ਹੈ, ਜਿਸ ਵਿੱਚ ਇੱਕ ਪੁੱਤਰ ਸਰਕਾਰੀ ਰਸੂਖ਼ ਹਾਸਲ ਕਰਨ ਲਈ ਪੁਲਿਸ ਦੀ ਨੌਕਰੀ ਕਰਦਿਆਂ ਜੀਵਨ ਵਿੱਚ ਪ੍ਰਾਪਤੀ ਦੇ ਅਹਿਸਾਸ ਨਾਲ ਜੀਵਨ ਜਿਉਂਦਿਆਂ ਅਚਨਚੇਤ ਫਿਰਕੂ ਫਸਾਦਾਂ ਵਿੱਚ ਮਾਰਿਆ ਜਾਂਦਾ ਹੈ ਤੇ ਪਿੱਛੋਂ ਉਸ ਦੀ ਪਤਨੀ ਤੇ ਬੱਚੇ ਇਕੱਲੇ ਰਹਿ ਜਾਂਦੇ ਹਨ। ਪਰਿਵਾਰ ਦੇ ਇਸ ਸੰਕਟ ਵਿੱਚ ਦੋਸਤਾਂ ਮਿੱਤਰਾਂ ਦੇ ਕਿਰਦਾਰ ਵਿਚ ਫਿਰਕੂਪੁਣੇ ਦੀ ਝਲਕ ਦੇਖਦਿਆਂ, ਅੰਤਾਂ ਦੇ ਦੁੱਖ ਝੱਲਦਿਆਂ 'ਕੱਲੀ-ਕਾਰੀ ਔਰਤ ਬੱਚਿਆਂ ਨਾਲ ਹਾਲਾਤ ਦੇ ਥਪੇੜੇ ਸਹਿੰਦੀ ਦਰ- ਦਰ ਭਟਕਦੀ ਮੌਤ ਤੇ ਜੀਵਨ ਨੂੰ ਨੇੜਿਓਂ ਦੇਖਦੀ ਦਹਿਸ਼ਤ ਵਿੱਚ ਧੱਕੇ ਖਾਂਦੀ ਅੰਮ੍ਰਿਤਸਰ ਪਹੁੰਚਦੀ ਹੈ। ਇਸ ਔਰਤ ਅਤੇ ਬੱਚਿਆਂ ਨੇ ਜ਼ੁਲਮ ਅਤੇ ਕਤਲੇਆਮ ਦੀ ਦਰਦਨਾਕ ਸਥਿਤੀ ਨੂੰ ਦੇਖਿਆ ਹੀ ਨਹੀਂ ਸਗੋਂ ਆਪਣੇ ਪਿੰਡੇ ਤੇ ਹੰਢਾਇਆ ਹੈ। ਉਸ ਦਰਦਨਾਕ ਸਥਿਤੀ ਦੀ ਟੀਸ ਔਰਤ ਤੇ ਉਸ ਦੇ ਬੱਚਿਆਂ ਦੇ ਮਨਾਂ ਵਿੱਚ ਸਮੋਈ ਰਹਿੰਦੀ ਹੈ। ਸਮਾਂ ਪਾ ਕੇ ਜੀਵਨ ਦੇ ਸਾਰੇ ਸੁੱਖ ਮਾਣਦਿਆਂ ਕੈਨੇਡਾ ਵਿੱਚ ਜੀਵਨ ਬਤੀਤ ਕਰਦੀ ਹੋਈ ਉਹ ਸੱਠ ਸਾਲ ਤੱਕ ਉਸ ਦਰਦਨਾਕ ਸਥਿਤੀ, ਘਟਨਾਵਾਂ ਤੇ ਦਹਿਸ਼ਤ ਨੂੰ ਭੁੱਲ ਨਹੀਂ ਸਕੀ। ‘ਦਹਿਸ਼ਤ 1947' ਮਨ ਵਿੱਚ ਵੱਸੀ ਇਸ ਦਹਿਸ਼ਤ 'ਤੇ ਆਧਾਰਿਤ ਰਚਨਾ ਹੈ ਜਿਸ ਨੂੰ ਪਰਿਵਾਰ ਦੇ ਇੱਕ ਮੈਂਬਰ ਬਰਜਿੰਦਰ ਕੌਰ ਢਿੱਲੋਂ ਨੇ ਆਪਣੀ ਹੱਡ ਬੀਤੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਉਸ ਤ੍ਰਾਸਦੀ ਦੇ ਸਮੇਂ ਉਸ ਦੀ ਉਮਰ ਸਿਰਫ਼ ਦਸ ਸਾਲ ਸੀ।

‘ਦਹਿਸ਼ਤ 1947' ਵੰਡ ਸਬੰਧੀ ਰਚੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਇੱਕ ਨਿਵੇਕਲੀ ਪਛਾਣ ਰੱਖਦੀ ਹੈ। ਇਹ ਉਹ ਰਚਨਾ ਹੈ ਜਿਸ ਨੂੰ ਰਚਨਾਕਾਰ ਨੇ ਵੰਡ ਸਮੇਂ ਦੀ ਦਰਦਨਾਕ ਸਥਿਤੀ ਨੂੰ ਦੂਰ ਤੋਂ ਦੇਖ ਕੇ ਅਨੁਭਵ ਹੀ ਨਹੀਂ ਕੀਤਾ ਸਗੋਂ ਦਸ ਸਾਲ ਦੀ ਛੋਟੀ ਉਮਰ ਵਿੱਚ ਹੰਢਾਇਆ ਹੈ। ਇਸ ਤੋਂ ਵੀ ਵਧੇਰੇ ਭਾਵਪੂਰਤ ਗੱਲ ਇਹ ਹੈ ਕਿ ਇਸ ਦਹਿਸ਼ਤ ਦੇ ਸੰਤਾਪ ਨੂੰ ਇੱਕ ਮਹੀਨੇ ਦੇ ਲੱਗਭਗ ਸਰੀਰਕ ਤੌਰ 'ਤੇ ਸਹਿਣ ਕੀਤਾ ਹੈ। ਜਿਸ ਮਗਰੋਂ

Volume: 13, March 2026 ISSN: 2394-0980
PP: 1-7

ਸੱਠ ਸਾਲ ਜ਼ਿਹਨੀ ਤੌਰ 'ਤੇ ਉਸ ਨੂੰ ਹੰਢਾਉਂਦਿਆਂ ਮਾਨਸਿਕ ਸੰਤੁਲਨ ਕਾਇਮ ਕਰਕੇ ਇਸ ਰਚਨਾ ਨੂੰ ਜਨਮ ਦਿੱਤਾ ਹੈ। ਇਸ ਰਚਨਾ ਵਿੱਚ ਭਾਵੁਕਤਾ, ਵਲਵਲਿਆਂ ਜਾਂ ਨਫਰਤ ਦਾ ਉਲਾਰ ਨਹੀਂ, ਜਿਸ ਕਾਰਨ ਇਸ ਵਿੱਚ ਪ੍ਰਗਟਾਈ ਗਈ ਚੀਸ ਦੀ ਤੀਖਣਤਾ ਡੂੰਘਾ ਪ੍ਰਭਾਵ ਛੱਡਣ ਦੇ ਸਮਰੱਥ ਹੈ। ਇਸ ਸਥਿਤੀ ਨੂੰ ਲੇਖਕਾ ਨੇ ਆਪਣੇ ਸ਼ਬਦਾਂ ਵਿੱਚ ਪਰਗਟਾਇਆ ਹੈ ਕਿ ਇਹ ਕਹਾਣੀ ਉਨ੍ਹਾਂ ਬੱਚਿਆਂ ਦੀ ਹੈ ,ਜਿਹੜੇ ਪਾਕਿਸਤਾਨ ਵਿੱਚੋਂ ਤਾਂ ਬਚ ਕੇ ਆ ਗਏ ਸਨ ਪਰ ਉਸ ਵੇਲੇ ਦੇ ਭਿਆਨਕ ਅੱਤਿਆਚਾਰਾਂ ਨੂੰ ਨਹੀਂ ਭੁੱਲ ਸਕੇ ਤੇ ਇਹ ਅੱਤਿਆਚਾਰ ਉਨ੍ਹਾਂ ਦੀ ਆਤਮਾ ਨੂੰ ਦਿਨ ਰਾਤ ਕਦੇ ਅੱਗ ਦੇ ਸ਼ੋਅਲੇ ਬਣ ਕੇ ਤੇ ਕਦੀ ਮਰਨ ਵਾਲਿਆਂ ਦੀਆਂ ਚੀਕਾਂ ਦਾ ਰੂਪ ਧਾਰਨ ਕਰਕੇ ਸੱਪ ਵਾਂਗੂੰ ਡੱਸਦੇ ਰਹਿੰਦੇ ਹਨ। ਇਸ ਕਰਕੇ ਹੀ ਇਹ ਰਚਨਾ ਯਥਾਰਥ ਦੀ ਸਿਖਰ ਛੂੰਹਦੀ ਪ੍ਰਤੀਤ ਹੁੰਦੀ ਹੈ। ਇਹ ਪੁਸਤਕ ਇਤਿਹਾਸਕ ਦਸਤਾਵੇਜ਼ ਹੈ ਜੋ ਬੀਤੇ ਸਮੇਂ ਦੇ ਨਾਲ-ਨਾਲ ਹੋਰ ਵਧੇਰੇ ਮਹੱਤਵਪੂਰਨ ਤੇ ਸਾਂਭਣਯੋਗ ਹੁੰਦੀ ਜਾਵੇਗੀ। ਦਹਿਸ਼ਤ 1947 ਪੰਜਾਬੀ ਸਾਹਿਤ ਦੀ ਇੱਕ ਮਹੱਤਵਪੂਰਨ ਅਤੇ ਸਾਂਭਣਯੋਗ ਕਿਰਤ ਹੈ। ਇਹ ਕੇਵਲ ਇੱਕ ਨਾਵਲ ਨਹੀਂ ਸਗੋਂ ਵੰਡ ਦੇ ਸਮੇਂ ਦੀ ਮਨੁੱਖੀ ਤ੍ਰਾਸਦੀ, ਸਮਾਜਿਕ ਵਿਘਟਨ ਅਤੇ ਮਨੋਵਿਗਿਆਨਕ ਦਹਿਸ਼ਤ ਦਾ ਜੀਵੰਤ ਦਸਤਾਵੇਜ਼ ਹੈ। ਬਰਜਿੰਦਰ ਕੌਰ ਢਿੱਲੋਂ ਨੇ ਆਪਣੇ ਅਨੁਭਵਾਂ ਨੂੰ ਬਿਨਾਂ ਕਿਸੇ ਫਿਰਕੂ ਉਲਾਰ ਜਾਂ ਅਤਿ-ਭਾਵੁਕਤਾ ਦੇ ਪੇਸ਼ ਕੀਤਾ ਹੈ। ਇਸੇ ਕਰਕੇ ਇਹ ਰਚਨਾ ਪਾਠਕ ਦੇ ਮਨ ਉੱਤੇ ਡੂੰਘਾ ਪ੍ਰਭਾਵ ਛੱਡਦੀ ਹੈ। ਸਮੇਂ ਦੇ ਨਾਲ ਇਸ ਦੀ ਮਹੱਤਤਾ ਹੋਰ ਵੀ ਵੱਧੇਗੀ ਕਿਉਂਕਿ ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਮਨੁੱਖੀ ਨਫ਼ਰਤ ਕਿਸ ਹੱਦ ਤੱਕ ਤਬਾਹੀ ਲਿਆ ਸਕਦੀ ਹੈ ਅਤੇ ਮਨੁੱਖੀ ਹਿੰਮਤ ਕਿਵੇਂ ਉਸ ਤਬਾਹੀ ਵਿੱਚੋਂ ਜੀਵਨ ਦਾ ਰਾਹ ਲੱਭ ਸਕਦੀ ਹੈ।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 8-21

ਪਰਵਾਸੀ ਪੰਜਾਬੀ ਗਲਪ : ਨਾਰੀਵਾਦੀ ਪਰਿਪੇਖ

ਡਾ. ਧਨਵੰਤ ਕੌਰ
ਸਾਬਕਾ ਪ੍ਰੋਫ਼ੈਸਰ ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪਰਵਾਸੀ ਪੰਜਾਬੀ ਗਲਪ ਦਾ ਨਾਰੀਵਾਦੀ ਪਰਿਪੇਖ ਜਾਨਣ ਤੋਂ ਭਾਵ ਹੈ ਪਰਵਾਸੀ ਪੰਜਾਬੀਆਂ ਵਲੋਂ ਪੰਜਾਬੀ ਵਿਚ ਲਿਖੇ ਨਾਵਲਾਂ ਅਤੇ ਕਹਾਣੀਆਂ ਨੂੰ ਨਾਰੀ ਸਰੋਕਾਰਾਂ, ਸੰਵੇਦਨਾਵਾਂ, ਮਸਲਿਆਂ, ਮੌਕਿਆਂ, ਸਥਿਤੀਆਂ ਅਤੇ ਸੰਭਾਵਨਾਵਾਂ ਦੀ ਪੇਸ਼ਕਾਰੀ ਦੇ ਪੱਖ ਤੋਂ ਵਿਚਾਰਨਾ। ਨਾਰੀ ਬਾਰੇ ਲਿਖੀਆਂ ਜਾ ਰਹੀਆਂ ਗਲਪ ਰਚਨਾਵਾਂ ਦੀ ਸਮੱਸਿਆਕਾਰੀ, ਪਰਵਾਸੀ ਨਾਰੀ ਲੇਖਨ ਦੀ ਚੇਤਨਾ ਸੰਵੇਦਨਾ ਅਤੇ ਪਰਵਾਸੀ ਪੰਜਾਬੀ ਸਮਾਜ ਵਿਚ ਵਿਚਰ ਰਹੀ ਨਾਰੀ ਦੀ ਡਾਇਸਪੋਰਿਕ ਘਾੜਤ ਇਸ ਪਰਿਪੇਖ ਦੇ ਵਿਭਿੰਨ ਪ੍ਰਕਰਣ ਅਤੇ ਹਵਾਲੇ ਹਨ। ਇਹ ਪਰਿਪੇਖ, ਨਿਸ਼ਚੇ ਹੀ ਉਨ੍ਹਾਂ ਸਾਰੀਆਂ ਸਿਧਾਂਤਕ, ਵਿਹਾਰਕ ਚੇਤਨਾਵਾਂ ਅਤੇ ਅੰਤਰਦ੍ਰਿਸ਼ਟੀਆਂ ਨਾਲ ਲੈਸ ਹੈ, ਜਿਹੜੀਆਂ ਮਨੁਖੀ ਸਮਾਜ ਅਤੇ ਇਤਿਹਾਸ ਵਿਚ ਨਾਰੀ ਦੀ ਮੁੱਢੋਂ ਸੁੱਢੋਂ ਬਰਾਬਰੀ ਅਤੇ ਖ਼ੁਦਮੁਖ਼ਤਿਆਰੀ ਲਈ ਦ੍ਰਿੜਤਾ ਰੱਖਦੀਆਂ ਹਨ। ਇਨ੍ਹਾਂ ਅੰਤਰ- ਦ੍ਰਿਸ਼ਟੀਆਂ ਨੇ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਔਰਤ-ਮਰਦ ਸਹਿਹੋਂਦ ਦੇ ਨਿੱਕੇ ਤੋਂ ਨਿੱਕੇ ਪੈਟਰਨ ਤੋਂ ਲੈ ਕੇ ਵਿਆਹ, ਪਰਿਵਾਰ, ਭਾਸ਼ਾ, ਦਰਸ਼ਨ, ਧਰਮ,ਇਤਿਹਾਸ ਵਰਗੀਆਂ ਵੱਡੀਆਂ ਤੋਂ ਵੱਡੀਆਂ ਸਭਿਆਚਾਰਕ ਸੰਰਚਨਾਵਾਂ ਨੂੰ ਨਵੇਂ ਸਿਰਿਓਂ ਪੜ੍ਹਨ, ਵਿਚਾਰਨ ਅਤੇ ਰੁਖ਼ਸਿਰ ਕਰਨ ਦੀ ਗੁੰਜਾਇਸ਼ ਬਣਾਈ ਹੈ। ਇਨ੍ਹਾਂ ਸੋਝੀਆਂ ਨੇ ਹੀ ਅੱਗੋਂ ਦੁਨੀਆਂ ਭਰ ਦੇ ਬਿਰਤਾਂਤਾਂ ਵਿਚ ਨਾਰੀ ਦੀ ਪੇਸ਼ਕਾਰੀ ਅਤੇ ਪੜ੍ਹਤ ਨੂੰ ਅਮੁੱਕ ਸੰਭਾਵਨਾਵਾਂ ਵਾਲੀ ਸਥਿਤੀ ਦੇ ਸਨਮੁਖ ਲਿਆ ਖਲਾਰਿਆ ਹੈ।

ਇਸ ਸਥਿਤੀ ਦੇ ਦੋ ਕਾਰਨ ਬੜੇ ਸਪਸ਼ਟ ਹਨ। ਪਹਿਲਾ ਇਹ ਹੈ ਕਿ ਮਨੁਖੀ ਸਮਾਜ ਵਿਚ ਨਾਰੀ ਦਾ ਦਮਨ ਇਕ ਵਿਸ਼ਵਵਿਆਪੀ ਵਰਤਾਰਾ ਰਿਹਾ ਹੈ। ਸਾਰੀ ਕਾਇਨਾਤ ਦਾ ਪ੍ਰਾਣੀ ਜਗਤ ਨਰ-ਮਾਦਾ ਜੁੱਟਾਂ ਵਿਚ ਵਿਚਰਦਾ ਹੈ, ਪਰ ਸਿਰਫ਼ ਮਰਦ ਔਰਤ ਦਾ ਜੁੱਟ ਹੀ ਅਜਿਹਾ ਹੈ, ਜਿੱਥੇ ਮਰਦ ਦੇ ਪ੍ਰਭੁਤਵ ਅਤੇ ਅਜ਼ਾਦੀ ਮਾਨਣ ਦਾ ਸਿੱਧਾ ਸੰਬੰਧ ਔਰਤ ਦੇ ਦਮਨ ਨਾਲ ਜੁੜਿਆ ਹੋਇਆ ਹੈ। ਦੂਜਾ ਇਹ ਕਿ ਆਧੁਨਿਕ ਯੁਗ ਦੇ ਮੌਕਿਆਂ ਅਤੇ ਮਾਹੌਲ ਵਿਚੋਂ ਨਾਰੀ ਚੇਤਨਾ ਨੇ ਨਾਰੀ ਦੀ ਅਜ਼ਾਦੀ ਅਤੇ ਬਰਾਬਰੀ ਦੇ ਜਿਹੜੇ ਨਵੇਂ ਪ੍ਰਤਿਮਾਨ ਅਰਜਿਤ ਕੀਤੇ, ਉਨ੍ਹਾਂ ਨੇ ਸਦੀਆਂ ਲਾ ਕੇ ਘੜੀ ਅਤੇ ਪਥਰਾਟ ਬਣੀ ਪਿਤਰਕੀ ਦੇ ਇਕ ਪੱਖੀ ਅੰਤਮਪੱਖੀ ਰਵਈਏ ਨੂੰ ਨਕਾਰਿਆ ਹੈ। ਇਨ੍ਹਾਂ ਸਥਿਤੀਆਂ ਅਤੇ ਸੋਝੀਆਂ ਕਰਕੇ ਹੀ ਮਰਦ-ਔਰਤ ਦੋਹਾਂ ਦੇ ਚੇਤਨ-ਅਵਚੇਤਨ ਦੀਆਂ ਸਭਿਆਚਾਰਕ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 8-21

ਘਾੜਤਾਂ ਨਵੀਆਂ ਵੰਗਾਰਾਂ ਦੇ ਸਨਮੁਖ ਹਨ। ਇਨ੍ਹਾਂ ਵੰਗਾਰਾਂ ਵਿਚੋਂ ਉਭਰ ਰਹੇ ਨਵੇਂ ਸਮਤੋਲ ਏਨੇ ਨੂਤਨ, ਏਨੇ ਕਾਟਵੇਂ ਅਤੇ ਏਨੇ ਸੰਭਾਵਨਾਵਾਂ ਭਰਪੂਰ ਹਨ ਕਿ ਦੁਨੀਆਂ ਭਰ ਦੀ ਬਿਰਤਾਂਤਕਾਰੀ ਲਈ, ਇਸ ਵੇਲੇ ਸਭ ਤੋਂ ਵੱਡਾ ਆਕਰਸ਼ਣ ਬਣੇ ਹੋਏ ਹਨ।

ਪਰਵਾਸੀ ਪੰਜਾਬੀ ਗਲਪ ਨੂੰ ਇਸ ਪਰਿਪੇਖ ਵਿੱਚ ਪੜਚੋਲਦਿਆਂ ਅਤੇ ਇਨ੍ਹਾਂ ਗਲਪ ਰਚਨਾਵਾਂ ਵਿਚ ਨਾਰੀ ਕੇਂਦ੍ਰਿਤ ਮੁੱਦੇ ਮਸਲੇ ਵਿਚਾਰਦਿਆਂ ਪਰਵਾਸੀ ਪੰਜਾਬੀ ਸਮਾਜ ਦੇ ਭੂਗੋਲਿਕ ਵਿਸਤਾਰ ਅਤੇ ਕੁਝ ਹੋਰ ਨੁਕਤੇ ਜਿਹੜੇ ਧਿਆਨ ਵਿਚ ਰੱਖਣੇ ਬਣਦੇ ਹਨ ਉਨ੍ਹਾਂ ਵਿਚੋਂ ਪਹਿਲਾ ਇਹ ਹੈ ਕਿ ਪੰਜਾਬੀ ਸਮਾਜ ਭਾਵੇਂ ਇਸ ਵੇਲੇ ਸੌ ਤੋਂ ਵੱਧ ਮੁਲਕਾਂ ਵਿਚ ਵਸੀਂਦਾ ਦਸਿਆ ਜਾਂਦਾ ਹੈ ਪਰ ਗਲਪਕਾਰੀ ਦੇ ਲਿਹਾਜ਼ ਨਾਲ ਪਰਵਾਸੀ ਪੰਜਾਬੀ ਬਿਰਤਾਂਤ ਦੇ ਮੁਖ ਕੇਂਦਰ, ਹਾਲ ਦੀ ਘੜੀ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਹੀ ਹਨ। ਦੂਜਾ ,ਪਰਵਾਸੀ ਪੰਜਾਬੀ ਗਲਪ ਦੀ ਅਉਧ ਮਸਾਂ ਅੱਧੀ ਕੁ ਸਦੀ ਹੈ ਅਤੇ ਗਲਪ ਰਚਨਾਵਾਂ ਦੀ ਗਿਣਤੀ ਕੁੱਝ ਸੈਂਕੜਿਆਂ ਵਿਚ ਸਿਮਟਦੀ ਹੈ। ਇਨ੍ਹਾਂ ਵਿਚੋਂ ਜੇ ਨਾਰੀ ਕੇਂਦ੍ਰਿਤ ਰਚਨਾਵਾਂ ਲੱਭੀਏ ਤਾਂ ਗਿਣਤੀ ਹੋਰ ਵੀ ਘੱਟ ਜਾਂਦੀ ਹੈ। ਮਸਲਨ ਪਰਵਾਸੀ ਪੰਜਾਬੀ ਨਾਵਲ ਦੀ ਇਸ ਪੱਖੋਂ ਤਫਤੀਸ਼ ਕਰੀਏ ਤਾਂ ਮਸਾਂ ਦਰਜਨ ਕੁ ਨਾਵਲ ਹੀ ਅਜਿਹੇ ਲੱਭੇ ਜਾ ਸਕਦੇ ਹਨ, ਜਿਨ੍ਹਾਂ ਦੇ ਫੋਕਸ ਵਿਚ ਪਰਵਾਸੀ ਪੰਜਾਬੀ ਨਾਰੀ ਦੀ ਹੋਂਦ ਸਥਿਤੀ ਹੈ ਜਾਂ ਉਸ ਦੀ ਸੰਵੇਦਨਾ ਚੇਤਨਾ ਮੁੱਦਾ ਬਣ ਰਹੀ ਹੈ। ਇਸੇ ਤਰ੍ਹਾਂ ਪਰਵਾਸ ਵਿਚ ਲਿਖ ਰਹੀਆਂ ਨਾਰੀ ਗਲਪਕਾਰਾਂ ਦੀ ਗਿਣਤੀ ਵੀ ਹਾਲ ਦੀ ਘੜੀ ਵੀਹਾਂ ਤੋਂ ਉਰੇ-ਉਰੇ ਰਹਿ ਜਾਂਦੀ ਹੈ। ਇਸਦੇ ਕਾਰਨ ਵੀ ਬੜੇ ਸਪੱਸ਼ਟ ਹਨ,ਮਸਲਨ ਇਕ ਕਾਰਣ ਤਾਂ ਇਹ ਹੈ ਕਿ ਪੰਜਾਬੀ ਮਰਦ ਦਾ ਪਰਵਾਸ ਭਾਵੇਂ ਸਵਾ ਕੁ ਸਦੀ ਪੁਰਾਣਾ ਕਿਹਾ ਜਾਂਦਾ ਹੈ, ਪਰ ਪੰਜਾਬੀ ਨਾਰੀ ਦਾ ਪਰਵਾਸ ਮੁਖ ਰੂਪ ਵਿਚ 1965 ਵਿਚ ਬਣੇ ਅਮਰੀਕਾ ਦੀ ਮਾਈਗਰੇਸ਼ਨ ਐਕਟ ਅਤੇ 1976-77 ਵਿਚ ਬਣੇ ਕੈਨੇਡਾ ਦੇ ਇਮੀਗਰੇਸ਼ਨ ਐਕਟ ਤੋਂ ਬਾਅਦ ਹੀ ਹੋਇਆ ਹੈ। 1945 ਵਿਚ ਕੈਨੇਡਾ ਦੀ ਮਰਦਮਸ਼ੁਮਾਰੀ ਦੇ ਵੇਰਵੇ ਦਸਦੇ ਹਨ ਕਿ ਉਸ ਸਮੇਂ ਕੈਨੇਡਾ ਵਿਚ ਸਿਰਫ਼ ਗਿਆਰਾਂ ਭਾਰਤੀ ਔਰਤਾਂ ਤੇ ਨੌਂ ਭਾਰਤੀ ਬੱਚੇ ਸਨ। ਵੀਹਵੀਂ ਸਦੀ ਦੇ ਲੱਗਭਗ ਅੱਧ ਤੱਕ ਲਿਖਿਆ ਪੰਜਾਬੀ ਬਿਰਤਾਂਤ ਪਰਵਾਸ ਦੀਆਂ ਦੁਸ਼ਵਾਰੀਆਂ ਨੂੰ ਘਰ ਪਰਿਵਾਰ ਦੀਆਂ ਯਾਦਾਂ, ਉਦਰੇਵਿਆਂ, ਹੇਰਵਿਆਂ ਦੇ ਹਵਾਲੇ ਨਾਲ, ਮੇਜ਼ਬਾਨ ਮੁਲਕ ਦੇ ਨਸਲੀ ਵਿਤਕਰਿਆਂ ਦੇ ਆਤੰਕ ਦੇ ਹਵਾਲੇ ਨਾਲ ਜਾਂ ਫੇਰ ਪਰਵਾਸ ਦੀਆਂ ਖ਼ੁਸ਼ੀਆਂ ਖੁਸ਼ਹਾਲੀਆਂ ਨੂੰ ਕਮਾਈਆਂ, ਸਹੂਲਤਾਂ ਦੇ ਹਵਾਲੇ ਨਾਲ ਪ੍ਰਗਟਾਉਣ ਵਿੱਚ ਰੁੱਝਿਆ ਨਜ਼ਰ ਆਉਂਦਾ ਹੈ।ਪਰਵਾਸੀ ਪੰਜਾਬੀ ਗਲਪ ਵਿਚ ਨਾਰੀ ਸਰੋਕਾਰਾਂ ਦੀ ਆਮਦ ਪਰਵਾਸ ਵਿਚ ਵਸੇ ਪੰਜਾਬੀ ਘਰਾਂ ਪਰਿਵਾਰਾਂ ਦੀ ਬਦੌਲਤ ਹੁੰਦੀ ਹੈ,ਰਤਾ ਪਛੜ ਕੇ ਹੁੰਦੀ ਹੈ ਪਰ ਇਹ ਪੇਸ਼ਕਾਰੀਆਂ ਨਾਰੀ ਨੂੰ ਦਰਪੇਸ਼ ਚੁਣੌਤੀਆਂ ਨੂੰ ਉਸਦੇ ਹੋਣ ਅਤੇ ਥੀਣ ਦੀ ਸੰਭਵਤਾ ਅਤੇ ਸੰਭਾਵਨਾਵਾਂ ਦੇ ਮੱਦੇਨਜ਼ਰ ਵੱਖਰਾ ਅਤੇ ਵਿਸ਼ੇਸ਼ ਬਣਾ ਕੇ ਵਿਖਾਉਂਦੀਆਂ ਹਨ। ਵੀਹਵੀਂ ਸਦੀ ਦੇ ਪਰਵਾਸੀ ਪੰਜਾਬੀ ਗਲਪ ਦੀ ਸਰਸਰੀ ਪੜ੍ਹਤ ਵਿਚੋਂ ਪਰਵਾਸੀ ਪੰਜਾਬੀ ਨਾਰੀ ਦੀ ਹੋਂਦ ਸਥਿਤੀ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 8-21

ਬਾਰੇ ਜਿਹੜੀ ਧਾਰਨਾ ਸਾਫ਼ ਅਤੇ ਸਪੱਸ਼ਟ ਨਜ਼ਰ ਆਉਂਦੀ ਹੈ, ਉਹ ਇਹ ਹੈ ਕਿ ਪੰਜਾਬੀ ਔਰਤ ਦਾ ਮੁਢਲਾ ਅਤੇ ਵਧੇਰੇ ਪਰਵਾਸ ਪੰਜਾਬੀ ਮਰਦਾਂ ਦੀ ਲੋਚਾ, ਲੋੜ ਅਤੇ ਲੋਭ ਦੇ ਤਾਬੇ ਹੈ। ਮਰਦਾਂ ਨੇ ਕੰਮ ਲਈ, ਕਮਾਉਣ ਲਈ ਪਰਵਾਸ ਕੀਤਾ , ਔਰਤਾਂ ਨੇ ਮਰਦਾਂ ਲਈ, ਪਰਿਵਾਰਾਂ ਲਈ ਪਰਵਾਸ ਕੀਤਾ। ਇਸਤਰ੍ਹਾਂ ਨਾਰੀ ਦਾ ਮੁਢਲਾ ਪਰਵਾਸ ਸੈਕੰਡਰੀ ਹੈ, ਸਹਿਕਾਰੀ ਹੈ। ਬਿਗਾਨੇ ਮੁਲਕਾਂ ਅਤੇ ਪਰਾਏ ਮਾਹੌਲ ਵਿਚ ਆਪਣੀ ਨਸਲ, ਧਰਮ, ਕੌਮ, ਭਾਸ਼ਾ ਦੀਆਂ ਸ਼ਨਾਖਤਾਂ ਨੂੰ ਮਹਿਫੂਜ਼ ਰੱਖਣ ਲਈ ਅਤੇ ਪੰਜਾਬੀ ਕਦਰਾਂ ਕੀਮਤਾਂ ਅਤੇ ਸੁਹਜ ਸੁਆਦ ਵਾਲਾ ਘਰ ਪਰਿਵਾਰ ਸਿਰਜਣ ਲਈ ਪਰਵਾਸੀ ਪੰਜਾਬੀ ਮਰਦ ਆਪਣੀਆਂ ਕਦਰਾਂ ਕੀਮਤਾਂ ਵਾਲੀ ਕੁੜੀ ਵਿਆਹੁੰਦਾ ਹੈ ਅਤੇ ਮੁਖ ਰੂਪ ਵਿਚ ਇਸੇ ਲੋੜ ਅਤੇ ਲੋਚਾ ਤਹਿਤ ਪੰਜਾਬੀ ਨਾਰੀ ਪਰਵਾਸੀ ਪੰਜਾਬੀ ਸਮਾਜ ਦਾ ਪ੍ਰਭਾਵੀ ਸਮੂਹ ਸਿਰਜਦੀ ਹੈ। ਪੰਜਾਬੀ ਨਾਰੀ ਦਾ ਸੁਤੰਤਰ ਪਰਵਾਸ, ਪ੍ਰੋਫੈਸ਼ਨਲ ਦੇ ਤੌਰ ਤੇ, ਨੈਨੀ ਜਾਂ ਵਿਦਿਆਰਥਣ ਦੇ ਤੌਰ, 21ਵੀਂ ਸਦੀ ਦਾ ਵਰਤਾਰਾ ਹੈ। ਪਰਵਾਸੀ ਪੰਜਾਬੀ ਗਲਪ ਵਿਚ ਨਾਰੀ ਥੀਮਾਂ/ਪਾਤਰਾਂ ਦੀਆਂ ਪੇਸ਼ਕਾਰੀਆਂ ਵੇਲੇ ਪੰਜਾਬੀ ਨਾਰੀ ਦੇ ਪਰਵਾਸ ਦੇ ਇਨ੍ਹਾਂ ਮੁਖ ਕਾਰਕਾਂ ਦਾ, ਇਨ੍ਹਾਂ ਕਾਰਨਾਂ ਦੀ ਬਦੌਲਤ ਪਰਵਾਸੀ ਪੰਜਾਬੀ ਸਮਾਜ ਵਿੱਚ ਨਾਰੀ ਦੀਆਂ ਮੂਲਵਾਸ ਤੋਂ ਕੁਝ ਭਿੰਨ ਹੋਂਦ-ਸਥਿਤੀਆਂ ਦਾ ਅਤੇ ਪਰਵਾਸ ਵਿਚੋਂ ਅਰਜਿਤ ਜੈਂਡਰਡ ਅਨੁਭਵਾਂ ਅਤੇ ਘਾੜਤਾਂ ਦਾ ਅਸਰ ਅੰਦਾਜ਼ ਰਹਿਣਾ ਤੈਅ ਹੈ।

ਇਹ ਇੱਕ ਨਿਰਵਿਵਾਦ ਧਾਰਨਾ ਹੈ ਕਿ ਬਿਗਾਨੇ ਪਰਿਵੇਸ਼ ਵਿਚ ਸਭਿਆਚਾਰਕ ਸ਼ਨਾਖਤਾਂ ਦੇ ਵਿਸ਼ੇਸ਼ ਨੂੰ ਘੜ੍ਹਨ, ਸਾਂਭਣ ਅਤੇ ਸੰਵਾਰਨ ਵਾਲੀ ਸਪੇਸ ਮੁਖ ਤੌਰ 'ਤੇ ਘਰ ਹੁੰਦੇ ਹਨ। ਪਰਵਾਸੀ ਪੰਜਾਬੀ ਬਿਰਤਾਂਤ ਇਸ ਤੱਥ ਦਾ ਗਵਾਹ ਹੈ ਕਿ ਪੰਜਾਬੀ ਸ਼ਨਾਖ਼ਤਾਂ ਦੀ ਬਰਕਰਾਰੀ ਦੀ ਚਿੰਤਾ ਅਤੇ ਚਿੰਤਨ ਦੇ ਹਵਾਲੇ ਨਾਲ ਪਰਵਾਸੀ ਗਲਪਕਾਰੀ ਦੇ ਬਿਰਤਾਂਤਕ ਮੂਡ ਦੇ ਪ੍ਰਤੱਖਣ ਅਤੇ ਜੂਝਣ ਲਈ ਵੀ ਸਭ ਤੋਂ ਵੱਡੀ ਰੱਖ ਘਰਾਂ ਅੰਦਰਲਾ ਸੰਸਾਰ ਹੀ ਬਣਿਆ। ਪੰਜਾਬੀ ਘਰ ਪਰਿਵਾਰ ਦੀ ਉਸਾਰੀ ਦਾ ਧੁਰਾ ਵਿਆਹ ਹੈ ਅਤੇ ਕਿਸੇ ਵੀ ਸਭਿਆਚਾਰਕ ਸਮੂਹ ਵਾਂਗ ਪੰਜਾਬੀ ਪਰਿਵਾਰਾਂ ਦੀਆਂ ਖੁਸ਼ੀਆਂ, ਖੇੜਿਆਂ, ਰੀਤੀ ਰਿਵਾਜਾਂ , ਕਦਰਾਂ ਕੀਮਤਾਂ ਅਤੇ ਹਰ ਕਿਸਮ ਦੇ ਵਿਕਾਸ ਦੀਆਂ ਅਗਲੇਰੀਆਂ ਸੰਭਾਵਨਾਵਾਂ ਦਾ ਵਿਸਤਾਰ ਇਸੇ ਨਾਲ ਜੁੜਿਆ ਹੋਇਆ ਹੈ। ਵਿਆਹ ਕਿਸੇ ਮਰਦ ਔਰਤ ਦੇ ਅਛੋਹ ਅਬੋਧ ਜਜ਼ਬਿਆਂ ਦੇ ਵਿਗਾਸ ਦਾ ਆਦਿ ਬਿੰਦੂ ਹੀ ਨਹੀਂ, ਉਨ੍ਹਾਂ ਨਾਲ ਜੁੜੇ ਮਾਪਿਆਂ ਅਤੇ ਸੰਤਾਨ ਦੀ ਵਧੀਆ ਜ਼ਿੰਦਗੀ ਤੇ ਬਿਹਤਰ ਭਵਿੱਖ ਦੀ ਕਾਮਨਾ ਵੀ ਹੈ। ਪਰ ਨਾਲ ਹੀ ,ਕਿਉਂਕਿ, ਸਾਡੇ ਵਧੀਆ ਜ਼ਿੰਦਗੀ ਦੇ ਪ੍ਰਤਿਮਾਨ ਬਿਹਤਰ ਆਰਥਿਕਤਾ ਨਾਲ ਜੁੜਦੇ ਹਨ, ਇਸੇ ਕਰਕੇ ਪਿਤਰਕੀ ਸੰਰਚਨਾ ਵਾਲੇ ਸਮਾਜਾਂ ਵਿਚ ਅਰੇਂਜਡ ਵਿਆਹ ਸਮਾਜਕ ਰੁਤਬਿਆਂ ਤੇ ਪਰਿਵਾਰਕ ਸਰਮਾਏ ਨੂੰ ਵਧਾਉਣ ਦੀ ਮਨਸ਼ਾ ਵੀ ਰਖਦੇ ਹਨ। ਪੰਜਾਬੀ ਸਮਾਜ ਵਿਚ ਵੀ ਲਗਦੀ ਵਾਹ ਹਰ ਪਰਿਵਾਰ ਆਪਣੇ ਧੀ ਪੁੱਤ ਨੂੰ ਆਪਣੇ ਤੋਂ ਉਚੇਰੇ ਸਟੇਟਸ ਵਾਲੇ ਪਰਿਵਾਰ ਵਿਚ ਵਿਆਹੁਣਾ ਚਾਹੁੰਦਾ ਹੈ। ਤਥਾਕਥਿਤ ਤੀਸਰੀ ਦੁਨੀਆਂ ਵਿਚ ਵਸਦਾ ਪੰਜਾਬੀ ਸਮਾਜ ਤਾਂ ਇਸ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 8-21

ਬਾਰੇ ਇਕ ਮੱਤ ਹੈ ਕਿ ਪਰਵਾਸ ਵਿਚ ਵਿਕਾਸ ਦਾ ਪੋਟੈਂਸ਼ੀਅਲ ਹੈ। ਪਰਵਾਸੀ ਨਾਲ ਧੀ ਵਿਆਹ ਕੇ ਮਾਪਿਆਂ ਦਾ ਸਟੇਟਸ ਹੀ ਨਹੀਂ ਵਧਦਾ, ਪਰਿਵਾਰ ਦੀ ਗਤੀਸ਼ੀਲਤਾ ਦੀ ਗੁੰਜਾਇਸ਼ ਵੀ ਬਣਦੀ ਹੈ। ਪੰਜਾਬੀ ਮਾਪੇ ਜਿਹੜੇ ਆਪਣੀ ਧੀ ਦੇ ਭਵਿਖ ਦਾ ਫੈਸਲਾ ਕਰਨ ਲਈ ਆਪਣੇ ਆਪਨੂੰ ਹੱਕੀ ਤੇ ਵਾਜਬ ਰੂਪ ਵਿਚ ਕਾਬਲ ਸਮਝਦੇ ਹਨ, ਲਈ ਪਰਵਾਸੀ ਲਾੜਾ ਬਿਹਤਰੀਨ ਤਰਜੀਹ ਬਣਦਾ ਹੈ।ਪਰਵਾਸੀ ਪੰਜਾਬੀ ਗਲਪ ਦੀ ਸਮੱਸਿਆਕਾਰੀ ਵਿਚ ਆਇਆ ਲਗਭਗ ਹਰ ਪੰਜਾਬੀ ਵਿਆਹ, ਇਨ੍ਹਾਂ ਯੋਗਤਾਵਾਂ, ਦਾਅਵਿਆਂ, ਸਿਆਣਪਾਂ, ਅਭਿਲਾਸ਼ਾਵਾਂ ਅਤੇ ਨੀਤੀਆਂ ਤਹਿਤ ਹੀ ਹੋਇਆ ਹੈ। ਪਰਵਾਸੀ ਪੰਜਾਬੀ ਗਲਪ ਦੇ ਅਣਗਿਣਤ ਕਥਾ ਵੇਰਵੇ ਤਸਦੀਕ ਕਰਦੇ ਹਨ ਕਿ ਪਰਵਾਸੀ ਪੰਜਾਬੀ ਮਰਦ ਆਪਣੀ ਆਰਥਕ ਸਮਾਜਕ ਔਕਾਤ ਤੋਂ ਕਿਤੇ ਵਡੇਰੇ ਰਿਸ਼ਤੇ ਹਥਿਆਉਣ ਵਿੱਚ ਸਫ਼ਲ ਰਹੇ। ਕੈਨੇਡੀਅਨ ਪੰਜਾਬੀ ਗਲਪਕਾਰਾ ਬਲਬੀਰ ਕੌਰ ਸੰਘੇੜਾ ਦੇ ਸ਼ਬਦਾਂ ਵਿਚ 'ਕਚੂਰ ਲੈਰੀਆਂ ਕੁੜੀਆਂ ਬਾਬੇ ਵਰ ਲਿਆਏ।' ਅਤੇ ਦੂਜੇ ਪਾਸੇ ਹਰ ਧੀ ਦੇਣ ਵਾਲੇ ਨੇ ਧੀ ਦਾ ਰਿਸ਼ਤਾ ਨਹੀਂ ਕੀਤਾ, ਧੀ ਨੂੰ ਏਜੰਸੀ ਬਣਾ ਪਰਿਵਾਰ ਲਈ ਪਰਵਾਸ ਦਾ ਪਰਮਿਟ ਕਟਾਇਆ। ਪਰਵਾਸ ਦੇ ਇਸ ਲੋਭ ਨੇ ਪੰਜਾਬੀ ਧੀਆਂ ਨੂੰ ਜਿਹੜੇ ਸੰਤਾਪ ਦਿੱਤੇ, ਪਰਵਾਸੀ ਪੰਜਾਬੀ ਨਾਵਲ ਕਹਾਣੀਆਂ ਵਿੱਚ ਉਨ੍ਹਾਂ ਦੀ ਗਾਥਾ ਤ੍ਰਾਸਦਿਕ ਹੀ ਨਹੀਂ, ਅਣਮਨੁਖੀ ਵੀ ਹੈ। ਵਿਆਹ ਦੀ ਆੜ ਵਿਚ ਜਿਵੇਂ ਉਹ ਖਰੀਦੀਆਂ, ਵੇਚੀਆਂ, ਲੁੱਟੀਆਂ, ਵਟੀਆਂ-ਵਟਾਈਆਂ ਗਈਆਂ ਉਸਦਾ ਬਿਰਤਾਂਤ ਬੇਹਿਸਾਬ ਤੇ ਲੂੰ ਕੰਡੇ ਖੜੇ ਕਰਨ ਵਾਲਾ ਹੈ। ਬੇਸ਼ੁਮਾਰ ਗਲਪੀ ਵੇਰਵੇ ਦਸਦੇ ਹਨ ਕਿ ਪੰਜਾਬੀ ਮਾਪਿਆਂ ਨੇ ਆਪਣੀਆਂ ਪੜ੍ਹੀਆਂ ਲਿਖੀਆਂ ਖ਼ੂਬਸੂਰਤ ਲੜਕੀਆਂ ਸਿਰਫ਼ ਪਰਵਾਸ ਖਾਤਰ ਅਨਪੜ੍ਹ, ਧੂਸ, ਦੁਹਾਜੂ-ਤਿਹਾਜੂ, ਵਿਗੜੇ-ਤਿਗੜੇ, ਸ਼ਰਾਬੀ-ਕਬਾਬੀ ਲਾੜਿਆਂ ਦੇ ਲੜ ਲਾ ਦਿੱਤੀਆਂ। ਬਹੁਤ ਸਾਰੀਆਂ ਕਹਾਣੀਆਂ ਵਿਚ ਅਸਲੋਂ ਓਪਰੇ ਮੁਲਕ ਅਤੇ ਮਾਹੌਲ ਵਿਚ ਇਹੋ ਜਿਹੀਆਂ ਦੁਸ਼ਵਾਰੀਆਂ ਨਾਲ ਜੂਝ ਰਹੀਆਂ ਧੀਆਂ ਦੇ ਹਵਾਲੇ ਮਿਲਦੇ ਹਨ। ਅਤੇ ਅਗਲਾ ਸਿਤਮ ਇਹ ਵੀ ਹੈ ਕਿ ਪੰਜਾਬ ਬੈਠੇ ਮਾਪੇ ਧੀਆਂ ਦੇ ਦੁਖ ਵਿਚ ਦੁਖੀ ਜਾਂ ਸ਼ਰੀਕ ਹੋਣ ਦੀ ਥਾਂ ਆਪਣੀ ਸਪਾਂਸਰਸ਼ਿਪ ਲਈ ਕਾਹਲੇ ਪਏ ਹੋਏ ਹਨ। ਡੀ.ਆਰ. ਬਾਸੀ ਦੇ ਨਾਵਲ ‘ਦੇਸੀ ਕੁੜੀਆਂ ਵਲੈਤੀ ਲਾੜੇ’, ਪਿੰਕੀ ਗਰੇਵਾਲ ਦੇ ਨਾਵਲ ‘ਬਚਨੋ ਵਲੈਤ ਆਈ' ਜਾਂ ਸ਼ਾਮਲਾਟ (ਮੇਜਰ ਮਾਂਗਟ), ਚਿੰਤਾਤੁਰ (ਕੁਲਜੀਤ ਮਾਨ), ਅਧੂਰੀ ਗਲ (ਜਰਨੈਲ ਸਿੰਘ ਸ਼ੇਖਾ), ਕੈਨੇਡੀਅਨ ਕੁੜੀਆਂ (ਬਲਬੀਰ ਸਿੰਘ ਮੋਮੀ) ,ਤਾਬਿਆਦਾਰ (ਬਲਬੀਰ ਕੌਰ ਸੰਘੇੜਾ), ਦੂਜੀ ਨਾ ਤੀਜੀ (ਵੀਨਾ ਵਰਮਾ) ਵਰਗੀਆਂ ਕਈ ਕਹਾਣੀਆਂ ਵਿਆਹ ਦੀ ਆੜ ਵਿਚ ਹੋਈ ਸੌਦੇਬਾਜ਼ੀ ਜਾਂ ਤਸਕਰੀ ਦਾ ਖਮਿਆਜ਼ਾ ਭੁਗਤ ਰਹੀਆਂ ਔਰਤਾਂ ਦੀਆਂ ਕਹਾਣੀਆਂ ਹਨ। ਅਜਿਹੀਆਂ ਧੀਆਂ/ਔਰਤਾਂ ਨੇ ਜੇ ਕਿਤੇ ਵਾਪਸ ਵੀ ਆਉਣਾ ਚਾਹਿਆ ਤਾਂ ਮਾਪਿਆਂ ਨੇ ਇਤਿਹਾਸ ਮਿਥਿਹਾਸ ਦੇ ਸਾਰੇ ਹਵਾਲੇ ਉਨਾਂ ਨੂੰ ਹੋੜਨ ਲਈ ਵਰਤੇ । ਬਰਤਾਨੀਆ ਦੀ ਕਹਾਣੀਕਾਰਾ ਵੀਨਾ ਵਰਮਾ ਦੀ ਕਹਾਣੀ 'ਦੂਜੀ ਨਾ ਤੀਜੀ' ਵਿਚ ਅਜਿਹੀ ਧੀ ਨੂੰ ਮਾਪੇ ਸਿਖਿਆ ਦੇ ਰਹੇ ਹਨ :

Volume: 13, March 2026 ISSN: 2394-0980
PP: 8-21

ਧੀਏ ! ਧੀਆਂ ਆਪਣੇ ਘਰ ਹੀ ਚੰਗੀਆਂ ਲਗਦੀਆਂ ਨੇ-

ਸੀਤਾ ਨੇ ਰਾਮ ਨਾਲ ਕਿੰਨੇ ਦੁਖ ਕੱਟੇ ਪਰ ਸਾਥ ਨਹੀਂ ਛੱਡਿਆ-

ਦਰੋਪਦੀ ਸਾਰੀ ਉਮਰ ਵਣਾਂ ਵਿਚ ਫਿਰਦੀ ਰਹੀ -

ਆਪਣੇ ਘਰ ਵਿਚ ਰਹਿ ਕੇ ਆਪਣੇ ਮਾਲਕਾਂ ਦਾ ਮਨ ਜਿੱਤ।

ਵਿਆਹ ਦੇ ਓਹਲੇ ਹੇਠ ਪਰਵਾਸ ਲਈ ਧੀ/ਭੈਣ ਨੂੰ ਏਜੰਸੀ ਬਣਾ ਵਰਤਣ ਦਾ ਥੀਮ ਪਰਵਾਸੀ ਪੰਜਾਬੀ ਗਲਪ ਵਿਚ ਸੰਵੇਦਨਸ਼ੀਲ ਢੰਗ ਨਾਲ ਪੇਸ਼ ਹੋਇਆ ਹੈ ਅਤੇ ਪੰਜਾਬੀ ਪਿਤਰਕੀ ਨੂੰ ਨਮੋਸ਼ੀ ਵਿੱਚ ਪਾਉਂਦਾ ਹੈ।ਅਮਰੀਕੀ ਕਹਾਣੀਕਾਰਾ ਪ੍ਰਵੇਜ਼ ਸੰਧੂ ਦੀ ਕਹਾਣੀ 'ਸੌਕਣ' ਦੀ ਕਥਾ ਨਾਇਕਾ 'ਗੇ' ਮੁੰਡੇ ਨਾਲ ਵਿਆਹੀ ਗਈ ਹੈ। ਕੈਨੇਡੀਅਨ ਕਹਾਣੀਕਾਰਾ ਸੁਰਜੀਤ ਕਲਸੀ ਦੀ ਕਹਾਣੀ 'ਇਕ ਪਰਵਾਸੀ ਔਰਤ ਦੀ ਡਾਇਰੀ' ਦੀ ਕਥਾਨਾਇਕਾ ਕਈ ਸਾਲਾਂ ਤੋਂ ਅਮਰੀਕਾ ਦੇ ਕਿਸੇ ਪਾਗਲਖ਼ਾਨੇ ਵਿਚ ਭਰਤੀ ਪਾਗਲ ਨਾਲ ਵਿਆਹ ਦਿੱਤੀ ਗਈ ਹੈ। ਜਫ਼ਰ ਜਾਲ ਕੇ ਕੈਨੇਡਾ ਪਹੁੰਚੀ ਨਾਇਕਾ ਨੂੰ ਲਗਦਾ ਹੈ ਕਿ ਉਸ ਨਾਲ ਅਤੇ ਉਸਦੇ ਮਾਪਿਆਂ ਨਾਲ ਧੋਖਾ ਹੋਇਆ ਹੈ। ਦਰ ਦਰ ਠੋਕਰਾਂ ਖਾਂਦੀ,ਜ਼ਲੀਲ ਹੁੰਦੀ ਉਹ ਆਪਣੇ ਪਿਓ ਨੂੰ ਫ਼ੋਨ ਤੇ ਪੁੱਛ ਰਹੀ ਹੈ :

ਤੁਹਾਨੂੰ ਪਤਾ ਸੀ ਬੀਰਬਲ ਪਾਗਲ ਹੈ-ਜਿਹੜਾ ਮੁੰਡਾ ਫੜ ਕੇ ਮੈਨੂੰ ਵਿਆਹ ਦਿੱਤਾ ਉਹ ਭਾੜੇ ਦਾ ਸੀ--।

ਅੱਗੋਂ ਪਿਓ ਦਾ ਜੁਆਬ ਹੈ :

> ਲੋਕ ਤਾਂ ਭਰਾਵਾਂ ਨਾਲ ਵਿਆਹ ਕੇ ਤੋਰ ਦਿੰਦੇ ਐ- ਅਸੀਂ ਤਾਂ ਤੈਨੂੰ ਪਾਗਲ ਨਾਲ ਹੀ ਵਿਆਹਿਐ। ਕੀ ਘਸ ਗਿਆ ਤੇਰਾ? ਕੈਨੇਡਾ ਪਹੁੰਚ ਗਈ ਏਂ - ਚੰਗੀ ਭਲੀ- ਤੂੰ ਹੁਣ ਭੁੱਲ ਜਾ ਸਭ ਕੁਝ ਤੇ ਛੇਤੀ ਤੋਂ ਛੇਤੀ ਸਾਡੇ ਲਈ ਰਾਹਦਾਰੀ ਦੇ ਕਾਗਜ਼ ਭਰ---।

ਇਹ ਧੋਖੇ ਹੀ ਨਹੀਂ ਇਨ੍ਹਾਂ ਦੀ ਬਦੌਲਤ ਪੱਲੇ ਪਈ ਹੋਂਦ-ਸਥਿਤੀ ਪਰਵਾਸੀ ਨਾਰੀ ਲਈ ਅਗਲੇਰੀਆਂ ਦੁਸ਼ਵਾਰੀਆਂ ਸਿਰਜਦੀ ਹੈ, ਉਸਦੇ ਸ਼ੋਸ਼ਣ, ਵਸਤੂਕਰਨ ਨੂੰ ਬੜਾਵਾ ਦਿੰਦੀ ਹੈ। ਪਰਵਾਸੀ ਮੁਲਕਾਂ ਵਿਚ ਉਸਦਾ ਦਾਖਲਾ ਤੇ ਵਸੇਬਾ ਜੇ ਪਤੀ ਤੇ ਨਿਰਭਰ ਹੈ ਤਾਂ ਇਸ ਬਲੀ ਦੇ ਬੱਕਰੇ ਨੂੰ ਉਤਪੀੜਨ ਦੇ ਪਤੀ ਅਤੇ ਸਹੁਰੇ ਪਰਿਵਾਰ ਕੋਲ ਅਨੇਕ ਢੰਗ ਹਨ।ਇਕਬਾਲ ਰਾਮੂਵਾਲੀਆ ਦਾ ਨਾਵਲ 'ਮੌਤ ਇਕ ਪਾਸਪੋਰਟ ਦੀ', ਵੀਨਾ ਵਰਮਾ ਦੀ ਕਹਾਣੀ 'ਗਲਤ ਔਰਤ', ਐਨ. ਕੌਰ ਦੀ ਕਹਾਣੀ 'ਆਵਾਜ਼ ਆਵਾਜ਼ ਹੈ' ਅਜਿਹੀਆਂ ਹੀ ਸਥਿਤੀਆਂ ਦੀਆਂ ਮਾਰਮਿਕ ਪੇਸ਼ਕਾਰੀਆਂ ਹਨ। ਅਜਿਹੇ ਸ਼ੋਸ਼ਣ ਤੋਂ ਇਲਾਵਾ ਵੀ ਪਰਵਾਸੀ ਪੰਜਾਬੀ ਗਲਪ ਜਦੋਂ ਪੰਜਾਬੀ ਨਾਰੀ ਦੇ ਪਰਵਾਸ ਦੇ ਮੁਢਲੇ ਅਨੁਭਵਾਂ ਨੂੰ ਸੰਚਿਤ ਕਰਦਾ ਹੈ, ਤਾਂ ਨਾਰੀ ਪਰਿਪੇਖ ਤੋਂ ਉਸਨੂੰ ਕਿਵੇਂ ਵੀ ਸੁਖਾਵਾਂ ਨਹੀਂ ਪਾਉਂਦਾ। ਘੱਟੋ ਘੱਟ ਬਿਹਤਰ ਜੀਵਨ ਦੇ ਜਿਹੜੇ ਮਿਆਰਾਂ, ਆਰਥਿਕ ਸਮਾਜਿਕ ਅਜ਼ਾਦੀਆਂ ਦੇ ਜਿਹੜੇ ਤਸੱਵਰਾਂ

Volume: 13, March 2026 ISSN: 2394-0980
PP: 8-21

ਅਤੇ ਪਰਿਵਾਰਕ ਸਭਿਆਚਾਰਕ ਬੰਧੇਜਾਂ ਤੋਂ ਮਿਲਣ ਵਾਲੀਆਂ ਜਿਨ੍ਹਾਂ ਰਾਹਤਾਂ ਨੂੰ ਮਨ ਚਿਤ ਲੈ ਕੇ ਪੰਜਾਬੀ ਨਾਰੀ ਨੇ ਪਰਵਾਸ ਕੀਤਾ ਸੀ ਉਸਦਾ ਤਾਂ ਅਜਿਹੇ ਗਲਪੀ ਪਾਠਾਂ ਵਿਚ ਕਿਤੇ ਨਾਮੋ ਨਿਸ਼ਾਨ ਹੀ ਵਿਖਾਈ ਨਹੀਂ ਦਿੰਦਾ। ਬਲਕਿ ਅਣਗਿਣਤ ਨਾਵਲਾਂ ਕਹਾਣੀਆਂ ਦੇ ਕਥਾਨਕ ਤਾਂ ਇਸ ਗਲ ਦਾ ਜ਼ਾਮਨੀ ਦਿੰਦੇ ਹਨ ਕਿ ਪਰਵਾਸੀ ਪੰਜਾਬੀ ਸਮਾਜ ਵਿੱਚ ਹੋਰ ਸਾਹਘੋਟੂ ਹੋ ਗਈ ਪਿਤਰਕੀ ਨੇ ਉਸਨੂੰ ਘਰਾਂ ਵਿਚ ਕੈਦ ਕਰਕੇ ਇਕੱਲਤਾ, ਪਰਨਿਰਭਰਤਾ, ਬੇਵਸੀ ਤੇ ਲਾਚਾਰੀ ਦਾ ਭੈੜਾ ਅਹਿਸਾਸ ਹੀ ਨਾ ਦਿੱਤਾ, ਗਾਲੀ ਗਲੋਚ, ਕੁੱਟਮਾਰ ਨਾਲ ਅੰਤਕਿਤ ਵੀ ਕੀਤਾ।

ਪੰਜਾਬੀ ਨਾਰੀ ਦੀ ਡਾਇਸਪੋਰਿਕ ਪਰਿਵੇਸ਼ ਵਿਚ ਹੋਰ ਅਸੁਰਖਿਅਤ, ਹੋਰ ਤਰਸਭਾਵੀ ਹੋ ਗਈ ਵਾਸਤਵਿਕਤਾ ਨੂੰ ਪਰਵਾਸੀ ਪੰਜਾਬੀ ਗਲਪ ਨੇ ਨਵੇਂ ਸਥਾਨ ਤੇ ਨਵੀਂ ਤਰਤੀਬ ਵਿਚ ਖੁਲ ਕੇ ਬਿਰਤਾਂਤਿਆ। ਮੁੱਢਲੇ ਗਲਪੀ ਪਾਠਾਂ ਵਿਚ ਪਰਵਾਸੀ ਪੰਜਾਬੀ ਸਮਾਜ ਵਿਚ ਨਾਰੀ ਦੀ ਸਥਿਤੀ ਪ੍ਰਤਿ ਉਭਰਦੀ ਮੁਖ ਅੰਤਰਦ੍ਰਿਸ਼ਟੀ ਇਹ ਸੀ ਕਿ ਪਰਵਾਸੀ ਪੰਜਾਬੀ ਨਾਰੀ ਭਾਵੇਂ ਕਿਸੇ ਵੀ ਉਮਰ, ਸਟੇਟਸ, ਰਿਸ਼ਤੇ ਜਾਂ ਸਥਿਤੀ ਵਿਚ ਸੀ, ਉਸ ਉਤੇ ਪੰਜਾਬੀ ਪਿਤਰਕੀ ਦੁਆਰਾ ਨਿਰਧਾਰਿਤ ਨੈਤਿਕਤਾ ਦੇ ਦੋਹਰੇ, ਦਕਿਆਨੂਸੀ, ਗਲਘੋਟੂ, ਪ੍ਰਤਿਮਾਨ ਜਿਉਂ ਤੇ ਤਿਉਂ ਲਾਗੂ ਹੋਏ। ਪਰਵਾਸੀ ਪੰਜਾਬੀ ਸਮਾਜ ਵਿੱਚ ਕੁੜੀਆਂ ਜੰਮਣ ਕਰਕੇ ਕੁੱਟ ਖਾਂਦੀਆਂ ਔਰਤਾਂ ਜਾਂ ਇਸੇ ਕਰਕੇ ਟੁੱਟਦੇ ਘਰ (ਘੋੜੇ ਦੇ ਸੁੰਮਾਂ ਦਾ ਖੜਾਕ/ਹਰਭਜਨ ਸਿੰਘ, ਮਦਰ ਤੇ ਗਿਫਟ/ਕਰਮ ਸਿੰਘ ਮਾਨ ਆਦਿ) ਇਸ ਗੱਲ ਦਾ ਪ੍ਰਮਾਣ ਹਨ ਕਿ ਨਾਰੀ ਨੂੰ ਮਾਪਣ, ਤੋਲਣ, ਹਾੜਨ ਦੇ ਮਾਪਦੰਡ ਉਹੀ ਦਕਿਆਨੂਸੀ ਹਨ। ਪਰਵਾਸੀ ਨਾਰੀ ਲੇਖਕ, ਖਾਸਕਰ ਵੀਨਾ ਵਰਮਾ ਦੀਆਂ ਕਹਾਣੀਆਂ ਇਹ ਦਰਸਾ ਰਹੀਆਂ ਹਨ ਕਿ ਉਥੇ ਉਸਦੀ ਹੋਣੀ ਵਿਚ ਪਿਤਰਕੀ ਦੀਆਂ ਤਾਕੀਦਾਂ ਦੇ ਨਾਲ ਨਾਲ ਧੋਖੇ, ਅਪ੍ਰਵਾਨਗੀਆਂ, ਦੇਹਵਾਦ, ਨਸਲਵਾਦ ਦੀਆਂ ਨਵੀਆਂ ਪਰਤਾਂ ਵੀ ਸ਼ਾਮਲ ਹੋਈਆਂ ਹਨ। ਪਿਤਰਕੀ ਦੇ ਕਾਇਦਿਆਂ ਵਿਚ ਸ਼ੁਧਤਾ ਅਤੇ ਪਾਕਦਾਮਨਤਾ ਦਾ ਪ੍ਰਤਿਮਾਨ ਉਥੇ ਵੀ ਸਿਰਫ਼ ਔਰਤ ਨਾਲ ਜੁੜਦਾ ਹੈ, ਮਰਦ ਨਾਲ ਨਹੀਂ। ਪਰਵਾਸੀ ਨਾਰੀ ਲੇਖਨ ਨੇ ਹੀ ਨਹੀਂ ਲਗਭਗ ਸਮੁੱਚੇ ਮਰਦ ਲੇਖਨ ਨੇ ਵੀ ਇਹ ਤਸਦੀਕ ਕੀਤਾ ਹੈ ਕਿ ਪਰਵਾਸੀ ਵਿਚ ਪੰਜਾਬੀ ਮਰਦ ਆਪਣੀ ਅਜ਼ਾਦੀ, ਖੁਸ਼ਹਾਲੀ ਅਤੇ ਮਰਦ ਹਉਂ ਦੀ ਤਲਾਫੀ ਲਈ ਕਾਮਨਾਵਾਂ ਦੇ ਜਿਸ ਸੰਸਾਰ ਨੂੰ ਅਪਨਾ ਰਿਹਾ ਹੈ ਉਹ ਉਸ ਨੂੰ ਹੋਰ ਲੋਭੀ ,ਹੋਰ ਹਵਸੀ ਤੇ ਹੋਰ ਹਉਮੈਵਾਦੀ ਬਣਾ ਰਿਹਾ ਹੈ। ਡਾਇਸਪੋਰਿਕ ਪਰਿਵੇਸ਼ ਵਿਚ ਪੰਜਾਬੀਅਤ ਦੀਆਂ ਕਦਰਾਂ ਕੀਮਤਾਂ ਨੂੰ ਸਾਂਭਣ ਸਿਖਾਉਣ ਦੀ ਜ਼ਿੰਮੇਵਾਰੀ ਨਾਰੀ ਸਿਰ ਪਾ ਉਹ ਆਪ ਖੁਲ੍ਹੇ ਸਮਾਜ ਦੀਆਂ ਖਿੱਚਾਂ ਅਤੇ ਤਲਿੱਸਮ ਮਾਣਨ ਤੁਰ ਪਿਆ ਹੈ। ਪਰਵਾਸੀ ਪੰਜਾਬੀ ਗਲਪ ਇਕ ਪਾਸੇ ਗੋਰੀਆਂ ਦੇ ਚੱਕਰ ਵਿਚ ਫਸੇ ਸ਼ਰਾਬੀ ਮਰਦਾਂ ਦੇ ਆਪਣੀਆਂ ਪਤਨੀਆਂ ਨਾਲ ਗੈਰ ਜੁੰਮੇਵਰਾਨਾ ਵਿਹਾਰ ਦੀ ਕੰਨਸੋ ਦੇ ਰਿਹਾ ਹੈ ਦੂਜੇ ਪਾਸੇ ਖੁਲ੍ਹੇ, ਬਦਲਵੇਂ ਤੇ ਨਿੱਜਤਾਵਾਂ ਨੂੰ ਹਦ ਦਰਜੇ ਤਕ ਉਕਸਾਉਣ ਵਾਲੇ ਮਾਹੌਲ ਵਿਚ ਪਲ ਰਹੀਂ ਸੰਤਾਨ ਖ਼ਾਸ ਕਰ ਧੀਆਂ ਨੂੰ ਸਾਂਭਣ

ਲਈ ਤ੍ਰਾਣ ਲਾ ਰਹੀਆਂ ਪੰਜਾਬੀ ਮਾਵਾਂ ਨੂੰ ਫੋਕਸ ਵਿਚ ਲੈ ਰਿਹਾ ਹੈ, ਕਿਉਂਕਿ ਪਿਤਰਕੀ ਮਾਪਦੰਡਾਂ ਅਨੁਸਾਰ ਧੀਆਂ ਦੇ ਚਰਿਤਰ ਨੇ ਹੀ ਕਲ੍ਹ ਨੂੰ ਸਭਿਆਚਾਰਕ ਪਛਾਣ ਦਾ ਪ੍ਰਤੀਕ ਬਣਨਾ ਹੈ। ਅਮਰੀਕੀ ਕਥਾਕਾਰਾ ਪ੍ਰਵੇਜ਼ ਸੰਧੂ ਦੀ ਕਹਾਣੀ 'ਸਿਰਫ਼ ਇਕ ਵਾਰ' ਇਸ ਵਿਵੇਕ ਦੀ ਖ਼ੂਬਸੂਰਤ ਉਦਾਹਰਣ ਹੈ। ਇਸ ਕਹਾਣੀ ਵਿਚ ਜੱਗੀ ਨਾਮੀ ਮਰਦ ਪਾਤਰ ਨਿਰੋਲ ਗੋਰੀ ਔਰਤ ਨੂੰ ਮਾਣਨ ਦੇ ਜਿਨਸੀ ਖਬਤ ਕਰਕੇ, ਘਰ ਵਿਚ ਸੁਹਿਰਦ ਪਤਨੀ ਤੇ ਜੁਆਨ ਧੀ ਨੂੰ ਚਕਮਾ ਦੇ, ਨਿੱਤ ਆਨੇ ਬਹਾਨੇ ਗੋਰੀ ਕੋਲ ਪਹੁੰਚ ਜਾਂਦਾ ਹੈ ,ਪਰ ਆਪਣੀ ਪਤਨੀ ਤੇ ਧੀ ਤੋਂ ਪਿਤਾ ਪੁਰਖੀ ਸਲੀਕੇ ਦੀ ਮੰਗ ਕਰਦਾ ਹੈ। ਆਪਣੀ ਧੀ ਨੂੰ ਕਿਸੇ ਗੋਰੇ ਮੁੰਡੇ ਦੇ ਫ਼ੋਨ ਆਉਣ ਦੀ ਗੱਲ ਸੁਣ ਕੇ ਹੀ ਅੱਗ ਬਬੂਲਾ ਹੋ ਜਾਂਦਾ ਹੈ ਤੇ ਪਤਨੀ ਸਿਰ ਦੋਸ਼ ਮੜ੍ਹਦਾ ਮਿੰਟ ਨਹੀਂ ਲਾਉਂਦਾ। ਕਹਾਣੀ ਵਿਚਲੇ ਬੋਲ ਹਨ :

> ਤੂੰ ਸਾਰਾ ਦਿਨ ਕਿਹੜੇ ਯਾਰਾਂ ਵਿਚ ਗੁਆਚੀ ਰਹਿੰਦੀ ਏਂ-
>
> ਇਕ ਕੁੜੀ ਦਾ ਧਿਆਨ ਨਹੀਂ ਰਖ ਸਕਦੀ।
>
> ਤੇ ਗੁੱਸੇ ਵਿਚ ਆਏ ਜੱਗੀ ਨੇ ਗੁਰਮੀਤ ਦੇ ਦੋ ਤਿੰਨ ਥੱਪੜ ਧਰ ਦਿੱਤੇ।

ਨਾਦਰਸ਼ਾਹ (ਜਗਜੀਤ ਬਰਾੜ), ਧੀਆਂ ਵਾਲੇ (ਐਨ ਕੌਰ), ਮਰਦਾਂ ਵਾਲੀ ਗੱਲ (ਸਾਹਿਬ ਸਿੰਘ), ਜੂਠ (ਗੁਰਪ੍ਰੀਤ ਧਾਲੀਵਾਲ), ਅਮਰੀਕਾ ਹੋਰ (ਅਰਮਜੀਤ ਦਰਦੀ), ਅੱਜ ਦੀ ਰਾਤ (ਕਰਨੈਲ ਸਿੰਘ ਗਿਆਨੀ), ਪੀੜ ਪਰਾਈ (ਕਰਮ ਸਿੰਘ ਮਾਨ) ਵਰਗੀਆਂ ਕਈ ਕਹਾਣੀਆਂ ਵਿਚ ਪਤੀਆਂ ਵਲੋਂ ਅਪ੍ਰਵਾਨ ਹੋ ਕੇ , ਆਪਣਾ ਆਪ ਮਾਰ ਕੇ ਬੱਚਿਆਂ ਖਾਤਰ ਜੀ ਰਹੀਆਂ ਔਰਤਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬੀ ਪਿਤਰਕੀ ਮਨੋਬਣਤਰਾਂ ਦੀ ਬਜ਼ਿਦਤਾ ਡਾਇਸਪੋਰਿਕ ਪਰਿਵੇਸ਼ ਵਿਚ ਵੀ ਕਿੰਨੀ ਹੱਠੀ ਭੂਮਿਕਾ ਨਿਭਾ ਰਹੀ ਹੈ। ਕੰਮਕਾਰ ਦੀਆਂ ਥਾਵਾਂ ਤੇ ਉਨ੍ਹਾਂ ਨਾਲ ਹੋ ਰਹੇ ਨਸਲੀ ਤੇ ਨਾਰੀ ਵਿਤਕਰੇ ਇਸ ਤੋਂ ਅਲਹਿਦਾ ਹਨ। ਖਪਤਵਾਦ, ਦੇਹਵਾਦ, ਨਸਲਵਾਦ ਨਾਲ ਜ਼ਰਬਾਂ ਖਾ ਕੇ ਪਿਤਰਕੀ ਦਾ ਬੁਰਜ਼ਆਜ਼ੀ ਪਰਪੰਚ ਨਾਰੀ ਦੀ ਜ਼ਿੰਦਗੀ ਨੂੰ ਕਿੰਨਾ ਕੁ ਅੰਤਕਿਤ ਤੇ ਅਸੁਰਖਿਤ ਬਣਾ ਸਕਦਾ ਹੈ ਇਸਦੇ ਕਥਾ ਬਿੰਬ ਵੀ ਪਰਵਾਸੀ ਪੰਜਾਬੀ ਗਲਪ ਵਿਚ ਉਭਰਵੇਂ ਹਨ। ਹਰਪ੍ਰੀਤ ਸੇਖਾ ਦੀ ਕਹਾਣੀ 'ਪੰਜਾਬੀ ਸੂਟ' ਅਤੇ ਜਰਨੈਲ ਸਿੰਘ ਦੀ ਕਹਾਣੀ 'ਪੱਤਿਆਂ ਨਾਲ ਢੱਕੇ ਜਿਸਮ' ਇਨ੍ਹਾਂ ਹੋਣੀਆਂ ਨੂੰ ਬਾਖ਼ੂਬੀ ਵਿਸਤਾਰਦੀਆਂ ਹਨ।

ਪਰਵਾਸੀ ਪੰਜਾਬੀ ਗਲਪ ਵਿਚ ਨਾਰੀ ਦੀਆਂ ਪਿਤਰਕੀ ਮਾਪਦੰਡਾਂ ਵਾਲੇ ਵਿਆਹਾਂ ਜਾਂ ਘਰਾਂ ਪਰਿਵਾਰਾਂ ਦੀ ਜਕੜ ਦੇ ਹਵਾਲੇ ਨਾਲ ਹੋਈਆਂ ਅਤਿ ਸੰਵੇਦਨਸ਼ੀਲ ਪੇਸ਼ਕਾਰੀਆਂ ਦੇ ਉਪਰੋਕਤ ਸੰਦਰਭ ਵਿਚਾਰਦਿਆਂ ਮੇਰਾ ਮੰਤਵ ਸਿਰਫ਼ ਇਹ ਸਥਾਪਤ ਕਰਨਾ ਨਹੀਂ ਕਿ ਪਰਵਾਸ ਨੇ ਪੰਜਾਬੀ ਨਾਰੀ ਆਤਮ ਨੂੰ ਹੋਰ ਹੱਸਾਸ, ਹਤਾਸ਼ ਤੇ ਲਾਚਾਰ ਹੀ ਕੀਤਾ ਹੈ। ਪ੍ਰਸਿੱਧ ਚਿੰਤਕ ਟੈਰੀ ਈਗਲਟਨ ਦੀ ਧਾਰਨਾ ਹੈ ਕਿ ਸਭਿਆਚਾਰ making and being

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 8-21

made ਵਿਚ, rationality and spontaneity ਵਿਚਲੀ tension ਦਾ ਨਾਮ ਹੈ (Terry Eaglton, The idea of culture, Blackwell, Oxford, 2000, P.86) ।ਇਸੇ ਹਵਾਲੇ ਨਾਲ ਇਨਾਂ ਗਲਪੀ ਪੇਸ਼ਕਾਰੀਆਂ ਵਿਚ ਪੰਜਾਬੀ ਸ਼ਨਾਖਤਾਂ ਡਾਇਸਪੋਰਿਕ ਪਰਿਵੇਸ਼ ਵਿਚ ਵਿਚਰਦਿਆਂ ਕੀ ਕੁਝ, ਕਦੋਂ ਤੇ ਕਿਵੇਂ ਗ੍ਰਹਿਣ ਕਰ ਲੈਂਦੀਆਂ ਹਨ, ਦੇ ਪ੍ਰਸੰਗ ਵੀ ਵਿਚਾਰਨਯੋਗ ਬਣਦੇ ਹਨ ਅਤੇ ਇਹ ਜਾਣਨਾ ਵੀ ਕਿ ਇਹ ਅਨੁਭਵ, ਇਹ ਘਾੜਤਾਂ, ਇਹ ਤਬਦੀਲੀਆਂ ਮਰਦ ਅਤੇ ਨਾਰੀ ਲਈ ਵੱਖਰੇ ਕਿਵੇਂ ਵਿਖਾਏ ਗਏ ਹਨ ਅਤੇ ਇਨ੍ਹਾਂ ਵੱਖਰੇਵਿਆਂ ਦੇ ਮਾਇਨੇ ਕੀ ਬਣਦੇ ਹਨ? ਇਸ ਵਰਤਾਰੇ ਨੂੰ ਜਾਣਨ ਲਈ ਪਰਵਾਸੀ ਪੰਜਾਬੀ ਗਲਪ ਵੱਡੀ ਗੁੰਜਾਇਸ਼ ਬਣਾਉਂਦਾ ਹੈ। ਪਰਵਾਸੀ ਪੰਜਾਬੀ ਨਾਰੀ ਦੀ ਸਥਿਤੀ ਅਤੇ ਸੰਭਾਵਨਾ ਨੂੰ ਉਜਾਗਰ ਕਰਨ ਵਾਲੇ ਇਨ੍ਹਾਂ ਗਲਪੀ ਬਿੰਬਾਂ ਨੂੰ ਡੀਕੋਡ ਕਰਦਿਆਂ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਡਾਇਸਪੋਰਿਕ ਪਰਿਵੇਸ਼ ਵਿਚ ਨਾਰੀ ਸ਼ਨਾਖਤਾਂ ਨੇ ਜਿਹੜੇ ਸਾਹਸ ਅਰਜਿਤ ਕੀਤੇ ਹਨ ਉਹ ਪੰਜਾਬੀ ਮਰਦ ਸ਼ਨਾਖਤਾਂ ਦੀ ਡਾਇਸਪੋਰਿਕ ਘਾੜਤ ਨਾਲੋਂ ਕਈ ਪੱਖੋਂ ਵਧੇਰੇ ਸਿਫਤੀ ਤੇ ਮਾਨਵੀ ਹਨ। ਪਿੰਜਰਾ (ਅਮਰਜੀਤ ਚਾਹਲ), ਕਿੱਲੇ ਬੱਝੀ ਗਾਂ (ਅਮਨਪਾਲ ਸਾਰਾ), ਪ੍ਰਛਾਵੇਂ, ਦੋ ਟਾਪੂ (ਜਰਨੈਲ ਸਿੰਘ) ਸ਼ਨੂਕ (ਹਰਪ੍ਰੀਤ ਸੇਖਾ) ਵਰਗੀਆਂ ਕਹਾਣੀਆਂ ਸਕਤੇ ਵਿਚ ਆਈਆਂ ਪੰਜਾਬੀ ਮਰਦ ਦੀਆਂ ਪਿਤਰਕੀ ਮਨੋਬਣਤਰਾਂ ਅਤੇ ਹੌਂਸਲਾ ਫੜ ਰਹੀਆਂ ਨਾਰੀ ਮਨੋਬਣਤਰਾਂ ਦੀ ਕਸ਼ਮਕਸ਼ ਵਿਚੋਂ ਹਾਲਤਾਂ ਅਤੇ ਘਾੜਤਾਂ ਨੂੰ ਬੜੀ ਖੂਬਸੂਰਤੀ ਨਾਲ ਕਸ਼ੀਦਦੀਆਂ ਹਨ।

ਬੇਸ਼ੁਮਾਰ ਗਲਪੀ ਬਿੰਬ ਇਸ ਗੱਲ ਦੀ ਗਵਾਹੀ ਹਨ ਕਿ ਪਰਵਾਸੀ ਪੰਜਾਬੀ ਨਾਰੀ ਦੀ ਡਾਇਸਪੋਰਿਕ ਘਾੜਤ ਵਿਚ ਉਸਦੀ ਸਿਖਿਆ, ਉਮਰ ਜਾਂ ਮਾਹੌਲ ਭਾਵੇਂ ਆਪਣੇ ਆਪਣੇ ਢੰਗ ਨਾਲ ਅਸਰ ਅੰਦਾਜ਼ ਰਿਹਾ ਹੈ। ਪਰ ਇਹ ਪੱਕਾ ਹੈ ਕਿ ਡਾਇਸਪੋਰਿਕ ਪਰਿਵੇਸ਼ ਨੇ ਉਸਨੂੰ ਨਵੇਂ ਸਾਹਸ, ਨਵੇਂ ਬਦਲ, ਨਵੀਂ ਸਮਰਥਾ, ਨਵੀਆਂ ਮਨੋਬਣਤਰਾਂ ਦਿੱਤੀਆਂ ਹਨ, ਜਿਨ੍ਹਾਂ ਕਰਕੇ ਹਰ ਕਿਸਮ ਦੇ ਦਬਾਵਾਂ ਪ੍ਰਤਿ ਉਸਦਾ ਪ੍ਰਤਿਰੋਧ ਸਿਫ਼ਤੀ ਰੂਪ ਵਿਚ ਉਭਰਿਆ ਹੈ। ਸਰਵਨ ਚੰਦਨ ਦਾ ਨਾਵਲ 'ਕੰਜਕਾਂ' ਪਰਦੇਸਾਂ ਵਿਚ ਨਸਲਵਾਦ ਦੇ ਨਾਲ ਨਾਲ ਜਿਨਸੀ ਵਿਤਕਰਿਆਂ ਦਾ ਸ਼ਿਕਾਰ ਹੋ ਰਹੀਆਂ ਕੰਮਕਾਰੀ ਔਰਤਾਂ ਨੂੰ ਫੋਕਸ ਵਿਚ ਲੈਂਦਾ ਹੈ ਅਤੇ ਏਸ਼ੀਅਨ ਔਰਤਾਂ ਨੂੰ ਬਰਾਬਰੀ ਲਈ ਜਥੇਬੰਦ ਹੁੰਦੇ ਵਿਖਾਉਂਦਾ ਹੈ। ਵੀਨਾ ਵਰਮਾ ਦੀ ਕਹਾਣੀ 'ਫਰੰਗੀਆਂ ਦੀ ਨੂੰਹ' ਦੀ ਕਥਾ ਨਾਇਕਾ ਸ਼ਾਤੀ ਏਸ਼ੀਅਨ ਸਮਾਜ ਦੇ ਦਕਿਆਨੂਸੀ ਰਵੱਈਏ, ਟੁੱਟੇ ਪਰਿਵਾਰ, ਪਰਦੇਸਪੁਣੇ ਤੇ ਇਕੱਲਤਾ ਦੇ ਦੋਹਰੇ ਸੰਤਾਪ ਨੂੰ ਹੰਢਾਉਂਦੀ, ਭੱਠੀ ਵਿਚ ਪਏ ਸੋਨੇ ਵਾਂਗ ਖਰੀ ਹੋ ਕੇ ਨਿਕਲਦਾ ਹੈ। ਪਰਵਾਸ ਦੀਆਂ ਹਨੇਰੀਆਂ ਨੂੰ ਉਹ ਵੀਰਾਂਗਣਾ ਵਾਂਗ ਝੱਲਦੀ ਹੈ। ਬੇਘਰੇ (ਪ੍ਰਵੇਜ਼ ਸੰਧੂ), ਦਹਿਲੀਜ਼ ਦੇ ਪਾਰ (ਸੁਰਜੀਤ ਕਲਸੀ), ਅਮਰ ਸਿੰਘ ਅਮਰੀਕਨ (ਕਰਮ ਸਿੰਘ ਮਾਨ) ਮਾਵਾਂ ਧੀਆਂ (ਬਲਦੇਵ ਸਿੰਘ ਲੰਡਨ) ਵਰਗੀਆਂ ਕਈ ਕਹਾਣੀਆਂ ਨਾਰੀ ਦੇ ਨਵੇਂ ਮਾਈਂਡਸੈਟ ਦੀਆਂ ਜ਼ਾਮਨ ਬਣੀਆਂ ਹਨ। ਦਰਸ਼ਨ ਧੀਰ ਦਾ ਨਾਵਲ 'ਪੈੜਾਂ ਦੇ ਆਰ ਪਾਰ' ਆਪਣੀ ਮੁੱਖ ਪਾਤਰ ਨਵਜੋਤ ਰਾਹੀਂ

Volume: 13, March 2026 ISSN: 2394-0980
PP: 8-21

ਨਾਰੀ ਦੀ ਸੁਤੰਤਰ ਹੋਂਦ ਦੇ ਵਿਚਾਰਧਾਰਕ ਪ੍ਰਤੀਮਾਨ ਨੂੰ ਮੁਖਾਤਿਬ ਹੁੰਦਾ ਹੈ ਅਤੇ ਕੈਰੀਅਰ ਵੂਮੈਨ/ਮੈਰਿਡ ਵੂਮੈਨ, ਪਾਰਟਨਰ/ਪਤੀ, ਮਿਤਰਤਾ/ਮਤਲਬ, ਖੁਦਮੁਖਤਿਆਰੀ/ਨਿਰੰਕੁਸ਼ ਖੁੱਲ ਵਰਗੇ ਮਸਲਿਆਂ ਨੂੰ ਨਿਖੇੜਦਾ ਹੈ। ਪਰਵਾਸੀ ਪੰਜਾਬੀ ਗਲਪ ਵਿਚਲੇ ਨਾਰੀ ਪਾਤਰਾਂ ਦੀ ਘਾੜਤ ਵਿਚ ਸਵੈ ਪਛਾਣ, ਸਵੈਮਾਣ ਤੇ ਸਵੈ ਸਥਾਪਨ ਦਾ ਪ੍ਰਤਿਮਾਨ ਸਿਫਤੀ ਢੰਗ ਨਾਲ ਸ਼ਾਮਲ ਹੋਇਆ ਹੈ। ਦਰਅਸਲ ਪਰਵਾਸੀ ਪੰਜਾਬੀ ਗਲਪ ਵਿਚ ਨਾਰੀ ਆਤਮ ਦੀਆਂ ਪੇਸ਼ਕਾਰੀਆਂ ਦਾ ਗਲਪੀ ਪੈਰਾਡਾਈਮ ਪਰਵਾਸੀ ਪੰਜਾਬੀ ਲੇਖਕ ਦੀ ਦੋਹਰੀ ਦ੍ਰਿਸ਼ਟੀ ਦੀ ਪੈਦਾਵਾਰ ਹੈ। ਇਸ ਦ੍ਰਿਸ਼ਟੀ ਦੇ ਇਕ ਕੋਣ ਤੇ ਪੰਜਾਬੀ ਰਹਿਤਲ ਦੀ ਉਹ ਸ਼ਕਤੀਸ਼ਾਲੀ ਚੇਤਨੀ ਅਵਚੇਤਨੀ ਮਨੋਸੰਰਚਨਾ ਸਥਿਤ ਹੈ ਜਿਹੜੀ ਘਰ, ਪਰਿਵਾਰ, ਵਿਆਹ ਵਰਗੇ ਸਭਿਆਚਾਰਕ ਪ੍ਰਬੰਧ ਵਿਚ ਨਾਰੀ ਦੇ ਨਿਸ਼ਚਿਤ, ਸਪਰਪਿਤ ਰੋਲ ਨੂੰ ਆਦਰਸ਼ਕ ਅਤੇ ਅਬਦਲ ਮੰਨਦੀ ਹੈ। ਅਤੇ ਦੂਸਰਾ ਕੋਣ ਵਿਕਸਿਤ ਪੂੰਜੀਵਾਦੀ ਪ੍ਰਬੰਧ ਦੀ ਰਾਜਸੀ ਆਰਥਕ ਸਭਿਆਚਾਰਕ ਜੀਵਨ ਜਾਚ ਦਾ ਹੈ ਜਿਹੜੀ ਆਪਣੇ ਕਾਨੂੰਨਾਂ, ਕੀਮਤਾਂ, ਪ੍ਰਤਿਮਾਨਾਂ ਅਤੇ ਵਿਹਾਰ ਨਾਲ ਨਾਰੀ ਦੀ ਸੁਤੰਤਰਤਾ, ਬਰਾਬਰਤਾ ਤੇ ਖ਼ੁਦਮੁਖ਼ਤਿਆਰੀ ਦਾ ਡੰਕਾ ਲੈ ਕੇ ਹਾਜ਼ਰ ਵਿਖਾਈ ਦਿੰਦੀ ਹੈ। ਪਰਵਾਸੀ ਪੰਜਾਬੀ ਗਲਪੀ ਸੰਵੇਦਨਾ ਇਸ ਦੋਹਰੀ ਦ੍ਰਿਸ਼ਟੀ ਦਾ ਲਾਭ ਲੈਂਦਿਆਂ ਪੰਜਾਬੀ ਰਹਿਤਲ ਦੀਆਂ ਕਈ ਆਦਰਸ਼ ਜਾਪਦੀਆਂ ਸਮੀਕਰਣਾਂ ਨੂੰ ਚੁਣੌਤੀ ਦਿੰਦੀ ਹੈ ਅਤੇ ਪੰਜਾਬੀ ਪਿਤਰਕੀ ਦੀਆਂ ਟੇਢਾਂ ਨੂੰ ਅਗਰ ਭੂਮਿਤ ਕਰਦੀ ਹੈ।

ਪਰਵਾਸੀ ਪੰਜਾਬੀ ਗਲਪ ਚਿੰਤਨ ਵਿਚੋਂ ਉਜਾਗਰ ਹੁੰਦੀਆਂ ਦੋ ਅੰਤਰਦ੍ਰਿਸ਼ਟੀਆਂ ਬੜੀਆਂ ਮਹੱਤਵਪੂਰਨ ਹਨ ਪਹਿਲੀ ਇਹ ਕਿ ਡਾਇਸਪੋਰਿਕ ਪਰਿਵੇਸ਼ ਵਿਚ ਦਾਖਲ ਹੋਣ ਵੇਲੇ ਪੰਜਾਬੀ ਪਿਤਰਕੀ ਦੀ ਘਾੜਤ ਨਾਲ ਅਨਕੂਲਿਤ ਹੋਈ ਪੰਜਾਬੀ ਨਾਰੀ ਕੋਲ ਆਪਣੇ ਤੌਰ ਤੇ ਜੀਣ ਦਾ ਕੋਈ ਮਾਡਲ ਨਹੀਂ ਸੀ। ਡਾਇਸਪੋਰਿਕ ਹਾਲਤਾਂ ਦੀਆਂ ਚੁਣੌਤੀਆਂ ਨੇ ਉਸਨੂੰ ਆਪਣੇ ਲਈ ਜੀਊਣ ਦਾ ਮਾਡਲ ਚਿਤਵਣ ਲਈ ਮਜ਼ਬੂਰ ਹੀ ਨਹੀਂ ਕੀਤਾ, ਮੌਕਾ ਤੇ ਮਾਹੌਲ ਵੀ ਦਿੱਤਾ। ਮਰਦ ਔਰਤ ਸ਼ਨਾਖਤਾਂ ਦੀ ਘਾੜਤ ਪੱਖੋਂ ਪੰਜਾਬੀ ਮਰਦ ਤੰਤਰ ਦੀਆਂ ਕਈ ਗੁੱਝੀਆਂ ਚਾਲਾਂ ਨੂੰ ਇਸ ਗਲਪ ਨੇ ਬੜੀ ਕਲਾਤਮਕਤਾ ਨਾਲ ਨਸ਼ਰ ਕੀਤਾ ਹੈ। ਪਰਵਾਸੀ ਪੰਜਾਬੀ ਗਲਪ ਵਿਚ ਇਹ ਵਿਵੇਕ ਬੜੇ ਸ਼ਕਤੀਸ਼ਾਲੀ ਰੂਪ ਵਿੱਚ ਉਜਾਗਰ ਹੋਇਆ ਹੈ ਕਿ ਪਰਵਾਸੀ ਨਾਰੀ ਆਪਣੀ ਮੁਕਤੀ ਜਾਂ ਸਵੈਮਾਣ ਦੀ ਬਰਕਰਾਰੀ ਜਾਂ ਬਹਾਲੀ ਲਈ ਰਿਆਇਤਾਂ, ਅਪੀਲਾਂ ਜਾਂ ਵਰਦਾਨਾਂ ਤੇ ਟੇਕ ਨਹੀਂ ਰਖ ਸਕਦੀ। ਕਦੇ ਕਦਾਈਂ ਜੇ ਕੋਈ ਸਾਵਾਂ ਰਿਸ਼ਤਾ ਉਸਦੀਆਂ ਮੁਸੀਬਤਾਂ ਨੂੰ ਘਟਾ ਵੀ ਦੇਵੇ ਤਾਂ ਵੀ ਉਸਨੂੰ ਕੋਈ ਵੱਡੀ ਰਾਹਤ ਮਿਲਣ ਵਾਲੀ ਨਹੀਂ। ਉਸਨੂੰ ਆਪਣੇ ਹੌਂਸਲੇ ਤੇ ਤ੍ਰਾਣ ਨਾਲ ਹੀ ਇਨ੍ਹਾਂ ਦਰਜਾਬੰਦੀਆਂ ਵਿਚ ਘੇਰਨ ਵਾਲੇ ਪੇਚੀਦਾ ਜਾਲ ਵਿਚੋਂ ਨਿਕਲਣਾ ਪਵੇਗਾ, ਜਿਸਦੀ ਹਰੇਕ ਤੰਦ ਉਸਨੂੰ ਹੇਠਾਂ ਲਾਉਣ, ਨੀਵਾਂ ਦਿਖਾਉਣ ਵਾਲੀਆਂ ਗੰਢਾਂ ਨਾਲ ਪਿਲਚੀ ਪਈ ਹੈ। ਅਜਿਹੇ ਗਲਪੀ ਬਿੰਬਾਂ ਵਿਚ ਨਾਰੀ ਸ਼ਨਾਖਤਾਂ ਨੇ ਆਪਣੇ ਮੂਲ ਖਿੱਤੇ ਤੋਂ ਦੂਰੀ ਅਤੇ ਨਵੇਂ ਪਰਿਵੇਸ਼

Volume: 13, March 2026 ISSN: 2394-0980
PP: 8-21

ਵਿਚਲੀ ਸਥਿਤੀ ਦਾ ਲਾਭ ਲੈਂਦਿਆਂ ਘੜਨ ਵਾਲੇ ਮਾਪਦੰਡਾਂ ਅਤੇ ਘਾੜਤਾਂ ਵਾਲੇ ਮੌਕੇ ਮਾਹੌਲ ਵਿਚ ਇਕ ਆਲੋਚਨਾਤਮਕ ਸਪੇਸ ਸਿਰਜੀ ਹੈ ਜਿਹੜੀ ਇਨ੍ਹਾਂ ਦੋਹਾਂ ਵਿਚਲੇ ਪਾੜੇ ਨੂੰ ਸਮੋਂਦੀ ਵੀ ਹੈ ਅਤੇ ਇਨ੍ਹਾਂ ਵਿਚ ਵਿਚੋਲਗੀ ਵੀ ਕਰਦੀ ਹੈ। ਇਨ੍ਹਾਂ ਬਿੰਬਾਂ ਵਿਚ ਪੰਜਾਬੀ ਮਰਦ ਔਰਤਾਂ ਜਾਂ ਪੰਜਾਬੀਆਂ ਦੀ ਨਵੀਂ ਪੀੜ੍ਹੀ ਦੀਆਂ ਮਨੋਬਣਤਰਾਂ ਹੀ ਨਹੀਂ ਸਾਡੀਆਂ ਕਦਰਾਂ ਕੀਮਤਾਂ, ਰੀਤਾ ਮਨੋਤਾਂ, ਸਲੀਕਾ, ਸ਼ਿਸ਼ਟਾਚਾਰ ਰਿਸ਼ਤਿਆਂ ਦੇ ਚੱਜ ਆਚਾਰ ਸਭ ਕੁਝ ਨਵੀਆਂ ਘਾੜਤਾਂ ਵਿਚ ਪਿਆ ਹੋਇਆ ਹੈ। ਸਿਰਫ਼ ਇਕ ਮਿਸਾਲ ਵਜੋਂ ਹਰਪ੍ਰੀਤ ਸ਼ੇਖਾ ਦੀ ਕਹਾਣੀ 'ਸ਼ਨੂਕ' ਵਿਚਾਰਨੀ ਵਾਜਬ ਹੋਵੇਗੀ। ਇਸ ਕਹਾਣੀ ਦਾ ਮਰਦ ਪਾਤਰ ਗੁਰਚਰਨ ਇਸ ਕਰਕੇ ਹੰਗਾਮਾ ਕਰ ਰਿਹਾ ਹੈ ਕਿ ਉਸਦੀ ਪਤਨੀ ਆਪਣੇ ਅਤੇ ਆਪਣੇ ਪਹਿਲੇ ਪਤੀ ਦੇ ਬੱਚਿਆਂ ਦੇ ਨਾਵਾਂ ਨਾਲ ਰਜਿਸਟਰ ਹੋ ਚੁੱਕੇ ਉਨ੍ਹਾਂ ਦਾ ਪਿਓ ਦਾ ਲਾਸਟ ਨਾਂ ਲਾਹ ਕੇ ਉਸਦਾ ਨਾਂ ਲਾਉਣ ਵਿਚ ਹਿਚਕਿਚਾਹਟ ਵਿਖਾ ਰਹੀ ਹੈ। ਉਸਦੀ ਦਲੀਲ ਹੈ :

ਘਰਵਾਲੀ ਤੂੰ ਮੇਰੀ ਐਂ ਤੇ ਲਾਸਟ ਨਾਂ ਆਪਣੇ ਪਹਿਲੇ ਦਾ ਈ ਲਾਈ ਫਿਰਦੀ ਐਂ।

ਕਹਾਣੀ ਦੀ ਕਥਾ ਨਾਇਕਾ ਕਮਲ ਨੇ ਆਪਣੇ ਪਹਿਲੇ ਪਤੀ ਨੂੰ ਵੀ ਸਪੌਂਸਰ ਕੀਤਾ ਸੀ ਅਤੇ ਜਿਹੜਾ ਉਸਨੂੰ ਦੋ ਬੱਚਿਆਂ ਦੀ ਮਾਂ ਬਣਾ ਕੇ, ਬਿਨਾਂ ਬੱਚੇ ਕਲੇਮ ਕੀਤਿਆਂ, ਤਲਾਕ ਦੇ ਕੇ ਨਵੀਂ ਘਰਵਾਲੀ ਲੈ ਆਇਆ ਸੀ। ਉਸਨੇ ਹੁਣ ਵਾਲੇ ਪਤੀ ਗੁਰਚਰਨ ਨੂੰ ਪੱਕਾ ਕਰਾਇਆ ਹੈ, ਉਸਦੇ ਬੱਚੇ ਦੀ ਮਾਂ ਬਣੀ ਹੈ ਤੇ ਖ਼ੁਦ ਕਮਾ ਕੇ ਆਪਣਾ ਤੇ ਉਸਦਾ ਪਰਿਵਾਰ ਪਾਲ ਰਹੀ ਹੈ। ਕਮਲ ਦੀ ਤਜਵੀਜ਼ ਹੈ ਕਿ ਬੱਚਿਆਂ ਦੇ ਨਾਂ ਪਿੱਛੇ ਗੁਰਚਰਨ ਦਾ ਲਾਸਟ ਨਾਂ ਵਾਲੀਆਂ ਪੂਛਾਂ ਲਾਉਣ ਦੀ ਥਾਂ ਕੋਈ ਫੈਮਿਲੀ ਨਾਂ ਲਗਾਇਆ ਜਾਵੇ। ਪਰ ਮਰਦ ਮਨੋਬਣਤਰਾਂ ਵਾਲੇ ਗੁਰਚਰਨ ਦੀ ਹੀ ਨਹੀਂ, ਪਰੰਪਰਾਵਾਂ ਨਾਲ ਅਨੁਕੂਲਿਤ ਹੋਈ ਉਸ ਦੀ ਆਪਣੀ ਆਂਟੀ ਦਾ ਵੀ ਤਰਕ ਹੈ :

ਉਹਦੀ ਤੀਵੀਂ ਐਂ ਤਾਂ ਉਸੇ ਦਾ ਈ ਲਾਏਂਗੀ, ਹੋਰ ਕੀਹਦਾ ਲਾਏਂਗੀ ?

ਕਮਲ ਆਪਣੀ ਆਂਟੀ ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਇਨ੍ਹਾਂ ਦਕਿਆਨੂਸੀ ਪਰੰਪਰਾਵਾਂ ਨੂੰ ਹੁਣ ਜਾਰੀ ਰੱਖਣ ਦੀ ਕੀ ਲੋੜ ਹੈ, ਜਦੋਂ ਸਥਿਤੀਆਂ ਹੀ ਬਦਲ ਚੁੱਕੀਆਂ ਹਨ। ਉਸਦਾ ਬੇਹੱਦ ਵਾਜਬ ਤਰਕ ਹੈ : ਆਂਟੀ ਤੁਸੀਂ ਮੈਨੂੰ ਇਕ ਗੱਲ ਦੱਸੋ ਗੁਰਚਰਨ ਮੈਨੂੰ ਮੇਰੇ ਪਾਪਾ ਦੇ ਘਰੋਂ ਆਪਣੇ ਜੱਦੀ ਪੁਸ਼ਤੀ ਘਰ 'ਚ ਰੋਟੀਆਂ ਪਕਾਉਣ ਅਤੇ ਬੱਚੇ ਜੰਮਣ ਲਈ ਵਿਆਹ ਕੇ ਲਿਆਇਐ ਜਿਵੇਂ ਪਹਿਲਾਂ ਹੁੰਦਾ ਸੀ? .... ਨਹੀਂ ਨਾ ? ਮੈਂ ਆਪਣੀ ਕਮਾਈ ਨਾਲ ਇਹ ਮਕਾਨ ਖਰੀਦਿਐ। ਗੁਰਚਰਨ ਵੀ ਹੁਣ ਇਸੇ ਮਕਾਨ ਵਿਚ ਰਹਿੰਦੈ। ਮੈਂ ਇਹ ਵੀ ਨਹੀਂ ਕਹਿੰਦੀ ਕਿ ਉਹ ਮੇਰੇ ਘਰ 'ਚ ਆਇਆ ਮੇਰੇ ਮਗਰ ਚੱਲੇ। ਅਸੀਂ ਦੋਨਾਂ ਨੇ ਇਕ ਫੈਮਿਲੀ ਸ਼ੁਰੂ ਕੀਤੀ ਤੇ ਇਸ ਫੈਮਿਲੀ ਦਾ ਨਾਂ ਵੀ ਅਸੀਂ ਰਲ ਕੇ ਨਵਾਂ ਰੱਖੀਏ।

ਪਰ ਗੁਰਚਰਨ ਲਈ ਕਮਲ ਦੀ ਇਹ ਦਲੀਲ ਜ਼ਲੀਲ ਕਰਨ ਵਾਲੀ ਹੈ ਅਤੇ ਆਂਟੀ ਲਈ 'ਜਗੋਂ ਤੇਰਵੀਂ'। ਪਰ ਕਹਾਣੀ ਇਹ ਵਿਵੇਕ ਉਸਾਰਨ ਵਿਚ ਕਾਮਯਾਬ ਰਹਿੰਦੀ ਹੈ ਕਿ ਪਿਤਰਕੀ ਦੇ ਇਸ ਤੰਤਰ ਵਿੱਚੋਂ ਨਿਕਲਣ ਲਈ ਪਰਵਾਸੀ ਪੰਜਾਬੀ ਨਾਰੀ ਨਵੇਂ ਸਾਹਸ ਅਤੇ ਤਰਕ ਨਾਲ ਲੈਸ ਹੈ।ਨਾਰੀਵਾਦੀ ਪਰਿਪੇਖ ਤੋਂ ਪਰਵਾਸੀ ਪੰਜਾਬੀ ਨਾਵਲ ਦੀ ਪੜ੍ਹਤ ਜਿਹੜੀ ਦੂਸਰੀ ਅੰਤਰਦ੍ਰਿਸ਼ਟੀ ਪ੍ਰਦਾਨ ਕਰਦੀ ਹੈ, ਉਹ ਇਹ ਪਰਵਾਸੀ ਪੰਜਾਬੀ ਗਲਪ ਸੰਵੇਦਨਾ ਕੋਲ ਨਾਰੀਤਵ ਜਾਂ ਨਾਰਿਤਾ ਦਾ ਜਿਹੜਾ ਬਿੰਬ ਹੈ ਉਸਦੀ ਤਾਸੀਰ ਭਾਵੇਂ ਭਾਰਤੀ ਹੈ ਪਰ ਇਹ ਰੱਚੜ ਨਹੀਂ। ਨਾਰੀ ਨਾਲ ਹੋ ਰਹੇ ਵਿਤਕਰਿਆਂ ਵਧੀਕੀਆਂ ਨੂੰ ਇਹ ਗਲਪੀ ਬਿੰਬ ਉੱਚੀ ਸੁਰ ਵਿਚ ਨਿੰਦਦੇ ਹਨ ਪਰ ਇਨ੍ਹਾਂ ਵਿਚਲੀ ਚੇਤਨਾ ਸੰਵੇਦਨਾ ਕਿਤੇ ਵੀ ਨਾਰੀ ਦੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਲਾਂਭੇ ਹੋਣ ਜਾਂ ਪੱਛਮੀ ਸਮਾਜ ਦੀਆਂ ਨਿਰੰਕੁਸ਼ ਜਿਨਸੀ ਖੁਲ੍ਹਾਂ ਦੇ ਮੁਦੱਈ ਹੋਣ ਦਾ ਉਚਾਰ ਨਹੀਂ ਬਣਦੀ। ਇਹ ਉਚਾਰ ਸਵੈ ਨਿਰਭਰ, ਖੁਦਮੁਖਤਿਆਰ ਨਾਰੀ ਦੀ ਸ਼ਕਤੀ ਤੇ ਸਟੇਟਸ ਦਾ ਉਚਾਰ ਤਾਂ ਹੈ ਜਿਸਨੇ ਘਰੇਲੂ ਕੈਦ, ਅਹਿੰਸਾ, ਜਾਂ ਨਸਲਵਾਦ, ਸੈਕਸਵਾਦ ਦੇ ਦਬਾਵਾਂ ਪ੍ਰਤਿ ਰਜਿਸਟ ਕੀਤਾ ਹੈ ਪਰ ਇਹ ਉਚਾਰ ਰੈਡੀਕਲ ਨਾਰੀਵਾਦ ਵਾਲੀ ਨੀਗੇਸ਼ਨ ਦਰ ਨੀਗੇਸ਼ਨ ਵਿਚੋਂ ਨਹੀਂ ਉਭਰਿਆ। ਪਰਵਾਸੀ ਪੰਜਾਬੀ ਗਲਪ ਵਿਚ ਪੰਜਾਬੀ ਡਾਇਸਪੋਰੇ ਦੀ ਪਰਵਾਸ ਵਿਚ ਜੰਮੀ ਪਲੀ ਨਵੀਂ ਪੀੜ੍ਹੀ ਦੇ ਪੱਛਮੀ ਸਮਾਜ ਵਿਚਲੇ ਡਰੱਗਵਾਦ ਅਤੇ ਸੈਕਸਵਾਦੀ ਰੁਝਾਨਾਂ ਵਿਚ ਹੜ੍ਹ ਜਾਣ ਦੇ ਹਵਾਲੇ ਬੇਸ਼ੁਮਾਰ ਹਨ। ਮੋਹਨ ਸਿੰਘ ਕੁੱਕੜਪਿੰਡੀਆ ਦਾ ਨਾਵਲ 'ਬਲੈਕ ਬਾਸਟਰਡ', ਸਵਰਨ ਚੰਦਨ ਦਾ ਨਾਵਲ 'ਕੰਜਕਾਂ' ਜਾਂ ਹੋਰ ਕਈ ਕਹਾਣੀਆਂ ਨਵੀਂ ਪੀੜੀ ਦੇ ਪੱਬਾਂ ਵਿਚ ਘੁੰਮਣ, ਨਸ਼ੇ ਕਰਨ, ਡੇਟਿੰਗ ਦੀ ਖੁਲ੍ਹ ਲੈਣ, ਪਰੈਗਨੈਂਟ ਹੋਣ ਨੂੰ ਜ਼ਿਆਦਾ ਪੀਤੀ ਹੋਣ ਕਰਕੇ ਹੋਈ ਮਿਸਟੇਕ ਤੇ ਮਹਿਜ਼ ਐਕਸੀਡੈਂਟ ਸਮਝਣ, ਕੁਆਰੀ ਮਾਂ ਬਣਨ ਵਰਗੇ ਰੁਝਾਨਾਂ ਦੀ ਕੰਨਸੋ ਦਿੰਦੀਆਂ ਹਨ। ਇਹ ਆਵਾਜ਼ ਨਾਰੀ ਦੇਹ ਨਾਲ ਜੁੜੀਆਂ ਪਤਨ, ਪਾਪ, ਸ਼ੈਲੀ, ਅਪਵਿੱਤਰ ਹੋਣ ਦੇ ਪ੍ਰਤਿਮਾਨ ਨੂੰ ਤਜਣ ਦਾ ਸ਼ਕਤੀਸ਼ਾਲੀ ਉਭਾਰ ਤਾਂ ਬਣਦੀਆਂ ਹਨ ਪਰ ਪਰਵਾਸੀ ਪੰਜਾਬੀ ਬਿਰਤਾਂਤ ਦੀਆਂ ਪ੍ਰਭਾਵੀ ਆਵਾਜ਼ਾਂ ਇਨ੍ਹਾਂ ਰੁਝਾਨਾਂ ਪ੍ਰਤਿ ਮਾਪਿਆਂ ਦੀਆਂ ਚਿੰਤਾਵਾਂ, ਬੇਬਸੀਆਂ ਪ੍ਰਗਟਾਉਂਦੀਆਂ ਹਨ,ਕਿਤੇ ਵੀ ਦੇਹੀ ਖੁਲ੍ਹਾਂ ਨੂੰ ਤਸਦੀਕ ਨਹੀਂ ਕਰਦੀਆਂ। ਬਲਕਿ ਦੋਹਰੀ ਦ੍ਰਿਸ਼ਟੀ ਦੇ ਲਾਭ ਕਰਕੇ ਖੁਲ੍ਹਾਂ ਦੀਆਂ ਭ੍ਰਾਂਤੀਆਂ ਨੂੰ ਉਭਾਰ ਕੇ ਭਟਕਣਾ, ਬੇਚੈਨੀ, ਵਿਸ਼ਾਦ ਵਰਗੀਆਂ ਨਾਂਹਮੁਖੀ ਸਥਿਤੀਆਂ ਨੂੰ ਕੇਂਦਰ ਵਿਚ ਰਖਦੀਆਂ ਹਨ। ਪਰਵਾਸੀ ਪੰਜਾਬੀ ਗਲਪ ਵਿਚ ਨਾਇਕਤਵ ਅੱਜ ਵੀ ਉਸ ਔਰਤ ਕੋਲ ਹੈ ਜਿਸਨੇ ਸਾਰਾ ਦੁੱਖ ਸੰਤਾਪ ਝੱਲ ਕੇ ਵੀ ਆਪਣੀ ਪੰਜਾਬੀ ਪਛਾਣ ਨੂੰ, ਪੰਜਾਬੀ ਸਲੀਕੇ ਨੂੰ ਤਰਜੀਹ ਦਿੱਤੀ ਹੈ, ਜਿਸਨੇ ਖੁਲੀ ਦੁਨੀਆਂ ਵਿਚ ਵੀ ਘਰ ਅਤੇ ਪਰਿਵਾਰ ਤੋਂ ਬਾਹਰ ਆਪਣੀ ਹੋਂਦ ਤੇ ਹੋਣੀ ਚਿਤਵਣ ਤੋਂ ਗੁਰੇਜ਼ ਕੀਤਾ ਹੈ। ਪਰਵਾਸੀ ਪੰਜਾਬੀ ਗਲਪ ਵਿਚ ਅਜੇ ਵੀ ਪਤਨੀ ਨੂੰ ਛੱਡ ਕੇ ਜਾਣ ਜਾਂ ਘਰੋਂ ਕੱਢਣ ਵਾਲਾ ਪਤੀ ਹੈ ਜਾਂ ਫਿਰ ਸ਼ਰਾਬੀ ਤੇ ਹਿੰਸਕ ਹੋਏ ਪਤੀ ਨੂੰ ਘਰੋਂ ਬੇਦਖ਼ਲ ਕਰਨ ਵਾਲੀ ਪੁਲਿਸ ਹੈ। ਇਕ ਸਾਵੀਂ ਸੰਤੁਲਿਤ ਸ਼ਖ਼ਸੀਅਤ ਅਤੇ ਮਰਦ ਔਰਤ ਰਿਸ਼ਤੇ ਦੀ ਉਸਾਰੀ ਲਈ ਕਿੰਨਾ ਕੁ ਵਿਸ਼ਵਾਸ, ਕਿੰਨਾ ਕੁ ਮਾਣ, ਕਿੰਨੀ ਕੁ ਜਜ਼ਬਾਤੀ ਸਾਂਝ ਲੋੜੀਂਦੀ ਹੈ ਜਾਂ ਪਤੀ ਪਤਨੀ

Volume: 13, March 2026 ISSN: 2394-0980
PP: 8-21

ਸੰਬੰਧਾਂ ਵਿਚ ਸਾਂਝ ਤੇ ਸੁਤੰਤਰਤਾ ਦਾ ਕਿਹੜਾ ਅੰਦਾਜ਼, ਕਿਹੜਾ ਅਨੁਪਾਤ ਘੱਟੋ ਘੱਟ ਲੋੜੀਂਦਾ ਹੈ, ਇਸ ਸਮਉਚਿਤ ਮਾਡਲ ਦੀ ਤਲਾਸ਼ ਵਿੱਚ ਪਰਵਾਸੀ ਪੰਜਾਬੀ ਗਲਪ ਨੇ ਵਿਸ਼ੇਸ਼ ਦਿਲਚਸਪੀ ਵਿਖਾਈ ਹੈ।ਦੋ ਟਾਪੂ (ਜਰਨੈਲ ਸਿੰਘ) ਵਰਗੀਆਂ ਕਈ ਕਹਾਣੀਆਂ ਇਸ ਦੇ ਪ੍ਰਮਾਣ ਵਜੋਂ ਵਿਚਾਰੀਆਂ ਜਾ ਸਕਦੀਆਂ ਹਨ। ਡਾਇਸਪੋਰਿਕ ਪਰਿਵੇਸ਼ ਵਿਚ ਪੰਜਾਬੀ ਸ਼ਨਾਖ਼ਤਾਂ ਦਾ ਬਦਲਣਾ, ਪੁਨਰ ਪਰਿਭਾਸ਼ਿਤ ਹੋਣਾ ਤੈਅ ਹੈ। ਜਿਵੇਂ ਕਿ ਪ੍ਰਸਿੱਧ ਨਾਵਲਕਾਰ ਤੇ ਚਿੰਤਕ ਵੀ.ਐਸ. ਨਾਇਪਾਲ ਦੀ ਧਾਰਨਾ ਹੈ :

> Being in diaspora means living in a cross cultural context, one in which change, fusion and expression is inevitable. Those aware of complexities of this recognize the need to redefine their identity and necessity to discover a medium through which to articulate their progress.

(V.S. Naipaul, India: A Million Mutinies, New York 1991, P. 37)

ਪਰਵਾਸ ਵਿਚ ਪੰਜਾਬੀ ਨਾਰੀ ਦੀਆਂ ਇਸੇ ਕਸ਼ਮਕਸ਼ ਵਿਚ ਨਵੀਆਂ/ਬਦਲ ਰਹੀਆਂ ਘਾੜਤਾਂ ਨੂੰ ਪਛਾਣਨ ਵਿੱਚ ਪਰਵਾਸੀ ਪੰਜਾਬੀ ਗਲਪ ਸੰਵੇਦਨਾ ਨੇ ਗਹਿਰੀ ਦਿਲਚਸਪੀ ਵਿਖਾਈ ਹੈ। ਇਹ ਸੰਵੇਦਨਾ ਪੰਜਾਬੀ ਨਾਰੀ ਦੇ ਪ੍ਰਮਾਣਿਕ ਆਤਮ ਦੇ ਪ੍ਰਤਿਮਾਨ ਨੂੰ ਤਰਜੀਹ ਦਿੰਦਿਆਂ ਪਰਵਾਸ ਵਿਚ ਨਾਰੀ ਨੂੰ ਦਰਪੇਸ਼ ਸੰਕਟਾਂ ਦਾ ਹੀ ਨਹੀਂ ਉਸਦੇ ਖੁਲ੍ਹ ਰਹੇ ਝਰੋਖਿਆਂ, ਸਮਝਦਾਰੀਆਂ, ਸੰਵਾਦਾਂ ਅਤੇ ਦਾਅਵਿਆਂ ਦੀਆਂ ਪੈੜਾਂ ਨੱਪ ਰਹੀਆਂ ਹਨ। ਇਤਿਹਾਸ ਅਤੇ ਸਭਿਆਚਾਰ ਵਿਚ ਨਵੀਂ ਸਪੇਸ ਦੀ ਦਾਅਵੇਦਾਰੀ ਵੇਲੇ ਇਨ੍ਹਾਂ ਰਚਨਾਵਾਂ ਦੀ ਕਥਾ ਨਾਇਕਾਵਾਂ ਬੰਦ ਵਿਧਾਨਕ ਮਨੋਬਣਤਰਾਂ ਦੀ ਕੈਦ ਜਾਂ ਆਦਰਸ਼ਾਂ ਦੇ ਦਾਬੇ ਹੇਠੋਂ ਨਿਕਲ ਸਬਜੈਕਟ ਪੋਜੀਸ਼ਨ ਵਿਚ ਆਉਂਦੀਆਂ ਹਨ। ਇਸੇ ਪੋਜੀਸ਼ਨ ਤੋਂ ਉਹ ਇਸ ਸੋਝੀ ਦੀਆਂ ਲਖਾਇਕ ਬਣਦੀਆਂ ਹਨ ਕਿ ਨਾਰੀ ਦਾ ਆਦਤਨ ਜਿਊਣਾ ਅਤੇ ਸੁਚੇਤ ਰੂਪ ਵਿਚ ਇਕ ਮਾਨਵੀ ਹੋਂਦ ਵਜੋਂ ਥੀਣਾ ਕਿੰਨਾ ਫ਼ਰਕ ਰਖਦਾ ਹੈ। ਪ੍ਰਵੇਜ਼ ਸੰਧੂ ਦੀ ਕਹਾਣੀ 'ਟੁਕੜੇ' ਨਾਰੀਮਨ ਦੀਆਂ ਅੰਤਰ ਮੁਖਤਾਵਾਂ ਨੂੰ ਹੀ ਨਹੀਂ, ਉਸਦੀ ਪਾਰਗਾਮੀ ਹੋਂਦ ਦੀਆਂ ਅਸਤਿਤਵਿਕ ਹੋਣੀਆਂ ਨੂੰ ਲੱਭ ਲਿਆਉਣ ਵਾਲੀ ਜਾਨਦਾਰ ਕਹਾਣੀ ਹੈ। ਇਸ ਕਹਾਣੀ ਦੀ ਕਥਾ ਨਾਇਕਾ ਆਪਣੀਆਂ ਅੰਤਰਮੁਖਤਾਵਾਂ ਨੂੰ ਨਸ਼ਰ ਕਰਦੀ ਰਿਸ਼ਤਿਆਂ, ਨਾਤਿਆਂ, ਮੌਕਿਆਂ, ਹੋਣੀਆਂ, ਯਾਦਾਂ, ਚਾਹਤਾਂ, ਚੁਨੌਤੀਆਂ, ਡਰਾਂ ਤੌਖਲਿਆਂ ਦੇ ਟੁਕੜੇ ਜੋੜ ਜੋੜ ਕੇ ਉਸਾਰੀ ਆਪਣੀ ਹੋਂਦ ਦਾ ਮਾਰਮਿਕ ਬਿੰਬ ਸਿਰਜਦੀ ਹੈ। ਜੋੜ ਕੇ ਉਸਾਰੀ ਆਪਣੀ ਇਸ ਹੋਂਦ ਵਿੱਚ ਸਭ ਕੁਝ ਦੇ ਹੁੰਦਿਆਂ ਸੁੰਦਿਆਂ ਅਸਥਿਰ, ਪਰਨਿਰਭਰ, ਅਨਿਸਚਿਤ ਤੇ ਅਸੁੱਰਿਅਖਤ ਹੋਣ ਦੇ ਪ੍ਰਤਿਮਾਨਾਂ ਦਾ ਦਾਰਸ਼ਨਿਕ ਅਹਿਸਾਸ ਕਰਵਾਉਦਿਆਂ ਇਹ ਨਾਇਕਾ ਪਾਠਕਾਂ ਨੂੰ ਇਹ ਅਹਿਸਾਸ ਵੀ ਦਿੰਦੀ ਹੈ ਕਿ ਮਨ ਦਾ, ਚੇਤਨਾ ਦਾ ਕੋਈ ਜੈਂਡਰ ਨਹੀਂ ਹੁੰਦਾ।

ਪਰਵਾਸੀ ਪੰਜਾਬੀ ਗਲਪ ਵਿਚ ਨਾਰੀਬਿੰਬ ਦੀ ਨਿਰਮਾਣਕਾਰੀ ਪੱਖੋਂ ਨਾਰੀ ਲੇਖਨ ਦੀ ਭੂਮਿਕਾ ਜ਼ਿਕਰਯੋਗ ਹੈ। ਗਲਪ ਲੇਖਿਕਾਵਾਂ ਦੀ ਗਿਣਤੀ ਭਾਵੇਂ ਉਂਗਲਾਂ ਤੇ ਗਿਣਨ ਜੋਗੀ ਹੀ ਹੈ ਪਰ ਘਰਾਂ ਦੇ ਅੰਦਰਵਾਰ ਹੀ ਨਹੀਂ ਬਾਹਰੀ ਪਰਿਵੇਸ਼ ਦੀਆਂ ਸਮਾਜਕ ਕੈਦਾਂ, ਵਿਰੋਧਾਂ, ਗੁੰਝਲਾਂ, ਰਾਜਨੀਤੀਆਂ ਅਤੇ ਐਂਡਵੈਂਚਰ ਵਿਚ ਘਿਰੀਆਂ ਨਾਰੀ ਸ਼ਨਾਖਤਾਂ ਨੂੰ ਪ੍ਰਤੱਖਦਿਆਂ ਉਨ੍ਹਾਂ ਨੇ ਆਪਣੀ ਨਿਗਾਹ ਜਿਵੇਂ ਇਨ੍ਹਾਂ ਵਖਰੇਵਿਆਂ ਦੀ ਤਹਿ ਵਿਚ ਕੰਮ ਕਰਦੇ ਜੈਂਡਰ ਵਿਤਕਰੇ ਤੇ ਟਿਕਾਈ ਹੈ ਉਸਨੇ ਨਾਰੀ ਪ੍ਰਵਚਨ ਨੂੰ ਮੁੱਦੇ ਦਿੱਤੇ ਹਨ। ਬਰਤਾਨਾਵੀ ਕਥਾਕਾਰਾ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ 'ਜੋਗੀਆਂ ਦੀ ਧੀ' ਵਿਚ ਕਈ ਕਥਾ ਨਾਇਕਾਵਾਂ ਮਰਦਾਵੇਂ ਸਮਾਜ ਵਲੋਂ ਨਾਰੀ ਨੂੰ ਦਿੱਤੀ ਬਾਹਰੀ ਤੇ ਪਰਾਈ ਪਛਾਣ ਨੂੰ ਨਕਾਰਦੀਆਂ ਹਨ। 'ਤੂੰ ਕੌਣ ਹੈ?', 'ਮੈਂ ਕੀ ਹਾਂ ?', ਪ੍ਰਾਈਵੇਟ ਬੰਦਾ ਉਸਦੀਆਂ ਕਹਾਣੀਆਂ ਦੇ ਨਾਮ ਨਹੀਂ, ਮੁੱਦੇ ਹਨ। ਉਸਦੀ ਕਥਾਨਾਇਕਾ ਕਿਸੇ ਵੀ 'ਤੂੰ' ਦੀਆਂ ਅੱਖਾਂ ਵਿਚਲੇ ਪ੍ਰਤਿਬਿੰਬ ਨੂੰ 'ਮੈਂ' ਵਜੋਂ ਗ੍ਰਹਿਣ ਨਹੀਂ ਕਰਦੀ। ਨਾਰੀ ਬਿੰਬ ਦੀ ਨਿਰਮਾਣਕਾਰੀ ਪੱਖੋਂ ਹੀ ਨਹੀਂ, ਪੰਜਾਬੀ ਨਾਰੀ ਦੀ ਹੋਂਦ ਚੇਤਨਾ ਪੱਖੋਂ ਵੀ ਵੀਨਾ ਵਰਮਾ ਦੀ ਇਹ ਪੁਜੀਸ਼ਨ ਅਤਿਅੰਤ ਮਹੱਤਵਪੂਰਨ ਹੈ ਕਿ ਨਾਰੀ ਆਪਦੀ ਹੋਂਦ ਦੇ ਵਖਰੇਵੇਂ ਨੂੰ ਪਰਿਭਾਸ਼ਿਤ ਕਰਨ ਦਾ ਅਧਿਕਾਰ ਕਿਸੇ ਹੋਰ ਨੂੰ ਦੇਣ ਦੀ ਥਾਂ ਆਪਣੇ ਕੋਲ ਲੈ ਰਹੀ ਹੈ। ਕੈਲਾਸ਼ਪੁਰੀ, ਰਾਣੀ ਨਗਿੰਦਰ, ਐਨ. ਕੌਰ, ਪ੍ਰਵੇਜ਼ ਸੰਧੂ, ਸੁਰਜੀਤ ਕਲਸੀ, ਅਮਰਜੀਤ ਪੰਨੂ, ਬਲਬੀਰ ਕੌਰ ਸੰਘੇੜਾ, ਸੁਰਜੀਤ, ਗੁਰਮੀਤ , ਨਵਨੀਤ ਸੰਧੂ ਦੀ ਕਥਾ ਸੰਵੇਦਨਾ ਦੇ ਪ੍ਰਤੱਖਣ ਵਿਚ ਆਏ ਸਰੋਕਾਰ ਦਸਦੇ ਹਨ ਕਿ ਇਹ ਲੇਖਿਕਾਵਾਂ ਨਾਰੀ ਦੇ ਨਿੱਜੀ ਦੁਖਾਂ, ਕਲੇਸ਼ਾਂ, ਰੋਹਾਂ, ਵਿਦਰੋਹਾਂ ਦੀਆਂ ਨਿਸ਼ਾਨਦੇਹੀਆਂ ਜਾਂ ਉਦਘਾਟਨਾਂ ਤਕ ਮਹਿਦੂਦ ਨਾ ਰਹਿ ਕੇ ਆਪਣੀ ਸਮਕਾਲੀਨਤਾ ਨੂੰ, ਆਪਣੇ ਸਮਾਜਕ ਪਰਿਵੇਸ਼ ਨੂੰ ਮੁਖਾਤਿਬ ਹੋ ਰਹੀਆਂ ਹਨ ਅਤੇ ਮਨੁਖੀ ਚੇਤਨਾ ਦੇ ਇਤਿਹਾਸ ਵਿਚ ਨਾਰੀ ਚੇਤਨਾ ਦੀ ਭਾਈਵਾਲੀ ਦਾ ਵੀ ਪ੍ਰਮਾਣ ਬਣ ਰਹੀਆਂ ਹਨ।

ਪਰਵਾਸੀ ਪੰਜਾਬੀ ਗਲਪ ਦੀ ਨਾਰੀਵਾਦੀ ਪਰਿਪੇਖ ਤੋਂ ਪੜ੍ਹਤ ਸਾਨੂੰ ਸਹਿਜੇ ਹੀ ਇਸ ਸਿੱਟੇ ਤੇ ਪਹੁਚਾਉਂਦੀ ਹੈ ਕਿ ਇਨ੍ਹਾਂ ਰਚਨਾਵਾਂ ਵਿਚ ਪੰਜਾਬੀ ਨਾਰੀ ਦੀ ਖ਼ੁਦਮੁਖਤਿਆਰੀ ਦਾ, ਤਾਕਤ ਦਾ, ਮੁਕਤੀ ਦਾ ਜਸ਼ਨ ਭਾਵੇਂ ਅਜੇ ਸਾਡੀਆਂ ਗਲਪ ਰਚਨਾਵਾਂ ਦਾ ਹਾਸਿਲ ਨਹੀਂ ਬਣ ਸਕਿਆ ਪਰ ਇਸ ਗਲਪ ਵਿਚ ਪੇਸ਼ ਨਾਰੀ, ਨਿਸ਼ਚੈ ਹੀ, ਪਰਵਾਸੀ ਪੰਜਾਬੀ ਸਮਾਜ ਵਿਚ ਨਾਰੀ ਦੀ ਮਜ਼ਬੂਤ ਹੋ ਰਹੀ ਸਥਿਤੀ ਦਾ ਵਿਵੇਕ ਦਰਸਾ ਰਹੀ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਵਿਕਸਿਤ ਪੂੰਜੀਵਾਦ, ਖਪਤਵਾਦ ਨੂੰ ਮੋਢਾ ਦੇ ਰਹੇ ਮੀਡੀਏ ਨੇ ਮੌਕੇ, ਪੈਸਾ, ਸ਼ੁਹਰਤ ਦੇ ਬਾਹਾਨੇ ਸਾਰਾ ਗਲੈਮਰ ਨਾਰੀ ਦੀ ਦੇਹ ਦੁਆਲੇ ਕੇਂਦ੍ਰਿਤ ਕਰਕੇ ਮੰਡੀ ਤੇ ਪਿਤਰਕੀ ਦੋਹਾਂ ਦੀਆਂ ਰਾਜਨੀਤੀਆਂ ਨੂੰ ਅਦ੍ਰਿਸ਼ਟ ਬਣਾ ਦਿੱਤਾ ਹੈ। ਕੌਮਾਂ, ਨਸਲਾਂ, ਧਰਮਾਂ, ਨੈਤਿਕਤਾ ਦੀ ਸ਼ੁਧਤਾ ਦਾ ਜਹਾਦ ਬਹੁਗਿਣਤੀ ਨਾਰੀ ਦੇ ਜੀਵਨ ਵਿਚ ਅੱਗੇ ਨਾਲੋਂ ਵੀ ਭੈੜੀ ਤਰ੍ਹਾਂ ਦਖਲ ਅੰਦਾਜ਼ ਹੈ। ਪੰਜਾਬੀ ਸਮਾਜ ਵਿਚੋਂ IELTS ਕਰਕੇ ਪਰਵਾਸ ਕਰ ਰਹੀਆਂ ਲੜਕੀਆਂ ਦੁਆਲੇ ਪਿਤਰਕੀ ਕਾਇਦਿਆਂ ਦੀ ਆੜ ਵਿਚ ਬੁਣਿਆ ਜਾ ਰਿਹਾ ਤਾਣਾ-ਬਾਣਾ ਵਾਰ ਫੇਰ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 8-21

ਨਾਰੀ ਨੂੰ ਏਜੰਸੀ ਬਣਾਉਣ ਵਾਲਾ ਨਵਾਂ ਜਾਲ ਹੈ। ਇਨਾਂ ਸਥਿਤੀਆਂ ਵਿਚ ਨਾਰੀ ਦਾ ਭੈਭੀਤ ਨਜ਼ਰ ਆਉਣਾ ਸੁਭਾਵਕ ਹੈ। ਪਰ ਸਾਹਿਤ ਤੋਂ ਹਮੇਸ਼ਾਂ ਹੀ ਅਜਿਹੀਆਂ ਬਦਲਵੀਆਂ ਅਤੇ ਸ਼ਕਤੀਸ਼ਾਲੀ ਪੇਸ਼ਕਾਰੀਆਂ ਦੀ ਤਵੱਕੋ ਕੀਤੀ ਜਾਂਦੀ ਹੈ ਜਿਹੜੀਆਂ ਅਜਿਹੇ ਰੱਚੜ ਤੇ ਕੂਟਨੀਤਕ ਪਹਿਲੂਆਂ ਦੇ ਨਾਰੀ ਦੀ ਨਾਰਿਤਾ/ਮਾਨਵਤਾ ਲਈ ਗੈਰ ਪ੍ਰਸੰਗਿਕ ਹੋਣ ਦਾ ਤਰਕ ਪੇਸ਼ ਕਰਨ ਅਤੇ ਨਾਰੀ ਦੀਆਂ ਮਾਨਵੀ ਸੰਭਾਵਨਾਵਾਂ ਦੀ ਗੁੰਜਾਇਸ਼ ਬਣਾਉਣ। ਇਸ ਪ੍ਰਥਾਇ ਪਰਵਾਸੀ ਪੰਜਾਬੀ ਗਲਪ ਨੇ ਨਾਰੀ ਸ਼ਨਾਖਤਾਂ ਵਿੱਚ ਪੰਜਾਬੀ ਕਦਰਾਂ ਕੀਮਤਾਂ ਦੇ ਸਾਂਂਭਣਯੋਗ ਪ੍ਰਤਿਮਾਨਾਂ ਨੂੰ ਸਾਂਭਣ ਅਤੇ ਪਿਤਰਕੀ ਦੇ ਨਕਾਰਨਯੋਗ ਪਹਿਲੂਆਂ ਨੂੰ ਨਿਖੇੜਨ ਵਿਚ ਗਹਿਰੀ ਦਿਲਚਸਪੀ ਹੀ ਨਹੀਂ ਵਿਖਾਈ, ਆਪਣੀ ਦੋਹਰੀ ਦ੍ਰਿਸ਼ਟੀ ਦਾ ਲਾਭ ਲੈਂਦਿਆਂ ਪੰਜਾਬੀ ਨਾਰੀ ਨੂੰ ਆਪਣੇ ਮਾਨਵੀ ਗੌਰਵ ਦੇ ਹਾਣ ਦਾ ਬਿੰਬ ਤਲਾਸ਼ਣ ਦੀ ਜੁਸਤਜੂ ਵਿਚ ਪਈ ਵੀ ਵਿਖਾਇਆ ਹੈ।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 22-30

ਪਰਵਾਸੀ ਪੰਜਾਬੀ ਕਹਾਣੀ ਦਾ ਕਾਵਿ-ਸ਼ਾਸਤਰ

ਡਾ. ਅਕਾਲ ਅੰਮ੍ਰਿਤ ਕੌਰ
ਐਸੋਸੀਏਟ ਪ੍ਰੋਫ਼ੈਸਰ ਤੇ ਮੁਖੀ ਪੰਜਾਬੀ ਵਿਭਾਗ,
ਲਾਇਲਪੁਰ ਖਾਲਸਾ ਕਾਲਜ ਫਾਰ ਵਿਮੈਨ, ਜਲੰਧਰ।

ਸਾਰ

ਪਰਵਾਸੀ ਪੰਜਾਬੀ ਕਹਾਣੀ ਦੇ ਕਾਵਿ-ਸ਼ਾਸਤਰ ਸੰਬੰਧੀ ਚਰਚਾ ਕਰਦਿਆਂ ਸਭ ਤੋਂ ਜ਼ਰੂਰੀ ਇਸ ਵਿਧਾ ਵਿੱਚ ਨਿਰੰਤਰ ਕਾਰਜਸ਼ੀਲ ਰਚਨਾਤਮਕ ਰੀਤੀਆਂ ਦੇ ਪੈਟਰਨਾਂ ਦੀ ਸਮਝ ਨਾਲ ਸੰਬੰਧਿਤ ਹੈ। ਇਸ ਕਹਾਣੀ ਪਰੰਪਰਾ ਵਿੱਚ ਵਾਪਰ ਰਹੀਆਂ ਵਿਧਾਗਤ ਤਬਦੀਲੀਆਂ ਤੇ ਇੱਕੋ ਸਮੇਂ ਵਿੱਚ ਮੌਜੂਦ ਇਸਦੀ ਵਿਧਾਗਤ ਵੰਨ-ਸੁਵੰਨਤਾ ਦੀ ਪਛਾਣ ਦੇ ਅਧਿਐਨ' ਤੇ ਵੀ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ ਰਾਹੀਂ ਕੇਵਲ ਕਹਾਣੀ ਤੱਤਾਂ ਦੇ ਕਲਾਤਮਕ ਸੰਗਠਨ ਦਾ ਹੀ ਵਿਸ਼ਲੇਸ਼ਣ ਨਹੀਂ ਕੀਤਾ ਜਾਵੇਗਾ ਸਗੋਂ ਉਸ ਪ੍ਰਬੰਧ ਦੀ ਪਿੱਠਭੂਮੀ ਵਿੱਚ ਕਾਰਜਸ਼ੀਲ ਨੇਮਾਂ ਦੇ ਅਧਿਐਨ ਉਪਰ ਬਲ ਦਿੰਦੇ ਹੋਏ ਬਹੁਪੱਖੀ ਵਿਸ਼ਲੇਸ਼ਣ ਰਾਹੀਂ ਉਨਾਂ ਪ੍ਰੇਰਕਾਂ ਦੀ ਢੂੰਡ-ਭਾਲ ਦਾ ਯਤਨ ਵੀ ਕੀਤਾ ਜਾਵੇਗਾ ਜੋ ਇਨ੍ਹਾਂ ਕਹਾਣੀ-ਪਾਠਾਂ ਦੀ ਸਮਾਜਕ- ਇਤਿਹਾਸਿਕ ਸੰਰਚਨਾ ਵਿੱਚ ਸਾਰਥਕ ਭੂਮਿਕਾ ਅਦਾ ਕਰ ਰਹੇ ਹਨ। ਪਰਵਾਸ ਦੀ ਧਰਤੀ' ਤੇ ਰਚੀ ਗਈ ਇਸ ਕਹਾਣੀ ਦੇ ਕਾਵਿ-ਸ਼ਾਸਤਰ ਸੰਬੰਧੀ ਵਿਚਾਰ ਕਰਦਿਆਂ; ਇਸਦੇ ਮੌਲਿਕ ਤੇ ਨਿਵੇਕਲੇ ਪਛਾਣ-ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਦੇ ਸਮੇਂ ਇਸਦੇ ਪਿਛੋਕੜ ਵਿੱਚ ਗਤੀਸ਼ੀਲ ਭਾਰਤੀ ਲੋਕ-ਕਥਾ ਵਾਲੇ ਪ੍ਰੇਰਕਾਂ ਤੇ ਕਹਾਣੀ ਦੇ ਅੰਤਰਰਾਸ਼ਟਰੀ ਸਰੂਪ ਨਾਲ ਸਾਂਝ ਨੂੰ ਵੀ ਧਿਆਨ ਦਾ ਮਰਕਜ਼ ਬਣਾਉਣ ਦਾ ਯਤਨ ਕੀਤਾ ਜਾਵੇਗਾ।

ਕੁੰਜੀ ਸ਼ਬਦ

ਕਾਵਿ-ਸ਼ਾਸਤਰ,ਵਿਧਾਗਤ,ਨਸਲਵਾਦ, ਅਲਗਾਉ,ਸਭਿਆਚਾਰਕ ਤਨਾਉ,ਵਿਸ਼ਵੀਕਰਨ,ਪੂੰਜੀਵਾਦ,ਸਮਾਜਵਾਦ, ਉਤਰ ਯਥਾਰਥਵਾਦ,ਉਤਰ ਬਸਤੀਵਾਦ,ਬਿਰਤਾਂਤਕ ਜੁਗਤ,ਚੇਤਨਾ-ਪ੍ਰਵਾਹ।

ਭੂਮਿਕਾ

ਇਸ ਖੋਜ ਪੱਤਰ ਰਾਹੀਂ ਪਰਵਾਸੀ ਪੰਜਾਬੀ ਕਹਾਣੀ ਦੇ ਕਾਵਿ-ਸ਼ਾਸਤਰ ਦੀ ਉਸਾਰੀ ਦੀ ਪ੍ਰਕਿਰਿਆ ਲਈ ਯਤਨ ਕੀਤਾ ਜਾਵੇਗਾ। ਇਸ ਖੇਤਰ ਵਿਚ ਖੋਜ ਦੀ ਘਾਟ ਹੈ। ਕਿਉਂਕਿ ਪਰਵਾਸੀ ਪੰਜਾਬੀ ਸਾਹਿਤ ਅਧਿਐਨ ਵਿੱਚ

ਜ਼ਿਆਦਾਤਰ ਇਸ ਦੇ ਵਿਸ਼ਾਗਤ ਪਹਿਲੂਆਂ ਨੂੰ ਹੀ ਕੇਂਦਰ ਵਿੱਚ ਰੱਖਿਆ ਜਾਂਦਾ ਰਿਹਾ ਹੈ।ਇਸ ਸਥਿਤੀ ਵਿੱਚ ਅਜਿਹੀ ਖੋਜ ਦੀ ਸਮਕਾਲੀ ਸਾਹਿਤ ਆਲੋਚਨਾ ਵਿੱਚ ਨਿਸ਼ਚਿਤ ਤੌਰ' ਤੇ ਜ਼ਰੂਰਤ ਤੇ ਮਹੱਤਤਾ ਹੈ ਜੋ ਇਸਦੇ ਕਾਵਿ-ਸ਼ਾਸਤਰ ਸੰਬੰਧੀ ਵਿਚਾਰ ਕਰੇ।

ਖੋਜ-ਵਿਧੀ

ਇਸ ਖੋਜ-ਪੱਤਰ ਲਈ ਅੰਤਰ-ਅਨੁਸ਼ਾਸਨੀ ਵਿਧੀ ਦੀ ਵਰਤੋਂ ਕੀਤੀ ਜਾਵੇਗੀ।ਪਰਵਾਸੀ ਪੰਜਾਬੀ ਕਹਾਣੀ ਦੇ ਅਧਿਐਨ ਲਈ ਵਿਭਿੰਨ ਸਾਹਿਤਕ ਵਿਧੀਆਂ ਤੇ ਸਮਾਜ-ਵਿਗਿਆਨਾਂ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ' ਤੇ ਆਧਾਰਿਤ ਮੁਲਾਂਕਣ ਕੀਤਾ ਜਾਵੇਗਾ।

ਖੋਜ-ਪੱਤਰ

ਪਰਵਾਸੀ ਪੰਜਾਬੀਆਂ ਦੁਆਰਾ ਪਰਵਾਸ ਧਾਰਨ ਕਰਨ ਦੀ ਆਰੰਭਲੀ ਸਥਿਤੀ ਵਿੱਚ ਪਿੱਛੇ ਰਹਿ ਗਏ ਵਤਨ, ਪਰਿਵਾਰ, ਸੰਸਕਾਰਾਂ ਦੀ ਖਿੱਚ ਤੇ ਯਾਦ, ਕਠਿਨ ਕੰਮ ਪ੍ਰਸਥਿਤੀਆਂ, ਨਸਲੀ ਵਿਤਕਰਾ, ਪੱਛਮ ਦੇ ਨਵੀਨ ਕਿਸਮ ਦੇ ਨੈਤਿਕ/ਅਨੈਤਿਕ ਸਰੋਕਾਰਾਂ ਨਾਲ ਟਕਰਾਉ ਆਦਿ ਮੁੱਦਿਆਂ ਨੇ ਪਰਵਾਸੀ ਪੰਜਾਬੀ ਕਹਾਣੀਆਂ ਦੇ ਦ੍ਰਿਸ਼ਟੀਕੋਣ, ਸੰਵੇਦਨਾ ਨੂੰ ਅਸਰ-ਅੰਦਾਜ਼ ਕੀਤਾ। ਸੱਭਿਆਚਾਰਕ ਟਕਰਾਉ ਵਿੱਚੋਂ ਉਤਪੰਨ ਮਾਨਸਿਕ ਸਥਿਤੀ ਦਾ ਉਲੇਖ ਮੁੱਢਲੇ ਦੌਰ ਦੀ ਇਸ ਕਹਾਣੀ ਦੀ ਮੁੱਖ ਥੀਮਕ ਇਕਾਈ ਬਣਦਾ ਹੈ। ਭੂਤ-ਮੁਖੀ ਦ੍ਰਿਸ਼ਟੀਕੋਣ, ਪਿੱਛੇ ਰਹਿ ਗਏ ਦਾ ਨਿਰੰਤਰ ਸਿਮਰਨ, ਮਾਤ-ਭੂਮੀ ਨਾਲ ਉਪਭਾਵਕ ਪੱਧਰ' ਤੇ ਜੁੜੇ ਰਹਿਣ, ਸਭਿਆਚਾਰਕ ਤਨਾਉ ਨਾਲ ਵਾਬਸਤਾ ਅਨੁਭਵ ਇਸ ਕਹਾਣੀ ਵਿੱਚ ਵਿਅਕਤੀਗਤ ਵਿਸ਼ਾਦ ਦਾ ਕਾਰਣ ਬਣਦੇ ਹਨ। ਸਮਕਾਲ ਵਿੱਚ ਦਰਪੇਸ਼ ਇਹਨਾਂ ਕਠੋਰ ਪ੍ਰਸਥਿਤੀਆਂ ਨਾਲ ਸੰਵਾਦ ਰਚਾਉਣ ਤੋਂ ਅਸਮਰੱਥ ਇਹ ਕਹਾਣੀਆਂ ਆਪਣੇ ਮੌਲਿਕ ਤੇ ਨਿਵੇਕਲੇ ਅਨੁਭਵ ਕਰਕੇ ਪਾਠਕਾਂ ਦਾ ਧਿਆਨ ਤਾਂ ਆਕਰਸ਼ਿਤ ਕਰਦੀਆਂ ਹਨ ਪਰੰਤੂ ਲੇਖਕਾਂ ਕੋਲ ਦ੍ਰਿਸ਼ਟੀ ਤੇ ਸਾਹਿਤਕ ਸਾਧਨਾ ਲਈ ਸਮੇਂ ਦੀ ਘਾਟ ਜਿਹੀਆਂ ਸੀਮਾਵਾਂ ਆਦਿ ਕਾਰਨ ਇਨ੍ਹਾਂ ਦਾ ਬਿਰਤਾਂਤ ਜ਼ਿਆਦਾਤਰ ਇਕਹਿਰੇ,ਲਕੀਰੀ ਤੇ ਸਰਲ ਘਟਨਾਕ੍ਰਮ ਦੀ ਤਕਨੀਕ ਨੂੰ ਅਪਣਾਉਂਦਾ ਹੈ। ਵੱਡੀ ਗਿਣਤੀ ਵਿੱਚ ਕਹਾਣੀਆਂ ਬਾਹਰਮੁਖੀ ਸਥਿਤੀਆਂ, ਪਾਤਰਾਂ ਦੇ ਕਾਰਜ, ਵਤੀਰੇ ਤੇ ਘਟਨਾਵਾਂ ਦਾ ਸਰਲ ਵਰਣਨ ਕਰਦੀਆਂ ਹੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਆਪਣੇ ਇਸੇ ਯਥਾਰਥਮੁਖ ਹੋਣ ਦੇ ਚਰਿੱਤਰ ਅਧੀਨ ਹੀ ਇਹ ਲਗਭਗ ਸਾਧਾਰਨ ਵਰਨਣ ਵਿਧੀ ਦੀਆਂ ਹੀ ਧਾਰਨੀ ਬਣਦੀਆਂ ਹਨ। ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੇ ਆਰੰਭ ਤੋਂ ਪੰਜਾਬੀ ਕਹਾਣੀ-ਸ਼ਾਸਤਰ ਦੀ ਰੂਪ-ਰੇਖਾ ਵਿੱਚ ਬੁਨਿਆਦੀ ਤਬਦੀਲੀ ਦਾ ਅਹਿਸਾਸ ਹੋਣ ਲੱਗਦਾ ਹੈ।ਡਾ ਬਲਦੇਵ ਧਾਲੀਵਾਲ ਹੁਰਾਂ ਦੇ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਨੀ ਹੋਵੇਗੀ ਕਿ ਵਿਸ਼ਵ ਵਿੱਚ ਸਮਾਜਵਾਦੀ ਬਲਾਕ ਦੇ ਪਤਨਸ਼ੀਲ ਹੋਣ ਨਾਲ ਪ੍ਰਗਤੀਵਾਦੀ ਅਤੇ ਆਧੁਨਿਕਵਾਦੀ ਵਿਚਾਰਧਾਰਾ ਜੋ ਕਿ ਦੂਜੇ,ਤੀਜੇ ਪੜਾਅ ਦੀ ਕਹਾਣੀ ਨੂੰ ਪ੍ਰਮੁੱਖ ਰੂਪ

Volume: 13, March 2026 ISSN: 2394-0980
PP: 22-30

ਵਿੱਚ ਪ੍ਰਭਾਵਿਤ ਕਰਦੀ ਸੀ ਦੀ ਜਗ੍ਹਾ ਵਿਸ਼ਵੀਕਰਨ ਦੇ ਵਿਚਾਰਧਾਰਕ ਹਥਿਆਰ ਬਣੇ ਉੱਤਰ-ਆਧੁਨਿਕਵਾਦ ਨਾਲ ਉਦਾਰਵਾਦੀ ਰਚਨਾ-ਦ੍ਰਿਸ਼ਟੀ ਅਤੇ ਉੱਤਰ ਯਥਾਰਥਵਾਦੀ ਰਚਨਾ-ਵਿਧੀਆਂ ਨੂੰ ਬਲ ਮਿਲਦਾ ਹੈ। ਇਸ ਨਾਲ ਉਦਾਰਵਾਦੀ ਪੰਜਾਬੀ ਕਹਾਣੀ-ਸ਼ਾਸਤਰ ਦੀ ਬੁਨਿਆਦ ਮਜ਼ਬੂਤ ਹੁੰਦੀ ਹੈ। ਖ਼ਾਨਿਆਂ ਵਿੱਚ ਵੱਡੀ ਸੋਚ ਅਰਥਾਤ ਨਿਸ਼ਚਿਤਤਾਵਾਦ ਦੇ ਚੌਖਟੇ ਤੋਂ ਮੁਕਤ ਹੋ ਕੇ ਕਹਾਣੀਕਾਰ/ ਪਾਠਕ ਉਦਾਰਵਾਦੀ ਢੰਗ ਨਾਲ ਨਿਹਾਰਨ ਲੱਗਦਾ ਹੈ ਤਾਂ ਉਸਨੂੰ ਸੱਚ ਇਕਹਿਰੇ ਰੂਪ ਦੀ ਥਾਂ ਸਾਪੇਖਕ ਰੂਪ ਵਿੱਚ ਵਧੇਰੇ ਮੰਨਣਯੋਗ ਲੱਗਣ ਲੱਗਦਾ ਹੈ। ਇਸ ਪਰਿਪੇਖ ਵਿੱਚ ਪਰਵਾਸੀ ਪੰਜਾਬੀ ਕਹਾਣੀ ਵਿੱਚ ਵੀ ਆਪਣੀ ਹੋਂਦ-ਹਸਤੀ ਦੀ ਤਲਾਸ਼ ਵਿੱਚ ਪਰਵਾਸੀ ਪੰਜਾਬੀ ਮਨੁੱਖ ਦੀ ਪੁਨਰ-ਪਛਾਣ ਦੀ ਪ੍ਰਕਿਰਿਆ ਵਸਤੂ ਬਣਨ ਲੱਗਦੀ ਹੈ ਬਿਰਤਾਂਤ ਦੇ ਪਾਤਰ ਮੈਂਮੂਲਕ-ਬਿਰਤਾਂਤਕ ਜੁਗਤ ਰਾਹੀਂ ਕਿਤੇ ਕਿਤੇ ਖੁਦ ਤੇ ਕਿਤੇ ਬਿਰਤਾਂਤਕਾਰ ਦੇ ਮਾਧਿਅਮ ਰਾਹੀਂ ਆਪਣੀ ਗੱਲ ਪਾਠਕ ਅੱਗੇ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਪ੍ਰਥਮ-ਪੁਰਖੀ ਜਾਂ ਸਵੈਜੀਵਨੀਆਤਮਕ ਸ਼ੈਲੀ ਵਰਤੋਂ ਵਿੱਚ ਆਉਂਦੀ ਹੈ ਜਿਵੇਂ ਸੁਰਜੀਤ ਕਲਸੀ ਦੀ ਕਹਾਣੀ 'ਮੇਲੋ ਦੀ ਕਹਾਣੀ' ਤੇ ਅਮਨਪਾਲ ਸਾਰਾ ਦੀ ਕਹਾਣੀ 'ਸਰਦ ਰਿਸ਼ਤੇ' ਦੀ ਉਦਾਹਰਣ ਦੇਖੀ ਜਾ ਸਕਦੀ ਹੈ। ਇਸ ਸਥਿਤੀ ਵਿੱਚ ਪਾਤਰਾਂ ਦੇ ਅਨੁਭਵਾਂ ਦੇ ਪ੍ਰਗਟਾਵੇ ਲਈ ਸੁਪਨੇ, ਯਾਦਾਂ, ਡਾਇਰੀ, ਮਨਬਚਨੀ ਆਦਿ ਹੋਰ ਵੀ ਮਹੱਤਤਾ ਗ੍ਰਹਿਣ ਕਰਦੇ ਹਨ। ਇਸ ਪ੍ਰਸੰਗ ਵਿੱਚ ਕਹਾਣੀਕਾਰ ਸੁਪਨੇ ਦੀ ਸਿਰਜਨਾ ਤੇ ਖੰਡਿਤ ਹੋਣ ਦੀ ਸਥਿਤੀ ਨੂੰ ਪ੍ਰਸਤੁਤ ਕਰਦੇ ਹਨ। ਫਿਰ ਇਹ ਸੁਪਨਾ ਚਾਹੇ ਪੱਛਮ ਦੀ ਧਰਤੀ ਦੇ ਤਲਿੱਸਮ ਨਾਲ ਜੁੜਿਆ ਹੋਵੇ, ਦੇਸ਼-ਭੂਮੀ, ਬੀਤ ਚੁੱਕੇ ਦੀਆਂ ਯਾਦਾਂ ਨਾਲ ਵਾਬਸਤਾ ਹੋਵੇ ; ਇਸਦਾ ਖੰਡਣ ਜੀਵਨ-ਯਥਾਰਥ ਨਾਲ ਟਕਰਾਉਣ ਉਪਰੰਤ ਹੋਣਾ ਲਗਭਗ ਤੈਅ ਹੀ ਦਰਸਾਇਆ ਗਿਆ ਹੈ। ਅਵਤਾਰ ਰੋਡੇ ਦੀ ਕਹਾਣੀ 'ਸੁਪਨਾ', ਰਾਠੀ ਸੂਰਾਪੁਰੀ ਦੀ ਕਹਾਣੀ 'ਸਤਰੰਗੀ ਪੀਂਘ' ਆਦਿ ਇਸਦੀ ਨਿਸ਼ਾਨਦੇਹੀ ਕਰਦੀਆਂ ਹਨ। ਇਸ ਬਿਰਤਾਂਤਕ ਜੁਗਤ ਦੀ ਉਸਾਰੀ ਅਧੀਨ ਸੁਪਨੇ ਦੇ ਸਿਰਜਨ ਤੇ ਟੁੱਟਣ ਦੀ ਪ੍ਰਕਿਰਿਆ ਨੂੰ ਕਹਾਣੀ 'ਸਤਰੰਗੀ ਪੀਂਘ' ਦੀ ਔਰਤ ਪਾਤਰ ਦੀ ਮਨੋਅਵਸਥਾ ਰਾਹੀਂ ਪ੍ਰਗਟਾਇਆ ਗਿਆ ਹੈ। ਇਹ ਪ੍ਰਕਿਰਿਆ ਇਸ ਔਰਤ ਪਾਤਰ ਦੇ ਮਨੋਭਾਵ ਵਿੱਚ ਗਹਿਰੇ ਵਸੇ ਅਮਰੀਕਾ ਦੇ ਵਿਭਿੰਨ ਵਿਸ਼ੇਸ਼ਤਾਵਾਂ ਦੇ ਧਾਰਨੀ ਹੋਣ ਦੇ ਅਕਸ, ਸੁਪਨਿਆਂ ਦੀ ਧਰਤੀ ਦੇ ਆਕਰਸ਼ਣ ਦੇ ਖੰਡਨ ਵਿੱਚੋਂ ਉਜਾਗਰ ਹੁੰਦੀ ਹੈ ਤੇ ਸੁਨਹਿਰੀ ਭਵਿੱਖ ਦਾ ਸੁਪਨਾ ਕਈ ਸੰਕਟਮਈ ਪ੍ਰਸਥਿਤੀਆਂ ਵਿੱਚੋਂ ਗੁਜ਼ਰਦਾ ਆਖ਼ਿਰ ਤਨਾਉ ਦੀ ਸਿਰਜਨਾ ਕਰਦਾ ਹੈ। ਇਨ੍ਹਾਂ ਕਹਾਣੀਆਂ ਦਾ ਰੂਪ ਹੁਣ ਅਜਿਹੇ ਬਿਰਤਾਂਤਾਂ ਦੀ ਪ੍ਰਸਤੁਤੀ ਵੱਲ ਵੀ ਹੈ ਜਿਸ ਵਿੱਚ ਲੇਖਕ ਬਿਰਤਾਂਤ ਦੀ ਸਿਰਜਨਾ ਸਮੇਂ ਆਪਣੀ ਹਾਜ਼ਰੀ ਨੂੰ ਲੁਪਤ ਕਰ ਲੈਂਦਾ ਹੈ। ਫ਼ਲਸਰੂਪ ਕਹਾਣੀ ਵਿੱਚੋਂ ਕਹਾਣੀਕਾਰ ਨਹੀਂ ਬੋਲਦਾ ਸਗੋਂ ਸਥਿਤੀਆਂ ਬੋਲਦੀਆਂ ਹਨ।

Volume: 13, March 2026 ISSN: 2394-0980
PP: 22-30

ਪਿੱਛਲਝਾਤ ਦੀ ਵਿਧੀ ਜਾਂ ਚੇਤਨਾ ਪ੍ਰਵਾਹ ਦੀ ਵਿਧੀ ਰਾਹੀਂ ਪਰਵਾਸੀ ਪੰਜਾਬੀ ਮਨੁੱਖ ਦੀ ਖੰਡਿਤ ਮਾਨਸਿਕਤਾ ਨੂੰ ਪ੍ਰਗਟਾਉਂਦੇ ਹੋਏ; ਉਸਦੀ ਮਾਨਸਿਕਤਾ ਦੇ ਪਿਛੋਕੜ ਵਿੱਚ ਕਾਰਜਸ਼ੀਲ ਪ੍ਰੇਰਕਾਂ ਦੀ ਢੂੰਡ-ਭਾਲ ਨੂੰ ਦਰਸਾਉਣ ਲਈ ਕਥਾ-ਬਿਰਤਾਂਤ ਵਿੱਚ ਪਾਤਰ ਵਰਤਮਾਨ ਵਿੱਚ ਵਿਚਰਦਾ ਹੋਇਆ ਪਿਛਲੀ ਬੀਤੀ ਜ਼ਿੰਦਗੀ ਵੱਲ ਪਰਤਦਾ ਹੈ ਤੇ ਬਾਰ-ਬਾਰ ਵਰਤਮਾਨ ਨਾਲ ਨਾਤਾ ਜੋੜਦਾ ਹੈ। ਇਸ ਤਰਾਂ ਯਾਦਾਂ ਦੀਆਂ ਵਿਭਿੰਨ ਕੜੀਆਂ ਨੂੰ ਦੁਹਰਾਉਂਦਾ ਪਾਤਰ ਜਿੱਥੇ ਖ਼ੁਦ ਆਪਣੇ ਜੀਵਨ-ਕਾਰਜਾਂ ਦਾ ਮੁਤਾਲਿਆ ਕਰਦਾ ਹੈ ਉੱਥੇ ਪਾਠਕ ਵੀ ਅਤੀਤ ਤੇ ਵਰਤਮਾਨ ਦੇ ਕਾਰਜਾਂ ਨੂੰ ਅੰਤਰ-ਸੰਬੰਧਿਤ ਕਰਕੇ ਸਮਝਣ ਦੀ ਪ੍ਰਕਿਰਿਆ ਵਿੱਚ ਪੈਂਦਾ ਹੈ। ਇਹ ਵਿਧੀ ਪੰਜਾਬੀ ਪਾਤਰਾਂ ਦੁਆਰਾ ਪਿੱਛੇ ਰਹਿ ਗਈ ਮਾਤ- ਭੂਮੀ ਨਾਲ ਜੁੜੇ ਹੋਣ ਦੇ ਅਹਿਸਾਸ ਨਾਲ ਮਿਲ ਕੇ ਹੋਰ ਵਿਭਿੰਨ ਪਰਤਾਂ ਉਘਾੜਦੀ ਹੈ। ਸਾਧੂ ਦੀ ਕਹਾਣੀ 'ਪੁਰਸਲਾਤ' ਨੂੰ ਇਸ ਪ੍ਰਸੰਗ ਵਿੱਚ ਦੇਖਿਆ ਜਾ ਸਕਦਾ ਹੈ। ਰਵਿੰਦਰ ਰਵੀ ਵੀ ਚੇਤਨਾ-ਪ੍ਰਵਾਹ ਦੀ ਵਿਧੀ ਨਾਲ ਦਾਰਸ਼ਨਿਕ ਤੱਤ ਮਿਲਾ ਕੇ ਭਾਵਵਾਚਕਤਾ ਤੱਕ ਦਾ ਸਫ਼ਰ ਤੈਅ ਕਰਦਾ ਹੈ। ਪਰੰਤੂ ਇਹ ਕਈ ਵਾਰ ਪਾਠਕਾਂ ਨਾਲ ਸੰਚਾਰ ਦੇ ਰਸਤੇ ਵਿੱਚ ਬਾਧਕ ਵੀ ਬਣਦਾ ਹੈ। ਜਰਨੈਲ ਸਿੰਘ ਦੀਆਂ ਜ਼ਿਆਦਾਤਰ ਕਹਾਣੀਆਂ ਦਾ ਆਰੰਭ ਆਮ ਤੌਰ' ਤੇ ਸਿਖਰ ਦੀ ਸੂਚਕ ਘਟਨਾ ਦੇ ਵਾਪਰਣ ਉਪਰੰਤ ਹੁੰਦਾ ਹੈ ਤੇ ਉਹ ਘਟਨਾ ਦੀ ਪਿੱਠਭੂਮੀ ਵਿੱਚ ਗਤੀਸ਼ੀਲ ਘਟਨਾਵਾਂ ਨੂੰ ਪਾਤਰਾਂ ਦੇ ਮਾਨਸਿਕ ਚਿਤਰਪਟ ਦੇ ਮਾਧਿਅਮ ਰਾਹੀਂ ਇਸੇ ਪਿੱਛਲਝਾਤ ਦੀ ਕਥਾ-ਜੁਗਤ ਦੀ ਵਰਤੋਂ ਨਾਲ ਸਮੂਰਤ ਕਰਦਾ ਹੈ। ਘਟਨਾਵਾਂ ਦਾ ਅਜਿਹਾ ਵਿਵੇਕਾਤਮਕ ਰਹੱਸ ਲਗਾਤਾਰ ਪਾਠਕ ਅੰਦਰ ਜਗਿਆਸਾ ਬਣਾਈ ਰੱਖਦਾ ਹੈ ਤੇ ਪਾਠਕ ਉਸਦੀਆਂ ਕਹਾਣੀਆਂ ਦੀ ਮੱਧਮ ਬਿਰਤਾਂਤਕ ਗਤੀ ਹੋਣ ਦੇ ਬਾਵਜੂਦ ਅੰਤ ਤੱਕ ਕਹਾਣੀ ਨਾਲ ਜੁੜਿਆ ਰਹਿੰਦਾ ਹੈ।

ਵੱਡੀ ਗਿਣਤੀ ਵਿੱਚ ਇਹ ਕਹਾਣੀ ਪ੍ਰਥਮ-ਪੁਰਖ ਬਿਰਤਾਂਤਕ ਵਿਧੀ ਨੂੰ ਹੀ ਅੰਗੀਕਾਰ ਕਰਦੀ ਹੈ ਭਾਵੇਂ ਕਿ ਇਸਦਾ ਫੋਕਸ ਜ਼ਿਆਦਾਤਰ ਸਥਿਤੀਆਂ ਦੀ ਪੇਸ਼ਕਾਰੀ' ਤੇ ਹੈ। ਜੋ ਸਫ਼ਲ ਤੇ ਪ੍ਰਭਾਵਸ਼ਾਲੀ ਬਿਰਤਾਂਤਕਾਰੀ ਦੇ ਰਸਤੇ ਵਿੱਚ ਰੁਕਾਵਟ ਵੀ ਬਣਦਾ ਨਜ਼ਰ ਆਉਂਦਾ ਹੈ। ਪੂੰਜੀਵਾਦੀ ਵਿਵਸਥਾ ਵਿੱਚ ਤੇ ਦੇਸ਼-ਕਾਲ ਦੀਆਂ ਨਿੱਤ-ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ, ਪ੍ਰਤਿ-ਉਤਰ ਸਿਰਜ ਰਹੀ ਤੇ ਵਿਭਿੰਨ ਕਿਸਮ ਦੀ ਰਜਿਸਟੈਂਸ ਅਧੀਨ ਨਵੀਨ ਸੰਰਚਨਾ ਦੀ ਉਸਾਰੀ ਕਰ ਰਹੀ ਇਹ ਕਹਾਣੀ ਅਜੋਕੇ ਸੂਚਨਾ ਯੁੱਗ ਦੇ ਖ਼ਾਸੇ ਨੂੰ ਅੰਗੀਕਾਰ ਕਰਦਿਆਂ ਬਹੁਤ ਜਗ੍ਹਾ ਘਟਨਾਵਾਂ ਦੀ ਰਿਪੋਰਟਿੰਗ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਨ੍ਹਾਂ ਕਹਾਣੀਆਂ ਵਿੱਚ ਪ੍ਰਸਤੁਤ ਅਨੁਭਵ ਦਾ ਬਹੁਤ ਜਗ੍ਹਾ ਦੁਹਰਾਉ ਨਿਸ਼ਚੇ ਹੀ ਇਹ ਦਰਸਾਉਂਦਾ ਹੈ ਕਿ ਵੱਡੀ ਮਾਤਰਾ ਵਿੱਚ ਪਰਵਾਸੀ ਯਥਾਰਥ ਉਸੇ ਹੀ ਰੂਪ ਵਿੱਚ ਰਿਪੋਰਟ ਹੋ ਰਿਹਾ ਹੈ ਜੋ ਇਸਦੀ ਕਲਾਤਮਕ ਨਿਪੁੰਨਤਾ ਨੂੰ ਠੇਸ ਪਹੁੰਚਾਉਣ ਦਾ ਕਾਰਨ ਵੀ ਬਣਦਾ ਹੈ। ਪਰੰਤੂ ਇਥੇ ਇਹ ਵੀ ਸਪੱਸ਼ਟ ਕਰਨਾ ਲਾਜ਼ਮੀ ਬਣ ਜਾਂਦਾ ਹੈ ਕਿ ਸਮੁੱਚੀ ਪਰਵਾਸੀ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 22-30

ਪੰਜਾਬੀ ਕਹਾਣੀ ਸੰਰਚਨਾਤਮਕ ਪੱਖੋਂ ਅਜਿਹਾ ਵਤੀਰਾ ਅਖ਼ਤਿਆਰ ਨਹੀਂ ਕਰਦੀ ਜਿਸ ਦਾ ਪ੍ਰਮਾਣ ਪਿਛਲੇ ਕੁਝ ਸਮੇਂ ਤੋਂ ਰਚੀ ਜਾ ਰਹੀ ਕਹਾਣੀ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ।

ਇਹ ਕਹਾਣੀ ਹੁਣ ਅਜਿਹੇ ਦ੍ਰਿਸ਼ਟੀਬਿੰਦੂ' ਤੇ ਪਹੁੰਚ ਚੁੱਕੀ ਹੈ ਜਿੱਥੇ ਇਸਦੇ ਰਚਨਾ ਸੰਗਠਨ ਨੂੰ ਅਸਰ ਅੰਦਾਜ਼ ਕਰਨ ਵਾਲੇ ਤੇ ਨਿਸ਼ਚਿਤ ਕਰਨ ਵਾਲੇ ਤੱਤਾਂ ਨੂੰ ਪਹਿਚਾਣਿਆ ਜਾ ਸਕਦਾ ਹੈ। ਮੌਜੂਦਾ ਕਹਾਣੀ ਆਪਣੇ ਪਰੰਪਰਕ ਰੂਪ; ਜਿਸ ਵਿੱਚ ਭੂਗੋਲਿਕ ਸਥਿਤੀ, ਰੰਗ ਨਸਲ ਦੇ ਭਿਆਨਕ ਸਿੱਟੇ, ਬੀਤੇ ਚੁੱਕੇ ਦਾ ਨਿਰੰਤਰ ਸਿਮਰਨ ਆਦਿ ਤੋਂ ਵਿੱਥ ਸਥਾਪਿਤ ਕਰਦਿਆਂ ਵਿਆਪਕ ਰੂਪ ਵਿੱਚ ਪੱਛਮੀ ਮੁਲਕਾਂ ਦੀ ਜ਼ਿੰਦਗੀ ਦੇ ਅਹਿਮ ਪਹਿਲੂਆਂ ਸੰਬੰਧੀ ਬਿਰਤਾਂਤ ਸਿਰਜਨਾ ਕਰ ਰਹੀ ਹੈ।ਵਿਕਸਿਤ ਪੂੰਜੀਵਾਦੀ ਅਰਥ-ਵਿਵਸਥਾ ਦਾ ਮਨੁੱਖ ਦੀ ਹੋਂਦ ਤੇ ਹੋਣੀ' ਤੇ ਪ੍ਰਭਾਵ, ਵਿਸ਼ਵ-ਪੱਧਰ' ਤੇ ਵਾਪਰੀਆਂ ਤਬਦੀਲੀਆਂ ਤੋਂ ਪ੍ਰਾਪਤ ਚੇਤਨਾ ਤਹਿਤ ਰਚਨਾਤਮਕ ਪੱਧਰ' ਤੇ ਦ੍ਰਿਸ਼ਟੀਗਤ ਬਦਲਾਉ ਵਾਪਰਦਾ ਹੈ; ਜਿਸਨੇ ਯਥਾਰਥ ਦੀ ਪੇਸ਼ਕਾਰੀ ਸਮੇਂ ਕਹਾਣੀ ਦੇ ਰਚਨਾ-ਸੰਗਠਨ ਤੇ ਵਸਤੂ- ਯਥਾਰਥ' ਚ ਸੁਯੋਗ ਅਨੁਪਾਤ ਪੈਦਾ ਕੀਤਾ ਹੈ। ਇਹੋ ਕਾਰਣ ਹੈ ਕਿ ਉੱਤਰੀ ਅਮਰੀਕਨ ਪੰਜਾਬੀ ਕਹਾਣੀ ਸਰਲ ਬਿਰਤਾਂਤ ਦੀ ਥਾਂ ਜਟਿਲ ਬਿਰਤਾਂਤ ਦੀ ਧਾਰਨੀ ਬਣਦੀ ਹੈ। ਬਿਰਤਾਂਤ ਦੀ ਇਹ ਜਟਿਲਤਾ ਸੂਖ਼ਮ ਇਸ਼ਾਰੇ ਰਾਹੀਂ ਉਭਰਦੀ ਹੈ। ਮਿਸਾਲ ਦੇ ਤੌਰ' ਤੇ ਜਰਨੈਲ ਸਿੰਘ ਦੀ ਕਹਾਣੀ 'ਦੋ ਟਾਪੂ' ਵਿਭਿੰਨ ਪੜਾਵਾਂ ਵਿੱਚ ਵਿਕਾਸ ਕਰਦੀ ਹੈ। ਇਸਦਾ ਨਾ ਕੋਈ ਨਿਸ਼ਚਿਤ ਸਿਖਰ ਹੈ ਤੇ ਨਾ ਹੀ ਕੋਈ ਅੰਤ। ਬਗੈਰ ਕਿਸੇ ਵਿਸਫ਼ੋਟਕ ਸਥਿਤੀ ਦੇ ਇਸ ਕਹਾਣੀ ਦਾ ਆਦਿ ਸਿੱਧੇ ਰੂਪ ਵਿੱਚ ਹੁੰਦਾ ਹੈ। ਕਹਾਣੀ ਵਿੱਚ ਰਿਸ਼ਤਿਆਂ ਦੇ ਟਕਰਾਉ ਅਧੀਨ ਕਈ ਸਿਖਰ ਬਿੰਦੂ ਆਉਂਦੇ ਹਨ। ਜਿੱਥੇ ਕਹਾਣੀ ਦਾ ਅੰਤ ਹੋਣ ਦੀ ਸੰਭਾਵਨਾ ਬਣਦੀ ਹੈ ਪਰੰਤੂ ਜਿੱਥੇ ਕਹਾਣੀ ਦਾ ਅੰਤ ਹੁੰਦਾ ਹੈ ਉਥੇ ਹੋਰ ਨਵੇਂ ਪ੍ਰਸ਼ਨ ਉਤਪੰਨ ਹੁੰਦੇ ਹਨ। ਪੂੰਜੀਵਾਦੀ ਵਿਵਸਥਾ ਵਿੱਚ ਆਈ ਜਟਿਲਤਾ; ਮਾਨਵੀ ਰਿਸ਼ਤਿਆਂ ਦੀ ਜਟਿਲਤਾ ਦਾ ਆਧਾਰ ਬਣੀ ਦਿਖਾਈ ਦਿੰਦੀ ਹੈ ਤੇ ਰਿਸ਼ਤਿਆਂ ਦੀ ਇਹ ਜਟਿਲਤਾ ਕਹਾਣੀਆਂ ਦੇ ਬਿਰਤਾਂਤ ਦਾ ਮਾਧਿਅਮ ਬਣਦੀ ਹੈ ਜੋ ਸੂਖ਼ਮ ਸੰਕੇਤਾਂ ਰਾਹੀਂ ਉਭਰਦੀ ਹੈ।

ਪਰਵਾਸੀ ਪੰਜਾਬੀ ਕਹਾਣੀ ਵਿਰੋਧੀ ਤੇ ਸਮਾਂਨਾਤਰ ਸਥਿਤੀਆਂ ਦੀ ਸਿਰਜਨਾ ਕਰਦੀ ਹੈ ਜੋ ਕੇਵਲ ਪੰਜਾਬੀ ਮੂਲ ਦੇ ਪਾਤਰਾਂ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਪੱਛਮੀ ਸਭਿਆਚਾਰ ਦੇ ਪਾਤਰਾਂ ਦੀਆਂ ਜੀਵਨ-ਸਥਿਤੀਆਂ, ਮਾਨਸਿਕਤਾ ਨੂੰ ਵੀ ਆਪਣੇ ਕਲੇਵਰ ਵਿੱਚ ਲੈਂਦੀ ਹੈ। ਇਹ ਕਹਾਣੀਕਾਰ ਉਤਰ-ਬਸਤੀਵਾਦੀ ਰਚਨਾ-ਦ੍ਰਿਸ਼ਟੀ ਰਾਹੀਂ ਗੋਰੇ- ਕਾਲੇ ਰੰਗ ਨਾਲ ਪ੍ਰਚਲਿਤ ਮਿੱਥਾਂ ਤੋਂ ਇੱਕ ਵਿੱਥ ਸਥਾਪਿਤ ਕਰਦੇ ਹੋਏ ਜੀਵਨ-ਯਥਾਰਥ ਦਾ ਬੋਧ ਕਰਾਉਣ ਦਾ ਯਤਨ ਕਰ ਰਹੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸਦੇ ਤਹਿਤ ਇਸ ਗਲਪ-ਬਿਰਤਾਂਤ ਦੇ ਪਾਤਰ ਇਕੱਠੇ ਕਾਰੋਬਾਰ ਕਰਦੇ, ਇੱਕ-ਦੂਸਰੇ ਦੇ ਸਭਿਆਚਾਰ ਦੀ ਇੱਜ਼ਤ ਕਰਦੇ, ਉਸਨੂੰ ਸਮਝਣ ਦੀ ਜਗਿਆਸਾ ਪ੍ਰਗਟਾਉਂਦੇ ਤੇ ਸੰਕਟਮਈ ਸਥਿਤੀਆਂ ਸਮੇਂ ਇੱਕ-ਦੂਸਰੇ ਨੂੰ ਸਹਾਰਾ ਦਿੰਦੇ; ਅਕਾਦਮਿਕ, ਭਾਈਚਾਰਕ ਤੇ

Volume: 13, March 2026 ISSN: 2394-0980
PP: 22-30

ਪਰਿਵਾਰਕ ਸਾਂਝ ਵੀ ਸਥਾਪਿਤ ਕਰਦੇ ਪ੍ਰਗਟਾਏ ਗਏ ਹਨ। 'ਸੜਕਾਂ' (ਜਰਨੈਲ ਸਿੰਘ) ਕਹਾਣੀ ਵਿੱਚ ਅਜੀਤ ਸਿੰਘ ਤੇ ਜੈਕ,'ਜੜ੍ਹਾਂ' (ਜਰਨੈਲ ਸਿੰਘ) ਕਹਾਣੀ ਵਿੱਚ ਕੁਲਵਰਨ ਤੇ ਬਰਸ ਮੈਕਡੋਨਲ ਦੀ ਮਿਸਾਲ ਇਸ ਪ੍ਰਸੰਗ ਵਿੱਚ ਦੇਖੀ ਜਾ ਸਕਦੀ ਹੈ। ਇਸ ਦੇ ਨਾਲ ਹੀ ਅਮਨਪਾਲ ਸਾਰਾ ਦੀ ਕਹਾਣੀ 'ਡਾਇਮੰਡ ਰਿੰਗ' ਮਿੰਨੀ ਗਰੇਵਾਲ ਦੀ ਕਹਾਣੀ 'ਵਹਿੰਦੇ ਪਾਣੀਆਂ ਦੇ ਪਰਛਾਵੇਂ' ਤੇ ਜਗਜੀਤ ਬਰਾੜ ਦੀ ਕਹਾਣੀ 'ਚਿੱਟੀ ਕਬੂਤਰੀ ਦੀ ਤਸਵੀਰ' ਆਦਿ ਪੰਜਾਬੀ ਮਾਨਸਿਕਤਾ ਵਿੱਚ ਵੱਸੀ ਗੋਰੀ ਔਰਤ ਸੰਬੰਧੀ 'ਨਿਰੋਲ ਕਾਮੁਕ ਤੇ ਬੇਵਫ਼ਾਈ' ਦੀ ਮਿੱਥ ਦਾ ਖੰਡਣ ਕਰਦੀਆਂ ਪੂਰਬੀ ਅਵਚੇਤਨ ਦੀਆਂ ਵੇਲਾ-ਵਿਹਾਅ ਚੁੱਕੀਆਂ ਰੂੜ੍ਹੀਗਤ ਮਾਨਤਾਵਾਂ ਨੂੰ ਤਨਜ਼ੀਆ ਛੋਹਾਂ ਨਾਲ ਬਾਖੂਬੀ ਤੋੜਦੀਆਂ ਹਨ ਤੇ ਸਮਾਂਨਾਤਰ ਸਥਿਤੀਆਂ ਦੀ ਸਿਰਜਨਾ ਰਾਹੀਂ ਗੋਰੇ ਰੰਗ ਦੀਆਂ ਔਰਤ ਪਾਤਰਾਂ ਦੀ ਵਫ਼ਾ,ਸੁਹਿਰਦਤਾ ਦਾ ਹਾਂ-ਪੱਖੀ ਬਿੰਬ ਉਸਾਰਦੀਆਂ ਹਨ।

ਪਰਵਾਸੀ ਪੰਜਾਬੀ ਕਹਾਣੀ ਹੁਣ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਤੱਕ ਹੀ ਸੀਮਤ ਨਹੀਂ ਬਲਕਿ ਸਥਾਨਕ ਸਮਾਜ ਤੇ ਉਸ ਤੋਂ ਵੀ ਅੱਗੇ ਵਿਸ਼ਵ ਮਸਲਿਆਂ ਨੂੰ ਆਪਣਾ ਵਸਤੂ ਬਣਾਉਂਦੀ ਦਿਖਾਈ ਦਿੰਦੀ ਹੈ। ਇਹਨਾਂ ਕਹਾਣੀਆਂ ਵਿੱਚ ਲੇਖਕ ਅਜੋਕੇ ਦੌਰ ਵਿੱਚ ਸਮੁੱਚੀ ਮਨੁੱਖਤਾ ਨੂੰ ਦਰਪੇਸ਼ ਸੰਕਟਾਂ ਨੂੰ ਮਾਨਵੀ-ਦ੍ਰਿਸ਼ਟੀ ਤੋਂ ਵਿਅਕਤ ਕਰ ਰਹੇ ਹਨ। ਜਰਨੈਲ ਸਿੰਘ ਦੀ ਕਹਾਣੀ 'ਮੁਹਾਜ' ਵਿੱਚ ਵਿਸ਼ਲੇਸ਼ਣਕਾਰੀ ਬਿਰਤੀ, ਆਲੋਚਨਾਤਮਕ ਸੁਰ ਤੇ ਮਾਨਵਵਾਦੀ ਦ੍ਰਿਸ਼ਟੀ ਦੇ ਸੁਮੇਲ ਰਾਹੀਂ ਜੰਗ ਦੇ ਵਿਰੋਧ,ਇਸ ਦੀ ਪਿੱਠਭੂਮੀ ਵਿੱਚ ਕਾਰਜਸ਼ੀਲ ਵਿਭਿੰਨ ਕੂਟਨੀਤੀਆਂ, ਸਰਕਾਰੀ ਨੀਤੀਆਂ ਦੇ ਦੋਹਰੇ-ਮਾਪਦੰਡਾਂ,ਹੈਜੇਮਨੀ ਦੇ ਖੋਖਲੇਪਣ, ਸ਼ਹੀਦ ਫੌਜੀਆਂ ਦੇ ਪਰਿਵਾਰਾਂ ਦੀ ਤ੍ਰਾਸਦਿਕ ਸਥਿਤੀ ਨੂੰ ਪ੍ਰਸਤੁਤ ਕਰਦਾ ਹੈ। "ਝੰਡੇ ਨੂੰ ਲੱਗੀ ਮੈਲ" (ਜਗਜੀਤ ਬਰਾੜ), "ਗਰਾਊਂਡ ਜ਼ੀਰੋ"(ਪ੍ਰੋ. ਹਰਭਜਨ ਸਿੰਘ), "ਨੋ ਯੂ ਟਰਨ" (ਅਮਰਜੀਤ ਦਰਦੀ), "ਭਰਮਜਾਲ" (ਮਨਜੀਤ ਕੌਰ ਸੇਖੋਂ),"ਟਾਵਰਜ਼" (ਜਰਨੈਲ ਸਿੰਘ), "ਸਹਿਮ" (ਜਰਨੈਲ ਸਿੰਘ ਸੇਖਾ), "ਕਰਫ਼ਿਊ ਜਾਰੀ ਹੈ" (ਰਾਣੀ ਨਗੇਂਦਰ)," ਰੇਸ ਕਲਾਸ ਤੇ ਜੰਗ"(ਪ੍ਰੋ. ਹਰਭਜਨ ਸਿੰਘ) ਆਦਿ ਕਹਾਣੀਆਂ ਵਿੱਚ ਪੱਛਮ ਦੇ ਵਿਕਸਿਤ, ਸੁਰੱਖਿਅਤ ਹਿੱਤਾਂ ਵਾਲੇ, ਲੋਕਤਾਂਤਰਿਕ ਵਿਵਸਥਾ ਤੇ ਸਰਬਸ੍ਰੇਸ਼ਟਤਾ ਦੀ ਸਥਾਪਿਤ ਮਿੱਥ ਦਾ ਭੰਜਨ ਹੁੰਦਾ ਹੈ। ਜਿਸਨੂੰ ਰੁਦਨ ਸ਼ੈਲੀ ਤੇ ਇਕਹਿਰੇ ਬਿਰਤਾਂਤ ਵਿੱਚ ਨਹੀਂ ਸਗੋਂ ਵਿਸ਼ਵ-ਪੂੰਜੀਵਾਦ ਦੀ ਨਵ-ਸਾਮਰਾਜਵਾਦੀ ਸੱਤਾ-ਸਿਆਸਤ ਦੇ ਵਿਭਿੰਨ ਪ੍ਰਕਰਣਾਂ ਨੂੰ ਜਟਿਲ ਗਲਪ-ਬਿੰਬ ਰਾਹੀਂ ਚਿਤਰਿਆ ਗਿਆ ਹੈ। ਇਹ ਕਹਾਣੀਆਂ ਉਤਰੀ-ਅਮਰੀਕਨ ਸਮਾਜ ਦੇ ਨਿੱਜਵਾਦ ਵਿੱਚੋਂ ਉਪਜੇ ਅਮਾਨਵੀ ਰਵੱਈਏ ਪ੍ਰਤਿ ਪੰਜਾਬੀ ਮਨੋਸੰਰਚਨਾ ਦੁਆਰਾ ਰਜਿਸਟੈਂਸ ਦਾ ਉਚਾਰ ਵੀ ਬਣਦੀਆਂ ਤੇ 'ਬਿਨ ਸਿੰਗੇ ਸਾਨ੍ਹ' ਤੇ 'ਟਾਵਰਜ਼' ਜਿਹੇ ਮੈਟਾਫ਼ਰਾਂ ਦੀ ਸਿਰਜਨਾ ਵੀ ਕਰਦੀਆਂ ਹਨ।

ਪਰਵਾਸੀ ਪੰਜਾਬੀ ਕਹਾਣੀ ਭਾਵੇਂ ਕਿ ਵੱਡੇ ਪੱਧਰ' ਤੇ ਤੱਥਮੂਲਕਤਾ ਅਤੇ ਵਾਸਤਵਿਕਤਾ ਦੇ ਰਚਨਾ ਪ੍ਰਸੰਗਾਂ ਤੱਕ ਹੀ ਸੀਮਤ ਰਹਿ ਜਾਂਦੀ ਹੈ ਪਰੰਤੂ ਇਸਦਾ ਅਪਵਾਦ ਉਹ ਕਹਾਣੀਆਂ ਬਣਦੀਆਂ ਹਨ ਜੋ ਆਪਣੇ ਨਿਵੇਕਲੇ

ਅਨੁਭਵ ਸੰਸਾਰ, ਵਿਲੱਖਣ ਲੋਕੇਲ ਤੇ ਘਟਨਾ-ਕ੍ਰਮ ਦੀ ਬਦੌਲਤ ਪਾਠਕਾਂ ਦਾ ਧਿਆਨ ਆਕਰਸ਼ਿਤ ਕਰਦੀਆਂ ਹੋਈਆਂ ਦਿਲਚਸਪੀ ਤੇ ਰੌਚਿਕਤਾ ਦੇ ਗੁਣਾਂ ਨੂੰ ਬਰਕਰਾਰ ਰੱਖਦੀਆਂ ਹਨ।ਫਲਸਰੂਪ ਇਹ ਕਹਾਣੀ ਬਿਰਤਾਂਤਕਾਰੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਅਰਥਾਂ ਦੀ ਲਖਾਇਕ ਵੀ ਹੋ ਨਿਬੜਦੀ ਹੈ। ਵਿਭਿੰਨ ਪਰਿਵੇਸ਼, ਜੀਵਨ-ਜਾਚ, ਸਭਿਆਚਾਰਕ ਸਥਿਤੀਆਂ, ਦੂਸਰੇ ਸਭਿਆਚਾਰਾਂ ਦੇ ਪਾਤਰਾਂ ਦੀ ਜੀਵਨ-ਸ਼ੈਲੀ ਆਦਿ ਨਾਲ ਪਾਠਕਾਂ ਦੀ ਸਾਂਝ ਪੁਆਉਂਦੀ ਹੋਈ ਇਹ ਕਹਾਣੀ ਇੱਕ ਪਾਸੇ ਤੁਲਨਾਤਮਕ ਸਭਿਆਚਾਰਕ ਦ੍ਰਿਸ਼ਟੀ ਦੀ ਉਸਾਰੀ ਕਰਦੀ ਹੈ ਤੇ ਦੂਸਰੇ ਪਾਸੇ ਆਪਣੀ ਸਭਿਆਚਾਰਕ ਸ਼ਨਾਖਤ ਬਾਰੇ ਜਾਗਰੂਕ ਵੀ ਕਰਦੀ ਹੈ। ਤੀਸਰਾ; ਉਸ ਦੇ ਅਨੁਭਵੀ ਸੰਸਾਰ ਵਿੱਚ ਵੀ ਵਾਧਾ ਕਰਦੀ ਹੈ। ਇਸੇ ਹੀ ਸੰਦਰਭ ਵਿੱਚ ਸਥਾਨਕ ਮਾਹੌਲ ਦੀ ਪ੍ਰਤਿਨਿਧਤਾ ਕਰਨ ਵਾਲੇ ਨਵੀਨ ਕਿਸਮ ਦੇ ਮੈਟਾਫ਼ਰ ਕਹਾਣੀ ਨੂੰ ਇੱਕ ਨਵਾਂ ਵਿਸਥਾਰ ਪ੍ਰਦਾਨ ਕਰ ਰਹੇ ਹਨ। ਹਰਪ੍ਰੀਤ ਸੇਖਾ ਦੀ ਕਹਾਣੀ "ਬਰਫਾਂ ਦਾ ਪਾਣੀ ਹਵਾ" ਤੇ ਮੇਜਰ ਮਾਂਗਟ ਦੀ ਕਹਾਣੀ "ਗਰਮ ਹਵਾ ਦਾ ਬੁੱਲਾ" ਵਿੱਚ ਵਰਤੇ ਗਏ 'ਸ਼ਨੁੱਕ' ਮੈਟਾਫ਼ਰ ਦੀ ਮਿਸਾਲ ਦੇਖੀ ਜਾ ਸਕਦੀ ਹੈ। ਹਰਪ੍ਰੀਤ ਸੇਖਾ ਇਸ ਮੈਟਾਫ਼ਰ ਰਾਹੀਂ ਪੱਛਮ ਦੇ ਬਰਫ਼ੀਲੇ ਮੌਸਮ ਦੇ ਸਮਵਿਥ ਹੀ ਪਤੀ-ਪਤਨੀ ਸੰਬੰਧਾਂ ਵਿੱਚ ਨਿਰੰਤਰ ਖ਼ਤਮ ਹੋ ਰਹੇ ਮੋਹ-ਪਿਆਰ, ਨਿੱਘ ਨੂੰ ਪ੍ਰਗਟਾਉਂਦਾ ਹੈ ਤੇ ਮੇਜਰ ਮਾਂਗਟ ਦੀ ਕਹਾਣੀ ਦਾ ਬਿਰਤਾਂਤਕਾਰ ਨਵੀਂ ਪੀੜ੍ਹੀ ਦੀ ਆਪਣੀ ਧੀ ਦੇ ਦ੍ਰਿਸ਼ਟੀਕੋਣ ਨੂੰ ਮਰਦ ਪ੍ਰਧਾਨ ਸੋਚ ਦੇ ਬਰਫ਼ੀਲੇਪਨ ਨੂੰ ਪਿਘਲਾ ਸੁੱਟਣ ਵਾਲੀ ਸ਼ਨੁੱਕ ਜਾਂ ਗਰਮ ਹਵਾ ਦੇ ਬੁੱਲੇ ਦੇ ਪ੍ਰਤੀਕ ਰੂਪ ਵਿੱਚ ਸਿਰਜਦਾ ਔਰਤ ਦੀ ਗੌਰਵ-ਬਹਾਲੀ ਤੇ ਨਵੀਂ ਪੀੜ੍ਹੀ ਦੀ ਨਾਰੀਵਾਦੀ ਸੋਚ ਦੇ ਚਿਹਨ ਨੂੰ ਵਰਤੋਂ ਵਿੱਚ ਲਿਆਉਂਦਾ ਹੈ। ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਦੁਆਰਾ ਆਪਣੀ ਵਿਲੱਖਣ ਹੋਂਦ ਸਥਾਪਿਤ ਕਰਨ ਦੀ ਪਿੱਠ-ਭੂਮੀ ਵਿੱਚ ਕਾਰਜਸ਼ੀਲ ਕਾਰਣਾਂ ਵਿੱਚ ਸਭ ਤੋਂ ਮੁੱਖ ਕਾਰਨ ਪਹਿਲੀ ਤੇ ਤੀਸਰੀ ਕਤਾਰ ਦੇ ਦੇਸ਼ਾਂ ਦੀਆਂ ਆਰਥਿਕ ਸਭਿਆਚਾਰਕ ਪ੍ਰਸਥਿਤੀਆਂ ਦੇ ਵਿਰੋਧੀ ਯਥਾਰਥਕ ਮਾਡਲ ਵਿੱਚ ਤਨਾਉ ਭੋਗਦੇ ਪਾਤਰਾਂ ਦੀ ਮਾਨਸਿਕਤਾ ਦਾ ਚਿਤਰਣ ਬਣਦਾ ਹੈ। ਪੱਛਮੀ ਦੇਸ਼ਾਂ ਦੀ ਲਚਕੀਲੀ ਵਿਆਹ-ਸੰਸਥਾ, ਸਟੇਟ ਦੀਆਂ ਖੁੱਲਾਂ ਵਾਲਾ ਕਾਨੂੰਨ, ਆਰਥਿਕ ਸਮ੍ਰਿਧੀ ਅਧੀਨ ਇਨ੍ਹਾਂ ਕੋਲ ਪਰਵਾਸੀ ਜ਼ਿੰਦਗੀ ਦਾ ਇੱਕ ਅਜਿਹਾ ਰੂਪ ਵਿਕਸਿਤ ਹੋ ਰਿਹਾ ਹੈ ਜਿਸ ਵਿੱਚ ਨਸਲੀ ਵਿਤਕਰੇ ਦਾ ਸ਼ਿਕਾਰ ਹੋਣ ਉਪਰੰਤ ਵੀ ਉਹ ਦੇਸ਼ ਵਾਪਸੀ ਨਹੀਂ ਕਰਨਾ ਚਾਹੁੰਦੇ। ਕਦਰਾਂ-ਕੀਮਤਾਂ ਦੇ ਭਿਆਨਕ ਟਕਰਾਉ ਦੇ ਬਾਵਜੂਦ ਵੀ ਇਨ੍ਹਾਂ ਕਹਾਣੀਕਾਰਾਂ ਦੁਆਰਾ ਸਿਰਜੇ ਪਾਤਰ ਜਿਸ ਕਿਸਮ ਦੇ ਗਤੀਸ਼ੀਲ ਵਰਤਾਰੇ ਦੀ ਗਵਾਹੀ ਭਰਦੇ ਹਨ, ਉਸ ਵਿੱਚੋਂ ਇਹ ਨਾਇਕ ਕਿਸੇ ਤੀਸਰੇ ਜੀਵਨ ਮਾਡਲ ਦੀ ਤਲਾਸ਼' ਚ ਨਜ਼ਰ ਆਉਂਦੇ ਹਨ। ਇਹ ਕਹਾਣੀਕਾਰ ਆਪਣੀ ਰਚਨਾ ਵਿੱਚ ਕੇਵਲ ਤਣਾਉ ਤੋਂ ਤਣਾਉ ਤੱਕ ਦਾ ਬਿਰਤਾਂਤ ਹੀ ਨਹੀਂ ਸਿਰਜਦੇ ਸਗੋਂ ਤਣਾਉ ਦੀ ਚਰਮ ਸੀਮਾ' ਤੇ ਪਹੁੰਚ ਕੇ ਕਥਾ-ਨਾਇਕ, ਨਾਇਕਾ ਨੂੰ ਇਸ ਤਰਾਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਕੋਲ ਸੰਭਾਵੀ ਜ਼ਿੰਦਗੀ ਦੇ ਕੁਝ ਹੋਰ ਪਲ ਵੀ ਬਕਾਇਆ ਹਨ।ਸਾਧੂ ਬਿਨਿੰਗ ਦੀ ਕਹਾਣੀ 'ਬਰਫ਼ ਦਾ ਗੀਤ' ਵਿਚ ਅਜਿਹਾ ਵਾਪਰਦਾ ਹੈ। ਪਰਵਾਸੀ ਪੰਜਾਬੀ ਕਹਾਣੀ ਦੇ ਕਾਵਿ-ਸ਼ਾਸਤਰ ਦੀ ਉਸਾਰੀ ਵਿੱਚ ਵਿਭਿੰਨ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 22-30

ਕਹਾਣੀਕਾਰਾਂ ਦੀ ਕਲਾ ਸਮਰੱਥਾ ਮੁਤਾਬਿਕ ਕਥਾ-ਸ਼ੈਲੀ ਦੀਆਂ ਆਪਣੀਆਂ ਕੁਝ ਵਿਸ਼ੇਸ਼ਤਾਵਾਂ, ਵਿਲੱਖਣਤਾਵਾਂ ਵੀ ਨਿਹਿਤ ਹਨ। ਮਿਸਾਲ ਦੇ ਤੌਰ' ਤੇ ਜਗਜੀਤ ਬਰਾੜ ਦਾ ਅਨੁਭਵ ਪ੍ਰਮਾਣਿਕ ਹੈ, ਉਸਦਾ ਪ੍ਰਗਟਾਉ ਜ਼ਿੰਦਗੀ ਦੇ ਹਾਂ-ਮੁਖੀ ਮੁੱਲਾਂ ਪ੍ਰਤਿ ਸੁਹਿਰਦ ਹੈ ਤੇ ਉਸਦੀ ਭਾਸ਼ਾ ਸਮਰੱਥਾਵਾਨ ਹੀ ਨਹੀਂ, ਪ੍ਰਤੀਕਾਤਮਕ ਵੀ ਹੈ। ਉਸਨੇ ਅਨੁਭਵਾਂ ਦੀ ਸਾਧਾਰਨ ਰਿਪੋਰਟਿੰਗ ਜਾਂ ਘਟਨਾਵਾਂ ਦੀ ਸਰਲ ਪੇਸ਼ਕਾਰੀ ਦੀ ਜਗ੍ਹਾ ਫੈਂਟਸੀ ਦੀ ਤਕਨੀਕ ਨੂੰ ਅਪਣਾਇਆ ਹੈ।

ਜਰਨੈਲ ਸਿੰਘ ਦੀ ਕਥਾ ਸ਼ੈਲੀ ਦੀ ਵਿਲੱਖਣਤਾ ਉਸ ਦੁਆਰਾ ਵਿਸਥਾਰਮਈ ਜਟਿਲ ਬਿਰਤਾਂਤ ਦੀ ਉਸਾਰੀ, ਪੂਰਬੀ ਤੇ ਪੱਛਮੀ ਚੇਤਨਾ ਦੇ ਅਨੁਸਾਰੀ ਹੀ ਮਿਸ਼ਰਤ ਰੂਪ ਵਾਲੇ ਮੁਹਾਵਰੇ ਦੀ ਵਰਤੋਂ, ਸਮਾਜਿਕ ਸਥਿਤੀਆਂ ਦੇ ਅਨੁਰੂਪ ਪਾਤਰਾਂ ਦੀ ਸਿਰਜਨਾ ਵਿੱਚ ਨਿਹਿਤ ਹੈ।ਕਾਵਿਕ-ਬਿਆਨ,ਅਛੋਹ ਖੇਤਰਾਂ ਦਾ ਦ੍ਰਿਸ਼- ਚਿਤਰਨ ਤੇ ਸਹਿਜ ਬਿਰਤਾਂਤ ਰਵਿੰਦਰ ਰਵੀ ਦੀ ਕਹਾਣੀ ਦੇ ਪ੍ਰਮੁੱਖ ਲੱਛਣ ਬਣਦੇ ਹਨ।ਅਮਨਪਾਲ ਸਾਰਾ ਆਪਣੀ ਉਤਰ-ਬਸਤੀਵਾਦੀ ਰਚਨਾ-ਦ੍ਰਿਸ਼ਟੀ ਰਾਹੀਂ ਗੋਰੇ-ਕਾਲੇ ਦੀਆਂ ਮਿੱਥਾਂ ਨੂੰ ਉਲੰਘ ਕੇ ਜੀਵਨ-ਯਥਾਰਥ ਦਾ ਬੋਧ ਕਰਾਉਣ ਹਿਤ ਜਟਿਲ ਬਿਰਤਾਂਤ ਦੀ ਸਿਰਜਨਾ ਕਰਦਾ ਹੈ। ਪੰਜਾਬੀ-ਅੰਗਰੇਜ਼ੀ ਦੇ ਮਿਸ਼ਰਿਤ ਸਰੂਪ ਵਾਲੇ ਮੁਹਾਵਰੇ ਦੀ ਵਰਤੋਂ ਦੇ ਨਾਲ-ਨਾਲ ਵਿਅੰਗ ਦੀ ਸਿਰਜਨਾ ਉਸ ਦੀਆਂ ਪ੍ਰਮੁੱਖ ਕਥਾ ਜੁਗਤਾਂ ਹਨ।ਸਾਧੂ ਬਿਨਿੰਗ ਜਟਿਲ ਬਿਰਤਾਂਤਕ ਸਿਰਜਨਾ ਕਰਦਾ ਹੈ। ਯਥਾਰਥਵਾਦੀ ਢੰਗ ਨਾਲ ਪਾਤਰਾਂ ਦਾ ਚਿਤਰਨ, ਯਥਾਰਥਕ ਦ੍ਰਿਸ਼ ਚਿਤਰਣ ਤੇ ਗੰਭੀਰ ਵਿਅੰਗ ਦੀ ਸਿਰਜਨਾ ਸਾਧੂ ਬਿਨਿੰਗ ਤੇ ਮੇਜਰ ਮਾਂਗਟ ਦੀ ਕਥਾ-ਸ਼ੈਲੀ ਦੀ ਖਾਸੀਅਤ ਬਣਦੇ ਹਨ। ਮੇਜਰ ਮਾਂਗਟ ਕਹਾਣੀ ਦੇ ਆਰੰਭ ਵਿੱਚ ਹੀ ਮੂਕ ਪ੍ਰਸ਼ਨ-ਵਿਧੀ ਪੈਦਾ ਕਰ ਦਿੰਦਾ ਹੈ ਤੇ ਪਾਠਕ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਅਜਿਹਾ ਕਿਉਂ ਹੈ? ਫਿਰ ਕਹਾਣੀ ਪਰਤ-ਦਰ-ਪਰਤ ਖੁਲਦੀ ਹੋਈ ਸੁਆਲਾਂ ਦੇ ਜਵਾਬ ਪ੍ਰਸਤੁਤ ਕਰਦੀ ਹੈ।ਪ੍ਰੋ. ਹਰਭਜਨ ਸਿੰਘ ਆਪਣੇ ਥੀਮ ਨੂੰ ਪ੍ਰਸਤੁੱਤ ਕਰਨ ਲਈ ਨਵੇਂ ਗਲਪੀ ਮੈਟਾਫ਼ਰਾਂ ਦੀ ਸਿਰਜਣਾ ਕਰਦਾ ਹੈ। ਇਸਦੇ ਨਾਲ ਹੀ ਬੌਧਿਕ ਵਿਚਾਰਧਾਰਕ ਗਹਿਰਾਈ ਉਸਦੀ ਬਿਰਤਾਂਤਕਾਰੀ ਦੀ ਪਿੱਠ ਭੂਮੀ ਵਿੱਚ ਕਾਰਜਸ਼ੀਲ ਦਿਖਾਈ ਦਿੰਦੀ ਹੈ ਜੋ ਉਸਦੀ ਰਚਨਾ ਵਿੱਚ ਨਵੀਨ ਕਿਸਮ ਦੀ ਤੀਬਰਤਾ ਤੇ ਰਫ਼ਤਾਰ ਵੀ ਪੈਦਾ ਕਰਦੀ ਹੈ। ਪਰਵੇਜ਼ ਸੰਧੂ ਨਿਵੇਕਲੇ ਬਿਰਤਾਂਤਕ ਅੰਦਾਜ਼ ਰਾਹੀਂ ਕਹਾਣੀ ਸਿਰਜਨਾ ਕਰਦਿਆਂ ਛੋਟੇ ਛੋਟੇ ਪ੍ਰਸੰਗਾਂ ਬਾਰੇ ਤਿੱਖੇ ਸੰਵਾਦ, ਤਨਜ਼ੀਆ ਟਿੱਪਣੀਆਂ ਦੀ ਵਰਤੋਂ ਵੀ ਕਰਦੀ ਹੈ।

ਨਿਸ਼ਕਰਸ਼

ਇਸ ਤਰ੍ਹਾਂ ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਲਗਭਗ ਪੰਜ ਦਹਾਕਿਆਂ ਦੇ ਕਾਲ-ਅੰਤਰਾਲ ਵਿੱਚ ਫ਼ੈਲੀ ਇਹ ਪੰਜਾਬੀ ਕਹਾਣੀ ਪਰਿਵਰਤਿਤ ਹੋ ਰਹੀਆਂ ਵਿਭਿੰਨ ਪ੍ਰਸਥਿਤੀਆਂ ਦੇ ਸਮਾਂਨਾਤਰ ਹੀ ਨਿਰੰਤਰ ਗਤੀਸ਼ੀਲ ਨਜ਼ਰ ਆਉਂਦੀ ਹੈ। ਇਹ ਕਹਾਣੀ ਰਚਨਾ-ਦ੍ਰਿਸ਼ਟੀ, ਰਚਨਾ-ਵਿਧੀ, ਪਾਠਕ ਚੇਤਨਾ ਵਿੱਚ ਵਾਪਰ ਰਹੇ

ਪਰਿਵਰਤਨਾਂ ਨੂੰ ਉਚਿਤ ਤੇ ਨਿਵੇਕਲੇ ਗਲਪ-ਪ੍ਰਯੋਗਾਂ ਰਾਹੀਂ ਪ੍ਰਸਤੁਤ ਕਰਦੀ ਹੋਈ ਜਿੱਥੇ ਆਪਣੀ ਕਲਾਤਮਕ ਸਮਰੱਥਾ ਨੂੰ ਪ੍ਰਮਾਣਿਤ ਕਰ ਰਹੀ ਹੈ ਉਥੇ ਪੰਜਾਬੀ ਕਹਾਣੀ ਨੂੰ ਇਕ ਨਵੀਨ ਦਿਸ਼ਾ ਤੇ ਵਿਸਥਾਰ ਵੀ ਪ੍ਰਦਾਨ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਪੁਸਤਕ-ਸੂਚੀ

1. ਕੌਰ,ਅਕਾਲ ਅੰਮ੍ਰਿਤ (2006),ਪੰਜਾਬੀ ਗਲਪ:ਪਰਵਾਸੀ ਸਭਿਆਚਾਰ,ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
2. ਸਿੰਘ,ਸੁਰਿੰਦਰਪਾਲ(ਸੰਪਾ.)(1993),ਬਦੇਸ਼ੀ ਪੰਜਾਬੀ ਸਾਹਿਤ,ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ।
3. ਸਿੰਘ,ਗੁਰਭਗਤ(1995), ਕਾਵਿ-ਸ਼ਾਸਤਰ,ਦੇਹ ਅਤੇ ਕ੍ਰਾਂਤੀ,ਵਿਚਾਰ ਪ੍ਰਕਾਸ਼ਨ,ਸੰਗਰੂਰ।
4. ਨਹਿਰੂ,ਜੁਗਿੰਦਰ ਸਿੰਘ(1998),ਕਨੇਡਾ ਵਿਚ ਪੰਜਾਬੀ ਸਭਿਆਚਾਰ,ਲੋਕਾਇਤ ਪ੍ਰਕਾਸ਼ਨ,ਚੰਡੀਗੜ੍ਹ।
5. ਬੇਦੀ,ਹਰਚੰਦ ਸਿੰਘ(1998),ਪਾਠ ਤੇ ਪ੍ਰਸੰਗ:ਪਰਵਾਸੀ ਪੰਜਾਬੀ ਕਹਾਣੀ,ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ।
6. ਧਾਲੀਵਾਲ,ਬਲਦੇਵ ਸਿੰਘ(ਜੁਲਾਈ-ਸਤੰਬਰ 2022)ਕਾਵਿ-ਸ਼ਾਸਤਰ(ਪਰਵਾਸ ਅਤੇ ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ),ਕਿਤਾਬ ਘਰ,ਫਗਵਾੜਾ।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 31-42

ਬਹੁ ਸਭਿਆਚਾਰਵਾਦ ਅਤੇ ਗੁਰਮੀਤ ਪਨਾਗ ਦਾ ਕਥਾ ਜਗਤ

ਡਾ. ਪਰਮਜੀਤ ਕੌਰ ਸਿੱਧੂ
ਐਸੋਸੀਏਟ ਪ੍ਰੋਫੈਸਰ, ਸਕੂਲ ਆਫ਼ ਪੰਜਾਬੀ ਸਟੱਡੀਜ਼,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਅਬਸਟ੍ਰੈਕਟ

ਬਹੁ ਸਭਿਆਚਾਰਵਾਦ ਭਿੰਨ-ਭਿੰਨ ਲੋਕਾਂ ਦੇ ਜੀਵਨ-ਢੰਗ, ਰਹਿਣ-ਸਹਿਣ ਅਤੇ ਸਭਿਆਚਾਰਕ ਵਰਤਾਰਿਆਂ ਨੂੰ ਸਮਝਣ ਵਾਲਾ ਮਹੱਤਵਪੂਰਨ ਸੰਕਲਪ ਹੈ। ਇਹ ਵਿਭਿੰਨ ਨਸਲਾਂ, ਕੌਮਾਂ ਅਤੇ ਧਰਮਾਂ ਦੀ ਵੱਖਰੀ ਸਭਿਆਚਾਰਕ ਪਛਾਣ ਨੂੰ ਪ੍ਰਵਾਨਤਾ ਦਿੰਦਾ ਹੈ ਅਤੇ ਕਿਸੇ ਇਕ ਭਾਰੂ ਸਭਿਆਚਾਰ ਦੀ ਸਰਵਉੱਚਤਾ ਦਾ ਵਿਰੋਧ ਕਰਦਾ ਹੈ। ਇਕੀਵੀਂ ਸਦੀ ਦੇ ਗਲੋਬਲੀਕਰਨ ਅਤੇ ਪਰਵਾਸ ਦੇ ਦੌਰ ਵਿੱਚ ਵੱਖ-ਵੱਖ ਸੱਭਿਆਚਾਰਾਂ ਦੇ ਆਪਸੀ ਸੰਪਰਕ ਨੇ ਮਨੁੱਖੀ ਜੀਵਨ ਨੂੰ ਨਵੇਂ ਸਮਾਜਿਕ ਅਤੇ ਸਭਿਆਚਾਰਕ ਸੰਦਰਭ ਪ੍ਰਦਾਨ ਕੀਤੇ ਹਨ। ਅਜਿਹੀ ਸਥਿਤੀ ਵਿੱਚ ਬਹੁ ਸਭਿਆਚਾਰਵਾਦ ਦੀ ਧਾਰਨਾ ਹੋਰ ਵਧੇਰੇ ਮਹੱਤਵਪੂਰਨ ਬਣ ਜਾਂਦੀ ਹੈ, ਕਿਉਂਕਿ ਇਹ ਘੱਟ-ਗਿਣਤੀ ਸਮੂਹਾਂ ਦੀ ਸਭਿਆਚਾਰਕ ਅਸਮਿਤਾ, ਮਨੁੱਖੀ ਅਧਿਕਾਰਾਂ ਅਤੇ ਸਹਿ-ਹੋਂਦ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ। ਪੰਜਾਬੀ ਪ੍ਰਵਾਸੀ ਸਾਹਿਤ ਵਿੱਚ ਇਹ ਚੇਤਨਾ ਵਿਸ਼ੇਸ਼ ਤੌਰ 'ਤੇ ਪ੍ਰਗਟ ਹੁੰਦੀ ਹੈ। ਸਮਕਾਲੀ ਪ੍ਰਵਾਸੀ ਪੰਜਾਬੀ ਕਥਾਕਾਰਾ ਗੁਰਮੀਤ ਪਨਾਗ ਆਪਣੀਆਂ ਕਹਾਣੀਆਂ ਰਾਹੀਂ ਨਸਲਵਾਦ, ਸਭਿਆਚਾਰਕ ਪਛਾਣ, ਮਨੁੱਖੀ ਸੰਘਰਸ਼, ਪ੍ਰਵਾਸੀ ਜੀਵਨ ਅਤੇ ਬਹੁਸਭਿਆਚਾਰਕ ਸਮਾਜ ਦੇ ਅੰਦਰ ਮੌਜੂਦ ਅਸਮਾਨਤਾਵਾਂ ਨੂੰ ਗੰਭੀਰਤਾ ਨਾਲ ਉਭਾਰਦੀ ਹੈ। ਹੱਥਲੇ ਖੋਜ-ਪੱਤਰ ਵਿੱਚ ਗੁਰਮੀਤ ਪਨਾਗ ਦੇ ਕਥਾ-ਜਗਤ ਨੂੰ ਬਹੁ ਸਭਿਆਚਾਰਵਾਦ ਦੇ ਸੰਦਰਭ ਵਿੱਚ ਵਿਚਾਰਿਆ ਗਿਆ ਹੈ।

ਕੀ-ਵਰਡ : ਬਹੁ ਸਭਿਆਚਾਰਵਾਦ, ਨਸਲਵਾਦ, ਰੈਜ਼ੀਡੈਂਸ਼ੀਅਲ , ਸਮਾਨਤਾ, ਰਹੁ-ਰੀਤਾਂ, ਉਤਰ ਆਧੁਨਿਕਤਾ।

ਬਹੁ ਸਭਿਆਚਾਰਵਾਦ (Multiculturalism) ਇਕ ਅਜਿਹਾ ਸੰਕਲਪ ਹੈ ਜਿਹੜਾ ਵੱਖੋ-ਵੱਖਰੇ ਧਰਮਾਂ, ਨਸਲਾਂ, ਜਾਤਾਂ ਦੀਆਂ ਆਪਸੀ ਸਾਂਝਾ ਅਤੇ ਵਿਭਿੰਨਤਾਵਾਂ ਦੀ ਨਿਸ਼ਾਨਦੇਹੀ ਕਰਵਾਉਂਦਾ ਹੈ। ਬਹੁ-ਸਭਿਆਚਾਰਵਾਦ ਦੇ ਅਧਿਐਨ ਖੇਤਰ ਵਿਚ ਕਿਸੇ ਵੀ ਸਭਿਆਚਾਰ ਦੇ ਵਿਕਾਸ ਪੱਖਾਂ ਅਤੇ ਉਸ ਸਭਿਆਚਾਰ ਦੀ ਵਿਕਾਸ ਗਤੀ ਨੂੰ ਸਮਝਿਆ ਜਾਂਦਾ ਹੈ। ਦਰਅਸਲ "ਬਹੁ-ਸਭਿਆਚਾਰਵਾਦ ਦਾ ਸੰਬੰਧ ਸਮਾਨਤਾ ਦੇ ਮੁੱਦੇ ਨਾਲ ਹੈ। ਇਸ ਦੀ ਮੰਗ

ਹੈ ਕਿ ਵਿਭਿੰਨ ਕੌਮਾਂ, ਸਮੁਦਾਇ ਤੇ ਫ਼ਿਰਕੇ ਸ਼ਾਂਤੀ ਨਾਲ ਇਕੱਠੇ ਰਹਿਣ। ਇਹ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਸਮਾਜਿਕ ਖੇਤਰਾਂ ਅੰਦਰ ਇਕ ਦੂਜੇ ਨੂੰ ਸਹਿਯੋਗ ਦੇਣ।"[1]

ਇਸ ਸੰਕਲਪ ਦੀ ਚੇਤਨਾ ਨਾਲ ਘੱਟ-ਗਿਣਤੀ ਸਮੂਹਾਂ ਨੇ ਆਪਣੀ-ਆਪਣੀ ਸਭਿਆਚਾਰਕ ਪਛਾਣ ਨੂੰ ਸਮਝਣ ਅਤੇ ਮੁੜ ਸੁਰਜੀਤ ਕਰਨ ਲਈ ਯਤਨ ਆਰੰਭੇ ਹਨ। ਬਹੁ ਸਭਿਆਚਾਰਵਾਦ ਦੀ ਧਾਰਨਾ ਇਹ ਹੈ ਕਿ ਇਹਨਾਂ ਘੱਟ ਗਿਣਤੀ ਸਮੂਹਾਂ ਦੇ ਸਭਿਆਚਾਰ ਨੂੰ ਵਿਰੋਧੀ ਧਿਰ ਸਮਝਦਿਆਂ ਵਿਤਕਰੇ ਦੀ ਭਾਵਨਾ ਨਾ ਰੱਖੀ ਜਾਵੇ ਸਗੋਂ ਭਾਰੂ ਸਭਿਆਚਾਰ ਵਾਂਗ ਇਹਨਾਂ ਨੂੰ ਵੀ ਉਨੀ ਹੀ ਮਹੱਤਤਾ ਦਿੱਤੀ ਜਾਵੇ। ਇਹਨਾਂ ਹਾਸ਼ੀਆਗਤ ਸਮੂਹਾਂ ਦੇ ਸਭਿਆਚਾਰ ਪ੍ਰਤੀ ਸਕਾਰਾਤਮਕ ਸੋਚ ਅਪਣਾਉਣੀ ਲਾਜ਼ਮੀ ਹੈ ਕਿਉਂਕਿ ਇਹ ਸਮੂਹ ਵੀ ਸਮਾਜਿਕ ਵਿਕਾਸ ਵਿਚ ਆਪਣੀ ਬਣਦੀ ਭੂਮਿਕਾ ਨਿਭਾਉਂਦੇ ਹਨ। ਇਹ ਸਿਧਾਂਤ ਉੱਤਰ ਆਧੁਨਿਕਤਾ ਦੇ ਸੰਕਲਪ ਦੀ ਪੈਰਵੀ ਕਰਦਿਆਂ ਇਸ ਮੁੱਦੇ ਦੁਆਲੇ ਕੇਂਦਰਿਤ ਹੈ ਕਿ ਸਭਿਆਚਾਰਕ ਵਿਭਿੰਨਤਾਵਾਂ ਨੂੰ ਪਹਿਲ ਦਿੱਤੀ ਜਾਵੇ ਅਤੇ ਸਮਾਜ ਨੂੰ ਇਕ ਰੰਗਾ ਹੋਣ ਤੋਂ ਰੋਕਿਆ ਜਾਵੇ। ਇਸ ਨਾਲ ਘੱਟ ਗਿਣਤੀ ਵਰਗਾਂ ਦੀ ਸਭਿਆਚਾਰਕ ਪਛਾਣ ਦੇ ਗੁਆਚ ਜਾਣ ਦਾ ਤੌਖ਼ਲਾ ਨਹੀਂ ਰਹੇਗਾ। ਵੱਖ-ਵੱਖ ਸਭਿਆਚਾਰਾਂ ਦੇ ਲੋਕ ਜਦੋਂ ਕਿਸੇ ਇਕੋ ਸਮਾਜਿਕ ਘੇਰੇ ਵਿਚ ਵਿਚਰਦੇ ਹਨ ਤਾਂ ਉਹ ਆਪਸੀ ਆਦਾਨ-ਪ੍ਰਦਾਨ ਰਾਹੀਂ ਇਕ ਦੂਜੇ ਕੋਲੋਂ ਬਹੁਤ ਕੁਝ ਗ੍ਰਹਿਣ ਕਰਦੇ ਹਨ। ਇਸ ਪ੍ਰਕਿਰਿਆ ਦੌਰਾਨ ਘੱਟ ਗਿਣਤੀ ਸਮੂਹਾਂ ਨੂੰ ਆਪਣੀ ਵੱਖਰੀ ਸਭਿਆਚਾਰਕ ਪਛਾਣ ਬਣਾਈ ਰੱਖਣ ਲਈ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਪੜਾਅ 'ਤੇ ਪਹੁੰਚ ਕੇ ਲਘੂ ਸਭਿਆਚਾਰਕ ਇਕਾਈ ਦੇ ਮੈਂਬਰਾਂ ਦੀ ਪਛਾਣ ਦਾ ਸੰਕਟ ਪੈਦਾ ਹੋ ਜਾਂਦਾ ਹੈ । "ਸਭਿਆਚਾਰ ਰੂਪਾਂਤਰਣ ਦੇ ਵਿਸ਼ੇਸ਼ ਪ੍ਰਸੰਗ ਵਿਚ ਬਦਲਦੀ ਮਨੁੱਖੀ ਪਛਾਣ ਦੇ ਸੰਕਟ ਦਾ ਅਧਿਐਨ ਕਰਨ ਵਾਲੀ ਚਿੰਤਨ ਪ੍ਰਣਾਲੀ ਨੂੰ ਬਹੁ ਸਭਿਆਚਾਰਵਾਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ।"[2] ਉਨ੍ਹੀਵੀਂ ਸਦੀ ਵਿਚ ਬਰਤਾਨਵੀ ਬਸਤੀਵਾਦੀ ਸਾਮਰਾਜ ਦੇ ਤੀਜੇ ਸੰਸਾਰ ਨਾਲ ਸੰਪਰਕ ਹੋਣ ਨਾਲ ਬਹੁ ਸਭਿਆਚਾਰਵਾਦ ਦਾ ਸੰਕਲਪ ਹੋਂਦ ਵਿਚ ਆਉਂਦਾ ਹੈ। ਤਾਕਤਵਰ ਬਸਤੀਵਾਦੀ ਧਿਰ ਵੱਲੋਂ ਘੱਟ ਗਿਣਤੀ ਸਭਿਆਚਾਰ ਦੇ ਲੋਕਾਂ 'ਤੇ ਆਪਣੀ ਕਲਚਰਲ ਹੈਜਮਨੀ ਸਥਾਪਿਤ ਕਰਨ ਦੇ ਸਿਰਤੋੜ ਯਤਨ ਹੋਏ। ਇਹ ਵਰਤਾਰਾ ਬਸਤੀ ਬਣੇ ਤਕਰੀਬਨ ਹਰ ਦੇਸ਼ ਵਿਚ ਵੇਖਿਆ ਜਾ ਸਕਦਾ ਹੈ। ਇਕ ਪਾਸੇ ਬਸਤੀਵਾਦੀ ਤਾਕਤਾਂ ਦਾ ਗੁਲਾਮ ਬਣਾਏ ਸੱਭਿਆਚਾਰਾਂ ਨੂੰ ਆਪਣੇ ਵਰਗਾ ਬਣਾਉਣ ਦਾ ਯਤਨ ਅਤੇ ਦੂਜੇ ਪਾਸੇ ਘੱਟ ਗਿਣਤੀ ਜਾਂ ਗੁਲਾਮ ਬਣਾਏ ਲੋਕਾਂ ਦੁਆਰਾ ਆਪਣੀ ਵੱਖਰੀ ਸ਼ਨਾਖਤ ਬਣਾਈ ਰੱਖਣ ਲਈ ਇਸ ਦਾ ਵਿਰੋਧ-ਇਹ ਨਾਲ-ਨਾਲ ਚਲਦਾ ਹੈ। ਇਸ ਵਿਰੋਧ ਵਿਚ ਸਭਿਆਚਾਰਕ ਅਤੇ ਨਸਲੀ ਵਿਤਕਰੇ ਵਿਰੁੱਧ ਪ੍ਰਤਿਰੋਧ ਸ਼ਾਮਿਲ ਸੀ। ਬਰਤਾਨਵੀ ਬਸਤੀਵਾਦੀ ਸਾਮਰਾਜ ਦੀ ਵੀ ਨੀਤੀ ਸੀ ਕਿ ਬਸਤੀਆਂ ਬਣਾਏ ਦੇਸ਼ਾਂ ਦੇ ਲੋਕਾਂ ਦਾ ਹੌਲੀ-ਹੌਲੀ ਅੰਗਰੇਜ਼ੀਕਰਨ ਕੀਤਾ ਜਾਵੇ, ਪਰ ਗੁਲਾਮ ਬਣੇ ਦੇਸ਼ਾਂ ਦੇ ਲੋਕਾਂ ਨੇ ਇਸ ਗੱਲ ਦਾ ਵਿਰੋਧ ਕਰਦਿਆਂ ਆਪਣੀ ਮੂਲ ਪਛਾਣ ਲਈ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 31-42

ਸੰਘਰਸ਼ ਕਰਨੇ ਸ਼ੁਰੂ ਕਰ ਦਿੱਤੇ। ਇਸ ਉਪਰੰਤ ਅਮਰੀਕਾ ਵਿਚ ਵੀ ਨਸਲਵਾਦ ਦੇ ਵਿਰੁੱਧ ਅਫ਼ਰੀਕੀ ਮੂਲ ਦੇ ਗ਼ੁਲਾਮਾਂ ਅਤੇ ਨੇਟਿਵਾਂ ਨੇ ਆਵਾਜ਼ਾਂ ਉਠਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸ ਵਕਤ ਨਸਲਵਾਦ ਜਾਂ 'ਐਥਨਿਕ' ਸ਼ਬਦ ਵੱਖ-ਵੱਖ ਸਭਿਆਚਾਰਕ ਸਮੂਹਾਂ ਦੀ ਨਸਲੀ ਭਿੰਨਤਾ ਦਾ ਵਰਣਨ ਕਰਨ ਦੇ ਉਦੇਸ਼ ਨਾਲ ਵਰਤਿਆ ਜਾਣ ਲੱਗਾ। ਸਭਿਆਚਾਰਕ ਭਿੰਨਤਾ ਨੂੰ ਪ੍ਰਗਟਾਉਂਦੇ ਰਹੇ ਬਹੁਤ ਸਾਰੇ ਸੰਕਲਪਾਂ ਦੀਆਂ ਅਰਥ-ਸੀਮਾਵਾਂ ਨੂੰ ਸਮਝਦਿਆਂ ਬਾਅਦ ਵਿਚ ਬਹੁ ਸਭਿਆਚਾਰਵਾਦ ਸ਼ਬਦ ਨੂੰ ਵਧੇਰੇ ਵਰਤਿਆ ਜਾਣ ਲੱਗਾ।[3]

ਬਹੁ ਸਭਿਆਚਾਰਵਾਦ ਦੇ ਸੰਕਲਪ ਅਨੁਸਾਰ ਹਰ ਛੋਟਾ ਵੱਡਾ ਸਭਿਆਚਾਰਕ ਸਮੂਹ ਆਪਣੀ ਮੂਲ ਪਛਾਣ ਨੂੰ ਕਾਇਮ ਰੱਖਦੇ ਹੋਏ ਭਾਰੂ ਸਭਿਆਚਾਰ ਵਿਚ ਰਹਿ ਸਕਦਾ ਹੈ। ਇਸ ਦਾ ਮਕਸਦ ਵਿਭਿੰਨ ਸਭਿਆਚਾਰਾਂ ਨੂੰ ਲੋਕਤੰਤਰ ਵਿਚ ਸਾਰੀਆਂ ਜਨਤਕ ਥਾਵਾਂ ਉੱਪਰ ਸਮਾਨਤਾ ਦਾ ਅਧਿਕਾਰ ਦੇਣਾ ਹੈ। ਬਹੁ ਸਭਿਆਚਾਰਵਾਦ ਕਿਸੇ ਇਕ ਸਭਿਆਚਾਰਕ ਸਰੂਪ ਜਾਂ ਸਾਰੇ ਮਨੁਖਾਂ ਦੀ ਸਭਿਆਚਾਰਕ ਇਕਸਾਰਤਾ ਉੱਪਰ ਬਲ ਨਹੀਂ ਦਿੰਦਾ ਸਗੋਂ ਇਹ ਵਿਸ਼ੇਸ਼ ਕਿਸਮ ਦੇ ਸਭਿਆਚਾਰਕ ਵਖਰੇਵਿਆਂ ਨੂੰ ਸਾਧਨ ਮੁਹੱਈਆ ਕਰਵਾਉਣ ਦੀ ਮੰਗ ਕਰਦਾ ਹੈ। ਇਸ ਦੀ ਮੰਗ ਹੈ ਕਿ ਵਿਭਿੰਨ ਕੌਮਾਂ, ਜਾਤਾਂ, ਸਮੁਦਾਇਆਂ, ਫਿਰਕਿਆਂ ਵਿਚ ਸੰਪੂਰਨ ਰੂਪ ਵਿਚ ਸ਼ਾਂਤੀ ਬਣੀ ਰਹੇ ਅਤੇ ਉਹ ਸਹਿ-ਹੋਂਦ ਵਿਚ ਵਿਚਰਨ। ਬਹੁਸਭਿਆਚਾਰ ਦੇ ਅਧਿਐਨ ਖੇਤਰ ਵਿਚ ਮਨੁੱਖੀ ਪਛਾਣਾਂ ਦੇ ਪ੍ਰਸੰਗ ਵਿਚ ਨਸਲ, ਰੰਗ, ਭਾਸ਼ਾ ਅਤੇ ਜਾਤੀ ਦੇ ਆਪਸੀ ਸੰਬੰਧਾਂ ਅਤੇ ਵਖਰੇਵਿਆਂ ਨੂੰ ਵਿਚਾਰਿਆ ਜਾਂਦਾ ਹੈ। ਬਹੁ ਸਭਿਆਚਾਰਵਾਦ ਇਕ ਸਭਿਆਚਾਰ ਅੰਦਰ ਅਨੇਕਾਂ ਸੱਭਿਆਚਾਰਾਂ ਦੀ ਹੋਂਦ ਅਤੇ ਉਹਨਾਂ ਅਨੇਕਾਂ ਸੱਭਿਆਚਾਰਾਂ ਨੂੰ ਸਮਾਨਤਾ ਦੇਣ ਨਾਲ ਸੰਬੰਧਿਤ ਹੈ। ਬਹੁ ਸਭਿਆਚਾਰਵਾਦ ਮਨੁੱਖੀ ਸਮਾਜ ਨੂੰ ਹੋਰ ਵਧੇਰੇ ਸਹਿਣਸ਼ੀਲ ਅਤੇ ਸੰਵੇਦਨਸ਼ੀਲ ਬਣਾਉਣ ਦੀ ਧਾਰਨਾ ਹੈ। ਇਹ ਮਨੁੱਖੀ ਗੌਰਵ ਅਤੇ ਸਭਿਆਚਾਰਕ ਸਨਮਾਨ ਨੂੰ ਕੇਂਦਰ ਵਿਚ ਰੱਖਦਾ ਹੈ। ਸਭਿਆਚਾਰਕ ਵਿਭਿੰਨਤਾ ਮਨੁੱਖੀ ਸਭਿਆਚਾਰ ਦੀ ਧਰੋਹਰ ਹੈ। ਵੱਖ-ਵੱਖ ਭਾਸ਼ਾਵਾਂ, ਰਸਮਾਂ-ਰਿਵਾਜ਼ਾਂ ਅਤੇ ਜੀਵਨ-ਮੁੱਲਾਂ ਵਾਲੇ ਲੋਕ ਜਦੋਂ ਇਕੱਠੇ ਰਹਿੰਦੇ ਹਨ ਤਾਂ ਸਮਾਜ ਹੋਰ ਵਧੇਰੇ ਸਮ੍ਰਿੱਧ ਬਣਦਾ ਹੈ। ਕੋਈ ਵੀ ਸਭਿਆਚਾਰ ਆਪਣੇ ਆਪ ਵਿੱਚ ਸੰਪੂਰਨ ਨਹੀਂ ਹੁੰਦਾ। ਹਰ ਸਭਿਆਚਾਰ ਦੂਜੇ ਸੱਭਿਆਚਾਰਾਂ ਨਾਲ ਸੰਵਾਦ ਰਾਹੀਂ ਵਿਕਸਤ ਹੁੰਦਾ ਹੈ। ਇਸ ਲਈ ਸਭਿਆਚਾਰਕ ਵਿਭਿੰਨਤਾ ਨੂੰ ਖਤਮ ਕਰਨ ਦੀ ਬਜਾਏ ਉਸਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਬਹੁ ਸਭਿਆਚਾਰਵਾਦ ਇਸ ਵਿਭਿੰਨਤਾ ਨੂੰ ਸਵੀਕਾਰ ਕਰਦਿਆਂ ਸਾਂਝੇ ਜੀਵਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ। ਬਹੁ ਸਭਿਆਚਾਰਵਾਦ ਸਮਾਜ ਵਿੱਚ ਵੱਖ-ਵੱਖ ਭਾਈਚਾਰਿਆਂ ਵਿਚਕਾਰ ਸੰਵਾਦ ਅਤੇ ਸਹਿਯੋਗ ਨੂੰ ਵਧਾਉਂਦਾ ਹੈ। ਇਹ ਮਨੁੱਖ ਨੂੰ ਆਪਣੀ ਪਛਾਣ ਕਾਇਮ ਰੱਖਦਿਆਂ ਹੋਰਾਂ ਦੀ ਪਛਾਣ ਦਾ ਸਤਿਕਾਰ ਕਰਨਾ ਸਿਖਾਉਂਦਾ ਹੈ। ਇਹ ਸੰਕਲਪ ਆਪਣੀ ਸਭਿਆਚਾਰਕ ਹੋਂਦ-ਹਸਤੀ ਅਤੇ ਸਭਿਆਚਾਰਕ ਪਛਾਣ ਨੂੰ ਜਿਉਂਦੇ ਰੱਖਣ ਲਈ ਰਾਜਨੀਤਕ ਅਤੇ ਸਮਾਜਿਕ ਬਰਾਬਰੀ ਦੀ ਮੰਗ ਕਰਦਾ ਹੈ।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 31-42

ਇਸ ਤਰ੍ਹਾਂ ਬਹੁ ਸਭਿਆਚਾਰਵਾਦ ਆਧੁਨਿਕ ਯੁੱਗ ਵਿੱਚ ਇੱਕ ਮਹੱਤਵਪੂਰਨ ਵਿਚਾਰਧਾਰਾ ਵਜੋਂ ਸਥਾਪਿਤ ਹੋਇਆ ਹੈ। ਇਹ ਵਿਭਿੰਨਤਾ ਨੂੰ ਸਵੀਕਾਰ ਕਰਦਿਆਂ ਮਨੁੱਖੀ ਸਾਂਝ ਅਤੇ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ। ਬਹੁ ਸਭਿਆਚਾਰਵਾਦ ਦੇ ਸੰਦਰਭ ਵਿੱਚ ਮਨੁੱਖੀ ਅਧਿਕਾਰਾਂ ਦੀ ਚਰਚਾ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ। ਹਰ ਮਨੁੱਖ ਨੂੰ ਆਪਣੀ ਭਾਸ਼ਾ, ਧਰਮ, ਸਭਿਆਚਾਰ ਅਤੇ ਜੀਵਨ-ਪ੍ਰਣਾਲੀ ਨੂੰ ਕਾਇਮ ਰੱਖਣ ਦਾ ਅਧਿਕਾਰ ਹੈ। ਇਹ ਧਾਰਨਾ ਸਮਾਜ ਵਿੱਚ ਸਮਾਨਤਾ ਅਤੇ ਸਹਿ-ਹੋਂਦ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ।

ਬਹੁ ਸਭਿਆਚਾਰਵਾਦ ਸਿਰਫ਼ ਸਭਿਆਚਾਰਕ ਧਾਰਨਾ ਨਹੀਂ, ਸਗੋਂ ਇੱਕ ਸਮਾਜਿਕ ਅਤੇ ਰਾਜਨੀਤਿਕ ਚੇਤਨਾ ਵੀ ਹੈ, ਜੋ ਵੱਖ-ਵੱਖ ਸਮੂਹਾਂ ਵਿਚਕਾਰ ਸੰਵਾਦ ਅਤੇ ਆਪਸੀ ਸਮਝ ਨੂੰ ਉਤਸ਼ਾਹਿਤ ਕਰਦੀ ਹੈ। ਇਸ ਨਾਲ ਸਮਾਜ ਵਿੱਚ ਟਕਰਾਅ ਦੀ ਬਜਾਏ ਸਹਿਯੋਗ ਦੀ ਭਾਵਨਾ ਵਿਕਸਤ ਹੁੰਦੀ ਹੈ। ਵਰਤਮਾਨ ਗਲੋਬਲੀ ਦੌਰ ਵਿਚ ਵੱਖ-ਵੱਖ ਦੇਸ਼ਾਂ ਅਤੇ ਸੱਭਿਆਚਾਰਾਂ ਵਿਚਕਾਰ ਸੰਪਰਕ ਵਧਿਆ ਹੈ। ਇਸ ਕਾਰਨ ਸਭਿਆਚਾਰਕ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਤੇਜ਼ ਹੋਈ ਹੈ। ਵਿਭਿੰਨ ਸੱਭਿਆਚਾਰਾਂ ਦੇ ਲੋਕ ਇਕ ਦੂਜੇ ਨਾਲ ਅੰਤਰ ਸੰਬੰਧਿਤ ਹੁੰਦੇ, ਇਕ ਦੂਜੇ 'ਤੇ ਅੰਤਰ ਨਿਰਭਰ ਹੋ ਕੇ ਇਕ ਦੂਜੇ ਦਾ ਪ੍ਰਭਾਵ ਕਬੂਲਦੇ, ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਇਕ ਦੂਜੇ ਵਿਚ ਰਲ-ਗੱਡ ਹੋ ਰਹੇ ਹਨ। ਬਹੁ ਸਭਿਆਚਾਰਵਾਦ ਇਸ ਪਰਸਪਰ ਸੰਪਰਕ ਨੂੰ ਰਚਨਾਤਮਕ ਰੂਪ ਵਿੱਚ ਵੇਖਦਾ ਹੈ। ਕਈ ਵਾਰ ਸਭਿਆਚਾਰਕ ਟਕਰਾਅ ਅਤੇ ਅਸਹਿਣਸ਼ੀਲਤਾ ਸਮਾਜ ਵਿੱਚ ਤਣਾਅ ਪੈਦਾ ਕਰਦੇ ਹਨ। ਬਹੁ ਸਭਿਆਚਾਰਵਾਦ ਇਨ੍ਹਾਂ ਸਮੱਸਿਆਵਾਂ ਦਾ ਹੱਲ ਆਪਸੀ ਸਤਿਕਾਰ ਅਤੇ ਸੰਵਾਦ ਰਾਹੀਂ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਵਰਤਮਾਨ ਦੌਰ ਵਿੱਚ ਪ੍ਰਵਾਸ ਅਤੇ ਵਿਸ਼ਵੀਕਰਨ ਦੇ ਵਰਤਾਰੇ ਨੇ ਬਹੁ ਸਭਿਆਚਾਰਵਾਦ ਨੂੰ ਹੋਰ ਵਧੇਰੇ ਪ੍ਰਸੰਗਿਕ ਬਣਾ ਦਿੱਤਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਰਹਿੰਦੇ ਲੋਕ ਆਪਣੀਆਂ ਸਭਿਆਚਾਰਕ ਪਰੰਪਰਾਵਾਂ ਨੂੰ ਨਵੇਂ ਸੰਦਰਭਾਂ ਵਿੱਚ ਜੀਉਂਦੇ ਹਨ। ਇਸ ਕਾਰਨ ਸਭਿਆਚਾਰਕ ਅਨੁਭਵਾਂ ਵਿੱਚ ਵਿਭਿੰਨਤਾ ਆਉਂਦੀ ਹੈ। ਸਾਹਿਤ ਬਹੁਸਭਿਆਚਾਰਵਾਦੀ ਚੇਤਨਾ ਦਾ ਮਹੱਤਵਪੂਰਨ ਮਾਧਿਅਮ ਹੈ। ਸਾਹਿਤਕਾਰ ਆਪਣੇ ਸਮਾਜਿਕ ਅਤੇ ਸਭਿਆਚਾਰਕ ਅਨੁਭਵਾਂ ਨੂੰ ਰਚਨਾਤਮਕ ਰੂਪ ਵਿੱਚ ਪੇਸ਼ ਕਰਦੇ ਹਨ। ਇਸ ਪ੍ਰਕਿਰਿਆ ਰਾਹੀਂ ਵੱਖ-ਵੱਖ ਸੱਭਿਆਚਾਰਾਂ ਵਿਚਕਾਰ ਸਮਝ ਅਤੇ ਸੰਵਾਦ ਦੀ ਸੰਭਾਵਨਾ ਪੈਦਾ ਹੁੰਦੀ ਹੈ। ਪੰਜਾਬੀ ਸਾਹਿਤ ਵਿੱਚ ਬਹੁਸਭਿਆਚਾਰਵਾਦੀ ਚੇਤਨਾ ਮਨੁੱਖੀ ਸਮਾਨਤਾ ਅਤੇ ਸਾਂਝੀਵਾਲਤਾ ਦੇ ਰੂਪ ਵਿੱਚ ਪ੍ਰਗਟ ਹੁੰਦੀ ਰਹੀ ਹੈ। ਪੰਜਾਬ ਦੀ ਸਭਿਆਚਾਰਕ ਪਰੰਪਰਾ ਨੇ ਹਮੇਸ਼ਾ ਵੱਖ-ਵੱਖ ਭਾਈਚਾਰਿਆਂ ਨੂੰ ਇਕੱਠੇ ਜੀਣ ਦੀ ਪ੍ਰੇਰਣਾ ਦਿੱਤੀ ਹੈ। ਪੰਜਾਬੀ ਸਾਹਿਤ ਦਾ ਇਕ ਮਹੱਤਵਪੂਰਨ ਪਾਸਾਰ ਵਿਦੇਸ਼ੀ ਧਰਤੀ ਉੱਤੇ ਰਹਿੰਦਿਆਂ ਪ੍ਰਵਾਸੀ ਪੰਜਾਬੀ ਦੁਆਰਾ ਆਪਣੇ ਹੱਡੀਂ ਹੰਢਾਏ ਅਨੁਭਵ ਦਾ ਸਿਰਜਣਾਤਮਕ ਪ੍ਰਗਟਾਵਾ ਹੈ।

ਪ੍ਰਵਾਸੀ ਪੰਜਾਬੀ ਸਾਹਿਤ ਦੇ ਮੁਖ ਤੌਰ 'ਤੇ ਤਿੰਨ ਕੇਂਦਰ ਹਨ- ਕੈਨੇਡਾ, ਅਮਰੀਕਾ ਤੇ ਬਰਤਾਨੀਆਂ। ਪੱਛਮੀ ਸਮਾਜ ਵਿਚ ਪੰਜਾਬੀ ਭਾਈਚਾਰੇ ਨੇ ਮਿਹਨਤ ਨਾਲ ਆਰਥਿਕ ਤੇ ਰਾਜਸੀ ਖੇਤਰ ਵਿਚ ਆਪਣੀ ਨਿੱਗਰ ਪਛਾਣ ਬਣਾ ਲਈ ਹੈ। ਪਰਵਾਸ ਦੇ ਮੁਢਲੇ ਦੌਰ ਵਿੱਚ ਨਸਲੀ ਵਿਤਕਰਾ ਹੰਢਾਉਂਦੇ ਪੰਜਾਬੀ ਭਾਈਚਾਰੇ ਅੰਦਰ ਭਾਵੇਂ ਆਪਣੇ ਸਭਿਆਚਾਰ ਪ੍ਰਤੀ ਉਦਰੇਵੇਂ ਦਾ ਭਾਵ ਭਾਰੂ ਸੀ ਪਰ ਅੱਜ ਪ੍ਰਵਾਸੀ ਪੰਜਾਬੀ ਦਾ ਝੁਕਾਅ ਮੁਖ ਸਭਿਆਚਾਰ ਵਿਚ ਵਿਲੀਨੀਕਰਨ ਵੱਲ ਵਧੇਰੇ ਹੈ। ਪਰ ਤਾਂ ਵੀ ਪ੍ਰਵਾਸੀ ਪੰਜਾਬੀ ਵੱਲੋਂ ਮੁਖ ਧਾਰਾ ਦੇ ਸਭਿਆਚਾਰ ਨਾਲ ਇਕਸੁਰ ਹੋਣ ਦੀ ਪ੍ਰਕਿਰਿਆ ਏਨੀ ਸਹਿਜ ਨਹੀਂ। ਇਕ ਪਾਸੇ ਤਾਂ ਪਰਵਾਸੀ ਪੰਜਾਬੀ ਅੰਦਰ ਆਪਣੀ ਸਵੈ-ਇੱਛਾ ਨਾਲ ਮੇਜ਼ਬਾਨ ਮੁਲਕ ਦੇ ਸਭਿਆਚਾਰ ਵਿਚ ਸ਼ਾਮਿਲ ਹੋਣ ਦੀ ਤਾਂਘ ਹੈ ਦੂਜੇ ਪਾਸੇ ਪੱਛਮੀ ਸਭਿਆਚਾਰ ਉਹਨਾਂ ਨੂੰ ਬਣਦੀ ਸਪੇਸ ਦੇਣ ਨੂੰ ਤਿਆਰ ਨਹੀਂ। ਇਸਦਾ ਮੁਖ ਕਾਰਨ ਇਹ ਹੈ ਕਿ ਕਾਨੂੰਨੀ ਦਾਅਵਿਆਂ ਦੇ ਬਾਵਜੂਦ ਗੋਰਾ ਸਮਾਜ ਪੰਜਾਬੀ ਜਾਂ ਹੋਰ ਪ੍ਰਵਾਸੀ ਭਾਈਚਾਰੇ ਦੇ ਲੋਕਾਂ ਨੂੰ ਬਰਾਬਰ ਮੰਨਣ ਨੂੰ ਤਿਆਰ ਨਹੀਂ। ਗੋਰੇ ਸਮਾਜ ਦੁਆਰਾ ਕੀਤਾ ਜਾਂਦਾ ਇਹ ਗੁੱਝਾ ਨਸਲੀ ਵਿਤਕਰਾ ਪ੍ਰਵਾਸੀ ਬੰਦੇ ਦੇ ਅਵਚੇਤਨ ਨੂੰ ਇਸ ਕਦਰ ਪ੍ਰਭਾਵਿਤ ਕਰਦਾ ਹੈ ਕਿ ਉਹ ਗੋਰੇ ਸਮਾਜ ਦੀ ਥਾਂ ਉਥੋਂ ਦੇ ਆਦਿ ਵਾਸੀ ਬਸ਼ਿੰਦਿਆਂ ਨਾਲ ਵਧੇਰੇ ਸਾਂਝ ਮਹਿਸੂਸ ਕਰਦਾ ਹੈ। ਸਮਕਾਲੀ ਪ੍ਰਵਾਸੀ ਪੰਜਾਬੀ ਸਾਹਿਤ ਇਸ ਤਰ੍ਹਾਂ ਦੇ ਭਾਵਾਂ ਨੂੰ ਭਰਪੂਰ ਹੁੰਗਾਰਾ ਭਰ ਰਿਹਾ ਹੈ। 'ਮੁਰਗਾਬੀਆਂ' ਕਹਾਣੀ ਨਾਲ ਚਰਚਾ ਵਿਚ ਆਈ ਪੰਜਾਬੀ ਕਥਾਕਾਰ ਗੁਰਮੀਤ ਪਨਾਗ ਨੇ ਆਪਣੀਆਂ ਕਹਾਣੀਆਂ ਵਿਚ ਇਸ ਤਰ੍ਹਾਂ ਦੇ ਭਾਵਾਂ ਨੂੰ ਬੜੀ ਸ਼ਿੱਦਤ ਨਾਲ ਉਭਾਰਿਆ ਹੈ। ਗੁਰਮੀਤ ਪਨਾਗ ਪਰਵਾਸੀ ਪੰਜਾਬੀ ਕਹਾਣੀ ਦੇ ਖੇਤਰ ਨਵੀਆਂ ਪੈੜ੍ਹਾਂ ਪਾਉਣ ਵਾਲੀ ਚਰਚਿਤ ਕਹਾਣੀਕਾਰਾ ਵਜੋਂ ਉਭਰਦੀ ਹੈ। 'ਮੁਰਗਾਬੀਆਂ' ਗੁਰਮੀਤ ਪਨਾਗ ਹੁਣ ਤਕ ਦਾ ਇਕੋ-ਇਕ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਹੈ, ਜਿਸਨੂੰ ਢਾਹਾਂ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਇਹ ਕਹਾਣੀ ਸੰਗ੍ਰਹਿ 2021 ਵਿਚ ਛਪਿਆ। ਇਸ ਤੋਂ ਬਾਅਦ ਪਨਾਗ ਆਪਣੀਆਂ ਨਵੀਆਂ ਕਹਾਣੀਆਂ ਰਾਹੀਂ ਪੰਜਾਬੀ ਦੇ ਕਈ ਮਹੱਤਵਪੂਰਨ ਪਰਚਿਆਂ ਵਿਚ ਛਪ ਚੁਕੀ ਹੈ। ਗੁਰਮੀਤ ਪਨਾਗ ਦੀ ਪੰਜਾਬੀ ਕਥਾਕਾਰਾਂ ਵਿਚ ਵਿਲੱਖਣਤਾ ਇਸ ਪੱਖੋਂ ਹੈ ਕਿ ਉਹ ਪ੍ਰਵਾਸੀ ਦੇ ਭੂ-ਹੇਰਵੇ, ਉਦਰੇਵੇਂ ਅਤੇ ਆਰਥਿਕਤਾ ਨਾਲ ਜੁੜੇ ਵਿਸ਼ਿਆਂ ਤੋਂ ਅਗਾਂਹ ਲੰਘ ਕੇ ਮਨੁੱਖੀ ਹੋਂਦ, ਪਾਰ ਰਾਸ਼ਟਰੀ ਵਿਸ਼ਵ ਦ੍ਰਿਸ਼ਟੀ, ਕੈਨੇਡੀਅਨ ਕਦਰਾਂ-ਕੀਮਤਾਂ ਦੀ ਪੇਸ਼ਕਾਰੀ ਅਤੇ ਕੈਨੇਡਾ ਵਿਚ ਵਸਦੇ ਮੱਧਵਰਗੀ ਪਰਿਵਾਰਾਂ ਨਾਲ ਹੋ ਰਹੀ ਬੇਇਨਸਾਫ਼ੀ ਅਤੇ ਬਹੁ ਸਭਿਆਚਾਰਵਾਦ ਵਰਗੇ ਸਰੋਕਾਰਾਂ ਨਾਲ ਜੁੜਦੀ ਹੈ। ਗੁਰਮੀਤ ਪਨਾਗ ਨੇ ਕੈਨੇਡਾ ਦੇ ਬਹੁ-ਸਭਿਆਚਾਰਕ ਸਮਾਜ ਦੇ ਵਿਭਿੰਨ ਪੱਖਾਂ ਅਤੇ ਵਰਤਾਰਿਆਂ ਨੂੰ ਪਿੱਠਭੂਮੀ ਵਿਚ ਰੱਖਿਆ ਹੈ। ਉਸਦੀਆਂ ਕਹਾਣੀਆਂ ਵਿਚ ਅਜਿਹੇ ਦ੍ਰਿਸ਼ ਵੀ ਮਿਲਦੇ ਹਨ ਜੋ ਅੱਜ ਦੇ ਸਮਾਜ ਲਈ ਇਤਿਹਾਸ ਬਣ ਚੁੱਕੇ ਹਨ।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 31-42

ਗੁਰਮੀਤ ਪਨਾਗ ਦੇ 'ਮੁਰਗਾਬੀਆਂ' ਕਹਾਣੀ-ਸੰਗ੍ਰਹਿ ਵਿਚ ਦਸ ਕਹਾਣੀਆਂ ਸ਼ਾਮਿਲ ਹਨ, ਜੋ ਭਿੰਨ-ਭਿੰਨ ਸਰੋਕਾਰਾਂ ਨੂੰ ਗੰਭੀਰਤਾ ਨਾਲ ਦਰਸਾਉਂਦੀਆਂ ਹਨ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਮੁਰਗਾਬੀਆਂ' ਕੈਨੇਡਾ ਦੇ ਮੂਲ ਵਾਸੀਆਂ(ਨੇਟਿਵ) ਦੇ ਦੁੱਖਾਂ ਦੀ ਦਾਸਤਾਂ ਨੂੰ ਬਿਆਨ ਕਰਦੀ ਹੋਈ ਇਹਨਾਂ ਲੋਕਾਂ ਦੀ ਆਪਣੀ ਪਛਾਣ, ਵਾਤਾਵਰਨ ਅਤੇ ਸਭਿਆਚਾਰਕ ਰਸਮਾਂ-ਰਵਾਜਾਂ ਦੀ ਕਾਇਮੀ ਲਈ ਕੀਤੇ ਗਏ ਲਗਾਤਾਰ ਯਤਨਾਂ ਨੂੰ ਚਿਤਰਦੀ ਹੈ। ਯੂਰਪੀਅਨ ਅੰਗਰੇਜ਼ ਅਤੇ ਨੇਟਿਵ ਲੋਕਾਂ ਲਈ ਮੁਰਗਾਬੀਆਂ ਅਤੇ ਲੂੰਮੜੀ ਦੇ ਪ੍ਰਤੀਕ ਵਰਤ ਕੇ ਇਹਨਾਂ ਮੂਲਵਾਸੀਆਂ ਦੀ ਸਥਿਤੀ ਨੂੰ ਦਰਸਾਇਆ ਗਿਆ ਹੈ ਕਿ ਕਿਸ ਤਰ੍ਹਾਂ ਯੂਰਪੀਅਨ ਗੋਰਿਆਂ ਨੇ ਚਲਾਕ ਲੂੰਮੜੀ ਦੀ ਤਰ੍ਹਾਂ ਕੈਨੇਡੀਅਨ ਨੇਟਿਵਾਂ ਦੀਆਂ ਸਭਿਆਚਾਰਕ ਰਹੁ-ਰੀਤਾਂ ਨੂੰ ਆਪਣੇ ਸਭਿਆਚਾਰ ਦੇ ਅਧੀਨ ਕਰ ਲਿਆ ਹੈ, ਭਾਵ ਨੇਟਿਵ ਲੋਕਾਂ ਦੇ ਸਭਿਆਚਾਰ ਨੂੰ ਧੁੰਦਲਾ ਕਰ ਦਿੱਤਾ ਹੈ। ਕਹਾਣੀ ਵਿਚਲੀ ਮੁਖ ਪਾਤਰ ਟੋਮਾ ਦੱਸਦੀ ਹੈ ਕਿ ਸਾਡੀ ਕੌਮ ਨੂੰ ਹਾਸ਼ੀਏ 'ਤੇ ਧੱਕਣ ਲਈ ਇਹਨਾਂ ਯੂਰਪੀਅਨਾਂ ਵੱਲੋਂ ਸਾਨੂੰ ਨੇਟਿਵ, ਰੈੱਡ-ਇੰਡੀਅਨ, ਐਬੋਰਿਜਨਲ ਆਦਿ ਨਾਵਾਂ ਨਾਲ ਬੁਲਾਇਆ ਜਾਂਦਾ ਹੈ। ਟੋਮਾ ਆਪਣੀ ਸਹੇਲੀ ਨਾਲ ਨੇਟਿਵ ਮੇਲੇ ਵਿਚ ਜਾਂਦੀ ਹੈ, ਇਹ ਮੇਲਾ ਨੇਟਿਵਾਂ ਵੱਲੋਂ ਆਪਣੇ ਕਲਚਰ, ਧਰਮ ਅਤੇ ਬੋਲੀ ਨੂੰ ਬਚਾਉਣ ਲਈ ਕੀਤੀ ਕੋਸ਼ਿਸ਼ ਹੈ। ਗੋਰੇ ਲੋਕਾਂ ਵੱਲੋਂ ਨੇਟਿਵਾਂ ਦਾ ਪਹਿਰਾਵਾ ਪਹਿਨ ਕੇ ਮੇਲਾ ਵੇਖਣ ਜਾਣਾ, ਨੇਟਿਵ ਲੋਕਾਂ ਵੱਲੋਂ ਲਿਖੀਆਂ ਕਿਤਾਬਾਂ ਨੂੰ ਆਪਣੇ ਨਾਂ ਹੇਠ ਛਪਵਾਉਣਾ, ਨੇਟਿਵ ਬੱਚਿਆਂ ਨੂੰ ਜਾਣ-ਬੁੱਝ ਕੇ ਰੈਜ਼ੀਡੈਂਸ਼ੀਅਲ ਸਕੂਲਾਂ ਵਿਚ ਪਾ ਦੇਣਾ ਆਦਿ ਭਾਰੂ ਸਭਿਆਚਾਰ ਵੱਲੋਂ ਮੂਲ ਵਾਸੀਆਂ ਦੇ ਕਲਚਰ ਨੂੰ ਨਸ਼ਟ ਕਰਨ ਦੇ ਯਤਨ ਸਨ। "ਹੋਣੈ ਏਥੇ ਹੀ ਕਿਤੇ...ਪੱਕਾ ਪਤਾ ਨੀ ਮੈਨੂੰ। ਕਿੰਨੇ ਗੋਰੇ ਵੀ ਅੱਜ ਕੱਲ੍ਹ ਸਾਡਾ ਪਹਿਰਾਵਾ ਪਾ ਕੇ ਇਨ੍ਹਾਂ ਮੇਲਿਆਂ 'ਚ ਫਿਰਦੇ ਨੇ। ਫੇਰ ਭਲਾ ਉਹ ਨੇਟਿਵ ਬਣ ਜਾਣਗੇ ? ਕੀ ਅਸੀਂ ਗੋਰੇ ਬਣ ਗਏ ? ਕਿੰਨਾ ਜ਼ੋਰ ਲਗਾਇਐ ਇਹਨਾਂ ਨੇ। ਰੈਜ਼ੀਡੈਂਸ਼ੀਅਲ ਸਕੂਲਾਂ 'ਚ ਸਾਡੇ ਨਿਆਣੇ ਚੁੱਕ ਕੇ ਪਾ ਦਿੱਤੇ। ਗੋਰਾ ਬੰਦਾ ਤਾਂ ਸੋਚਦੈ ਬਈ ਉਹ ਕੁਝ ਵੀ ਬਣ ਸਕਦੈ। ਅਫ਼ਰੀਕਨ ਤੇ ਚੀਨਾ ਵੀ ਬਣਨ ਨੂੰ ਫਿਰਦੈ। ਤੂੰ ਪਰਸੋਂ ਰੇਡੀਓ 'ਤੇ ਨਹੀਂ ਸੁਣਿਆ ਇਕ ਕੁੜੀ ਨੂੰ ? ਰੋ-ਰੋ ਕੇ ਦੱਸ ਰਹੀ ਸੀ ਕਿ ਉਸਦੇ ਪੜਦਾਦੇ ਦੇ ਪਰਕਾ ਕੋਟ ਦਾ ਨਮੂਨਾ ਕਿਸੇ ਗੋਰੇ ਡਿਜ਼ਾਈਨਰ ਨੇ ਚੁਰਾ ਲਿਆ ਤੇ ਇੱਕ ਇੱਕ ਸਵੈਟਰ ਅੱਠ-ਅੱਠ ਸੌ ਡਾਲਰ ਤੋਂ ਵੀ ਉੱਪਰ ਦਾ ਵਿਕ ਰਿਹੈ।"[4]

ਟੋਮਾ ਦੇ ਇਹ ਬੋਲ ਕੈਨੇਡਾ ਦੇ ਭਾਰੂ ਸਭਿਆਚਾਰ ਵੱਲੋਂ ਮੂਲ ਵਾਸੀਆਂ ਦੀ ਸਭਿਆਚਾਰਕ ਪਛਾਣ ਨੂੰ ਆਪਣੇ ਵਿਚ ਸਮੋਣ ਲਈ ਕੀਤੇ ਯਤਨਾਂ ਨੂੰ ਦਰਸਾਉਂਦੇ ਹਨ। ਇਸਦੇ ਉਲਟ ਘੱਟ ਗਿਣਤੀ ਰੈਜ਼ੀਡੈਂਸ਼ੀਅਲ ਸਮੂਹਾਂ ਨੇ ਆਪਣੀ ਵੱਖਰੀ ਪਛਾਣ ਨੂੰ ਕਾਇਮ ਰੱਖਣ ਦੀ ਚੇਤਨਾ ਨਾਲ ਸੰਘਰਸ਼ ਆਰੰਭ ਕਰ ਦਿੱਤੇ। ਇਸ ਕਹਾਣੀ ਤੋਂ ਪਤਾ ਚਲਦਾ ਹੈ ਨੇਟਿਵ ਲੋਕਾਂ ਨੇ ਆਪਣੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ, ਇਹ ਆਪਣੀ ਹੋਂਦ ਹਸਤੀ ਨੂੰ ਮਿਟਣ ਨਹੀਂ ਦੇਣਾ ਚਾਹੁੰਦੇ। ਟੋਮਾ ਆਪਣੀ ਸਹੇਲੀ ਨੂੰ ਮੇਲੇ ਵਿਚ ਨੇਟਿਵ ਬੰਦੇ ਦੇ ਭਾਸ਼ਣ ਤੋਂ ਪ੍ਰੇਰਿਤ ਹੁੰਦੀ ਦੱਸਦੀ ਹੈ :

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 31-42

"ਬੇੜਾ ਗਰਕ ਹੋਵੇ ਇਨ੍ਹਾਂ ਦਾ... ਗੋਰੇ ਵਿਦਵਾਨ ਤਾਂ ਇਹ ਵੀ ਭਵਿੱਖਬਾਣੀ ਕਰਦੇ ਸਨ ਕਿ ਅਸੀਂ ਇੱਕ ਮਰ ਰਹੀ ਕੌਮ ਹਾਂ। ਕੁਝ ਹੀ ਸਦੀਆਂ 'ਚ ਸਾਡਾ ਨਾਮੋ-ਨਿਸ਼ਾਨ ਮਿਟ ਜਾਵੇਗਾ ਪਰ ਅਸੀਂ ਵਿਖਾ ਦਿੱਤਾ ਕਿ ਸਾਨੂੰ ਖ਼ਤਮ ਕਰਨਾ ਇੰਨਾ ਆਸਾਨ ਨਹੀਂ। ਨਾ ਹੀ ਆਪਣੇ 'ਚ ਖ਼ਪਤ ਕਰ ਲੈਣਾ ਹੀ ਸੰਭਵ ਹੈ।"[5]

ਇਸ ਤਰ੍ਹਾਂ ਪਨਾਗ ਦੀ ਇਹ ਕਹਾਣੀ ਕਨੇਡਾ ਦੀ ਧਰਤੀ ਦੇ ਇਹਨਾਂ ਮੂਲ ਬਸ਼ਿੰਦਿਆਂ ਵੱਲੋਂ ਆਪਣੀ ਖੁਰ ਰਹੀ ਸਭਿਆਚਾਰਕ ਹੋਂਦ ਨੂੰ ਮੁੜ ਸਥਾਪਿਤ ਕਰਨ ਪ੍ਰਤੀ ਚੇਤੰਨ ਹੋਣ ਵੱਲ ਇਸ਼ਾਰਾ ਹੈ। ਗੁਰਮੀਤ ਪਨਾਗ ਆਪਣੀ ਕਹਾਣੀ 'ਗੋਰੀ ਅੱਖ ਦਾ ਟੀਰ' ਵਿਚ ਨਸਲੀ ਵਿਤਕਰੇ ਦੀਆਂ ਵਿਭਿੰਨ ਪਰਤਾਂ ਨੂੰ ਉਘਾੜਦੀ ਹੈ। ਇਸ ਕਹਾਣੀ ਦਾ ਟਾਈਟਲ ਹੀ ਗੋਰੇ ਲੋਕਾਂ ਦੁਆਰਾ ਸਮਾਜ ਵਿਚ ਵਸਦੇ ਬਾਕੀ ਨਸਲਾਂ ਨਾਲ ਕੀਤੇ ਜਾਂਦੇ ਭੇਦ-ਭਾਵ ਦਾ ਪ੍ਰਤੀਕ ਹੈ। ਕਹਾਣੀ ਵਿਚਲਾ ਮੁਖ ਪਾਤਰ ਨੇਥਨ ਬਰਾਊਨ ਅਫ਼ਰੀਕਨ ਹੈ ਜੋ ਇਕ ਗੋਰੇ ਪੁਲਿਸ ਅਫ਼ਸਰ ਵੱਲੋਂ ਕੀਤੇ ਜਾਂਦੇ ਨਸਲੀ ਵਿਤਕਰੇ ਤੋਂ ਦੁਖੀ ਹੋ ਕੇ ਉਸਦੇ ਗੋਲੀ ਮਾਰ ਦਿੰਦਾ ਹੈ। ਇਸ ਸਾਰੀ ਕਹਾਣੀ ਵਿਚ ਨੇਥਨ ਬਰਾਊਨ ਡਾਕਟਰ ਨਾਲ ਮੁਲਾਕਾਤ ਦੌਰਾਨ ਆਪਣੀ ਨਸਲ ਦੇ ਕਾਲੇ ਲੋਕਾਂ ਨਾਲ ਹੋ ਰਹੀ ਧੱਕੇਸ਼ਾਹੀ ਬਾਰੇ ਗੱਲਬਾਤ ਕਰਦਾ ਹੈ। ਮੁਖ ਪਾਤਰ ਨੇਥਨ ਅਤੇ ਉਸਦੇ ਕਾਲੇ ਸਾਥੀਆਂ ਨੂੰ ਸਟੈਨਫੋਰਡ ਪੁਲਿਸ ਅਫ਼ਸਰ ਪੁਲਿਸ ਸਟੇਸ਼ਨ ਲੈ ਜਾਂਦਾ ਹੈ ਅਤੇ ਕੁੱਟਮਾਰ ਕਰਦਾ ਹੈ। ਨੇਥਨ ਦੀ ਮਾਂ ਇਕ ਚੇਤੰਨ ਔਰਤ ਵਜੋਂ ਸਾਹਮਣੇ ਆਉਂਦੀ ਹੈ ਜੋ ਆਪਣੇ ਪਰਿਵਾਰ ਨਾਲ ਹੋ ਰਹੇ ਜਾਤੀ ਭੇਦਭਾਵ ਅਤੇ ਬੇਇਨਸਾਫ਼ੀ ਵਿਰੁੱਧ ਪੁਲਿਸ ਅਫ਼ਸਰ ਸਟੈਨਫੋਰਡ ਦੇ ਖਿਲਾਫ਼ ਵਕੀਲ ਦੀ ਮਦਦ ਲੈਂਦੀ ਹੈ। ਨੇਥਨ ਦੀ ਮਾਂ ਵੱਲੋਂ ਲਏ ਗਏ ਫ਼ੈਸਲੇ ਤੋਂ ਸਪਸ਼ਟ ਹੁੰਦਾ ਹੈ ਕਿ ਕਾਲੇ ਲੋਕ ਆਪਣੇ ਨਾਲ ਹੋ ਰਹੇ ਨਸਲੀ ਵਿਤਕਰੇ ਵਿਰੁੱਧ ਉੱਠ ਖਲੋਣ ਦਾ ਸਾਹਸ ਦਿਖਾ ਰਹੇ ਹਨ:

"ਹਾਂ, ਤੂੰ ਕੁਝ ਗ਼ਲਤ ਨੀ ਕੀਤਾ, ਮੈਨੂੰ ਪਤੈ..ਇਹ ਸਟੈਨਫੋਰਡ ਵੀ ਕੀ ਯਾਦ ਰੱਖੂ ਕੀਹਦੇ ਨਾਲ ਪੰਗਾ ਲਿਆ ਸੀ। ਜੈਫ਼ਰੀ ਦੇ ਸਕੂਲ 'ਚ ਹੀ ਪੜ੍ਹਦਾ ਸੀ ਇਹ। ਹਾਲੇ ਚਾਰ ਸਾਲ ਪਹਿਲਾਂ ਇਸੇ ਏਰੀਆ 'ਚ ਡੋਪ ਵੇਚਦਾ ਹੁੰਦਾ ਸੀ। ਫੜਿਆ ਨੀ ਗਿਆ, ਵੱਖਰੀ ਗੱਲ ਹੈ। ਅੱਜ ਪੁਲਿਸ ਫੋਰਸ 'ਚ ਆ ਕੇ ਇਸ ਨੂੰ ਆਪਣੀ ਨਸਲੀ ਨਫ਼ਰਤ ਕੱਢਣ ਦਾ ਲਾਇਸੈਂਸ ਮਿਲ ਗਿਆ ਏ। ਮੈਂ ਦੇਖਾਂਗੀ ਕਿਵੇਂ ਉਹ ਵਾਈਟ ਪਿੱਗ ਹੁਣ ਬਚ ਕੇ ਨਿਕਲਦੈ..., ਚੱਲ ਕੱਪੜੇ ਬਦਲ।"[6]

ਇਹ ਕਹਾਣੀ ਕਾਲੇ ਲੋਕਾਂ ਦੇ ਇਤਿਹਾਸ ਨੂੰ ਵੀ ਬਿਆਨਦੀ ਹੈ। ਉਹਨਾਂ ਨੂੰ ਆਪਣੇ ਮੁਲਕ ਵਿਚ ਕਿਸ ਤਰ੍ਹਾਂ ਤਸ਼ੱਦਦ ਸਹਿਣੇ ਪਏ ਹਨ। ਧਾੜਵੀਆਂ ਵੱਲੋਂ ਸਮੁੰਦਰੀ ਜ਼ਹਾਜ ਵਿਚ ਕਾਲਿਆਂ ਨੂੰ ਮਾਚਿਸ ਦੀਆਂ ਤੀਲਾਂ ਵਾਂਗ ਚਿਣਿਆ ਗਿਆ, ਨਿਰਦੋਸ਼ ਇਨਸਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਸ ਤੋਂ ਇਲਵਾ ਸਕੂਲਾਂ, ਯੂਨੀਵਰਸਿਟੀਆਂ ਵਿਚ ਪੜ੍ਹਦੇ ਕਾਲੇ ਰੰਗ ਦੇ ਬੱਚਿਆਂ ਨੂੰ ਕਿਰਾਏਦਾਰ ਨਹੀਂ ਰੱਖਿਆ ਜਾਂਦਾ ਸੀ, ਇਸਦੇ ਉਲਟ ਗੋਰੀ ਨਸਲ ਦੇ ਬੱਚਿਆ ਨੂੰ ਆਸਾਨੀ ਨਾਲ ਰਿਹਾਇਸ਼ ਮਿਲ ਜਾਂਦੀ ਸੀ। ਕਹਾਣੀ ਵਿਚਲਾ ਮੁਖ ਪਾਤਰ ਨੇਥਨ ਸਮਾਜ ਵਿਚ ਆਪਣੀ ਜਾਤੀ ਪਛਾਣ ਨੂੰ ਬਰਕਰਾਰ ਰੱਖਣ ਲਈ ਪਿਸਤੌਲ ਖਰੀਦ ਲੈਂਦਾ ਹੈ ਅਤੇ ਸਟੈਨਫੋਰਡ

ਦੀਆਂ ਜ਼ਿਆਦਤੀਆਂ ਦਾ ਜਵਾਬ ਦਿੰਦਾ ਹੋਇਆ ਉਸ ਉੱਪਰ ਹਮਲਾ ਕਰਦਾ ਹੈ। ਅੰਤ ਵਿਚ ਸਟੈਨਫੋਰਡ ਬਚ ਜਾਂਦਾ ਹੈ ਅਤੇ ਨੇਥਨ ਨੂੰ ਪੈਂਤੀ ਸਾਲ ਦੀ ਸਜ਼ਾ ਹੋ ਜਾਂਦੀ ਹੈ। ਇਸਦੇ ਨਾਲ ਨੇਥਨ ਮਾਨਸਿਕ ਰੋਗੀ ਹੋ ਜਾਂਦਾ ਹੈ ਅਤੇ ਉਸਦਾ ਜੀਵਨ ਤਹਿਸ਼ ਨਹਿਸ਼ ਹੋ ਜਾਂਦਾ ਹੈ। ਪਨਾਗ ਦੀ ਇਹ ਕਹਾਣੀ ਨਸਲਵਾਦ ਦੇ ਵਿਸ਼ਵ-ਵਿਆਪੀ ਸੰਦਰਭ ਨਾਲ ਜੁੜਦੀ ਹੈ। ਪਨਾਗ ਜਿਥੇ ਭਾਰੂ ਸਮਾਜ ਵੱਲੋਂ ਘੱਟ ਗਿਣਤੀਆਂ ਨਾਲ ਕੀਤੀ ਜਾਂਦੀ ਬੇਇਨਸਾਫ਼ੀ ਨੂੰ ਬਿਆਨ ਕਰਦੀ ਹੈ ਉਸਤੋਂ ਵੀ ਵੱਧ ਸ਼ਿੱਦਤ ਨਾਲ ਉਹ ਘੱਟ ਗਿਣਤੀਆਂ ਦਾ ਇਸ ਬੇਇਨਸਾਫ਼ੀ ਵਿਰੁੱਧ ਪ੍ਰਤੀਰੋਧ ਅਤੇ ਆਪਣੀ ਮੂਲ ਸਭਿਆਚਾਰਕ ਹੋਂਦ ਤੇ ਹੋਣੀ ਬਚਾਉਣ ਲਈ ਕੀਤੇ ਯਤਨ ਨੂੰ ਉਭਾਰਦੀ ਹੈ।

‘ਕੋਈ ਦੇਸ਼ ਨਾ ਜਾਣੇ ਮੇਰਾ’ ਕਹਾਣੀ ਪਰਾਏ ਮੁਲਕ ਵਿਚ ਜਾ ਵਸੇ ਪਰਵਾਸੀਆਂ ਦੀਆਂ ਦੁਸ਼ਵਾਰੀਆਂ ਦਾ ਮਾਰਮਿਕ ਵਰਣਨ ਕਰਦੀ ਕਹਾਣੀ ਹੈ। ਕਹਾਣੀ ਵਿਚਲੀ ਮੁਖ ਪਾਤਰ ਗੇਲ ਹਸਪਤਾਲ ਵਿਚ ਦਾਖ਼ਲ ਹੈ, ਜਿੱਥੇ ਉਹ ਆਪਣੀ ਸਹੇਲੀ ਮੋਨੀਕ ਨੂੰ ਆਪਣੇ ਪਿਛੋਕੜ ਬਾਰੇ ਦੱਸਦੀ ਹੈ। ਕਿਵੇਂ ਜਰਮਨ ਅਤੇ ਇੰਗਲੈਂਡ ਦੀ ਜੰਗ ਦੌਰਾਨ ਮਾਰੇ ਗਏ ਨਿਰਦੋਸ਼ ਲੋਕ ਬੇਘਰ ਹੋ ਗਏ ਅਤੇ ਜੋ ਬਚ ਗਏ ਉਹਨਾਂ ਨੂੰ ਖਾਣ-ਪੀਣ ਦੀਆਂ ਵਸਤਾਂ ਲਈ ਵੀ ਸੰਘਰਸ਼ ਕਰਨਾ ਪੈਂਦਾ ਸੀ। ਇਸ ਜੰਗ ਦੇ ਪ੍ਰਭਾਵ ਕਾਰਨ ਇੰਗਲੈਂਡ ਅਤੇ ਜਰਮਨ ਦੇ ਲੋਕਾਂ ਵਿਚ ਨਫ਼ਰਤ ਵਧਣ ਲੱਗੀ। ਮਿਸਾਲ ਵਜੋਂ ਗੇਲ ਦਾ ਭਰਾ ਜਦੋਂ ਕੈਨੇਡਾ ਦੇ ਫਾਰਮ ‘ਤੇ ਕੰਮ ਕਰਦਾ ਹੈ ਤਾਂ ਉਸਨੂੰ ਨਫ਼ਰਤ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਸੀ। ਗੇਲ ਦੀ ਭੈਣ ਲੋਰਕਾ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਜਰਮਨੀ ਵਰਕਰਾਂ ਨਾਲ ਲੜਦੀ ਹੈ। ਪਨਾਗ ਦੀ ਇਹ ਕਹਾਣੀ ਵੀ ਘੱਟ-ਗਿਣਤੀਆਂ/ ਹਾਸ਼ੀਆਗਤ ਧਿਰਾਂ ਦੁਆਰਾ ਆਪਣੇ ਨਾਲ ਕੀਤੇ ਜਾ ਰਹੇ ਰੰਗ, ਨਸਲ ਦੇ ਭੇਦ-ਭਾਵ ਵਿਰੁੱਧ ਲੜਨ ਅਤੇ ਆਪਣੇ ਹੱਕਾਂ ਪ੍ਰਤੀ ਚੇਤੰਨਤਾ ਨੂੰ ਦਰਸਾਉਂਦੀ ਹੈ। “ਇਹ ਹਰਾਮਜ਼ਾਦੇ ਨਾਜ਼ੀ...ਇਹ ਜਰਮਨ ਜੱਲਾਦ...ਇਨ੍ਹਾਂ ਨੇ ਮੇਰੇ ਪਾਪਾ ਨੂੰ ਟੌਰਚਰ ਕੀਤਾ। ਮੈਂ ਇਨ੍ਹਾਂ ਦੇ ਡੱਕਰੇ ਕਰ ਦਿਆਂਗੀ, ਛੱਡ ਦੇ ਮੈਨੂੰ।”[7]

ਅਸਲ ਵਿਚ ਇਹਨਾਂ ਕਹਾਣੀਆਂ ਦੇ ਪਾਤਰ ਜੰਗਾਂ ਵਿਚ ਸ਼ਹੀਦ ਹੋਏ ਆਪਣੇ ਟੱਬਰਾਂ ਦੇ ਸਨਮਾਨ ਲਈ ਲੜਦੇ ਦਿਖਾਈ ਦਿੰਦੇ ਹਨ। ਭਾਰੂ ਸਭਿਆਚਾਰ ਦੇ ਲੋਕਾਂ ਦੀਆਂ ਸ਼ਹੀਦੀਆਂ ਨੂੰ ਤਾਂ ਸਤਿਕਾਰਤ ਭਾਵਨਾ ਨਾਲ ਦੇਖਿਆ ਜਾਂਦਾ ਹੈ, ਪਰ ਇਹਨਾਂ ਮੂਲਵਾਸੀਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਉੱਨਾ ਮਹੱਤਵ ਨਹੀਂ ਦਿੱਤਾ ਗਿਆ। ਸੰਸਾਰ ਵਿਚ ਵਿਸ਼ਵ ਪੱਧਰ ‘ਤੇ ਚਲਦੇ ਜੰਗਾਂ ਯੁੱਧਾਂ ਦੇ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਇਹਨਾਂ ਜੰਗਾਂ ਦੇ ਮਾੜੇ ਪ੍ਰਭਾਵ ਦੇ ਅਸਰ ਖ਼ਤਮ ਨਹੀਂ ਹੁੰਦੇ, ਜਿਸਦੇ ਨਤੀਜੇ ਇਹਨਾਂ ਦੇਸ਼ਾਂ ਵਿਚ ਵਸਦੀਆਂ ਕੌਮਾਂ ਨੂੰ ਭੁਗਤਣੇ ਪੈਂਦੇ ਹਨ। ਇਹ ਜੰਗਾਂ ਧਰਮ, ਕੌਮ, ਨਸਲ ਪ੍ਰਤੀ ਨਫ਼ਰਤ ਪੈਦਾ ਕਰਦੀਆਂ ਹਨ। ਰਾਗ ਰਸਾਲੇ ਵਿੱਚ ਛਪੀ ਗੁਰਮੀਤ ਪਨਾਗ ਦੀ ਕਹਾਣੀ ‘ਅਹੂਤ ਰੂਥ’ ਵੱਖ-ਵੱਖ ਕੌਮਾਂ, ਮੁਲਕਾਂ ਵਿਚ ਹੋਈਆਂ ਜੰਗਾਂ ਯੁੱਧਾਂ ਦੇ ਬਿਰਤਾਂਤ ਨੂੰ ਸਿਰਜਦੀ ਹੈ। ਜੰਗਾਂ ਦੇ ਦੌਰਾਨ ਯਹੂਦੀਆਂ ਅਤੇ ਜਰਮਨੀ ਲੋਕਾਂ ਨੂੰ ਆਪਣੇ ਮੁਲਕਾਂ ਤੋਂ ਬਾਹਰ ਕੱਢਿਆ ਗਿਆ, ਜਿਸਦਾ ਵੱਡਾ

Volume: 13, March 2026 ISSN: 2394-0980
PP: 31-42

ਕਾਰਨ ਉਹਨਾਂ ਦਾ ਵੱਖਰਾ ਧਰਮ ਸੀ। ਕਹਾਣੀ ਵਿਚਲੀ ਮੁਖ ਪਾਤਰ ਰੂਥ ਆਪਣੀ ਸਹੇਲੀ ਕ੍ਰਿਸ਼ਮਾ ਦੇ ਘਰ ਜਾਂਦੀ ਹੈ। ਰੂਥ ਅਮਰੀਕਾ ਨੂੰ ਸੁਪਰਪਾਵਰ ਦੱਸਦੀ ਹੋਈ ਕਹਿੰਦੀ ਹੈ ਕਿ ਅਮਰੀਕਾ ਅਜਿਹਾ ਦੇਸ਼ ਹੈ ਜਿਸਨੇ ਬਾਕੀ ਮੁਲਕਾਂ ਨੂੰ ਆਪਣੇ ਅਧੀਨ ਕਰਨ ਲਈ ਤਬਾਹੀ ਮਚਾਈ ਹੋਈ ਹੈ। ਵੱਖ-ਵੱਖ ਮੁਲਕਾਂ ਤੋਂ ਕੈਨੇਡਾ ਆ ਕੇ ਵਸੇ ਲੋਕ ਰੂਥ ਕੋਲ ਆਪਣੇ ਬੱਚਿਆਂ ਨੂੰ ਛੱਡ ਆਪ ਕੰਮ 'ਤੇ ਚਲੇ ਜਾਂਦੇ ਹਨ। ਰੂਥ ਬੱਚਿਆਂ ਦੇ ਮਨਾਂ ਅੰਦਰ ਫੈਲੇ ਬੰਬ ਧਮਾਕਿਆ ਦੇ ਡਰ ਨੂੰ ਫਰੋਲਦੀ ਹੈ। ਰੂਥ ਉਹਨਾਂ ਆਉਣ ਵਾਲੀਆਂ ਨਸਲਾਂ ਵਿਚ ਆਪਸੀ ਨਿੱਘ ਅਤੇ ਪਿਆਰ ਸਦਕਾ ਸੋਹਣਾ ਸਮਾਜ ਸਿਰਜਣ ਦਾ ਸੁਪਨਾ ਸਾਕਾਰ ਕਰਨਾ ਚਾਹੁੰਦੀ ਹੈ। ਰੂਥ ਬੱਚਿਆਂ ਨੂੰ ਸਮਝਾਉਂਦੀ ਹੋਈ ਕਹਿੰਦੀ ਹੈ :

"ਬੱਚਿਓ ! ਇਹ ਦੁਨੀਆਂ ਕਿਹੋ ਜਿਹੀ ਹੋਵੇ, ਹੁਣ ਇਹ ਤੁਹਾਡੇ ਹੱਥ ਵੱਸ ਹੈ। ਓਦਾਂ ਤਾਂ ਆਪਾਂ ਸਾਰੇ ਹੀ ਰਲ-ਮਿਲ ਕੇ ਰਹਿੰਦੇ ਹਾਂ। ਔਖੇ ਸਮੇਂ ਹੀ ਚੰਗੇ ਮੰਦੇ ਦੀ ਪਰਖ ਹੁੰਦੀ ਐ। ਪਰਖ ਦੀ ਘੜੀ ਅੱਜ ਤੁਹਾਡੇ 'ਤੇ ਆਈ ਹੈ। ਇਜ਼ਰਾਇਲ ਦੀ ਭਲਾ ਫਲਸਤਾਨ ਨਾਲ ਕਾਹਦੀ ਦੁਸ਼ਮਣੀ? ਦਾਦੇ ਪੜਦਾਦਿਆਂ ਦੀਆਂ ਹਮਸਾਏ ਭਰਾਵਾਂ ਵਾਲੀਆਂ ਸਾਂਝਾਂ ਨੇ। ਨਫ਼ਰਤ ਦਾ ਸੇਕ ਜੋ ਅਸੀਂ ਝੱਲਿਐ, ਮੈਂ ਨਹੀਂ ਚਾਹੁੰਦੀ ਤੁਹਾਨੂੰ ਕੋਈ ਤੱਤੀ ਵਾਅ ਵੀ ਲੱਗੇ। ਮੋਹ ਮੁਹੱਬਤ ਹੀ ਇਸਦਾ ਹੱਲ ਹੈ। ਮੁਹੱਬਤ ਸਾਨੂੰ ਵੱਡੇ ਕੰਮਾਂ ਦੇ ਕਾਬਲ ਬਣਾਉਂਦੀ ਹੈ।"[8]

ਇਹ ਕਹਾਣੀ ਬਹੁ ਸਭਿਆਚਾਰਵਾਦ ਦੇ ਸੰਕਲਪ ਨੂੰ ਦ੍ਰਿੜਾਉਂਦੀ ਇਸ ਭਾਵ ਨੂੰ ਸੰਚਾਰਦੀ ਹੈ ਕਿ ਆਪਣੇ ਮੁਲਕਾਂ ਨੂੰ ਛੱਡ ਪਰਾਏ ਮੁਲਕਾਂ ਵਿਚ ਵਸ ਰਹੇ ਲੋਕਾਂ ਵਿਚ ਆਪਸੀ ਸਾਂਝ, ਉਹਨਾਂ ਦੀ ਕੌਮੀ ਪਛਾਣ ਅਤੇ ਸਭਿਆਚਾਰਕ ਸਹਿ-ਹੋਂਦ ਬਣੀ ਰਹੇ। ਮੁਰਗਾਬੀਆਂ ਕਹਾਣੀ ਸੰਗ੍ਰਹਿ ਵਿਚਲੀ ਕਹਾਣੀ 'ਮਿਸ ਇੱਜ਼ੀ' ਦੂਜੀ ਵਿਸ਼ਵ ਜੰਗ ਦੇ ਮਾਰੂ ਪ੍ਰਭਾਵਾਂ ਨੂੰ ਰੂਪਮਾਨ ਕਰਦੀ ਹੈ। ਇਸ ਕਹਾਣੀ ਦਾ ਵਿਸ਼ਾ ਸੰਸਾਰ ਜੰਗ ਦੇ ਪ੍ਰਭਾਵ ਸਦਕਾ ਲੋਕਾਂ ਵਿੱਚ ਵਧੇ ਪਰਵਾਸ ਦੇ ਰੁਝਾਨ ਨੂੰ ਉਜਾਗਰ ਕਰਨਾ ਹੈ। ਪਹਿਲਾਂ ਪਰਵਾਸ ਸਿਰਫ਼ ਰੋਜ਼ੀ-ਰੋਟੀ ਤੇ ਰੁਜ਼ਗਾਰ ਲਈ ਧਾਰਨ ਕੀਤਾ ਜਾਂਦਾ ਸੀ। ਵਿਸ਼ਵ ਜੰਗ ਦੇ ਪ੍ਰਭਾਵ ਨਾਲ ਇੰਗਲੈਂਡ ਵਰਗੇ ਮੁਲਕਾਂ ਦੀ ਮਦਦ ਲਈ ਭਾਰਤ ਤੋਂ ਸਿੱਖ ਰੈਜ਼ੀਡੈਂਟ ਅਤੇ ਕੈਨੇਡਾ ਤੋਂ ਆਰਮੀ ਬੁਲਾਈ ਗਈ। ਜਦੋਂ ਸੰਸਾਰ ਜੰਗ ਖ਼ਤਮ ਹੋਈ ਤਾਂ ਇੰਗਲੈਂਡ ਦੇ ਨੌਜਵਾਨਾਂ ਦੀ ਗਿਣਤੀ ਵਿੱਚ ਕਾਫ਼ੀ ਘਾਟਾ ਦਰਜ ਕੀਤਾ ਗਿਆ। ਭਾਰਤੀ ਆਰਮੀ ਦੇ ਬਹੁਤੇ ਜਵਾਨਾਂ ਨੇ ਇੰਗਲੈਂਡ ਦੀਆਂ ਗੋਰੀਆਂ ਨਾਲ ਵਿਆਹ ਸੰਬੰਧ ਸਥਾਪਿਤ ਕਰਕੇ ਇੱਥੇ ਪੱਕੇ ਤੌਰ 'ਤੇ ਰਹਿਣ ਦਾ ਫੈਸਲਾ ਲਿਆ। ਇਸੇ ਪ੍ਰਕਾਰ ਬਹੁਤੀਆਂ ਕੁੜੀਆਂ ਕੈਨੇਡੀਅਨ ਆਰਮੀ ਦੇ ਨੌਜਵਾਨਾਂ ਨਾਲ ਵਿਆਹ ਕਰਵਾ ਕੇ ਕੈਨੇਡਾ ਦੀ ਧਰਤੀ ਉੱਪਰ ਰਹਿਣ ਬਸੇਰਾ ਕਰ ਗਈਆ। ਮਿਸ ਇੱਜ਼ੀ ਕਹਾਣੀ ਦੀ ਮੁੱਖ ਪਾਤਰ ਇੱਜ਼ੀ ਇੰਗਲੈਂਡ ਤੋਂ ਕੈਨੇਡਾ ਆਰਮੀ ਦੇ ਫੌਜੀ ਫਰੈਂਕ ਕਲਾਇਨ ਨਾਲ ਵਿਆਹ ਕਰਵਾ ਕੇ ਕੈਨੇਡਾ ਰਹਿਣ ਲੱਗ ਜਾਂਦੀ ਹੈ। ਵਿਸ਼ਵ ਜੰਗ ਦੌਰਾਨ ਬ੍ਰਿਟਿਸ਼ ਸਰਕਾਰ ਕੁੜੀਆਂ ਦੇ ਵਿਆਹ ਸਮੇਂ ਪੂਰੀ ਜ਼ਿੰਮੇਵਾਰੀ ਨਾਲ ਫੌਜੀਆਂ ਦਾ ਪਰਿਵਾਰਕ ਤੇ ਆਰਥਿਕ ਪਿਛੋਕੜ ਵੇਖ-

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 31-42

ਭਾਲ ਕੇ ਹੀ ਉਹਨਾਂ ਦਾ ਵਿਆਹ ਕਰਦੀ ਹੈ: "ਫ਼ੌਜੀਆਂ ਦਾ ਵੀ ਕੈਨੇਡਾ ਤੋਂ ਪਿਛੋਕੜ ਚੈੱਕ ਕੀਤਾ ਜਾਂਦਾ ਸੀ, ਕਿਤੇ ਪਹਿਲਾਂ ਵਿਆਹੇ ਹੋਏ ਨਾ ਹੋਣ। ਉਨ੍ਹਾਂ ਨੂੰ ਇੰਮੀਗ੍ਰੇਸ਼ਨ ਫਾਰਮ ਭਰਨਾ ਪੈਂਦਾ ਸੀ ਜਿਸ ਵਿਚ ਉਨ੍ਹਾਂ ਦੀ ਫ਼ੌਜ ਤੋਂ ਨੌਕਰੀ ਬਿਨਾਂ ਹੋਰ ਆਮਦਨ ਬਾਰੇ ਪੁੱਛਿਆ ਜਾਂਦਾ ਸੀ ਤਾਂ ਕਿ ਜੇ ਕੱਲ੍ਹ ਨੂੰ ਫ਼ੌਜ ਦੀ ਨੌਕਰੀ ਨਾ ਰਹੇ ਤਾਂ ਪਰਿਵਾਰ ਦਾ ਗੁਜ਼ਾਰਾ ਕਿਵੇਂ ਕਰਨਾ ਹੈ..."[9]

2025 ਵਿੱਚ ਸੁਰਤਿ ਵਿੱਚ ਛਪੀ ਗੁਰਪ੍ਰੀਤ ਪਨਾਗ ਦੀ ਕਹਾਣੀ 'ਪੋਲੇ ਪੋਲੇ' ਅਫ਼ਰੀਕੀ ਕਬੀਲਿਆਂ ਦੇ ਸਭਿਆਚਾਰ ਨੂੰ ਪੇਸ਼ ਕਰਦੀ ਇਕ ਮਹੱਤਵਪੂਰਨ ਕਹਾਣੀ ਹੈ। ਇਹ ਕਹਾਣੀ ਕੁਝ ਅਫ਼ਰੀਕੀ ਕਬੀਲਿਆਂ ਦੀਆਂ ਔਰਤਾਂ ਦੇ ਗੁਪਤ ਅੰਗਾਂ ਨੂੰ ਕੱਟਣ ਸੀਣ ਦੀ ਬਹੁਤ ਹੀ ਦਰਦਨਾਕ ਰਸਮ 'ਤੇ ਅਧਾਰਿਤ ਹੈ। ਇਨ੍ਹਾਂ ਕਬੀਲਿਆਂ ਵਿੱਚ ਟੋਟਮ ਤੇ ਟੈਬੂਜ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਪਰੰਪਰਾ ਤੋਂ ਚੱਲੀਆਂ ਆ ਰਹੀਆਂ ਰਹੁ-ਰੀਤਾਂ, ਰਹਿਣ-ਸਹਿਣ, ਖਾਣ-ਪੀਣ ਤੇ ਪਹਿਰਾਵਾ ਆਦਿ ਇਨ੍ਹਾਂ ਦਾ ਦੂਜੇ ਲੋਕਾਂ ਨਾਲੋਂ ਸਭਿਆਚਾਰਕ ਵਖਰੇਵੇਂ ਨੂੰ ਪ੍ਰਗਟ ਕਰਦਾ ਹੈ। ਇਹ ਕਬੀਲੇ ਕਈ ਦਰਦਨਾਕ ਰਸਮਾਂ ਨੂੰ ਬੜੀ ਕੱਟੜਤਾ ਨਾਲ ਨਿਭਾਉਂਦੇ ਹਨ। ਇਸ ਪ੍ਰਕ੍ਰਿਆ ਵਿੱਚੋਂ ਛੋਟੀਆਂ ਬੱਚੀਆਂ ਨੂੰ ਵੀ ਲੰਘਣਾ ਪੈਂਦਾ ਹੈ। ਕਹਾਣੀ ਵਿਚ ਅਫ਼ਰੀਕਨ ਲੋਕ ਕੁਦਰਤ ਪ੍ਰੇਮੀ ਦਿਖਾਏ ਗਏ ਹਨ, ਜਿੰਨ੍ਹਾ ਨੇ ਜੰਗਲਾਂ ਵਿਚ ਛੋਟੇ-ਛੋਟੇ ਘਰ ਬਣਾਏ ਹੋਏ ਹਨ। ਕਹਾਣੀ ਦੀ ਮੁਖ ਪਾਤਰ ਤੇ ਉਸਦਾ ਪਤੀ ਬਲਵੀਰ ਕੈਨੈਡਾ ਤੋਂ ਆਪਣੇ ਚਾਚੇ ਦੀ ਧੀ ਪ੍ਰੀਤੀ ਦੇ ਵਿਆਹ ਉੱਪਰ ਅਫ਼ਰੀਕਾ ਚਲੇ ਜਾਂਦੇ ਹਨ, ਜਿੱਥੇ ਉਹਨਾਂ ਦਾ ਧਿਆਨ ਅਫ਼ਰੀਕਨ ਲੋਕਾਂ ਵੱਲੋਂ ਸਾਂਭੇ ਵਾਤਾਵਰਨ ਵੱਲ ਖਿੱਚਿਆ ਜਾਂਦਾ ਹੈ। ਵਿਆਹ ਦੇ ਦੌਰਾਨ ਮੈਂ ਪਾਤਰ ਅਤੇ ਉਸਦੇ ਪਤੀ ਬਲਵੀਰ ਨੂੰ ਅਫ਼ਰੀਕਨ ਕਬੀਲੇ ਦੀਆਂ ਔਰਤਾਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਇਕ ਦਾ ਨਾਂ ਹਦੀਸਾ ਹੈ। ਹਦੀਸਾ ਆਪਣੇ ਕਬੀਲੇ ਦੇ ਰਸਮ-ਰਿਵਾਜਾਂ ਬਾਰੇ ਦੱਸਦੀ ਹੋਈ ਇਕ ਅਜਿਹੀ ਰਸਮ ਤੋਂ ਜਾਣੂ ਕਰਵਾਉਂਦੀ ਹੈ ਜਿਸ ਅਨੁਸਾਰ ਉਸਦੇ ਕਬੀਲੇ ਵਿਚ ਛੋਟੀ ਉਮਰ ਵਿਚ ਹੀ ਕੁੜੀਆਂ ਨੂੰ ਤਸ਼ੱਦਦ ਝੱਲਣੇ ਪੈਂਦੇ ਹਨ। ਆਪ ਉਹ ਇਹ ਰਸਮ ਦਾ ਵਿਰੋਧ ਕਰਦੀ ਹੋਈ ਆਪਣੀ ਧੀ ਅਨੀਸਾ ਨੂੰ ਇਸ ਗੁਪਤ ਅੰਗ ਸੀਣ ਦੀ ਰਸਮ ਤੋਂ ਬਚਾਉਣਾ ਚਾਹੁੰਦੀ ਹੈ। ਅੰਮ੍ਰਿਤਾ ਜੋ ਸੋਸ਼ਲ ਵਰਕਰ ਹੈ ਅਨੀਸਾ ਦੇ ਪਿਉ ਦਾ ਵਿਰੋਧ ਕਰਦੀ ਹੈ, ਉਹ ਵੀ ਅਨੀਸਾ ਨੂੰ ਇਸ ਰਸਮ ਤੋਂ ਬਚਾਉਣ ਦੀ ਕੋਸ਼ਿਸ ਕਰਦੀ ਹੈ। ਇਸ ਕਬੀਲੇ ਦੇ ਲੋਕ ਅਜਿਹੀ ਰਸਮ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। "ਕਈ ਪਰਿਵਾਰਾਂ ਨੂੰ ਅਸੀਂ ਬੱਕਰੀਆਂ, ਬੌਲਦ ਵੀ ਖਰੀਦ ਕੇ ਦਿੱਤੇ ਨੇ ਤਾਂ ਕਿ ਉਹਨਾਂ ਨੂੰ ਦਾਜ ਦੀ ਝਾਕ ਨਾ ਰਹੇ। ਇੱਕ ਪਿੰਡ ਦੇ ਮੁਖੀਏ ਨੇ ਤਾਂ ਐਤਕੀਂ ਖੁਸ਼ ਕਰ ਦਿੱਤਾ। ਕਹਿੰਦਾ, ਹੁਣ ਤਾਂ ਅਸੀਂ ਕੁੜੀਆਂ ਦੇ ਮੂੰਹ 'ਤੇ ਆਟਾ ਮਲ ਕੇ ਹੀ ਰਸਮ ਪੂਰੀ ਕਰ ਲੈਂਦੇ ਆਂ।"[10]

ਜਿਸ ਤਰ੍ਹਾਂ ਭਾਰਤੀ ਸਭਿਆਚਾਰ ਵਿਚ ਸਤੀ ਪ੍ਰਥਾ ਜਿਹੀ ਰਸਮ ਨੂੰ ਖ਼ਤਮ ਕੀਤਾ ਗਿਆ ਹੈ, ਉਸੇ ਤਰ੍ਹਾਂ ਅਫ਼ਰੀਕਨ ਸਮਾਜ ਦੇ ਲੋਕ ਵੀ ਬੱਚੀਆਂ ਨਾਲ ਰਸਮ ਦੇ ਨਾਂ ਉੱਤੇ ਹੁੰਦੇ ਸ਼ੋਸ਼ਣ ਨੂੰ ਖਤਮ ਕਰਨਾ ਚਾਹੁੰਦੇ ਹਨ।

ਜਿੱਥੇ ਇਹਨਾਂ ਲੋਕਾਂ ਨੇ ਆਪਣੀਆਂ ਸਭਿਆਚਾਰਕ ਕਦਰਾਂ-ਕੀਮਤਾਂ, ਵਾਤਾਵਰਨ, ਜੜ੍ਹੀ ਬੂਟੀਆਂ ਆਦਿ ਨੂੰ ਸੰਭਾਲਿਆ ਹੋਇਆ ਹੈ ਉੱਥੇ ਇਹ ਲੋਕ ਸਮਾਜ ਵਿਚ ਫੈਲੀਆਂ ਭੈੜੀਆਂ ਕੁਰੀਤੀਆਂ ਨੂੰ ਦੂਰ ਕਰਕੇ ਦੂਸਰੇ ਮੁਲਕਾਂ ਦੇ ਸਭਿਆਚਾਰਾਂ ਦੇ ਬਰਾਬਰ ਆਪਣੀ ਸਭਿਆਚਾਰਕ ਪਹਿਚਾਣ ਨੂੰ ਪ੍ਰਫੁੱਲਿਤ ਕਰਨ ਦਾ ਯਤਨ ਕਰਦੇ ਹਨ। ਇਸ ਕਹਾਣੀ ਵਿਚ ਮੈਂ ਪਾਤਰ ਤੇ ਉਸਦਾ ਪਤੀ ਬਲਵੀਰ ਜੋ ਕਿ ਪਹਿਲਾਂ ਇਸ ਮੁਲਕ ਨੂੰ ਕਾਲਿਆਂ ਦਾ ਮੁਲਕ ਦੱਸਦੇ ਹਨ, ਅੰਤ ਵਿਚ ਇਹਨਾਂ ਅਫ਼ਰੀਕਨ ਲੋਕਾਂ ਦੀ ਮੋਹ ਮੁਹੱਬਤ ਅਤੇ ਆਪਸੀ ਸਾਂਝ ਤੋਂ ਪ੍ਰਭਾਵਿਤ ਹੋ ਕੇ ਆਖਦਾ ਹੈ :"ਆਹੋ ਭਾਈ ਅਸੀਂ ਤਾਂ ਐਵੇਂ ਕਹੀ ਜਾਨੇ ਆਂ...ਕਾਲੇ ਜੇਹ ਹੁੰਦੇ ਨੇ, ਕਾਲੇ ਬੋਹ ਹੁੰਦੇ ਨੇ। ਇਹ ਤਾਂ ਪੂਰੇ ਸਬਰ ਸਬੂਰੀ 'ਚ ਰਹਿਣ ਵਾਲੇ ਲੋਕ ਨੇ। ਇੱਕ ਛੱਲੀ ਵੀ ਸਾਰੇ ਵੰਡ ਕੇ ਖਾਂਦੇ ਨੇ ਮੈਂ" [11]

ਪਨਾਗ ਦੀ ਇਹ ਕਹਾਣੀ ਦੋ ਵੱਖ-ਵੱਖ ਸਭਿਆਚਾਰਾਂ ਦੀ ਆਪਸੀ ਸਹਿ-ਹੋਂਦ ਅਤੇ ਵਖਰੇਵੇਂ ਨੂੰ ਬਿਆਨ ਕਰਦੀ ਹੈ। ਇਸ ਕਹਾਣੀ ਵਿਚ ਦੋ ਵੱਖ-ਵੱਖ ਖੇਤਰਾਂ ਦੀਆਂ ਕਦਰਾਂ-ਕੀਮਤਾਂ ਅਤੇ ਵਿਚਾਰਾਂ ਦੀ ਸਾਂਝ ਅਤੇ ਨੇੜਤਾ ਦੀ ਸੰਭਾਵਨਾ ਨੂੰ ਦੇਖਿਆ ਜਾ ਸਕਦਾ ਹੈ। ਕਹਾਣੀ ਵਿਚਲੇ ਪਾਤਰ ਭਿੰਨ-ਭਿੰਨ ਮੁਲਕਾਂ ਦੇ ਵਸਨੀਕ ਹੋਣ ਦੇ ਬਾਵਜੂਦ ਅੰਤ ਵਿਚ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਇਕ ਦੂਜੇ ਦਾ ਸਹਿਯੋਗ ਕਰਦੇ ਨਜ਼ਰ ਆਉਂਦੇ ਹਨ। ਗੁਰਮੀਤ ਪਨਾਗ ਦੀਆਂ ਇਹਨਾਂ ਕਹਾਣੀਆਂ ਵਿਚ ਵੱਖ-ਵੱਖ ਕੌਮਾਂ, ਕਬੀਲਿਆਂ, ਨਸਲਾਂ ਦੇ ਸਭਿਆਚਾਰਕ ਵੇਰਵਿਆਂ ਨੂੰ ਪੇਸ਼ ਕੀਤਾ ਗਿਆ ਹੈ। ਕੈਨੇਡਾ ਅਤੇ ਅਮਰੀਕਾ ਜਿਹੇ ਮੁਲਕਾਂ ਵਿਚ ਵੱਖ-ਵੱਖ ਸਭਿਆਚਾਰਾਂ ਦੇ ਲੋਕ ਰਹਿੰਦੇ ਹਨ ਜੋ ਆਪਣੀਆਂ ਵਿਭਿੰਨ ਪਰੰਪਰਾਵਾਂ, ਵਿਸ਼ਵਾਸਾਂ ਨਾਲ ਜੀਵਨ ਜਿਉਂਦੇ ਹਨ। ਪਨਾਗ ਦੀਆਂ ਕਹਾਣੀਆਂ ਵਿਚ ਸਮਾਜ ਦੀ ਅਜਿਹੀ ਸਥਿਤੀ ਨੂੰ ਸਿਰਜਣ ਦੇ ਰਾਹ ਤਲਾਸ਼ੇ ਗਏ ਹਨ ਜਿਸ ਵਿਚ ਸਮਾਨਤਾ, ਸੁਮੇਲਤਾ ਅਤੇ ਮਨੁੱਖਤਾ ਦੇ ਹੱਕ ਦੀ ਗੱਲ ਤੁਰੇ। ਇਸ ਤਰ੍ਹਾਂ ਗੁਰਮੀਤ ਪਨਾਗ ਦੀਆਂ ਕਹਾਣੀਆਂ ਬਹੁਸਭਿਆਚਾਰਵਾਦੀ ਚੇਤਨਾ ਨੂੰ ਕੇਂਦਰ ਵਿੱਚ ਰੱਖਦਿਆਂ ਸਮਕਾਲੀ ਪ੍ਰਵਾਸੀ ਜੀਵਨ ਦੇ ਜਟਿਲ ਯਥਾਰਥ ਨੂੰ ਰੂਪਮਾਨ ਕਰਦੀਆਂ ਹਨ। ਉਹ ਆਪਣੀਆਂ ਕਹਾਣੀਆਂ ਰਾਹੀਂ ਸਿਰਫ਼ ਵੱਖ-ਵੱਖ ਨਸਲਾਂ, ਕੌਮਾਂ ਅਤੇ ਸਭਿਆਚਾਰਾਂ ਦੇ ਜੀਵਨ-ਅਨੁਭਵਾਂ ਨੂੰ ਹੀ ਪ੍ਰਗਟ ਨਹੀਂ ਕਰਦੀ, ਸਗੋਂ ਭਾਰੂ ਸਭਿਆਚਾਰ ਦੁਆਰਾ ਘੱਟ-ਗਿਣਤੀ ਸਮੂਹਾਂ ਨਾਲ ਕੀਤੇ ਜਾਂਦੇ ਨਸਲੀ ਅਤੇ ਸਭਿਆਚਾਰਕ ਵਿਤਕਰੇ ਨੂੰ ਵੀ ਗੰਭੀਰਤਾ ਨਾਲ ਉਜਾਗਰ ਕਰਦੀ ਹੈ। ਉਸਦੀਆਂ ਕਹਾਣੀਆਂ ਵਿੱਚ ਨੇਟਿਵ ਲੋਕਾਂ, ਅਫ਼ਰੀਕੀ ਭਾਈਚਾਰਿਆਂ, ਯਹੂਦੀਆਂ, ਕਾਲੇ ਲੋਕਾਂ ਅਤੇ ਪ੍ਰਵਾਸੀ ਪੰਜਾਬੀਆਂ ਦੇ ਜੀਵਨ ਸੰਘਰਸ਼ਾਂ ਨੂੰ ਡੂੰਘੀ ਸੰਵੇਦਨਾ ਨਾਲ ਪੇਸ਼ ਕੀਤਾ ਗਿਆ ਹੈ। ਪਨਾਗ ਦੀ ਕਥਾ-ਦ੍ਰਿਸ਼ਟੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਬਹੁਸਭਿਆਚਾਰਕ ਸਮਾਜ ਦੇ ਅੰਦਰ ਮੌਜੂਦ ਅਸਮਾਨਤਾਵਾਂ, ਨਸਲੀ ਭੇਦ-ਭਾਵ, ਸਭਿਆਚਾਰਕ ਦਬਾਅ ਅਤੇ ਪਛਾਣ ਦੇ ਸੰਕਟ ਨੂੰ ਬੇਨਕਾਬ ਕਰਦੀ ਹੋਈ ਵੀ ਮਨੁੱਖੀ ਸਾਂਝ, ਸਹਿ-ਹੋਂਦ ਅਤੇ ਆਪਸੀ ਸਤਿਕਾਰ ਦੀ ਸੰਭਾਵਨਾ ਨੂੰ ਕੇਂਦਰ ਵਿੱਚ ਰੱਖਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਹਾਸ਼ੀਆਗਤ ਸਮੂਹ ਕੇਵਲ ਪੀੜਤ ਇਕਾਈਆਂ ਨਹੀਂ

ਰਹਿੰਦੇ, ਸਗੋਂ ਉਹ ਆਪਣੀ ਹੋਂਦ, ਹੋਣੀ ਅਤੇ ਸਭਿਆਚਾਰਕ ਸ਼ਨਾਖਤ ਨੂੰ ਬਚਾਉਣ ਲਈ ਸੰਘਰਸ਼ਸ਼ੀਲ ਦਿਖਾਈ ਦਿੰਦੇ ਹਨ। ਗੁਰਮੀਤ ਪਨਾਗ ਆਪਣੀਆਂ ਕਹਾਣੀਆਂ ਰਾਹੀਂ ਇਹ ਸਥਾਪਿਤ ਕਰਦੀ ਹੈ ਕਿ ਬਹੁ ਸਭਿਆਚਾਰਵਾਦ ਸਿਰਫ਼ ਸਭਿਆਚਾਰਕ ਵਿਭਿੰਨਤਾ ਦੀ ਸਵੀਕਾਰਤਾ ਨਹੀਂ, ਬਲਕਿ ਇੱਕ ਗਹਿਰੀ ਸਮਾਜਿਕ-ਰਾਜਨੀਤਿਕ ਚੇਤਨਾ ਹੈ ਜੋ ਸਮਾਨਤਾ, ਮਨੁੱਖੀ ਅਧਿਕਾਰਾਂ ਅਤੇ ਸਰਵ ਸਾਂਝੀਵਾਲ ਦੇ ਭਾਵ ਨੂੰ ਦ੍ਰਿੜ੍ਹਾਉਂਦੀ ਹੈ। ਇਸ ਪ੍ਰਸੰਗ ਵਿੱਚ ਪਨਾਗ ਦੀਆਂ ਕਹਾਣੀਆਂ ਪੰਜਾਬੀ ਪ੍ਰਵਾਸੀ ਸਾਹਿਤ ਨੂੰ ਨਵੀਂ ਵਿਚਾਰਧਾਰਕ ਦਿਸ਼ਾ ਪ੍ਰਦਾਨ ਕਰਦੀਆਂ ਹਨ ਅਤੇ ਮਨੁੱਖੀ ਸਹਿਣਸ਼ੀਲਤਾ, ਸਭਿਆਚਾਰਕ ਸੰਵਾਦ ਅਤੇ ਵਿਸ਼ਵ-ਭਾਈਚਾਰੇ ਦੇ ਮੁੱਲਾਂ ਨੂੰ ਮਜ਼ਬੂਤ ਕਰਦੀਆਂ ਹਨ।

ਹਵਾਲੇ ਟਿੱਪਣੀਆਂ

1. Gurpreet Mahajan, The Multicultural Path: Issues of Diversity and Discrimination in Democracy, Sage Publications, 2002, P. 11
2. ਡਾ. ਬਲਦੇਵ ਸਿੰਘ ਧਾਲੀਵਾਲ, "ਬਹੁ ਸਭਿਆਚਾਰਵਾਦ, ਪਛਾਣ ਦਾ ਸੰਕਟ ਅਤੇ ਪੰਜਾਬੀ ਕਹਾਣੀ". ਡਾ. ਬਲਦੇਵ ਸਿੰਘ ਧਾਲੀਵਾਲ ਅਤੇ ਸੁਖਪ੍ਰੀਤ ਕੌਰ (ਸੰਪਾ.), ਬਹੁ ਸਭਿਆਚਾਰਵਾਦ ਅਤੇ ਪੰਜਾਬੀ ਸਾਹਿਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2020, ਪੰਨਾ 135
3. ਡਾ. ਸੁਖਪ੍ਰੀਤ ਕੌਰ, "ਬਹੁ ਸਭਿਆਚਾਰਵਾਦ: ਸਰੂਪ ਤੇ ਪ੍ਰਕਾਰਜ'", ਡਾ. ਬਲਦੇਵ ਸਿੰਘ ਧਾਲੀਵਾਲ ਅਤੇ ਸੁਖਪ੍ਰੀਤ ਕੌਰ (ਸੰਪਾ.), ਬਹੁ ਸਭਿਆਚਾਰਵਾਦ ਅਤੇ ਪੰਜਾਬੀ ਸਾਹਿਤ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ 2020, ਪੰਨੇ 29-30
4. ਮੁਰਗਾਬੀਆਂ, ਗੁਰਮੀਤ ਪਨਾਗ, ਪੰਨਾ 15
5. ਉਹੀ, ਪੰਨਾ 25
6. ਉਹੀ, ਪੰਨਾ 71
7. ਉਹੀ, ਪੰਨਾ 49
8. ਅਹੌਤ ਰੂਥ, ਰਾਗ, ਮਈ-ਦਸੰਬਰ, 2020, ਪੰਨਾ, 64
9. ਮੁਰਗਾਬੀਆਂ, ਗੁਰਮੀਤ ਪਨਾਗ, ਪੰਨਾ 129
10. ਪੌਲੇ-ਪੌਲੇ, ਸੁਰਤਿ, ਬਸੰਤ, 2025, ਪੰਨਾ 128
11. ਪੌਲੇ-ਪੌਲੇ, ਪੰਨਾ 129

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 43-59

ਸਮਕਾਲੀ ਪਰਵਾਸੀ ਪੰਜਾਬੀ ਕਵਿਤਾ: ਸਿੱਧਾਂਤਕ ਪਰਿਪੇਖ

ਡਾ. ਪ੍ਰਵੀਨ ਕੁਮਾਰ
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।

ਸਾਰ

ਇਹ ਖੋਜ-ਪੱਤਰ ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਦੀ ਸਿਧਾਂਤਕ ਸਮਝ ਨੂੰ ਸਿੱਧਾਂਤਕ ਪਰਿਪੇਖ ਵਿੱਚ ਪੇਸ਼ ਕਰਦਾ ਹੈ। ਇਕੀਵੀਂ ਸਦੀ ਦੀ ਪਰਵਾਸੀ ਪੰਜਾਬੀ ਕਵਿਤਾ ਹੁਣ ਕੇਵਲ ਵਿਛੋੜੇ, ਦੇਸ਼-ਪ੍ਰੇਮ ਜਾਂ ਯਾਦਾਂ ਦੀ ਕਵਿਤਾ ਨਹੀਂ ਰਹੀ, ਸਗੋਂ ਇਹ ਮਨੁੱਖੀ ਅਸਤਿਤਵ, ਚੇਤਨਾ, ਕਵਾਂਟਮ ਵਿਚਾਰਧਾਰਾ, ਰੂਹਾਨੀਅਤ, ਬਹੁ-ਸਭਿਆਚਾਰਕਤਾ, ਵਾਤਾਵਰਣ, ਡਿਜ਼ੀਟਲ ਯੁੱਗ ਅਤੇ ਵਿਸ਼ਵੀਕਰਨ ਨਾਲ ਜੁੜੇ ਪ੍ਰਸ਼ਨਾਂ ਨੂੰ ਕੇਂਦਰ ਵਿੱਚ ਰੱਖਦੀ ਹੈ। ਸਮਕਾਲੀ ਸੰਸਾਰ ਦੀਆਂ ਸਮਾਜਿਕ, ਆਰਥਿਕ, ਤਕਨੀਕੀ ਅਤੇ ਵਾਤਾਵਰਣਕ ਚੁਣੌਤੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਵਿਸ਼ਵੀਕਰਨ, ਉਪਭੋਗਤਾਵਾਦ, ਡਿਜ਼ੀਟਲ ਤਕਨਾਲੋਜੀ ਅਤੇ AI ਨੇ ਮਨੁੱਖੀ ਜੀਵਨ ਵਿੱਚ ਡੂੰਘੇ ਬਦਲਾਅ ਲਿਆਂਦੇ ਹਨ। ਅਜਿਹੇ ਸਮੇਂ ਵਿੱਚ ਸਾਹਿਤ, ਖ਼ਾਸ ਕਰਕੇ ਕਵਿਤਾ, ਮਨੁੱਖੀ ਚੇਤਨਾ ਨੂੰ ਨਵੀਂ ਦਿਸ਼ਾ ਦੇਣ ਦਾ ਸਮਰੱਥ ਮਾਧਿਅਮ ਹੈ। ਇਸ ਪ੍ਰਸੰਗ ਵਿੱਚ ਪਰਵਾਸੀ ਪੰਜਾਬੀ ਕਵਿਤਾ ਦੀ ਨਵੀਂ ਸਿਧਾਂਤਕ ਸਮਝ ਨੂੰ ਉਜਾਗਰ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਹੈ।

ਭੂਮਿਕਾ

ਮਨੁੱਖਤਾ ਇੱਕੀਵੀਂ ਸਦੀ ਦੇ ਤੀਸਰੇ ਦਹਾਕੇ ਦੇ ਅੱਧ ਨੂੰ ਪਾਰ ਕਰ ਚੁੱਕੀ ਹੈ ਅਤੇ ਇਸ ਮੌਕੇ 'ਤੇ ਮਨੁੱਖੀ ਸਭਿਆਚਾਰ ਆਪਣੇ ਅਸਤਿੱਤਵ, ਮੁੱਲਾਂ ਅਤੇ ਭਵਿੱਖ ਸੰਬੰਧੀ ਗੰਭੀਰ ਸਿੱਧਾਂਤਕ ਪ੍ਰਸ਼ਨਾਂ ਨਾਲ ਮੁਖਾਤਿਬ ਹੈ। ਵੀਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਤੋਂ ਲੈ ਕੇ ਇੱਕੀਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਤੱਕ ਆਈ ਤਕਨੀਕੀ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਤਬਦੀਲੀਆਂ ਨੇ ਮਨੁੱਖੀ ਇਤਿਹਾਸ ਦੇ ਵਿਕਾਸ ਵਿੱਚ ਇੱਕ ਨਵਾਂ ਮੋੜ ਪੈਦਾ ਕੀਤਾ ਹੈ। ਗਲੋਬਲ ਪੂੰਜੀਵਾਦ, ਉਪਭੋਗਤਾਵਾਦ, ਡਿਜ਼ੀਟਲ ਯੁੱਗ ਅਤੇ AI ਦੇ ਤੇਜ਼ ਵਿਸਤਾਰ ਨੇ ਮਨੁੱਖੀ ਜੀਵਨ ਨੂੰ ਸੁਵਿਧਾਜਨਕ ਤਾਂ ਬਣਾਇਆ ਹੈ, ਪਰ ਇਸ ਦੇ ਨਾਲ ਹੀ ਮਨੁੱਖ ਨੂੰ ਅੰਦਰੂਨੀ ਖਾਲੀਪਣ, ਅਸੁਰੱਖਿਆ ਅਤੇ ਅਸਤਿੱਤਵੀ ਦਵੰਦ ਦਾ ਸ਼ਿਕਾਰ ਵੀ ਕੀਤਾ ਹੈ। ਆਧੁਨਿਕ ਮਨੁੱਖ ਆਪਣੀ ਹੀ ਰਚੀ ਤਕਨੀਕੀ ਦੁਨੀਆ ਵਿੱਚ ਇਕਾਂਤ, ਸੰਵੇਦਨਹੀਨਤਾ ਅਤੇ ਮੂਲ-ਵਿਹੀਣਤਾ ਦਾ ਅਨੁਭਵ ਕਰ ਰਿਹਾ ਹੈ। ਦੂਜੇ ਪਾਸੇ,

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 43-59

ਵਾਤਾਵਰਣਕ ਸੰਕਟ ਮਨੁੱਖੀ ਸਭਿਆਚਾਰ ਲਈ ਸਭ ਤੋਂ ਵੱਡੀ ਚੁਣੌਤੀ ਵਜੋਂ ਉਭਰਿਆ ਹੈ। ਹਵਾ, ਪਾਣੀ ਅਤੇ ਧਰਤੀ ਦਾ ਪ੍ਰਦੂਸ਼ਣ ਲਗਾਤਾਰ ਵੱਧ ਰਿਹਾ ਹੈ। ਜੰਗਲਾਂ ਦੀ ਕਟਾਈ, ਗਲੇਸ਼ੀਅਰਾਂ ਦਾ ਪਿਘਲਣਾ, ਜੈਵਿਕ ਵਿਭਿੰਨਤਾ ਦਾ ਨਾਸ ਅਤੇ ਜਲਵਾਯੂ ਪਰਿਵਰਤਨ ਨੇ ਧਰਤੀ ਦੇ ਕੁਦਰਤੀ ਸੰਤੁਲਨ ਨੂੰ ਗੰਭੀਰ ਤੌਰ ‘ਤੇ ਪ੍ਰਭਾਵਿਤ ਕੀਤਾ ਹੈ। ਕੁਦਰਤੀ ਆਫ਼ਤਾਂ ਜਿਵੇਂ ਕਿ ਬੇਮੌਸਮੀ ਵਰਖਾ, ਸੋਕਾ, ਹੜ੍ਹ, ਭੂਚਾਲ ਅਤੇ ਮਹਾਂਮਾਰੀਆਂ ਮਨੁੱਖੀ ਵਿਕਾਸ ਮਾਡਲ ਦੀਆਂ ਸੀਮਾਵਾਂ ਨੂੰ ਉਜਾਗਰ ਕਰ ਰਹੀਆਂ ਹਨ। ਇਸ ਸਥਿਤੀ ਵਿੱਚ ਮਨੁੱਖਤਾ ਕਿਸੇ ਅਜਿਹੀ ਨਵੀਂ ਸਿੱਧਾਂਤਕੀ, ਨਵੇਂ ਦਰਸ਼ਨ ਅਤੇ ਨਵੇਂ ਨੈਤਿਕ ਬੋਧ ਦੀ ਤਲਾਸ਼ ਕਰ ਰਹੀ ਹੈ ਜੋ ਮਨੁੱਖ ਅਤੇ ਕੁਦਰਤ ਦੇ ਰਿਸ਼ਤੇ ਨੂੰ ਦੁਬਾਰਾ ਸੰਤੁਲਿਤ ਕਰ ਸਕੇ ਅਤੇ ਧਰਤੀ ਨੂੰ ਨਵੀਂ ਦਿਸ਼ਾ, ਨਵੀਂ ਸੇਧ ਅਤੇ ਟਿਕਾਊ ਭਵਿੱਖ ਪ੍ਰਦਾਨ ਕਰ ਸਕੇ। ਮੌਜੂਦਾ ਵਿਸ਼ਵ ਪਰਿਸਥਿਤੀ ਵਿੱਚ ਮਨੁੱਖਤਾ ਜਿਸ ਨਵੇਂ ਦਰਸ਼ਨ, ਨਵੀਂ ਨੈਤਿਕਤਾ ਅਤੇ ਨਵੀਂ ਸਿੱਧਾਂਤਕੀ ਦੀ ਤਲਾਸ਼ ਕਰ ਰਹੀ ਹੈ, ਉਸ ਦੇ ਸਰੋਤਾਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਸਾਹਿਤ ਅੰਦਰ ਹੀ ਖੋਜਿਆ ਜਾ ਸਕਦਾ ਹੈ, ਕਿਉਂਕਿ ਸਾਹਿਤ ਮਨੁੱਖੀ ਚੇਤਨਾ, ਇਤਿਹਾਸਕ ਅਨੁਭਵ ਅਤੇ ਸਮਾਜਕ ਸੰਵੇਦਨਾ ਦਾ ਸਭ ਤੋਂ ਜੀਵੰਤ ਅਭਵਿਅਕਤੀ ਦਾ ਮਾਧਿਅਮ ਰਿਹਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਾਹਿਤ ਨੇ ਹਰ ਯੁੱਗ ਵਿੱਚ ਮਨੁੱਖਤਾ ਨੂੰ ਨਵੀਂ ਦ੍ਰਿਸ਼ਟੀ, ਨਵੀਂ ਸੇਧ ਅਤੇ ਨਵੇਂ ਜੀਵਨ-ਮੁੱਲ ਪ੍ਰਦਾਨ ਕੀਤੇ ਹਨ।ਨਾਥ ਜੋਗੀ ਅਤੇ ਮੱਧਕਾਲੀ ਪੰਰਪਰਾ ਤੋਂ ਲੈ ਕੇ ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਤੱਕ ਸਾਹਿਤ ਨੇ ਕੇਵਲ ਸਮਾਜਕ ਅਤੇ ਬ੍ਰਹਿਮੰਡੀ ਯਥਾਰਥ ਦਾ ਦਰਪਣ ਹੀ ਨਹੀਂ ਬਣਿਆ, ਸਗੋਂ ਉਸ ਦੀ ਆਲੋਚਨਾ ਕਰਦਿਆਂ ਮਨੁੱਖੀ ਮੁਕਤੀ ਅਤੇ ਚੇਤਨਾ ਦੇ ਨਵੇਂ ਰਸਤੇ ਵੀ ਸੁਝਾਏ ਹਨ। ਇੱਕੀਵੀਂ ਸਦੀ ਵਿੱਚ ਸਾਹਿਤ ਦੇ ਸਰੋਕਾਰਾਂ, ਵਿਸ਼ਿਆਂ ਅਤੇ ਅਭਿਵਅਕਤੀ ਰੂਪਾਂ ਵਿੱਚ ਗਹਿਰੇ ਬਦਲਾਅ ਆਏ ਹਨ। ਵਿਸ਼ਵੀਕਰਨ , ਡਿਜ਼ੀਟਲ ਤਕਨਾਲੋਜੀ, ਬਾਜ਼ਾਰਵਾਦ ਅਤੇ ਤੇਜ਼ ਸੰਚਾਰ ਮਾਧਿਅਮਾਂ ਨੇ ਮਨੁੱਖੀ ਅਨੁਭਵ ਦੀ ਬਣਤਰ ਨੂੰ ਹੀ ਬਦਲ ਦਿੱਤਾ ਹੈ, ਜਿਸ ਦਾ ਪ੍ਰਭਾਵ ਸਾਹਿਤਕ ਰਚਨਾਵਾਂ ‘ਤੇ ਵੀ ਸਪਸ਼ਟ ਤੌਰ ‘ਤੇ ਦਿਖਾਈ ਦਿੰਦਾ ਹੈ। ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਕਵਿਤਾ ਦੀ ਭੂਮਿਕਾ ਵਿਸ਼ੇਸ਼ ਮਹੱਤਵ ਰੱਖਦੀ ਹੈ, ਕਿਉਂਕਿ ਕਵਿਤਾ ਮਨੁੱਖੀ ਸੰਵੇਦਨਾ, ਅੰਦਰੂਨੀ ਦਵੰਦ ਅਤੇ ਸਮਕਾਲੀ ਸੰਕਟਾਂ ਨੂੰ ਸਭ ਤੋਂ ਸੰਕੇਤਮਈ ਅਤੇ ਗਹਿਰੇ ਰੂਪ ਵਿੱਚ ਪ੍ਰਗਟ ਕਰਨ ਦੀ ਸੱਮਰਥਾ ਰੱਖਦੀ ਹੈ।

ਉਦੇਸ਼

ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਦੇ ਸਿਧਾਂਤਕ ਸਰੂਪ ਦਾ ਅਧਿਐਨ।

ਪਰਵਾਸੀ ਪੰਜਾਬੀ ਕਵਿਤਾ ਵਿੱਚ ਆਏ ਨਵੇਂ ਵਿਚਾਰਕ ਅਤੇ ਦਾਰਸ਼ਨਿਕ ਰੁਝਾਨਾਂ ਦੀ ਪਛਾਣ ।

ਪੰਜਾਬੀ ਕਾਵਿ-ਆਲੋਚਨਾ ਦੀਆਂ ਪਰੰਪਰਾਗਤ ਧਾਰਨਾਵਾਂ ਦੀ ਪੁਨਰ-ਸਮੀਖਿਆ ਕਰਨਾ।

Volume: 13, March 2026 ISSN: 2394-0980
PP: 43-59

ਪਰਵਾਸੀ ਸਾਹਿਤ ਦੀ ਸੰਕਲਪਨਾ ਵੀ ਇਸ ਸਦੀ ਵਿੱਚ ਨਵੇਂ ਅਰਥਾਂ ਅਤੇ ਨਵੇਂ ਸੰਦਰਭਾਂ ਨਾਲ ਉੱਭਰੀ ਹੈ। 1980 ਤੋਂ ਪਹਿਲਾਂ ਦਾ ਪਰਵਾਸੀ ਸਾਹਿਤ ਜਿੱਥੇ ਵਿਛੋੜੇ, ਯਾਦ ਅਤੇ ਮੂਲ ਧਰਤੀ ਨਾਲ ਜੁੜੇ ਭਾਵਾਤਮਕ ਸੰਕਟਾਂ ਤੱਕ ਸੀਮਿਤ ਸੀ, ਉੱਥੇ ਸਮਕਾਲੀ ਪਰਵਾਸੀ ਸਾਹਿਤ ਅਤੇ ਖ਼ਾਸ ਤੌਰ ‘ਤੇ ਪਰਵਾਸੀ ਪੰਜਾਬੀ ਕਵਿਤਾ ਨੇ ਪਹਿਚਾਣ, ਬਹੁ-ਸਭਿਆਚਾਰਕਤਾ, ਭਾਸ਼ਾਈ ਸੰਕਟ, ਗਲੋਬਲ ਅਸਮਾਨਤਾਵਾਂ, ਨਸਲੀ ਅਨੁਭਵਾਂ ਅਤੇ ਡਿਜ਼ੀਟਲ ਯੁੱਗ ਦੀ ਮਨੁਖੀ ਇਕਾਂਤ ਵਰਗੇ ਜਟਿਲ ਪ੍ਰਸ਼ਨਾਂ ਨੂੰ ਆਪਣੇ ਵਿਚਾਰ-ਕੇਂਦਰ ਵਿੱਚ ਸ਼ਾਮਲ ਕੀਤਾ ਹੈ। ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੇ ਵਿਸਤਾਰ ਨੇ ਪਰਵਾਸ ਅਤੇ ਭੂਗੋਲਕ ਦੂਰੀ ਦੇ ਅਰਥਾਂ ਨੂੰ ਵੀ ਬਦਲ ਦਿੱਤਾ ਹੈ, ਜਿਸ ਕਾਰਨ ਪਰਵਾਸੀ ਪੰਜਾਬੀ ਕਵਿਤਾ ਨੇ ਨਵੇਂ ਭਾਸ਼ਾਈ ਮੁਹਾਵਰੇ, ਨਵੇਂ ਸੌਂਦਰਯ-ਬੋਧ ਅਤੇ ਨਵੇਂ ਆਲੋਚਨਾਤਮਕ ਪ੍ਰਤੀਮਾਨਾਂ ਨਾਲ ਆਪਣੀ ਵੱਖਰੀ ਪਹਿਚਾਣ ਸਿਰਜੀ ਹੈ। ਪਰਵਾਸੀ ਪੰਜਾਬੀ ਕਵਿਤਾ ਹੁਣ ਭੂ-ਹੇਰਵੇ ਨੂੰ ਉਸ ਤਰ੍ਹਾਂ ਕੇਂਦਰੀ ਸੰਵੇਦਨਾ ਵਜੋਂ ਨਹੀਂ ਵੇਖਦੀ ਜਿਵੇਂ ਵੀਹਵੀਂ ਸਦੀ ਦੇ ਅੰਤਿਮ ਦਹਾਕਿਆਂ ਵਿੱਚ ਵੇਖਿਆ ਜਾਂਦਾ ਸੀ। ਉੱਥੇ ਪੁਨਰ-ਸਥਾਪਨ ਸਿਰਫ਼ ਭੂਗੋਲਕ ਦੁੱਖ ਜਾਂ ਮੂਲ-ਧਰਤੀ ਦੀ ਯਾਦ ਨਹੀਂ ਰਹਿੰਦਾ, ਸਗੋਂ ਉਹ ਅਸਤਿੱਤਵੀਂ, ਸਾਂਸਕ੍ਰਿਤਿਕ ਅਤੇ ਚੇਤਨਾ ਦੇ ਪੱਧਰ ਉੱਤੇ ਮਨੁੱਖ ਦੇ ਖੰਡਿਤ ਹੋ ਰਹੇ ਆਪੇ ਦਾ ਪ੍ਰਤੀਕ ਬਣ ਜਾਂਦਾ ਹੈ।ਇਸ ਖੋਜ-ਪੱਤਰ ਦੀ ਸੀਮਾ ਨੂੰ ਦੇਖਦੇ ਹੋਏ ਪ੍ਰਮੁੱਖ ਕਵੀਆ ਨਾਲ ਹੀ ਨਿਰਧਾਰਤ ਕਰਾਂਗੇ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਬਾਅਦ ਮਨੁੱਖੀ ਚੇਤਨਾ ਇੱਕ ਗੰਭੀਰ ਪਰਿਵਰਤਨਕਾਰੀ ਦੌਰ ਵਿੱਚ ਦਾਖਲ ਹੁੰਦੀ ਹੈ ਜਿੱਥੇ ਪੂੰਜੀ, ਤਕਨੋਲੋਜੀ ਅਤੇ ਉਪਭੋਗਵਾਦ ਮਨੁੱਖੀ ਅਸਤਿੱਤਵ ਨੂੰ ਨਵੇਂ ਕਿਸਮ ਦੀ ਅਦ੍ਰਿਸ਼ ਗੁਲਾਮੀ ਵੱਲ ਧੱਕਣ ਲੱਗਦੇ ਹਨ। ਇਹ ਗੁਲਾਮੀ ਸਿਰਫ਼ ਆਰਥਿਕ ਜਾਂ ਰਾਜਨੀਤਿਕ ਨਹੀਂ, ਸਗੋਂ ਸੰਵੇਦਨਾਤਮਕ, ਮਾਨਸਿਕ ਅਤੇ ਅੰਦਰੂਨੀ ਚੇਤਨਾ ਦੀ ਗੁਲਾਮੀ ਹੈ। ਇਸ ਨਵੇਂ ਯੁੱਗ ਵਿੱਚ ਪਰੰਪਰਾਗਤ ਸਿਧਾਂਤਕੀ, ਖ਼ਾਸ ਕਰਕੇ ਰੇਖਕੀ, ਯਾਂਤ੍ਰਿਕ ਅਤੇ ਇਕ-ਕੇਂਦਰੀ ਵਿਚਾਰ-ਪੱਧਤੀਆਂ, ਆਪਣੇ ਆਪ ਵਿੱਚ ਪ੍ਰਸ਼ਨਾਂ ਦੇ ਘੇਰੇ ਵਿੱਚ ਆ ਜਾਂਦੀਆਂ ਹਨ। ਇਸ ਕਰਕੇ ਸਮੁੱਚੀ ਗਿਆਨ-ਵਿਵਸਥਾ ਵਿੱਚ ਇੱਕ ਡੂੰਘਾ ਪੈਰਾਡਾਈਮ-ਸ਼ਿਫਟ ਵਾਪਰਦਾ ਹੈ ਜਿਸ ਦਾ ਪ੍ਰਭਾਵ ਪੰਜਾਬੀ ਸਾਹਿਤ, ਵਿਸ਼ੇਸ਼ ਤੌਰ ’ਤੇ ਸਮਕਾਲੀ ਪੰਜਾਬੀ ਪਰਵਾਸੀ ਕਵਿਤਾ ਉੱਤੇ ਵੀ ਸਪਸ਼ਟ ਤੌਰ ’ਤੇ ਪ੍ਰਤੀਤ ਹੁੰਦਾ ਹੈ। ਦਲਵੀਰ ਕੌਰ ਦੀ ਕਵਿਤਾ ਇਸ ਬਦਲ ਰਹੀ ਚੇਤਨਾ ਦੀ ਕਵਿਤਾ ਹੈ। ਉਹ ਚਿਤਵਣੀ ਵਿੱਚ ਇੱਕ ਨਵੀਂ ਕਾਵਿ-ਸਿਧਾਂਤਕੀ ਦਾ ਸੰਕੇਤ ਪੈਦਾ ਕਰਦੀ ਹੈ। ਇਹ ਕਵਿਤਾ ਪਰੰਪਰਾਗਤ ਪ੍ਰਵਿਰਤੀਮੂਲਕ ਕਵਿਤਾ ਤੋਂ ਵੱਖ ਖੜੀ ਹੈ ਕਿਉਂਕਿ ਇਹ ਨਾ ਤਾਂ ਵਿਚਾਰਧਾਰਾਤਮਕ ਨਾਅਰੇਬਾਜ਼ੀ ਵਿੱਚ ਵਿਸ਼ਵਾਸ ਕਰਦੀ ਹੈ ਅਤੇ ਨਾ ਹੀ ਕੇਵਲ ਭਾਵਾਤਮਕ ਰੋਮਾਂਟਿਕਤਾ ਵਿੱਚ ਆਪਣਾ ਆਧਾਰ ਬਣਾਉਦੀਂ ਹੈ। ਪੰਜਾਬੀ ਕਵਿਤਾ ਦੀਆਂ ਪੂਰਵ ਪ੍ਰਵਿਰਤੀਆਂ ਜਿੱਥੇ ਬੁੱਧੀ ਅਤੇ ਮਨੋਭਾਵ ਦੇ ਸੰਤੁਲਨ ਵਿਚੋਂ ਅਨੁਭਵ-ਤੱਤ ਦੀ ਰਚਨਾ ਕਰਦੀਆਂ ਸਨ, ਉੱਥੇ ਦਲਵੀਰ ਕੌਰ ਦੀ ਕਵਿਤਾ ਇਕ ਅਜਿਹੇ ਅੰਦਰੂਨੀ ਸਵੈ-ਅਨੁਭਵ ਵਿਚੋਂ ਉੱਭਰਦੀ ਹੈ ਜੋ ਬੁੱਧੀ-ਕੇਂਦ੍ਰਿਤ ਚੇਤਨਾ ਤੋਂ ਅੱਗੇ ਵਧ ਕੇ ਅਸਤਿੱਤਵ ਦੀ ਕੁਦਰਤੀ ਸੂਝ, ਆਦਿਮ ਸੰਵੇਦਨਾ ਅਤੇ ਚੇਤਨਾ ਦੇ ਅਪ੍ਰਤੱਖ ਤਹਿਖਾਨਿਆਂ ਨਾਲ ਸੰਵਾਦ ਸਥਾਪਿਤ ਕਰਦੀ ਹੈ। ਇਹ

ਕਵਿਤਾ ਮਨੁੱਖੀ ਅਨੁਭਵ ਨੂੰ ਤਰਕ ਦੇ ਢਾਂਚਿਆਂ ਵਿੱਚ ਬੰਨ੍ਹਣ ਦੀ ਬਜਾਏ ਉਸ ਨੂੰ ਊਰਜਾ, ਕੰਪਨ, ਲਹਿਰ ਅਤੇ ਪ੍ਰਕਾਸ਼ ਦੇ ਰੂਪ ਵਿੱਚ ਅਨੁਭਵ ਕਰਦੀ ਹੈ। ਪੰਜਾਬੀ ਕਾਵਿ-ਆਲੋਚਨਾ ਦਾ ਵੱਡਾ ਹਿੱਸਾ ਲੰਮੇ ਸਮੇਂ ਤੱਕ ਮਾਰਕਸਵਾਦੀ ਸਿਧਾਂਤਕੀ ਦੇ ਪ੍ਰਭਾਵ ਹੇਠ ਰਿਹਾ। ਮਾਰਕਸਵਾਦ ਆਪਣੇ ਸਮੇਂ ਦੇ ਨਵੇਂ ਵਿਗਿਆਨਕ ਦ੍ਰਿਸ਼ਟੀਕੋਣ ਕੋਪਰਨੀਕਸ, ਨਿਊਟਨ ਅਤੇ ਗੈਲੀਲਿਓ ਦੀ ਰੇਖਕੀ ਧਾਰਨਾਵਾਂ ਨੂੰ Fundamental Physics ਵਿੱਚੋਂ ਆਪਣੀ ਸੰਰਚਨਾ ਗ੍ਰਹਿਣ ਕਰਦਾ ਸੀ। ਇਸ ਵਿਗਿਆਨਕ ਦ੍ਰਿਸ਼ਟੀ ਨੇ ਮਨੁੱਖ ਨੂੰ ਨਵਾਂ ਤਰਕ ਅਤੇ ਨਵੀਂ ਵਿਸ਼ਲੇਸ਼ਣਾਤਮਕ ਸਮਝ ਤਾਂ ਦਿੱਤੀ, ਪਰ ਇਸ ਦੀ ਕੱਟੜ ਯਥਾਰਥਵਾਦੀ ਅਤੇ ਪਦਾਰਥਵਾਦੀ ਰੁਝਾਨ ਨੇ ਮਨੁੱਖੀ ਅਸਤਿੱਤਵ ਦੇ ਕਈ ਅਜਿਹੇ ਪੱਖਾਂ ਨੂੰ ਹਾਸ਼ੀਏ ’ਤੇ ਧੱਕ ਦਿੱਤਾ ਜੋ ਲੋਕ-ਧਰਮ, ਕਬੀਲਾਈ ਚੇਤਨਾ, ਧਰਤੀ ਨਾਲ ਰੂਹਾਨੀ ਸੰਬੰਧ, ਲੋਕ-ਮੁਹਾਵਰੇ, ਰਹਿਤਲ ਅਤੇ ਕੁਦਰਤੀ ਜੀਵਨ-ਊਰਜਾ ਨਾਲ ਜੁੜੇ ਹੋਏ ਸਨ। ਇਸ ਰੇਖਕੀ ਵਿਗਿਆਨਕਤਾ ਨੇ ਮਨੁੱਖ ਨੂੰ ਪ੍ਰਕਿਰਤੀ ਤੋਂ ਵੱਖਰਾ ਕਰਕੇ “ਹਿਊਮਨ ਸੁਪਰੀਮੇਸੀ” ਦੀ ਧਾਰਨਾ ਨੂੰ ਮਜ਼ਬੂਤ ਕੀਤਾ ਪਰ ਮੈਕਸ ਪਲੈਂਕ ਤੋਂ ਸ਼ੁਰੂ ਹੋ ਕੇ ਆਇਨਸਟਾਈਨ, ਹੈਜ਼ਨਬਰਗ ਅਤੇ ਡੀ-ਬਰੋਗਲੀ ਤੱਕ ਆਉਂਦੀ ਕਵਾਂਟਮ-ਵਿਗਿਆਨਕ ਪਰੰਪਰਾ ਨੇ ਪਦਾਰਥ, ਊਰਜਾ, ਸਮਾਂ ਅਤੇ ਸਥਾਨ ਦੀਆਂ ਪੂਰਵ-ਧਾਰਨਾਵਾਂ ਨੂੰ ਹੀ ਉਲਟਾ ਦਿੱਤਾ। ਇੱਥੇ ਮੈਟਰ ਅਤੇ ਵੇਵ ਇਕ-ਦੂਜੇ ਵਿੱਚ ਰੂਪਾਂਤਰਿਤ ਹੋ ਸਕਦੇ ਹਨ; ਅਨਿਸ਼ਚਿਤਤਾ ਹੀ ਅਸਲੀ ਯਥਾਰਥ ਹੈ; ਅਤੇ ਮਾਇਕਰੋ-ਲੈਵਲ ’ਤੇ ਪਦਾਰਥ ਨੂੰ ਅਕੂਰੇਟ ਤੌਰ ’ਤੇ ਮਾਪਣਾ ਅਸੰਭਵ ਹੋ ਜਾਂਦਾ ਹੈ। ਦਲਵੀਰ ਕੌਰ ਦੀ *ਚਿਤਵਣੀ* ਇਸ ਨਵੀਂ ਕਵਾਂਟਮ-ਚੇਤਨਾ ਨਾਲ ਸੰਬੰਧਿਤ ਕਵਿਤਾ ਹੈ। ਇਹ ਕਵਿਤਾ ਬਾਹਰੀ ਯਥਾਰਥ ਦੀ ਰੇਖਕੀ ਨਕਲ ਨਹੀਂ ਕਰਦੀ, ਸਗੋਂ ਚੇਤਨਾ ਦੀਆਂ ਅਦ੍ਰਿਸ਼ ਲਹਿਰਾਂ, ਸੰਵੇਦਨਾ ਦੀਆਂ ਊਰਜਾਤਮਕ ਗਤੀਵਿਧੀਆਂ ਅਤੇ ਆਤਮ-ਅਨੁਭਵ ਦੀ ਅਲੌਕਿਕ ਕੰਪਨ ਨੂੰ ਮੌਨ ਕਵਿਤਾ ਰਾਹੀਂ ਪ੍ਰਗਟ ਕਰਦੀ ਹੈ:

ਅਕੀਦੇ ਦੀ ਤੰਦੀ
ਜਦ ਸ਼ਬਦ ਅਰਥ ...
ਤਣਦਾ ਹੈ ਤਾਂ
ਧੁੰਨੀ 'ਚ ਆਪਾ ਪ੍ਰਕਾਂਸ਼ਦਾ ਹੈ!
ਇੰਦਰੀਆਂ ਦਾ ਇਕੱਠ
ਇਕ ਜੋਤ ਹੋ ਉਭਰਦਾ ਹੈ
ਕੰਠ ਦੀ ਘੰਡੀ ਤੇ

ਫਿਰ ਓਹੀ ...

...ਅੰਤਰ ਰਾਗ ਵਿਰਾਜਦਾ ਹੈ

ਜੋ ਮਨ ਦੀਆਂ ਮੱਛੀਆਂ ਨੇ

...ਛਿਣ ਭਰ ਪਾਣੀ-ਸਤਹਿ ਤੇ ਆ

ਸਾਹ ਲੈਦਿਆਂ ਗਾਇਆ ਸੀ (ਦਲਵੀਰ ਕੌਰ,2021:15)

ਇੱਥੇ "ਸ਼ਬਦ" ਕੇਵਲ ਭਾਸ਼ਾਈ ਇਕਾਈ ਨਹੀਂ ਰਹਿੰਦਾ, ਉਹ ਧੁਨੀ, ਪ੍ਰਕਾਸ਼, ਸਰੀਰ ਅਤੇ ਚੇਤਨਾ ਦਾ ਸੰਯੁਕਤ ਊਰਜਾ-ਖੇਤਰ ਬਣ ਜਾਂਦਾ ਹੈ। "ਇੰਦਰੀਆਂ ਦਾ ਇਕੱਠ ਇਕ ਜੋਤ ਹੋ ਉਭਰਦਾ ਹੈ" ਇਹ ਪੰਕਤੀ ਮਨੁੱਖੀ ਅਨੁਭਵ ਨੂੰ ਭੌਤਿਕ-ਇੰਦਰੀ ਸੀਮਾਵਾਂ ਤੋਂ ਉੱਪਰ ਉਠਾ ਕੇ ਇਕ ਅੰਦਰੂਨੀ ਪ੍ਰਕਾਸ਼-ਚੇਤਨਾ ਵਿੱਚ ਰੂਪਾਂਤਰਿਤ ਕਰਦੀ ਹੈ। ਇੱਥੇ ਕਵਿਤਾ ਅਰਥ ਦੀ ਸਥਿਰਤਾ ਨੂੰ ਤੋੜਦੀ ਹੈ ਅਤੇ ਅਨੁਭਵ ਨੂੰ ਅਨਿਸ਼ਚਿਤਤਾ ਵਿੱਚ ਸਥਾਪਿਤ ਕਰ ਦਿੰਦੀ ਹੈ। ਇਸੇ ਕਰਕੇ ਪਰੰਪਰਾਗਤ ਕਾਵਿ-ਆਲੋਚਨਾ ਇਸ ਨੂੰ "ਅਬਸਟਰੈਕਟ" ਕਹਿ ਕੇ ਰੁਕ ਜਾਂਦੀ ਸੀ, ਜਦਕਿ ਅਸਲ ਵਿੱਚ ਇਹ ਕਵਿਤਾ ਅਨੁਭਵ ਦੇ ਮਾਇਕਰੋ-ਲੇਵਲ 'ਤੇ ਕੰਮ ਕਰ ਰਹੀ ਹੈ। ਦਲਵੀਰ ਕੌਰ ਦਾ ਕਾਵਿ-ਸੰਸਾਰ ਆਤਮ-ਸਮਰਪਣ, ਅੰਤਰ-ਰਾਗ, ਲੋਕ-ਧਾਰਾ, ਸਰੀਰਕ ਯਾਦ, ਸੰਗੀਤਮਈ ਕੰਪਨ ਅਤੇ ਬ੍ਰਹਿਮੰਡਕ ਅਨੰਤਤਾ ਦੇ ਆਪਸੀ ਸੰਬੰਧਾਂ ਦੀ ਖੋਜ ਹੈ। ਇਸ ਵਿੱਚ ਭੂਗੋਲ ਅਤੇ ਬ੍ਰਹਿਮੰਡ, ਸਰੀਰ ਅਤੇ ਚੇਤਨਾ, ਸ਼ਬਦ ਅਤੇ ਧੁਨੀ, ਮਿੱਟੀ ਅਤੇ ਊਰਜਾ ਇਕ ਦੂਜੇ ਵਿੱਚ ਵਿਲੀਨ ਹੋ ਜਾਂਦੇ ਹਨ। "ਮਨ ਦੀਆਂ ਮੱਛੀਆਂ" ਦਾ "ਛਿਣ ਭਰ ਪਾਣੀ-ਸਤਹਿ ਤੇ ਆ ਕੇ ਸਾਹ ਲੈਣਾ" ਮਨੁੱਖੀ ਚੇਤਨਾ ਦੇ ਉਸ ਛਿਨ-ਭੰਗੁਰ ਪ੍ਰਕਾਸ਼-ਪਲ ਦੀ ਕਾਵਿ-ਰੂਪਕਤਾ ਹੈ ਜਿੱਥੇ ਅਨੁਭਵ ਆਪਣੇ ਸਭ ਤੋਂ ਸੂਖਮ ਰੂਪ ਵਿੱਚ ਉਜਾਗਰ ਹੁੰਦਾ ਹੈ। ਦਲਵੀਰ ਕੌਰ ਚਿਤਵਣੀ ਕਾਵਿ-ਸੰਗ੍ਰਹਿ ਰਸਤੇ ਦੇ ਤਿੰਨ ਭਾਗ ਕਰਦੀ ਹੈ "ਮੌਲਦੇ ਕਣ" ਤੋਂ "ਰਿਸ਼ਤਾ" ਤੱਕ, "ਸਿਮਰਤੀ ਨਾੜੂ" ਤੋਂ "ਵਸਲ ਤੇ ਵਿਸਾਲ" ਤੱਕ ਅਤੇ "ਉਸ ਤੋਂ ਬਾਅਦ" ਤੋਂ "ਬੋਧ" ਤੱਕ। ਅਸਲ ਵਿੱਚ ਮਨੁੱਖੀ ਚੇਤਨਾ ਦੇ ਤਿੰਨ ਵਿਕਾਸਕਾਰੀ ਪੜਾਅ ਹਨ। ਪਹਿਲਾ ਭਾਗ ਪਦਾਰਥ ਅਤੇ ਊਰਜਾ ਦੇ ਮੂਲਕ ਸੰਬੰਧਾਂ ਨੂੰ ਖੋਜਦਾ ਹੈ; ਦੂਜਾ ਭਾਗ ਸਰੀਰਕ ਯਾਦ, ਮਾਤ੍ਰਿਕ ਸੰਵੇਦਨਾ ਅਤੇ ਸਮੇਂ ਦੀ ਜੈਵਿਕ ਲਗਾਤਾਰਤਾ ਨੂੰ ਜਦਕਿ ਤੀਜਾ ਭਾਗ ਬੋਧ, ਅਤੀਤਤਾ ਅਤੇ ਅਨੰਤ ਚੇਤਨਾ ਵੱਲ ਖੁੱਲਦਾ ਹੈ। "ਚਿਤਵਣੀ" ਸ਼ਬਦ ਆਪਣੇ ਆਪ ਵਿੱਚ ਚਿੰਤਨ ਦੀ ਸਥਿਰ ਅਵਸਥਾ ਨਹੀਂ, ਸਗੋਂ ਚਿੰਤਨ ਦੀ ਕਿਰਿਆਮੂਲਕ ਗਤੀ ਦਾ ਪ੍ਰਤੀਕ ਬਣਦਾ ਹੈ। ਉਸ ਦੀ ਕਵਿਤਾ ਨਰ-ਨਾਰੀ ਦੀ ਦਵੈਤਵਾਦੀ ਸੰਰਚਨਾ ਨੂੰ ਵੀ ਵਿਘਟਤ ਕਰਦੀ ਹੈ। ਮਨੁੱਖ ਜਦ ਧਰਤੀ 'ਤੇ ਜਨਮ ਲੈਂਦਾ ਹੈ ਤਾਂ ਉਸ ਦੀ ਮੂਲ ਸਥਿਤੀ ਲਿੰਗਕ ਪਹਿਚਾਣ ਤੋਂ ਪਹਿਲਾਂ ਦੀ ਸਥਿਤੀ ਹੁੰਦੀ ਹੈ। ਕਵਿਤਾ ਉਸ ਆਦਿਮ ਚੇਤਨਾ ਦੀ ਖੋਜ ਕਰਦੀ ਹੈ।

"ਖੋਰੇ ਕਦੋਂ ਉਗਿਆ
ਉੱਗ ਉਠਣ ਦਾ ਝੱਲ
ਤੇ ਕਿੰਝ ਦਾ ਸੀ
ਮਿੱਟੀ ਪਾਣੀ ਨੂੰ ਚਾਅ!" (2021:17)

ਇੱਥੇ "ਮਿੱਟੀ" ਅਤੇ "ਪਾਣੀ" ਸਿਰਫ਼ ਤੱਤ ਨਹੀਂ, ਸਗੋਂ ਸਿਰਜਨ ਦੀ ਆਦਿਮ ਜੀਵਨ-ਊਰਜਾ ਦੇ ਪ੍ਰਤੀਕ ਹਨ। "ਸ਼ਬਦ ਵਿਗੁਤੀ" ਰਾਹੀਂ ਕਵਿਤਾ ਭਾਸ਼ਾ ਨੂੰ ਵੀ ਇਕ ਅਸਥਿਰ, ਲਗਾਤਾਰ ਬਦਲਦੇ ਅਤੇ ਵਿਸਫੋਟਕ ਅਰਥ-ਖੇਤਰ ਵਿੱਚ ਪਰਿਵਰਤਿਤ ਕਰ ਦਿੰਦੀ ਹੈ।ਇਸੇ ਤਰ੍ਹਾਂ "ਸਿਮਰਤੀ ਨਾੜੂ" ਦੀਆਂ ਕਵਿਤਾਵਾਂ ਵਿੱਚ ਮਾਂ, ਧੀ ਅਤੇ ਪੀੜ੍ਹੀਗਤ ਯਾਦਾਂ ਦੇ ਰਾਹੀਂ ਸਰੀਰ, ਸਮਾਂ, ਵਾਤਾਵਰਣ ਅਤੇ ਜੈਵਿਕ ਸੰਚਾਰ ਦੀ ਗਹਿਰੀ ਸਮਝ ਪੈਦਾ ਹੁੰਦੀ ਹੈ। ਇੱਥੇ ਮਨੁੱਖੀ ਅਸਤਿੱਤਵ ਨੂੰ ਜੈਵਿਕ, ਮਨੋਵਿਗਿਆਨਕ ਅਤੇ ਸੰਸਕ੍ਰਿਤਿਕ ਸੰਰਚਨਾਵਾਂ ਦੇ ਸਾਂਝੇ ਖੇਤਰ ਵਜੋਂ ਵੇਖਿਆ ਗਿਆ ਹੈ:

"ਕੁਝ ਕੂ ਡਰ
ਮਾਂ ਦੇ ਨਾੜੂ 'ਚ ਸਨ
ਤੇ ਕੁਝ ਇਕ
ਗਰਭ ਜਨਮ ਦੀ ਸਾਂਝ ਨੇ
ਮੇਰੀ ਝੋਲੀ ਧਰ ਦਿੱਤੇ।" (2021:27)

ਇਹ ਪੰਕਤੀਆਂ ਦਰਸਾਉਂਦੀਆਂ ਹਨ ਕਿ ਮਨੁੱਖ ਸਿਰਫ਼ ਵਿਅਕਤੀ ਨਹੀਂ, ਸਗੋਂ ਪੀੜ੍ਹੀਆਂ, ਯਾਦਾਂ, ਜੈਵਿਕ ਸੰਕੇਤਾਂ ਅਤੇ ਅਵਚੇਤਨ ਦੀਆਂ ਸਿਮਰਤੀਆਂ ਦਾ ਜੀਵੰਤ ਸੰਚਾਰ ਹੈ। "ਮੇਰਾ ਇਕ ਫੇਫੜਾ ਮੋਮ ਦਾ ਏ ਤੇ ਦੂਜਾ ਪੱਥਰ" ਇਹ ਮਨੁੱਖੀ ਅਸਤਿੱਤਵ ਦੀ ਦੋਹਰੀ ਸੰਰਚਨਾ ਹੈ ਜਿੱਥੇ ਨਰਮੀ ਅਤੇ ਕਠੋਰਤਾ, ਸੰਵੇਦਨਾ ਅਤੇ ਪ੍ਰਤੀਰੋਧ, ਜੈਵਿਕਤਾ ਅਤੇ ਸਭਿਆਚਾਰ ਇਕੱਠੇ ਵੱਸਦੇ ਹਨ।ਇਸ ਤਰ੍ਹਾਂ ਪਰਵਾਸੀ ਪੰਜਾਬੀ ਕਵਿਤਾ ਵਿੱਚ ਇੱਕ ਨਵੀਂ ਸਿਧਾਂਤਕ ਸੰਭਾਵਨਾ ਦਾ ਪ੍ਰਵੇਸ਼ ਕਰਵਾਉਂਦੀ ਹੈ। ਇਹ ਕਵਿਤਾ ਰੇਖੀ ਯਥਾਰਥਵਾਦ, ਵਿਚਾਰਧਾਰਾਤਮਕ ਕੱਟੜਤਾ ਅਤੇ ਸਥਿਰ ਅਰਥ-ਸੰਰਚਨਾਵਾਂ ਤੋਂ ਪਰੇ ਜਾ ਕੇ ਚੇਤਨਾ ਦੇ ਕਵਾਂਟਮ-ਖੇਤਰ, ਸਰੀਰਕ ਯਾਦ, ਲੋਕਧਾਰਾ, ਅਵਚੇਤਨ ਸੰਵੇਦਨਾ ਅਤੇ ਬ੍ਰਹਿਮੰਡਕ ਅਨੰਤਤਾ ਦੇ ਜਟਿਲ ਸੰਬੰਧਾਂ ਨੂੰ ਉਜਾਗਰ ਕਰਦੀ ਹੈ। ਇੱਥੇ ਆਤਮਾ, ਪਰਮਾਤਮਾ, ਨਾੜੂ, ਦਿਨ-ਰਾਤ, ਸਰੀਰ ਅਤੇ ਬ੍ਰਹਿਮੰਡ ਇੱਕ ਦੂਜੇ ਤੋਂ ਵੱਖ ਨਹੀਂ ਰਹਿੰਦੇ, ਸਗੋਂ ਇੱਕ ਵਿਸ਼ਾਲ ਊਰਜਾਤਮਕ ਇਕਾਈ ਵਜੋਂ ਪ੍ਰਗਟ ਹੁੰਦੇ ਹਨ।

Volume: 13, March 2026 ISSN: 2394-0980
PP: 43-59

ਚੁਣੌਤੀਆਂ

ਪਰਵਾਸੀ ਪੰਜਾਬੀ ਕਵਿਤਾ ਨੂੰ ਰਵਾਇਤੀ ਵਿਛੋੜੇ ਅਤੇ ਯਾਦ ਦੀ ਕਵਿਤਾ ਮੰਨਣ ਦੀ ਪ੍ਰਵਿਰਤੀ।

ਪੰਜਾਬੀ ਕਾਵਿ-ਆਲੋਚਨਾ ਦਾ ਮਾਰਕਸਵਾਦੀ ਅਤੇ ਪੱਛਮੀ ਸਿਧਾਂਤ।

ਪਰਵਾਸ, ਡਿਜ਼ੀਟਲ ਯੁੱਗ ਅਤੇ ਬਹੁ-ਸਭਿਆਚਾਰਕ ਜੀਵਨ ਨਾਲ ਸੰਬੰਧਿਤ ਨਵੇਂ ਅਨੁਭਵਾਂ ਦੀ ਸਮਝ।

ਪਰਵਾਸੀ ਪੰਜਾਬੀ ਕਵਿਤਾ ਵਿਚ ਪ੍ਰਭਸ਼ਰਨਦੀਪ ਦੁਆਰਾ ਰਚਿਤ ਕਾਵਿ-ਸੰਗ੍ਰਹਿ ਦੇਸ ਨਿਕਾਲਾ ਵੀ ਇਕ ਅਲੱਗ ਸਿਧਾਂਤਕੀ ਨੂੰ ਉਜਾਗਰ ਕਰ ਰਿਹਾ ਹੈ। ਪ੍ਰਭਸ਼ਰਨਦੀਪ ਦੇ ਵਿਚਾਰ ਵਿਚ ਮਨ,ਦੇਹੀ,ਸੰਗੀਤ,ਨਾਦ ਅਤੇ ਕਵਿਤਾ ਪਰਸਪਰ ਕਿਰਿਆ ਰੂਪ ਵਿਚ ਆ ਰਹੀ ਹੈ ਪਰ ਕਵਿਤਾ ਸ਼ਬਦ ਦੀ etymology ਦੇਖਦੇ ਹਾਂ ਤਾਂ ਕਵਿਤਾ Ancient Greek word 'poiesis' (ποίησις) ਦਾ ਅਰਥ "making" or "act of creation" ਹੈ। ਇਹ ਸ਼ਬਦ Latin ਅਤੇ Old French, ਨਾਲ ਜਿਵੇਂ poeta (Latin for "poet") and poésie (Old French for "poetry") ਤੋਂ ਆਇਆ ਹੈ ਜਿਸ ਦੀਆਂ ਜੜ੍ਹਾਂ ਵਿਚ poiein, means "to make" and describes the act of crafting ਹੈ। ਇਸ crafting ਦੇ ਪਿੱਛੇ craft man ਵਿਚ ਕਰਤਾ dominate position ਵਿੱਚ ਹੈ। ਇਸ ਲਈ ਉਹ ਬਾਕੀ ਮਨ, ਦੇਹੀ, ਸੰਗੀਤ, ਨਾਦ ਵਿਚ binary position ਵਿਚ ਚਲਾ ਜਾਂਦਾ ਹੈ ਅਤੇ Anthropocentric ਮਨੁੱਖ ਕਵਿਤਾ ਤੇ ਸਿਰਜਨਾ ਦੀ ਉੱਪਰਲੀ ਸਥਿਤੀ ਵਿਚ ਆਣ ਖਲੋਂਦਾਂ ਹੈ ਕਵਿਤਾ ਵਿਚਲਾ ਬੁੱਧੀ ਤੱਤ ਭਾਰੂ ਹੋ ਜਾਂਦਾ ਹੈ। ਇਸ ਲਈ ਨਵੀਂ ਵਿਚਾਰਕੀ ਜਾਂ ਸਿੱਧਾਂਤਕੀ ਲਈ ਕਵਿਤਾ ਸ਼ਬਦ ਦੇ nomenclature ਬਾਰੇ ਪੁਨਰ ਵਿਚਾਰ ਚਰਚਾ ਕਰਨੀ ਚਾਹੀਦੀ ਹੈ। ਪ੍ਰਭਸ਼ਰਨਦੀਪ ਆਪਣੀ ਕਾਵਿ ਚੇਤਨਾ ਰਾਹੀਂ Anthropocentric ਕਰਤਾ (ਮਨੁੱਖ) ਨੂੰ ਤੋੜ ਕੇ ਨਾਮ ਦੇ ਦਰਸ਼ਨ ਰਾਂਹੀ ਕਰਤਾ ਨੂੰ ਇਸ ਬ੍ਰਹਿਮੰਡ ਵਿਚ place ਕਰਦਾ ਹੈ। ਇਸ ਨਾਲ ਕੁਦਰਤ ਅਤੇ ਹੁਕਮ ਵੀ ਵਿਸਮਾਦੀ ਸਥਿਤੀ ਵਿਚ ਉਜਾਗਰ ਹੁੰਦੇ ਹਨ। Latin based Humanism ਵਿਚ ਮਨੁੱਖ ਸਰਵੋਤਮ ਪ੍ਰਾਣੀ ਵਜੋਂ introduce ਹੁੰਦਾ ਹੈ। ਪੰਜਾਬੀ ਕਾਵਿ ਆਲੋਚਨਾ ਨੇ ਪੰਜਾਬੀ ਮੁਹਾਂਦਰੇ ਦੀ ਬਹੁਤੀ ਕਵਿਤਾ ਨੂੰ ਮਾਨਵਵਾਦੀ ਕਹਿ ਕੇ ਸੀਮਿਤ ਕਰ ਦਿੱਤਾ। ਇਸ ਨਾਲ ਇਹ ਕਵਿਤਾ Latin based Humanism ਜਿਸ ਨੂੰ ਪੰਜਾਬੀ ਕਾਵਿ-ਆਲੋਚਨਾ ਨੇ ਪ੍ਰਮੁੱਖ ਮੰਨਿਆ ਉਸ ਤੋਂ beyond ਨਿਕਲ ਜਾਂਦੀ ਹੈ :

ਨਾਮੇ ਅੰਦਰ ਪੁਰਖੁ ਹੈ ਕਰਤਾ

ਨਾਮ ਹੈ ਵਿਚ ਸਵਾਸਾਂ।

ਰੋਮ ਰੋਮ ਵਿਚ ਨਾਮ ਰੁਮਕਦਾ,

ਬਿਰਹੋਂ-ਭਿੰਨੀਆਂ ਆਸਾ।
ਕੁਦਰਤ ਹੁਕਮ ਦੁਇ ਵਿਸਮਾਦੀ,
ਖੇੜੇ ਵਿਚ ਵਰਤੇਂਦੇ,
ਕਰਤਾ ਅਮ੍ਰਿਤ ਸਰੀਂ ਬਿਠਾਲੇ,
ਦੇ ਕੇ ਸੁਖਦ ਪਿਆਸਾਂ। (2022:57)

ਇੱਕੀਵੀਂ ਸਦੀ ਦਾ ਪੰਜਾਬੀ ਕਾਵਿ ਵੀ ਮੌਲਿਕ ਸਵਾਲਾਂ ਨੂੰ ਮੁਖ਼ਾਤਿਬ ਹੋ ਰਿਹਾ ਹੈ। ਦਾਰਸ਼ਨਿਕ ਚਿੰਤਨ ਦੀ ਬੁਨਿਆਦ ਕੁਝ ਮੂਲਭੂਤ ਪ੍ਰਸ਼ਨਾਂ 'ਤੇ ਟਿਕੀ ਹੋਈ ਹੈ, ਜੋ ਸਦੀ ਦਰ ਸਦੀ ਮਨੁੱਖੀ ਸੋਚ ਨੂੰ ਆਕਾਰ ਦੇ ਰਹੇ ਹਨ। ਵਰਤਮਾਨ ਫ਼ਿਲਾਸਫੀ ਵਿਚ ਮਨੁੱਖੀ ਹੋਂਦ ਲਈ ਪਰਵਾਸੀ ਕਵਿਤਾ ਦਾ ਮੁਹਾਂਦਰਾ ਵੀ ਤਬਦੀਲ ਇਸ ਲਈ ਹੋ ਰਿਹਾ ਕਿ ਭੌਤਿਕ ਦੂਰੀਆਂ ਘੱਟ ਰਹੀਆਂ ਹਨ।ਇਹ ਵੀ ਬੌਧਿਕ ਹੋ ਰਹੀ ਹੈ। ਪਲੈਟੋ ਦੀ ਰਚਨਾ *Phaedo* ਵਿੱਚ ਆਤਮਾ ਨੂੰ ਸਰੀਰ ਦੀ ਕੈਦ ਮੰਨਿਆ ਗਿਆ ਹੈ। ਉਹ ਕਹਿੰਦਾ ਹੈ ਕਿ ਜਦ ਤੱਕ ਦਰਸ਼ਨ ਸਾਧਨਾ ਦੁਆਰਾ ਆਤਮਾ ਨੂੰ ਸਰੀਰਕ ਇੰਦਰੀਆਂ ਦੀ ਭਟਕਨਾਂ ਤੋਂ ਮੁਕਤ ਨਹੀਂ ਕੀਤਾ ਜਾਂਦਾ, ਉਹ ਸੱਚ ਦੀ ਪਹਿਚਾਣ ਨਹੀਂ ਕਰ ਸਕਦੀ ।ਪਲੇਟੋ ਲਈ ਆਤਮਾ ਸੱਚੀ ਤੇ ਅਮਰ ਹਕੀਕਤ ਹੈ, ਜਦਕਿ ਸਰੀਰ ਨਾਸ਼ਵੰਤ ਰੂਪ ਹੈ)Plato, Phaedo65:b–66a). ਅਰਸਤੂ *De Anima* ਵਿੱਚ ਆਤਮਾ ਨੂੰ ਸਰੀਰ ਦੀ ਰੂਹਾਨੀ ਰੂਪ)form) ਮੰਨਦਾ ਹੈ, ਜੋ ਸਰੀਰਕ ਬਣਤਰ)matter) ਨੂੰ ਜੀਵਨ ਦੀ ਸੱਮਰਥਾ ਦਿੰਦੀ ਹੈ। ਇਹ ਸੰਕਲਪ "ਹੈਲੋਮਾਰਫਿਜ਼ਮ")Hylomorphism) ਦੇ ਅਧਾਰ 'ਤੇ ਆਧਾਰਿਤ ਹੈ, ਜਿਸ ਮੁਤਾਬਕ ਸਰੀਰ ਅਤੇ ਆਤਮਾ ਵੱਖਵੱਖ ਨਹੀਂ-, ਸਗੋਂ ਇਕੋ ਜੀਵੰਤ ਇਕਾਈ ਹਨ। ਉਸ ਦੇ ਮਾਡਲ ਮੁਤਾਬਕ, ਜਿਵੇਂ ਮੋਮ ਵਿੱਚ ਸ਼ਕਲ ਅਤੇ ਮੋਮ ਇੱਕ ਸਥਿਤੀ ਬਣਾਉਂਦੇ ਹਨ, ਉਸੇ ਤਰ੍ਹਾਂ ਆਤਮਾ)form) ਅਤੇ ਸਰੀਰ)matter) ਇੱਕੀਕ੍ਰਿਤ ਤੌਰ 'ਤੇ ਜੀਵਤ ਪ੍ਰਾਣੀ ਬਣਾਉਂਦੇ ਹਨ। ਪ੍ਰਭਸ਼ਰਨਦੀਪ ਦੇਹੀ ਦੇ ਸੰਕਲਪ ਨੂੰ ਅਲੱਗ ਥੀਸਸ ਰਾਂਹੀ ਪੇਸ਼ ਕਰ ਰਹੇ ਹਨ। ਉਹ ਇਨਸਾਨ ਦੀ ਦੇਹੀ ਨੂੰ ਸਰੀਰ ਅਤੇ ਆਤਮਾ ਦੀ ਬਾਇਨਰੀ ਵਿਚੋਂ ਕੱਡ ਕੇ ਕਾਇਨਾਤੀ ਮਾਡਲ ਵਿਚ ਲੈ ਆਉਂਦਾ ਹੈ। ਉਹ ਇਸ ਨੂੰ ਬਖਸ਼ਿਸ ਦੇ ਰੂਪ ਵਿਚ ਲੈ ਜਾਂਦਾ ਹੈ। ਇਸ ਮਾਡਲ ਵਿਚ ਮਿੱਟੀ ਅਰਥਾਤ ਇਨਸਾਨ ਦੀ Geography ਅੱਗ ਅਰਥਾਤ ਭੂਗੋਲਿਕ ਵਾਤਾਰਣਕ ਸੰਘਰਸ਼ ਅਤੇ ਪੁਰਖਿਆਂ ਦੇ ਖ਼ੂਨ ਦਾ ਇਤਿਹਾਸ ਅਤੇ ਉਸ ਦਾ ਉਥੋਂ ਦੀ ਕੁਦਰਤ ਨਾਲ ਸਾਕਾਰਤਮਕ ਸੰਬੰਧ ਪੇਸ਼ ਕੀਤਾ ਹੈ ਜਦ ਕਿ enlightenment ਦੇ ਵਿਚਾਰ ਵਿਚ ਕੁਦਰਤ ਨਾਲ ਮਨੁੱਖ ਦਾ ਸੰਘਰਸ਼ ਪੇਸ਼ ਕੀਤਾ ਗਿਆ ਹੈ । ਇਸ ਦੌਰ ਵਿਚ ਮਾਰਕਸ ਦਾ ਵਿਰੋਧ ਵਿਚੋਂ ਵਿਕਾਸ ਦਾ ਮਾਡਲ ਦਰਸਾਇਆ ਗਿਆ ਹੈ ਜੋ ਕੁਦਰਤ ਨਾਲ ਮਨੁੱਖ ਦਾ ਨਾਕਾਰਤਮਕ ਸੰਬੰਧ ਹੈ । ਪ੍ਰਭਸ਼ਰਨਦੀਪ ਦੇ ਵਿਚਾਰ ਵਿਚ ਇਨਸਾਨੀ

ਦੇਹ ਬਖਸ਼ਿਸ਼ ਦੇ ਰੂਪ ਨਾਲ ਸੰਵਾਦਕ ਦ੍ਰਿਸ਼ਟੀਕੋਣ ਵਿਚ ਹੈ। ਇਥੇ ਕਰਤਾ ਅਰਥਾਤ ਇਕ ਘੁਮਿਆਰ ਵਾਂਗ ਮਿੱਟੀ, ਰੱਤ,ਅੱਗ ਅਤੇ ਕੁਦਰਤ ਅਲੱਗ ਅਲੱਗ ਸੰਰਚਨਾਵਾਂ ਵਿਚ ਭੌਤਿਕ ਰੂਪ ਵਚ ਪਏ ਹਨ ਪਰ ਇਕ ਊਰਜਾ ਜੋ ਬਖਸ਼ਿਸ ਰੂਪ ਵਿਚ ਹੈ। ਮਿੱਟੀ, ਰੱਤ, ਅੱਗ ਕੁਦਰਤ perceptional model ਨਾਲ epistemology ਦਾ ਹਿੱਸਾ ਬਣ ਜਾਂਦੇ ਹਨ। ਇਹਨਾਂ ਨੂੰ ਗਿਆਨ ਇੰਦਰੀਆਂ ਰਾਹੀਂ ਮਹਿਸੂਸ ਕਰ ਸਕਦੇ ਹਾਂ ਪਰ 'ਊਰਜਾ' ਅਲੱਗ ਪਰਾਭੌਤਿਕ ਪਰਿਪੇਖ (metaphysics) ਦਾ ਹਿੱਸਾ ਬਣ ਜਾਵੇਗਾ। ਇਸ ਲਈ ਪ੍ਰਭਸ਼ਰਨਦੀਪ ਮਿੱਟੀ ਦੇ ਮਾਡਲ ਰਾਹੀਂ ਦੇਹੀ ਜਾਂ ਮਨੁੱਖੀ ਅਸਤਿੱਤਵ ਨੂੰ ਪੇਸ਼ ਕਰਦਾ ਹੈ:

ਮਿੱਟੀ ਅੱਗਾਂ ਸੋਖ-ਸੋਖ ਕੇ,
ਘੜ-ਘੜ ਡੌਲ਼ੇ ਦੇਹੀ।
ਰੱਤੀਂ ਸਿੰਜੀ ਕੁੰਦਨ ਸਿਰਜੇ,
ਜੰਮਦੇ ਰਹਿਣ ਸਨੇਹੀ।
ਮਿੱਟੀ ਵਿੱਚ ਜੜ੍ਹਾਂ ਲੈ ਪੁਸ਼ਤਾਂ,
ਬੋਹੜਾਂ ਜਿਉਂ ਲਹਿਰਾਵਣ,
ਮਿੱਟੀ ਨੇ ਬਨਸਪਤਿ ਖੇੜੇ,
ਮੇਰ ਹੈ ਬਖ਼ਸ਼ੀ ਕੇਹੀ ! (2022:61)

ਦੇਸ ਨਿਕਾਲਾ ਵਿਚ ਵਿਛੋੜੇ ਦਾ ਸੰਕਲਪ ਮੁੱਖ ਰੂਪ ਵਿਚ ਪੇਸ਼ ਹੋਇਆ ਹੈ। ਇਹ ਵਿਛੋੜਾ ਰੂਹਾਨੀ,ਮਨ ਅਤੇ ਦੇਸ ਪਰਦੇਸ (ਭੂਗੋਲਿਕ ਵਿਛੋੜਾ) ਦੇ ਰੂਪ ਵਿਚ ਵੀ ਹੈ। ਇਸ ਚਿਹਨ ਨੂੰ ਜਦੋਂ ਦਰਸ਼ਨ ਸ਼ਾਸਤਰ ਵਿਚ ਅਧਿਐਨ ਕਰਦੇ ਹਾਂ ਤਾਂ ਸਾਰਤਰ ਅਨੁਸਾਰ, ਮਨੁੱਖੀ ਅਸਤਿੱਤਵ ਦੀ ਮੁੱਢਲੀ ਸੱਚਾਈ ਆਜ਼ਾਦੀ ਹੈ । ਉਹ ਕਹਿੰਦਾ ਹੈ ਕਿ ਮਨੁੱਖ ਦੀ ਕੋਈ ਤੈਅ ਕੀਤੀ ਹੋਈ ਸੁਭਾਅ (essence) ਨਹੀਂ ਹੁੰਦੀ, ਉਹ ਆਜ਼ਾਦ ਹੋਣ ਲਈ ਮਜਬੂਰ ਹੈ । ਇਹ ਆਜ਼ਾਦੀ ਮਨੁੱਖ ਨੂੰ ਇਕੱਲਾ ਕਰ ਦਿੰਦੀ ਹੈ ਕਿਉਂਕਿ ਉਸਨੂੰ ਆਪਣੇ ਫੈਸਲੇ ਖੁਦ ਕਰਨੇ ਪੈਂਦੇ ਹਨ । ਸਾਰਤਰ ਦੇ ਲਈ ਦੂਜੇ ਨਾਲ ਸੰਬੰਧ ਅਕਸਰ ਟਕਰਾਅ ਜਾਂ ਟਕਰਾਅ ਦੀ ਸੰਭਾਵਨਾ ਹੁੰਦੇ ਹਨ ਜਿਵੇਂ ਉਹ ਕਹਿੰਦਾ ਹੈ ਕਿ "ਦੂਜੈ ਦੀ ਦ੍ਰਿਸ਼ਟੀ" (the look of the Other) ਮਨੁੱਖ ਨੂੰ ਵਸਤੂ ਬਣਾਉਂਦੀ ਹੈ । ਇਸ ਲਈ ਸਾਰਤਰ ਦੇ ਵਿਚਾਰਾਂ ਵਿੱਚ ਵਿਛੋੜਾ ਇੱਕ ਅਜਿਹੀ ਸਥਿਤੀ ਹੈ ਜੋ ਆਜ਼ਾਦੀ ਅਤੇ ਇਕੱਲੇਪਣ ਨੂੰ ਇੱਕਠੇ ਉਜਾਗਰ ਕਰਦਾ ਹੈ (Sartre, J.-P, 1993:59-60)। ਲੇਵੀਨਾਸ ਇਸ ਦੇ ਉਲਟ, ਵਿਛੋੜੇ ਨੂੰ ਨੈਤਿਕਤਾ ਦੀ ਸ਼ੁਰੂਆਤ ਵਜੋਂ

ਵੇਖਦਾ ਹੈ। ਉਸ ਅਨੁਸਾਰ "ਦੂਜਾ" (the Other) ਮਨੁੱਖ ਲਈ ਖਤਰਾ ਨਹੀਂ, ਸਗੋਂ ਇੱਕ ਅਜਿਹੀ ਹਾਜ਼ਰੀ ਹੈ ਜੋ ਉਸਦੀ ਆਜ਼ਾਦੀ ਨੂੰ ਸੀਮਿਤ ਕਰਦੀ ਹੈ ਅਤੇ ਉਸਨੂੰ ਜ਼ਿੰਮੇਵਾਰੀ ਵੱਲ ਧੱਕਦੀ ਹੈ। ਉਸ ਲਈ ਮਨੁੱਖੀ ਅਸਤਿੱਤਵ ਦਾ ਮੂਲ ਭਾਗ "ਦੂਜੇ ਨਾਲ ਸੰਬੰਧ" ਹੈ, ਜੋ ਮਨੁੱਖ ਨੂੰ ਇਕੱਲੇਪਣ ਤੋਂ ਪਰੇ ਲੈ ਜਾਂਦਾ ਹੈ। ਲੇਵੀਨਾਸ ਲਈ ਅਸਤਿੱਤਵ ਦਾ ਕੇਂਦਰ ethical relation ਹੈ ਨਾ ਕਿ ਆਜ਼ਾਦੀ ਦਾ ਇਕੱਲਾ ਭਾਰ (Levinas, E,1969:33-34)। ਇਸ ਤਰ੍ਹਾਂ, ਜਿੱਥੇ ਸਾਰਤਰ ਲਈ ਵਿਛੋੜਾ ਮਨੁੱਖੀ ਆਜ਼ਾਦੀ ਦਾ ਨਤੀਜਾ ਹੈ, ਉੱਥੇ ਲੇਵੀਨਾਸ ਲਈ ਵਿਛੋੜਾ ਮਨੁੱਖੀ ਜ਼ਿੰਮੇਵਾਰੀ ਦੀ ਸ਼ੁਰੂਆਤ ਹੈ। ਇੱਕ ਪਾਸੇ ਇਹ existentialist ਇਕੱਲੇਪਣ ਦਾ ਤਜਰਬਾ ਹੈ, ਦੂਜੇ ਪਾਸੇ ethical ਜ਼ਿੰਮੇਵਾਰੀ ਦਾ ਸੰਦੇਸ਼ ਹੈ। ਪ੍ਰਭਸ਼ਰਨਦੀਪ ਦਾ ਵਿਛੋੜਾ (ਵੇਦਨ) ਭੂਗੋਲਿਕ ਯਾਤਰਾ ਤੋਂ ਸ਼ੁਰੂ ਹੋ ਕੇ ਰੂਹਾਨੀ ਵਿਚ ਤਬਦੀਲ ਹੁੰਦਾ ਹੈ। ਇਹ ਸਾਰਤਰ ਦੀ essence ਤੋਂ flight ਲੈ ਕੇ ਆਪਣੇ ਆਪੇ ਜਾਂ ਹੋਂਦ ਦੀ liberation ਦਾ ਸਫਰ ਹੈ । ਵਧੇਰੇ ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਭੂਗੋਲਿਕ ਤੋਂ ਭੂਗੋਲਿਕ ਤਕ ਦੀ ਯਾਤਰਾ ਹੈ। ਇਥੇ ਦੇਸ ਦਾ ਮੈਟਾਫਰ ਪਰਦੇਸ ਵਿਚ ਤਬਦੀਲ ਹੁੰਦਾ ਹੋਇਆ ਪਾਰ ਨਿਕਲ ਜਾਂਦਾ ਹੈ:

ਇਸ ਮਿੱਟੀ ਵਿੱਚ ਉਸ ਮਿੱਟੀ ਦੀ,
ਵੇਦਨ ਕਿਉਂ ਕਰ ਛੋਹੀਏ।
ਮਿੱਟੀ-ਮਿੱਟੀ ਰੁਲ਼ ਮਰ ਜਾਣਾ,
'ਕੱਲੇ ਬਹਿ ਜਿੰਦ ਕੋਹੀਏ।
ਦੇਹੀ ਦੇ ਵਿੱਚ ਮਨ ਦਾ ਆਸਣ,
ਮਨ ਵਿੱਚ ਸੁਪਨੇ ਤੇਰੇ,
ਡੁੱਲ੍ਹਦੇ-ਡੁੱਲ੍ਹਦੇ ਨੈਣ ਲਿਸ਼ਕਦੇ,
ਪੈੜ ਤੁਹਾਰੀ ਜੋਹੀਏ। (2022:118)

ਇਸ ਦਰਸ਼ਨ ਵਿਚੋਂ ਹੀ ਸ਼ਮੀਲ ਦੀ ਕਾਵਿ-ਪੁਸਤਕ ਵੀ 'ਤੇਗ' ਦੇ ਮੈਟਾਫਰ ਨਾਲ ਆਈ ਹੈ। ਤੇਗ ਦਾ ਅਗਰ ਪੰਜਾਬੀ ਕਾਵਿ-ਆਲੋਚਨਾ ਵਿਚ ਸਥਾਨ ਨਿਰਧਾਰਤ ਕਰਦੇ ਹਾਂ ਤਾਂ ਇਹ ਇਕ ਅਲੱਗ ਤਰਾਂ ਦੀ ਵਸਤੂ ਸਮੱਗਰੀ ਵਜੋਂ ਉਭਰਦੀ ਹੈ। ਇਸ ਖੋਜ-ਪੱਤਰ ਵਿਚ ਇਸ ਕਾਵਿ-ਪੁਸਤਕ ਦਾ ਪੰਜਾਬੀ ਸਿੱਧਾਂਤਕੀ ਨਾਲ ਸੰਬੰਧ ਨਿਰਧਾਰਤ ਕਰਾਂਗੇ। ਸ਼ਮੀਲ ਪੰਜਾਬ ਦੀ ਅਸਲ ਰੂਹ ਨੂੰ ਇਸ ਤਰ੍ਹਾਂ ਸਾਂਝਾ ਕਰਦਾ ਹੈ ਕਿ ਪੰਜਾਬੀ ਰਹਿਤਲ ਦੀ ਆਪਣੀ ਅੰਦਰੂਨੀ ਲਚਕਤਾ ਰਾਹੀਂ 'ਦੂਜੇ' (Other) ਨਾਲ ਮਿਲਾਪ ਸੰਭਵ ਬਣਦਾ ਹੈ। ਇਹ ਲਚਕਤਾ ਆਪਣੇ

ਵੱਖਰੇਪਣ ਦਾ ਸਤਿਕਾਰ ਕਰਾਉਂਦੀ ਹੈ, ਪਰ ਨਾਲ ਹੀ ਦੂਸਰੇ ਦੀ Otherness ਨੂੰ ਮੰਨਣ ਅਤੇ ਸਵੀਕਾਰ ਕਰਨ ਦੇ ਸੰਸਕਾਰ ਨੂੰ ਵੀ ਜਨਮ ਦਿੰਦੀ ਹੈ। ਇਸ ਮੰਡਲ ਵਿੱਚ ਕੱਟੜਵਾਦ, ਅਹੰਕਾਰ ਜਾਂ ਕਿਸੇ ਇੱਕ ਸਭਿਆਚਾਰ ਦੀ ਜ਼ੋਰਾਵਰੀ ਲਈ ਕੋਈ ਥਾਂ ਨਹੀਂ ਰਹਿੰਦੀ, ਕਿਉਂਕਿ ਇਸ ਤਰ੍ਹਾਂ ਦਾ ਦਬਾਵ ਸ੍ਰਿਸ਼ਟੀ ਦੇ ਮੂਲ ਨਿਯਮਾਂ ਅਨੇਕਤਾ ਅਤੇ ਸਹਿਸੁਰਤਾ ਦੀ ਉਲੰਘਣਾ ਹੋਵੇਗੀ। ਸ੍ਰਿਸ਼ਟੀ ਦਾ ਨਿਯਮ ਇੱਕਤਾ ਨਹੀਂ, ਬਲਕਿ ਅਨੇਕ ਰੂਪਾਂ ਵਿੱਚ ਇੱਕ ਸੁਰ ਜੀਵਨ ਹੈ। ਸ਼ਮੀਲ ਨੇ ਪੰਜਾਬ ਦੀ ਇਸੇ ਅਸੈਂਸ ਨੂੰ ਆਪਣੇ ਲੇਖਨ ਵਿੱਚ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਤੇਗ ਨੂੰ Religious Text ਇਸ ਕਰਕੇ ਨਹੀਂ ਕਹਿ ਸਕਦੇ ਕਿਉਂ ਕਿ ਇਸ ਵਿਚ ਸਿੱਖੀ ਵਿਚਲਾ religion ਦੀ Colonial definition ਵਿਚ ਨਹੀਂ ਆਉਂਦੀ ਕਿਉਂ ਕਿ ਉਥੇ ਉਹ secularism ਦੇ ਸਿੱਧਾਂਤ ਤੱਕ ਸੀਮਿਤ ਹੈ ਪਰ ਇਹ ਉਸ ਵਿਚਾਰ ਤੋਂ beyond ਜਾਂਦੀ ਹੈ। ਜਿਵੇਂ ਹਰ ਯੁਗ ਅਤੇ ਹਰ ਮਨੁੱਖੀ ਸਮਾਜ ਵਿੱਚ ਇਕ ਵਿਸ਼ੇਸ਼ ਧਾਰਮਿਕ ਚੇਤਨਾ ਮੌਜੂਦ ਰਹੀ ਹੈ ਜੋ ਮਨੁੱਖ ਨੂੰ ਯਥਾਰਥ (Reality) ਅਤੇ ਅਣਥਾਰਥ (Non-Reality) ਵਿੱਚ ਭੇਦ ਕਰਨ ਦੀ ਸਮਰੱਥਾ ਦਿੰਦੀ ਹੈ। ਇਹ ਚੇਤਨਾ ਉਸ ਸਮਾਜ ਦੇ ਸਭ ਜੀਵਾਂ ਦੀ ਸਾਂਝੀ ਸੰਸਕ੍ਰਿਤਿਕ ਪੂੰਜੀ ਵਜੋਂ ਕੰਮ ਕਰਦੀ ਹੈ। ਕਲਾ ਵਿੱਚ ਸੰਚਾਰਿਤ ਭਾਵਾਂ ਅਤੇ ਮੁੱਲਾਂ ਦੀ ਪਰਖ ਵੀ ਅਸਲ ਵਿੱਚ ਇਸੇ ਧਾਰਮਿਕ ਚੇਤਨਾ ਰਾਹੀਂ ਹੁੰਦੀ ਹੈ।ਇਤਿਹਾਸ ਦਾ ਸ਼ੁੱਧ ਧਾਰਣਾ-ਰੂਪ ਇਸ ਵਿਸ਼ਵਾਸ ਨਾਲ ਜੁੜਿਆ ਹੈ ਕਿ ਚਿੰਤਨ ਤੇ ਗਿਆਨ (Knowledge) ਹੀ ਮਨੁੱਖੀ ਇਤਿਹਾਸ ਦੀ ਗਤੀ ਅਤੇ ਵਿਕਾਸ ਦੇ ਅੰਤਿਮ ਕਾਰਕ ਹਨ। ਅਠਾਰਵੀਂ ਸਦੀ ਵਿੱਚ ਇਹ ਵਿਚਾਰ ਪੱਧਤੀ ਬੁੱਧੀਜੀਵੀ ਜਗਤ ਵਿੱਚ ਪੂਰੀ ਤਰ੍ਹਾਂ ਪ੍ਰਮੁੱਖ ਸੀ। ਇਸੇ ਧਾਰਾ ਦਾ ਪ੍ਰਭਾਵ ਉਨੀਵੀਂ ਸਦੀ ਦੇ ਵਿਚਾਰਕਾਂ 'ਤੇ ਵੀ ਪਿਆ। ਸੇਂ-ਸਿਮੋਨ ਅਤੇ ਆਗਸਤ ਕਾਮਟੇ ਨੇ ਭਾਵੇਂ ਕਈ ਪੱਖਾਂ ਵਿੱਚ ਅਠਾਰਵੀਂ ਸਦੀ ਦੇ ਦਾਰਸ਼ਨਿਕਾਂ ਤੋਂ ਵੱਖਰਾ ਸੋਚਿਆ, ਪਰ ਇਸ ਮੂਲ ਵਿਚਾਰ ਨੂੰ ਬੜੇ ਜ਼ੋਰ ਨਾਲ ਅਖਤਿਆਰ ਕੀਤਾ ਕਿ ਚੇਤਨਾ ਅਤੇ ਗਿਆਨ ਸਮਾਜਿਕ ਸੰਰਚਨਾਵਾਂ ਦਾ ਮੂਲ ਸਰੋਤ ਹਨ। ਉਦਾਹਰਣ ਵਜੋਂ, ਸੇਂ-ਸਿਮੋਨ ਪੁੱਛਦਾ ਹੈ ਕਿ ਯੂਨਾਨੀ ਸਮਾਜਿਕ ਬਣਤਰ ਦਾ ਉਥਾਨ ਕਿਵੇਂ ਸੰਭਵ ਹੋਇਆ। ਇਸਦਾ ਜਵਾਬ ਉਹ ਇਸ ਤਰ੍ਹਾਂ ਦਿੰਦਾ ਹੈ ਕਿ ਯੂਨਾਨੀਆਂ ਲਈ ਧਾਰਮਿਕ ਪ੍ਰਣਾਲੀ ਨੇ ਹੀ ਸਮਾਜਕ ਪ੍ਰਣਾਲੀ ਦੀ ਨੀਂਹ ਰੱਖੀ ਸੀ। ਸਮਾਜਕ ਸੰਰਚਨਾ ਧਾਰਮਿਕ ਸੰਕਲਪਾਂ ਦੇ ਪੂਰਨਿਆਂ ਉੱਤੇ ਖੜ੍ਹੀ ਸੀ। ਉਹ ਇਸ ਗੱਲ ਦਾ ਪ੍ਰਮਾਣ ਦਿੰਦਾ ਹੈ ਕਿ ਯੂਨਾਨ ਦਾ ਓਲਿੰਪਸ ਆਪਣੇ ਉਸਾਰੀ-ਸਿਧਾਂਤਾਂ ਵਿੱਚ ਇੱਕ 'ਗਣਤੰਤਰਕ ਵਿਧਾਨ ਸਭਾ' ਦਾ ਰੂਪ ਸੀ। ਉੱਪਰੋਂ, ਭਾਵੇਂ ਯੂਨਾਨੀ ਜਾਤੀਆਂ ਦੇ ਕਾਨੂੰਨੀ ਸਿਸਟਮ ਇਕ-ਦੂਜੇ ਤੋਂ ਕਾਫ਼ੀ ਵੱਖਰੇ ਸਨ, ਪਰ ਸਭਨਾਂ ਵਿਚ ਗਣਤੰਤਰਕ ਮੂਲ ਤੱਤ ਸਾਂਝੇ ਸਨ। (Comte, A.1896:145)ਅੱਗੇ ਚੱਲ ਕੇ ਸੇਂ-ਸਿਮੋਨ ਇਹ ਵੀ ਦਲੀਲ ਦਿੰਦਾ ਹੈ ਕਿ ਯੂਨਾਨੀਆਂ ਦਾ ਧਾਰਮਿਕ ਤੰਤ੍ਰ ਵੀ ਉਨ੍ਹਾਂ ਦੇ ਵਿਗਿਆਨਕ ਸੰਕਲਪਾਂ ਦੇ ਵਿਕਾਸ ਵਿੱਚੋਂ ਹੀ ਉਪਜਿਆ ਸੀ। ਇਸ ਅਨੁਸਾਰ, ਉਨ੍ਹਾਂ ਦਾ ਵਿਗਿਆਨਕ ਸੰਸਾਰ-ਦ੍ਰਿਸ਼ਟੀਕੋਣ ਹੀ ਯੂਨਾਨੀ ਸਮਾਜਕ ਜੀਵਨ ਦੇ ਕੇਂਦਰ ਵਿੱਚ ਸੀ। ਇਹ ਵਿਗਿਆਨਕ ਚਿੰਤਨ-ਪ੍ਰਣਾਲੀ ਹੀ ਯੂਨਾਨ ਦੇ ਇਤਿਹਾਸਕ ਵਿਕਾਸ ਦੀ ਮੁੱਖ ਊਰਜਾ ਸੀ। ਇਤਿਹਾਸ ਦੇ ਵਗਦੇ ਪ੍ਰਵਾਹ ਵਿੱਚ ਜਦੋਂ ਇਕ ਸਮਾਜਕ ਰੂਪਕਰਨ

ਖਤਮ ਹੁੰਦਾ ਹੈ ਅਤੇ ਦੂਸਰਾ ਜਨਮ ਲੈਂਦਾ ਹੈ, ਤਦੋਂ ਇਸ ਪਰਿਵਰਤਨ ਦਾ ਪ੍ਰਮੁੱਖ ਕਾਰਨ ਵੀ ਇਹੋ ਹੀ ਵਿਚਾਰਕ ਅਤੇ ਗਿਆਨਕ ਸੰਕਲਪ ਹੁੰਦੇ ਹਨ।(Saint-Simon,1975:42-44)ਪੰਜਾਬੀ ਕਾਵਿ-ਆਲੋਚਨਾ ਨੇ ਅਧਿਐਨ ਵਿਚ ਪੰਜਾਬੀ ਧਾਰਮਿਕ ਚੇਤਨਾ ਨੂੰ secondary ਦਰਜਾ ਦਿੱਤਾ ਹੈ। ਇਹ ਆਲੋਚਨਾ ਵੀ ਜ਼ਿਆਦਾਤਰ colonial mind set ਵਿਚੋਂ ਆਪਣੀਆਂ ਧਾਰਨਾਵਾਂ ਬਣਾਉਂਦੀ ਰਹੀ ਹੈ। ਇਹਨਾਂ ਦੇਸ਼ਾ ਨੂੰ Third World Countries ਘੋਸ਼ਿਤ ਕਰ ਦਿੱਤਾ ਗਿਆ ਸੀ। ਅਸੀਂ ਆਪਣੀ ਧਾਰਮਿਕ ਚੇਤਨਾ ਵਿਚੋਂ ਕੋਈ particular thought ਨਹੀਂ ਬਣਾ ਸਕੇ। ਸ਼ਮੀਲ ਪੰਜਾਬੀ ਕਵਿਤਾ ਵਿਚ ਇਕ theoretical Rapture ਕਰਨ ਦੀ ਕੋਸ਼ਿਸ ਕਰ ਰਿਹਾ ਹੈ:

ਸਾਰੀ ਕਾਇਨਾਤ
ਸਾਰੀਆਂ ਧਰਤੀਆਂ
ਸਭ ਦੇਵਤੇ
ਦੇਵੀਆਂ
ਪੀਰ ਪੈਗੰਬਰ
ਅਵਤਾਰ ਸਾਰੇ
ਸਭ ਗੁਰੂ
ਗ੍ਰੰਥ ਸਾਰੇ
ਜਿੱਥੋਂ ਦਿਸਣ ਇਕ ਕਤਾਰ ਵਿਚ ਖੜ੍ਹੇ
ਮੈਂ ਉਥੇ ਖੜ੍ਹਾਂ
ਤਾਰ ਜੋ ਅਕਾਲ ਤੋਂ ਚੱਲਦੀ
ਉਸ ਤਾਰ ਵਿਚ ਪਿਰੋਏ
ਸਭ ਦੈਵੀ ਰੂਪ
ਸਭ ਰੱਬੀ ਪ੍ਰਕਾਸ਼
ਰਾਮ ਰਹੀਮ ਕੁਰਾਨ ਪੁਰਾਣ

Volume: 13, March 2026 ISSN: 2394-0980
PP: 43-59

ਬ੍ਰਹਮਾ ਵਿਸ਼ਨੂੰ ਕ੍ਰਿਸ਼ਨ ਮਹੋ
ਦੁਰਗਾ ਚੰਡਿਕਾ ਸਰਸਵਤੀ
ਮੂਸਾ ਈਸਾ ਮੁਹੰਮਦ
ਭਗਤ ਸਾਰੇ ਤੇ ਫ਼ਕੀਰ ਰੱਬ ਦੇ
ਸਾਰੀ ਰਚਨਾ ਅਕਾਲ ਉਸਤਤ
ਜਿੱਥੇ ਨਾ ਫ਼ਰਕ ਕੋਈ
ਨਾ ਤਰਕ ਕੋਈ
ਸਾਰੀ ਹਸਤੀ ਜਿੱਥੋਂ ਦਿਸੇ
ਤਾਰਿਆਂ ਦੀ ਤਰ੍ਹਾਂ
ਮੈਂ ਉਥੇ ਖੜ੍ਹ ਕੇ ਦੇਖ ਰਿਹਾਂ
ਇਸ ਰਚਨਾ ਨੂੰ (ਸ਼ਮੀਲ,2024:139)

ਇੱਥੇ ਤੇਗ ਇਕ institute ਬਣਦੀ ਹੈ। ਤੇਗ ਵਿੱਚ ਰਾਜਨੀਤੀ ਆਰਥਿਕਤਾ ਜਦੋਂ ਉਹ ਪੀਰ ਦੇ ਰੂਪ ਜਾਂਦੀ ਹੈ ਫਿਰ ਧਰਮ,ਨੈਤਿਕਤਾ,ਪਰਾ- ਭੌਤਿਕਤਾ Religion, Ethics, Metaphysics ਵਿਚ ਤੇਗ ਪੂਰਕ ਹੁੰਦੀ ਹੈ।ਇਥੇ ਮੀਰੀ ਤੇਗ ਕੱਟ ਤੇ ਰਹੀ ਪਰ ਦੈਵੀ ਰੌਸ਼ਨੀ ਦੇ ਨਾਲ। ਇਥੇ ਇਤਿਹਾਸ, ਤਬਦੀਲੀ, ਰੱਬੀ ਨੂਰ, ਗਿਆਨ ਅਤੇ ਸੰਸਥਾਵਾਂ ਨੂੰ ਜੋੜ ਦਿੱਤਾ। ਇਸ ਤੋਂ ਵੀ ਵੱਧ ਇਹ ਕਿ ਬ੍ਰਾਹਮਣੀ ਤੇ ਵੇਦਾਂਤਿਕ ਦ੍ਰਿਸ਼ਟੀ ਦੇ ਉਲਟ ਅਕਰਮ ਦੀ ਥਾਂ ਕ੍ਰਿਆਸ਼ੀਲਤਾ ਨੂੰ ਯੋਗ ਥਾਂ ਦਿੱਤੀ। ਸ਼ਮੀਲ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਗੁਰੂ-ਇਤਿਹਾਸ ਦੀ ਵਿਚਾਰਧਾਰਾ ਜੇ ਅਕਾਲ ਨੂੰ ਮੰਨਦੀ ਹੈ ਤਾਂ ਇਸ ਦੇ ਨਾਲ ਤਬਦੀਲੀ ਅਤੇ ਕ੍ਰਿਆਸ਼ੀਲ ਦਾ ਮਹੱਤਵ ਵੀ ਸਵੀਕਾਰ ਕਰਦੀ ਹੈ। ਇਸ ਦੇ ਨਾਲ ਹੀ ਜੁੜੀ ਹੋਈ ਗੱਲ ਇਹ ਹੈ ਕਿ ਇਤਿਹਾਸ ਵੀ ਇਕ ਯਥਾਰਥ ਹੈ ਭਾਵੇਂ ਸੀਮਤ ਅਤੇ ਬਦਲਿਆ ਜਾਣ ਵਾਲਾ ਮੰਨਦਾ ਹੈ। ਪੁਰਾਣੀਆਂ ਸੰਸਥਾਵਾਂ ਅਤੇ ਮਨੋਬਿਰਤੀਆਂ ਖ਼ਤਮ ਕਰ ਕੇ ਨਵੇਂ Dialogue ਦਾ ਆਰੰਭ ਕਰਦੀ ਹੈ। ਇਥੇ ਇਕ Important ਚੀਜ਼ ਵਾਪਰਦੀ ਹੈ। ਇੱਥੇ ਮੀਰੀ ਪੀਰੀ ਵਿਚੋਂ ਮੀਰੀ(ਤੇਗ) ਡੋਮੀਨੇਟ ਨਹੀਂ ਕਰਦੀ ਇੱਥੇ ਪੀਰੀ ਦੀ ਵੀ proper placement ਹੈ। ਇਥੇ ਸੰਤ ਤੇ ਸਿਪਾਹੀ ਪੂਰਕ ਹਨ। ਜਿਆਦਾਤਰ ਸਿੱਖ ਸਕਾਲਰ ਸਿਪਾਹੀ (ਤੇਗ ਜਾਂ) ਦੀ ਡੋਮੀਨੇਸ਼ਨ ਕਰਾ ਕੇ ਸਿੱਖੀ ਨੂੰ victorious ਜਦੋਂ ਬਣਾਉਦੇ ਹਨ ਤਾਂ ਫਿਰ ਪੁਲੀਟੀਕਲ ਧਾਰਨਾਵਾਂ ਬਾਹਰ ਆ ਜਾਣਗੀਆਂ ਪਰ ਸ਼ਮੀਲ ਇਸ balance ਨੂੰ ਬਰਕਰਾਰ ਰੱਖ ਰਿਹਾ ਹੈ।

ਇੱਕੋ ਵੇਲ਼ੇ ਜਿਊਣਾ ਦੋ ਤਲਾਂ 'ਤੇ
ਇਕ ਚਿਹਰਾ ਲੌਕਿਕ ਵਿਚ
ਦੂਜਾ ਪਰਾਲੌਕਿਕ ਵਿਚ
ਦ੍ਰਿਸ਼ ਜਗਤ ਵਿਚ ਸਿਪਾਹੀ ਤੁਰਦਾ
ਸੰਤ ਤੁਰਦਾ ਅਦ੍ਰਿਸ਼ਟ ਵਿਚ
ਸਿਪਾਹੀ ਸਥੂਲ
ਸੰਤ ਸੂਖਮ
ਜੋ ਪ੍ਰਗਟ ਹੁੰਦਾ ਸਿਪਾਹੀ ਬਣ ਕੇ
ਅਲੋਪ ਹੁੰਦਾ ਸੰਤ ਹੋ ਕੇ
ਸਿਪਾਹੀ ਹਾਰਡਵੇਅਰ
ਸੰਤ ਸੌਫਟਵੇਅਰ (2024:97)

ਪਰਵਾਸੀ ਪੰਜਾਬੀ ਕਵਿਤਾ ਵਿਚ ਅਮਰਜੀਤ ਚੰਦਨ ਦੀ ਕਾਵਿ-ਸਿੱਧਾਂਤਕੀ ਅਲੱਗ ਪਰਿਪੇਖ ਉਜਾਗਰ ਕਰਦੀ ਹੈ। ਇੱਕੀਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਪਰਵਾਸ ਦੇ ਅਰਥ ਬਦਲ ਚੁੱਕੇ ਹਨ। ਵੈਸੇ ਵੀ ਸਿਧਾਂਤਕ ਪੈਰਾਡਾਇਮ ਪਰਵਾਸ ਦੇ ਘੇਰੇ ਤੋਂ ਪਾਰ ਚਲਾ ਜਾਂਦਾ ਹੈ। ਇਸ ਕਵਿਤਾ ਦੀ ਚਰਚਾ ਕਰਨੀ ਬਹੁਤ ਜ਼ਰੂਰੀ ਹੈ:

ਗੂੰਜ ਆਵਾਜ਼ ਦਾ ਗਹਿਣਾ ਹੈ
ਆਵਾਜ਼ ਹੈ ਲੱਕੜ ਗੂੰਜ ਧਧਕਦੀ ਅੱਗ ਹੈ
ਆਵਾਜ਼ ਹੈ ਬੀਜਕ
ਗੁੰਜਨ ਰੁੱਖ ਹੈ
ਆਵਾਜ਼
ਪਤੰਗ ਉਡਾਂਦੇ ਬਾਲ ਦੇ ਪੈਰ ਨੇ ਧਰਤੀ ਲੱਗੇ
ਨਾਦ ਹੈ ਸੂਰਜ ਗੁੰਜਨ ਲੋਅ ਹੈ

Volume: 13, March 2026 ISSN: 2394-0980
PP: 43-59

ਨਾਦਮ ਅੱਖ ਹੈ ਸੁੱਤੀ ਵੀ ਜਾਗੇ
ਤੇ ਗੁੰਜਨ ਨਦਰ ਦ੍ਰਿਸ਼ਟੀ
ਨਾਦਮ ਅੱਖੀਆਂ
ਗੁੰਜਨ ਹੰਝ ਦਾ ਟੇਪਾ
ਨਾਦ ਹੈ ਬਿੰਦੂ
ਗੁੰਜਨ ਆਗਾਸਾ ਆਗਾਸਾ
ਨਾਦਮ ਚੁੱਪ ਹੈ
ਗੁੰਜਨ ਜਾਗੀ ਸੁਰ ਹੈ
ਨਾਦਮ ਜਲ ਹੈ
ਗੂੰਜ ਤਿੱਖਾ
ਨਾਦ ਸ਼ਬਦ ਹੈ
ਅਰਥ ਹੈ ਗੁੰਜਨ
ਪੜ੍ਹਤ ਅਨੰਤਾ
ਗੁੰਜਨ ਅਨੁਗੁੰਜਨ
ਨਾਦਮ ਸੁੰਨਮ

ਇਥੇ ਗੂੰਜ ਤੇ ਆਵਾਜ਼, ਆਵਾਜ਼ ਲੱਕੜ ਅਤੇ ਅੱਗ, ਬੀਜ ਅਤੇ ਰੁੱਖ ,ਆਵਾਜ਼ ਅਤੇ ਬਚਪਨ ਦੀ ਮਸੂਮੀਅਤ,ਸੂਰਜ ਅਤੇ ਲੋਅ,ਅੱਖ ਅਤੇ ਦ੍ਰਿਸ਼ਟੀ,ਚੁੱਪ ਅਤੇ ਸੁਰ,ਜਲ ਅਤੇ ਪਿਆਸ ਅਤੇ ਅਖੀਰ ਵਿਚ ਗੁੰਜਨ ਅਤੇ ਅਨੁਗੁੰਜਨ ਦੀ ਵਿਚਾਰਕੀ emerge ਹੋ ਰਹੀ ਹੈ। ਇਥੇ ਸਿਧਾਂਤਕ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਸਾਰਾ ਵਰਤਾਰੇ duality ਦੀ ਅਵਸਥਾ ਵਿਚ ਹੈ ਜਾਂ ਇਹ ਆਪਸ ਵਿਚ complementary ਅਵਸਥਾ ਵਿਚ ਹਨ। ਇਥੇ Pythagoras ਦਾ "Music of the Spheres" ਯੂਨਾਨੀ ਦਰਸ਼ਨ ਦਾ ਇੱਕ ਵਿਚਾਰਨਯੋਗ ਵਿਚਾਰ ਹੈ। ਇਹ ਸਿਰਫ਼ ਸੰਗੀਤ ਬਾਰੇ ਨਹੀਂ, ਸਗੋਂ ਬ੍ਰਹਿਮੰਡ ਦੀ ਬਣਤਰ, ਗਣਿਤ, ਆਤਮਾ ਅਤੇ ਅਸਤਿੱਤਵ ਬਾਰੇ ਇੱਕ

ਦਾਰਸ਼ਨਿਕ ਸਿਧਾਂਤ ਪੈਦਾ ਕਰਦਾ ਹੈ। ਉਸ ਦੇ ਅਨੁਸਾਰ ਪੂਰਾ ਬ੍ਰਹਿਮੰਡ ਇੱਕ ਸੰਗੀਤਕ ਤਾਲ (Harmony) ਵਿੱਚ ਚੱਲਦਾ ਹੈ। ਗ੍ਰਹਿ, ਤਾਰੇ ਅਤੇ ਆਕਾਸ਼ੀ ਗੋਲ (spheres) ਜਦੋਂ ਗਤੀ ਕਰਦੇ ਹਨ, ਤਾਂ ਉਹ ਇੱਕ ਅਦ੍ਰਿਸ਼ ਧੁਨਿ ਪੈਦਾ ਕਰਦੇ ਹਨ। ਇਹ ਧੁਨਿ ਮਨੁੱਖੀ ਕੰਨਾਂ ਨਾਲ ਨਹੀਂ ਸੁਣੀ ਜਾ ਸਕਦੀ, ਕਿਉਂਕਿ ਇਹ ਸਦੀਵੀ ਹੈ। ਗਣਿਤ ਅਤੇ ਸੰਗੀਤ ਦਾ ਸੰਬੰਧ ਮਨੁੱਖੀ ਸਭਿਆਚਾਰ ਦੇ ਸਭ ਤੋਂ ਪੁਰਾਤਨ ਅਤੇ ਡੂੰਘੇ ਦਾਰਸ਼ਨਿਕ ਵਿਚਾਰਾਂ ਵਿੱਚੋਂ ਇੱਕ ਹੈ। Pythagoras ਨੇ ਸਭ ਤੋਂ ਪਹਿਲਾਂ ਇਹ ਦਰਸਾਇਆ ਕਿ ਸੰਗੀਤ ਸਿਰਫ਼ ਭਾਵਨਾ ਨਹੀਂ, ਸਗੋਂ ਗਣਿਤਕ ਅਨੁਪਾਤਾਂ (mathematical ratios) 'ਤੇ ਅਧਾਰਿਤ ਹੈ। ਉਸ ਨੇ ਸੁਰ ਨੂੰ ਅਨੁਪਾਤ ਨਾਲ ਜੋੜਿਆ। Pythagoras ਨੇ ਇੱਕ ਸਾਜ਼ ਦੇ ਤਾਰਾਂ 'ਤੇ ਪ੍ਰਯੋਗ ਕੀਤੇ। ਉਸਨੇ ਵੇਖਿਆ ਕਿ ਜਦੋਂ ਤਾਰ ਦੀ ਲੰਬਾਈ ਅੱਧੀ ਕੀਤੀ ਜਾਂਦੀ ਹੈ ਸੁਰ ਇੱਕ octave ਉੱਚਾ ਹੋ ਜਾਂਦਾ ਹੈ। ਜੇ ਅਨੁਪਾਤ 3:2 ਹੋਵੇ ਤਾਂ perfect fifth ਬਣਦੀ ਹੈ। 4:3 ਹੋਵੇ ਤਾਂ perfect fourth ਬਣਦੀ ਹੈ। ਇਸ ਨੂੰ ਅਸੀਂ ਇਸ ਤਰ੍ਹਾਂ ਵੀ ਵੇਖ ਸਕਦੇ ਹਾਂ:

ਗਣਿਤਕ ਅਨੁਪਾਤ	**ਸੰਗੀਤਕ ਸੁਰ**
2:1	Octave
3:2	Fifth
4:3	Fourth

ਸੰਗੀਤ ਸੰਖਿਆਵਾਂ ਦੀ ਗਤੀ ਹੈ। ਸੰਗੀਤ ਧੁਨੀ ਤੋਂ ਬਣਦਾ ਹੈ, ਅਤੇ ਧੁਨੀ ਕੰਪਨ (vibration) ਹੈ। ਗਣਿਤ ਇਨ੍ਹਾਂ ਕੰਪਨਾਂ ਨੂੰ ਮਾਪਦਾ ਹੈ। ਉਦਾਹਰਨ ਲਈ ਜੇ ਕੋਈ ਸੁਰ 440 vibrations per second ਕਰਦਾ ਹੈ ਉਹ "A note" ਹੁੰਦਾ ਹੈ। ਅਗਰ 880 vibrations per second ਹੋਵੇਂ ਤਾਂ ਉਸਦਾ ਸੁਰ ਦਾ ਉੱਚਾ octave ਹੁੰਦਾ ਹੈ। ਅਰਥਾਤ ਧੁਨਿ = ਗਣਿਤਕ ਫ੍ਰਿਕਵੈਂਸੀ ਕਹਿ ਸਕਦੇ ਹਾਂ। ਸੰਗੀਤ ਦੀ ਤਾਲ ਵੀ ਗਣਿਤ ਨਾਲ ਜੁੜੀ ਹੈ।ਇਹ ਸਾਰੇ ਸਮੇਂ (time) ਦੀ ਗਣਿਤਕ ਵੰਡ ਹਨ।ਭਾਰਤੀ ਸੰਗੀਤ ਵਿੱਚ ਵੀ ਤਿੰਤਾਲ = 16 ਮਾਤਰਾ ਅਤੇ ਝਪਤਾਲ = 10 ਮਾਤਰਾ ਇਸ ਲਈ ਤਾਲ ਇੱਕ ਜੀਵੰਤ ਗਣਿਤ ਹੈ।Greek thinkers ਮੰਨਦੇ ਸਨ ਕਿ Geometry space ਦੀ harmony ਹੈ ਅਤੇ Music time ਦੀ harmony ਹੈ। ਇਸ ਲਈ ਗਣਿਤ ਦਿਖਾਈ ਦੇਣ ਵਾਲਾ ਸੰਗੀਤ ਹੈ, ਸੰਗੀਤ ਸੁਣਾਈ ਦੇਣ ਵਾਲਾ ਗਣਿਤ।ਅਮਰਜੀਤ ਚੰਦਨ ਦੀ ਕਾਵਿ ਚੇਤਨਾ ਲਈ ਗਣਿਤ ਅਤੇ ਸੰਗੀਤ ਸਿਰਫ਼ ਵਿਗਿਆਨ ਨਹੀਂ ਸਨ। ਉਹ ਇਹ ਬਿਆਨ ਕਰ ਰਹੇ ਹਨ ਕਿ ਬ੍ਰਹਿਮੰਡ ਅਤੇ ਧੁਨੀ ਜਾਂ ਗੂੰਜ਼ ਆਪਸ ਵਿਚ complementary ਅਵਸਥਾ ਵਿਚ ਹਨ। ਇਸ ਲਈ ਇਹ ਦੁਨੀਆ ਵੀ ਇੱਕ cosmic rhythm ਵਿਚ ਹੈ। ਇਸ ਤਰਾਂ ਪਰਵਾਸੀ ਪੰਜਾਬੀ ਕਵਿਤਾ ਦੀ ਕੈਟਾਗਰੀ ਅਗਰ ਸਪੇਸ ਨਾਲ ਜੋੜ ਕੇ ਦੇਖਦੇ ਹਾਂ ਤਾਂ ਅਮਰਜੀਤ ਚੰਦਨ ਇਸ ਕਵਿਤਾ ਨੂੰ ਵੱਖਰੇ ਸਿੱਧਾਂਤਕ ਪੈਰਾਡਾਇਮ ਵਿਚ ਲੈ ਕੇ ਜਾ ਰਹੇ ਹਨ।

ਸਿੱਟਾ

ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਪਰੰਪਰਾਗਤ ਪਰਵਾਸੀ ਸਾਹਿਤ ਦੀਆਂ ਸੀਮਾਵਾਂ ਤੋਂ ਕਾਫ਼ੀ ਅੱਗੇ ਨਿਕਲ ਚੁੱਕੀ ਹੈ। ਇਹ ਕਵਿਤਾ ਮਨੁੱਖੀ ਚੇਤਨਾ, ਰੂਹਾਨੀ ਅਨੁਭਵ, ਕੁਦਰਤ, ਬ੍ਰਹਿਮੰਡ, ਧੁਨੀ, ਊਰਜਾ, ਸਰੀਰ, ਭਾਸ਼ਾ ਅਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਨਵੇਂ ਢੰਗ ਨਾਲ ਪੇਸ਼ ਕਰਦੀ ਹੈ। ਦਲਵੀਰ ਕੌਰ, ਪ੍ਰਭਸ਼ਰਨਦੀਪ, ਸ਼ਮੀਲ ਅਤੇ ਅਮਰਜੀਤ ਚੰਦਨ ਦੀ ਕਾਵਿ-ਦ੍ਰਿਸ਼ਟੀ ਪੰਜਾਬੀ ਕਵਿਤਾ ਲਈ ਨਵੇਂ ਸਿਧਾਂਤਕ ਪ੍ਰਤੀਮਾਨ ਸਥਾਪਿਤ ਕਰਦੀ ਹੈ। ਇਹ ਖੋਜ-ਪੱਤਰ ਇਸ ਗੱਲ ਨੂੰ ਸਥਾਪਿਤ ਕਰਦਾ ਹੈ ਕਿ ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਪੰਜਾਬੀ ਸਾਹਿਤ ਅਤੇ ਆਲੋਚਨਾ ਨੂੰ ਨਵੇਂ ਦਾਰਸ਼ਨਿਕ ਅਤੇ ਸਭਿਆਚਾਰਕ ਆਯਾਮ ਪ੍ਰਦਾਨ ਕਰ ਰਹੀ ਹੈ ਅਤੇ ਭਵਿੱਖ ਵਿੱਚ ਇਸ ਖੇਤਰ ਵਿੱਚ ਹੋਰ ਗੰਭੀਰ ਖੋਜ ਦੀਆਂ ਵਿਸ਼ਾਲ ਸੰਭਾਵਨਾਵਾਂ ਮੌਜੂਦ ਹਨ।

ਸਹਾਇਕ-ਪੁਸਤਕ ਸੂਚੀ

1. ਅਮਰਜੀਤ ਚੰਦਨ, (2017) **ਸੰਦੂਕ, ਨਵੀਂ ਦਿੱਲੀ**,ਟੌਮਸਨ ਪ੍ਰੈਸ ਇੰਡੀਆ ਲਿਮਟਿਡ
2. ਪ੍ਰਭਸ਼ਰਨਦੀਪ ਸਿੰਘ,(2022) ***ਦੇਸ ਨਿਕਾਲਾ***, ਅੰਮ੍ਰਿਤਸਰ, ਸਿੰਘ ਬ੍ਰਦਰਜ਼
3. ਦਲਵੀਰ ਕੋਰ,(2021)**ਚਿਤਵਨੀ**,ਚੰਡੀਗੜ੍ਹ,ਯੂਨੀਵਰਸਿਟੀ
4. ਸ਼ਮੀਲ,(2024)**ਤੇਗ.** ਚੰਡੀਗੜ੍ਹ:ਬੀਜ ਬੁਕਸ
5. Aristotle. (1941). *De Anima* (J. A. Smith, Trans.). In R. McKeon (Ed.), *The Basic Works of Aristotle* (pp. 535–603). Random House.
6. Comte, A. (1896). *The positive philosophy* (H. Martineau, Trans., Vol. 1–2). George Bell & Sons.
7. Levinas, E. (1969). *Totality and infinity: An essay on exteriority* (A. Lingis, Trans., . Duquesne University Press.
8. Plato. (1994) *Phaedo*. Translated by Benjamin Jowett, The Internet Classics Archive, Massachusetts Institute of Technology,
9. Sartre, J.-P. (1993). *Being and nothingness* (H. E. Barnes, Trans.). Routledge.
10. Saint-Simon, H. (1975). *Selected writings on science, industry, and social organisation* (K. Taylor, Ed. & Trans.). Croom Helm. (pp. 42–48)
11. Yalom, Irvin D. (1980) *Existential Psychotherapy*. Basic Books

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 60-74

ਪਰਵਾਸੀ ਪੰਜਾਬੀ ਲੇਖਕਾਂ ਨਾਲ ਮੁਲਾਕਾਤਾਂ : ਤੁਲਨਾਤਮਕ ਅਧਿਐਨ

ਡਾ. ਗੁਰਪ੍ਰੀਤ ਕੌਰ ਬਰਾੜ
ਅਸਿਸਟੈਂਟ ਪ੍ਰੋਫ਼ੈਸਰ, ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਾਰ

ਸਾਹਿਤਕ ਮੁਲਾਕਾਤਾਂ ਦੀ ਵਿਧਾ ਲੇਖਕ ਦੇ ਅਸਤਿਤਵੀ ਅਤੇ ਸਾਹਿਤਕ ਸਰੋਕਾਰਾਂ ਨੂੰ ਸਮਝਣ ਲਈ ਮਹੱਤਵਪੂਰਨ ਹੈ। 'ਮੁਲਾਕਾਤ ਕਰਤਾ' ਦੇ ਦਿਸ਼ਾ ਬੱਧ ਸਵਾਲਾਂ ਤੋਂ ਉਪਜੇ ਜਵਾਬ ਰਾਹੀਂ 'ਉੱਤਰਦਾਤਾ'(ਲੇਖਕ) ਦੀ ਸ਼ਖ਼ਸੀਅਤ ਬਾਰੇ, ਰਚਨਾ–ਪ੍ਰਕਿਰਿਆ ਅਤੇ ਰਚਨਾਵਾਂ ਦੀ ਆਧਾਰ ਸਮੱਗਰੀ ਬਾਰੇ, ਪ੍ਰਾਪਤੀਆਂ–ਅਪ੍ਰਾਪਤੀਆਂ ਬਾਰੇ, ਉਹਨਾਂ ਦੇ ਆਪਣੇ ਬੋਲ/ਸ਼ਬਦ ਹੀ ਬਹੁਪਰਤੀ ਗਵਾਹੀ ਦਿੰਦੇ ਹਨ। ਪਰਵਾਸੀ ਨਾਰੀ ਤੇ ਮਰਦ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਦੇ ਤੁਲਨਾਤਮਕ ਅਧਿਐਨ ਉਪਰੰਤ ਉਪਜੇ ਸਾਂਝ ਤੇ ਵਖਰੇਵੇਂ ਉਚੇਰੀ ਅਹਿਮੀਅਤ ਦੇ ਲਖਾਇਕ ਬਣਦੇ ਹਨ।

ਕੀ-ਵਰਡ- ਸਾਹਿਤਕ ਮੁਲਾਕਾਤ, ਮੁਲਾਕਾਤ ਕਰਤਾ, ਉੱਤਰਦਾਤਾ, ਪਰਵਾਸੀ ਲੇਖਕ, ਸਾਹਿਤ ਸਿਰਜਣਾ

ਸਾਹਿਤਕ ਮੁਲਾਕਾਤ ਕਿਸੇ ਲੇਖਕ ਦੀ ਸ਼ਖ਼ਸੀਅਤ ਅਤੇ ਸਿਰਜਣ ਪ੍ਰਕਿਰਿਆ ਨੂੰ ਜਾਨਣ/ਸਮਝਣ ਨਾਲ ਸੰਬੰਧਤ ਹੈ। 'ਮੁਲਾਕਾਤ ਕਰਤਾ' ਅਤੇ 'ਉੱਤਰਦਾਤਾ' ਇਸ ਵਿਧਾ ਦੀਆਂ ਅਜਿਹੀਆਂ ਦੋ ਮਹੱਤਵਪੂਰਨ ਕੜੀਆਂ ਹਨ ਜਿਹਨਾਂ ਦੇ ਸੰਵਾਦ ਵਿੱਚ ਉਪਜਿਆ ਚਿੰਤਨ ਇਸ ਦੀ ਸਿਰਜਣਾ ਦਾ ਸ੍ਰੋਤ ਬਣਦਾ ਹੈ। ਸਾਹਿਤਕ ਮੁਲਾਕਾਤ ਦੀ ਵੱਖਰੀ ਪ੍ਰਕ੍ਰਿਤੀ ਸੰਬੰਧੀ *John Rodden* ਆਪਣੀ ਪੁਸਤਕ *Performing the Literary interview* ਵਿੱਚ ਜ਼ਿਕਰ ਕਰਦਾ ਹੈ :ਸਾਹਿਤਕ ਮੁਲਾਕਾਤ ਨਾ ਤਾਂ 'ਰਚਨਾਤਮਕ' ਅਤੇ ਨਾ ਹੀ 'ਆਲੋਚਨਾਤਮਕ' ਰੂਪ ਹੈ, ਕਿਉਂਕਿ ਇਹ ਸ਼ਬਦ ਰਵਾਇਤੀ ਤੌਰ 'ਤੇ ਵਰਤੇ ਜਾਂਦੇ ਹਨ। ਪਰ ਇੱਕ ਅਜਿਹਾ ਰੂਪ ਹੈ ਜੋ ਇੱਕ ਮਹੱਤਵਪੂਰਨ ਨਵੀਂ ਕਿਸਮ ਦੇ ਸੰਵਾਦ ਰਾਹੀਂ ਪ੍ਰਫੁਲਿੱਤ ਹੋ ਰਿਹਾ ਹੈ।[1]

ਸਾਹਿਤਕ ਮੁਲਾਕਾਤ ਦੇ ਸੰਵਾਦ ਵਿੱਚ 'ਮੁਲਾਕਾਤ ਕਰਤਾ' ਅਤੇ 'ਉੱਤਰਦਾਤਾ' ਦੋਨਾਂ ਦੀ ਭੂਮਿਕਾ ਇੱਕੋ ਜਿਹੀ ਮਹੱਤਤਾ ਦੀ ਲਖਾਇਕ ਹੈ। 'ਉੱਤਰਦਾਤਾ' ਸਾਹਿਤਕ ਜਗਤ ਦਾ ਅਜਿਹਾ ਵਿਸ਼ੇਸ਼ ਲੇਖਕ ਹੈ ਜਿਸ ਨਾਲ ਮੁਲਾਕਾਤ ਕਰਤਾ ਦੁਆਰਾ ਸੰਵਾਦ ਸਥਾਪਤ ਕਰਕੇ ਲੇਖਕ ਅਤੇ ਲਿਖ਼ਤ ਦੇ ਅੰਤਰ-ਸੰਬੰਧਾਂ ਨੂੰ ਪਛਾਣਿਆ ਜਾਂਦਾ

Volume: 13, March 2026 ISSN: 2394-0980
PP: 60-74

ਹੈ। ਮੁਲਾਕਾਤ ਕਰਤਾ ਦਾ ਉਦੇਸ਼ ਨਿਸ਼ਚਿਤ ਹੁੰਦਾ ਹੈ, ਇਸ ਲਈ ਉਹ ਡੂੰਘੀ ਸੋਝੀ ਅਤੇ ਸੂਖਮ ਤਰੀਕੇ ਨਾਲ ਲੇਖਕ ਦੀ ਸ਼ਖ਼ਸੀਅਤ ਅਤੇ ਸਾਹਿਤਕ ਘਾਲਣਾ ਬਾਰੇ ਗੰਭੀਰ ਅਧਿਐਨ ਰਾਹੀਂ ਸਵਾਲਾਂ ਦੀ ਲੜੀ ਵਿਉਂਤਦਾ ਹੈ। ਮੁਲਾਕਾਤ ਕਰਤਾ ਦੇ ਸਵਾਲ ਅਤੇ ਉੱਤਰਦਾਤਾ ਦੇ ਜਵਾਬ ਦਾ ਪੈਟਰਨ, ਉੱਤਰਦਾਤਾ (ਲੇਖਕ) ਦੀ ਸ਼ਖ਼ਸੀਅਤ ਅਤੇ ਸਿਰਜਣ ਪ੍ਰਕਿਰਿਆ ਨੂੰ ਬਿਆਨ ਕਰਨ ਲਈ ਵਿਲੱਖਣ ਸੰਦਰਭ ਸਿਰਜਦਾ ਹੈ। ਸਾਹਿਤਕ ਮੁਲਾਕਾਤ ਦੀ ਪ੍ਰਕਿਰਿਆ ਵਿੱਚ ਮੁਲਾਕਾਤ ਕਰਤਾ ਤੇ ਉੱਤਰਦਾਤਾ ਦੀ ਭੂਮਿਕਾ ਨੂੰ ਅਮਰੀਕੀ ਲੇਖਕ *Charles T. Stewart* ਨੇ ਇੰਜ ਪ੍ਰਭਾਸ਼ਿਤ ਕੀਤਾ ਹੈ:ਮੁਲਾਕਾਤ ਦੋ ਵੱਖ-ਵੱਖ ਧਿਰਾਂ ਵਿਚਕਾਰ ਸੰਚਾਰ ਦਾ ਇੱਕ ਵੱਖਰਾ ਰੂਪ ਹੈ, ਜਿਹਨਾਂ ਵਿੱਚੋਂ ਘੱਟੋ-ਘੱਟ ਇੱਕ ਦਾ ਪਹਿਲਾਂ ਤੋਂ ਹੀ ਨਿਰਧਾਰਤ ਅਤੇ ਗੰਭੀਰ ਉਦੇਸ਼ ਹੁੰਦਾ ਹੈ। ਇਹ ਇਸ ਪੱਖੋਂ ਆਪਸੀ ਤਾਲਮੇਲ ਵਾਲਾ ਹੁੰਦਾ ਹੈ ਜਿਸ ਵਿੱਚ ਦੋਵੇਂ ਧਿਰਾਂ ਸਮੇਂ-ਸਮੇਂ 'ਤੇ ਬੋਲਦੀਆਂ ਅਤੇ ਸੁਣਦੀਆਂ ਹਨ ਅਤੇ ਮੁਲਾਕਾਤ ਕਰਤਾ ਅਤੇ ਉੱਤਰਦਾਤਾ ਦੀ ਭੂਮਿਕਾ ਸਾਂਝੀ ਕਰ ਸਕਦੀਆਂ ਹਨ।[2]

ਸਾਹਿਤਕ ਮੁਲਾਕਾਤ ਦੌਰਾਨ ਉੱਤਰਦਾਤਾ(ਲੇਖਕ) ਦੀ ਰਚਨਾ-ਪ੍ਰਕਿਰਿਆ ਬਾਰੇ, ਪ੍ਰਾਪਤੀਆਂ-ਅਪ੍ਰਾਪਤੀਆਂ ਅਤੇ ਜੀਵਨ ਦੇ ਅਹਿਮ ਪੱਖਾਂ ਬਾਰੇ ਉਸਦੇ ਆਪਣੇ ਬੋਲਾਂ ਰਾਹੀਂ ਮਿਲੀ ਪ੍ਰਮਾਣਿਕ ਜਾਣਕਾਰੀ ਪਾਠਕਾਂ ਤੱਕ ਲਿਖਤ ਰੂਪ ਵਿੱਚ ਪਹੁੰਚਾਉਣ ਦਾ ਕਾਰਜ ਗੰਭੀਰ ਹੈ। ਇਸ ਲਈ ਮੁਲਾਕਾਤ ਕਰਤਾ, 'ਮੁਲਾਕਾਤ' ਨੂੰ ਬੋਲ ਤੋਂ ਲਿਖਤ ਵਿੱਚ ਤਬਦੀਲ ਕਰਨ ਲਈ ਲੰਮੀ ਪ੍ਰਕਿਰਿਆ ਵਿੱਚੋਂ ਗੁਜ਼ਰਦਾ ਹੈ। ਮੁਲਾਕਾਤ ਦੀ ਤਿਆਰੀ, ਸੰਚਾਲਨ ਅਤੇ ਟੈਕਸਟ ਨੂੰ ਆਕਾਰ ਦੇਣ ਵਿੱਚ ਮੁਲਾਕਾਤ ਕਰਤਾ ਦੀ ਭੂਮਿਕਾ ਸੰਬੰਧੀ ਡਾ. ਰਘਬੀਰ ਸਿੰਘ ਆਪਣੀ ਪੁਸਤਕ 'ਮੁਲਾਕਾਤਾਂ' ਦੀ ਪ੍ਰਵੇਸ਼ਿਕਾ ਵਿੱਚ ਲਿਖਦੇ ਹਨ: ਇਹ ਕੋਈ ਸਾਧਾਰਨ ਲਿਖਤ ਨਹੀਂ ਸੀ, ਜਿਸਨੂੰ ਤੁਸੀਂ ਕਿਸੇ ਬਾਹਰੀ ਦਖਲ ਦੇ ਆਭਾਵ ਵਿੱਚ, ਸੌਖਿਆਂ ਹੀ ਆਪਣੇ ਘਰ ਨਿਵੇਕਲੇ ਬਹਿ ਕੇ ਲਿਖ ਸਕਦੇ ਹੋ। ਇਸ ਨਾਲ ਸੰਬੰਧਤ ਲੇਖਕ ਤੱਕ ਪਹੁੰਚਣਾ, ਉਸ ਦੀ ਸਹੂਲਤ ਅਨੁਸਾਰ ਉਸ ਨਾਲ ਮੁਲਾਕਾਤ ਦਾ ਸਮਾਂ ਨਿਸਚਿਤ ਕਰਨਾ, ਗੱਲਬਾਤ ਰੀਕਾਰਡ ਕਰਨਾ, ਉਸ ਗੱਲਬਾਤ ਨੂੰ ਕਾਗ਼ਜ਼ ਉੱਤੇ ਉਤਾਰਨਾ, ਫੇਰ ਉਸ ਦੀ ਕਾਂਟ-ਛਾਂਟ ਅਥਵਾ ਸੰਪਾਦਨ ਕਰਨਾ ਅਤੇ ਇਉਂ ਪੜ੍ਹਨਯੋਗ ਲਿਖਤ ਬਣਾਉਣਾ-ਕਿੰਨੇ ਹੀ ਬਹੁਤ ਜ਼ੋਖ਼ਮ ਭਰੇ ਕੰਮ ਸਾਹਮਣੇ ਸਨ। ਅਮਲੀ ਤੌਰ 'ਤੇ ਇਸ ਕੰਮ ਨੂੰ ਹੱਥ ਵਿੱਚ ਲੈਣ ਤੋਂ ਪਹਿਲਾਂ ਹਰ ਸੰਬੰਧਿਤ ਲੇਖਕ ਦੀਆਂ ਲਿਖਤਾਂ ਨੂੰ ਵਾਚਣਾ, ਉਹਨਾਂ ਬਾਰੇ ਹੋਈ ਆਲੋਚਨਾ ਅਤੇ ਪ੍ਰਭਾਵਾਂ ਨੂੰ ਧਿਆਨ-ਗੋਚਰ ਕਰਨਾ ਅਤੇ ਫੇਰ ਸਭ ਤੋਂ ਵੱਧ ਸੰਬੰਧਿਤ ਲੇਖਕ ਦੀ ਨਿੱਜੀ ਸ਼ਖ਼ਸੀਅਤ, ਉਸ ਦੇ ਪਿਛੋਕੜ ਤੇ ਚੌਗਿਰਦੇ ਬਾਰੇ ਜਾਨਣਾ ਜ਼ਰੂਰੀ ਸੀ। ਤਦ ਹੀ ਉਸ ਦੀ ਲਿਖਤ ਅਤੇ ਉਸ ਦੀ ਸ਼ਖ਼ਸੀਅਤ ਦੀਆਂ ਖਾਸੀਅਤਾਂ ਦੇ ਨਾਲ ਨਾਲ ਲੁਕਵੀਆਂ ਪਰਤਾਂ ਉੱਤੇ ਝਾਤ ਪਾਈ ਜਾ ਸਕਦੀ ਸੀ।[3]

ਪੰਜਾਬੀ ਸਾਹਿਤਕ ਮੁਲਾਕਾਤਾਂ ਦੀਆਂ ਪੁਸਤਕਾਂ ਭਾਵੇਂ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿੱਚ ਹੋਂਦ ਵਿੱਚ ਆਈਆਂ ਪਰ ਇਸ ਤੋਂ ਪਹਿਲਾਂ ਇਹ ਮੁਲਾਕਾਤਾਂ ਸਾਹਿਤਕ ਮੈਗਜ਼ੀਨਾਂ ਅਤੇ ਅਖ਼ਬਾਰਾਂ ਵਿੱਚ ਛਪਦੀਆਂ ਰਹੀਆਂ ਹਨ ਅਤੇ

ਇਹਨਾਂ ਦੇ ਛਪਣ ਦੀ ਨਿਰੰਤਰਤਾ ਜਾਰੀ ਹੈ। ਜੇਕਰ ਇਤਿਹਾਸਕ ਤੌਰ 'ਤੇ ਦੇਖੀਏ ਤਾਂ ਸਾਹਿਤਕ ਮੁਲਾਕਾਤਾਂ ਨੂੰ ਛਾਪਣ ਦਾ ਸਿਲਸਿਲਾ 'The Paris Review'[4] ਮੈਗਜ਼ੀਨ ਨੇ ਸ਼ੁਰੂ ਕੀਤਾ, ਜਿਸ ਵਿੱਚ ਪ੍ਰਸਿੱਧ ਸਾਹਿਤਕਾਰਾਂ ਨਾਲ ਹੋਈਆਂ ਮੁਲਾਕਾਤਾਂ ਨੂੰ ਲੜੀਵਾਰ ਛਾਪਿਆ ਗਿਆ। ਪੈਰਿਸ ਰਿਵਿਊ ਰਸਾਲੇ ਨੇ ਸਾਹਿਤਕ ਖੇਤਰ ਵਿੱਚ ਬਹੁਤ ਤੇਜ਼ੀ ਨਾਲ ਪ੍ਰਸਿੱਧੀ ਪ੍ਰਾਪਤ ਕੀਤੀ ਅਤੇ ਹੋਰ ਰਸਾਲਿਆ ਲਈ ਮਾਡਲ ਪ੍ਰਦਾਨ ਕੀਤਾ। ਪੰਜਾਬੀ ਸਾਹਿਤ ਵਿੱਚ 'ਨਾਗਮਣੀ'(ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਵੱਲੋਂ ਸ਼ੁਰੂ ਕੀਤਾ ਰਸਾਲਾ) ਰਸਾਲੇ ਵਿਚ ਸਾਹਿਤਕਾਰਾਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋਇਆ। ਸਮਕਾਲ ਵਿਚ ਵੀ ਪੰਜਾਬੀ ਸਾਹਿਤਕਾਰਾਂ ਨਾਲ ਹੋਈਆਂ ਮੁਲਾਕਾਤਾਂ ਵੱਖ-ਵੱਖ ਰਸਾਲਿਆਂ ਦੁਆਰਾਂ ਛਾਪੀਆਂ ਜਾਂਦੀਆਂ ਹਨ। ਪੰਜਾਬੀ ਸਾਹਿਤਕ ਮੁਲਾਕਾਤਾਂ ਨਾਲ ਸੰਬੰਧਤ ਹਰਚੰਦ ਸਿੰਘ ਬੇਦੀ ਰਚਿਤ ਪਹਿਲੀ ਪੁਸਤਕ 'ਗੁਫ਼ਤਗੂ' ਸਾਲ 1984 ਵਿੱਚ ਛਪਦੀ ਹੈ। ਲੇਖਕ ਅਨੁਸਾਰ ਕਿਤਾਬੀ ਰੂਪ ਵਿੱਚ ਪ੍ਰਕਾਸ਼ਿਤ ਹੋਈਆਂ ਇਹ ਮੁਲਾਕਾਤਾਂ ਪਹਿਲਾਂ 'ਸੰਪਰਕ' ਮਾਸਿਕ ਪੱਤਰ ਦੇ 'ਆਹਮੋ-ਸਾਹਮਣੇ' ਕਾਲਮ ਵਿਚ ਛਪ ਚੁੱਕੀਆਂ ਹਨ। ਸਾਲ 1994 ਵਿੱਚ ਪ੍ਰਕਾਸ਼ਿਤ ਹੋਈ 'ਲਿਖਣ ਵੇਲਾ'(ਲੇਖਕ-ਜਸਬੀਰ ਭੁੱਲਰ) ਪੁਸਤਕ ਇਸ ਵਿਧਾ ਦੀ ਪ੍ਰਥਮ ਪੁਸਤਕ ਕਹੀ ਜਾ ਸਕਦੀ ਹੈ, ਜੋ ਕਿ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਵੱਲੋਂ ਛਪਵਾਈ ਗਈ ਸੀ। ਇਹ ਪੁਸਤਕ ਅਕਾਦਮੀ ਦੇ ਇੱਕ ਪ੍ਰੋਜੈਕਟ (1991-1994) ਅਧੀਨ ਛਪੀ ਸੀ ਜਿਸਦਾ ਉਦੇਸ਼ ਪੰਜਾਬੀ ਸਾਹਿਤ ਦੇ ਪ੍ਰਸਿੱਧ ਲੇਖਕਾਂ ਦੀਆਂ ਮੁਲਾਕਾਤਾਂ ਰਾਹੀਂ ਉਹਨਾਂ ਦੇ ਨਿੱਜੀ ਅਤੇ ਰਚਨਾਵੀ ਸੰਸਾਰ ਦੀ ਥਾਹ ਪਾਉਣਾ ਸੀ। ਇਸ ਪੁਸਤਕ ਦੀ ਮਹੱਤਤਾ ਹੋਰ ਵੀ ਵਧੇਰੇ ਸੀ ਕਿਉਂਕਿ ਮੁਲਾਕਾਤ ਕਰਤਾ ਦੀ ਭੂਮਿਕਾ ਦੇ ਕੇਂਦਰ ਵਿੱਚ ਵੀ ਲੇਖਕ ਸੀ।

ਹੱਥਲਾ ਖੋਜ-ਪੱਤਰ ਪਰਵਾਸੀ ਨਾਰੀ ਅਤੇ ਮਰਦ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ 'ਤੇ ਕੇਂਦਰਿਤ ਹੈ। ਇਹਨਾਂ ਮੁਲਾਕਾਤਾਂ ਵਿੱਚ ਉੱਤਰਦਾਤਾ ਦੇ ਰੂਪ ਵਿੱਚ ਬਰਤਾਨਵੀ ਲੇਖਕ(ਸਵਰਨ ਚੰਦਨ, ਹਰਜੀਤ ਅਟਵਾਲ, ਕੈਲਾਸ਼ਪੁਰੀ, ਵੀਨਾ ਵਰਮਾ) ਅਤੇ ਕੈਨੇਡੀਅਨ ਲੇਖਕ(ਜਰਨੈਲ ਸਿੰਘ ਅਤੇ ਬਲਵੀਰ ਕੌਰ ਸੰਘੇੜਾ) ਦਰਜ ਹਨ। ਕੈਲਾਸ਼ਪੁਰੀ ਅਤੇ ਬਲਵੀਰ ਕੌਰ ਸੰਘੇੜਾ ਦੀਆਂ ਇੱਕ ਤੋਂ ਵਧੇਰੇ ਮੁਲਾਕਾਤਾਂ ਮਿਲਦੀਆਂ ਹਨ। ਇਹਨਾਂ ਮੁਲਾਕਾਤਾਂ ਦੀ ਖਾਸੀਅਤ ਇਹ ਹੈ ਕਿ ਮੁਲਾਕਾਤ ਕਰਤਾ ਦੀ ਭੂਮਿਕਾ ਵਿੱਚ ਵੀ ਲੇਖਕ ਹੈ। ਜਦੋਂ ਮੁਲਾਕਾਤ ਕਰਤਾ ਵੀ ਲੇਖਕ ਹੁੰਦਾ ਹੈ ਤਾਂ ਉਸਦੀ ਸਿਰਜਣਾਤਮਕ ਪ੍ਰਤਿਭਾ ਸਾਹਿਤਕ ਮੁਲਾਕਾਤ ਨੂੰ ਹੋਰ ਰੌਚਕ ਅਤੇ ਮੁੱਲਵਾਨ ਬਣਾ ਦਿੰਦੀ ਹੈ ਅਤੇ ਉੱਤਰਦਾਤਾ ਨੂੰ ਕੀਤੇ ਜਾਣ ਵਾਲੇ ਸਵਾਲਾਂ ਪ੍ਰਤੀ ਵੀ ਸੰਤੁਲਤ ਪਹੁੰਚ ਰੱਖਦੀ ਹੈ। ਉਪਰੋਕਤ ਪਰਵਾਸੀ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ, ਜਿਹੜੀਆਂ ਪੁਸਤਕਾਂ ਵਿੱਚ ਦਰਜ ਹਨ, ਦਾ ਵੇਰਵਾ ਇਸ ਪ੍ਰਕਾਰ ਹੈ:-

- ਗੁਫ਼ਤਗੂ (ਸਾਲ, 1984)- ਹਰਚੰਦ ਸਿੰਘ ਬੇਦੀ
- ਗੁਫ਼ਤਗੂ (ਸਾਲ, 2001)-ਜਸਬੀਰ ਭੁੱਲਰ

• ਵਾਰਤਾਲਾਪ (ਸਾਲ, 2001)- ਬਲਦੇਵ ਸਿੰਘ

• ਕਲਾ ਸਾਹਿਤ ਸੰਵਾਦ(ਸਾਲ, 2001)-ਡਾ. ਵਨੀਤਾ

• ਆਹਮਣੇ ਸਾਹਮਣੇ (ਸਾਲ, 2004)- ਮੇਜਰ ਮਾਂਗਟ

• ਗੱਲਾਂ ਗੱਲਾਂ 'ਚ (ਮੁਲਾਕਾਤਾਂ)(ਸਾਲ, 2010)-ਜਿੰਦਰ

• ਡੂੰਘੇ ਵਹਿਣਾਂ ਦੇ ਭੇਤ (ਸਾਲ, 2014)- ਸਤਨਾਮ ਸਿੰਘ ਢਾਅ

• ਅੰਦਰਲੇ ਸੱਚ ਫਰੋਲਦਿਆਂ (ਸਾਲ, 2015)- ਸੁਕੀਰਤ

• ਕਿਛੁ ਸੁਣੀਐ ਕਿਛੁ ਕਹੀਐ (ਸਾਹਿਤਕ ਮੁਲਾਕਾਤਾਂ) (ਸਾਲ, 2026)- ਜਸਵਿੰਦਰ ਕੌਰ ਬਿੰਦਰਾ

21ਵੀਂ ਸਦੀ ਵਿੱਚ ਹੋਂਦ ਵਿੱਚ ਆਈਆਂ (ਹਰਚੰਦ ਸਿੰਘ ਬੇਦੀ ਦੁਆਰਾ ਸਾਲ,1984 ਵਿੱਚ ਰਚਿਤ ਪੁਸਤਕ ਗੁਫ਼ਤਗੂ ਤੋਂ ਬਿਨਾਂ) ਇਹਨਾਂ ਪੁਸਤਕਾਂ ਵਿੱਚ ਪਰਵਾਸੀ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਦਰਜ ਹਨ। ਇਹਨਾਂ ਪਰਵਾਸੀ ਲੇਖਕਾਂ (ਉੱਤਰਦਾਤਾ) ਦੇ ਰਚਨਾਵੀ ਸੰਸਾਰ ਦੀ ਘੋਖ ਪੜਤਾਲ ਦਾ ਆਧਾਰ ਉਹਨਾਂ ਦੇ ਆਪਣੀ ਬੋਲ ਹੀ ਬਣਦੇ ਹਨ। ਇਸ ਲਈ ਉੱਤਰਦਾਤਾ ਦਾ ਵਿਆਖਿਆਤਮਕ ਹੁੰਗਾਰਾ, ਸਿਰਜਣਾ ਦੇ ਪ੍ਰੇਰਕਾਂ, ਰਚਨਾਵਾਂ ਦੇ ਉਦੇਸ਼ ਅਤੇ ਲਿਖਤਾਂ ਪ੍ਰਤੀ ਪਾਠਕਾਂ/ਆਲੋਚਕਾਂ ਦੇ ਪ੍ਰਤੀਕਰਮ ਨੂੰ ਬਿਆਨਦਾ ਹੈ। ਇਹਨਾਂ ਮੁਲਾਕਾਤਾਂ ਦੌਰਾਨ ਇਹ ਤੱਥ ਵੀ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਪਰਵਾਸੀ ਅਨੁਭਵ ਅਤੇ ਤਜ਼ਰਬਿਆਂ ਭਰਪੂਰ ਜ਼ਿੰਦਗੀ ਕਿਸੇ ਵੀ ਲੇਖਕ ਦੀ ਸਾਹਿਤ ਸਿਰਜਣਾ ਲਈ ਕਿਵੇਂ ਆਧਾਰ ਬਣਦੀ ਹੈ। ਪਰਵਾਸੀ ਪੰਜਾਬੀ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਵਿੱਚ ਸਾਂਝਾ ਸਵਾਲ ਇਹ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਉਹਨਾਂ ਨੂੰ ਸਾਹਿਤ ਲਿਖਣ ਦੀ ਚੇਟਕ ਕਿਵੇਂ ਲੱਗੀ ਅਤੇ ਲਿਖਣਾ ਕਦੋਂ/ਕਿਵੇਂ ਸ਼ੁਰੂ ਕੀਤਾ। ਉਹਨਾਂ ਦੀਆਂ ਰਚਨਾਵਾਂ ਦੇ ਪ੍ਰੇਰਨਾ ਸਰੋਤ ਕੀ ਹਨ ਭਾਵ ਘਰ/ ਸਮਾਜ/ਵੱਡੇ ਸਾਹਿਤਕਾਰ ਦੀ ਕੋਈ ਪ੍ਰਸ਼ੰਸ਼ਾਮਈ ਟਿੱਪਣੀ ਜਾਂ ਉਹਨਾਂ ਦੁਆਰਾ ਰਚਿਤ ਸਾਹਿਤ ਨੇ ਪ੍ਰਭਾਵਿਤ ਕੀਤਾ। ਦੂਜਾ ਸਵਾਲ ਇਹ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਕਿਸੇ ਵੀ ਰਚਨਾ ਦਾ ਵਿਸ਼ਾ, ਪਾਤਰ ਘਾੜਤ ਦੀ ਚੋਣ ਦਾ ਆਧਾਰ/ਸੋਮੇ ਕੀ ਬਣਦੇ ਹਨ ਅਤੇ ਆਲੋਚਕਾਂ ਵੱਲੋਂ ਉਹਨਾਂ ਦੀਆਂ ਰਚਨਾਵਾਂ ਨੂੰ ਕਿਵੇਂ ਘੋਖਿਆ ਜਾਂਦਾ ਹੈ। ਤੀਜਾ ਸਵਾਲ ਇਹ ਹੈ ਕਿ ਪਰਵਾਸੀ ਲੇਖਕ ਹੋਣ ਦੇ ਨਾਤੇ ਰੁਝੇਵਿਆਂ ਭਰਪੂਰ ਜੀਵਨ ਵਿੱਚ ਸਾਹਿਤ ਸਿਰਜਣਾ ਦਾ ਅਮਲ ਕਿਵੇਂ ਜਾਰੀ ਰੱਖਦੇ ਹਨ। ਪਰਵਾਸੀ ਲੇਖਕਾਂ ਦੀ ਸ਼ਖ਼ਸੀਅਤ ਅਤੇ ਚਿੰਤਨ ਨਾਲ ਸੰਬੰਧਤ ਅਜਿਹੇ ਮਹੱਤਵਪੂਰਨ ਸਵਾਲ ਇਹਨਾਂ ਸਾਹਿਤਕ ਮੁਲਾਕਾਤਾਂ ਦਾ ਹਾਸਿਲ ਬਣਦੇ ਹਨ। ਪੰਜਾਬੀ ਸਾਹਿਤਕ ਮੁਲਾਕਾਤਾਂ ਵਿੱਚ ਅਕਸਰ ਨਾਰੀ ਲੇਖਕਾਂ ਨੂੰ ਮੁਲਾਕਾਤ ਕਰਤਾ ਦੁਆਰਾ ਪੁੱਛਿਆ ਜਾਣ ਵਾਲਾ ਅਹਿਮ ਸਵਾਲ ਇਹ ਹੈ ਕਿ ਉਹ ਸਾਹਿਤ ਲਿਖਣ ਲਈ ਪ੍ਰੇਰਿਤ ਕਿਵੇਂ ਹੋਏ ਜਾਂ ਸਾਹਿਤ ਸਿਰਜਣਾ ਦਾ ਕਾਰਨ ਕੀ ਹੈ ਅਤੇ

Volume: 13, March 2026 ISSN: 2394-0980
PP: 60-74

ਘਰ/ਪਰਿਵਾਰ ਵੱਲੋਂ ਕਿਹੋ ਜਿਹਾ ਪ੍ਰਤੀਕਰਮ ਮਿਲਦਾ ਹੈ। ਇਸ ਸੰਬੰਧੀ ਪਰਵਾਸੀ ਲੇਖਿਕਾ ਵੀਨਾ ਵਰਮਾ ਅਨੁਸਾਰ ਲਿਖਣ ਦਾ ਬੀਜ ਉਸਦੇ ਅੰਦਰ ਹੀ ਮੌਜੂਦ ਸੀ। ਚੌਗਿਰਦੇ ਅਤੇ ਪ੍ਰਸਥਿਤੀਆਂ ਨੇ ਉਸ ਬੀਜ ਨੂੰ ਪੁੰਗਰਨ ਲਈ ਥਾਂ ਦਿੱਤੀ। ਲੇਖਣੀ ਪ੍ਰਤੀ ਪਰਿਵਾਰ ਦਾ ਕੋਈ ਹਾਂ-ਪੱਖੀ ਜਾਂ ਨਾ-ਪੱਖੀ ਨਜ਼ਰੀਆ ਦਰਜ ਨਹੀਂ ਹੁੰਦਾ ਹੈ। ਇਸ ਦੇ ਉਲਟ ਪਰਵਾਸੀ ਲੇਖਿਕਾਵਾਂ ਕੈਲਾਸ਼ਪੁਰੀ ਅਤੇ ਬਲਵੀਰ ਕੌਰ ਸੰਘੇੜਾ ਦਾ ਮੰਨਣਾ ਹੈ ਕਿ ਸਾਹਿਤ ਵੱਲ ਪ੍ਰੇਰਿਤ ਕਰਨ ਲਈ ਉਹਨਾਂ ਦੇ ਪਰਿਵਾਰ ਦਾ ਬਹੁਤ ਵੱਡਾ ਯੋਗਦਾਨ ਹੈ। ਕੈਨੇਡੀਅਨ ਲੇਖਿਕਾ ਬਲਵੀਰ ਕੌਰ ਸੰਘੇੜਾ ਦੇ ਸਾਹਿਤਕ ਸਫ਼ਰ ਵਿੱਚ, ਉਸਨੂੰ ਬਚਪਨ ਵਿੱਚ ਮਿਲੇ ਮਾਹੌਲ ਭਾਵ ਪਿਤਾ ਦੀਆਂ ਸਾਹਿਤਕ ਰੁਚੀਆਂ ਨੇ ਪੜ੍ਹਨ ਲਈ ਪ੍ਰੇਰਿਤ ਕੀਤਾ। ਪੜ੍ਹਨ ਦੀ ਇਸ ਚੇਟਕ ਨੂੰ ਸੂਫ਼ੀ/ਕਿੱਸਾ ਕਵੀ ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲੇ ਸ਼ਾਹ ਦੀ ਕਾਫ਼ੀਆਂ, ਸ਼ਾਹ ਮੁਹੰਮਦ, ਮੁਕਬਲ ਅਤੇ ਦੌਲਤ ਰਾਮ ਆਦਿ ਦੀਆਂ ਰਚਨਾਵਾਂ ਨੇ ਇਜ਼ਾਫ਼ਾ ਦਿੱਤਾ। ਸਾਹਿਤ ਲਿਖਣ ਲਈ ਅਤੇ ਸਾਹਿਤਕ ਸਮਾਗਮਾਂ ਵਿੱਚ ਜਾਣ ਲਈ ਪ੍ਰੇਰਿਤ ਉਸਦੇ ਪਤੀ ਨੇ ਕੀਤਾ। ਸਾਹਿਤਕ ਮੁਲਾਕਾਤਾਂ ਦੌਰਾਨ ਬਰਤਾਨਵੀ ਲੇਖਿਕਾ ਕੈਲਾਸ਼ਪੁਰੀ ਦਾ ਜਵਾਬ ਸੀ ਕਿ ਮੈਂ ਬਚਪਨ ਵਿੱਚ ਬੌਧਿਕ ਮਾਹੌਲ ਤੋਂ ਇੰਨੀ ਵਿਰਵੀ ਸੀ ਕਿ ਕੋਈ ਅਖ਼ਬਾਰ, ਰਸਾਲਾ ਜਾਂ ਕਿਤਾਬ ਨਹੀਂ ਪੜ੍ਹੀ ਸੀ। ਵਿਆਹ ਤੋਂ ਬਾਅਦ ਸਾਹਿਤ ਸਿਰਜਣਾ ਦਾ ਕਾਰਨ ਘਰ ਵਿੱਚ ਸਮੇਂ-ਸਮੇਂ 'ਤੇ ਉਸਦੇ ਪਤੀ ਵੱਲੋਂ ਲਿਆਂਦੇ ਉਰਦੂ ਭਾਸ਼ਾ ਦੇ ਰਸਾਲੇ 'ਹਮਾਯੂੰ' ਅਤੇ 'ਸਾਕੀ' ਬਣਦੇ ਹਨ। ਇਹਨਾਂ ਰਸਾਲਿਆਂ ਵਿੱਚ ਪ੍ਰਸਿੱਧ ਸਾਹਿਤਕਾਰ ਰਾਜਿੰਦਰ ਸਿੰਘ ਬੇਦੀ, ਸਾਅਦਤ ਹਸਨ ਮੰਟੋ, ਇਸਮਤ ਚੁਗਤਾਈ, ਰਾਮ ਲਾਲ ਦੀਆਂ ਦੀਆਂ ਛਪੀਆਂ ਰਚਨਾਵਾਂ ਪੜ੍ਹਦਿਆਂ ਹੀ ਸਾਹਿਤ ਲਿਖਣ ਲਈ ਪ੍ਰੇਰਿਤ ਹੋਈ ਹਾਂ। ਮੁਲਾਕਾਤ ਕਰਤਾ(ਸੁਕੀਰਤ) ਵੱਲੋਂ 'ਸਾਹਿਤ ਪ੍ਰੇਰਨਾ ਦੇ ਸਰੋਤ' ਲਈ ਪੁੱਛੇ ਗਏ ਸਵਾਲ ਦਾ ਜਵਾਬ ਲੇਖਿਕਾ ਇਹਨਾਂ ਸ਼ਬਦਾਂ ਵਿੱਚ ਦਿੰਦੀ ਹੈ: ਹਾਂ ਇਹ ਜਿਹੜਾ ਮੈਂ ਅਜੇ ਵੀ ਲਗਾਤਾਰ ਲਿਖਦੀ ਹਾਂ, ਇਹ ਮੇਰੇ ਲਈ ਨਿਆਮਤ ਵਾਂਗ ਹੈ। ਤੇ ਇਹ ਨਿਆਮਤ ਵੀ ਡਾ. ਸਾਹਬ ਦੀ ਹੀ ਦਾਤ ਹੈ। ਮੈਂ ਤੇ ਸਧਾਰਨ ਤੋਂ ਵੀ ਨਿਮਨ ਬੁੱਧੀ ਵਾਲੀ ਸਾਂ ਉਨ੍ਹਾਂ ਹੀ ਮੈਨੂੰ ਤਰਾਸ਼ਿਆ।[5]

ਕੈਲਾਸ਼ਪੁਰੀ ਦੇ ਪਤੀ ਦੀ ਪ੍ਰੇਰਨਾ ਨੇ ਸਾਹਿਤਕ ਲੇਖਨ ਦੀ ਸ਼ੁਰੂਆਤ ਵਿੱਚ ਹੀ ਯੋਗਦਾਨ ਨਹੀਂ ਪਾਇਆ ਸਗੋਂ ਉਸਦੀ ਲਿਖਣ ਕਲਾ ਨੂੰ ਤਰਾਸ਼ਦੇ ਹੋਏ ਰਚਨਾਵਾਂ ਨੂੰ ਛਪਵਾਉਣ (ਭਾਪਾ ਪ੍ਰੀਤਮ ਸਿੰਘ ਅਤੇ ਮੋਹਨ ਸਿੰਘ ਨੂੰ ਭੇਜ ਕੇ) ਦਾ ਤਰੱਦਦ ਵੀ ਕੀਤਾ। ਇਸ ਲਈ ਸੁਖਾਵੇਂ ਵਿਆਹ ਸੰਬੰਧੀ ਕੁਝ ਲਿਖਤਾਂ ਪ੍ਰੋ. ਮੋਹਨ ਸਿੰਘ ਵੱਲੋਂ ਚਲਾਏ ਜਾਂਦੇ ਪੰਜਾਬੀ ਰਸਾਲੇ 'ਪੰਜ ਦਰਿਆ' ਦੇ ਫੀਚਰ ਨਾਰੀ ਸੰਸਾਰ ਲਈ ਸੁਰੱਖਿਅਤ ਹੋ ਗਈਆਂ ਕਿਉਂਕਿ ਪੰਜਾਬੀ ਸਾਹਿਤ ਵਿੱਚ ਇਹ ਨਵੀਂ ਤੇ ਨਰੋਈ ਪਿਰਤ ਸੀ। ਕੈਲਾਸ਼ਪੁਰੀ ਦਾ ਪੰਜਾਬੀ ਸਾਹਿਤ ਵਿੱਚ 'ਸੇਜ ਉਲਝਣ', 'ਸੇਜ ਆਨੰਦ', 'ਸੇਜ ਸਾਂਝ', 'ਸੇਜਾਂ ਦੀ ਸੇਜ', 'ਸੇਜ ਸੁਮੇਲ', 'ਸੇਜ ਹੁਲਾਰ', 'ਸੇਜ ਸੰਸਾਰ' ਤੇ 'ਸੇਜ ਸ਼ਾਸਤਰ' ਰਾਹੀਂ ਨਾਜ਼ੁਕ ਤੇ ਅਣਛੋਹ ਵਿਸ਼ਿਆਂ ਬਾਰੇ ਲਿਖਿਆ ਅਤਿਅੰਤ ਮਹੱਤਵਪੂਰਨ ਹੈ ਕਿਉਂਕਿ ਕਿਸੇ ਵੀ ਲੇਖਿਕਾ ਦਾ ਉਸ

ਸਮੇਂ ਅਜਿਹਾ ਲਿਖਣਾ ਸਾਹਿਤ ਦੇ ਖੇਤਰ ਵਿੱਚ ਸੁਖਾਲਾ ਕਦਮ ਨਹੀਂ ਸੀ। ਪਰਵਾਸੀ ਲੇਖਿਕਾਵਾਂ ਦੇ ਜੀਵਨ ਅਨੁਭਵ ਅਤੇ ਤਜ਼ਰਬੇ ਦੀ ਵੱਖਰਤਾ ਕਰਕੇ ਉਹਨਾਂ ਦੀਆਂ ਸਾਹਿਤਕ ਕਿਰਤਾਂ ਦੇ ਵਿਸ਼ਿਆਂ ਵਿੱਚ ਭਿੰਨਤਾ ਹੈ। ਇਹਨਾਂ ਲੇਖਿਕਾਵਾਂ ਨਾਲ ਹੋਈਆਂ ਮੁਲਾਕਾਤਾਂ ਰਾਹੀਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹਨਾਂ ਦੇ ਵੱਖਰੇ-ਵੱਖਰੇ ਸਮਾਜਕ ਪੇਸ਼ੇ(Profession) ਵਿੱਚੋਂ ਮਿਲੇ ਅਨੁਭਵ ਰਚਨਾਵਾਂ ਦੇ ਸਰੋਕਾਰ ਬਣਦੇ ਹਨ। ਪਰਵਾਸੀ ਲੇਖਿਕਾਵਾਂ ਦੀਆਂ ਰਚਨਾਵਾਂ ਵਿੱਚ ਪਰਵਾਸ ਵਸਦੀ ਪੰਜਾਬੀ ਨਾਰੀ ਦੀ ਸ਼ਨਾਖਤ/ਸਪੇਸ ਦਾ ਮਸਲਾ ਉੱਭਰ ਕੇ ਸਾਹਮਣੇ ਆਇਆ ਹੈ। ਮੁਲਾਕਾਤਾਂ ਦੌਰਾਨ ਜਦੋਂ ਲੇਖਿਕਾਵਾਂ ਨੂੰ ਉਹਨਾਂ ਦੇ ਨਾਰੀ ਪਾਤਰਾਂ ਬਾਰੇ ਵਿਸ਼ੇਸ਼ ਤੌਰ ਤੇ ਮੁਲਾਕਾਤ ਕਰਤਾ ਦੁਆਰਾ ਸਵਾਲ ਪੁੱਛਿਆ ਜਾਂਦਾ ਹੈ ਤਾਂ ਉਹਨਾਂ ਦਾ ਸਾਂਝਾ ਜਵਾਬ ਹੈ ਕਿ ਯਥਾਰਥ ਵਿੱਚੋਂ ਪੈਦਾ ਹੋਈ ਨਾਰੀ ਲਿਖਣ ਲਈ ਉਤਸਕ/ਪ੍ਰੇਰਿਤ ਕਰਦੀ ਹੈ। ਲਿਖਣ ਤੋਂ ਪਹਿਲਾਂ ਪਾਤਰਾਂ ਦੇ ਚਿਹਰੇ, ਨੈਣ ਨਕਸ਼, ਆਦਤ-ਸੁਭਾਅ ਸਭ ਤੁਹਾਡੇ ਅੰਦਰ ਪੁੰਗਰਦੇ ਰਹਿੰਦੇ ਹਨ। ਕੈਲਾਸ਼ਪੁਰੀ ਦਾ ਮੰਨਣਾ ਹੈ ਕਿ ਨਾਰੀ ਦੀ ਤ੍ਰਾਸਦੀ ਅਤੇ ਸ਼ੋਸ਼ਣ ਯੂਨੀਵਰਸਲ ਹੈ। ਉਸ ਦੀਆਂ ਰਚਨਾਵਾਂ ਵਿੱਚ ਨਾਰੀ ਦੀ ਮਾਨਵੀ ਹੋਂਦ ਦੀ ਪਛਾਣ, ਪਰਿਵਾਰ ਵੱਲੋਂ ਖੁਸ਼ਹਾਲ ਸੰਬੰਧ ਅਤੇ ਇੱਕ ਦੂਜੇ ਲਈ ਜੀਣ ਦੀ ਤਾਂਘ ਕੇਂਦਰੀ ਸਰੋਕਾਰ ਬਣਦੇ ਹਨ। ਮੁਲਾਕਾਤ ਕਰਤਾ (ਡਾ. ਵਨੀਤਾ ਤੇ ਮੇਜਰ ਮਾਂਗਟ) ਵੱਲੋਂ ਨਾਰੀ ਪਾਤਰਾਂ ਦੀ ਘਾੜਤ ਸੰਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਲੇਖਿਕਾ ਵੀਨਾ ਵਰਮਾ ਅਤੇ ਬਲਵੀਰ ਕੌਰ ਸੰਘੇੜਾ ਦੀ ਟਿੱਪਣੀ ਉਲੇਖਯੋਗ ਹੈ:

ਇੱਕ ਸੋਸ਼ਲ ਵਰਕਰ ਦੇ ਤੌਰ 'ਤੇ ਕੰਮ ਕਰਦਿਆਂ ਮੈਂ ਆਮ ਲੋਕਾਂ ਨੂੰ ਤੇ ਉਹਨਾਂ ਦੀ ਜ਼ਿੰਦਗੀ ਨੂੰ ਸੜਕਾਂ ਤੇ ਰੁਲਦਿਆਂ ਵੇਖਿਆ ਹੈ। ਮੈਂ ਇਸ ਨੂੰ ਸੁਲਝਾਉਂਦੀ ਵੀ ਹਾਂ, ਪਰ ਜੋ ਲੋਕ ਭੋਗ ਰਹੇ ਹਨ, ਮੇਰੀਆਂ ਕਹਾਣੀਆਂ ਉਸੇ 'ਚੋਂ ਪੈਦਾ ਹੋਈਆਂ ਹਨ। ਮੈਂ ਆਪਣੀਆਂ ਕਹਾਣੀਆਂ ਰਾਹੀਂ ਉਨ੍ਹਾਂ ਕੁੜੀਆਂ ਦੀ ਇੰਗਲੈਂਡ ਵਿੱਚ ਪ੍ਰਤੀਕ ਬਣ ਗਈ ਹਾਂ, ਜੋ ਇੱਥੇ ਆਪਣੇ ਕਿੰਨੇ ਰੰਗੀਨ ਸੁਪਨੇ ਲੈ ਕੇ ਜਾਂਦੀਆਂ ਹਨ, ਜੋ ਉੱਥੇ ਜਾ ਕੇ ਟੁੱਟ ਜਾਂਦੇ ਹਨ। ਇਹ ਕਹਾਣੀ ਸੰਗ੍ਰਹਿ ਮੈਂ ਕੋਈ ਰਾਤੋ-ਰਾਤ ਨਹੀਂ ਲਿਖ ਲਿਆ, ਸਗੋਂ ਇਸ ਦੇ ਪਿੱਛੇ ਪਿਛਲੇ 8-10 ਸਾਲਾਂ ਦਾ ਅਨੁਭਵ ਹੈ।[6]

ਕਹਾਣੀ ਹਮੇਸ਼ਾ ਹੀ ਤੁਹਾਡੀ ਆਪਣੀ ਜ਼ਿੰਦਗੀ ਜਾਂ ਆਲੇ ਦੁਆਲੇ ਦਾ ਸਿੱਟਾ ਹੁੰਦੀ ਹੈ। ਮੈਂ ਵੀ ਉਨ੍ਹਾਂ ਔਰਤਾਂ ਦੇ ਸੰਪਰਕ ਵਿੱਚ ਆਈ ਹਾਂ ਜੋ ਘੁਟ-ਘੁਟ ਕੇ ਮਰਦੀਆਂ ਰਹੀਆਂ ਹਨ। ਪਰ ਮੇਰੀ ਕੋਸ਼ਿਸ਼ ਇਹ ਰਹੀ ਹੈ ਕਿ ਜਦੋਂ ਮੈਂ ਇਹਨਾਂ ਔਰਤਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਲਿਆਵਾਂ ਤਾਂ ਭਾਵੇਂ ਉਹ ਦੁੱਖ ਤਸੀਹੇ ਵੀ ਜਰਦੀਆਂ ਸਨ ਪਰ ਹਿੰਮਤ ਨਹੀਂ ਸੀ ਹਾਰਦੀਆਂ। ਉਨ੍ਹਾਂ ਵਿੱਚ ਮਹਿਸੂਸ ਕਰਨ ਦੀ, ਬਰਦਾਸ਼ਤ ਕਰਨ ਦੀ ਅਤੇ ਹਾਲਾਤ ਦੇ ਖਿਲਾਫ ਲੜਨ ਦੀ ਹਿੰਮਤ ਸੀ ਅਤੇ ਹੈ। ਮੈਂ ਉਨ੍ਹਾਂ ਨੂੰ ਤਰਸ ਦੀ ਭਾਵਨਾ ਨਾਲ਼ ਨਹੀਂ ਲਿਆਂਦਾ ਸਗੋਂ ਉਹਨਾਂ ਨੂੰ ਤਾਕਤ ਦਿੱਤੀ ਸੀ ਸਵੈ ਨੂੰ ਪਛਾਣ ਕੇ ਚੱਲਣ ਦੀ।[7]

ਸਾਹਿਤਕ ਮੁਲਾਕਾਤਾਂ ਵਿੱਚ ਅਗਲਾ ਫੋਕਸ 'ਪੰਜਾਬੀ ਆਲੋਚਨਾ' 'ਤੇ ਕੇਂਦਰਿਤ ਹੈ। ਮੁਲਾਕਾਤ ਕਰਤਿਆਂ ਨੇ ਇਸ ਸੰਬੰਧੀ ਲੇਖਿਕਾਵਾਂ ਦਾ ਨਜ਼ਰੀਆ ਜਾਣਨ ਦੀ ਕੋਸ਼ਿਸ਼ ਕੀਤੀ। ਪਰਵਾਸੀ ਲੇਖਿਕਾਵਾਂ ਦਾ ਸਾਂਝਾ ਮੱਤ ਇਹ ਸੀ ਕਿ 'ਪਰਵਾਸੀ ਸਾਹਿਤ' ਦਾ ਜ਼ਿਕਰ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਪਛੜ ਕੇ ਸ਼ੁਰੂ ਹੁੰਦਾ ਹੈ। ਸਾਹਿਤਕ ਜਗਤ ਵਿੱਚ ਸਮਕਾਲੀ ਲੇਖਕਾਂ/ਆਲੋਚਕਾਂ ਵੱਲੋਂ ਅਣਗੌਲੇ ਕਰਨ ਦਾ ਦਰਦ ਵੀ ਉਹਨਾਂ ਦੇ ਜਵਾਬਾਂ ਵਿੱਚ ਝਲਕਦਾ ਹੈ। ਬਾਕੀ ਪਰਵਾਸੀ ਲੇਖਿਕਾਵਾਂ ਦੇ ਮੁਕਾਬਲੇ ਬਰਤਾਨਵੀ ਲੇਖਿਕਾ ਕੈਲਾਸ਼ਪੁਰੀ ਦਾ 'ਪੰਜਾਬੀ ਆਲੋਚਨਾ' ਬਾਰੇ ਲਹਿਜ਼ਾ ਤਲਖ਼ ਸੀ ਕਿਉਂਕਿ ਉਸ ਅਨੁਸਾਰ ਇੱਕ ਸੀਮਤ ਜਿਹੀ ਸ਼ਨਾਖਤ(ਕਿਸੇ ਇੱਕ ਰਚਨਾ ਦੇ ਹਵਾਲੇ ਨਾਲ) ਕਿਸੇ ਵੀ ਲੇਖਕ ਦੇ ਨਾਮ ਨਾਲ ਜੋੜ ਦੇਣੀ ਆਲੋਚਕਾ ਅਤੇ ਸਮਕਾਲੀਆਂ ਦਾ ਕੰਮ ਹੈ ਕਿਉਂਕਿ ਬਹੁਤ ਸਾਰੇ ਕਿਸੇ ਹੋਰ ਰਚਨਾ ਨੂੰ ਪੜ੍ਹਨ/ਸਮਝਣ/ਜੋਖਣ ਦਾ ਤਰੱਦਦ ਨਹੀਂ ਕਰਦੇ। ਕੈਲਾਸ਼ਪੁਰੀ ਦਾ ਤਾਂ ਇੱਥੋਂ ਤੱਕ ਮੰਨਣਾ ਹੈ ਕਿ ਆਲੋਚਨਾ, ਆਲੋਚਕ ਦੀ ਨਿੱਜੀ ਪਸੰਦ ਅਤੇ ਤਜਵੀਜ਼ 'ਤੇ ਆਧਾਰਿਤ ਹੋਣ ਕਰਕੇ ਗੁਟਬੰਦੀਆਂ ਦੀ ਸ਼ਿਕਾਰ ਹੈ। ਇਸ ਲਈ ਇਹ ਪੁਸਤਕ ਦੇ ਪੜ੍ਹਨਯੋਗ/ਵਿਚਾਰਨਯੋਗ 'ਤੇ ਕੇਂਦਰਿਤ ਨਾ ਹੋਣ ਕਰਕੇ ਸਾਹਿਤਕ ਆਲੋਚਨਾ ਦੇ ਘੇਰੇ ਤੋਂ ਬਾਹਰ ਹੋ ਜਾਂਦੀ ਹੈ। ਮੁਲਾਕਾਤ ਕਰਤਾ (ਬਲਦੇਵ ਸਿੰਘ) ਵੱਲੋਂ ਲੇਖਿਕਾ ਕੈਲਾਸ਼ਪੁਰੀ ਨੂੰ ਪੁੱਛੇ ਸਵਾਲ ਕਿ ਨਿਰਪੱਖ ਆਲੋਚਨਾ ਲੇਖਕ ਨੂੰ ਚੰਗੇਰਾ ਲਿਖਣ ਲਈ ਕਿਵੇਂ ਪ੍ਰੇਰਦੀ ਹੈ ਤਾਂ ਉਸਦਾ ਜਵਾਬ ਹੈ: ਅਗਰ ਤਰੁਟੀਆਂ ਅਤੇ ਖ਼ਾਮੀਆਂ ਵਲ ਇਸ਼ਾਰਾ ਕੀਤਾ ਜਾਏ ਨਾਵਲ ਜਾਂ ਕਹਾਣੀ ਦੀ ਸੰਰਚਨਾ ਦਸੀ ਜਾਏ ਤਦ ਅਗਰ ਉਹ ਵਿਅਕਤੀ ਸਹੀ ਮਾਅਨੇ ਵਿਚ ਲੇਖਕ ਹੈ ਤਾਂ ਜ਼ਰੂਰ ਵਧੀਆ ਲਿਖਣ ਲਈ ਮਿਹਨਤ ਕਰੇਗਾ, ਤਸਕੀਨ ਮਾਣੇਗਾ। ਕੋਈ ਚੰਗਾ ਆਖੇ ਨਾ ਆਖੇ ਮਿਹਨਤ ਅਤੇ ਅਧਿਅਨ ਦੇ ਖ਼ੁਮਾਰ ਨਾਲ ਪੂਜਾ ਵਰਗਾ ਆਨੰਦ ਹਾਸਲ ਹੁੰਦਾ ਹੈ।[8]

ਪਰਵਾਸੀ ਲੇਖਿਕਾਵਾਂ ਨੂੰ ਮੁਲਾਕਾਤ ਕਰਤਾ ਦੁਆਰਾ 'ਕਿਸੇ ਵੀ ਸਾਹਿਤਕ ਕਿਰਤ ਲਈ ਪਾਠਕ ਦੀ ਭੂਮਿਕਾ' ਸੰਬੰਧੀ ਜਦੋਂ ਸਵਾਲ ਪੁੱਛਿਆ ਤਾਂ ਉਹਨਾਂ ਦਾ ਜਵਾਬ ਸੀ ਕਿ ਕਲਮ ਦੀ ਰਵਾਨਗੀ ਲਈ ਪਾਠਕਾਂ ਵੱਲੋਂ ਰਚਨਾ ਵਿੱਚ ਦਿਖਾਇਆ ਉਤਸ਼ਾਹ ਮਹੱਤਵਪੂਰਨ ਹੁੰਦਾ ਹੈ। ਪਾਠਕਾਂ ਦੀ ਤਵੱਜੋਂ ਬਿਨਾਂ ਸਾਹਿਤਕ ਕਾਰਜ ਦੀ ਤੋਰ ਨੂੰ ਚੱਲਦੇ ਰੱਖਣਾ ਸੰਭਵ ਨਹੀਂ ਹੈ। ਇਸ ਸੰਬੰਧੀ ਕੈਲਾਸ਼ਪੁਰੀ ਦਾ ਜਵਾਬ ਗੌਲਣਯੋਗ ਹੈ :

ਮੇਰੇ ਪਾਠਕਾਂ ਦੀ ਕਿਰਪਾ ਦ੍ਰਿਸ਼ਟੀ, ਜਿਨ੍ਹਾਂ ਨੇ ਮੈਨੂੰ ਏਡਾ ਸਤਿਕਾਰ, ਮਾਣ ਅਤੇ ਉਸ ਬੁਲੰਦੀ ਦੀ ਬਖਸ਼ਸ਼ ਕੀਤੀ ਹੈ, ਜਿਸ ਦਾ ਪ੍ਰਣਿਯਾਮ ਮੇਰੀਆਂ ਇਹ ਸਭ ਪੁਸਤਕਾਂ ਨੇ ਕੋਈ ਲੇਖਕ ਪਾਠਕ-ਪ੍ਰਿਅੱਤਾ ਬਿਨਾਂ ਆਪਣੀ ਰਚਨਾਤਮਿਕ ਕਿਰਿਆ ਕਾਇਮ ਨਹੀਂ ਰਖ ਸਕਦਾ।[9]

ਸਾਹਿਤਕ ਮੁਲਾਕਾਤਾਂ ਲੇਖਿਕਾਵਾਂ ਦੇ ਨਿੱਜੀ ਅਤੇ ਰਚਨਾਤਮਕ ਸੰਸਾਰ ਨੂੰ ਪਾਠਕਾਂ ਦੇ ਸਨਮੁੱਖ ਕਰਨ ਦੇ ਨਾਲ-ਨਾਲ ਪਰਵਾਸੀ ਮਰਦ ਲੇਖਕਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ। ਪਰਵਾਸੀ ਮਰਦ ਲੇਖਕਾਂ

ਨਾਲ ਹੋਈਆਂ ਮੁਲਾਕਾਤਾਂ ਦੌਰਾਨ ਮਰਦ ਲੇਖਕਾਂ ਨੇ ਆਪਣੇ ਸਾਹਿਤਕ ਸਫ਼ਰ ਨੂੰ ਬਿਆਨ ਕਰਦਿਆਂ ਜਵਾਬ ਦਿੱਤਾ ਕਿ ਸਕੂਲੀ ਸਮੇਂ ਤੋਂ ਪੜ੍ਹਦਿਆਂ ਪੰਜਾਬੀ ਸਾਹਿਤ ਵੱਲ ਪੂਰਾ ਝੁਕਾਅ ਹੋ ਗਿਆ ਸੀ। ਕੈਨੇਡੀਅਨ ਲੇਖਕ ਜਰਨੈਲ ਸਿੰਘ ਨੇ ਭਾਰਤੀ ਪੰਜਾਬ ਵਿੱਚ ਰਹਿੰਦੇ ਹੋਏ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸੀ ਜੋ ਉਸ ਸਮੇਂ ਦੇ ਰਸਾਲਿਆਂ(ਲੋਅ ਤੇ ਨੀਲਮਣੀ) ਵਿੱਚ ਪ੍ਰਕਾਸ਼ਿਤ ਹੋਈਆਂ ਸਨ। ਬਰਤਾਨਵੀ ਲੇਖਕ ਸਵਰਨ ਚੰਦਨ ਅਨੁਸਾਰ ਵੀ ਉਸਨੇ ਪਹਿਲੀ ਕਵਿਤਾ ਗਿਆਰਾਂ ਸਾਲ ਦੀ ਉਮਰ ਵਿੱਚ ਲਿਖੀ, ਜੋ ਬਾਰਾਂ ਸਾਲ ਦੀ ਉਮਰ ਵਿੱਚ ਹਫ਼ਤਾਵਰੀ ਅਖ਼ਬਾਰ 'ਵਰਤਮਾਨ' ਵਿੱਚ ਛਪੀ। ਬਰਤਾਨਵੀ ਲੇਖਕ ਹਰਜੀਤ ਅਟਵਾਲ ਨੇ ਵੀ ਥੋੜ੍ਹਾ–ਥੋੜ੍ਹਾ ਸਕੂਲੀ ਸਮੇਂ ਵਿੱਚ ਲਿਖਣਾ ਸ਼ੁਰੂ ਕੀਤਾ ਅਤੇ ਕਾਲਜ ਪਹੁੰਚ ਕੇ ਕਹਾਣੀਆਂ ਅਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸੀ। ਲੇਖਕ ਲਈ 'ਲਿਖਤ ਦੀ ਮਹੱਤਤਾ' ਸੰਬੰਧੀ ਮੁਲਾਕਾਤ ਕਰਤਾ (ਜਿੰਦਰ) ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਪਰਵਾਸੀ ਲੇਖਕ ਹਰਜੀਤ ਅਟਵਾਲ ਦਾ ਇਹ ਜਵਾਬ ਗੌਲਣਯੋਗ ਹੈ : ਲਿਖਣਾ ਮੇਰੀ ਜੀਵਨ ਜਾਚ ਲਈ ਬਹੁਤ ਸਹਾਈ ਹੈ। ਜ਼ਿੰਦਗੀ ਦੇ ਉਦਾਸ ਪਲ ਹੋਣ ਤਾਂ ਮੈਂ ਲਿਖਣ ਬੈਠਾ ਜਾਵਾਂ ਤਾਂ ਉਦਾਸੀ ਛੰਡੀ ਜਾਂਦੀ ਹੈ। ਔਖੀਆਂ ਘੜੀਆਂ ਨੂੰ ਲਿਖਦੇ ਹੋਏ ਸੌਖੀਆਂ ਕਰ ਲੈਂਦਾ ਹਾਂ। ਫਿਰ ਜ਼ਿੰਦਗੀ ਵਿੱਚ ਏਨਾ ਕੁਝ ਵਾਪਰਦਾ ਹੈ, ਏਨੇ ਉਤਰਾਅ ਚੜ੍ਹਾਅ ਆਉਂਦੇ ਹਨ ਇਨ੍ਹਾਂ ਨੂੰ ਲੇਖਕ ਆਪਣੀਆਂ ਲਿਖਤਾਂ ਵਿੱਚ ਨਾ ਸਮੇਟੇ ਤਾਂ ਉਹ ਜੀਉਂਦਾ ਕਿਵੇਂ ਰਹੇਗਾ। ਆਮ ਬੰਦਾ ਤਾਂ ਜ਼ਿੰਦਗੀ ਦੀ ਵੱਡੀ ਤੋਂ ਵੱਡੀ ਘਟਨਾ ਨੂੰ ਕੋਲ ਦੀ ਲੰਘ ਜਾਣ ਦੇਵੇਗਾ ਪਰ ਲੇਖਕ ਨਿੱਕੀ ਤੋਂ ਨਿੱਕੀ ਘਟਨਾ ਦਾ ਨੋਟਿਸ ਲੈਂਦਾ ਹੈ। ਸੋ ਮੈਂ ਲੇਖਕ ਹਾਂ, ਮੇਰੇ ਆਲੇ-ਦੁਆਲੇ ਵਾਪਰਦਾ ਸਭ ਕੁਝ ਮੈਨੂੰ ਲਿਖੇ ਜਾਣ ਲਈ ਮਜਬੂਰ ਕਰਦਾ ਰਹਿੰਦਾ ਹੈ।[10]

ਕਿਸੇ ਵੀ ਲਿਖਤ ਵਿੱਚ ਲੇਖਕ ਦੇ ਨਿੱਜ ਨਾਲ ਜੁੜੀਆਂ ਘਟਨਾਵਾਂ ਦੇ ਹੋਂਦ ਵਿੱਚ ਆਉਣ ਸੰਬੰਧੀ, ਪਰਵਾਸੀ ਲੇਖਕਾਂ ਦਾ ਮੰਨਣਾ ਹੈ ਕਿ ਲਿਖਤ ਕਾਗਜ਼ 'ਤੇ ਉਤਾਰਨ ਤੋਂ ਪਹਿਲਾਂ ਤੁਹਾਡੇ ਅੰਦਰ ਪੁੰਗਰਦੀ ਰਹਿੰਦੀ ਹੈ। ਇਸ ਲਈ ਜ਼ਿੰਦਗੀ ਵਿੱਚ ਆਏ ਦੁੱਖ-ਸੁੱਖ ਅਤੇ ਵਿਗੋਚੇ/ਪ੍ਰਾਪਤੀਆਂ ਰਚਨਾਵਾਂ ਵਿੱਚ ਸਾਕਾਰ ਹੁੰਦੇ ਹਨ। ਇਸ ਸੰਬੰਧੀ ਸਵਰਨ ਚੰਦਨ ਨੇ ਆਪਣੀ ਇੱਕ ਰਚਨਾ ਦੇ ਹਵਾਲੇ ਨਾਲ ਮੁਲਾਕਾਤ ਕਰਤਾ(ਜਸਬੀਰ ਭੁੱਲਰ) ਨੂੰ ਜਵਾਬ ਦਿੰਦਿਆਂ ਦੱਸਿਆ ਹੈ ਕਿ 'ਪੰਜਾਬ ਸੰਤਾਲੀ' ਤ੍ਰੈਲੜੀ ਉਤੇ ਸੋਚਣ, ਪੜ੍ਹਨ ਲਈ ਵਰਿਆਂ ਤੋਂ ਕੰਮ ਚੱਲ ਰਿਹਾ ਸੀ। ਸੰਬੰਧਤ ਰਚਨਾ ਦੇ ਹੋਂਦ ਵਿੱਚ ਆਉਣ ਦੇ ਕਾਰਨਾਂ ਸੰਬੰਧੀ ਸਵਰਨ ਚੰਦਨ ਦਾ ਜਵਾਬ ਉਲੇਖਯੋਗ ਹੈ:

ਤੇ ਇਹ ਸੋਚਣਾ, ਪੜ੍ਹਨਾ ਕੋਈ ਪਹਿਲੀ ਵਾਰ ਨਹੀਂ ਸੀ ਹੋ ਰਿਹਾ। ਇਹ ਕੰਮ ਮੈਂ ਕਈਆਂ ਸਾਲਾਂ ਤੋਂ ਪਹਿਲਾਂ ਹੀ ਕਰਦਾ ਆ ਰਿਹਾ ਸਾਂ। ਵਜ੍ਹਾ ਇਹ ਸੀ ਕਿ ਇਹ ਨਾਵਲ ਮੈਂ ਆਪਣੇ ਪਿੰਡੇ ਉੱਤੇ, ਆਪਣੀ ਰੂਹ ਉੱਤੇ ਅਤੇ ਆਪਣੇ ਪੂਰੇ ਵਜੂਦ 'ਤੇ ਹੰਢਾਇਆ ਸੀ। ਇਹ ਤ੍ਰੈਲੜੀ ਕੇਵਲ ਲਿਖੀ ਹੀ 1992–98 ਵਿੱਚ ਗਈ ਹੈ ਜਦੋਂ ਕਿ ਇਸਦੇ ਪਾਤਰਾਂ ਨਾਲੋਂ ਮੈਂ ਕਦੀ ਵੀ ਜੁਦਾ ਨਹੀਂ ਹੋਇਆ। 1947 ਤੋਂ ਲੈ ਕੇ ਇਸ ਨਾਵਲ ਦੇ ਲਿਖੇ ਜਾਣ ਤੱਕ, ਬਲਕਿ ਅਜੇ

Volume: 13, March 2026 ISSN: 2394-0980
PP: 60-74

ਵੀ ਮੈਂ ਉਹਨਾਂ ਪਾਤਰਾਂ ਨਾਲ ਉਠਦਾ, ਬੈਠਦਾ, ਰੋਂਦਾ, ਹੱਸਦਾ ਅਤੇ ਭੁੱਬਾਂ ਮਾਰਦਾ ਹਾਂ। ਇਹ ਤ੍ਰੈਲੜੀ ਕਾਗ਼ਜ਼ 'ਤੇ ਉਤਰਨ ਤੋਂ ਪਹਿਲਾਂ ਹਜ਼ਾਰਾਂ ਵਾਰ ਮੇਰੇ ਦਿਲ, ਦਿਮਾਗ਼ ਅਤੇ ਪੂਰੀ ਹੋਂਦ 'ਤੇ ਉਤਰੀ ਹੈ। ਇਹ ਨਾਵਲ ਹਜ਼ਾਰਾਂ ਵਾਰ ਮੇਰੇ ਅੰਦਰ ਲਿਖਿਆ ਗਿਆ ਹੈ।[11]

ਪਰਵਾਸੀ ਲੇਖਕਾਂ ਅਨੁਸਾਰ ਚੌਗਿਰਦੇ ਵਿੱਚੋਂ ਮਿਲੇ ਅਨੁਭਵ ਦੀ ਅਮੀਰੀ ਅਤੇ ਤਜ਼ਰਬਿਆਂ ਭਰਪੂਰ ਜ਼ਿੰਦਗੀ ਹੀ ਸਾਹਿਤ ਵਿੱਚ ਨਵੇਂ ਦ੍ਰਿਸ਼ ਤਲਾਸ਼ਣ ਲਈ ਉਤਸ਼ਾਹਿਤ ਕਰਦੀ ਹੈ। ਪਰਵਾਸੀ ਲੇਖਕ ਸ਼ੁਰੂਆਤੀ ਦੌਰ ਵਿੱਚ ਭੂ–ਹੇਰਵਾ, ਨਸਲਵਾਦ, ਪੀੜ੍ਹੀ–ਪਾੜ੍ਹਾ ਵਰਗੇ ਵਿਸ਼ਿਆਂ ਨਾਲ ਲਬਰੇਜ਼ ਸਾਹਿਤ ਰਚਨਾ ਕਰਦੇ ਸਨ ਪਰ ਇੱਕੀਵੀਂ ਸਦੀ ਦੇ ਸਮਾਜਕ, ਸਭਿਆਚਾਰਕ, ਆਰਥਕ ਤੇ ਰਾਜਨੀਤਕ ਸਰੋਕਾਰਾਂ ਨੂੰ ਨਵੀਆਂ ਜੁਗਤਾਂ ਨਾਲ ਪੇਸ਼ ਕਰ ਰਹੇ ਹਨ। ਇਸ ਲਈ ਪਰਵਾਸੀ ਸਮਾਚਾਰਾਂ, ਸਰੋਕਾਰਾਂ ਤੇ ਸਮੱਸਿਆਵਾਂ ਦੇ ਰੂਪਾਂਤਰਣ ਨਾਲ ਪੰਜਾਬੀ ਸਾਹਿਤ ਦਾ ਘੇਰਾ ਵਸੀਹ ਹੋਇਆ ਹੈ। ਜੇਕਰ ਪਰਵਾਸੀ ਕਹਾਣੀ ਦੀ ਗੱਲ ਕਰੀਏ(ਸਾਹਿਤਕ ਮੁਲਾਕਾਤਾਂ ਵਾਲੇ ਲੇਖਕ ਜ਼ਿਆਦਾਤਰ ਕਹਾਣੀ ਦੀ ਵਿਧਾ ਨਾਲ ਸੰਬੰਧਤ ਹਨ) ਤਾਂ ਉਸ ਵਿੱਚ ਨਵੇਂ ਮਸਲਿਆਂ, ਨਵੇਂ ਵਰਤਾਰਿਆਂ ਅਤੇ ਨਵੀਆਂ ਜੀਵਨ–ਸ਼ੈਲੀਆਂ ਨੇ ਪੰਜਾਬੀ ਕਹਾਣੀ ਨੂੰ ਹੋਰ ਅਮੀਰੀ ਪ੍ਰਦਾਨ ਕੀਤੀ ਹੈ। ਇਸ ਸੰਬੰਧੀ ਮੁਲਾਕਾਤ ਕਰਤਾ(ਜਸਵਿੰਦਰ ਕੌਰ ਬਿੰਦਰਾ) ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਕੈਨੇਡੀਅਨ ਲੇਖਕ ਜਰਨੈਲ ਸਿੰਘ ਦਾ ਜਵਾਬ ਉਲੇਖਯੋਗ ਹੈ :

ਪਰਵਾਸੀ ਕਥਾਕਾਰਾਂ ਨੇ ਅੰਤਰ ਸਭਿਆਚਾਰਕ, ਪਾਰ–ਸਭਿਆਚਾਰਕ, ਨਵ–ਪੂੰਜੀਵਾਦ ਬਨਾਮ ਮਾਨਵੀ ਕਦਰਾਂ–ਕੀਮਤਾਂ, ਨਾਈਨ ਅਲੈਵਨ ਦੀ ਤ੍ਰਾਸਦੀ ਅਤੇ ਅਮਰੀਕਾ ਦੀਆਂ ਅਫ਼ਗਾਨਿਸਤਾਨ–ਇਰਾਨ ਜੰਗਾਂ ਵਰਗੇ ਗਲੋਬਲੀ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਇਨ੍ਹਾਂ ਨਵੇਂ ਤਰ੍ਹਾਂ ਦੇ ਵਰਤਾਰਿਆਂ ਤੇ ਮਸਲਿਆਂ ਦੀਆਂ ਕਹਾਣੀਆਂ ਦੀਆਂ ਬਿਰਤਾਂਤਿਕ ਸ਼ੈਲੀਆਂ ਤੇ ਕਥਾ–ਜੁਗਤਾਂ ਵਿੱਚ ਵੀ ਤਬਦੀਲੀ ਆਈ ਹੈ। ਜਟਿਲ ਸੰਰਚਨਾ ਵਾਲੀਆਂ ਕਹਾਣੀਆਂ ਉਸਾਰਦਿਆਂ ਕਥਾਕਾਰਾਂ ਨੇ ਨਵੇਂ–ਨਵੇਂ ਮੈਟਾਫਰ ਸਿਰਜੇ ਹਨ। ਸੈਲਫੋਨ ਤੇ ਟੀ.ਵੀ. ਵਰਗੀਆਂ ਚੀਜ਼ਾਂ ਨੂੰ ਜੁਗਤਾਂ ਵਜੋਂ ਵਰਤਿਆ ਹੈ।[12]

ਪਰਵਾਸੀ ਕਥਾਕਾਰ ਸਵਰਨ ਚੰਦਨ ਵੱਲੋਂ ਸਾਹਿਤਕ ਮੁਲਾਕਾਤ ਦੌਰਾਨ ਕਿਸੇ ਵੀ ਰਚਨਾ ਦੇ ਸਿਰਲੇਖ ਦੀ ਮਹੱਤਤਾ ਸੰਬੰਧੀ ਦਿੱਤਾ ਵਿਸਥਾਰਮਈ ਜਵਾਬ ਵੀ ਗੌਲਣਯੋਗ ਹੈ:

ਤੁਹਾਡਾ ਇਹ ਸਵਾਲ ਬਹੁਤ ਹੀ ਮਹੱਤਵਪੂਰਨ ਹੈ। ਘੱਟੋ ਘੱਟ ਮੇਰੇ ਲਈ ਇਸਦਾ ਮਹੱਤਵ ਕਹਾਣੀ ਜਾਂ ਨਾਵਲ ਲਿਖਣ ਜਿੱਡਾ ਹੀ ਵੱਡਾ ਹੈ। ਕਈ ਲੇਖਕ ਕੋਈ ਵੀ ਨਾਂ ਰੱਖ ਕੇ ਕੰਮ ਚਲਾ ਲੈਂਦੇ ਹਨ, ਪਰ ਮੈਂ ਇਉਂ ਨਹੀਂ ਕਰਦਾ, ਕਰ ਹੀ ਨਹੀਂ ਸਕਦਾ। ਨਾਂ ਵਿੱਚ ਬਹੁਤ ਕੁਝ ਪਿਆ ਹੁੰਦਾ ਹੈ। ਮੇਰੇ ਪਾਤਰਾਂ ਦੇ ਨਾਂ ਉਹਨਾਂ ਦੀ ਸਮਾਜ ਵਿੱਚ ਥਾਂ, ਉਹਨਾਂ ਦੀ ਪਿੱਠਭੂਮੀ, ਜਾਤ–ਗੋਤ ਪ੍ਰਬੰਧ ਵਿੱਚ ਉਹਨਾਂ ਦੀ ਪੁਜ਼ੀਸ਼ਨ, ਉਹਨਾਂ ਦੇ ਸੁਭਾਅ, ਦੂਜੇ ਪਾਤਰਾਂ ਨਾਲ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 60-74

ਉਹਨਾਂ ਦੇ ਸੰਬੰਧਾਂ ਵਿਚੋਂ ਨਿਕਲਦੇ ਹਨ। ਨਾਂ ਸਿਰਫ਼ ਏਹੋ ਹੀ ਸਗੋਂ ਉਹਨਾਂ ਦੇ ਬੋਲ, ਭਾਸ਼ਾ, ਭਾਸ਼ਾ ਦੀ ਨਫ਼ਾਸਤ ਜਾਂ ਗਾਲਮੰਦ, ਆਕੜ, ਨਿਮਰਤਾ ਆਦਿ ਵੀ ਉਹਨਾਂ ਦੀ ਸਮਾਜ ਵਿੱਚ ਥਾਂ ਅਤੇ ਆਰਥਕ ਪੁਜੀਸ਼ਨ ਅਨੁਸਾਰ ਬਣਦੇ ਹਨ।[13]

ਲੇਖਕ ਰਚਨਾਵਾਂ ਦੇ ਥੀਮ ਅਨੁਸਾਰ ਪਾਤਰਾਂ ਦੀ ਘਾੜਤ, ਸ਼ਬਦਾਵਲੀ, ਜੁਗਤਾਂ ਅਤੇ ਸਿਰਲੇਖ ਸਿਰਜਦਾ ਹੈ। ਮੁਲਾਕਾਤਾਂ ਦੌਰਾਨ ਪਰਵਾਸੀ ਮਰਦ ਲੇਖਕਾਂ ਨੇ ਇਹ ਵੀ ਮੰਨਿਆ ਹੈ ਕਿ ਪਰਵਾਸੀ ਮਸਲਿਆਂ ’ਤੇ ਸਾਹਿਤ ਰਚਨਾ ਕਰਨ ਲਈ ਵੱਖਰਾ ਤਰੱਦਦ ਕਰਨਾ ਪੈਂਦਾ ਹੈ ਕਿਉਂਕਿ ਪੱਛਮ ਦੇ ਗਹਿਰੇ ਤੇ ਗੁੰਝਲਦਾਰ ਜੀਵਨ ਬਾਰੇ ਲਿਖਣ ਲਈ ਉਹਨਾਂ ਦੀਆਂ ਬਾਰੀਕੀਆਂ ਨੂੰ ਸਮਝਣਾ ਅਤਿ ਜ਼ਰੂਰੀ ਹੈ। ਇਸ ਲਈ ਸੰਬੰਧਤ ਖੇਤਰ ਦੇ ਵਿਅਕਤੀਆਂ/ਮਾਹਿਰਾਂ ਨਾਲ ਲੰਬੀਆਂ ਗੱਲਾਂ ਕਰਨੀਆਂ ਅਤੇ ਕਿਤਾਬਾਂ–ਰਸਾਲੇ ਪੜ੍ਹਨੇ ਪੈਂਦੇ ਹਨ। ਇਹਨਾ ਮੁਲਾਕਾਤਾਂ ਦੌਰਾਨ ਮੁਲਾਕਾਤ ਕਰਤਿਆਂ ਦੁਆਰਾ ਕੀਤੇ ਸਵਾਲਾਂ ਵਿੱਚ ਇੱਕ ਅਹਿਮ ਸਵਾਲ ‘ਪੰਜਾਬੀ ਆਲੋਚਨਾ’ ਬਾਬਤ ਹੈ। ‘ਪੰਜਾਬੀ ਆਲੋਚਨਾ’ ਦੇ ਮਸਲੇ ਤੇ ਪਰਵਾਸੀ ਲੇਖਕਾਂ ਦਾ ਸਾਂਝਾ ਮੱਤ ਇਹ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਆਲੋਚਨਾ ਨਿੰਦਾ/ਪ੍ਰਸੰਸਾ ਦੀ ਸ਼ਿਕਾਰ ਹੈ। ਕਈ ਆਲੋਚਕ ਵੀ ਰਚਨਾਵਾਂ ਨੂੰ ਪਛਾਨਣ ਦੀ ਬਜਾਇ ਲੇਖਕ ਨੂੰ ਪਛਾਣਦੇ ਹਨ। ਇਸ ਕਰਕੇ ਨਿਰਪੱਖ ਆਲੋਚਨਾ ਪ੍ਰਸ਼ਨ ਚਿੰਨ ਦੇ ਘੇਰੇ ਵਿੱਚ ਆ ਜਾਂਦੀ ਹੈ ਪਰ ਪਰਵਾਸੀ ਜੀਵਨ ਤੇ ਵਿਸ਼ਵ ਚੇਤਨਾ ਵਾਲੀਆਂ ਕਹਾਣੀਆਂ ’ਤੇ ਕੁਝ ਵਿਦਵਾਨਾਂ ਦੇ ਆਲੋਚਨਾਤਮਕ ਨਿਬੰਧ, ਕਹਾਣੀਆਂ ਦੀਆਂ ਕਮੀਆਂ/ਖ਼ੂਬੀਆਂ ਨੂੰ ਪਛਾਣਦੇ ਹੋਏ ਉਹਨਾਂ ਦੀ ਪਰਖ–ਪੜਚੋਲ ਕਰਦੇ ਹਨ। ਇਸ ਸਭ ਦੇ ਬਾਵਜੂਦ ਪਰਵਾਸੀ ਪੰਜਾਬੀ ਲੇਖਕਾਂ ਲਈ ਵੱਡਾ ਮਸਲਾ ਇਹ ਹੈ ਕਿ ਉਹਨਾਂ ਨੂੰ ਆਪਣੀਆਂ ਪੁਸਤਕਾਂ ’ਤੇ ਗੋਸ਼ਟੀਆਂ ਤੇ ਸੈਮੀਨਾਰ ਕਰਵਾਉਣ ਲਈ ਇਧਰਲੇ ਪੰਜਾਬੀ ਵਿਦਵਾਨਾਂ ਅਤੇ ਸਾਹਿਤਕ ਅਦਾਰਿਆਂ ਤੇ ਨਿਰਭਰ ਰਹਿਣਾ ਪੈਂਦਾ ਹੈ।

ਹੱਥਲੇ ਖੋਜ–ਪੱਤਰ ਦਾ ਆਧਾਰ ਉਹ ਪਰਵਾਸੀ ਲੇਖਕ (ਨਾਰੀ ਤੇ ਮਰਦ) ਹਨ, ਜਿਹਨਾਂ ਨੇ ਵੀਹਵੀਂ ਸਦੀ ਵਿੱਚ ਪਰਵਾਸੀ ਜੀਵਨ ਦੇ ਅਨੁਭਵਾਂ ਨੂੰ ਆਪਣੀ ਲੇਖਣੀ ਵਿੱਚ ਅੰਕਿਤ ਕਰਨਾ ਸ਼ੁਰੂ ਕੀਤਾ। ਨਾਰੀ ਲੇਖਕਾਂ ਕੈਲਾਸ਼ਪੁਰੀ, ਵੀਨਾ ਵਰਮਾ, ਬਲਵੀਰ ਕੌਰ ਸੰਘੇੜਾ ਅਤੇ ਮਰਦ ਲੇਖਕਾਂ ਸਵਰਨ ਚੰਦਨ, ਹਰਜੀਤ ਅਟਵਾਲ, ਜਰਨੈਲ ਸਿੰਘ ਨਾਲ ਹੋਈਆਂ ਮੁਲਾਕਾਤਾਂ ਵਿੱਚੋਂ ਉਹਨਾਂ ਦੇ ਨਿੱਜੀ ਤੇ ਰਚਨਾਵੀਂ ਸੰਸਾਰ ਦੇ ਰਹੱਸਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜਿਸ ਤੋਂ ਕੁਝ ਸਾਂਝ ਤੇ ਵਖਰੇਵੇਂ ਉਪਜਦੇ ਹਨ। ਇਸ ਸਾਂਝ ਤੇ ਵਖਰੇਵੇਂ ਦਾ ਆਧਾਰ ਮੁਲਾਕਾਤ ਕਰਤਾ ਵੱਲੋਂ ਵਿਉਂਤਬੱਧ ਕੀਤੇ ਸਵਾਲਾਂ ਦੀ ਪ੍ਰਕਿਤੀ ਤੇ ਉਦੇਸ਼ ਬਣਦੇ ਹਨ। ਪਰਵਾਸੀ ਲੇਖਕਾਂ ਦਾ ਸਾਂਝਾ ਮੱਤ ਹੈ ਕਿ ਲਿਖਣ ਦੇ ਸ਼ੁਰੂਆਤੀ ਸਮੇਂ ਵਿੱਚ ਭਾਵੇਂ ਉਹਨਾਂ ਨੂੰ ਪੂਰਬੀ ਲੇਖਕਾਂ ਦੀ ਲੇਖਣੀ ਨੇ ਪ੍ਰਭਾਵਿਤ ਕੀਤਾ ਹੈ ਭਾਵ ਪੰਜਾਬੀ ਸਾਹਿਤ ਦੇ ਸੂਫ਼ੀ ਸਾਹਿਤ, ਕਿੱਸਾ ਸਾਹਿਤ ਅਤੇ ਪ੍ਰਸਿੱਧ ਨਾਵਲਕਾਰਾਂ/ ਕਹਾਣੀਕਾਰਾਂ ਦੀਆਂ ਰਚਨਾਵਾਂ ਨੇ

ਸਾਹਿਤ ਪੜ੍ਹਨ ਅਤੇ ਲਿਖਣ ਦੀ ਚੇਟਕ ਲਗਾਈ। ਇਸ ਤੋਂ ਇਲਾਵਾ ਕਿਸੇ ਵੱਡੇ ਲੇਖਕ ਵੱਲੋਂ ਕੀਤੀ ਹੌਂਸਲਾ ਅਫ਼ਜ਼ਾਈ ਨੇ ਵੀ ਸਿਰਜਣ ਪ੍ਰਕਿਰਿਆ ਨੂੰ ਉਤਸ਼ਾਹਿਤ ਕੀਤਾ ਹੈ ਪਰ ਪਰਵਾਸ ਵਿੱਚ ਰਹਿੰਦਿਆਂ ਉਹਨਾਂ ਸਾਹਿਤ ਸਾਧਨਾ ਦੇ ਸਮੇਂ ਪੱਛਮੀ ਲੇਖਕਾਂ ਦੀ ਲੇਖਣੀ ਦੇ ਪ੍ਰਭਾਵ ਨੂੰ ਵੀ ਕਬੂਲਿਆ ਹੈ। ਸਾਰੇ ਉੱਤਰਦਾਤਾ(ਲੇਖਕਾਂ) ਦਾ ਇਹ ਵੀ ਮੰਨਣਾ ਹੈ ਕਿ ਰਚਨਾਵਾਂ ਦੇ ਵਿਸ਼ੇ ਵਿੱਚ ਨਵੀਨਤਾ, ਵਿਸ਼ਾਲਤਾ ਅਤੇ ਪਰਪੱਕਤਾ ਲਈ ਲੇਖਕ ਨੂੰ ਇੱਕ ਤੋਂ ਵਧੇਰੇ ਭਾਸ਼ਾਵਾਂ ਦਾ ਸਾਹਿਤ ਪੜ੍ਹਨਾ ਜ਼ਰੂਰੀ ਹੈ।

ਕਲਮ ਅਤੇ ਪਾਠਕ ਦੇ ਅੰਤਰ–ਸੰਬੰਧੀ ਪਰਵਾਸੀ ਲੇਖਕਾਂ ਦਾ ਸਾਹਿਤ ਸਿਰਜਣਾ ਬਾਰੇ ਅਗਲਾ ਪੱਖ ਇਹ ਹੈ ਕਿ ਰਚਨਾ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਪਾਠਕਾਂ ਦਾ ਪ੍ਰਤੀਕਰਮ ਹੈ। ਪਾਠਕਾਂ ਦੀ ਸੁਹਜ ਤ੍ਰਿਪਤੀ ਲਈ ਵਿਭਿੰਨਤਾ ਭਰਪੂਰ ਵਿਸ਼ਿਆਂ ’ਤੇ ਜੇਕਰ ਲੇਖਕ ਕਲਮ ਅਜ਼ਮਾਈ ਕਰਦਾ ਹੈ ਤਾਂ ਪਾਠਕ ਦਾ ਹਾਂ–ਪੱਖੀ ਹੁੰਗਾਰਾ ਲੇਖਕ ਦੀ ਸਿਰਜਣਾਤਮਕ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ। ਪਾਠਕਾਂ ਦੇ ਪ੍ਰਤੀਕਰਮ ਸੰਬੰਧੀ ਤਾਂ ਇਹਨਾਂ ਲੇਖਕਾਂ ਦਾ ਇੱਥੋਂ ਤੱਕ ਮੰਨਣਾ ਹੈ ਕਿ ਰਚਨਾਤਮਕ ਸਫ਼ਰ ਵਿੱਚ ਪਾਠਕ ਦਾ ਹੁੰਗਾਰਾ ਕਿਸੇ ਵੀ ਇਨਾਮ/ਸਨਮਾਨ ਤੋਂ ਘੱਟ ਨਹੀਂ ਹੁੰਦਾ। ਪਰਵਾਸੀ ਲੇਖਕਾਂ ਅਨੁਸਾਰ ਜਦੋਂ ਕਿਸੇ ਰਚਨਾ ਦੀ ਪ੍ਰਸੰਸਾ ਬਾਰੇ ਫੋਨ/ਚਿੱਠੀਆਂ ਆਉਣ ਤਾਂ ਹੋਰ ਲਗਨ ਅਤੇ ਦ੍ਰਿੜਤਾ ਨਾਲ ਲਿਖਣ ਲਈ ਹੌਂਸਲਾ ਬੁਲੰਦ ਹੁੰਦਾ ਹੈ। ਇਹਨਾਂ ਲੇਖਕਾਂ ਨੇ ਆਪਣੀਆਂ ਮੁਲਾਕਾਤਾਂ ਦੌਰਾਨ ਇਹ ਵੀ ਜਵਾਬ ਦਿੱਤਾ ਹੈ ਕਿ ਪਾਠਕ ਦੇ ਹੁੰਗਾਰੇ ਦੇ ਨਾਲ–ਨਾਲ ਜੇਕਰ ਪਰਵਾਸੀ ਸਾਹਿਤ ਬਾਰੇ ਭਾਰਤ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਐਮ.ਫਿਲ/ਪੀ–ਐਚ.ਡੀ. ਪੱਧਰ ਦੇ ਖੋਜ–ਕਾਰਜ, ਖੋਜ–ਪੱਤਰ, ਗੋਸ਼ਟੀਆਂ ਅਤੇ ਰੂ–ਬ–ਰੂ ਹੋਣ ਤਾਂ ਲੇਖਕ ਦੀ ਤ੍ਰਿਪਤੀ ਵੀ ਹੁੰਦੀ ਹੈ ਅਤੇ ਰਚਨਾਵਾਂ ਦੇ ਸਹੀ ਮੁਲਾਂਕਣ ਦੀ ਸੰਭਾਵਨਾ ਵਿੱਚ ਵੀ ਇਜ਼ਾਫ਼ਾ ਹੁੰਦਾ ਹੈ। ਇੱਕ ਹੋਰ ਸਾਂਝਾ ਮਤ ਪਰਵਾਸੀ ਲੇਖਕਾਂ ਦਾ ਇਹ ਵੀ ਹੈ ਕਿ ਪਰਵਾਸੀ ਸੰਜੀਦਾ ਸਾਹਿਤ ਦਾ ਜ਼ਿਕਰ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਪਛੜ ਕੇ ਸ਼ੁਰੂ ਹੋਇਆ ਹੈ।

ਸਾਹਿਤਕ ਮੁਲਾਕਾਤਾਂ ਦੌਰਾਨ ਹੋਰ ਸਾਂਝਾ ਪੱਖ ਇਹ ਵੀ ਸਾਹਮਣੇ ਆਇਆ ਹੈ ਕਿ ਪਰਵਾਸੀ ਲੇਖਕਾਂ ਨੂੰ ਭਾਰਤੀ ਪੰਜਾਬ ਦੇ ਪਾਠਕਾਂ ਤੱਕ ਪੁਸਤਕਾਂ ਪਹੁੰਚਾਉਣ ਲਈ ਵਿਸ਼ੇਸ਼ ਤਰੱਦਦ ਕਰਨਾ ਪੈਂਦਾ ਹੈ। ਇਹ ਮਸਲਾ ਸਿਰਫ਼ ਪੁਸਤਕਾਂ ਦੀ ਪਾਠਕਾਂ ਤੱਕ ਪਹੁੰਚ ਲਈ ਹੀ ਸੀਮਤ ਨਹੀਂ ਸਗੋਂ ਉਹਨਾਂ ਦਾ ਇਹ ਵੀ ਮੰਨਣਾ ਹੈ ਕਿ ਪਰਵਾਸੀ ਲੇਖਕਾਂ ਦੀ ਗਿਣਤੀ ਤਾਂ ਵੱਧ ਰਹੀ ਹੈ ਪਰ ਪਰਵਾਸੀ ਆਲੋਚਕਾਂ ਦੀ ਘਾਟ ਹੋਣ ਕਰਕੇ ਪਰਵਾਸੀ ਲੇਖਕਾਂ ਨੂੰ ਆਪਣੀਆਂ ਪੁਸਤਕਾਂ ਤੇ ਗੋਸ਼ਟੀਆਂ ਤੇ ਸੈਮੀਨਾਰ ਕਰਵਾਉਣ ਲਈ ਇਧਰਲੇ ਪੰਜਾਬ ਦੇ ਵਿਦਵਾਨਾਂ ਤੇ ਸਾਹਿਤਕ ਅਦਾਰਿਆਂ ਤੇ ਨਿਰਭਰ ਹੋਣਾ ਪੈਂਦਾ ਹੈ। ਸਾਹਿਤਕ ਮੁਲਾਕਾਤਾਂ ਦੌਰਾਨ ਪਰਵਾਸੀ ਸਾਹਿਤ ਦੇ ਮੁੱਖਧਾਰਾ ਦੇ ਸਾਹਿਤ ਬਣਨ ਦਾ ਜ਼ਿਕਰ ਹਰੇਕ ਪਰਵਾਸੀ ਲੇਖਕ ਨੇ ਆਪਣੀ ਮੁਲਾਕਾਤ ਦੌਰਾਨ ਕੀਤਾ ਹੈ। ਸਿਰਫ਼ ਬਰਤਾਨਵੀ ਲੇਖਕ ਹਰਜੀਤ ਅਟਵਾਲ ਦਾ ਕਹਿਣਾ ਹੈ ਕਿ ਲੇਖਕ ਦੇ ਪਰਵਾਸੀ ਜਾਂ ਅਵਾਸੀ ਹੋਣ ਨਾਲ ‘ਸਾਹਿਤਕ ਕਿਰਤ’

Volume: 13, March 2026 ISSN: 2394-0980
PP: 60-74

ਨੂੰ ਕੋਈ ਫਰਕ ਨਹੀਂ ਪੈਂਦਾ ਭਾਵੇਂ ਸਾਹਿਤ ਦੇ ਖੇਤਰ ਵਿੱਚ ਇਹ ਪਿਰਤ ਪ੍ਰਚੱਲਤ ਹੋ ਚੁੱਕੀ ਹੈ।

ਸਾਹਿਤਕ ਮੁਲਾਕਾਤਾਂ ਦੌਰਾਨ ਪਰਵਾਸੀ ਲੇਖਕਾਂ ਨੂੰ ਪਰਵਾਸੀ ਮੁਲਕਾਂ ਦੀ ਤੇਜ਼–ਤਰਾਰ ਜ਼ਿੰਦਗੀ ਦੌਰਾਨ ਸਾਹਿਤਕ–ਸਾਧਨਾ ਨੂੰ ਜਾਰੀ ਰੱਖਣ ਬਾਰੇ ਵੀ ਸਵਾਲ ਹੋਏ। ਇਸ ਸੰਬੰਧੀ ਲੇਖਕਾਂ ਦਾ ਸਾਂਝਾ ਮੱਤ ਹੈ ਕਿ ਇੱਥੇ ਜ਼ਿੰਦਗੀ ਦੀ ਨਵੇਂ ਸਿਰਿਓਂ ਸ਼ੁਰੂਆਤ ਕਾਰਨ, ਆਰਥਿਕ ਪੱਖ ਤੋਂ ਜਿਉਂਦੇ ਰਹਿਣ ਦੇ ਵਸੀਲਿਆਂ ਦਾ ਸਵਾਲ ਵੀ ਸਾਹਮਣੇ ਆ ਜਾਂਦਾ ਹੈ। ਇਸ ਲਈ ਰੁਝੇਵਿਆਂ-ਉਲਝੇਵਿਆਂ ਭਰਪੂਰ ਪਰਵਾਸੀ ਜੀਵਨ ਵਿੱਚ ਸਾਹਿਤਕ ਰਿਸ਼ਤੇ ਦੀ ਤੰਦ ਕਾਇਮ ਰੱਖਣੀ ਸੁਖਾਲਾ ਕਾਰਜ ਨਹੀਂ ਹੈ। ਇਸ ਲਈ ਇਹਨਾਂ ਉਤਰਦਾਤਿਆਂ(ਲੇਖਕਾਂ) ਦਾ ਮੰਨਣਾ ਹੈ ਕਿ ਪਰਿਵਾਰਕ ਸਹਿਯੋਗ ਨਾਲ ਸਾਹਿਤਕ ਘਾਲਣਾ/ਸਫ਼ਰ ਦੀ ਤੋਰ ਸੁਖਾਵੀਂ ਰੱਖਣੀ ਸੰਭਵ ਹੋਈ ਹੈ। ਦੂਸਰਾ ਮਹੱਤਵਪੂਰਨ ਜਵਾਬ ਇਹ ਵੀ ਹੈ ਕਿ ਹੁਣ ਪੜ੍ਹਨਾ ਲਿਖਣਾ ਉਹਨਾਂ ਦੀ ਜੀਵਨ ਜਾਚ ਦਾ ਅੰਗ ਬਣ ਚੁੱਕਾ ਹੈ।

ਪਰਵਾਸੀ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਦੌਰਾਨ ਮੁਲਾਕਾਤ ਕਰਤਾ ਦੁਆਰਾ ਸਹਿਜ ਸਵਾਲ ਸਾਹਿਤਕ ਸਫ਼ਰ ਦੀ ਸ਼ੁਰੂਆਤ ਬਾਰੇ ਹੁੰਦਾ ਹੈ। ਇਸ ਦੇ ਨਾਰੀ ਅਤੇ ਮਰਦ ਲੇਖਕਾਂ ਦੁਆਰਾ ਉੱਤਰਦਾਤਾ ਦੇ ਰੂਪ ਵਿੱਚ ਮਿਲੇ ਜਵਾਬ ਵਿੱਚ ਭਿੰਨਤਾ ਹੈ। ਮਰਦ ਲੇਖਕ ਜਿਵੇਂ ਕਿ ਸਵਰਨ ਚੰਦਨ, ਹਰਜੀਤ, ਅਟਵਾਲ ਅਤੇ ਜਰਨੈਲ ਸਿੰਘ ਨੇ ਪੰਜਾਬ ਵਿੱਚ ਰਹਿੰਦੇ ਹੋਏ ਸਕੂਲ/ਕਾਲਜ ਪੱਧਰ ’ਤੇ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ ਪਰ ਲੇਖਿਕਾਵਾਂ ਕੈਲਾਸ਼ਪੁਰੀ, ਵੀਨਾ ਵਰਮਾ ਅਤੇ ਬਲਵੀਰ ਕੌਰ ਸੰਘੇੜਾ ਦਾ ਸਾਹਿਤਕ ਸਫ਼ਰ ਪਰਵਾਸ ਧਾਰਨ ਕਰਨ(ਵਿਆਹ ਕਰਵਾਉਣ ਤੋਂ ਬਾਅਦ) ਤੋਂ ਬਾਅਦ ਸ਼ੁਰੂ ਹੁੰਦਾ ਹੈ। ਇਸ ਲਈ ਕੈਲਾਸ਼ਪੁਰੀ ਤੇ ਬਲਵੀਰ ਕੌਰ ਸੰਘੇੜਾ ਦੇ ਇਸ ਸਫ਼ਰ ਦੇ ਪ੍ਰੇਰਨਾ ਸ੍ਰੋਤ ਉਹਨਾਂ ਦੇ ਪਤੀ ਹੀ ਬਣਦੇ ਹਨ। ‘ਹਾਊਸ ਵਾਈਫ਼’ ਤੋਂ ਲੇਖਿਕਾ ਬਣਨ ਦੇ ਸਫ਼ਰ ਵਿੱਚ ਪਤੀ ਦੀ ਅਹਿਮ ਭੂਮਿਕਾ ਨੂੰ ਇਹਨਾਂ ਲੇਖਿਕਾਵਾਂ ਨੇ ਮੁਲਾਕਾਤਾਂ ਦੌਰਾਨ ਆਪਣੇ ਸ਼ਬਦਾਂ ਰਾਹੀਂ ਬਾਖ਼ੂਬੀ ਬਿਆਨਿਆ ਹੈ। ਪਰਵਾਸੀ ਨਾਰੀ ਅਤੇ ਮਰਦ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਵਿੱਚ ਮੁਲਾਕਾਤ ਕਰਤਾ ਵੱਲੋਂ ਕੀਤੇ ਸਵਾਲਾਂ ਵਿੱਚ ਅਹਿਮ ਵਖਰੇਵਾਂ ਇਹ ਹੈ ਕਿ ਨਾਰੀ ਲੇਖਕਾਂ ਨੂੰ ਉਹਨਾਂ ਦੇ ਨਿੱਜੀ ਜੀਵਨ ਖਾਸ ਕਰਕੇ ਪਿਆਰ(ਜਵਾਨੀ ਦੇ ਸੁਪਨੇ, ਸੁਪਨਿਆਂ ਦੀ ਪੂਰਤੀ) ਵਿਆਹ ਅਤੇ ਵਿਆਹੁਤਾ ਜ਼ਿੰਦਗੀ ਦੀ ਸਫ਼ਲਤਾ/ਅਸਫ਼ਲਤਾ ਬਾਰੇ ਉਚੇਚੇ ਤੌਰ ਤੇ ਇੱਕ ਤੋਂ ਵਧੇਰੇ ਸਵਾਲ ਪੁੱਛੇ ਗਏ ਹਨ। ਬਰਤਾਨਵੀ ਲੇਖਿਕਾ ਕੈਲਾਸ਼ਪੁਰੀ ਨੂੰ ਤਾਂ ਇਹ ਵੀ ਸਵਾਲ ਪੁੱਛਿਆ ਗਿਆ ਕਿ ਕੀ ਤੁਹਾਡੇ ਪਤੀ ਦੀ ਵੱਧ ਪੜ੍ਹਾਈ–ਲਿਖਾਈ ਨੇ ਤੁਹਾਡੇ ਵਿੱਚ ਕੋਈ ਹੀਣ ਭਾਵਨਾ ਤਾਂ ਪੈਦਾ ਨਹੀਂ ਕੀਤੀ। ਜਦੋਂ ਕਿ ਮਰਦ ਲੇਖਕਾਂ ਨਾਲ ਹੋਈਆਂ ਸਾਹਿਤਕ ਮੁਲਾਕਾਤਾਂ ਉਹਨਾਂ ਦੇ ਨਿੱਜੀ ਜੀਵਨ ਤੇ ਕੇਂਦਰਿਤ ਨਹੀਂ ਹੁੰਦੀਆਂ। ਇਸ ਤੋਂ ਇਲਾਵਾ ਨਾਰੀ ਲੇਖਕਾਂ ਨੂੰ ਉਹਨਾਂ ਦੀਆਂ ਰਚਨਾਵਾਂ ਪ੍ਰਤੀ ਉਹਨਾਂ ਦੇ ਪਰਿਵਾਰ ਦੇ ਪ੍ਰਤੀਕਰਮ ਬਾਰੇ ਵੀ ਪੁੱਛਿਆ ਗਿਆ ਜਦੋਂਕਿ ਮਰਦ ਲੇਖਕਾਂ ਨੂੰ ਮੁਲਾਕਾਤ ਕਰਤਿਆਂ ਦੁਆਰਾ ਅਜਿਹਾ ਕੋਈ ਵਿਸ਼ੇਸ਼ ਸਵਾਲ ਨਹੀਂ ਕੀਤਾ ਗਿਆ। ਸਾਹਿਤਕ ਮੁਲਾਕਾਤਾਂ ਵਿੱਚ ਕਿਸੇ ਵੀ ਪਰਵਾਸੀ ਲੇਖਿਕਾ ਨੂੰ ਇਹ ਸਵਾਲ

Volume: 13, March 2026 ISSN: 2394-0980
PP: 60-74

ਨਹੀਂ ਪੁੱਛਿਆ ਗਿਆ ਕਿ ਉਹ ਸਾਹਿਤਕ ਜਗਤ ਵਿੱਚ ਆਪਣੀ ਹੋਂਦ/ਪਛਾਣ ਨੂੰ ਕਿਵੇਂ ਤਸੱਵਰ ਕਰਦੀ ਹੈ ਪਰ ਪਰਵਾਸੀ ਮਰਦ ਲੇਖਕਾਂ ਨੂੰ ਉਹਨਾਂ ਦੀ ਲੇਖਕ ਦੇ ਤੌਰ 'ਤੇ ਪਛਾਣ ਬਾਰੇ ਸਵਾਲ ਜ਼ਰੂਰ ਹੋਏ ਹਨ। ਸਾਹਿਤਕ ਮੁਲਾਕਾਤਾਂ ਦੇ ਘੇਰੇ ਵਿੱਚ ਲੇਖਕ ਦਾ ਸਾਹਿਤ ਚਿੰਤਨ ਰਹਿੰਦਾ ਹੈ। ਇਸ ਲਈ ਸੁਭਾਵਿਕ ਹੈ ਕਿ ਸਵਾਲਾਂ ਦਾ ਘੇਰਾ ਸਾਹਿਤਕ ਸਫ਼ਰ ਦੀਆਂ ਰਚਨਾਵਾਂ ਦੇ ਦੁਆਲੇ ਘੁੰਮਦਾ ਹੈ। ਮੁਲਾਕਾਤ ਕਰਤਾ ਦੁਆਰਾ ਪਰਵਾਸੀ ਲੇਖਿਕਾਵਾਂ ਦੀਆਂ ਰਚਨਾਵਾਂ ਦਾ ਜ਼ਿਕਰ ਕਰਨ ਵੇਲੇ ਥੀਮ, ਭਾਸ਼ਾ ਤੇ ਸ਼ੈਲੀ ਬਾਰੇ ਗੰਭੀਰ ਸਵਾਲ ਨਹੀਂ ਹੋਏ ਹਨ (ਸਿਰਫ਼ ਕੈਲਾਸ਼ਪੁਰੀ ਦੀ ਸਾਹਿਤਕ ਮੁਲਾਕਾਤ ਵਿੱਚ ਸਵਾਲ ਹੋਏ ਹਨ)। ਪਾਤਰਾਂ ਦੀ ਘਾੜਤ ਸੰਬੰਧੀ ਵੀ ਬਹੁਤੇ ਸਵਾਲ ਨਾਰੀ ਪਾਤਰਾਂ ਦੀ ਘਾੜਤ ਤੇ ਫੋਕਸ ਕਰਦੇ ਹਨ ਹਾਲਾਂਕਿ ਕਿਸੇ ਵੀ ਨਾਵਲ, ਕਹਾਣੀ ਦੀ ਸਿਰਜਣਾ ਵਿੱਚ ਨਾਰੀ ਅਤੇ ਮਰਦ ਦੋਨੋਂ ਤਰ੍ਹਾਂ ਦੇ ਪਾਤਰਾਂ ਦਾ ਵਰਨਣ ਮਿਲਦਾ ਹੈ। ਸਾਹਿਤਕ ਮੁਲਾਕਾਤਾਂ ਦੌਰਾਨ ਵੀਨਾ ਵਰਮਾ ਅਤੇ ਬਲਵੀਰ ਕੌਰ ਸੰਘੇੜਾ ਨੇ ਆਪ ਖੁਦ ਆਪਣੀਆਂ ਕਹਾਣੀਆਂ 'ਰਜਾਈ' ਅਤੇ 'ਰੱਤੋ' ਕਹਾਣੀ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਜੋ ਕਿ ਮਰਦ ਦੀ ਸਮੱਸਿਆ ਨਾਲ ਸੰਬੰਧਤ ਹੈ। ਇਸ ਦੇ ਮੁਕਾਬਲੇ ਪਰਵਾਸੀ ਮਰਦ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਵਿੱਚ ਉਹਨਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਦੇ ਥੀਮ, ਪਾਤਰ–ਸਿਰਜਣਾ ਦਾ ਆਧਾਰ, ਕਥਾ-ਜੁਗਤਾਂ ਅਤੇ ਸਿਰਲੇਖ ਬਾਰੇ ਮੁਲਾਕਾਤ ਕਰਤਾ ਦੁਆਰਾ ਵਿਸ਼ੇਸ਼ ਸਵਾਲ ਪੁੱਛੇ ਗਏ ਹਨ ਜਿਹਨਾਂ ਦੇ ਜਵਾਬ ਉੱਤਰਦਾਤਾ(ਲੇਖਕ) ਦੁਆਰਾ ਵਿਸਥਾਰਮਈ ਦਿੱਤੇ ਗਏ ਹਨ। ਇੱਥੋਂ ਤੱਕ ਕਿ ਬਰਤਾਨਵੀ ਲੇਖਕ ਹਰਜੀਤ ਅਟਵਾਲ ਨੂੰ ਤਾਂ ਉਸਦੀਆਂ ਰਚਨਾਵਾਂ ਵਿੱਚ ਗੋਰੇ ਪਾਤਰਾਂ ਦੀ ਆਮਦ ਬਾਰੇ ਵੀ ਸਵਾਲ ਹੋਏ ਹਨ। ਕਿਸੇ ਵੀ ਲੇਖਕ ਦੀ ਸਿਰਜਣ ਪ੍ਰਕਿਰਿਆ ਨੂੰ ਸਮਕਾਲੀ/ਤਤਕਾਲੀ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਮੁੱਦੇ ਪ੍ਰਭਾਵਿਤ ਕਰਦੇ ਹਨ। ਪਰਵਾਸੀ ਨਾਰੀ ਤੇ ਮਰਦ ਲੇਖਕਾਂ ਨਾਲ ਹੋਈਆਂ ਮੁਲਾਕਾਤਾਂ ਵਿੱਚ ਇਹਨਾਂ ਪ੍ਰਤੀ ਵਖਰੇਵਾਂ ਝਲਕਦਾ ਹੈ। ਸਮਕਾਲੀ ਮੁੱਦਿਆਂ ਬਾਰੇ ਮੁਲਾਕਾਤ ਕਰਤਾ ਨੇ ਇਹਨਾਂ ਮਸਲਿਆਂ ਪ੍ਰਤੀ ਲੇਖਿਕਾਵਾਂ ਨੂੰ ਸਵਾਲ ਨਹੀਂ ਕੀਤੇ ਸਿਰਫ਼ ਇੱਕਾ–ਦੁੱਕਾ ਸਵਾਲ ਪੰਜਾਬ ਸੰਕਟ ਨਾਲ ਸੰਬੰਧਤ(ਬਲਵੀਰ ਕੌਰ ਸੰਘੇੜਾ ਨਾਲ ਸਤਨਾਮ ਸਿੰਘ ਢਾਅ ਵੱਲੋਂ ਕੀਤੀ ਮੁਲਾਕਾਤ ਵਿੱਚ) ਸਾਹਮਣੇ ਆਏ ਹਨ। ਪਰ ਜੇਕਰ ਪਰਵਾਸੀ ਮਰਦ ਲੇਖਕਾਂ ਦੀਆਂ ਮੁਲਾਕਾਤਾਂ ਦਾ ਜ਼ਿਕਰ ਕਰੀਏ ਤਾਂ ਇਹਨਾਂ ਮੁੱਦਿਆਂ ਦੀ ਉਹਨਾਂ ਦੀਆਂ ਰਚਨਾਵਾਂ ਵਿੱਚ ਪੇਸ਼ਕਾਰੀ ਬਾਰੇ ਬੜੇ ਸੰਜੀਦਾ ਸਵਾਲ ਹਰੇਕ ਮੁਲਾਕਾਤ ਕਰਤਾ ਦੁਆਰਾ ਕੀਤੇ ਗਏ ਹਨ।

ਸਾਹਿਤਕ ਮੁਲਾਕਾਤਾਂ ਦੌਰਾਨ ਪਰਵਾਸੀ ਮਰਦ ਲੇਖਕਾਂ ਨੂੰ ਉਹਨਾਂ ਦੀਆਂ ਰਚਨਾਵਾਂ ਬਾਰੇ ਭਾਰਤ/ਪੰਜਾਬ ਦੀਆਂ ਵੱਖ–ਵੱਖ ਯੂਨੀਵਰਸਿਟੀਆਂ ਵਿੱਚ ਹੋਏ ਖੋਜ–ਕਾਰਜ ਬਾਰੇ ਵੀ ਸਵਾਲ ਕਰਕੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਕਿ ਸੰਬੰਧਤ ਲੇਖਕ ਇਸ ਤੋਂ ਕਿੰਨਾ ਸੰਤੁਸ਼ਟ ਹੈ। ਜਦੋਂ ਕਿ ਕਿਸੇ ਵੀ ਲੇਖਿਕਾ ਦੀ ਰਚਨਾ ਲਈ ਅਜਿਹਾ ਇੱਕ ਵੀ ਸਵਾਲ ਕਿਸੇ ਸਾਹਿਤਕ ਮੁਲਾਕਾਤ ਦਾ ਹਾਸਿਲ ਨਹੀਂ ਬਣਿਆ। ਮਹੱਤਵਪੂਰਨ/ਗੌਲਣਯੋਗ ਪੱਖ ਇਹ ਹੈ

ਕਿ ਕੈਲਾਸ਼ਪੁਰੀ, ਵੀਨਾ ਵਰਮਾ ਅਤੇ ਬਲਵੀਰ ਕੌਰ ਸੰਘੇੜਾ ਦੀਆਂ ਰਚਨਾਵਾਂ 'ਤੇ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਖੋਜ ਕਾਰਜ ਹੋਇਆ ਹੈ।

ਸਾਹਿਤਕ ਮੁਲਾਕਾਤਾਂ ਪੰਜਾਬੀ ਸਾਹਿਤ ਜਗਤ ਦੇ ਲੇਖਕਾਂ ਨਾਲ ਸੰਬੰਧਤ ਅਜਿਹਾ ਵਡਮੁੱਲਾ ਸਮੱਗਰੀ ਭਰਪੂਰ ਦਸਤਾਵੇਜ਼ ਹਨ, ਜਿਸ ਰਾਹੀਂ ਲੇਖਕ ਦੀ ਸ਼ਖ਼ਸੀਅਤ ਬਾਰੇ, ਉਹਨਾਂ ਦੀਆਂ ਪ੍ਰਾਪਤੀਆਂ-ਅਪ੍ਰਾਪਤੀਆਂ ਬਾਰੇ, ਉਹਨਾਂ ਦੀ ਰਚਨਾ-ਪ੍ਰਕਿਰਿਆ ਬਾਰੇ, ਰਚਨਾਵਾਂ ਦੀ ਆਧਾਰ ਸਮੱਗਰੀ ਬਾਰੇ, ਉਹਨਾਂ ਦੇ ਆਪਣੇ ਬੋਲ/ਸ਼ਬਦ ਹੀ ਗਵਾਹੀ ਦਿੰਦੇ ਹਨ। 'ਮੁਲਾਕਾਤ ਕਰਤਾ' ਦੁਆਰਾ 'ਮੁਲਾਕਾਤ' ਦੇ ਮਾਧਿਅਮ ਰਾਹੀਂ ਲੇਖਕ(ਉੱਤਰਦਾਤਾ) ਦੀਆਂ ਲਿਖਤਾਂ ਉੱਤੇ ਚਰਚਾ ਕਰਕੇ ਉਸਦੀ ਸ਼ਖ਼ਸੀਅਤ ਅਤੇ ਰਚਨਾਵੀਂ ਸੰਸਾਰ ਨੂੰ ਨਿੱਝਕਤਾ ਨਾਲ ਫਰੋਲਣ ਦਾ ਯਤਨ ਕੀਤਾ ਜਾਂਦਾ ਹੈ। ਪਰਵਾਸੀ ਪੰਜਾਬੀ ਲੇਖਕਾਂ ਨਾਲ ਮੁਲਾਕਾਤਾਂ ਵਿੱਚ, ਮੁਲਾਕਾਤ ਕਰਤਾ ਦੇ ਰੂਪ ਵਿੱਚ ਲੇਖਕਾਂ(ਹਰਚੰਦ ਸਿੰਘ ਬੇਦੀ, ਜਸਬੀਰ ਭੁੱਲਰ, ਬਲਦੇਵ ਸਿੰਘ, ਜਿੰਦਰ, ਸੁਕੀਰਤ, ਵਨੀਤਾ, ਮੇਜਰ ਮਾਂਗਟ, ਸਤਨਾਮ ਸਿੰਘ ਢਾਅ) ਦੁਆਰਾ ਉੱਤਰਦਾਤਾ(ਸਵਰਨ ਚੰਦਨ, ਹਰਜੀਤ ਅਟਵਾਲ, ਜਰਨੈਲ ਸਿੰਘ, ਕੈਲਾਸ਼ਪੁਰੀ, ਵੀਨਾ ਵਰਮਾ, ਬਲਵੀਰ ਕੌਰ ਸੰਘੇੜਾ) ਨੂੰ ਕੀਤੇ ਸਵਾਲਾਂ ਤੋਂ ਉਪਜੇ ਜਵਾਬਾਂ ਦੇ ਵਿਸਤ੍ਰਿਤ ਪੈਟਰਨ ਰਾਹੀਂ ਉਹਨਾਂ ਦੇ ਸਾਹਿਤਕ ਅਤੇ ਅਸਤਿਤਵੀ ਸਰੋਕਾਰਾਂ ਬਾਰੇ ਮਿਲੀ ਸਾਂਝ ਤੇ ਵਖਰੇਵੇਂ ਉਚੇਰੀ ਅਹਿਮੀਅਤ ਦੇ ਲਖਾਇਕ ਹਨ। ਸਾਹਿਤਕ ਸੰਸਾਰ ਦੇ ਭਵਿੱਖ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕਰਨ ਦੀ ਸਮਰੱਥਾ ਕਾਰਨ, ਸਮਕਾਲ ਵਿੱਚ ਸਾਹਿਤਕ ਮੁਲਾਕਾਤਾਂ ਦੇ ਚਿਰਕਾਲੀ ਮਹੱਤਵ ਨੂੰ ਗੌਲਣਾ ਬਹੁਤ ਜ਼ਰੂਰੀ ਹੈ।

ਹਵਾਲੇ ਅਤੇ ਟਿੱਪਣੀਆਂ

1. "The Literary interview is neither a "creative" nor "critical" genre, as those words are conventionally used, but a form that is flowering into an important new kind of discourse.". John Rodden, *Performing the Literary interview*, University of Nebraska Press, Lincoln and London, 2001, p.21.
2. "The interview is a dyadic form of communication between two distinct parties, at least one of whom has a predetermined and serious purpose. It is interactional in the both parties speak and listen from time to time and may share the role of interviewer and interviewee." Quoted by Anneleen Masschelein, Christophe Meuree, David Martens, Stephanie Vanasten, "The Literary Interview: Towards a Poetics of a Hybrid Genre", *Poetics Today* (2014) 35 (1-2), p-5. https://doi.org/10.1215/03335372-2648368, Accessed on May 5, 2026

3. ਰਘਬੀਰ ਸਿੰਘ, ਮੁਲਾਕਾਤਾਂ (ਦਸ ਪ੍ਰਸਿੱਧ ਨਾਵਲਕਾਰਾਂ ਨਾਲ), ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, 1997, ਪ੍ਰਵੇਸ਼ਿਕਾ, ਪੰਨਾ-11.
4. *The Paris Review* ਇੱਕ ਸਾਹਿਤਕ ਰਸਾਲਾ ਹੈ ਜਿਸ ਵਿੱਚ ਪ੍ਰਸਿੱਧ ਲੇਖਕਾਂ ਨਾਲ ਡੂੰਘਾਈ ਨਾਲ ਕੀਤੀਆਂ ਮੁਲਾਕਾਤਾਂ ਨੂੰ ਛਾਪਿਆ ਗਿਆ। ਇਸ ਵਿੱਚ ਛਪਣ ਵਾਲੇ ਲੇਖਕਾਂ ਦੀਆਂ ਮੁਲਾਕਾਤਾਂ ਦੀ ਲੰਮੀ ਸੂਚੀ ਹੈ। The Art of Poetry, Fiction and Theatre ਸਿਰਲੇਖ ਅਧੀਨ E.M. Forster, Ernest Hemingway, T.S. Eliot, Robert Frost, William Faulkner, Arthur Miller, Robert Frost, Pablo Neruda, John Steinbeck ਆਦਿ ਸਾਹਿਤਕਾਰਾਂ ਨਾਲ ਹੋਈਆਂ ਮੁਲਾਕਾਤਾਂ ਨੂੰ www.theparisreview.org ਤੇ ਪੜ੍ਹਿਆ ਜਾ ਸਕਦਾ ਹੈ।
5. ਸੁਕੀਰਤ, ਅੰਦਰਲੇ ਸੱਚ ਫ਼ਰੋਲਦਿਆਂ, ਪੀਪਲਜ਼ ਫੋਰਮ ਬਰਗਾੜੀ, ਪੰਜਾਬ, 2015, ਪੰਨਾ-91.
6. ਡਾ. ਵਨੀਤਾ, ਕਲਾ ਸਾਹਿਤ ਸੰਵਾਦ, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 2001, ਪੰਨਾ–79.
7. ਮੇਜਰ ਮਾਂਗਟ, ਆਹਮਣੇ–ਸਾਹਮਣੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ–131.
8. ਬਲਦੇਵ ਸਿੰਘ, ਵਾਰਤਾਲਾਪ, ਚੇਤਨਾ ਪ੍ਰਕਾਸ਼ਨ, ਲੁਧਿਅਣਾ, 2001, ਪੰਨਾ–83.
9. ਉਹੀ, ਪੰਨਾ–96-97.
10. ਜਿੰਦਰ, ਗੱਲਾਂ ਗੱਲਾਂ 'ਚ (ਮੁਲਾਕਾਤਾਂ), ਸੰਗਮ ਪਬਲੀਕੇਸ਼ਨ, ਸਮਾਣਾ, 2010, ਪੰਨਾ–126-127.
11. ਜਸਬੀਰ ਭੁੱਲਰ, ਗੁਫ਼ਤਗੂ (ਨਾਵਲਕਾਰਾਂ ਨਾਲ ਲੰਮੀਆਂ ਮੁਲਾਕਾਤਾਂ), ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, ਲੁਧਿਆਣਾ, 2001, ਪੰਨਾ–193.
12. ਡਾ. ਜਸਵਿੰਦਰ ਕੌਰ ਬਿੰਦਰਾ, ਕਿਛੁ ਸੁਣੀਐ ਕਿਛੁ ਕਹੀਐ (ਸਾਹਿਤਕ ਮੁਲਾਕਾਤਾਂ), ਸਾਹਿਤਯਸ਼ਿਲਾ ਪ੍ਰਕਾਸ਼ਨ, ਦਿੱਲੀ, 2026, ਪੰਨਾ–153.
13. ਜਸਬੀਰ ਭੁੱਲਰ, ਗੁਫ਼ਤਗੂ (ਨਾਵਲਕਾਰਾਂ ਨਾਲ ਲੰਮੀਆਂ ਮੁਲਾਕਾਤਾਂ), ਪੰਨਾ–200.

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 75-87

ਕਥਾ ਕੁਕਨੁਸ ਦੀ : ਮੂਲਵਾਸ ਅਤੇ ਪਰਵਾਸ ਦਾ ਦਵੰਦ

ਡਾ. ਗੁਰਪ੍ਰੀਤ ਕੌਰ
ਅਸਿਸਟੈਂਟ ਪ੍ਰੋਫ਼ੈਸਰ, ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਐਬਸਟ੍ਰੈਕਟ

ਇਹ ਖੋਜ ਪੱਤਰ ਦਲੀਪ ਕੌਰ ਟਿਵਾਣਾ ਦੇ ਨਾਵਲ 'ਕਥਾ ਕੁਕਨੁਸ ਦੀ' ਵਿੱਚ ਪੇਸ਼ ਕੀਤੇ ਗਏ ਮੂਲਵਾਸ ਅਤੇ ਪਰਵਾਸ ਦੇ ਦਵੰਦ ਨੂੰ ਉਜਾਗਰ ਕਰਦਾ ਹੈ। ਇਹ ਨਾਵਲ ਮਨੁੱਖੀ ਹੋਂਦ ਦੇ ਅਰਥਾਂ ਨੂੰ ਅਧਿਆਤਮਕ ਅਤੇ ਆਤਮਿਕ ਰਮਜ਼ਾਂ ਨਾਲ ਜੋੜਦਾ ਹੈ। ਪੇਪਰ ਵਿੱਚ ਇਹ ਦੱਸਿਆ ਗਿਆ ਹੈ ਕਿ ਕਿਵੇਂ ਪਰਵਾਸ ਦੌਰਾਨ ਪੰਜਾਬੀ ਬੰਦਾ ਆਪਣੀ ਸਭਿਆਚਾਰਕ ਪਛਾਣ ਦੇ ਸੰਕਟ, ਨਸਲੀ ਵਿਤਕਰੇ ਅਤੇ ਦੇਸ਼ ਤੋਂ ਵਿਛੋੜੇ ਦੇ ਸੱਲ ਨੂੰ ਹੰਢਾਉਂਦਾ ਹੈ। ਇਸਦੇ ਨਾਲ ਹੀ, ਨਾਵਲ ਵਿੱਚ ਪੂਰਬੀ ਅਤੇ ਪੱਛਮੀ ਜੀਵਨ-ਸ਼ੈਲੀ ਵਿਚਲੇ ਅੰਤਰ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਆ ਰਹੇ ਬਦਲਾਅ ਨੂੰ ਮੈਡਮ ਭਾਰਤੀ, ਨਿਰਮਲ ਅਤੇ ਨੇਹਾ ਵਰਗੇ ਪਾਤਰਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਖੋਜ ਦਾ ਮੁੱਖ ਕੇਂਦਰ ਰਿਸ਼ਤਿਆਂ ਦੀ ਨੈਤਿਕਤਾ, ਤਿਆਗ ਅਤੇ ਸਮਰਪਣ ਦੀਆਂ ਭਾਵਨਾਵਾਂ ਨੂੰ ਸਮਝਣਾ ਹੈ।

ਕੁੰਜੀਵਤ ਸ਼ਬਦ :- ਮੂਲਵਾਸ, ਪਰਵਾਸ, ਸੱਭਿਆਚਾਰਕ ਦਵੰਦ, ਪਛਾਣ ਦਾ ਸੰਕਟ, ਅਧਿਆਤਮਕਤਾ, ਨੈਤਿਕ ਕਦਰਾਂ-ਕੀਮਤਾਂ, ਬਿਰਤਾਂਤਕ ਜੁਗਤਾਂ ਨਾਰੀ ਹੋਂਦ, ਕੁਕਨੁਸ ਦੀ ਮਿਥ, ਮਾਨਵੀ ਰਿਸ਼ਤੇ।

ਖੋਜ ਵਿਧੀ :- ਇਸ ਖੋਜ ਪੱਤਰ ਵਿੱਚ ਵਰਤੀ ਗਈ ਖੋਜ ਵਿਧੀ ਮੁੱਖ ਤੌਰ 'ਤੇ ਗੁਣਾਤਮਕ ਅਤੇ ਵਿਸ਼ਲੇਸ਼ਣਾਤਮਕ ਪਹੁੰਚ 'ਤੇ ਆਧਾਰਿਤ ਹੈ। ਦਲੀਪ ਕੌਰ ਟਿਵਾਣਾ ਦੇ ਨਾਵਲ 'ਕਥਾ ਕੁਕਨੁਸ ਦੀ' ਨੂੰ ਪ੍ਰਾਇਮਰੀ ਸਰੋਤ ਵਜੋਂ ਵਰਤਦਿਆਂ ਇਸ ਦੇ ਬਿਰਤਾਂਤਕ ਤੱਤਾਂ, ਜਿਵੇਂ ਕਿ ਪਾਤਰਾਂ ਦੀ ਮਨੋਬਚਨੀ, ਚਿੱਠੀਆਂ ਅਤੇ ਡਾਇਰੀ ਦੇ ਪੰਨਿਆਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੈ। ਇਸ ਵਿੱਚ ਮੂਲਵਾਸ ਅਤੇ ਪਰਵਾਸ ਦੇ ਦਵੰਦ ਨੂੰ ਸਮਝਣ ਲਈ ਪਾਤਰਾਂ ਦੇ ਮਾਨਸਿਕ ਅਤੇ ਸਮਾਜਿਕ ਵਿਹਾਰ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਹੈ। ਖੋਜ ਵਿਧੀ ਵਿੱਚ ਤੁਲਨਾਤਮਕ ਪਹੁੰਚ ਵੀ ਅਪਣਾਈ ਗਈ ਹੈ ਜਿਸ ਰਾਹੀਂ ਪੂਰਬੀ ਅਧਿਆਤਮਕ ਪਰੰਪਰਾ ਅਤੇ ਪੱਛਮੀ ਪਦਾਰਥਵਾਦੀ ਜੀਵਨ-ਸ਼ੈਲੀ ਵਿਚਲੇ ਨੈਤਿਕ ਪਾੜੇ ਨੂੰ ਉਜਾਗਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਖੋਜ ਨੂੰ ਸਿਧਾਂਤਕ ਮਜ਼ਬੂਤੀ ਦੇਣ ਲਈ ਵੱਖ-ਵੱਖ ਵਿਦਵਾਨਾਂ ਦੀਆਂ ਟਿੱਪਣੀਆਂ ਅਤੇ ਹਵਾਲਿਆਂ ਦੀ ਵਰਤੋਂ ਕੀਤੀ ਹੈ।

ਭੂਮਿਕਾ :- ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਦੀ ਸਥਾਪਿਤ ਅਤੇ ਸਮਰੱਥ ਲੇਖਕਾਹੈ। ਪੰਜਾਬੀ ਸਾਹਿਤ ਚਿੰਤਨ ਵਿਚ ਉਸ ਦੀ ਅਹਿਮੀਅਤ ਨਿਰਵਿਵਾਦ ਹੈ। ਉਸਨੇ ਪੰਜਾਬੀ ਜੀਵਨ ਦੇ ਅਹਿਮ ਅਤੇ ਗੁੰਝਲਦਾਰ ਸੰਕਟਾਂ ਨੂੰ ਔਰਤ ਹੋਂਦ ਅਤੇ ਹੋਣੀ ਦੇ ਸਮਾਨਾਂਤਰ ਜ਼ੁਬਾਨ ਦਿੱਤੀ ਹੈ। 'ਕਥਾ ਕੁਕਨੂਸ ਦੀ' ਦਲੀਪ ਕੌਰ ਟਿਵਾਣਾ ਦੀ ਸਥਾਪਿਤ ਨਾਵਲ ਨਿਗਾਰ ਤੋਂ ਨਿਵੇਕਲੀ ਸੁਰ ਵਾਲੀ ਰਚਨਾ ਹੈ। ਬਿਰਤਾਂਤਕਾਰਾ ਮੂਲਵਾਸ ਅਤੇ ਪਰਵਾਸ ਦੇ ਦਵੰਦ ਨੂੰ ਚਿਤਰਦਿਆਂ ਮਾਨਵੀ ਹੋਂਦ ਨਾਲ ਜੁੜੇ ਬਹੁਤ ਸੰਵੇਦਨਸ਼ੀਲ ਮੁੱਦਿਆਂ ਨੂੰ ਜ਼ੁਬਾਨ ਦਿੰਦੀ ਹੈ। ਦੇਸ ਤੋਂ ਵਿਛੋੜੇ ਦਾ ਸੱਲ, ਨਸਲੀ ਵਿਤਕਰਾ, ਭਾਰੂ ਸੱਭਿਆਚਾਰ ਦੇ ਬਹੁਪੱਖੀ ਪ੍ਰਭਾਵਾਂ ਨੂੰ ਜਰਦਿਆਂ ਆਪਣੇ ਨੈਤਿਕ ਮੁੱਲਾਂ ਨੂੰ ਬਚਾਉਣਾ ਪਰਵਾਸੀਆਂ ਲਈ ਬਹੁਤ ਵਿਖਮ ਕਾਰਜ ਹੈ। ਬਿਰਤਾਂਤਕਾਰਾਂ ਕਥਾ ਕੁਕਨੂਸ ਦੀ ਰਾਹੀਂ ਮੂਲਵਾਸ ਅਤੇ ਪਰਵਾਸ ਵਿਚਕਾਰ ਝੂਲਦੀ ਮਾਨਸਿਕਤਾ ਤੋਂ ਲੈ ਆਪਣੀ ਹੋਂਦ ਅਤੇ ਪਛਾਣ ਲਈ ਜੱਦੋ ਜਹਿਦ ਕਰਦੇ ਪਰਵਾਸੀਆਂ ਅਤੇ ਦਵੰਦਗ੍ਰਸਤ ਮਨੋਸਥਿਤੀ ਦਾ ਸੰਤਾਪ ਭੋਗਦੀਆਂ ਪਰਵਾਸੀ ਔਰਤਾਂ ਦੇ ਬਹੁਪਰਤੀ ਸੰਕਟਾਂ ਨੂੰ ਅਗਰਭੂਮੀ ਵਿਚ ਲਿਆਉਂਦੀ ਹੈ। ਬਿਰਤਾਂਤਕਾਰਾ ਇਸ ਨਾਵਲ ਰਾਹੀਂ ਇਹ ਤਰਕ ਸਥਾਪਿਤ ਕਰਦੀ ਹੈ ਕਿ ਵਿਭਿੰਨ ਵਰਤਾਰਿਆ ਪ੍ਰਤੀ ਸਾਡੇ ਵਿਹਾਰ ਨੂੰ ਨਿਯੰਤਰਤ ਕਰਨ ਵਿਚ ਸਾਡੀਆਂ ਨੈਤਿਕ ਮਾਨਤਾਵਾਂ ਅਤੇ ਸਭਿਆਚਾਰਕ ਅਵਚੇਤਨ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਕਥਾ ਕੁਕਨੂਸ ਦੀ ਨਾਵਲ ਦੇ ਸਿਰਲੇਖ ਨੂੰ ਵਾਚੀਏ ਤਾਂ ਇਸਦਾ ਸਿਰਲੇਖ ਨਿਰੋਲ ਮਿਥ ਜਾਂ ਕਲਪਨਾ ਜਾਂ ਖਿਆਲੀ ਉਧੇੜ-ਬੁਣ ਦੇ ਰੂਪ ਵਿਚ ਨਹੀਂ ਸਗੋਂ ਮਾਨਵੀ ਹੋਂਦ ਦੀ ਯਥਾਰਥਕ ਅਨੁਭੂਤੀ ਦੀ ਨਿਰੰਤਰਤਾ ਹੈ। ਬਿਰਤਾਂਤਕਾਰਾ ਕੁਕਨੂਸ ਦੀ ਮਿਥ ਰਾਹੀਂ ਸਮਾਜ ਦੀਆਂ ਆਦਰਸ਼ਕ ਅਤੇ ਪਦਾਰਥਕ ਧਿਰਾਂ ਨੂੰ ਮਨੁੱਖੀ ਹੋਂਦ ਦੇ ਵਿਭਿੰਨ ਧਰਾਤਲਾਂ ਰਾਹੀਂ ਚਿਤਰਦੀ ਹੈ। ਹਰਿੰਦਰ ਸਿੰਘ ਮਹਿਬੂਬ ਨਾਵਲ ਦੇ ਸਿਰਲੇਖ ਨੂੰ ਪਾਤਰਾਂ ਦੇ ਸਨਮੁੱਖ ਰੱਖ ਕੇ ਵਾਚਦੇ ਹਨ:

> ਮਿਥ ਦਾ ਕੁਕਨੂਸ ਰਾਖ ਹੋ ਕੇ ਜਦੋਂ ਮੁੜ ਭਰਪੂਰ ਬਰਸਾਤ ਵਿਚ ਜਨਮਦਾ ਹੈ ਤਾਂ ਠੋਸ ਹਕੀਕਤ ਦੇ ਲੁਕਵੇਂ ਅਤੇ ਜ਼ਾਹਰੀ ਪੱਖ ਆਪਣੇ ਸਾਬਤ ਪਰਮ ਨਿਯਮ ਨੂੰ ਵੇਖਦੇ ਹਨ। 'ਕਥਾ ਕੁਕਨੂਸ ਦੀ' ਵਿਚ ਗੌਤਮੀ ਅਤੇ ਭਾਰਤੀ ਹਕੀਕਤ ਦੀ ਪੂਰਨ ਬੇਦਾਗ ਰੌਸ਼ਨੀ ਵੱਲ ਦ੍ਰਿੜਤਾ ਨਾਲ ਸਫ਼ਰ ਕਰ ਰਹੇ ਪਾਤਰ ਹਨ। ਨਿਰਮਲ ਅਤੇ ਕਲਿਆਣੀ ਹਕੀਕਤ ਦੀ ਕੁਝ ਮੱਧਮ ਪਰ ਫੇਰ ਵੀ ਸਿਹਤਮੰਦ ਰੌਸ਼ਨੀ ਦੀ ਕੰਨਸੋਅ ਲੈ ਰਹੇ ਪਾਤਰ ਹਨ। ਲੇਖਿਕਾ ਨੇ ਜੀਵਨ ਦੀ ਅਸਲੀਅਤ ਵਿਚ ਨੇਕੀ ਅਤੇ ਬਦੀ ਨਾਲ ਇਹਨਾਂ ਪਾਤਰਾਂ ਦੀ ਸੁਰਤ ਦੀ ਚੜ੍ਹਤਲ ਦਾ ਤਾਲ ਅਟੁੱਟ ਬੰਨ੍ਹਿਆ ਹੋਇਆ ਹੈ।[1]

ਨਾਵਲੀ ਬਿਰਤਾਂਤ ਵਿਚ ਪਰਵਾਸ ਅਤੇ ਪਰਵਾਸੀ ਜੀਵਨ ਦੀਆਂ ਸਮੱਸਿਆਵਾਂ, ਮੈਡਮ ਭਾਰਤੀ ਅਤੇ ਨਿਰਮਲ ਰਾਹੀਂ ਸਾਕਾਰ ਹੋਈ ਗੁਰੂ ਸ਼ਿਸ਼ ਪਰੰਪਰਾ, ਭੂਆ ਗੌਤਮੀ ਜਿਹੇ ਪਾਤਰਾਂ ਰਾਹੀਂ ਜਿਉਂਦੀ ਭਾਰਤੀ ਅਧਿਆਤਮਕ ਅਤੇ ਦਾਰਸ਼ਨਿਕ ਪਰੰਪਰਾ ਪੂਰਬੀ ਅਤੇ ਪੱਛਮੀ ਜੀਵਨ ਦ੍ਰਿਸ਼ਟੀ ਵਿਚਲੇ ਅੰਤਰ ਨੂੰ ਸੁਭਾਵਿਕ ਰੂਪ ਵਿਚ ਪੇਸ਼

Volume: 13, March 2026 ISSN: 2394-0980
PP: 75-87

ਹੋਏ ਹਨ। ਨਾਵਲ ਵਿਚ ਨਿਰਮਲ ਦੇ ਪਾਤਰ ਰਾਹੀਂ ਪਰਵਾਸੀ ਬੰਦੇ ਦੀ ਮਾਨਸਿਕਤਾ ਨੂੰ ਨਾਵਲਕਾਰਾ ਬਾਖੂਬੀ ਪੇਸ਼ ਕਰਦੀ ਹੈ। ਇਸ ਸਬੰਧੀ ਹੇਠ ਦਰਜ ਉਚਾਰ ਗੌਲਣ ਯੋਗ ਹੈ:

ਮੈਂ ਕਈ ਵਾਰੀ ਸੋਚਦਾ ਹਾਂ ਅਸੀਂ ਆਪਣੀਆਂ ਕਿਹੜੀਆਂ ਇੱਛਾਵਾਂ ਦੇ ਮਗਰ-ਮਗਰ ਤੁਰਦੇ ਏਡੀ ਦੂਰ ਸੱਤ ਸਮੁੰਦਰਾਂ ਤੋਂ ਪਾਰ, ਪੰਛੀਆਂ ਵਾਂਗ, ਬੇਗਾਨੇ ਦੇਸ਼ਾਂ ਵਿਚ, ਬੇਗਾਨੀਆਂ ਧਰਤੀਆਂ ਉੱਪਰ ਆ ਉਤਰੇ ਹਾਂ? ਪੈਸੇ ਕਮਾਣ? ਪੈਸੇ ਕਮਾਣ ਮਗਰੋਂ ਕੀ ਅਸੀਂ ਆਪਣੇ ਦੇਸ਼, ਆਪਣੇ ਘਰਾਂ ਨੂੰ ਮੁੜ ਸਕਾਂਗੇ।[2]

ਨਾਵਲ ਇਹ ਧੁਨੀ ਸੰਚਾਰਦਾ ਨਜ਼ਰ ਆਉਂਦਾ ਹੈ ਕਿ ਪਰਦੇਸ, ਜੀਵਨ ਦੀਆਂ ਨੈਤਿਕ ਕਦਰਾਂ ਨੂੰ ਮੱਠਾ ਕਰ ਦਿੰਦਾ ਹੈ। ਅੰਤਰਰਾਸ਼ਟਰੀ ਵਰਤਾਰੇ ਦਾ ਰੂਪ ਧਾਰਨ ਕਰ ਚੁੱਕੀ ਪਰਵਾਸ ਦੀ ਪ੍ਰਕਿਰਿਆ ਅਧੀਨ ਪੰਜਾਬੀਆਂ ਨੇ ਸ਼ੌਕ ਜਾਂ ਮਜਬੂਰੀ ਵੱਸ, ਰੁਜ਼ਗਾਰ ਦੀ ਭਾਲ ਵਿਚ ਜਾਂ ਪਦਾਰਥਕ ਸੁੱਖ ਸਹੂਲਤਾਂ ਦੀ ਤਾਂਘ ਵਿਚ ਓਪਰੀਆਂ ਅਤੇ ਬੇਗਾਨੀਆਂ ਧਰਤੀਆਂ 'ਤੇ ਪੈਰ ਧਰੇ ਹਨ। ਅੰਤਾਂ ਦੀ ਜੱਦੋ ਜਹਿਦ ਸਦਕਾ ਪਰਵਾਸੀ ਪੰਜਾਬੀਆਂ ਨੇ ਆਪਣੇ-ਆਪ ਨੂੰ ਰੋਜ਼ੀ-ਰੋਟੀ ਦੇ ਕਾਬਿਲ ਤਾਂ ਬਣਾ ਲਿਆ ਪਰ ਇਸਦੇ ਬਦਲੇ ਉਹਨਾਂ ਨੂੰ ਬਹੁਤ ਕੁਝ ਗੁਆਉਣਾ ਵੀ ਪਿਆ। ਦੇਸ਼ ਤੋਂ ਵਿਛੋੜੇ ਦਾ ਸੱਲ, ਨਸਲੀ ਵਿਤਕਰਾ ਅਤੇ ਭਾਵਨਾਤਮਕ ਅਸੁਰੱਖਿਅਤਾ ਜਿਹੇ ਸੰਵੇਦਨਸ਼ੀਲ ਮੁੱਦਿਆਂ ਦੇ ਨਾਲ ਪਰਵਾਸੀ ਪੰਜਾਬੀ ਲਈ ਵੱਡਾ ਸੰਕਟ ਸਭਿਆਚਾਰਕ ਪਛਾਣ ਦਾ ਹੈ। ਭਾਰੂ ਸਭਿਆਚਾਰ ਦੇ ਬਹੁ-ਪੱਖੀ ਪ੍ਰਭਾਵਾਂ ਨੂੰ ਜਰਦਿਆਂ ਆਪਣੇ ਮੂਲ ਸਭਿਆਚਾਰਕ ਅਤੇ ਨੈਤਿਕ ਸਰੋਕਾਰਾਂ ਨੂੰ ਬਚਾਉਣਾ ਪਰਵਾਸੀ ਬੰਦੇ ਦੀ ਵੱਡੀ ਲੜਾਈ ਹੈ। ਪੱਛਮੀ ਪ੍ਰਭਾਵਾਂ ਨਾਲ ਰੂਪਾਂਤਰਿਤ ਹੋਈ ਨੁਹਾਰ ਨੂੰ ਲੈ ਕੇ ਮੂਲ ਪੰਜਾਬੀ ਸਭਿਆਚਾਰ ਵਿਚ ਪ੍ਰਵਾਨਗੀ ਦਾ ਸੁਆਲ ਪਰਵਾਸੀ ਬੰਦੇ ਦੀ ਪਛਾਣ ਦੇ ਸੰਕਟ ਨੂੰ ਹੋਰ ਡੂੰਘਾ ਕਰ ਦਿੰਦਾ ਹੈ। ਪਰਵਾਸ ਅਤੇ ਇਸ ਵਿਚੋਂ ਉਪਜੇ ਪਰਵਾਸੀ ਸੰਕਟ ਬਾਰੇ ਅਮਰਜੀਤ ਕੌਰ ਦੀ ਹੇਠ ਲਿਖੀ ਧਾਰਨਾ ਨੂੰ ਦੇਖਿਆ ਜਾ ਸਕਦਾ ਹੈ:

ਪਰਵਾਸੀ ਪੰਜਾਬੀ ਇਕ ਭੂਗੋਲਿਕ ਇਕਾਈ ਤੋਂ ਹੀ ਨਹੀਂ ਇਕ ਭਰਪੂਰ ਸਭਿਆਚਾਰਕ ਜੀਵਨ ਸ਼ੈਲੀ ਤੋਂ ਵਿਛੜ ਕੇ ਜਾਂਦਾ ਹੈ ਕਿਉਂਕਿ ਪੰਜਾਬ ਇਕ ਖਿੱਤੇ ਦਾ ਨਾਮ ਨਹੀਂ ਇਹ ਇਕ ਬੌਧਿਕ ਅਤੇ ਭਾਵਾਤਮਕ ਕੈਫ਼ੀਅਤ ਦਾ ਨਾਂ ਹੈ। ਇਸ ਵਿਚ ਪੰਜਾਬ ਦਾ ਇਤਿਹਾਸ, ਧਰਮ, ਧਰਤੀ ਤੇ ਚਿੰਤਨ ਸਾਰੇ ਤੱਤ ਅਨੇਕ-ਪਰਤੀ ਸਬੰਧਾਂ ਵਿਚ ਬੱਝੇ ਹੋਏ ਇਕੋ ਸਮੇਂ ਹੀ ਸ਼ਾਮਲ ਹਨ।[3]

ਪਰਵਾਸੀਆਂ ਲਈ ਆਪਣੀ ਹੋਂਦ ਅਤੇ ਪਛਾਣ ਨੂੰ ਕਾਇਮ ਰੱਖਣ ਤੋਂ ਬਾਅਦ ਸਭ ਤੋਂ ਵੱਡਾ ਸੰਕਟ ਪੂਰਬੀ ਅਤੇ ਪੱਛਮੀ ਜੀਵਨ ਸ਼ੈਲੀ ਵਿਚ ਸੰਤੁਲਨ ਸਥਾਪਿਤ ਕਰਨ ਦਾ ਹੈ। ਨੈਤਿਕ ਕਦਰਾਂ-ਕੀਮਤਾਂ ਦਾ ਸੰਤੁਲਨ ਪਰਵਾਸੀ ਪੰਜਾਬੀਆਂ ਲਈ ਵਿਖ਼ਮ ਪ੍ਰਕਿਰਿਆ ਹੈ ਜਿਹੜੀ ਉਹਨਾਂ ਦੇ ਜੀਵਨ ਦੇ ਸਮੁੱਚੇ ਪਸਾਰੇ ਨੂੰ ਆਪਣੇ ਕਲੇਵਰ ਵਿਚ ਸਮੇਟ ਲੈਂਦੀ ਹੈ। ਵਿਭਿੰਨ ਵਰਤਾਰਿਆਂ ਪ੍ਰਤੀ ਤਰਕ ਜਾਂ ਵਿਚਾਰ ਦੀ ਪੱਧਰ 'ਤੇ ਸਾਡਾ ਵਿਵਹਾਰ ਭਾਂਵੇ ਕਿਵੇਂ ਦਾ

Volume: 13, March 2026 ISSN: 2394-0980
PP: 75-87

ਵੀ ਹੋਵੇ ਪ੍ਰੰਤੂ ਸਾਡੀਆਂ ਨੈਤਿਕ ਮਾਨਤਾਵਾਂ, ਭਾਸ਼ਾ ਅਤੇ ਪਛਾਣ ਜਿਹੀਆਂ ਪ੍ਰਵਿਰਤੀਆਂ ਨੂੰ ਨਿਯੰਤਰਿਤ ਕਰਨ ਵਿਚ ਸਭਿਆਚਾਰਕ ਅਵਚੇਤਨ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਜ਼ਿੰਦਗੀ ਦੇ ਵੀਹ ਜਾਂ ਪੱਚੀ ਸਾਲ ਪੰਜਾਬੀ ਮਾਹੌਲ ਵਿਚ ਗੁਜਾਰਨ ਵਾਲੇ ਪਰਵਾਸੀ ਬੰਦੇ ਲਈ ਉਮੰਗਾਂ ਦੀ ਆਖਰੀ ਹਾਰ ਵਿਦੇਸ਼ ਵਿਚ ਪੈਦਾ ਹੋਈ ਔਲਾਦ ਦੇ ਰਵੱਈਏ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਵਿਦੇਸ਼ੀ ਸਭਿਆਚਾਰ ਦੇ ਪ੍ਰਭਾਵ ਅਧੀਨ ਬਿਲਕੁਲ ਵੱਖਰੀ ਕਿਸਮ ਦੀ ਜ਼ਿੰਦਗੀ ਜਿਉਣ ਵਾਲੀ ਪਰਵਾਸੀ ਪੰਜਾਬੀ ਦੀ ਔਲਾਦ ਮੂਲਵਾਸ ਦੇ ਨੈਤਿਕ ਮਾਪਦੰਡਾਂ ਅਤੇ ਕਦਰਾਂ-ਕੀਮਤਾਂ 'ਤੇ ਪੂਰਾ ਨਹੀਂ ਉਤਰਦੀ। ਬਦਲਦੇ ਜੀਵਨ ਮੁੱਲਾਂ ਦੇ ਸੰਦਰਭ ਵਿਚ ਆਪਣੀ ਹੋਂਦ ਅਤੇ ਪਛਾਣ ਦੇ ਗੁਆਚਣ ਦਾ ਦਰਦ ਪਰਵਾਸੀ ਪੰਜਾਬੀ ਬੰਦੇ ਲਈ ਅਸਿਹ ਪੀੜ੍ਹਾ ਦਾ ਕਾਰਨ ਹੋ ਨਿਬੜਦਾ ਹੈ। ਉਹਨਾਂ ਦੀ ਮਾਨਸਿਕਤਾ ਮੂਲਵਾਸ ਅਤੇ ਪਰਵਾਸ ਦੇ ਵਿਚ-ਵਿਚਕਾਰ ਝੂਲਣ ਲੱਗਦੀ ਹੈ। ਵਤਨ ਤੋਂ ਵਿਛੋੜਾ ਅਤੇ ਵਤਨ ਪਰਤ ਨਾ ਸਕਣ ਦੀ ਬੇਬਸੀ 'ਕਥਾ ਕੁਕਨਸ ਦੀ' ਦੇ ਮੁੱਖ ਪਾਤਰ ਨਿਰਮਲ ਦੇ ਮੂੰਹੋ ਬੜੇ ਸੁਭਾਵਿਕ ਰੂਪ ਵਿਚ ਪੇਸ਼ ਹੁੰਦੀ ਹੈ:

ਲਗਦਾ ਹੈ, ਮੈਂ ਵੀ ਮਰ ਜਾਣਾ ਐ ਤੇ ਇਥੋਂ ਦੇ ਕਬਰਸਤਾਨ ਵਿਚ ਹੀ ਮੈਨੂੰ ਵੀ ਦੱਬ ਦੇਣਗੇ। ਪਰ ਨਹੀਂ ਮੈਂ ਕਿਹੜਾ ਕਰਿਸਚਨ ਹਾਂ ਜੋ ਦੱਬਣਗੇ। ਮੈਨੂੰ ਤਾਂ ਬਿਜਲੀ ਨਾਲ ਸਾੜ ਦੇਣਗੇ ਤੇ ਕਲਿਆਣੀ ਮੇਰੀ ਸਵਾਹ ਇੰਡੀਆ ਜਾ ਕੇ ਗੰਗਾ ਵਿਚ ਤੇਰ ਆਵੇਗੀ। ਉਥੇ ਹਰਿਦੁਆਰ ਜਾ ਕੇ, ਗੰਗਾ ਵਿਚ ਮੇਰੀ ਸਵਾਹ ਜਲ ਪਰਵਾਹ ਕਰਕੇ, ਪਿੰਨ ਭਰਵਾ ਕੇ ਗਤ ਕਰਵਾ ਕੇ ਤੇ ਕੁਲ ਪੁਰੋਹਿਤ ਦੀ ਵਹੀ ਵਿਚ ਮੇਰੇ ਪੂਰਵਜਾਂ ਦੇ ਨਾਮਾਂ ਨਾਲ ਮੇਰਾ ਨਾਮ ਲਿਖਵਾ ਕੇ ਉਹ ਇਥੇ ਪਰਤ ਆਵੇਗੀ। ਤੇ ਫਿਰ ਕਦੇ ਕਦਾਈ ਸੁਪਨੇ ਦੀ ਨਿਆਈ ਉਸ ਨੂੰ ਖਿਆਲ ਆ ਜਾਇਆ ਕਰੇਗਾ ਕਿ ਇਕ ਹੁੰਦਾ ਸੀ ਨਿਰਮਲ...[4]

ਪਰਦੇਸ ਦੀ ਪੂੰਜੀ ਕੇਂਦਰਿਤ ਜ਼ਿੰਦਗੀ ਰਿਸ਼ਤਿਆਂ ਦੀ ਨੈਤਿਕਤਾ ਨੂੰ ਮੱਧਮ ਕਰ ਦਿੰਦੀ ਹੈ। ਇਸਦੀ ਮਿਸਾਲ ਨਾਵਲ ਵਿਚੋਂ ਮੈਡਮ ਭਾਰਤੀ ਦੇ ਭੈਣ ਅਤੇ ਭਰਾ ਦਾ ਮੈਡਮ ਭਾਰਤੀ ਪ੍ਰਤੀ ਵਿਵਹਾਰ ਹੈ। ਨਿਰਮਲ ਮੈਡਮ ਭਾਰਤੀ ਦੇ ਭੈਣ ਅਤੇ ਭਰਾ ਦੇ ਸਮਵਿੱਥ ਪਰਦੇਸ ਰਹਿਣ ਦੇ ਬਾਵਜੂਦ ਉਚੇਰੀਆਂ ਕਦਰਾਂ ਨਾਲ ਲਬਰੇਜ਼ ਪੇਸ਼ ਕੀਤਾ ਗਿਆ ਹੈ। ਉਸਦਾ ਆਪਣੇ ਮੂਲਵਾਸ ਨਾਲ ਗਹਿਰਾ ਨਾਤਾ ਉਸਦੀ ਨੈਤਿਕਤਾ ਨੂੰ ਬਚਾਈ ਰੱਖਣ ਵਿਚ ਅਹਿਮ ਰੋਲ ਅਦਾ ਕਰਦਾ ਹੈ। ਇਸ ਕਾਰਨ ਹੀ ਉਹ ਪੰਜਾਬ ਵਾਰ-ਵਾਰ ਆਉਂਦਾ ਹੈ। ਆਪਣੇ ਵਤਨ ਅਤੇ ਸਭਿਆਚਾਰ ਤੋਂ ਦੂਰ, ਬੇਗਾਨੀਆਂ ਧਰਤੀਆਂ ਉੱਤੇ ਵਸੇ ਪੰਜਾਬੀ ਪਦਾਰਥਕ ਸੁਖ ਸਹੂਲਤਾਂ ਦੀ ਬਹੁਤਾਤ ਵਿਚ ਵੀ ਸਦੀਵੀਂ ਉਦਾਸੀ ਅਤੇ ਉਦਰੇਵਾਂ ਹੰਢਾਉਂਦੇ ਹਨ। ਬੱਚਿਆਂ ਦਾ ਆਪਣੇ ਮਾਪਿਆਂ ਤੋਂ ਵਿਪਰੀਤ ਨੈਤਿਕ ਕਦਰਾਂ ਕੀਮਤਾਂ ਨੂੰ ਅਪਣਾਉਣਾ ਮਾਪਿਆਂ ਲਈ ਡੂੰਘੀ ਉਦਾਸੀ ਦਾ ਕਾਰਨ ਬਣਦਾ ਹੈ। ਜਿਸ ਨਾਲ ਭਾਰਤੀ/ਪੰਜਾਬੀ ਕਦਰ ਪ੍ਰਬੰਧ ਵਿਚ ਰੂਪਾਂਤਰਣ ਵਾਪਰਦਾ ਹੈ। ਨਾਵਲ ਵਿਚ ਇਹ ਰੂਪਾਂਤਰਣ ਨਿਰਮਲ ਅਤੇ ਕਲਿਆਣੀ ਦੀ ਧੀ ਨੇਹਾ ਦੇ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 75-87

ਹਵਾਲੇ ਨਾਵਲ ਵਿਚ ਹੋਂਦ ਗ੍ਰਹਿਣ ਕਰਦਾ ਹੈ। ਨੇਹਾ ਪਰਦੇਸ ਵਿਚ ਪੈਦਾ ਹੋਣ ਕਾਰਨ ਇਕ ਵੱਖਰੀ ਤਰ੍ਹਾਂ ਦੀ ਨੈਤਿਕਤਾ ਦੀ ਧਾਰਨੀ ਹੈ। ਭਾਵੇਂ ਇਹ ਨੈਤਿਕਤਾ ਪੰਜਾਬੀ ਨੈਤਿਕਤਾ ਤੋਂ ਵੱਖਰੀ ਤਰ੍ਹਾਂ ਦੀ ਹੈ ਪਰ ਫਿਰ ਵੀ ਨਾਵਲ ਦੀ ਧੁਨੀ ਇਸਨੂੰ ਬੁਰਾ ਸਿੱਧ ਨਹੀਂ ਕਰਦੀ। ਇਸ ਨੈਤਿਕਤਾ ਦਾ ਪਹਿਲਾ ਸੂਤਰ ਮਾਂ-ਬਾਪ ਨਾਲ ਦੋਸਤੀ ਵਾਲਾ ਸੰਬੰਧ ਹੋਣ ਦਾ ਹੈ। ਨੇਹਾ ਆਪਣੇ ਮਾਂ-ਬਾਪ ਨਾਲ ਵਿਆਹ ਬਾਬਤ ਖੁੱਲੀ ਗੱਲਬਾਤ ਕਰਦੀ ਹੈ। ਉਹ ਇਕ ਮੁਸਲਮਾਨ ਮੁੰਡੇ ਨੂੰ ਵਿਆਹ ਹਿੱਤ ਪਸੰਦ ਕਰਦੀ ਹੈ। ਨਿਰਮਲ ਦਾ ਇਸ ਚੋਣ ਪ੍ਰਤੀ ਨਜ਼ਰੀਆ ਨੈਤਿਕਤਾ ਦੇ ਬਦਲ ਰਹੇ ਪ੍ਰਤੀਮਾਨਾਂ ਨੂੰ ਜ਼ੁਬਾਨ ਦਿੰਦਾ ਹੈ। ਉਹ ਨੇਹਾ ਦੀ ਇਸ ਚੋਣ ਪ੍ਰਤੀ ਦੁਬਿਧਾ ਵਿਚ ਹੈ। ਪਰ ਉਹ ਸਵੈ ਸੰਘਰਸ਼ ਕਰਦਾ ਹੈ ਅਤੇ ਨੇਹਾ ਦੇ ਫੈਸਲੇ ਦੀ ਕਦਰ ਕਰਦਾ ਹੈ। ਪਰਵਾਸ ਨੇਹਾ ਦੇ ਹਵਾਲੇ ਨਿਰਮਲ ਦੀ ਨੈਤਿਕ ਪਹੁੰਚ ਨੂੰ ਰੂਪਾਂਤਰਿਤ ਕਰ ਦਿੰਦਾ ਹੈ। ਇਸ ਪੱਖੋਂ ਪਰਵਾਸ ਦਾ ਹਾਂ-ਮੁਖੀ ਯੋਗਦਾਨ ਸਾਕਾਰ ਹੁੰਦਾ ਹੈ। ਬਦਲੇ ਹੋਏ ਨੈਤਿਕ ਪ੍ਰਤੀਮਾਨ ਅਤੇ ਸਮਾਜਿਕ ਅਸੁਰੱਖਿਅਤਾ ਦੀ ਭਾਵਨਾ ਹਿੰਦੁਸਤਾਨੀ ਔਰਤਾਂ ਲਈ ਹੋਂਦ ਅਤੇ ਪਛਾਣ ਦੇ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿੰਦੀ ਹੈ। ਪਦਾਰਥਕ ਸੁਖ ਸਹੂਲਤਾਂ ਦੀ ਬਹੁਤਾਤ ਵਾਲੇ ਸਭਿਆਚਾਰਾਂ ਵਿਚ ਪਛਾਣ ਦਾ ਸੰਕਟ ਨੈਤਿਕ ਕਦਰਾਂ ਕੀਮਤਾਂ ਨੂੰ ਜੀਵਨ ਆਦਰਸ਼ ਮੰਨਣ ਵਾਲੀਆਂ ਸੂਖਮ ਭਾਵੀ ਔਰਤਾਂ ਦਾ ਸਾਂਝਾ ਸੰਕਟ ਹੈ। ਦੋ ਵੱਖਰੇ-ਵੱਖਰੇ ਸਭਿਆਚਾਰਕ ਧਰਾਤਲਾਂ ਉੱਤੇ ਵਿਚਰਦੀ ਮਾਨਸਿਕਤਾ ਨਾ ਹੀ ਉਹਨਾਂ ਨੂੰ ਅੰਗਰੇਜ਼ ਔਰਤਾਂ ਵਾਂਗ ਰਹਿਣ ਦਿੰਦੀ ਹੈ ਅਤੇ ਨਾ ਹੀ ਹਿੰਦੁਸਤਾਨੀ ਔਰਤਾਂ ਵਰਗਾ। ਉਹ ਦਵੰਦਗ੍ਰਸਤ ਮਨੋਸਥਿਤੀ ਦਾ ਸੰਤਾਪ ਭੋਗਦੀਆਂ ਘਰ ਤੋਂ ਕੰਮ ਅਤੇ ਕੰਮ ਤੋਂ ਘਰ ਕੋਹਲੂ ਦੇ ਬੈਲ ਵਾਂਗ ਰਿੜਦੀਆਂ ਪਰਵਾਸੀ ਹੋਂਦ ਦੇ ਬਹੁਪਰਤੀ ਅਤੇ ਬਹੁਪਸਾਰੀ ਸੰਕਟਾਂ ਨੂੰ ਹੰਢਾਉਂਦੀਆਂ ਹਨ। ਨਾਵਲ ਵਿਚ ਗੁੱਡੀ ਅਰਥਾਤ ਮਿਸਿਜ਼ ਸੋਮਲ ਇਸੇ ਸਥਿਤੀ ਨੂੰ ਹੰਢਾਉਂਦੀ ਨਜ਼ਰ ਆਉਂਦੀ ਹੈ:

ਮੈਨੂੰ ਹੀ ਪਤਾ ਹੈ ਜਿਵੇਂ ਮੈਂ ਇਹ ਸਾਰੇ ਵਰ੍ਹੇ ਕੱਟੇ ਨੇ। ਆਪਣੇ ਘਰ ਦੀ ਗੱਲ ਕਰਕੇ ਬੰਦਾ ਆਪਣੇ ਆਪ ਨੂੰ ਹੀ ਛੋਟਾ ਕਰਦੈ। ਇਧਰ ਆਕੇ ਬੰਦੇ ਜਿਵੇਂ ਬੰਦੇਈ ਨੀ ਰਹਿ ਜਾਂਦੇ। ਹਰ ਵੇਲੇ ਗੋਰੀਆਂ ਨਾਲ ਮੁਕਾਬਲਾ ਕਰਦੇ ਰਹਿਣਗੇ। ਬਈ ਕੋਈ ਪੁਛੇ ਇਥੇ ਹੀ ਕਿਸੇ ਗੋਰੀ ਨਾਲ ਕਰ ਲਵੋ ਵਿਆਹ ਉਧਰ ਕਾਹਦੇ ਲਈ ਧੱਕੇ ਖਾਣ ਜਾਂਦੇਓ, ਨਾਲੇ ਬਗਾਨੀ ਕਿਸੇ ਦੀ ਧੀ ਦੀ ਜ਼ਿੰਦਗੀ ਬਰਬਾਦ ਕਰਦੇਓ।[5]

ਇਸ ਸੰਦਰਭ ਵਿਚ ਕਲਿਆਣੀ ਵੱਖਰੀ ਭਾਂਤ ਦੀ ਨੈਤਿਕਤਾ ਦੀ ਧਾਰਨੀ ਹੈ। ਉਹ ਪੂਰਬੀ ਅਤੇ ਪੱਛਮੀ ਕਦਰਾਂ-ਕੀਮਤਾਂ ਵਿਚ ਟਕਰਾਅ ਅਤੇ ਤਣਾਓ ਦੇ ਬਾਵਜੂਦ ਆਪਣੇ ਪਤੀ ਨਿਰਮਲ ਦੇ ਜਜ਼ਬਾਤਾਂ ਦਾ ਪੱਖ ਪੂਰਦੀ ਭਾਵੁਕ ਪਲਾਂ ਵਿਚ ਉਸ ਦੇ ਨਾਲ ਖੜਦੀ ਹੈ। ਨਾਵਲ ਦੀਆਂ ਵਧੇਰੇ ਘਟਨਾਵਾਂ ਭਾਵੇਂ ਮੈਡਮ ਭਾਰਤੀ ਅਤੇ ਨਿਰਮਲ ਦੇ ਇਰਦ ਗਿਰਦ ਹੀ ਵਾਪਰਦੀਆਂ ਹਨ ਪ੍ਰੰਤੂ ਕਲਿਆਣੀ ਦਾ ਵਿਵਹਾਰ ਪੂਰਬੀ ਅਤੇ ਪੱਛਮੀ ਕਦਰਾਂ-ਕੀਮਤਾਂ ਵਿਚ ਸੰਤੁਲਨ ਸਿਰਜਣ ਦੇ ਆਹਰ ਦਾ ਪ੍ਰਤੀਕ ਹੈ। ਨਾਵਲੀ ਬਿਰਤਾਂਤ ਉਪਜੀਵਕਾ ਕਮਾਉਣ ਹਿਤ ਚੰਗੇ ਪੜ੍ਹੇ ਲਿਖੇ

ਵਿਅਕਤੀਆਂ ਦੇ ਡਾਕੀਆ, ਕੰਡਕਟਰ, ਬਾਰਮੈਨ, ਸੈਲਜ਼ਮੈਨ ਜਿਹੇ ਕਿੱਤਿਆਂ ਨੂੰ ਅਪਨਾਉਣ ਦੀ ਗੱਲ ਕਰਦਾ ਹੈ। ਸਮਾਜਿਕ ਅਤੇ ਬੌਧਿਕ ਤੌਰ 'ਤੇ ਚੇਤਨ ਪਰਵਾਸੀ ਰੋਜ਼ੀ-ਰੋਟੀ ਦੀ ਸਮੱਸਿਆ ਹੱਲ ਹੋ ਜਾਣ ਉਪਰੰਤ ਨਸਲੀ ਵਿਤਕਰੇ, ਕਾਬਜ਼ ਸਭਿਆਚਾਰ ਤੋਂ ਅਲਗਾਵ ਸੰਤਾਪ ਦੇ ਭਾਗੀ ਬਣਦੇ ਹਨ। ਇਸ ਨਾਵਲ ਰਾਹੀਂ ਪਾਤਰ ਆਪਣੇ-ਆਪਣੇ ਜੀਵਨ ਅਨੁਭਵ ਅਤੇ ਜੀਵਨ ਦ੍ਰਿਸ਼ਟੀਕੋਣ ਦੇ ਅਧਾਰ ਤੇ ਆਦਰਸ਼ਕ ਜੀਵਨ ਦੀ ਪਰਿਭਾਸ਼ਾ ਤਹਿ ਕਰਦੇ ਹਨ। ਵੱਖਰੇ ਸਭਿਆਚਾਰ ਅਤੇ ਵੱਖਰੀ ਮਾਨਸਿਕਤਾ ਕਾਰਨ ਨੈਤਿਕ ਪ੍ਰਤੀਮਾਨ ਬਦਲ ਜਾਂਦੇ ਹਨ। ਪਦਾਰਥਕ ਸਭਿਆਚਾਰ ਅਤੇ ਬਦਲਦੀਆਂ ਕਦਰਾਂ ਕੀਮਤਾਂ ਦੇ ਪ੍ਰਭਾਵ ਕਾਰਨ ਗੁੱਡੀ (ਮਿਸਿਜ਼ ਸੋਮਲ) ਪਿਆਰ ਨਾਲ ਭੇਜੀਆਂ ਵੱਡੀ ਭੈਣ ਦੀਆਂ ਵਸਤਾਂ ਨੂੰ ਬੇਕਿਰਕੀ ਦਰਕਿਨਾਰ ਕਰ ਦਿੰਦੀ ਹੈ। ਦਲੀਪ ਕੌਰ ਟਿਵਾਣਾ ਦੇ ਬਾਕੀ ਨਾਵਲਾਂ ਵਾਂਗ ਇਸ ਨਾਵਲ ਵਿਚ ਵੀ ਕੁਰਬਾਨੀ, ਤਿਆਗ ਅਤੇ ਸਮਰਪਣ ਦੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਵਿਭਿੰਨ ਪਾਤਰਾਂ ਦੇ ਹਵਾਲੇ ਨਾਲ ਉਚਿਆਇਆ ਗਿਆ ਹੈ। ਕੁਰਬਾਨੀ ਦੇ ਭਾਵਾਂ ਨੂੰ ਮੈਡਮ ਭਾਰਤੀ ਦੇ ਜੀਵਨ ਵਿਹਾਰ ਦੇ ਹਵਾਲੇ ਨਾਲ ਪੇਸ਼ ਕੀਤਾ ਗਿਆ ਹੈ। ਮੈਡਮ ਭਾਰਤੀ ਦੇ ਚਰਿੱਤਰ ਦੀ ਪੇਸ਼ਕਾਰੀ ਪ੍ਰਭਾਵੀ ਰੂਪ ਵਿਚ ਨਿਰਮਲ ਦੇ ਨੁਕਤਾ-ਨਜ਼ਰ ਤੋਂ ਹੋਈ ਹੈ। ਨਾਵਲ ਵਿਚ ਨਿਰਮਲ 'ਮੈਂ' ਪਾਤਰ ਦੇ ਰੂਪ ਵਿਚ ਹਾਜ਼ਰ ਰਹਿੰਦਾ ਹੈ। ਮੈਡਮ ਭਾਰਤੀ ਦੇ ਵਿਅਕਤਿਤਵ ਨੂੰ ਉਸਾਰਨ ਦੀ ਦੂਜੀ ਜੁਗਤ ਉਸਦੀ ਡਾਇਰੀ ਦੇ ਪੰਨੇ ਹਨ। ਡਾਇਰੀ ਦੇ ਪੰਨੇ ਵੀ 'ਮੈਂ' ਪਾਤਰ ਨਿਰਮਲ ਰਾਹੀਂ ਹੀ ਪੇਸ਼ ਹੁੰਦੇ ਹਨ। ਨਿਰਮਲ ਮੈਡਮ ਭਾਰਤੀ ਦਾ ਬੇਹੱਦ ਸਤਿਕਾਰ ਅਤੇ ਪਿਆਰ ਕਰਦਾ ਹੈ। ਪਿਆਰ ਅਤੇ ਸਤਿਕਾਰ ਦਾ ਇਹ ਸੰਬੰਧ ਮੈਡਮ ਭਾਰਤੀ ਦੇ ਉਚੇਰੇ ਨੈਤਿਕ ਅਤੇ ਦਾਰਸ਼ਨਿਕ ਵਿਅਕਤਿਤਵ ਦੀ ਪੇਸ਼ਕਾਰੀ ਬਣਦਾ ਹੈ। ਨਾਵਲ ਦੇ ਪਾਤਰਾਂ ਸਮੇਤ ਬਿਰਤਾਂਤਕਾਰਾ ਦਾ ਮੈਡਮ ਭਾਰਤੀ ਪ੍ਰਤੀ ਨਜ਼ਰੀਆਂ ਮੈਡਮ ਭਾਰਤੀ ਦੇ ਚਰਿੱਤਰ ਨੂੰ ਲਗਾਤਾਰ ਉਚਿਆਉਂਦਾ ਹੈ। ਨਾਵਲ ਵਿਚ ਕਰਮਿੰਦਰ ਅਤੇ ਮੈਡਮ ਭਾਰਤੀ ਦਾ ਰਿਸ਼ਤਾ ਰਿਸ਼ਤਿਆਂ ਦੀ ਵਿਆਕਰਨ ਦੇ ਹਵਾਲੇ ਨਾਲ ਦੇਹ ਤੋਂ ਪਾਰ ਦਾ ਹੈ। ਇਹ ਗੱਲ ਧਿਆਨਯੋਗ ਹੈ ਕਿ ਮੈਡਮ ਭਾਰਤੀ ਪੂਰੇ ਨਾਵਲ ਵਿਚ ਦੂਸਰਿਆਂ ਬਾਰੇ ਸੋਚਦੀ, ਉਹਨਾਂ ਨੂੰ ਕੁਝ ਨਾ ਕੁਝ ਦਿੰਦੀ ਨਜ਼ਰ ਆਉਂਦੀ ਹੈ। ਉਹ ਕਿਸੇ ਤੋਂ ਬਦਲੇ ਵਿਚ ਕੁਝ ਵੀ ਨਹੀਂ ਲੈਂਦੀ। ਪਰ ਕਰਮਿੰਦਰ ਤੋਂ ਨਾ ਸਿਰਫ਼ ਉਹ ਆਰਥਿਕ ਮੱਦਦ ਸਵੀਕਾਰ ਕਰ ਲੈਂਦੀ ਹੈ ਸਗੋਂ ਉਸ ਦੇ ਦਿੱਤੇ ਘਰ ਵਿਚ ਵੀ ਰਹਿਣ ਲਈ ਚਲੀ ਜਾਂਦੀ ਹੈ। ਨਾਵਲ ਵਿਚ ਮੈਡਮ ਭਾਰਤੀ ਦਾ ਜਿਸ ਤਰ੍ਹਾਂ ਦਾ ਚਰਿੱਤਰ ਪੇਸ਼ ਹੈ, ਉਸ ਦੇ ਸਾਹਮਣੇ ਮੈਡਮ ਭਾਰਤੀ ਦਾ ਕਰਮਿੰਦਰ ਤੋਂ ਇਸ ਤਰ੍ਹਾਂ ਦੀ ਸਹਾਇਤਾ ਲੈਣਾ ਉਲਝਣ ਪੈਦਾ ਕਰਦਾ ਹੈ। ਪਰ ਨਾਵਲ ਨੂੰ ਡੂੰਘਿਆਈ ਨਾਲ ਵਾਚਿਆ ਇਸ ਤਰ੍ਹਾਂ ਹੋਣ ਦਾ ਤਰਕ ਸਮਝ ਆ ਜਾਂਦਾ ਹੈ। ਮੈਡਮ ਭਾਰਤੀ ਦਾ ਕਰਮਿੰਦਰ ਨਾਲ ਮੁਹੱਬਤ ਦਾ ਰਿਸ਼ਤਾ ਹੈ। ਮੁਹੱਬਤ ਦੀ ਪਵਿੱਤਰਤਾ ਕਾਰਨ ਹੀ ਉਸਨੂੰ ਕਰਮਿੰਦਰ ਤੋਂ ਕੁਝ ਲੈਣਾ ਔਖਾ ਨਹੀਂ ਕਰਦਾ। ਇਸ ਕਾਰਨ ਹੀ ਮੈਡਮ ਭਾਰਤੀ ਕਰਮਿੰਦਰ ਨਾਲ ਆਪਣਾ ਰਿਸ਼ਤਾ ਟੁਟ ਜਾਣ ਦੇ ਬਾਵਜੂਦ ਅਣਦਿਸਦੀ ਸਾਂਝ ਦਾ ਰਿਸ਼ਤਾ ਬਣਾਈ ਰੱਖਦੀ ਹੈ। ਇਸ ਬੇਨਾਮ ਰਿਸ਼ਤੇ ਪ੍ਰਤੀ ਅਟੁੱਟ ਵਿਸ਼ਵਾਸ਼ ਹੀ ਉਸਨੂੰ ਜ਼ਿੰਦਗੀ ਦੀਆਂ ਔਖੀਆਂ ਘੜੀਆਂ ਵਿਚ ਅਡੋਲ ਆਸਰਾ

ਦਿੰਦਾ ਹੈ: ਨਿਰਮਲ ਜੇ ਕਦੇ ਮੈਨੂੰ ਕੁਝ ਹੋ ਗਿਆ ਤਾਂ ਉਹਨੂੰ ਮੇਰਾ ਮਤਲਬ ਐ ਕਰਮਿੰਦਰ ਨੂੰ ਆਖੀਂ ਮੇਰੀ ਬੇਟੀ ਨੂੰ ਆਪਣੇ ਕੋਲ ਲੈ ਜਾਵੇ। ਮੇਰੇ ਕੋਲ ਉਸਦਾ ਐਡਰੈਸ ਨਹੀਂ। ਨਹੀਂ ਤਾਂ ਮੈ ਆਪ ਲਿਖ ਦਿੰਦੀ।[6]

ਦੁਨਿਆਵੀ ਜਾਂ ਸੰਸਥਾਗਤ ਰਿਸ਼ਤਿਆਂ ਦੇ ਸਾਰੇ ਰੰਗ ਫਿੱਕੇ ਪੈ ਜਾਣ ਪਿੱਛੋਂ ਮਨੁੱਖ ਦੁਆਰਾ ਸਿਰਜੇ ਰਿਸ਼ਤੇ ਸਮਾਜਿਕ ਪ੍ਰਵਾਨਗੀ ਦੇ ਅਭਾਵ ਵਿਚ ਮਨੁੱਖ ਦੀ ਰੂਹ ਨੂੰ ਸਦੀਵੀ ਖੇੜਾ ਅਤੇ ਅਡੋਲ ਵਿਸ਼ਵਾਸ਼ ਬਖਸ਼ਦੇ ਹਨ। ਇਸੇ ਅਦੁੱਤੀ ਵਿਸਵਾਸ਼ ਦੇ ਸਹਾਰੇ ਹੀ ਮੈਡਮ ਭਾਰਤੀ ਆਪਣਾ ਘਰ-ਬਾਰ ਨਿਰਮਲ ਨੂੰ ਸੌਂਪ ਕੇ ਅਨੰਤ ਯਾਤਰਾ ਵੱਲ ਤੁਰ ਪੈਂਦੀ ਹੈ। ਆਪਣੇ ਪਰਾਏ ਦੇ ਫਰਕ ਤੋਂ, ਦੁਖ-ਸੁਖ ਅਤੇ ਨਰਕ ਸਵਰਗ ਤੋਂ ਅਗਾਂਹ ਉਸਦੀ ਚੇਤਨਾ ਸਮੁੱਚੇ ਬ੍ਰਹਿਮੰਡ ਨੂੰ ਆਪਣੇ ਮੋਹ ਅਤੇ ਅਪਣੱਤ ਦੇ ਘੇਰ ਵਿਚ ਸਮਾਅ ਲੈਂਦੀ ਹੈ:

ਇਹ ਸ਼ਹਿਰ, ਇਹ ਦੁਨੀਆ ਹੁਣ ਤਾਂ ਬਹੁਤ ਛੋਟੇ ਲੱਗ ਰਹੇ ਨੇ। ਸ਼ੁਕਰ ਹੈ ਨੀਰਜਾ ਮੇਰੇ ਕੋਲ ਹੈ। ਤੂੰ ਮੇਰੇ ਕੋਲ ਹੈ। ਕਰਮਿੰਦਰ ਮੇਰੇ ਕੋਲ ਹੈ। ਪ੍ਰੋ. ਸਿਆਲ ਵੀ ਕਿਧਰੇ ਨੇੜੇ-ਤੇੜੇ ਹੀ ਹੈ। ਅਮਰੀਕਾ ਕਿਹੜਾ ਦੂਰ ਹੈ। ਤੁਸੀਂ ਸਾਰੇ ਹੀ ਤਾਂ ਮੇਰੀ ਦੁਨੀਆਂ ਹੋ। ਕਿੰਨੀ ਵਧੀਆ ਦਿਸਦੀ ਹੈ ਇਹ ਦੁਨੀਆਂ ਜੇ ਤੁਸੀਂ ਹਨੇਰੇ ਤੋਂ ਚਾਨਣ ਵੱਲ, ਅਸੱਤ ਤੋਂ ਸੱਤ ਵੱਲ, ਕਾਲ ਤੋਂ ਅਕਾਲ ਵੱਲ ਜਾਓ।[7]

ਮੈਡਮ ਭਾਰਤੀ ਦਾ ਬਤੌਰ ਪਤਨੀ ਵਿਵਹਾਰ ਔਰਤ ਹੋਂਦ ਦੀ ਅਜ਼ਾਦੀ ਤੇ ਪ੍ਰਸ਼ਨ ਚਿੰਨ ਲਾਉਂਦਾ ਹੈ। ਇਸ ਕਰਕੇ ਹੀ ਨਾਵਲ ਵਿਚੋਂ ਮੈਡਮ ਭਾਰਤੀ ਦਾ ਸਵੈ ਨਜ਼ਰ ਨਹੀਂ ਆਉਂਦਾ। ਮੈਡਮ ਭਾਰਤੀ ਦੇ ਸਮਰਪਣ ਅਤੇ ਸਹਿਣਸ਼ੀਲਤਾ ਵਾਲੇ ਵਿਹਾਰ ਕਾਰਨ ਉਹ ਤ੍ਰਾਸਦੀ ਭੋਗਦੀ ਹੈ। ਮੈਡਮ ਭਾਰਤੀ ਦਾ ਪਤੀ ਪ੍ਰੋ. ਸਿਆਲ ਭਾਵੇ ਵਿਆਹ ਤੋਂ ਬਾਅਦ ਉਸਨੂੰ ਪਿਆਰ ਨਹੀਂ ਕਰਦਾ ਪਰ ਫਿਰ ਵੀ ਉਹ ਮੈਡਮ ਭਾਰਤੀ ਦੇ ਵਿਅਕਤਿਤਵ ਦੀਆਂ ਉਚੇਰੀਆਂ ਕਦਰਾਂ ਨੂੰ ਸਵੀਕਾਰ ਕਰਨ ਲਈ ਬੇਵਸ ਨਜ਼ਰ ਆਉਂਦਾ ਹੈ। ਇਸ ਬਾਬਤ ਨਾਵਲ ਵਿਚਲਾ ਹੇਠ ਲਿਖਿਆਂ ਸੰਵਾਦ ਵੇਖਿਆ ਜਾ ਸਕਦਾ ਹੈ:

ਤੂੰ ਭਾਰਤੀ ਦੂਜਿਆਂ ਲਈ ਹੀ ਜਿਊਣਾ ਜਾਣਦੀ ਹੈ ਆਪਣੇ ਲਈ ਨਹੀਂ। ਇਸ ਤਰ੍ਹਾਂ ਤੂੰ ਆਪਣੇ ਜਾਣੇ ਮਾਰਟੀਅਰ ਬਣ ਰਹੀਂ ਹੈਂ ਤੇ ਦੂਜਿਆਂ ਨੂੰ ਗੁਨਾਹਗਾਰ ਬਣਾ ਰਹੀਂ ਹੈ। ਅਸਲ ਵਿਚ ਤੂੰ ਬਹੁਤ ਜਿਆਦਾ ਈਗੋਇਸਟ ਹੈ। ਇਸੇ ਲਈ ਤਾਂ ਕਦੇ ਕੋਈ ਗਲਤੀ ਨਹੀਂ ਕਰਦੀ। ਜਿਹੜਾ ਬੰਦਾ ਆਪ ਗਲਤੀਆਂ ਨਾ ਕਰੇ ਉਹ ਦੂਜਿਆਂ ਦੀ ਗਲਤੀਆਂ ਨੂੰ ਮੁਆਫ ਨਹੀਂ ਕਰ ਸਕਦਾ ਹੁੰਦਾ। ਉਸ ਵਿਚ ਮੁਆਫ ਕਰਨ ਦੀ ਕਸ਼ਮਤਾ ਨਹੀਂ ਹੁੰਦੀ। ਅਜਿਹੇ ਲੋਕ ਆਪਣੇ ਚੰਗੇਪਣ ਨਾਲ ਹੀ ਦੂਜਿਆਂ ਨੂੰ ਦੁਖ ਦਿੰਦੇ ਰਹਿੰਦੇ ਨੇ। ਇਹ ਗੱਲ ਨਹੀਂ ਕਿ ਤੂੰ ਮੈਨੂੰ ਚੰਗੀ ਨਹੀਂ ਲੱਗਦੀ ਪਰ ਮੈਂ ਕਿਧਰੇ ਦੂਰ ਚਲਾ ਜਾਣਾ ਚਾਹੁੰਦਾ ਹਾਂ।[8]

Volume: 13, March 2026 ISSN: 2394-0980
PP: 75-87

ਮੈਡਮ ਭਾਰਤੀ ਦੀ ਨੈਤਿਕਤਾ ਪਤੀ ਨੂੰ ਸਮਰਪਣ ਦਾ ਜ਼ਾਹਰਾ ਪ੍ਰਮਾਣ ਹੈ। ਮੈਡਮ ਭਾਰਤੀ ਦੇ ਪਤੀ ਪ੍ਰੋ. ਸਿਆਲ ਦਾ ਵਿਆਹ ਤੋਂ ਬਾਅਦ ਇਕ ਹੋਰ ਔਰਤ ਨਾਲ ਪ੍ਰੇਮ ਸੰਬੰਧ ਹੈ। ਮੈਡਮ ਭਾਰਤੀ ਦਾ ਇਸ ਸੰਬੰਧ ਪ੍ਰਤੀ ਪੱਖ ਗੋਲਣਯੋਗ ਹੈ। ਉਹ ਇਸ ਰਿਸ਼ਤੇ ਨੂੰ ਲੈ ਕੇ ਨਾ ਤਾਂ ਬਗਾਵਤ ਕਰਦੀ ਹੈ ਅਤੇ ਨਾ ਹੀ ਇਸਨੂੰ ਸਵੀਕਾਰ ਕਰਦੀ ਹੈ। ਪ੍ਰੋ. ਸਿਆਲ ਨਾਵਲ ਵਿਚ ਨੈਤਿਕਤਾ ਨੂੰ ਨਵਾਂ ਜ਼ਾਵੀਆ ਦੇਣ ਲਈ ਕਾਰਜਸ਼ੀਲ ਪਾਤਰ ਹੈ। ਉਹ ਪਹਿਲਾਂ ਮੈਡਮ ਭਾਰਤੀ ਨੂੰ ਵਿਆਹ ਲਈ ਮਨਾਉਂਦਾ ਹੈ ਅਤੇ ਬਆਦ ਵਿਚ ਛੇਤੀ ਹੀ ਉਸ ਤੋਂ ਅੱਕ ਜਾਂਦਾ ਹੈ। ਉਹ ਪਿਆਰ ਪ੍ਰਤੀ ਪ੍ਰਤੀਬੱਧਤਾ ਦੀ ਨੈਤਿਕ ਕਦਰ ਨੂੰ ਨਾਵਲ ਵਿਚ ਰੱਦਣ ਲਈ ਤਤਪਰ ਨਜ਼ਰ ਆਉਂਦਾ ਹੈ। ਉਹ ਇਹ ਤਰਕ ਦਿੰਦਾ ਹੈ ਕਿ ਵਿਆਹ ਤੋਂ ਬਾਅਦ ਇਕ ਵਿਅਕਤੀ ਇਕ ਤੋਂ ਵਧੇਰੇ ਔਰਤਾਂ ਨਾਲ ਪਿਆਰ ਕਰ ਸਕਦਾ ਹੈ। ਉਹ ਰਿਸ਼ਤਿਆਂ ਪ੍ਰਤਿ ਭਾਂਜਵਾਦੀ ਰੁਚੀ ਅਪਣਾਉਂਦਾ ਨਜ਼ਰ ਆਉਂਦਾ ਹੈ। ਪ੍ਰੋ. ਸਿਆਲ ਦੀ ਮਾਇਆ ਨਾਂ ਦੀ ਕਿਸੇ ਔਰਤ ਵਿਚ ਦਿਲਚਸਪੀ ਕਾਰਨ ਅਤੇ ਫਿਰ ਅਮਰੀਕਾ ਜਾ ਕੇ ਕਿਸੇ ਅੰਗਰੇਜ਼ ਔਰਤ ਨਾਲ ਸ਼ਾਦੀ ਕਰਨ ਦੀ ਖਬਰ ਨਾਲ ਮੈਡਮ ਭਾਰਤੀ ਦਾ ਸਹਿਜ ਆਪਾ ਖੰਡਿਤ ਹੋ ਜਾਂਦਾ ਹੈ। ਮਾਂ ਦੇ ਰੂਪ ਵਿਚ ਮੈਡਮ ਭਾਰਤੀ ਆਪਣੇ ਸਵੈ ਨੂੰ ਦਰਕਿਨਾਰ ਨਹੀਂ ਕਰਦੀ ਸਗੋਂ ਪ੍ਰੋ. ਸਿਆਲ ਦੇ ਵਿਰੋਧ ਦੇ ਬਾਵਜੂਦ ਆਪਣੀ ਧੀ ਨੀਰਜਾ ਨੂੰ ਜਨਮ ਦਿੰਦੀ ਹੈ। ਅਸਲ ਵਿਚ ਨਾਵਲਕਾਰਾ ਔਰਤ ਦੇ ਉਸ ਰੂਪ ਨੂੰ ਚਿਤਰਨ ਲਈ ਦ੍ਰਿੜ ਹੈ ਜਿਸ ਵਿਚ ਔਰਤ ਦਾ ਵਜੂਦ ਮਾਂ ਬਣਨ ਤੋਂ ਬਾਅਦ ਹੀ ਸੰਪੂਰਨਤਾ ਗ੍ਰਹਿਣ ਕਰਦਾ ਹੈ। ਔਰਤ ਨੂੰ ਆਪਣੀ ਅੰਦਰੂਨੀ ਸਮਰੱਥਾ ਦਾ ਪੂਰਨ ਗਿਆਨ ਮਾਂ ਬਣਨ ਤੋਂ ਬਾਅਦ ਹੀ ਹੁੰਦਾ ਹੈ। ਸ੍ਰਿਸਟੀ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਲਈ ਪ੍ਰਕਿਰਤੀ ਵੱਲੋਂ ਸਿਰਜਣਾਤਮਕਤਾ ਦੀ ਲਸਾਨੀ ਨਿਹਮਤ ਨਾਲ ਨਿਵਾਜੀ ਔਰਤ ਸਵੈ ਅਤੇ ਸਮਾਜ ਨਾਲ ਸਬੰਧਾਂ ਨੂੰ ਮਰਦ ਨਾਲੋਂ ਬਿਲਕੁਲ ਵੱਖਰੇ ਨਜ਼ਰੀਏ ਤੋਂ ਵੇਖਣ ਅਤੇ ਸਮਝਣ ਦੀ ਕੋਸ਼ਿਸ਼ ਕਰਦੀ ਹੈ। ਇਸ ਨਾਵਲ ਵਿਚ ਮੈਡਮ ਭਾਰਤੀ ਨੂੰ ਜਦੋਂ ਆਪਣੇ ਮਾਂ ਬਣਨ ਬਾਰੇ ਪਤਾ ਲੱਗਦਾ ਹੈ ਤਾਂ ਉਹ ਪ੍ਰੋ. ਸਿਆਲ ਨਾਲ ਆਪਣੀਆਂ ਸਾਰੀਆਂ ਨਰਾਜ਼ਗੀਆਂ ਨਜ਼ਰ ਅੰਦਾਜ਼ ਕਰਕੇ ਉਸਨੂੰ ਖੁਸ਼ਖਬਰੀ ਸੁਣਾਉਣ ਲਈ ਉਡੀਕਣ ਲੱਗ ਪੈਂਦੀ ਹੈ। ਮਾਂ ਹੋਣ ਦੇ ਅਹਿਸਾਸਾਂ ਵਿਚ ਹੀ ਉਸਨੂੰ ਜ਼ਿੰਦਗੀ ਦੇ ਅਸਲ ਅਰਥਾਂ ਦੀ ਸਮਝ ਪੈਂਦੀ ਹੈ। ਇਸੇ ਲਈ ਜਦੋਂ ਪ੍ਰੋ. ਸਿਆਲ ਐਬਾਰਸ਼ਨ ਕਰਵਾਉਣ ਲਈ ਆਖਦਾ ਹੈ ਤਾਂ ਉਹ ਅਜਿਹਾ ਕਰਨ ਤੋਂ ਇਨਕਾਰ ਕਰ ਦਿੰਦੀ ਹੈ। ਨਾਵਲਕਾਰਾ ਭੂਆ ਗੌਤਮੀ ਦੇ ਰੂਪ ਵਿਚ ਸਮੁੱਚੀ ਮਾਨਵਤਾ ਨੂੰ ਜੀਵ ਹੱਤਿਆ ਅਤੇ ਸ੍ਰਿਸਟੀ ਦੇ ਵਿਨਾਸ਼ ਜਿਹੇ ਭਿਅੰਕਰ ਅਪਰਾਧ ਤੋਂ ਖਬਰਦਾਰ ਕਰ ਬਿਨ੍ਹਾਂ ਕਿਸੇ ਪ੍ਰਚਾਰ ਜਾਂ ਉਲਾਰ ਤੋਂ ਭਾਰਤੀ ਨੈਤਿਕ ਕਦਰਾਂ ਕੀਮਤਾਂ ਨੂੰ ਦ੍ਰਿੜ ਕਰਦੀ ਹੈ। ਭੂਆ ਗੌਤਮੀ ਹਿੰਦੂ ਧਰਮ ਵਿਚ ਗਹਿਰੀ ਆਸਥਾ ਰੱਖਦੀ ਹੈ। ਉਹ ਮੈਡਮ ਭਾਰਤੀ ਦੇ ਕੁਲ ਪੁਰੋਹਿਤ ਦੀ ਬਾਲ ਵਿਧਵਾ ਹੈ, ਜਿਸਨੇ ਜਪ, ਤਪ, ਗਿਆਨ ਅਤੇ ਸਾਧਨਾ ਰਾਹੀਂ ਜੀਵਨ ਹੋਂਦ ਦੇ ਅੰਤਮ ਸੱਚ ਤੱਕ ਰਸਾਈ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ ਹੁੰਦਾ ਹੈ। ਵੇਦਾਂ, ਉਪਨਿਸ਼ਦਾਂ ਨੂੰ ਪੜ੍ਹਨਾ ਅਤੇ ਸਾਰਾ ਦਿਨ ਸਾਧਨਾ ਵਿਚ ਧਿਆਨ ਲਾਈ ਰੱਖਣਾ ਉਸਦੀ ਜ਼ਿੰਦਗੀ ਦੇ ਮੁਖ ਕਾਰਜ ਦਿਖਾਏ ਗਏ ਹਨ। ਭੂਆ ਗੌਤਮੀ ਦਾ

ਵਿਅਕਤਿਤਵ ਇਕ ਖਾਸ ਕਿਸਮ ਦੀ ਨੈਤਿਕਤਾ ਦੀ ਪੇਸ਼ਕਾਰੀ ਕਰਦਾ ਹੈ। ਉਸ ਦੇ ਹਵਾਲੇ ਨਾਲ ਨਾਵਲ ਭਾਰਤੀ ਪਰੰਪਰਾ ਦੀਆਂ ਅਹਿਮ ਨੈਤਿਕ ਕਦਰਾਂ ਕੀਮਤਾਂ ਨੂੰ ਸੰਚਾਰਦਾ ਹੈ। ਮੈਡਮ ਭਾਰਤੀ ਦਾ ਹੇਠ ਲਿਖਿਆਂ ਸੰਵਾਦ ਭੂਆ ਗੌਤਮੀ ਦੇ ਇਸ ਤਰ੍ਹਾ ਦੇ ਸੁਭਾਅ ਉੱਤੇ ਰੌਸ਼ਨੀ ਪਾਉਂਦਾ ਹੈ: ਤੀਏ ਦਿਨ ਭੂਆ ਗੌਤਮੀ ਨੇ ਵਰਤ ਰੱਖਿਆ ਹੁੰਦਾ ਸੀ, ਕਦੇ ਇਕਾਦਸੀ ਦਾ, ਕਦੇ ਪੰਚਮੀ ਦਾ, ਕਦੇ ਪੂਰਨਮਾਸ਼ੀ ਦਾ, ਕਦੇ ਮੰਗਲ ਦਾ, ਕਦੇ ਸ਼ਨੀ ਦਾ, ਕਦੇ ਪਾਰਵਤੀ ਦਾ, ਕਦੇ ਗੌਰਾਂ ਦਾ ਅਤੇ ਹੋਰ ਪਤਾ ਨੀ ਕੀਹਦਾ ਕੀਹਦਾ।[9]

ਭੂਆ ਗੌਤਮੀ ਦੁਆਰਾ ਸੁਣਾਈ ਸਤਯਕਾਮ ਦੀ ਕਥਾ ਵੀ ਨੈਤਿਕ ਪੱਖੋਂ ਅਹਿਮ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦੀ ਹੈ। ਇਸ ਕਥਾ ਅਨੁਸਾਰ ਨੈਤਿਕਤਾ ਦਾ ਸੰਬੰਧ ਕੇਵਲ ਸਮੂਹ ਵਿਚ ਵਿਚਰਨ ਨਾਲ ਹੀ ਨਹੀਂ ਹੁੰਦਾ ਸਗੋਂ ਨੈਤਿਕਤਾ ਦਾ ਸੰਬੰਧ ਮਨੁੱਖ ਦੇ ਸਵੈ ਨਾਲ ਹੁੰਦਾ ਹੈ। ਸਭ ਤੋਂ ਪਹਿਲਾਂ ਮਨੁੱਖ ਨੇ ਆਪਣੇ ਸਵੈ ਮੂਹਰੇ ਸੱਚਾ ਅਤੇ ਇਮਾਨਦਾਰ ਹੋਣਾ ਹੁੰਦਾ ਹੈ ਤਦ ਹੀ ਉਹ ਦੂਸਰਿਆਂ ਲਈ ਨੈਤਿਕ ਤੇ ਉੱਚਾ ਹੋ ਸਕਦਾ ਹੈ। ਭੂਆ ਗੌਤਮੀ ਆਤਮਘਾਤ ਬਾਰੇ ਵੀ ਅਹਿਮ ਟਿੱਪਣੀ ਕਰਦੀ ਨਜ਼ਰ ਆਉਂਦੀ ਹੈ। ਮੈਡਮ ਭਾਰਤੀ ਦੇ ਇਹ ਕਹਿਣ ਤੇ ਕਿ ਇੰਨੇ ਵੱਡੇ ਸੰਸਾਰ ਵਿਚ ਇਕ ਅੱਧੇ ਬੰਦੇ ਦੇ ਖਤਮ ਹੋ ਜਾਣ ਨਾਲ ਕੀ ਫਰਕ ਪੈਂਦਾ ਹੈ ਤਾਂ ਭੂਆ ਗੌਤਮੀ ਆਪਣੇ ਤਰਕ ਨਾਲ ਆਤਮਘਾਤ ਨੂੰ ਮਹਾਂਪਾਪ ਕਹਿੰਦੀ ਹੈ:

> ਭਾਰਤੀ ਧੀਏ ਦੇਖ ਨਾ ਬੰਦੇ ਦੀ ਕਿਡੀ ਵੱਡੀ ਦੇਹ ਹੁੰਦੀਐ ਤੇ ਜੇ ਇਸ ਵਿਚ ਕਿਧਰੇ ਬੇਮਲੂਮੀ ਵੀ ਸਿਲਤ ਲੱਗ ਜਾਵੇ ਤਾਂ ਬੰਦਾ ਸਾਰੇ ਦਾ ਸਾਰਾ ਬੇਚੈਨ ਹੋ ਜਾਂਦੈ। ਇਸੇ ਤਰ੍ਹਾਂ ਬੰਦੇ ਦਾ ਆਪਣੇ ਆਪ ਨੂੰ ਮਾਰਨਾ ਰੱਬ ਦੇ ਕਾਨੂੰਨ ਦੀ ਉਲੰਘਣਾ, ਸਾਰੀ ਦੀ ਸਾਰੀ ਕਾਇਨਾਤ ਨੂੰ ਬੇਚੈਨ ਕਰਦੀਐ। ਇਸੇ ਲਈ ਤਾਂ ਆਖਿਐ ਆਤਮਘਾਤੀ ਮਹਾਂ ਪਾਪੀ।[10]

ਇਸ ਤਰ੍ਹਾ ਭੂਆ ਗੌਤਮੀ ਦੇ ਹਵਾਲੇ ਨਾਲ ਆਤਮਘਾਤ ਨੂੰ ਇਕ ਵੱਡੇ ਪਾਪ ਦੇ ਰੂਪ ਵਿਚ ਚਿੰਨ੍ਹਤ ਕੀਤਾ ਗਿਆ ਹੈ। ਇਸ ਤਰ੍ਹਾਂ ਹੋਣ ਨਾਲ ਸਮਾਜਿਕ ਪੱਖੋਂ ਨਾਵਲ ਦੀ ਅਹਿਮੀਅਤ ਹੋਰ ਉਜਾਗਰ ਹੁੰਦੀ ਹੈ। ਭੂਆ ਗੌਤਮੀ ਦੀ ਵਿਆਹ ਪ੍ਰਬੰਧ ਬਾਰੇ ਧਾਰਨਾ ਵੀ ਨੈਤਿਕ ਪੱਖ ਤੋਂ ਗੌਲਣਯੋਗ ਹੈ:

> ਧਰਮ ਗ੍ਰੰਥਾਂ ਵਿਚ ਵਿਆਹ ਨੂੰ ਪਵਿੱਤਰ ਮੰਨਿਆ ਗਿਆ ਹੈ। ਹਿੰਦੂ ਜਦੋਂ ਨਿਰੰਕੁਸ਼ ਅਸੀਮ ਜਾਂ ਪਰਮ ਦੀ ਪੂਜਾ ਤੋਂ ਹੇਠਾਂ ਉਤਰਦਾ ਹੈ ਉਸਦਾ ਰੱਬ ਹਮੇਸ਼ਾ ਹੀ ਇਕ ਸਾਧਕਾ, ਔਰਤ ਹੁੰਦੀ ਹੈ। ਉਹ ਕਿਸੇ ਕੰਵਾਰੇ ਜਾਂ ਕੰਵਾਰੀ ਦੀ ਪੂਜਾ ਨਹੀਂ ਕਰਦਾ। ਸ਼ਿਵ ਜੀ ਨੂੰ ਅਰਧਨਾਰੀ ਈਸ਼ਵਰ ਆਖਿਆ ਗਿਆ ਹੈ। ਭਾਰਤੀ, ਵਿਆਹ ਨੂੰ ਵੰਸ਼ ਅੱਗੇ ਤੋਰ ਕੇ ਪਿਤਰਾਂ ਦਾ ਰਿਣ ਲਾਹੁਣ ਦਾ ਸਾਧਨ ਵੀ ਮੰਨਿਆ ਗਿਆ ਹੈ। ਸਰਾਧ ਦੀ ਰਸਮ ਮਗਰੋਂ ਸਰਾਧ ਕਰਨ ਵਾਲਾ ਆਖਦਾ ਹੈ, ਹੇ ਪਿਤਰੋਂ ਮੇਰੇ ਘਰ ਯੋਧਾ ਪੁੱਤਰ ਦਿਓ। ਵਿਆਹ ਤੋਂ ਭੱਜੇ ਬੰਦੇ ਨੂੰ ਲੜਾਈ ਦੇ ਮੈਦਾਨ ਵਿਚੋਂ ਭੱਜੇ ਬੰਦੇ ਦੇ ਤੁਛ ਸਮਝਿਆ ਜਾਂਦਾ ਹੈ।[11]

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 75-87

ਨਾਵਲ ਵਿਚ ਮੈਡਮ ਭਾਰਤੀ ਤੋਂ ਬਾਅਦ ਨਿਰਮਲ ਮੁਖ ਪਾਤਰ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਨਾਵਲ ਦਾ ਪੂਰਾ ਬਿਰਤਾਂਤ ਉਸ ਦੇ ਨੁਕਤਾ-ਨਜ਼ਰ ਤੋਂ ਹੀ ਹੋਂਦ ਗ੍ਰਹਿਣ ਕਰਦਾ ਹੈ। ਨਿਰਮਲ ਮੈਡਮ ਭਾਰਤੀ ਦਾ ਵਿਦਿਆਰਥੀ ਰਿਹਾ ਸੀ। ਕਾਲਜ ਦੇ ਸ਼ੁਰੂਆਤੀ ਦਿਨਾਂ ਤੋਂ ਬਾਅਦ ਉਹ ਮੈਡਮ ਭਾਰਤੀ ਦਾ ਕੱਟੜ ਪ੍ਰਸ਼ੰਸਕ ਬਣ ਜਾਂਦਾ ਹੈ। ਉਸਦੀ ਪ੍ਰਸ਼ੰਸਾ ਦਾ ਰੂਪ ਕਿਤੇ ਹਮਦਰਦੀ, ਕਿਤੇ ਸਤਿਕਾਰ, ਕਿਤੇ ਪਿਆਰ ਅਤੇ ਕਿਤੇ ਤਰਸ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਨਿਰਮਲ ਮੈਡਮ ਭਾਰਤੀ ਦੇ ਚਰਿੱਤਰ ਨੂੰ ਉਭਾਰਨ ਅਤੇ ਸੰਚਾਰਨ ਵਾਲੀ ਕੜੀ ਹੈ। ਉਹ ਪਰਦੇਸ ਵਿਚ ਰਹਿਣ ਦੇ ਬਾਵਜੂਦ ਵੀ ਪੰਜਾਬੀ ਕਦਰਾਂ ਨਾਲ ਜੁੜਿਆ ਹੋਇਆ ਹੈ। ਨਿਰਮਲ ਅਤੇ ਉਸਦਾ ਪਰਿਵਾਰ ਨਾਵਲ ਵਿਚ ਇਕ ਆਦਰਸ਼ਕ ਪਰਿਵਾਰ ਦੀ ਪੇਸ਼ਕਾਰੀ ਕਰਦਾ ਹੈ। ਨਿਰਮਲ ਦਾ ਮੈਡਮ ਭਾਰਤੀ ਪ੍ਰਤੀ ਜ਼ਜ਼ਬਾ ਦੂਜੇ ਲਈ ਕੁਝ ਕਰ ਗੁਜ਼ਰਨ ਦੇ ਨੈਤਿਕ ਭਾਵਾਂ ਨੂੰ ਪੁਨਰ-ਸਥਾਪਿਤ ਕਰਦਾ ਹੈ। ਨਾਵਲੀ ਬਿਰਤਾਂਤ ਮੈਡਮ ਭਾਰਤੀ ਅਤੇ ਨਿਰਮਲ ਦੇ ਰਿਸ਼ਤੇ ਰਾਹੀਂ ਭਾਰਤੀ ਅਧਿਆਤਮਿਕ ਪਰੰਪਰਾ ਦੇ ਗੁਰੂ ਸ਼ਿਸ਼ ਸਬੰਧਾਂ ਨੂੰ ਨਵੇਂ ਸਿਰਿਓ ਪਰਿਭਾਸ਼ਤ ਕਰਦਾ ਹੈ। ਉਹਨਾਂ ਦੇ ਨਿਰਛਲ, ਨਿਰਸੁਆਰਥ ਅਤੇ ਮੋਹ ਭਰੇ ਰਿਸ਼ਤੇ ਅੱਗੇ ਲਹੂ ਦੇ ਸਾਰੇ ਰਿਸ਼ਤੇ ਫਿੱਕੇ ਪੈ ਜਾਂਦੇ ਹਨ। 'ਕਥਾ ਕੁਕਨੁਸ ਦੀ' ਦਾ ਸਮਰਪਣ 'ਆਪਣੇ ਵਿਦਿਆਰਥੀਆ ਦੇ ਨਾਂ ਜਿਨਾਂ ਤੋਂ ਮੈ ਬੜਾ ਕੁਝ ਸਿਖਿਆ ਹੈ' ਗੁਰੂਆਂ ਜਿਹੇ ਅਧਿਆਪਕਾਂ ਅਤੇ ਸੁਹਿਰਦ ਵਿਦਿਆਰਥੀਆਂ ਦੇ ਆਪਸੀ ਰਿਸ਼ਤੇ ਅਤੇ ਇਸ ਰਿਸ਼ਤੇ ਨਾਲ ਜੁੜੇ ਉਚੇਰੇ ਜੀਵਨ ਮੁੱਲਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਮੈਡਮ ਭਾਰਤੀ ਅਧਿਆਪਨ ਦੇ ਕਿੱਤੇ ਪ੍ਰਤੀ ਪ੍ਰਤੀਬੱਧ 1ਹੈ। ਉਸਦਾ ਵਿਦਿਆਰਥੀਆਂ ਪ੍ਰਤੀ ਰਵੱਈਆ ਬੌਧਿਕਤਾ, ਹਮਦਰਦੀ, ਦੋਸਤੀ ਦੇ ਰਲੇ-ਮਿਲੇ ਭਾਵਾਂ ਵਾਲਾ ਹੈ। ਮੈਡਮ ਭਾਰਤੀ ਆਪਣੇ ਵਿਦਿਆਰਥੀਆਂ ਅਤੇ ਆਪਣੇ ਪਰਿਵਾਰ ਪ੍ਰਤੀ ਏਨੀ ਪ੍ਰਤੀਬੱਧ ਹੈ ਕਿ ਉਹ ਆਪਣੀਆਂ ਨਿੱਜੀ ਖਾਹਿਸ਼ਾਂ ਅਤੇ ਲੋੜਾਂ ਨੂੰ ਵੀ ਦਰਕਿਨਾਰ ਕਰ ਦਿੰਦੀ ਹੈ। ਇਸ ਨਾਵਲ ਵਿਚ ਅਧਿਆਪਕ ਅਤੇ ਵਿਦਿਆਰਥੀ ਦੇ ਸੀਮਤ ਦਿਸਦੇ ਰਿਸ਼ਤੇ ਦੇ ਅਸੀਮਤ ਪਸਾਰ ਨਜ਼ਰੀ ਪੈਂਦੇ ਹਨ। ਇਸ ਨਾਵਲ ਵਿਚ ਮੈਡਮ ਭਾਰਤੀ ਅਤੇ ਨਿਰਮਲ ਦੇ ਰਿਸ਼ਤੇ ਵਿਚੋਂ ਭਾਰਤੀ ਅਧਿਆਤਮਕ ਪਰੰਪਰਾ ਦੀ ਗੁਰੂ ਸ਼ਿਸ਼ ਪਰੰਪਰਾ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਮੈਡਮ ਭਾਰਤੀ ਜਿਹੇ ਅਧਿਆਪਕ, ਅਧਿਆਪਨ ਨੂੰ ਨਿਰੋਲ ਕਿੱਤੇ ਵਜੋਂ ਹੀ ਨਹੀਂ ਨਿਭਾਉਂਦੇ ਸਗੋਂ ਆਪਣੇ ਵਿਦਿਆਰਥੀਆਂ ਸਾਹਮਣੇ ਜ਼ਿੰਦਗੀ ਦਾ ਅਜਿਹਾ ਸੰਕਲਪ ਪੇਸ਼ ਕਰਦੇ ਹਨ ਜਿਸ ਵਿਚ ਉਹ ਮਨੁੱਖ ਅੰਦਰਲੇ ਸਹਿਜ ਅਤੇ ਬਾਹਰੀ ਇਕਸੁਰਤਾ ਨੂੰ ਪ੍ਰਾਪਤ ਕਰ ਸਕਣ। ਇਸ ਲਈ ਮੈਡਮ ਭਾਰਤੀ ਆਪਣੇ ਵਿਦਿਆਰਥੀਆਂ ਲਈ ਜਾਣਕਾਰੀ ਦਾ ਘੇਰਾ ਸਿਰਫ਼ ਰਸਮੀ ਵਿਦਿਆ ਤੱਕ ਹੀ ਸੀਮਤ ਨਹੀਂ ਰੱਖਦੀ ਸਗੋਂ ਕੀ ਪੜ੍ਹਨਾ ਹੈ? ਕਿਵੇਂ ਪੜ੍ਹਨਾ ਹੈ?, ਕਿਉਂ ਪੜ੍ਹਨਾ ਹੈ? ਆਦਿ ਪ੍ਰਸ਼ਨਾਂ ਨੂੰ ਵੀ ਮੁਖਾਤਿਬ ਹੁੰਦੀ ਹੈ। ਸਾਹਿਤ, ਕਲਾ, ਅਤੇ ਸਮਾਜ ਦੇ ਆਪਸੀ ਸਬੰਧਾਂ ਰਾਹੀਂ, ਸਾਹਿਤਕਾਰ ਅਤੇ ਕਲਾਕਾਰ ਦੇ ਮਨੁੱਖੀ ਸਮਾਜ ਦੀ ਬਿਹਤਰੀ ਲਈ ਬਣਦੇ ਯੋਗਦਾਨ ਰਾਹੀਂ ਉਹ ਆਪਣੇ ਵਿਦਿਆਰਥੀਆਂ ਨੂੰ ਜ਼ਿੰਦਗੀ ਦੇ ਔਖੇ-ਸੌਖੇ ਰਾਹਾਂ 'ਤੇ ਸਵੈ ਮਾਣ ਨਾਲ ਤੁਰਨ ਦੀ ਜਾਚ ਸਿਖਾਉਂਦੀ ਹੈ:

Volume: 13, March 2026 ISSN: 2394-0980
PP: 75-87

ਇਕ ਸੰਸਾਰ ਵਿਚ ਬੰਦਾ ਜੀਉਂਦਾ ਹੈ ਅਤੇ ਇਕ ਸੰਸਾਰ ਉਸ ਦੇ ਮਨ ਵਿਚ ਜੀਉਂਦਾ ਹੈ। ਕਲਾਕਾਰ ਲੋਕ ਆਪਣੇ ਮਨ ਦੇ ਇਸੇ ਸੰਸਾਰ ਦੀ ਗੱਲ ਕਰਦੇ ਹਨ। ਆਪਣੇ ਜਾਣੇ ਤਾਂ ਉਹ ਸੰਸਾਰ ਦਾ ਇਕ ਮਾਡਲ ਦੇ ਰਹੇ ਹੁੰਦੇ ਨੇ। ਰੱਬ ਦੇ ਸਿਰਜੇ ਸੰਸਾਰ ਨਾਲੋਂ ਵੀ ਬੇਹਤਰ ਮਾਡਲ। ਪਰ ਇਹ ਮਾਡਲ ਹਰ ਰਚਨਾਕਾਰ ਦੇ ਆਪਣੇ ਜਿੱਡਾ ਹੀ ਹੁੰਦਾ ਹੈ।[12]

ਕਰਮਿੰਦਰ ਦਾ ਪਾਤਰ ਵੀ ਨਾਵਲ ਦੀ ਮੁਖ ਕਦਰ ਤਿਆਗ ਅਤੇ ਸਮਰਪਣ ਨੂੰ ਹੀ ਚਿੰਨ੍ਹਤ ਕਰਦਾ ਹੈ। ਕਰਮਿੰਦਰ ਨੂੰ ਮੈਡਮ ਭਾਰਤੀ ਨਾਲ ਪਿਆਰ ਹੁੰਦਾ ਹੈ ਅਤੇ ਉਹ ਇਸ ਪਿਆਰ ਨੂੰ ਸਾਰੀ ਉਮਰ ਨਿਭਾਉਂਦਾ ਹੈ। ਮੈਡਮ ਭਾਰਤੀ ਨਾਲ ਉਸਦਾ ਇਹ ਪਿਆਰ ਹੀ ਬਾਕੀ ਰਿਸ਼ਤਿਆਂ ਨਾਲ ਉਸ ਦੇ ਅਲਗਾਵ ਦਾ ਕਾਰਨ ਬਣਦਾ ਹੈ। ਦੁਨੀਆਂਦਾਰੀ ਦੇ ਪ੍ਰਭਾਵ ਹੇਠ ਭਾਵੇਂ ਉਸਦਾ ਵਿਆਹ ਹੋ ਜਾਂਦਾ ਹੈ ਪਰ ਉਸਦਾ ਆਪਣੀ ਪਤਨੀ ਨਾਲ ਮਨ ਤੋਂ ਰਿਸ਼ਤਾ ਨਹੀਂ ਹੁੰਦਾ। ਉਸ ਦੇ ਅਚੇਤ ਵਿਚ ਮੈਡਮ ਭਾਰਤੀ ਦਾ ਵਿਅਕਤਿਤਵ ਲਗਾਤਾਰ ਹਾਜ਼ਰ ਰਹਿੰਦਾ ਹੈ। ਇਹ ਹਾਜ਼ਰੀ ਹੀ ਬਾਕੀ ਤਮਾਮ ਰਿਸ਼ਤਿਆਂ ਨੂੰ ਤੁਲਨਾਤਮਕ ਪਰਿਪੇਖ ਵਿਚ ਵੇਖਣ ਲਈ ਮਜਬੂਰ ਕਰਦੀ ਹੈ। ਉਹ ਆਰਥਿਕ ਪੱਖ ਤੋਂ ਮਜਬੂਤ ਸ੍ਰੇਣੀ ਵਿਚ ਆਉਂਦਾ ਹੈ ਅਤੇ ਬਾਹਰੀ ਰੂਪ ਵਿਚ ਦੇਖਣ ਨੂੰ ਪਰਿਵਾਰਕ ਪੱਖ ਤੋਂ ਵੀ ਸੰਪੂਰਨ ਹੈ। ਪਰ ਇਸ ਸਭ ਦੇ ਬਾਵਜੂਦ ਇਕ ਅਲਗਾਵਤਾ ਅਤੇ ਉਦਾਸੀ ਉਸ ਦੇ ਧੁਰ ਅੰਦਰ ਤੱਕ ਮੌਜੂਦ ਰਹਿੰਦੀ ਹੈ। ਇਹ ਉਦਾਸੀ ਅਤੇ ਅਲਗਾਵਤਾ ਮੈਡਮ ਭਾਰਤੀ ਪ੍ਰਤੀ ਉਸ ਦੇ ਸਮਰਪਣ ਨੂੰ ਪੱਕਿਆਂ ਕਰਦੀ ਹੈ। ਨਾਵਲਕਾਰਾ ਪੰਜਾਬ ਸੰਕਟ ਲਈ ਜ਼ਿੰਮੇਵਾਰ ਉਨ੍ਹਾਂ ਬੁਨਿਆਦੀ ਮਸਲਿਆਂ ਪ੍ਰਤੀ ਪਾਠਕ ਨੂੰ ਆਗਾਹ ਕਰਦੀ ਹੈ ਜਿਨ੍ਹਾ ਕਰਕੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੂੰ ਮਾਨਸਿਕ ਅਤੇ ਸ਼ਰੀਰਕ ਦੁਖਾਂਤ ਵਿਚੋਂ ਗੁਜ਼ਰਨਾ ਪਿਆ। ਵਤਨ ਤੋਂ ਦੂਰ ਵਸਦੇ ਪਰਦੇਸੀ ਪੰਜਾਬੀਆਂ ਕੋਲ ਦੀ ਮੌਤ ਦੀਆਂ ਖਬਰਾਂ ਨਾਲ ਭਰੀਆਂ ਅਖਬਾਰਾਂ ਦਾ ਪਹੁੰਚਣਾ ਅਤੇ ਆਪਣਿਆਂ ਦਾ ਫਿਕਰ ਉਨ੍ਹਾਂ ਦੇ ਜਖਮਾਂ ਨੂੰ ਹੋਰ ਡੂੰਘਾ ਕਰ ਦਿੰਦਾ ਹੈ। ਪੰਜਾਬ ਸੰਕਟ ਦੌਰਾਨ ਹੋਇਆ ਇਨਸਾਨੀਅਤ ਦਾ ਘਾਣ ਅਤੇ ਕਤਲੋਗਾਰਤ ਬਿਰਤਾਂਤਕਾਰਾ ਦੇ ਸੰਵੇਦਨਸ਼ੀਲ ਆਪੇ ਨੂੰ ਧੁਰ ਅੰਦਰ ਤੱਕ ਵਲੂੰਧਰਦੀ ਹੈ। ਇਸ ਲਈ ਮੈਡਮ ਭਾਰਤੀ ਦੁਆਰਾ ਪੰਜਾਬ ਸੰਕਟ ਦੇ ਹੱਲ ਲਈ ਦਿੱਤਾ ਸੁਨੇਹਾ ਇਸ ਸੰਦਰਭ ਵਿਚ ਮੁਲਵਾਨ ਹੋ ਨਿਬੜਦਾ ਹੈ:

ਜੇ ਕਮਾਊ ਪੁੱਤ ਨਰਾਜ਼ ਹੋ ਕੇ ਆਖੇ ਮੈਨੂੰ ਅੱਡ ਕਰ ਦਿਓ ਤਾਂ ਉਸ ਵੇਲੇ ਉਸ ਦੇ ਸਿਰ ਜਾਂ ਪੈਰ ਨਹੀਂ ਵੱਡ ਦੇਈਦੇ ਕਿ ਉਹ ਘਰ ਤੋਂ ਬਾਹਰ ਹੀ ਨਾ ਜਾ ਸਕੇ। ਸਗੋਂ ਇਹ ਵੇਲਾ ਸੋਚਣ ਦਾ ਹੁੰਦਾ ਹੈ ਕਿ ਉਹ ਘਰ ਜਿਹੜਾ ਉਸ ਦੇ ਦਾਦੇ ਦਾ ਸੀ, ਪੜਦਾਦੇ ਦਾ ਸੀ, ਉਸ ਦੇ ਪਿਓ ਦਾ ਹੈ ਤੇ ਉਸਦਾ ਵੀ ਹੈ। ਉਸਨੂੰ ਆਪਣਾ ਕਿਉਂ ਲੱਗਣੋ ਹਟ ਗਿਆ।[13]

ਉਂਝ ਬਾਵਜੂਦ ਇਸ ਨਾਵਲ ਵਿਚ ਪੰਜਾਬ ਸਮੱਸਿਆ ਦੀ ਪੇਸ਼ਕਾਰੀ ਬਹੁਤ ਹੀ ਸਤਹੀ ਪੱਧਰ 'ਤੇ ਪੇਸ਼ ਹੁੰਦੀ ਹੈ। ਪੰਜਾਬ ਨਾਲ ਸੰਬੰਧਿਤ ਇਸ ਵੱਡੇ ਦੁਖਾਂਤ ਬਾਰੇ ਇੰਨੀ ਸੀਮਤ ਪਹੁੰਚ ਅਖਤਿਆਰ ਕਰਨਾ ਬਿਰਤਾਂਤਕਾਰ ਦੇ ਰਾਜਨੀਤਿਕ ਪੱਖ ਤੋਂ ਖਾਲੀਪਣ ਨੂੰ ਚਿੰਨ੍ਹਤ ਕਰਦਾ ਹੈ। ਨਿਰਮਲ ਮੈਡਮ ਭਾਰਤੀ ਨੂੰ ਇਕ ਚਿੱਠੀ ਰਾਹੀਂ ਪੰਜਾਬ ਸਮੱਸਿਆ ਬਾਰੇ ਪੁੱਛਦਾ ਹੈ ਅਤੇ ਮੈਡਮ ਭਾਰਤੀ ਚਿੱਠੀ ਦੇ ਜਵਾਬ ਵਿਚੋਂ ਪੰਜਾਬ ਸਮੱਸਿਆ ਦਾ ਜਿਹੜਾ ਰੂਪ ਪੇਸ਼ ਹੁੰਦਾ ਹੈ ਉਹ ਝੂਠੀ ਜਿਹੀ ਹਾਜ਼ਰੀ ਲਵਾਉਣ ਤੋਂ ਵੱਧ ਕੁਝ ਵੀ ਨਹੀਂ ਹੈ। ਇਹ ਪੇਸ਼ਕਾਰੀ ਸੰਕਟ ਸਮਿਆਂ ਨੂੰ ਇਸਦੇ ਸੰਪੂਰਨ ਸੰਦਰਭ ਵਿਚ ਪੇਸ਼ ਕਰਨ ਤੋਂ ਉੱਕ ਜਾਂਦੀ ਹੈ।

ਨਿਸ਼ਕਰਸ਼ :- ਸਮੁੱਚੇ ਰੂਪ ਵਿਚ 'ਕਥਾ ਕੁਕਨੂਸ ਦੀ' ਬਹੁ-ਸਭਿਆਚਾਰਕ ਧਰਾਤਲਾਂ ਉੱਤੇ ਵਿਚਰਦੇ ਨੈਤਿਕ ਮੁੱਲਾਂ, ਨਾਰੀ ਹੋਂਦ ਅਤੇ ਪਛਾਣ ਨਾਲ ਜੁੜੇ ਸੰਕਟ ਨੂੰ ਪੇਸ਼ ਕਰਦਾ ਹੈ। ਇਹ ਨਾਵਲ ਬਦਲਦੇ ਨੈਤਿਕ ਪਰਿਪੇਖ ਵਿਚ ਸਮਾਜਿਕ ਰਿਸ਼ਤਿਆਂ ਨਾਲੋਂ ਸਵੈ ਸਿਰਜਤ ਰਿਸ਼ਤਿਆਂ ਨੂੰ ਸਮਝਣ ਵਾਲੀ ਰਚਨਾ ਹੈ। ਨੈਤਿਕ ਕਦਰਾਂ ਕੀਮਤਾਂ ਦੇ ਪਰਿਪੇਖ ਵਿਚ ਬਿਰਤਾਂਤਕਾਰ ਦੀ ਸਮੁੱਚੀ ਪ੍ਰਾਪਤੀ ਕਿਸੇ ਵਿਚਾਰਧਾਰਾ ਜਾਂ ਸਿਧਾਂਤ ਨੂੰ ਸਿਰਜਣ ਵੱਲ ਰੁਚਿਤ ਨਹੀ। ਇਹ ਆਪਣੇ ਅੰਦਰਲੇ ਸਹਿਜ ਦੀ ਤਲਾਸ਼ ਵਿਚ ਵਿਚਰਦੇ ਪਾਤਰਾਂ ਦੁਆਰਾ ਠੋਸ ਸਮਾਜਿਕ ਹਕੀਕਤ ਦੇ ਅਨੁਕੂਲ ਨੈਤਿਕ ਕਦਰਾਂ ਸਿਰਜਣ ਵਿਚ ਨਿਹਿਤ ਹੈ। ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਦਲੀਪ ਕੌਰ ਟਿਵਾਣਾ ਦਾ ਨਾਵਲ '**ਕਥਾ ਕੁਕਨੂਸ ਦੀ**' ਮਨੁੱਖੀ ਹੋਂਦ, ਪਛਾਣ ਅਤੇ ਰਿਸ਼ਤਿਆਂ ਦੇ ਗੁੰਝਲਦਾਰ ਤਾਣੇ-ਬਾਣੇ ਨੂੰ ਬਹੁ-ਸੱਭਿਆਚਾਰਕ ਪੱਧਰ 'ਤੇ ਪੇਸ਼ ਕਰਨ ਵਾਲੀ ਇੱਕ ਮਹੱਤਵਪੂਰਨ ਰਚਨਾ ਹੈ। ਇਹ ਨਾਵਲ ਮੂਲਵਾਸ ਅਤੇ ਪਰਵਾਸ ਦੇ ਦਵੰਦ ਨੂੰ ਸਿਰਫ਼ ਭੂਗੋਲਿਕ ਹੱਦਾਂ ਤੱਕ ਸੀਮਤ ਨਹੀਂ ਰੱਖਦਾ, ਸਗੋਂ ਇਸਨੂੰ ਮਨੁੱਖੀ ਮਾਨਸਿਕਤਾ ਅਤੇ ਅਧਿਆਤਮਕਤਾ ਨਾਲ ਜੋੜ ਕੇ ਦੇਖਦਾ ਹੈ। ਨਾਵਲ ਇਹ ਤੱਥ ਉਜਾਗਰ ਕਰਦਾ ਹੈ ਕਿ ਪਰਵਾਸ ਵਿੱਚ ਪੰਜਾਬੀ ਬੰਦਾ ਭਾਵੇਂ ਆਰਥਿਕ ਸੁੱਖ-ਸਹੂਲਤਾਂ ਪ੍ਰਾਪਤ ਕਰ ਲੈਂਦਾ ਹੈ, ਪਰ ਉਹ ਸੱਭਿਆਚਾਰਕ ਵਿਛੋੜੇ ਅਤੇ ਨਸਲੀ ਵਿਤਕਰੇ ਦੇ ਮਾਨਸਿਕ ਸੰਤਾਪ ਨੂੰ ਹਮੇਸ਼ਾ ਹੰਢਾਉਂਦਾ ਰਹਿੰਦਾ ਹੈ। ਖੋਜ ਦਾ ਇਹ ਵੀ ਸਿੱਟਾ ਨਿਕਲਦਾ ਹੈ ਕਿ ਬਿਰਤਾਂਤਕਾਰ ਨੇ ਸੰਸਥਾਗਤ ਜਾਂ ਸਮਾਜਿਕ ਰਿਸ਼ਤਿਆਂ ਦੀ ਬਜਾਏ 'ਸਵੈ-ਸਿਰਜਤ ਰਿਸ਼ਤਿਆਂ' ਅਤੇ ਅੰਦਰੂਨੀ ਨੈਤਿਕਤਾ ਨੂੰ ਵਧੇਰੇ ਅਹਿਮੀਅਤ ਦਿੱਤੀ ਹੈ। ਕੁਕਨੂਸ ਦੀ ਮਿਥ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਮਨੁੱਖੀ ਜੀਵਨ ਅਨੇਕਾਂ ਦੁੱਖਾਂ ਅਤੇ ਮੁਸ਼ਕਿਲਾਂ ਦੇ ਬਾਵਜੂਦ ਮੁੜ-ਸਿਰਜਣਾ ਅਤੇ ਉਮੀਦ ਦੀ ਨਿਰੰਤਰਤਾ ਦਾ ਨਾਮ ਹੈ। ਇਹ ਨਾਵਲ ਨਾਰੀ ਹੋਂਦ, ਬਦਲਦੇ ਨੈਤਿਕ ਮਾਪਦੰਡਾਂ ਅਤੇ ਪਰਵਾਸੀ ਜੀਵਨ ਦੇ ਦਰਦ ਨੂੰ ਸਮਝਣ ਲਈ ਇੱਕ ਪ੍ਰਮਾਣਿਕ ਦਸਤਾਵੇਜ਼ ਸਾਬਤ ਹੁੰਦਾ ਹੈ।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 75-87

ਹਵਾਲੇ

1. ਪ੍ਰੋ. ਹਰਿੰਦਰ ਸਿੰਘ ਮਹਿਬੂਬ, "ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਜੀਵਨ ਹੋਂਦ ਦੇ ਅਰਥਾਂ ਦੀ ਤਲਾਸ਼", *ਗਲਪਕਾਰ ਡਾ. ਦਲੀਪ ਕੌਰ ਟਿਵਾਣਾ*, ਡਾ. ਧਨਵੰਤ ਕੌਰ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ-37
2. ਦਲੀਪ ਕੌਰ ਟਿਵਾਣਾ, "ਕਥਾ ਕੁਕੁਨਸ ਦੀ",*ਮੇਰੇ ਪੰਜ ਨਾਵਲ* (*ਚੌਥੀ ਸੈਂਚੀ*), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1995, ਪੰਨਾ-123
3. ਅਮਰਜੀਤ ਕੌਰ ਖੋਖਰ, 'ਪਰਵਾਸੀ ਪੰਜਾਬੀ ਸਾਹਿਤ: ਸਭਿਆਚਾਰਕ ਤਣਾਉ', ਖੋਜ ਪਤ੍ਰਿਕਾ, ਅੰਕ-40, ਪੰਨਾ-47
4. ਦਲੀਪ ਕੌਰ ਟਿਵਾਣਾ, ਉਹੀ, ਪੰਨਾ-123
5. ਉਹੀ, ਪੰਨਾ-174
6. ਉਹੀ, ਪੰਨਾ-171
7. ਉਹੀ, ਪੰਨਾ-191
8. ਉਹੀ, ਪੰਨਾ-160
9. ਉਹੀ, ਪੰਨਾ-137
10. ਉਹੀ, ਪੰਨਾ-132
11. ਉਹੀ, ਪੰਨਾ-146
12. ਉਹੀ, ਪੰਨਾ-127
13. ਉਹੀ, ਪੰਨਾ-155

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 88-96

ਪੰਜਾਬੀ ਕੁੜੀਆਂ ਦਾ ਪਰਵਾਸ: ਸਮਾਜਿਕ ਪ੍ਰਬੰਧ 'ਤੇ ਪ੍ਰਭਾਵ

ਡਾ. ਤੇਜਿੰਦਰ ਕੌਰ
ਅਸਿਸਟੈਂਟ ਪ੍ਰੋਫ਼ੈਸਰ,
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ।

ਸਾਰ

ਪਰਵਾਸ ਆਧੁਨਿਕ ਸੰਸਾਰ ਦਾ ਇੱਕ ਮਹੱਤਵਪੂਰਨ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਵਰਤਾਰਾ ਹੈ। ਪੰਜਾਬ ਇਸ ਪ੍ਰਕਿਰਿਆ ਦਾ ਇੱਕ ਅਹਿਮ ਕੇਂਦਰ ਰਿਹਾ ਹੈ, ਜਿੱਥੋਂ ਵੱਡੀ ਗਿਣਤੀ ਵਿੱਚ ਲੋਕ ਵਿਦੇਸ਼ਾਂ ਵੱਲ ਪਰਵਾਸ ਕਰਦੇ ਰਹੇ ਹਨ। ਪਰੰਪਰਾਗਤ ਤੌਰ 'ਤੇ ਪੰਜਾਬੀ ਪਰਵਾਸ ਮਰਦ-ਕੇਂਦਰਿਤ ਰਿਹਾ, ਪਰ ਇੱਕੀਵੀਂ ਸਦੀ ਵਿੱਚ ਵਿਦਿਆਰਥੀ ਵੀਜ਼ਾ ਪ੍ਰਣਾਲੀ ਦੇ ਫੈਲਾਅ ਨਾਲ ਪੰਜਾਬੀ ਕੁੜੀਆਂ ਦਾ ਸੁਤੰਤਰ ਪਰਵਾਸ ਇੱਕ ਨਵਾਂ ਸਮਾਜਿਕ ਰੁਝਾਨ ਬਣ ਕੇ ਉਭਰਿਆ ਹੈ। ਇਸ ਖੋਜ ਪੱਤਰ ਦਾ ਉਦੇਸ਼ ਪੰਜਾਬੀ ਕੁੜੀਆਂ ਦੇ ਪਰਵਾਸ ਦੇ ਕਾਰਨਾਂ, ਇਸ ਦੇ ਸਮਾਜਿਕ, ਆਰਥਿਕ, ਪਰਿਵਾਰਕ ਅਤੇ ਸੱਭਿਆਚਾਰਕ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨਾ ਹੈ। ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਕੁੜੀਆਂ ਦਾ ਪਰਵਾਸ ਇੱਕ ਪਾਸੇ ਆਰਥਿਕ ਖੁਸ਼ਹਾਲੀ, ਲਿੰਗ ਸਮਾਨਤਾ ਅਤੇ ਔਰਤ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਦਾ ਹੈ, ਜਦਕਿ ਦੂਜੇ ਪਾਸੇ ਇਹ ਰਿਸ਼ਤਾ ਪ੍ਰਣਾਲੀ, ਵਿਆਹ ਸੰਸਥਾ, ਪਰਿਵਾਰਕ ਬਣਤਰ ਅਤੇ ਸੱਭਿਆਚਾਰਕ ਮੁੱਲਾਂ ਲਈ ਨਵੀਆਂ ਚੁਣੌਤੀਆਂ ਵੀ ਪੈਦਾ ਕਰਦਾ ਹੈ। ਇਹ ਖੋਜ ਪੱਤਰ ਇਸ ਨਵੇਂ ਸਮਾਜਿਕ ਵਰਤਾਰੇ ਨੂੰ ਸਮਾਜ-ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਯਤਨ ਕਰਦਾ ਹੈ।

ਭੂਮਿਕਾ

ਪਰਵਾਸ ਮਨੁੱਖੀ ਇਤਿਹਾਸ ਦਾ ਇੱਕ ਪੁਰਾਤਨ ਵਰਤਾਰਾ ਹੈ। ਮਨੁੱਖ ਨੇ ਵੱਖ-ਵੱਖ ਸਮਿਆਂ ਵਿੱਚ ਬਿਹਤਰ ਜੀਵਨ, ਆਰਥਿਕ ਸੁਰੱਖਿਆ, ਸਿੱਖਿਆ, ਰੁਜ਼ਗਾਰ ਅਤੇ ਰਾਜਨੀਤਿਕ ਸਥਿਰਤਾ ਦੀ ਭਾਲ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਵੱਲ ਗਮਨ ਕੀਤਾ ਹੈ। ਪੰਜਾਬੀਆਂ ਦਾ ਪਰਵਾਸੀ ਇਤਿਹਾਸ ਵਿਸ਼ੇਸ਼ ਤੌਰ 'ਤੇ ਧਿਆਨ ਖਿੱਚਦਾ ਹੈ ਕਿਉਂਕਿ ਪੰਜਾਬੀ ਭਾਈਚਾਰਾ ਦੁਨੀਆ ਦੇ ਲਗਭਗ ਹਰ ਮਹਾਂਦੀਪ ਵਿੱਚ ਆਪਣੀ ਮਜ਼ਬੂਤ ਮੌਜੂਦਗੀ ਦਰਜ ਕਰਵਾ ਚੁੱਕਾ ਹੈ। ਪੰਜਾਬੀ ਔਰਤਾਂ ਦੇ ਪਰਵਾਸ ਦਾ ਇਤਿਹਾਸ ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਤੋਂ ਸ਼ੁਰੂ ਹੁੰਦਾ ਹੈ। 1908 ਵਿੱਚ ਸ੍ਰੀਮਤੀ ਬਿਸ਼ਨ ਕੌਰ ਦਾ ਕੈਨੇਡਾ ਪਹੁੰਚਣਾ ਪੰਜਾਬੀ ਔਰਤਾਂ ਦੇ ਪਰਵਾਸ ਦਾ ਇੱਕ ਮਹੱਤਵਪੂਰਨ ਪੜਾਅ ਮੰਨਿਆ ਜਾਂਦਾ ਹੈ। ਸ਼ੁਰੂਆਤੀ ਦੌਰ ਵਿੱਚ ਪੰਜਾਬੀ ਔਰਤਾਂ ਮਾਂ, ਪਤਨੀ, ਭੈਣ ਜਾਂ ਧੀ ਦੇ

Volume: 13, March 2026 ISSN: 2394-0980
PP: 88-96

ਰੂਪ ਵਿੱਚ ਪਰਿਵਾਰਕ ਸਹਾਰੇ ਨਾਲ ਪਰਵਾਸ ਕਰਦੀਆਂ ਸਨ। ਪਰ ਇੱਕੀਵੀਂ ਸਦੀ ਵਿੱਚ ਇਹ ਸਥਿਤੀ ਬੁਨਿਆਦੀ ਤੌਰ 'ਤੇ ਬਦਲ ਗਈ। ਹੁਣ ਪੰਜਾਬੀ ਕੁੜੀਆਂ ਖੁਦ ਵਿਦਿਆਰਥੀ ਵੀਜ਼ਾ ਲੈ ਕੇ ਵਿਦੇਸ਼ ਜਾ ਰਹੀਆਂ ਹਨ ਅਤੇ ਪਰਵਾਸੀ ਯਾਤਰਾ ਦੀ ਮੁੱਖ ਨਾਇਕਾ ਬਣ ਚੁੱਕੀਆਂ ਹਨ। ਇਹ ਤਬਦੀਲੀ ਕੇਵਲ ਵਿਅਕਤੀਗਤ ਨਹੀਂ ਸਗੋਂ ਸਮਾਜਿਕ ਢਾਂਚੇ ਨੂੰ ਪ੍ਰਭਾਵਿਤ ਕਰਨ ਵਾਲੀ ਤਬਦੀਲੀ ਹੈ। ਪੰਜਾਬ ਦੇ ਆਰਥਿਕ ਸੰਕਟ, ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ, ਸਿੱਖਿਆ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਨੇ ਇਸ ਰੁਝਾਨ ਨੂੰ ਹੋਰ ਤੇਜ਼ ਕੀਤਾ ਹੈ। ਇਸ ਦੇ ਨਾਲ-ਨਾਲ ਵਿਦੇਸ਼ੀ ਜੀਵਨ ਦੀ ਖਿੱਚ, ਸਮਾਜਿਕ ਪ੍ਰਤਿਸ਼ਠਾ ਅਤੇ ਆਰਥਿਕ ਉੱਨਤੀ ਦੀ ਆਸ ਵੀ ਇਸ ਪ੍ਰਕਿਰਿਆ ਨੂੰ ਉਤਸ਼ਾਹਿਤ ਕਰ ਰਹੀ ਹੈ। ਪਰਵਾਸ ਇੱਕ ਵਿਸ਼ਵ ਵਿਆਪੀ ਵਰਤਾਰਾ ਹੈ ਅਤੇ ਇਸ ਵਿਸ਼ਵ ਵਿਆਪੀ ਵਰਤਾਰੇ ਵਿੱਚ ਪੰਜਾਬੀ ਪਰਵਾਸ ਕਰਨ ਲਈ ਹੋਰਨਾਂ ਖਿੱਤਿਆਂ ਦੀ ਤੁਲਨਾ ਵਿਚ ਮੋਹਰੀ ਹਨ। ਪੰਜਾਬੀ ਕੁੜੀਆਂ ਦੇ ਪਰਵਾਸ ਧਾਰਨ ਕਰਨ ਦੇ ਰੁਝਾਨ ਅਤੇ ਇਸ ਦੇ ਵਿਭਿੰਨ ਪ੍ਰਭਾਵਾਂ ਦੀ ਚਰਚਾ ਕਰਨ ਤੋਂ ਪਹਿਲਾਂ ਜੇਕਰ ਅਸੀਂ ਪੰਜਾਬੀ ਔਰਤ ਦੇ ਪਰਵਾਸ ਦੇ ਇਤਿਹਾਸ ਨੂੰ ਵਾਚਣ ਦਾ ਯਤਨ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਸ ਦਿਸ਼ਾ ਵਿੱਚ ਹਾਲੇ ਬਹੁਤੀ ਖੋਜ ਨਹੀਂ ਹੋਈ।ਕੰਵਲਜੀਤ ਕੌਰ ਢਿੱਲੋਂ ਪੰਜਾਬੀ ਔਰਤਾਂ ਦੇ ਪਰਵਾਸ ਦੇ ਇਤਿਹਾਸ ਵਿਸ਼ੇ 'ਤੇ ਖੋਜ ਕਾਰਜ ਕਰ ਰਹੀ ਹੈ। ਉਹ ਲਿਖਦੀ ਹੈ ਕਿ ਪੰਜਾਬੀ ਔਰਤਾਂ ਦੇ ਪਰਵਾਸ ਦਾ ਇਤਹਾਸ ਸ੍ਰੀਮਤੀ ਬਿਸ਼ਨ ਕੌਰ ਪਤਨੀ ਪ੍ਰੋਫ਼ੈਸਰ ਤੇਜਾ ਸਿੰਘ (ਜੋ ਬਾਅਦ ਵਿੱਚ ਸੰਤ ਤੇਜਾ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਏ) ਦੇ 1908 ਵਿਚ ਵੈਨਕੂਵਰ ਪਹੁੰਚਣ ਨਾਲ ਆਰੰਭ ਹੁੰਦਾ ਹੈ। ਸੰਤ ਅਤਰ ਸਿੰਘ ਮਸਤੂਆਣੇ ਵਾਲੇ ਦੀ ਸਵੈ ਜੀਵਨੀ ਵਿਚ ਬਿਸ਼ਨ ਕੌਰ ਦੇ ਬੜੇ ਹੀ ਨਾਟਕੀ ਢੰਗ ਨਾਲ ਉਸ ਦੇ ਨਿਊਯਾਰਕ ਤੋਂ ਪੈਸੇਫਿਕ ਤੇ ਫਿਰ ਪੁਲੀਸ ਨੂੰ ਝਕਾਨੀ ਦੇ ਕੇ ਵੈਨਕੂਵਰ ਪਹੁੰਚਣ ਵਾਲੀ ਰੇਲ ਗੱਡੀ ਵਿੱਚ ਬੈਠ ਕੇ ਆਪਣੇ ਪਤੀ ਤੇਜਾ ਸਿੰਘ ਨੂੰ ਮਿਲਣ ਦਾ ਜ਼ਿਕਰ ਹੈ।

ਉਨੀ ਸੌ ਸੱਠਵਿਆਂ ਫਿਰ ਪੰਜਾਬ ਸੰਕਟ ਦੌਰਾਨ ਅਤੇ ਲਗਭਗ ਵੀਹਵੀਂ ਸਦੀ ਦੇ ਅਖੀਰ ਤੱਕ ਪਹਿਲਾਂ ਪੰਜਾਬੀ ਮਰਦ ਪਰਵਾਸ ਧਾਰਨ ਕਰਦਾ ਹੈ ਤੇ ਫੇਰ ਮਰਦ ਦੇ ਸਹਾਰੇ ਪੰਜਾਬੀ ਔਰਤ ਮਾਂ, ਭੈਣ, ਧੀ, ਅਤੇ ਪਤਨੀ ਦੇ ਰੂਪ ਵਿਚ ਪਰਾਏ ਮੁਲਕਾਂ ਵਿੱਚ ਪ੍ਰਵੇਸ਼ ਕਰਦੀ ਹੈ। ਇਨ੍ਹਾਂ ਮੁਲਕਾਂ ਵਿੱਚ ਦਰਪੇਸ਼ ਸਮੱਸਿਆਵਾਂ ਬਾਰੇ, ਔਰਤ ਦੇ ਕਈ ਰੂਪਾਂ, ਭੂਮਿਕਾਵਾਂ, ਚਰਿੱਤਰਾਂ, ਪ੍ਰਸੰਗਾਂ, ਪਰਿਪੇਖਾਂ, ਉਸ ਦੀ ਹੋਂਦ, ਹਸਤੀ, ਸੁਪਨਿਆਂ ਤੇ ਅਕਾਂਖਿਆਵਾਂ ਬਾਰੇ ਹੁਣ ਤੱਕ ਦੇ ਰਚੇ ਗਏ ਪਰਵਾਸੀ ਪੰਜਾਬੀ ਸਾਹਿਤ ਵਿਚ ਭਰਪੂਰ ਜ਼ਿਕਰ ਹੈ ਪ੍ਰੰਤੂ ਇੱਕੀਵੀਂ ਸਦੀ ਵਿੱਚ ਵਿਿਦਆਰਥੀ ਵੀਜੇ ਦੀ ਸਹੂਲਤ ਨੇ ਇਸ ਸਮੀਕਰਨ ਨੂੰ ਮੁੱਢੋਂ-ਸੁੱਢੋਂ ਹੀ ਉਲਟਾ ਕੇ ਰੱਖ ਦਿੱਤਾ। ਇਨ੍ਹਾਂ ਦੋ ਦਹਾਕਿਆਂ ਦੇ ਪੰਜਾਬੀ ਕੁੜੀਆਂ ਦੇ ਪਰਵਾਸ ਵਿਚੋਂ ਉਨ੍ਹਾਂ ਦੀ ਨਿਰਣਾਇਕ ਪਹਿਲ ਕਦਮੀ, ਹਿੰਮਤ, ਦਲੇਰੀ, ਦੁਬਿਧਾਵਾਂ, ਮਜਬੂਰੀਆਂ ਤੇ ਵਿਡੰਬਨਾਵਾਂ ਝਲਕਦੀਆਂ ਦਿਖਾਈ ਦਿੰਦੀਆਂ ਹਨ ਜਾਂ ਇੰਞ ਕਹਿ ਲਈਏ ਕਿ

Volume: 13, March 2026 ISSN: 2394-0980
PP: 88-96

ਪੰਜਾਬੀ ਕੁੜੀਆਂ ਦਾ ਪਰਵਾਸ ਆਪਣੇ ਆਪ ਲਈ, ਘਰ-ਪਰਿਵਾਰ ਲਈ, ਸਵੈ-ਇੱਛਤ, ਆਰਥਿਕ ਸਮ੍ਰਿਧੀ, ਸਵੈ-ਹਿੱਤ ਵਾਲਾ, ਪਰਿਵਾਰਿਕ ਲੱਜ, ਸਟੇਟਸ ਸਿੰਬਲ ਤੇ ਹਉਂ ਨਾਲ ਅਕੱਟ ਰਿਸ਼ਤੇ ਵਿੱਚ ਬੱਝਾ ਹੋਇਆ ਹੈ। ਪੰਜਾਬ ਦੇ ਦਿਨ- ਬ- ਦਿਨ ਨਿਘਰਦੇ ਸਮਾਜਿਕ, ਆਰਥਿਕ ਹਾਲਾਤ,ਸਿਆਸਤ ਦਾ ਕਾਲਾ ਬਾਜ਼ਾਰ,ਵਿਗੜ ਚੁੱਕੀ ਅਮਨ ਕਾਨੂੰਨ ਦੀ ਸਥਿਤੀ, ਪੰਜਾਬੀ ਨੌਜਵਾਨਾਂ ਦਾ ਨਸ਼ਿਆਂ ਵੱਲ ਰੁਝਾਨ, ਹੇਠਾਂ ਨੂੰ ਡਿੱਗ ਰਿਹਾ ਵਿੱਦਿਆ ਦਾ ਮਿਆਰ, ਬੇਰੁਜ਼ਗਾਰੀ, ਔਰਤਾਂ ਦੀ ਅਸੁਰੱਖਿਆ ਜਿਹੇ ਕਾਰਨਾਂ ਨੇ ਪੰਜਾਬੀ ਕੁੜੀਆਂ ਦੇ ਪਰਵਾਸ ਨੂੰ ਉਤਸ਼ਾਹਿਤ ਕੀਤਾ ਹੈ। ਏਥੇ ਉਸ ਨੂੰ ਚੰਗਾ ਪੜ੍ਹ ਲਿਖ ਜਾਣ ਦੇ ਬਾਵਜੂਦ ਵੀ ਰੁਜ਼ਗਾਰ ਦੀ ਆਸ ਨਹੀਂ ਮਾਪਿਆਂ ਨੂੰ ਯੋਗ ਵਰ ਲੱਭਣ ਦੀ ਸਮੱਸਿਆ ਆ ਰਹੀ ਹੈ,ਨਸ਼ੇੜੀ ਪਤੀ ਦੇ ਗਲ ਪੈ ਜਾਣ ਦਾ ਖਦਸ਼ਾ ਹੈ ਤੇ ਇਸ ਸਭ ਤੋਂ ਵੀ ਜ਼ਿਆਦਾ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਇਕੱਲੀ" ਪੰਜਾਬੀ ਕੁੜੀਆਂ ਦੇ ਪਰਵਾਸ ਧਾਰਨ ਕਰਨ ਦੇ ਪ੍ਰੇਰਕ ਤੱਤ ਹਨ।

ਖੋਜ ਦੇ ਉਦੇਸ਼

1. ਪੰਜਾਬੀ ਕੁੜੀਆਂ ਦੇ ਪਰਵਾਸ ਦੇ ਮੁੱਖ ਕਾਰਨਾਂ ਦੀ ਪਛਾਣ ਕਰਨਾ।

2. ਵਿਆਹ ਸੰਸਥਾ ਅਤੇ ਰਿਸ਼ਤਾ ਪ੍ਰਣਾਲੀ ਵਿੱਚ ਆਈਆਂ ਤਬਦੀਲੀਆਂ ਦਾ ਅਧਿਐਨ ਕਰਨਾ।

3. ਪੰਜਾਬੀ ਸਮਾਜ ਦੇ ਭਵਿੱਖੀ ਸਮਾਜਿਕ ਢਾਂਚੇ 'ਤੇ ਇਸ ਦੇ ਪ੍ਰਭਾਵਾਂ ਦਾ ਮੁਲਾਂਕਣ ਕਰਨਾ।

ਪੰਜਾਬੀ ਕੁੜੀਆਂ ਦੇ ਪਰਵਾਸ ਪਿੱਛੇ ਕਈ ਸਮਾਜਿਕ ਅਤੇ ਆਰਥਿਕ ਕਾਰਨ ਕੰਮ ਕਰ ਰਹੇ ਹਨ। ਸਭ ਤੋਂ ਪਹਿਲਾਂ ਪੰਜਾਬ ਵਿੱਚ ਵਧਦੀ ਬੇਰੁਜ਼ਗਾਰੀ ਅਤੇ ਸਿੱਖਿਆ ਪ੍ਰਾਪਤ ਨੌਜਵਾਨਾਂ ਲਈ ਮੌਕਿਆਂ ਦੀ ਘਾਟ ਇਸ ਰੁਝਾਨ ਦਾ ਮਹੱਤਵਪੂਰਨ ਕਾਰਨ ਹੈ। ਉੱਚ ਸਿੱਖਿਆ ਹਾਸਲ ਕਰਨ ਦੇ ਬਾਵਜੂਦ ਜਦੋਂ ਰੁਜ਼ਗਾਰ ਦੇ ਮੌਕੇ ਨਹੀਂ ਮਿਲਦੇ ਤਾਂ ਵਿਦੇਸ਼ ਇੱਕ ਆਕਰਸ਼ਕ ਵਿਕਲਪ ਬਣ ਜਾਂਦਾ ਹੈ। ਦੂਜਾ ਕਾਰਨ ਪੰਜਾਬ ਦੀ ਵਿਗੜਦੀ ਸਮਾਜਿਕ ਸਥਿਤੀ ਹੈ। ਨਸ਼ਿਆਂ ਦਾ ਫੈਲਾਅ, ਕਾਨੂੰਨ-ਵਿਵਸਥਾ ਸੰਬੰਧੀ ਚਿੰਤਾਵਾਂ ਅਤੇ ਵਿਆਹ ਲਈ ਯੋਗ ਜੀਵਨ ਸਾਥੀ ਦੀ ਘਾਟ ਨੇ ਵੀ ਕੁੜੀਆਂ ਨੂੰ ਵਿਦੇਸ਼ੀ ਜੀਵਨ ਵੱਲ ਪ੍ਰੇਰਿਤ ਕੀਤਾ ਹੈ। ਤੀਜਾ ਕਾਰਨ ਸਮਾਜਿਕ ਪ੍ਰਤਿਸ਼ਠਾ ਹੈ। ਅੱਜ ਵਿਦੇਸ਼ ਜਾਣਾ ਸਿਰਫ਼ ਸਿੱਖਿਆ ਜਾਂ ਰੁਜ਼ਗਾਰ ਦਾ ਮਾਮਲਾ ਨਹੀਂ ਰਹਿ ਗਿਆ ਸਗੋਂ ਇਹ ਇੱਕ ਸਮਾਜਿਕ ਦਰਜੇ ਦਾ ਪ੍ਰਤੀਕ ਬਣ ਗਿਆ ਹੈ। ਇਸ ਕਰਕੇ ਪਰਿਵਾਰ ਵੀ ਆਪਣੀਆਂ ਧੀਆਂ ਨੂੰ ਵਿਦੇਸ਼ ਭੇਜਣ ਲਈ ਉਤਸ਼ਾਹਿਤ ਕਰਦੇ ਹਨ। ਪੰਜਾਬੀ ਕੁੜੀਆਂ ਦੇ ਪਰਵਾਸ ਨੂੰ ਤਿੰਨ ਮੁੱਖ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਪੜਾਅ ਵਿੱਚ ਉਹ ਕੁੜੀਆਂ ਵਿਦੇਸ਼ ਗਈਆਂ ਜਿਨ੍ਹਾਂ ਦੇ ਰਿਸ਼ਤੇਦਾਰ ਪਹਿਲਾਂ ਹੀ ਉੱਥੇ ਵੱਸੇ ਹੋਏ ਸਨ। ਦੂਜੇ ਪੜਾਅ ਵਿੱਚ ਆਰਥਿਕ ਤੌਰ 'ਤੇ ਮਜ਼ਬੂਤ ਪਰਿਵਾਰਾਂ ਦੀਆਂ ਧੀਆਂ ਵਿਦੇਸ਼ ਜਾਣ ਲੱਗੀਆਂ। ਤੀਜੇ ਪੜਾਅ ਵਿੱਚ ਮੱਧਵਰਗੀ ਅਤੇ ਨੀਵੇਂ ਆਰਥਿਕ ਵਰਗ ਦੀਆਂ ਕੁੜੀਆਂ ਵੀ ਇਸ ਪ੍ਰਕਿਰਿਆ ਵਿੱਚ ਸ਼ਾਮਲ ਹੋ ਗਈਆਂ। ਇਸ ਪ੍ਰਕਿਰਿਆ ਨੇ

Volume: 13, March 2026 ISSN: 2394-0980
PP: 88-96

ਪੰਜਾਬੀ ਸਮਾਜ ਵਿੱਚ ਇੱਕ ਨਵਾਂ ਵਿਆਹ-ਬਾਜ਼ਾਰ ਪੈਦਾ ਕੀਤਾ। ਆਈਲੈਟਸ ਪਾਸ ਕੁੜੀਆਂ ਦੀ ਮੰਗ ਵਧੀ ਅਤੇ ਵਿਆਹ ਇੱਕ ਸਮਾਜਿਕ ਸੰਸਥਾ ਦੀ ਬਜਾਏ ਕਈ ਮਾਮਲਿਆਂ ਵਿੱਚ ਪਰਵਾਸ ਦਾ ਸਾਧਨ ਬਣ ਗਿਆ। ਇਸ ਨਾਲ ਵਿਆਹ ਦੇ ਪਰੰਪਰਾਗਤ ਮਾਪਦੰਡਾਂ ਵਿੱਚ ਵੱਡੀ ਤਬਦੀਲੀ ਆਈ। ਪੰਜਾਬੀ ਸਮਾਜ ਵਿੱਚ ਰਿਸ਼ਤਿਆਂ ਨੂੰ ਰੂਹਾਂ ਦਾ ਮੇਲ ਮੰਨਿਆ ਜਾਂਦਾ ਸੀ। ਪਰ ਮੌਜੂਦਾ ਸਮੇਂ ਵਿੱਚ ਆਈਲੈਟਸ ਸਕੋਰ, ਵਿਦੇਸ਼ ਜਾਣ ਦੀ ਸੰਭਾਵਨਾ ਅਤੇ ਆਰਥਿਕ ਲਾਭ ਕਈ ਵਾਰ ਵਿਆਹ ਦੇ ਮੁੱਖ ਮਾਪਦੰਡ ਬਣ ਗਏ ਹਨ। ਇਸ ਨਾਲ ਰਿਸ਼ਤਿਆਂ ਦੀ ਭਾਵਨਾਤਮਕ ਗਹਿਰਾਈ ਪ੍ਰਭਾਵਿਤ ਹੋਈ ਹੈ। ਅਖਬਾਰਾਂ ਅਤੇ ਸੋਸ਼ਲ ਮੀਡੀਆ ਵਿੱਚ ਆਉਣ ਵਾਲੇ ਵਿਆਹੀ ਇਸ਼ਤਿਹਾਰ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਬੈਂਡ ਸਕੋਰ ਅਤੇ ਵਿਦੇਸ਼ੀ ਸੰਭਾਵਨਾਵਾਂ ਨੂੰ ਮਨੁੱਖੀ ਗੁਣਾਂ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਇਸ ਨੇ ਪਰਿਵਾਰਕ ਸੰਸਥਾ ਦੇ ਮੁੱਲਾਂ ਨੂੰ ਪ੍ਰਭਾਵਿਤ ਕੀਤਾ ਹੈ।

ਪੰਜਾਬੀ ਕੁੜੀਆਂ ਦੇ ਪਰਵਾਸ ਨੂੰ ਅਸੀ ਤਿੰਨ ਪੜਾਵਾਂ ਵਿੱਚ ਰੱਖ ਕੇ ਦੇਖ ਸਕਦੇ ਹਾਂ। ਵਿਦਿਆਰਥੀ ਵੀਜ਼ੇ ਦੀ ਸਹੂਲਤ ਨਾਲ ਪਹਿਲੇ ਪੜਾਅ 'ਤੇ ਉਨ੍ਹਾਂ ਕੁੜੀਆਂ ਨੇ ਹੀ ਪਰਾਏ ਮੁਲਕਾਂ ਵੱਲ ਰੁਖ਼ ਕੀਤਾ ਜਿਨ੍ਹਾਂ ਦੇ ਘਰ ਪਰਿਵਾਰ ਜਾਂ ਰਿਸ਼ਤੇਦਾਰੀ ਵਿੱਚੋਂ ਪਹਿਲਾਂ ਹੀ ਕੋਈ ਉਸ ਮੁਲਕ ਵਿੱਚ ਮੌਜੂਦ ਸੀ। ਇਸ ਸਮੇਂ ਤਕ ਪੰਜਾਬੀ ਮਾਨਸਿਕਤਾ ਆਪਣੀ ਧੀ, ਭੈਣ ਨੂੰ ਬਿਨਾਂ ਕਿਸੇ ਸਹਾਰੇ ਇਕੱਲਿਆਂ ਇਨ੍ਹਾਂ ਮੁਲਕਾਂ ਵਿੱਚ ਭੇਜਣ ਦਾ ਖ਼ਤਰਾ ਨਹੀਂ ਸਹੇੜਨਾ ਚਾਹੁੰਦੀ।ਦੂਜੇ ਪੜਾਅ 'ਤੇ ਪੰਜਾਬ ਵਿਚੋਂ ਉਨ੍ਹਾਂ ਕੁੜੀਆਂ ਨੇ ਪਰਵਾਸ ਧਾਰਨ ਕੀਤਾ ਜਿਹੜੀਆਂ ਆਰਥਿਕ ਪੱਖੋਂ ਸੁਖਾਲੇ ਘਰਾਂ ਦੀਆਂ ਸਨ।ਤੀਜਾ ਪੜਾਅ ਓਹ ਹੈ ਜਦ ਮੱਧਵਰਗੀ ਤੇ ਗ਼ਰੀਬ ਘਰਾਂ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਨੇ ਆਈਲੈਟਸ ਦਾ ਟੈਸਟ ਪਾਸ ਤਾਂ ਕਰ ਲਿਆ ਪ੍ਰੰਤੂ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਦੀਆਂ ਮੋਟੀਆਂ ਫੀਸਾਂ ਭਰਨੋਂ ਇਹ ਵਰਗ ਅਸਮਰੱਥ ਸੀ। ਇਹ ਉਹ ਸਥਿਤੀ ਹੈ ਜਿਸ ਨੇ ਪੰਜਾਬੀ ਸਮਾਜ ਵਿੱਚ ਕਈ ਨਵੀਨ ਵਰਤਾਰਿਆਂ ਨੂੰ ਜਨਮ ਦਿੱਤਾ। ਦੂਜੇ ਪਾਸੇ ਪੰਜਾਬੀ ਮੁੰਡਿਆਂ ਦਾ ਉਹ ਵਰਗ ਹੈ ਜਿਹੜੇ ਚੰਗੀ ਆਰਥਿਕ ਸਮ੍ਰਿਧੀ ਵਾਲੇ ਸਨ ਜਾਂ ਹਨ ਪਰ ਵਾਰ-ਵਾਰ ਕੋਸ਼ਿਸ਼ ਕਰਨ 'ਤੇ ਵੀ ਆਈਲੈੱਟਸ ਪਾਸ ਨਾ ਕਰ ਸਕੇ ਪਰ ਕਿਸੇ ਨਾ ਕਿਸੇ ਹੀਲੇ ਵਿਦੇਸ਼ ਪਹੁੰਚਣ ਦੀ ਲਲਕ ਸੀ ਹੁਣ ਇੱਕ ਪਾਸੇ ਗ਼ਰੀਬੀ ਤੇ ਆਈਲੈਟਸ ਹੈ ਦੂਜੇ ਪਾਸੇ ਪੈਸਾ ਅਤੇ ਵਿਦੇਸ਼ ਪਹੁੰਚਣ ਦੀ ਮੂੰਹ ਜੋਰ ਅਕਾਂਖਿਆ। ਹੁਣ ਔਰਤ ਮੰਡੀ ਦਾ ਮਾਲ ਬਣ ਗਈ ਤੇ ਉਸ ਦੀ ਬੋਲੀ ਲੱਗਣੀ ਸ਼ੁਰੂ ਹੋ ਗਈ। ਮੈਨੂੰ ਇਸ ਗੱਲ ਦੀ ਵੀ ਹੈਰਾਨੀ ਹੈ ਕਿ ਜਿਹੜੇ ਪੰਜਾਬੀ ਕੁਝ ਸਮਾਂ ਪਹਿਲਾਂ ਆਪਣੀ ਧੀ, ਭੈਣ ਨੂੰ ਪੜ੍ਹਨ ਲਈ ਪਿੰਡੋਂ ਸ਼ਹਿਰ ਨਹੀਂ ਸੀ ਭੇਜਦੇ ਉਹ ਵਿਦੇਸ਼ਾਂ ਵਿਚ ਭੇਜਣ ਲਈ ਹੁਣ ਪੱਬਾਂ ਭਾਰ ਹੋਏ ਬੈਠੇ ਹਨ। ਇਸ ਵਰਤਾਰੇ ਨੇ ਸਭ ਤੋਂ ਵੱਧ ਰਿਸ਼ਤਿਆਂ ਦੀਆਂ ਸਮੀਕਰਨਾਂ ਨੂੰ ਪ੍ਰਭਾਵਿਤ ਕੀਤਾ ਹੈ। ਸਾਡੀਆਂ ਸਮਾਜ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਇਸ ਵਪਾਰਕ ਪ੍ਰਵਿਰਤੀ ਨੇ ਵੱਡੀ ਢਾਹ ਲਗਾਈ ਹੈ। ਅਖ਼ਬਾਰਾਂ ਵਿੱਚ ਛਪਦੇ ਇਸ਼ਤਿਹਾਰ ਇਸ ਗੋਰਖ ਧੰਦੇ ਦਾ ਪ੍ਰਤੱਖ ਪ੍ਰਮਾਣ ਹਨ। ਰਿਸ਼ਤਾ ਤਾਂ ਕੇਵਲ

ਆਈਲੈਟਸ ਪਾਸ ਪ੍ਰਮਾਣ ਪੱਤਰ ਤੇ ਪੈਸੇ ਦਾ ਹੈ। ਉਮਰ, ਜਾਤ, ਧਰਮ, ਮਾਨਵੀ ਗੁਣ ਸਭ ਇਸ ਸੌਦੇਬਾਜ਼ੀ ਦੀ ਭੇਟਾ ਚੜ੍ਹ ਗਏ ਹਨ। ਰਿਸ਼ਤਿਆਂ ਦੇ ਮਾਪਦੰਡ ਹੁਣ ਬੈਂਡ ਨਿਰਧਾਰਤ ਕਰਦੇ ਹਨ। ਸਾਡੀ ਰਿਸ਼ਤਾ ਪ੍ਰਣਾਲੀ ਮਨੁੱਖ ਨੂੰ ਮਾਨਸਿਕ ਹੁਲਾਸ, ਸੁਰੱਖਿਆ, ਸ਼ਕਤੀ ਤੇ ਪਹਿਚਾਣ ਮੁਹੱਈਆ ਕਰਦੀ ਹੈ। ਰਿਸ਼ਤਿਆਂ ਨੂੰ ਸਰੀਰਾਂ ਦੇ ਨਹੀਂ, ਰੂਹਾਂ ਦੇ ਮੇਲ ਮੰਨਿਆ ਜਾਂਦਾ ਹੈ।ਮਾਨਵੀ ਰਿਸ਼ਤੇ ਤਾਂ ਅਸਲ ਵਿੱਚ ਮਨੁੱਖੀ ਮਨ ਦੀ ਉਪਜ ਹਨ, ਜਿਹੜਾ ਰਿਸ਼ਤਾ ਮਨੁੱਖੀ ਮਨ ਵਿੱਚ ਆਪਣੀ ਜਗ੍ਹਾ ਬਣਾਉਂਦਾ ਹੈ, ਉਹ ਵਧੇਰੇ ਹੰਢਣਸਾਰ ਹੈ ਫਿਰ ਅਜਿਹੇ ਸੌਦੇਬਾਜ਼ੀ ਵਾਲੇ ਜੁਗਾੜੂ ਰਿਸ਼ਤਿਆਂ ਤੋਂ ਈਮਾਨਦਾਰੀ ਦੀ ਆਸ ਕਰਨਾ ਵੀ ਮੂਰਖਤਾ ਹੈ।

ਮੌਜੂਦਾ ਸਮੇਂ ਵਿਚ ਆਈਲੈੱਟਸ, ਵਿਦੇਸ਼ੀ ਧਰਤੀ ਦੀ ਖਿੱਚ ਤੇ ਰਿਸ਼ਤਿਆਂ ਦੇ ਜੋੜ-ਤੋੜ ਨੇ ਪੰਜਾਬੀ ਬੰਦੇ ਦੀ ਹੋਂਦ ਤੇ ਹੋਣੀ ਨੂੰ ਸਭ ਤੋਂ ਵੱਧ ਅਸਰਅੰਦਾਜ਼ ਕੀਤਾ ਹੈ।ਕਿਸੇ ਸਮੇਂ ਸਾਡੇ ਵਿਆਹਾਂ ਵਿਚ ਮੁੰਡੇ ਵਾਲਿਆਂ ਦੀ ਸਰਦਾਰੀ ਕਾਇਮ ਹੁੰਦੀ ਸੀ। ਪਰਵਾਸੀ ਲਾੜੇ ਤੇ ਉਸ ਦੇ ਪਰਿਵਾਰ ਦਾ ਹਰ ਨਖ਼ਰਾ ਤੇ ਹਰ ਸ਼ਰਤ ਕੁੜੀ ਵਾਲੇ ਸਹਿਣ ਕਰਦੇ ਸਨ ਪਰ ਪੰਜਾਬੀ ਕੁੜੀਆਂ ਦੇ ਪਰਵਾਸ ਨੇ ਇਸ ਰੁਝਾਨ ਨੂੰ ਵੀ ਪੁੱਠਾ ਗੇੜਾ ਦੇ ਦਿੱਤਾ ਹੈ।ਜਿਹੜੇ ਆਪ ਕਿਸੇ ਸਮੇਂ ਪਰਵਾਸ ਦੀ ਓਟ ਵਿੱਚ ਦਾਜ ਦਹੇਜ ਦੀ ਮੰਗ ਕਰਦੇ ਸਨ ਉਹ ਹੁਣ ਆਈਲੈੱਟਸ ਪਾਸ ਕੁੜੀ ਦੇ ਵਿਆਹ, ਟਿਕਟ ਤੇ ਵਿਦੇਸ਼ ਵਿੱਚ ਪੜ੍ਹਾਈ ਦਾ ਖਰਚਾ ਤੱਕ ਚੁੱਕਣ ਲਈ ਤਿਆਰ ਹਨ। ਹੁਣ ਜਦ ਕੁੜੀ ਆਪਣੇ ਸੱਚੇ- ਝੂਠੇ ਸਹੁਰਾ ਪਰਿਵਾਰ ਦੇ ਆਰਥਿਕ ਵਸੀਲਿਆਂ ਨਾਲ ਪਰਵਾਸ ਧਾਰਨ ਕਰਦੀ ਹੈ ਤਾਂ ਸਹੁਰਾ ਪਰਿਵਾਰ ਇਹ ਉਮੀਦ ਕਰਦਾ ਹੈ ਕਿ ਉਹ ਵਿਦੇਸ਼ ਵਿੱਚ ਬੈਠੀ ਵੀ ਸਾਡੇ ਦਿਸ਼ਾ/ ਨਿਰਦੇਸ਼ਾਂ ਅਨੁਸਾਰ ਚੱਲੇ। ਉਹ ਉਸ ਨੂੰ ਇੱਕ ਆਚਾਰ ਸਹਿੰਤਾ ਦਿੰਦੇ ਹਨ ਕੀ ਪਹਿਨਣਾ ਹੈ, ਕਿੱਥੇ ਜਾਣਾ, ਕਿਸ ਨਾਲ ਰਹਿਣਾ, ਕਿਸ ਨਾਲ ਕਿੰਨੀ ਕੁ ਨੇੜਤਾ/ ਦੂਰੀ ਬਣਾਉਣੀ ਹੈ। ਇਹ ਸਭ ਮਰਦ ਤੈਅ ਕਰਦਾ ਹੈ ਮਰਦ ਦੁਆਰਾ ਤਿਆਰ ਕੀਤੇ ਇਹ ਕਾਇਦੇ ਔਰਤ ਦੇ ਵਜੂਦ ਨੂੰ ਹਾਸ਼ੀਏ 'ਤੇ ਹੀ ਰੱਖਦੇ ਹਨ ਬੇਸ਼ੱਕ ਅੱਜ ਪਰਵਾਸ ਧਾਰਨ ਕਰ ਰਹੀ ਪੰਜਾਬੀ ਔਰਤ ਦਾ ਬਿੰਬ ਸਾਡੇ ਲਈ ਸੁਨਹਿਰੀ ਝਲਕ ਵਾਲਾ ਹੈ ਪਰ ਅੱਜ ਵੀ ਉਸ ਦੀ ਸਥਿਤੀ ਪ੍ਰਸਥਿਤੀ ਵਿਚਾਰ ਮਸ਼ਵਰੇ ਦੀ ਮੰਗ ਕਰਦੀ ਹੈ ਕਿਉਂਕਿ ਧਰਮ, ਰਾਜਨੀਤੀ, ਸਮਾਜ-ਸੱਭਿਆਚਾਰਕ ਪ੍ਰਬੰਧ ਤੇ ਆਈਲੈਟਸ ਇਹ ਸਭ ਔਰਤ ਨੂੰ ਇੱਕ ਸਾਧਨ ਤੇ ਵਸੀਲੇ ਵਾਂਗ ਵਰਤਣ ਦੀ ਮਾਨਸਿਕਤਾ ਦੇ ਧਾਰਨੀ ਹਨ। ਅਸੀਂ ਅੱਜ ਤਕ ਔਰਤ ਨੂੰ ਫੈਸਲੇ ਲੈਣ ਦੇ ਅਧਿਕਾਰੀ ਨਹੀਂ ਬਣਾਇਆ ਤੇ ਨਾ ਹੀ ਪਰਵਾਸੀ ਧਰਤੀ 'ਤੇ ਉਸ ਨੂੰ ਇਹ ਹੱਕ ਦੇਣ ਲਈ ਮਾਨਸਿਕ ਪੱਖੋਂ ਤਿਆਰ ਹਾਂ। ਲੋੜੋਂ ਵੱਧ ਕੀਤੀ ਦਖ਼ਲ ਅੰਦਾਜ਼ੀ ਉਸ ਉੱਤੇ ਕੀਤੇ ਖਰਚ ਦਾ ਵਾਰ-ਵਾਰ ਅਹਿਸਾਸ ਕਰਵਾਉਣਾ, ਪਤੀ ਨੂੰ ਜਲਦ ਤੋਂ ਜਲਦ ਕੋਲ ਮੰਗਵਾਉਣ ਦਾ ਮਾਨਸਿਕ ਦਬਾਅ ਤੇ ਫਿਰ ਇਸ ਸਭ ਤੋਂ ਮੁਕਤ ਹੋਣ ਲਈ ਕਈ ਵਾਰ ਉਹ ਰਿਸ਼ਤਾ ਤੋੜਨਾ ਹੀ ਬਿਹਤਰ ਸਮਝਦੀਆਂ ਹਨ। ਫੀਸਾਂ ਭਰਨ, ਪੱਕੇ ਪੈਰੀਂ ਹੋਣ ਲਈ ਸੰਘਰਸ਼ ਕਰ ਰਹੀਆਂ ਇਨ੍ਹਾਂ ਕੁੜੀਆਂ ਦੇ ਜੀਵਨ ਦਾ ਸਮੱਸਿਆਕਾਰ ਬਹੁ ਦਿਸ਼ਾਵੀ ਤੇ ਬਹੁ ਭਾਵੀ ਹੈ। ਉਸ ਦੀ ਲੜਾਈ ਦੀਆਂ

Volume: 13, March 2026 ISSN: 2394-0980
PP: 88-96

ਸੰਭਾਵਨਾ ਵਧ ਰਹੀਆਂ ਹਨ। ਕਈ ਪੱਧਰਾਂ ਤੇ ਬਹੁਪਰਤੀ ਲੜਾਈਆਂ, ਪਰਵਾਸੀ ਔਰਤ ਦੀ ਹੋਂਦ ਨੂੰ ਚੁਣੌਤੀ ਦੇਣ ਲਈ ਕਿਰਿਆਸ਼ੀਲ ਹੋ ਰਹੀਆਂ ਹਨ।

ਪਹਿਲੀ ਲੜਾਈ ਪਰਵਾਸੀ ਪ੍ਰਵੇਸ਼ ਦੀਆਂ ਪ੍ਰਸਥਿਤੀਆਂ ਨਾਲ ਹੈ।

ਦੂਜੀ ਲੜਾਈ ਪਿੱਛੇ ਰਹਿ ਗਏ ਪਰਿਵਾਰਾਂ ਦੀਆਂ ਅਕਾਂਖਿਆਵਾਂ ਦੀ ਪੂਰਤੀ ਲਈ ਉਸ ਨੂੰ ਲੜਨੀ ਪੈ ਰਹੀ ਹੈ।

ਤੀਜੀ ਲੜਾਈ ਉਸ ਦੀਆਂ ਆਪਣੀਆਂ ਸੱਧਰਾਂ, ਚਾਵਾਂ, ਆਜ਼ਾਦੀ ਤੇ ਸਥਾਪਤੀ ਦੀ ਹੈ।

ਇਸ ਤਰ੍ਹਾਂ ਉਸ ਦੀ ਹੋਂਦ ਤੇ ਹੋਣੀ ਬਹੁਪਰਤੀ ਦਬਾਵਾਂ ਵਿੱਚ ਘਿਰੀ ਹੋਈ ਹੈ। ਪਰਿਵਾਰ, ਨਵਾਂ ਸਮਾਜ-ਸੱਭਿਆਚਾਰ, ਆਰਥਿਕਤਾ ਤੇ ਮਨੋਵਿਗਿਆਨਿਕ ਸੰਕਟ ਉਸ ਨੂੰ ਨਿਰੰਤਰ ਵਿਚਲਿਤ ਕਰ ਰਹੇ ਹਨ। ਨਿਰੰਤਰ ਉਸ 'ਤੇ ਦਬਾਅ ਵਧ ਰਹੇ ਹਨ ਪਰ ਜ਼ਾਹਰਾ ਤੌਰ ਤੇ ਔਰਤ ਬੋਝ ਮੁਕਤ ਹੋ ਰਹੀ ਨਜ਼ਰ ਆ ਰਹੀ ਹੈ

ਵਿਦੇਸ਼ੀ ਸਿੱਖਿਆ ਦੀਆਂ ਉੱਚੀਆਂ ਫੀਸਾਂ ਅਤੇ ਰਹਿਣ-ਸਹਿਣ ਦੇ ਖਰਚੇ ਕੁੜੀਆਂ ਲਈ ਵੱਡੀ ਚੁਣੌਤੀ ਹਨ। ਕਈ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ-ਨਾਲ ਕੰਮ ਵੀ ਕਰਨਾ ਪੈਂਦਾ ਹੈ। ਨਵੇਂ ਸਮਾਜਿਕ ਅਤੇ ਸੱਭਿਆਚਾਰਕ ਮਾਹੌਲ ਨਾਲ ਤਾਲਮੇਲ ਬਿਠਾਉਣਾ ਇੱਕ ਮੁਸ਼ਕਲ ਕੰਮ ਹੈ। ਭਾਸ਼ਾ, ਸੱਭਿਆਚਾਰ ਅਤੇ ਜੀਵਨ-ਸ਼ੈਲੀ ਦੇ ਅੰਤਰ ਕਈ ਵਾਰ ਮਨੋਵਿਗਿਆਨਕ ਦਬਾਅ ਪੈਦਾ ਕਰਦੇ ਹਨ। ਵਿਦੇਸ਼ ਪਹੁੰਚਣ ਤੋਂ ਬਾਅਦ ਕੁੜੀਆਂ 'ਤੇ ਆਪਣੇ ਪਰਿਵਾਰਾਂ ਦੀਆਂ ਆਰਥਿਕ ਅਤੇ ਸਮਾਜਿਕ ਉਮੀਦਾਂ ਦਾ ਭਾਰੀ ਦਬਾਅ ਹੁੰਦਾ ਹੈ। ਕਈ ਵਾਰ ਉਨ੍ਹਾਂ ਨੂੰ ਆਪਣੇ ਸੁਪਨਿਆਂ ਦੀ ਕੁਰਬਾਨੀ ਦੇਣੀ ਪੈਂਦੀ ਹੈ। ਪਰਵਾਸੀ ਜੀਵਨ ਵਿੱਚ ਪੰਜਾਬੀ ਕੁੜੀਆਂ ਨੂੰ ਆਪਣੀ ਸੱਭਿਆਚਾਰਕ ਪਛਾਣ ਅਤੇ ਨਵੇਂ ਸਮਾਜ ਵਿੱਚ ਏਕੀਕਰਨ ਵਿਚਕਾਰ ਸੰਤੁਲਨ ਬਣਾਉਣਾ ਪੈਂਦਾ ਹੈ। ਇਕੱਲਾਪਣ, ਘਰ ਦੀ ਯਾਦ, ਨਸਲੀ ਭੇਦਭਾਵ ਅਤੇ ਅਸੁਰੱਖਿਆ ਦੀ ਭਾਵਨਾ ਮਨੋਵਿਗਿਆਨਕ ਸਮੱਸਿਆਵਾਂ ਨੂੰ ਜਨਮ ਦੇ ਸਕਦੀ ਹੈ। ਪੰਜਾਬੀ ਕੁੜੀਆਂ ਦਾ ਪਰਵਾਸ ਪੰਜਾਬ ਦੇ ਸਮਾਜਿਕ ਪ੍ਰਬੰਧ ਨੂੰ ਡੂੰਘੇ ਪੱਧਰ 'ਤੇ ਪ੍ਰਭਾਵਿਤ ਕਰ ਰਿਹਾ ਹੈ। ਵਿਆਹ ਦੀ ਉਮਰ, ਪਰਿਵਾਰਕ ਬਣਤਰ, ਲਿੰਗ ਸੰਬੰਧ, ਆਰਥਿਕ ਨਿਰਭਰਤਾ ਅਤੇ ਸੱਭਿਆਚਾਰਕ ਮੁੱਲਾਂ ਵਿੱਚ ਤਬਦੀਲੀਆਂ ਆ ਰਹੀਆਂ ਹਨ। ਇਹ ਪ੍ਰਕਿਰਿਆ ਇੱਕ ਪਾਸੇ ਆਧੁਨਿਕਤਾ ਅਤੇ ਗਲੋਬਲਾਈਜ਼ੇਸ਼ਨ ਨੂੰ ਉਤਸ਼ਾਹਿਤ ਕਰ ਰਹੀ ਹੈ, ਦੂਜੇ ਪਾਸੇ ਪਰੰਪਰਾਗਤ ਸਮਾਜਿਕ ਢਾਂਚਿਆਂ ਲਈ ਚੁਣੌਤੀ ਵੀ ਬਣ ਰਹੀ ਹੈ। ਭਵਿੱਖ ਵਿੱਚ ਇਹ ਰੁਝਾਨ ਪੰਜਾਬੀ ਸਮਾਜ ਦੀ ਬਣਤਰ ਨੂੰ ਹੋਰ ਡੂੰਘਾਈ ਨਾਲ ਪ੍ਰਭਾਵਿਤ ਕਰੇਗਾ। ਜੇਕਰ ਅੱਜ ਤੋਂ ਕੋਈ ਤਿੰਨ/ ਚਾਰ ਦਹਾਕੇ ਪਿੱਛੇ ਚਲੀਏ ਤਾਂ ਲੰਬਾ ਸਮਾਂ ਪੰਜਾਬੀਆਂ ਦੇ ਸਮਾਜਿਕ ਪਿੜ ਵਿਚ ਵਿਦੇਸ਼ੀ ਲਾੜਿਆਂ ਨਾਲ ਵਿਆਹੀਆਂ ਦੁਹਾਗਣਾਂ ਦੇ ਸੰਤਾਪ ਤੋਂ ਅਸੀਂ ਸਭ ਭਲੀ ਭਾਂਤ ਜਾਣੂ ਹਾਂ। ਉਹ ਮੁੱਕਰ ਗਏ ਜਾਂ ਮਜਬੂਰੀਆਂ ਮਾਰੇ ਸਨ। ਅਜਿਹੇ ਵਿਚ ਉਨ੍ਹਾਂ ਔਰਤਾਂ ਨੇ ਸਾਂਝੇ ਪਰਿਵਾਰਾਂ ਦੇ ਸਹਿਯੋਗ ਨਾਲ ਜਾਂ ਫਿਰ ਆਪ ਮਿਹਨਤ/ ਮੁਸ਼ੱਕਤ

ਕਰਕੇ ਆਪਣਾ ਆਪ ਤੇ ਆਪਣੇ ਬੱਚਿਆਂ ਦੀ ਪਰਵਰਿਸ਼ ਕੀਤੀ। ਉਦੋਂ ਮਰਦ ਧੋਖਾ ਦਿੰਦਾ ਸੀ ਔਰਤ ਸਹਿਣ ਕਰਦੀ ਸੀ। ਹੁਣ ਜੇ ਕਿਤੇ ਕੋਈ ਔਰਤ ਧੋਖਾ ਦਿੰਦੀ ਹੈ ਤਾਂ ਸੋਸ਼ਲ ਮੀਡੀਆ ਤੇ ਮੁੰਡੇ ਵਾਲਿਆਂ ਵੱਲੋਂ ਮਚਾਈ ਜਾਂਦੀ ਮਾਰ-ਦੁਹਾਈ ਤੋਂ ਅਸੀਂ ਸਭ ਵਾਕਿਫ਼ ਹਾਂ। ਪੰਜਾਬੀ ਕੁੜੀਆਂ ਦੇ ਪਰਵਾਸ ਨੇ ਇਸਤਰੀ ਦੇ ਪੂਰਵ ਪ੍ਰਵਾਨਿਤ ਚਰਿੱਤਰ ਨੂੰ ਵੀ ਢਾਹ ਲਗਾਈ ਹੈ। ਜਦੋਂ ਪੰਜਾਬੀ ਔਰਤ ਮਰਦ ਦੇ ਸਹਾਰੇ ਪਰਵਾਸ ਧਾਰਨ ਕਰਦੀ ਸੀ ਤਾਂ ਉਸ ਨੇ ਆਪਣੇ ਮੁਲਕਾਂ ਵਿੱਚ ਆਪਣੀ ਪ੍ਰਸੰਗਿਕਤਾ ਨੂੰ ਬਰਕਰਾਰ ਰੱਖਣ ਲਈ ਨੈਤਿਕਤਾ ਅਤੇ ਸਮਰਪਣ ਨੂੰ ਇਕ ਜੁਗਤ ਤੇ ਹਥਿਆਰ ਵਜੋਂ ਵਰਤਿਆ ਪਰ ਹੁਣ ਇਹ ਭਾਵਨਾ ਵੀ ਖਤਮ ਹੋ ਰਹੀ ਹੈ। ਇੱਥੇ ਜਿਹੜਾ ਵਿਆਹ ਹੋਇਆ ਸੀ ਉਹ ਤਾਂ ਬੈਂਡਾਂ ਨਾਲ ਸੀ ਤੇ ਫਿਰ ਸਵੈ-ਕਲਪਿਤ ਤੇ ਸਵੈ-ਇੱਛਤ ਮਰਦ ਦੀ ਅਣਹੋਂਦ ਵਿਚ ਅਸੰਤੁਸ਼ਟ ਜਦੋਂ ਉਹ ਕਈ ਵਾਰ ਘਰ-ਪਰਿਵਾਰ ਤੇ ਸੱਭਿਆਚਾਰਕ ਵਰਜਣਾਵਾਂ ਉਲੰਘ ਕੇ ਕਦਰਾਂ ਕੀਮਤਾਂ ਤੋਂ ਮੁਕਤ ਜ਼ੋਨ ਵਿੱਚ ਪ੍ਰਵੇਸ਼ ਕਰਦੀਆਂ ਹਨ ਤਾਂ ਫਿਟਕਾਰ ਦਾ ਪਾਤਰ ਵੀ ਬਣਦੀਆਂ ਹਨ। ਪੰਜਾਬੀ ਸਮਾਜ ਵਿੱਚ ਔਰਤ ਅਜੇ ਵੀ ਮਰਦ ਦੀ ਅਵਹੇਲਣਾ ਦਾ ਪਾਤਰ ਬਣਨ ਤੋਂ ਡਰਦੀ ਹੈ ਪਰ ਇਨ੍ਹਾਂ ਮੁਲਕਾਂ ਵਿੱਚ ਆਜ਼ਾਦ ਸਪੇਸ ਮਿਲਦਿਆਂ ਕਈ ਵਾਰ ਉਹ ਮਜਬੂਰੀ ਵੱਸ ਅਣਇੱਛਤ ਤੇ ਕਈ ਵਾਰੀ ਮਨਇੱਛਤ ਖੇਡ ਖੇਡਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਹੁਣ ਉਹ ਮਰਦ ਦੀ ਪ੍ਰਵਾਨਗੀ ਲਈ ਤਰਲੋ ਮੱਛੀ ਵੀ ਨਹੀਂ ਹੁੰਦੀ ਅਜੋਕੀ ਪੰਜਾਬੀ ਔਰਤ ਦੇ ਪਰਵਾਸ ਨੂੰ ਅਸੀਂ ਅਤੀਤ ਨਾਲੋਂ ਵੱਖ ਨਹੀਂ ਕਰ ਸਕਦੇ। ਕੋਈ ਸਮਾਂ ਸੀ ਜਦ ਪੰਜਾਬੀਆਂ ਨੇ ਆਪ ਵਿਦੇਸ਼ ਵੱਸਣ ਦੀ ਲਾਲਸਾ ਤਹਿਤ ਆਪਣੀਆਂ ਧੀਆਂ, ਭੈਣਾਂ ਨੂੰ ਬੁੱਢੇ ਠੇਰੇ ਤੇ ਅਪਾਹਜ ਪਰਵਾਸੀਆਂ ਨਾਲ ਵੀ ਜਬਰੀ ਨਰੜ ਦਿੱਤਾ।ਅਜੋਕੇ ਪਰਵਾਸ ਵਿੱਚ ਸਾਨੂੰ ਇਹ ਫ਼ੈਸਲਾ ਔਰਤ ਦਾ ਮਨਇੱਛਤ ਲੱਗਦਾ ਹੈ ਪਰ ਵਪਾਰਕ ਬਿਰਤੀ ਅਖ਼ਤਿਆਰ ਕਰ ਚੁੱਕੇ ਇਸ ਰੁਝਾਨ ਪਿੱਛੇ ਵੀ ਮਰਦ ਦੀ ਇੱਛਾ ਰਾਜਨੀਤੀ, ਆਰਥਿਕਤਾ ਅਤੇ ਮਨੋਵਿਗਿਆਨ ਦਾ ਵੱਡਾ ਰੋਲ ਹੈ। ਸਾਡੇ ਜਾਅਲੀ ਵਿਆਹ ਤੇ ਗ਼ੈਰ ਕਾਨੂੰਨੀ ਢੰਗ ਨਾਲ ਕੀਤੇ ਗਏ ਪਰਵਾਸ ਕਾਰਨ ਵੱਖ- ਵੱਖ ਮੁਲਕਾਂ ਵਿੱਚ ਇਹ ਮੁੱਦਾ ਅਕਸਰ ਭਖਿਆ ਰਹਿੰਦਾ ਹੈ ਕਿ ਉਨ੍ਹਾਂ ਦੇ ਆਵਾਸੀ ਕਾਨੂੰਨਾਂ ਵਿੱਚ ਕਿੱਥੇ ਚੋਰ-ਮੋਰੀਆਂ ਹਨ। ਇਨ੍ਹਾਂ ਮੁਲਕਾਂ ਦੇ ਇਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਮੰਤਰਾਲੇ ਦੀਆਂ ਨਜ਼ਰਾਂ ਸਾਡੇ ਵਿਆਹਾਂ ਦੀਆਂ ਫੋਟੋਆਂ, ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ, ਆਪਣੇ ਮੁਕੱਦਸ ਧਰਮ ਗ੍ਰੰਥਾਂ ਦੀ ਹਜ਼ੂਰੀ ਵਿਚ ਕੀਤੀਆਂ ਗਈਆਂ ਰਸਮਾਂ ਧਾਰਮਿਕ ਅਦਾਰਿਆਂ ਵੱਲੋਂ ਜਾਰੀ ਕੀਤੇ ਪ੍ਰਮਾਣ ਪੱਤਰ ਸਭ ਸ਼ੱਕ ਦੇ ਘੇਰੇ ਵਿੱਚ ਹਨ।

ਪੰਜਾਬੀ ਕੁੜੀਆਂ ਦੇ ਪਰਵਾਸ ਦੇ ਰੁਝਾਨ ਦੇ ਕੁਝ ਮਹੱਤਵਪੂਰਨ ਤੇ ਸਾਕਾਰਾਤਮਕ ਪੱਖ ਵੀ ਉੱਭਰ ਕੇ ਸਾਹਮਣੇ ਆਏ ਹਨ:-

• ਇਸ ਨੇ ਪੰਜਾਬੀ ਸਮਾਜ ਵਿੱਚ ਜੜ੍ਹ ਹੋਈ ਜਾਤੀ ਤੇ ਜਮਾਤੀ ਪਛਾਣ ਨੂੰ ਹਿਲਾਇਆ ਹੈ।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 88-96

• ਕੁੜੀਆਂ ਨੇ ਵਿਦੇਸ਼ਾਂ ਵਿੱਚ ਜਾ ਕੇ ਸਖ਼ਤ ਮਿਹਨਤ ਕਰਕੇ ਆਪਣੀ ਤੇ ਪਿੱਛੇ ਰਹਿੰਦੇ ਘਰ- ਪਰਿਵਾਰਾਂ ਦੀ ਆਰਥਿਕ ਸਮ੍ਰਿਧੀ ਵਿਚ ਵਾਧਾ ਕੀਤਾ ਹੈ।

• ਪੁੱਤਰ ਸਾਡੇ ਭਵਿੱਖ ਦੀ ਡੰਗੋਰੀ ਹਨ, ਇਹ ਭ੍ਰਾਂਤੀ ਵੀ ਹੁਣ ਮੂਲੋਂ ਹੀ ਖੰਡਿਤ ਹੋ ਗਈ ਹੈ।

• ਆਪਣੇ ਬਲਬੂਤੇ ਤੇ ਉਹ ਆਪਣੇ ਪੇਰੈਂਟਸ ਨੂੰ ਆਪਣੇ ਕੋਲ ਬੁਲਾ ਰਹੀਆਂ ਹਨ, ਸਵੈਮਾਣ ਤੇ ਅਧਿਕਾਰ ਨਾਲ ਆਪਣੇ ਘਰ ਵਿੱਚ ਉਨ੍ਹਾਂ ਨੂੰ ਰੱਖ ਰਹੀਆਂ ਹਨ ਤੇ ਜ਼ੁਰਅਤ ਦੇ ਨਾਲ ਆਪਣੇ ਘਰ ਦੇ ਬਾਹਰ ਆਪਣੇ ਨਾਮ ਦੀ ਤਖ਼ਤੀ ਲਾ ਰਹੀਆਂ ਹਨ।

• ਸਾਡੇ ਸਮਾਜ ਦੀ ਇਹ ਵੀ ਮਾਨਸਿਕਤਾ ਰਹੀ ਹੈ ਕਿ ਪੁੱਤਰ ਹੋਵੇਗਾ ਤਾਂ ਧਨ ਘਰ ਆਵੇਗਾ, ਧੀ ਹੈ ਤਾਂ ਘਰੋਂ ਜਾਵੇਗਾ ਇਹ ਧਾਰਨਾ ਵੀ ਸਾਡੀਆਂ ਕੁੜੀਆਂ ਨੇ ਉਲਟਾ ਕੇ ਰੱਖ ਦਿੱਤੀ।

• ਇੱਥੇ ਜੇ ਤਲਾਕ ਹੋ ਗਿਆ, ਬੱਚਾ ਨਾ ਹੋਇਆ, ਜੇ ਧੀਆਂ ਹੀ ਹੋਈਆਂ ਸਭ ਕਾਸੇ ਲਈ ਔਰਤ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ ਪਰ ਇਨ੍ਹਾਂ ਪਰਵਾਸ ਵਾਲੇ ਸਮਾਜਾਂ ਨੇ ਉਸਨੂੰ ਛੁੱਟੜ, ਔਤਰੀ, ਦੁਹਾਗਣ ਜਿਹੇ ਨਾਕਾਰਆਤਮਕ ਵਿਸ਼ੇਸ਼ਣਾਂ ਤੋਂ ਮੁਕਤ ਕਰ ਕੇ ਸਵੈਮਾਣ ਨਾਲ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ ਹੈ।

ਸਿੱਟਾ

ਇਹ ਗੱਲ ਵੀ ਨਿਸ਼ਚਿਤ ਹੈ ਕਿ ਅਠਾਰਾਂ ਤੋਂ ਵੀਹ ਸਾਲ ਦੀ ਉਮਰ ਵਿੱਚ ਆਪਣੀ ਜਨਮ ਭੂਮੀ ਛੱਡ ਕੇ ਗਈਆਂ ਸਾਡੀਆਂ ਇਹ ਕੁੜੀਆਂ ਆਪਣੇ ਪ੍ਰਵੇਸ਼ ਵਾਲੇ ਸਮਾਜ ਸੱਭਿਆਚਾਰ ਦੇ ਅਨੁਸਾਰ ਹੀ ਜ਼ਿੰਦਗੀ ਜਿਊਣਗੀਆਂ, ਰਿਸ਼ਤੇ ਨਾਤੇ ਨਿਭਾਉਣਗੀਆਂ ਸੋ ਅਜਿਹੇ ਵਿੱਚ ਉਨ੍ਹਾਂ ਤੋਂ ਪਿੱਤਰ ਭੂਮੀ ਦੇ ਸੱਭਿਆਚਾਰ ਦੇ ਅਨੁਸਾਰੀ ਹੋ ਕੇ ਚੱਲਣ ਦੀ ਆਸ ਕਰਨਾ ਵੀ ਉੱਚਿਤ ਪ੍ਰਤੀਤ ਨਹੀਂ ਹੁੰਦਾ। ਸੋ ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਰਵਾਸ ਨੇ ਸਾਡੀਆਂ ਧੀਆਂ ਨੂੰ ਇਕ ਨਵੀਂ ਪਰਵਾਜ਼ ਦਾ ਮੌਕਾ ਦਿੱਤਾ ਹੈ ਉਸ ਦੇ ਸੁਪਨਿਆਂ ਨੂੰ ਹਿੰਮਤ ਬਖ਼ਸ਼ੀ ਹੈ ਹੁਣ ਉਹ ਆਪਣੀ ਕਰਮ ਭੂਮੀ 'ਤੇ ਆਪਣੀ ਹੋਂਦ ਨੂੰ ਨਵੇਂ ਸਿਰਿਓਂ ਵਿਉਂਤਣ ਲਈ ਉਤਸ਼ਾਹ ਤੇ ਪ੍ਰੇਰਨਾ ਅਰਜਿਤ ਕਰ ਰਹੀਆਂ ਹਨ। ਪੰਜਾਬੀ ਕੁੜੀਆਂ ਦੇ ਪਰਵਾਸ ਦੇ ਨਕਾਰਾਤਮਕ ਜਾਂ ਸਾਕਾਰਾਤਮਕ ਜੋ ਵੀ ਪ੍ਰਭਾਵ ਹੋਣਗੇ ਉਹ ਭਵਿੱਖ ਵਿੱਚ ਰਚੇ ਜਾਣ ਵਾਲੇ ਪੰਜਾਬੀ ਸਾਹਿਤ ਵਿਚ ਸਰੋਕਾਰਾਂ ਦੇ ਰੂਪ ਵਿਚ ਜ਼ਰੂਰ ਪਰਗਟ ਹੋਣਗੇ। ਪੰਜਾਬੀ ਕੁੜੀਆਂ ਦਾ ਪਰਵਾਸ ਇੱਕ ਮਹੱਤਵਪੂਰਨ ਸਮਾਜਿਕ ਪਰਿਵਰਤਨ ਹੈ ਜਿਸ ਨੇ ਪੰਜਾਬੀ ਸਮਾਜ ਦੀ ਪਰੰਪਰਾਗਤ ਬਣਤਰ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕੀਤਾ ਹੈ। ਇਹ ਕੇਵਲ ਭੂਗੋਲਿਕ ਸਥਾਨਾਂਤਰਣ ਨਹੀਂ ਸਗੋਂ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਮਨੋਵਿਗਿਆਨਕ ਤਬਦੀਲੀਆਂ ਦੀ ਇੱਕ ਵਿਸ਼ਾਲ ਪ੍ਰਕਿਰਿਆ ਹੈ। ਇਸ ਨੇ ਔਰਤਾਂ ਨੂੰ ਨਵੀਂ ਪਹਿਚਾਣ, ਆਰਥਿਕ ਸੁਤੰਤਰਤਾ ਅਤੇ ਸਮਾਜਿਕ ਸਸ਼ਕਤੀਕਰਨ ਪ੍ਰਦਾਨ ਕੀਤਾ

ਹੈ। ਨਾਲ ਹੀ ਇਸ ਨੇ ਵਿਆਹ ਸੰਸਥਾ, ਰਿਸ਼ਤਾ ਪ੍ਰਣਾਲੀ ਅਤੇ ਪਰਿਵਾਰਕ ਢਾਂਚੇ ਨੂੰ ਨਵੀਆਂ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕੀਤਾ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਪੰਜਾਬੀ ਸਮਾਜ ਇਸ ਵਰਤਾਰੇ ਨੂੰ ਸਿਰਫ਼ ਆਰਥਿਕ ਸਫਲਤਾ ਦੇ ਪ੍ਰਸੰਗ ਵਿੱਚ ਨਾ ਦੇਖੇ ਸਗੋਂ ਇਸ ਦੇ ਸਮਾਜਿਕ ਅਤੇ ਮਨੁੱਖੀ ਪੱਖਾਂ ਨੂੰ ਵੀ ਸਮਝੇ। ਭਵਿੱਖ ਵਿੱਚ ਪੰਜਾਬੀ ਕੁੜੀਆਂ ਦਾ ਪਰਵਾਸ ਪੰਜਾਬੀ ਸਮਾਜ ਅਤੇ ਸਾਹਿਤ ਦੋਹਾਂ ਦੇ ਸਰੋਕਾਰਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

ਪੁਸਤਕ ਸੂਚੀ

1. ਢਿੱਲੋਂ, ਕੰਵਲਜੀਤ ਕੌਰ, (2021), ਪੰਜਾਬੀ ਔਰਤਾਂ ਦਾ ਪਰਵਾਸ: ਇਤਿਹਾਸ ਅਤੇ ਵਰਤਮਾਨ. ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ ਪ੍ਰਕਾਸ਼ਨ।
2. ਗਿੱਲ, ਹਰਿੰਦਰ ਸਿੰਘ, (2018), ਪਰਵਾਸੀ ਪੰਜਾਬੀ ਸਮਾਜ ਅਤੇ ਸਭਿਆਚਾਰ. ਅੰਮ੍ਰਿਤਸਰ: ਵਾਰਿਸ ਸ਼ਾਹ ਫਾਊਂਡੇਸ਼ਨ।
3. ਗਰੇਵਾਲ, ਜਸਬੀਰ ਸਿੰਘ, (2016), ਗਲੋਬਲਾਈਜ਼ੇਸ਼ਨ ਅਤੇ ਪੰਜਾਬੀ ਸਮਾਜ. ਪਟਿਆਲਾ: ਪੰਜਾਬੀ ਯੂਨੀਵਰਸਿਟੀ।
4. ਜੋਹਲ, ਮਨਜੀਤ ਕੌਰ, (2020), ਇਸਤਰੀ ਚੇਤਨਾ ਅਤੇ ਪਰਵਾਸ. ਲੁਧਿਆਣਾ: ਚੇਤਨਾ ਪ੍ਰਕਾਸ਼ਨ।
5. ਸੰਧੂ, ਗੁਰਪਾਲ ਸਿੰਘ, (2019), ਪਰਵਾਸੀ ਪੰਜਾਬੀ ਸਾਹਿਤ: ਸਰੂਪ ਅਤੇ ਸਰੋਕਾਰ. ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ।
6. ਸੇਖੋਂ, ਅਜਮੇਰ ਸਿੰਘ, (2015), ਪੰਜਾਬ ਦਾ ਸਮਾਜਿਕ ਪਰਿਵਰਤਨ. ਅੰਮ੍ਰਿਤਸਰ: ਲੋਕਗੀਤ ਪ੍ਰਕਾਸ਼ਨ।
7. ਸਿੱਧੂ, ਰਵਿੰਦਰ ਕੌਰ, (2022), ਪੰਜਾਬੀ ਔਰਤ ਅਤੇ ਆਧੁਨਿਕਤਾ. ਪਟਿਆਲਾ: ਭਾਸ਼ਾ ਵਿਭਾਗ ਪੰਜਾਬ।
8. ਵਿਰਕ, ਕੁਲਦੀਪ ਸਿੰਘ, (2017), ਪਰਵਾਸ, ਪਛਾਣ ਅਤੇ ਪੰਜਾਬੀਅਤ. ਨਵੀਂ ਦਿੱਲੀ: ਆਰਸ਼ੀ ਪਬਲਿਸ਼ਰਜ਼।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 97-111

ਪਰਵਾਸੀ ਅਸਤਿਤਵ ਵਿਚ ਸਭਿਆਚਾਰਕ ਦਵੰਦ ਅਤੇ ਬੇਗਾਨਗੀ :ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੇ ਦੇ ਸੰਦਰਭ ਵਿਚ

ਡਾ. ਸੁਖਮਨਪ੍ਰੀਤ ਕੌਰ
ਸਹਾਇਕ ਪ੍ਰੋਫੈਸਰ
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)।

ਸਾਰ

ਇਸ ਖੋਜ ਪੱਤਰ ਦਾ ਮੁੱਖ ਉਦੇਸ਼ ਪਰਵਾਸੀ ਪੰਜਾਬੀ ਅਸਤਿਤਵ ਦੇ ਸੰਦਰਭ ਵਿੱਚ ਸਭਿਆਚਾਰਕ ਦਵੰਦ ਅਤੇ ਬੇਗਾਨਗੀ ਦੇ ਸੰਕਲਪਾਂ ਦਾ ਵਿਸ਼ਲੇਸ਼ਣ ਕਰਨਾ ਹੈ, ਖਾਸ ਕਰਕੇ ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੇ ਪ੍ਰਸੰਗ ਵਿੱਚ। ਪਰਵਾਸ ਨੂੰ ਇਸ ਅਧਿਐਨ ਵਿੱਚ ਸਿਰਫ਼ ਭੂਗੋਲਿਕ ਸਥਾਨਾਂਤਰਣ ਨਹੀਂ, ਸਗੋਂ ਪਛਾਣ ਦੇ ਸੰਕਟ, ਰਿਸਤਿਆਂ ਦੀ ਪੁਨਰ-ਰਚਨਾ ਅਤੇ ਮਨੋਵਿਗਿਆਨਕ ਵਿਖੰਡਤਾ ਦੀ ਬਹੁ-ਪੱਧਰੀ ਪ੍ਰਕਿਰਿਆ ਵਜੋਂ ਸਮਝਿਆ ਗਿਆ ਹੈ। ਖੋਜ ਲਈ ਪਾਠਾਤਮਕ ਵਿਸ਼ਲੇਸ਼ਣ (textual analysis) ਅਤੇ ਵਿਵੇਚਨਾਤਮਕ ਵਿਧੀ (analytical method) ਦੀ ਵਰਤੋਂ ਕੀਤੀ ਗਈ ਹੈ, ਜਿਸ ਅਧੀਨ 'ਦੁਨੀਆ ਕੈਸੀ ਹੋਈ', 'ਭਗੌੜਾ', 'ਵਿਗੋਚਾ', 'ਬੇਗਾਨੇ' ਅਤੇ 'ਨਾਬਰ' ਨਾਵਲਾਂ ਦਾ ਗਹਿਰਾਈ ਨਾਲ ਅਧਿਐਨ ਕੀਤਾ ਗਿਆ ਹੈ। ਅਧਿਐਨ ਦੇ ਨਤੀਜੇ ਦਰਸਾਉਂਦੇ ਹਨ ਕਿ ਸੇਖਾ ਦੇ ਨਾਵਲਾਂ ਵਿੱਚ ਪਰਵਾਸੀ ਜੀਵਨ ਦੇ ਅਣਗੌਲੇ ਪਾਸਾਰਾਂ ਨੂੰ ਕੇਂਦਰ ਵਿੱਚ ਲਿਆਉਂਦੇ ਹੋਏ ਸਭਿਆਚਾਰਕ ਟਕਰਾਅ ਅਤੇ ਬੇਗਾਨਗੀ ਨੂੰ ਆਪਸੀ ਜੁੜੇ ਹੋਏ ਤੱਤਾਂ ਵਜੋਂ ਪੇਸ਼ ਕੀਤਾ ਗਿਆ ਹੈ। 'ਵਿਗੋਚਾ' ਵਿੱਚ ਪੀੜ੍ਹੀ ਦਰ ਪੀੜ੍ਹੀ ਬਦਲਦੇ ਅਨੁਭਵਾਂ ਰਾਹੀਂ ਨਸਲਵਾਦ ਅਤੇ ਅਸਤਿਤਵਕ ਸੰਕਟਾਂ ਦੀ ਲਗਾਤਾਰਤਾ ਸਾਹਮਣੇ ਆਉਂਦੀ ਹੈ, ਜਦਕਿ 'ਬੇਗਾਨੇ' ਵਿੱਚ ਰਿਸਤਿਆਂ ਦੀ ਬਦਲਦੀ ਪ੍ਰਕਿਰਤੀ ਇਹ ਸਾਬਤ ਕਰਦੀ ਹੈ ਕਿ ਬੇਗਾਨਗੀ ਸਿਰਫ਼ ਸਥਾਨਿਕ ਨਹੀਂ, ਸਗੋਂ ਅਹਿਸਾਸਕ ਅਤੇ ਸੰਬੰਧਾਤਮਕ ਪ੍ਰਕਿਰਿਆ ਹੈ। ਨਿਸ਼ਕਰਸ਼ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸੇਖਾ ਦੀ ਨਾਵਲ ਸਿਰਜਣਾ ਪਰਵਾਸੀ ਅਨੁਭਵ ਨੂੰ ਇੱਕ ਬਹੁ-ਪੱਖੀ ਅਤੇ ਵਿਰੋਧਾਭਾਸੀ ਪ੍ਰਕਿਰਿਆ ਵਜੋਂ ਉਭਾਰਦੀ ਹੈ, ਜਿੱਥੇ ਸੱਭਿਆਚਾਰਕ ਦਵੰਦ ਵਿਅਕਤੀ ਦੀ ਸਵੈ-ਹੋਂਦ ਨੂੰ ਵਿਖੰਡਿਤ ਕਰਦਾ ਹੈ ਅਤੇ ਰਿਸਤਿਆਂ ਦੀ ਨਵੀਂ ਵਿਆਕਰਨ ਰਚਦਾ ਹੈ। ਇਹ ਅਧਿਐਨ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਵਿਸ਼ਲੇਸ਼ਣਾਤਮਕ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।

ਕੁੰਜੀ-ਸ਼ਬਦ:

ਪਰਵਾਸੀ ਅਸਤਿਤਵ, ਸਭਿਆਚਾਰਕ-ਦਵੰਦ, ਬੇਗਾਨਗੀ, ਪਛਾਣ ਸੰਕਟ, ਨਸਲਵਾਦ, ਮਨੋਵਿਗਿਆਨਕ ਵਿਖੰਡਤਾ

ਖੋਜ ਦਾ ਉਦੇਸ਼:

1. ਸੇਖਾ ਦੇ ਨਾਵਲਾਂ ਵਿੱਚ ਪਰਵਾਸੀ ਅਸਤਿਤਵ ਦਾ ਵਿਸ਼ਲੇਸ਼ਣ।
2. ਸਭਿਆਚਾਰਕ ਦਵੰਦ ਅਤੇ ਪਛਾਣ ਸੰਕਟ ਦੀ ਪੜਚੋਲ।
3. ਬੇਗਾਨਗੀ ਦੇ ਸੰਕਲਪ ਨੂੰ ਰਿਸਤਿਆਂ ਦੇ ਸੰਦਰਭ ਵਿੱਚ ਸਮਝਣਾ।
4. ਨਾਵਲਾਂ ਵਿੱਚ ਪਰਵਾਸੀ ਅਨੁਭਵ ਦੇ ਸਮਾਜਿਕ ਤੇ ਮਨੋਵਿਗਿਆਨਕ ਪੱਖਾਂ ਦਾ ਅਧਿਐਨ।

ਖੋਜ ਵਿਧੀ:

ਇਸ ਖੋਜ ਕਾਰਜ ਵਿੱਚ ਮੁੱਖ ਤੌਰ 'ਤੇ ਗੁਣਾਤਮਕ (Qualitative) ਵਿਧੀ ਨੂੰ ਅਪਣਾਇਆ ਗਿਆ ਹੈ, ਕਿਉਂਕਿ ਅਧਿਐਨ ਦਾ ਕੇਂਦਰ ਸਾਹਿਤਕ ਪਾਠਾਂ ਦੇ ਅਰਥਾਤਮਕ ਅਤੇ ਵਿਸ਼ਲੇਸ਼ਣਾਤਮਕ ਪੱਖਾਂ ਦੀ ਪੜਚੋਲ ਕਰਨਾ ਹੈ। ਇਸਦੇ ਨਾਲ ਹੀ ਵਰਣਨਾਤਮਕ ਅਤੇ ਵਿਵੇਚਨਾਤਮਕ ਪਹੁੰਚ ਦੀ ਵਰਤੋਂ ਕਰਦੇ ਹੋਏ ਨਾਵਲਾਂ ਦੇ ਅੰਦਰੂਨੀ ਸੰਰਚਨਾਤਮਕ ਅਤੇ ਅਨੁਭਵਿਕ ਪਾਸਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਡਾਟਾ ਇਕੱਠਾ ਕਰਨ ਲਈ ਪ੍ਰਾਇਮਰੀ ਅਤੇ ਸੈਕੰਡਰੀ ਦੋਵੇਂ ਸਰੋਤ ਵਰਤੇ ਗਏ ਹਨ, ਜਿਨ੍ਹਾਂ ਵਿੱਚ ਪ੍ਰਾਇਮਰੀ ਸਰੋਤਾਂ ਦੇ ਰੂਪ ਵਿੱਚ ਜਰਨੈਲ ਸਿੰਘ ਸੇਖਾ ਦੇ ਨਾਵਲ ('ਦੁਨੀਆ ਕੈਸੀ ਹੋਈ', 'ਭਗੌੜਾ', 'ਵਿਗੋਚਾ', 'ਬੇਗਾਨੇ', 'ਨਾਬਰ') ਸ਼ਾਮਲ ਹਨ, ਜਦਕਿ ਸੈਕੰਡਰੀ ਸਰੋਤਾਂ ਵਿੱਚ ਸੰਬੰਧਿਤ ਆਲੋਚਨਾਤਮਕ ਪੁਸਤਕਾਂ, ਖੋਜ ਲੇਖ ਅਤੇ ਵਿਦਵਾਨਾਂ ਦੇ ਵਿਚਾਰ ਸ਼ਾਮਲ ਕੀਤੇ ਗਏ ਹਨ। ਇਸ ਅਧਿਐਨ ਵਿੱਚ ਉਦੇਸ਼ਪੂਰਕ ਸੈਂਪਲਿੰਗ (purposive sampling) ਦੀ ਵਰਤੋਂ ਕੀਤੀ ਗਈ ਹੈ, ਜਿਸ ਅਧੀਨ ਖੋਜ ਦੇ ਉਦੇਸ਼ਾਂ ਨਾਲ ਸੰਬੰਧਿਤ ਚੁਣਿੰਦੇ ਨਾਵਲਾਂ ਦੀ ਚੋਣ ਕੀਤੀ ਗਈ ਹੈ। ਵਿਸ਼ਲੇਸ਼ਣ ਲਈ ਪਾਠਾਤਮਕ ਵਿਸ਼ਲੇਸ਼ਣ (textual analysis), ਥੀਮੈਟਿਕ ਵਿਸ਼ਲੇਸ਼ਣ (thematic analysis) ਅਤੇ ਸੰਕਲਪਕ ਵਿਵੇਚਨਾ ਨੂੰ ਮੁੱਖ ਸਾਧਨਾਂ ਵਜੋਂ ਵਰਤਿਆ ਗਿਆ ਹੈ। ਨਾਵਲਾਂ ਦੇ ਪਾਤਰਾਂ, ਕਥਾ-ਵਿਕਾਸ ਅਤੇ ਸਮਾਜਿਕ-ਸੱਭਿਆਚਾਰਕ ਪ੍ਰਸੰਗਾਂ ਦੀ ਪੜਚੋਲ ਰਾਹੀਂ ਸਭਿਆਚਾਰਕ ਦਵੰਦ, ਬੇਗਾਨਗੀ ਅਤੇ ਪਛਾਣ ਸੰਕਟ ਵਰਗੇ ਮੁੱਖ ਸੰਕਲਪਾਂ ਨੂੰ ਉਜਾਗਰ ਕੀਤਾ ਗਿਆ ਹੈ। ਇਸ ਤਰ੍ਹਾਂ, ਇਹ ਖੋਜ ਗੁਣਾਤਮਕ ਵਿਧੀ ਦੇ ਆਧਾਰ 'ਤੇ ਪਰਵਾਸੀ ਅਨੁਭਵ ਦੇ ਗਹਿਰੇ ਅਤੇ ਬਹੁ-ਪੱਖੀ ਅਰਥਾਂ ਨੂੰ ਪ੍ਰਗਟ ਕਰਨ ਦਾ ਯਤਨ ਕਰਦੀ ਹੈ। ਆਧੁਨਿਕ ਪੰਜਾਬੀ ਸਾਹਿਤ ਵਿੱਚ ਪਰਵਾਸ ਇੱਕ ਅਹਿਮ ਅਤੇ ਕੇਂਦਰੀ ਵਿਸ਼ਾ ਵਜੋਂ ਉਭਰਿਆ ਹੈ, ਜਿਸ ਨੇ ਮਨੁੱਖੀ ਅਸਤਿਤਵ ਦੇ ਨਵੇਂ ਸੰਕਟਾਂ

Volume: 13, March 2026 ISSN: 2394-0980
PP: 97-111

ਅਤੇ ਅਨੁਭਵਾਂ ਨੂੰ ਸਾਹਮਣੇ ਲਿਆਇਆ ਹੈ। ਪਰਵਾਸ ਸਿਰਫ਼ ਇਕ ਸਥਾਨ ਤੋਂ ਦੂਜੇ ਸਥਾਨ ਤੱਕ ਦੀ ਯਾਤਰਾ ਨਹੀਂ, ਸਗੋਂ ਇਹ ਸੱਭਿਆਚਾਰਕ ਟਕਰਾਅ, ਪਛਾਣ ਦੇ ਸੰਘਰਸ਼ ਅਤੇ ਬੇਗਾਨਗੀ ਦੇ ਅਹਿਸਾਸ ਨਾਲ ਜੁੜੀ ਹੋਈ ਇੱਕ ਬਹੁ-ਪੱਧਰੀ ਪ੍ਰਕਿਰਿਆ ਹੈ। ਇਸ ਪ੍ਰਸੰਗ ਵਿੱਚ ਜਰਨੈਲ ਸਿੰਘ ਸੇਖਾ ਦੇ ਨਾਵਲ ਪਰਵਾਸੀ ਅਨੁਭਵ ਨੂੰ ਨਵੇਂ ਪਰਿਪੇਖ ਵਿੱਚ ਪੇਸ਼ ਕਰਦੇ ਹਨ, ਜਿੱਥੇ ਉਹ ਰਵਾਇਤੀ ਮੁੱਦਿਆਂ ਦੇ ਦੁਹਰਾਉ ਦੀ ਬਜਾਏ ਅਣਗੌਲਿਆਂ ਅਤੇ ਗਹਿਰੇ ਮਨੋਵਿਗਿਆਨਕ ਪਾਸਾਰਾਂ ਨੂੰ ਕੇਂਦਰ ਵਿੱਚ ਲਿਆਉਂਦੇ ਹਨ। ਖੋਜ ਦਾ ਪਿਛੋਕੜ ਇਸ ਗੱਲ ਨਾਲ ਸੰਬੰਧਿਤ ਹੈ ਕਿ ਪੰਜਾਬੀ ਸਮਾਜ ਵਿੱਚ ਪਰਵਾਸ ਨੇ ਵੱਡੇ ਪੱਧਰ 'ਤੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤਬਦੀਲੀਆਂ ਕੀਤੀਆਂ ਹਨ। ਖ਼ਾਸ ਕਰਕੇ ਪਿਛਲੇ ਕਈ ਦਹਾਕਿਆਂ ਦੌਰਾਨ ਵਿਦੇਸ਼ਾਂ ਵੱਲ ਹੋਈ ਵੱਡੀ ਪੈਮਾਨੇ ਦੀ ਮਾਈਗ੍ਰੇਸ਼ਨ ਨੇ ਪੰਜਾਬੀ ਜੀਵਨ-ਸ਼ੈਲੀ, ਪਰਿਵਾਰਕ ਸੰਰਚਨਾ ਅਤੇ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਸੰਦਰਭ ਵਿੱਚ ਪਰਵਾਸੀ ਸਾਹਿਤ ਇੱਕ ਅਜਿਹੇ ਦਰਪਣ ਵਜੋਂ ਸਾਹਮਣੇ ਆਉਂਦਾ ਹੈ, ਜੋ ਇਨ੍ਹਾਂ ਤਬਦੀਲੀਆਂ ਨੂੰ ਰਚਨਾਤਮਕ ਢੰਗ ਨਾਲ ਦਰਸਾਉਂਦਾ ਹੈ। ਸੇਖਾ ਦੇ ਨਾਵਲ ਜਿਵੇਂ ਦੁਨੀਆ ਕੈਸੀ ਹੋਈ, 'ਵਿਗੋਚਾ' 'ਬੇਗਾਨੇ' ਅਤੇ ਨਾਬਰ ਇਸ ਪਿਛੋਕੜ ਨੂੰ ਇਤਿਹਾਸਕ, ਸਮਾਜਿਕ ਅਤੇ ਮਨੋਵਿਗਿਆਨਕ ਤੌਰ 'ਤੇ ਸਮਝਣ ਵਿੱਚ ਮਦਦ ਕਰਦੇ ਹਨ। ਇਸ ਖੋਜ ਦੀ ਲੋੜ ਇਸ ਗੱਲ ਵਿੱਚ ਹੈ ਕਿ ਪਰਵਾਸੀ ਪੰਜਾਬੀ ਸਾਹਿਤ 'ਤੇ ਕਾਫ਼ੀ ਕੰਮ ਹੋਣ ਦੇ ਬਾਵਜੂਦ, ਸੇਖਾ ਦੀ ਨਾਵਲ ਸਿਰਜਣਾ ਦੇ ਵਿਲੱਖਣ ਪਾਸਾਰ, ਖ਼ਾਸ ਕਰਕੇ ਸਭਿਆਚਾਰਕ ਦਵੰਦ ਅਤੇ ਬੇਗਾਨਗੀ ਦਾ ਸਮੱਗਰ ਅਤੇ ਗਹਿਰਾ ਅਧਿਐਨ ਅਜੇ ਵੀ ਘੱਟ ਹੈ। ਇਹ ਖੋਜ ਇਸ ਖਾਲੀਪਨ ਨੂੰ ਪੂਰਾ ਕਰਨ ਦਾ ਯਤਨ ਕਰਦੀ ਹੈ ਅਤੇ ਇਹ ਦਰਸਾਉਂਦੀ ਹੈ ਕਿ ਸੇਖਾ ਦੇ ਨਾਵਲ ਪਰਵਾਸੀ ਜੀਵਨ ਦੇ ਨਵੇਂ ਸੰਕਟਾਂ ਅਤੇ ਅੰਦਰੂਨੀ ਵਿਖੰਡਤਾ ਨੂੰ ਕਿਵੇਂ ਉਜਾਗਰ ਕਰਦੇ ਹਨ। ਇਸ ਅਧਿਐਨ ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਇਹ ਪਰਵਾਸੀ ਅਸਤਿਤਵ ਨੂੰ ਸਿਰਫ਼ ਆਰਥਿਕ ਜਾਂ ਸਮਾਜਿਕ ਸੰਦਰਭ ਤੱਕ ਸੀਮਿਤ ਨਹੀਂ ਰੱਖਦਾ, ਸਗੋਂ ਇਸਨੂੰ ਮਨੋਵਿਗਿਆਨਕ ਅਤੇ ਸੱਭਿਆਚਾਰਕ ਪੱਖਾਂ ਨਾਲ ਜੋੜ ਕੇ ਵੇਖਦਾ ਹੈ। ਇਹ ਖੋਜ ਦਰਸਾਉਂਦੀ ਹੈ ਕਿ ਸਭਿਆਚਾਰਕ ਦਵੰਦ ਅਤੇ ਬੇਗਾਨਗੀ ਆਪਸੀ ਤੌਰ 'ਤੇ ਜੁੜੇ ਹੋਏ ਸੰਕਲਪ ਹਨ, ਜੋ ਵਿਅਕਤੀ ਦੀ ਸਵੈ-ਹੋਂਦ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਰਿਸਤਿਆਂ ਦੀ ਨਵੀਂ ਵਿਆਕਰਨ ਰਚਦੇ ਹਨ। ਇਸ ਤਰ੍ਹਾਂ, ਇਹ ਅਧਿਐਨ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਝਣ ਲਈ ਇੱਕ ਵਿਸਤ੍ਰਿਤ ਅਤੇ ਗਹਿਰਾ ਨਜ਼ਰੀਆ ਪ੍ਰਦਾਨ ਕਰਦਾ ਹੈ ਅਤੇ ਭਵਿੱਖੀ ਖੋਜ ਲਈ ਨਵੇਂ ਮਾਰਗ ਵੀ ਪ੍ਰਸਤਾਵਿਤ ਕਰਦਾ ਹੈ।

ਵਿਸ਼ਲੇਸ਼ਣ ਤੇ ਨਤੀਜ਼ੇ

ਪਰਵਾਸੀ ਪੰਜਾਬੀ ਨਾਵਲ ਸਿਰਜਣਾ ਵਿਚ ਜਰਨੈਲ ਸਿੰਘ ਸੇਖਾ ਸਮਕਾਲੀ ਸਮੇਂ ਦਾ ਵਿਸ਼ੇਸ਼ ਹਸਤਾਖਰ ਹੈ। ਉਸਨੇ ਆਪਣੇ ਨਾਵਲੀ ਸਫਰ ਦੀ ਸੁਰੂਆਤ 1997 ਵਿਚ *ਦਨੀਆ ਕੈਸੀ ਹੋਈ* ਨਾਲ ਕੀਤੀ। ਉਸਦੇ ਨਾਵਲਾਂ

ਨਾਲ ਪਰਵਾਸੀ ਪੰਜਾਬੀ ਨਾਵਲ ਵਿਚ ਇਕ ਨਵੇ ਪਰਿਪੇਖ ਸਾਹਮਣੇ ਆਉਂਦਾ ਹੈ। ਇਸਦੇ ਇਲਾਵਾ ਉਸਨੇ ਤਿੰਨ ਨਾਵਲ *ਭਗੌੜਾ(2003), ਵਿਗੋਚਾ(2009) ਬੇਗਾਨੇ(2014) ਅਤੇ ਨਾਬਰ (2023)* ਦੀ ਸਿਰਜਣਾ ਕੀਤੀ। ਉਸਦੇ ਸਾਰੇ ਨਾਵਲਾਂ ਵਿਚ ਲਗਭਗ 6 ਸਾਲਾਂ ਦਾ ਅੰਤਰਾਲ ਹੈ। ਇਕ ਵਿਸ਼ੇਸ਼ ਪੱਖ ਜੋ ਸੇਖਾ ਦੀ ਨਾਵਲ ਸਿਰਜਣਾ ਸੰਬੰਧੀ ਸਾਹਮਣੇ ਆਉਦਾ ਹੈ ਉਹ ਇਹ ਹੈ ਕਿ ਵਿਚਾਰਧਾਰਾਈ ਪੱਧਰ ਤੇ ਉਸਦੀ ਇਹ ਵਿਲੱਖਣਤਾ ਹੈ ਕਿ ਉਹ ਪਰਵਾਸੀ ਸਾਹਿਤ ਵਿਚ ਮੁੜ-ਮੁੜ ਦੁਹਰਾਈਆਂ ਜਾ ਰਹੀਆਂ ਸਮੱਸਿਆਵਾਂ ਨੂੰ ਆਪਣੀ ਸਿਰਜਣਾ ਦਾ ਹਵਾਲਾ ਨਹੀ ਬਣਾਉਦਾ ਸਗੋਂ ਪਰਵਾਸੀ ਅਨੁਭਵ ਦੇ ਅਣਗੋਲੇ ਅਤੇ ਸਮਕਾਲੀ ਸਮੇਂ ਦੌਰਾਨ ਮਹੱਤਵਪੂਰਨ ਪੱਖਾ ਉਪਰ ਆਪਣਾ ਧਿਆਨ ਕੇਂਦਰਿਤ ਕਰਦੀਆਂ ਪਰਵਾਸੀਆਂ ਦੇ ਮੇਜਬਾਨ ਸਭਿਆਚਾਰ ਵਿਚ ਵਿਲੀਨ ਹੋਣ ਉਪਰੰਤ ਪੈਦਾ ਹੋਏ ਸੰਕਟਾਂ ਨੂੰ ਆਪਣੀ ਵਸਤੂ ਨਿਰਧਾਰਤ ਕਰਦਾ ਹੈ। ਉਸਦੀ ਨਾਵਲ ਚੇਤਨਾ ਦੀ ਇਹ ਵਿਲੱਖਣਤਾ ਹੈ ਕਿ ਉਹ ਇਕ ਨਾਵਲ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦੇ ਬਿਰਤਾਂਤ ਸਿਰਜਣ ਦੀ ਬਜਾਏ ਇਕ ਸਮੱਸਿਆ ਤੇ ਆਪਣਾ ਧਿਆਨ ਕੇਂਦਰਿਤ ਕਰਦੇ ਹੋਏ ਉਸ ਸਮੱਸਿਆ ਦੇ ਕਾਰਨਾਂ ਗ੍ਰਹਿਣ ਕੀਤੇ ਅਨੁਭਵਾਂ ਤੇ ਪ੍ਰਭਾਵਾਂ ਨੂੰ ਉਜਾਗਰ ਕਰਦਾ ਹੈ।ਉਹ ਇਕ ਨਾਵਲ ਵਿਚ ਇਕ ਸਮੱਸਿਆ ਨੂੰ ਲੈ ਕੇ ਪੂਰੇ ਨਾਵਲ ਵਿਚ ਉਸਨੂੰ ਅਗਰਭੂਮੀ ਵਿਚ ਰੱਖਕੇ ਪੇਸ਼ ਕਰਦਾ ਹੈ ਅਤੇ ਬਾਕੀ ਸਮੱਸਿਆਵਾ ਨੂੰ ਪਿੱਠਭੂਮੀ ਵਿਚ ਲੈ ਆਉਂਦਾ ਹੈ। *ਦੁਨੀਆ ਕੈਸੀ ਹੋਈ* ਨਾਵਲ ਵਿਚ ਸੇਖਾ ਕੈਨੇਡਾ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ(ਮਜਬੂਰੀ, ਥੁੜ ਤੇ ਲਾਲਚ),ਉਹਨਾ ਦੁਆਰਾ ਕੀਤੀਆਂ ਜਾਂਦੀਆਂ ਇਕ ਦੂਜੇ ਨਾਲ ਵਧੀਕੀਆਂ,ਆਪਸੀ ਵਿਤਕਰਾ,ਉਹਨਾਂ ਦੇ ਕੋੜੇ ਜੀਵਨ ਅਨੁਭਵ ਆਦਿ ਨੂੰ ਬਦਲ ਰਹੇ ਸਮਾਜਿਕ ਪ੍ਰਸੰਗਾਂ ਗਵਾਚ ਰਹੀ ਸਨਾਖਤ ਨੂੰ ਅਤੇ ਉਹਨਾਂ ਦੇ ਵੱਡੀ ਉਮਰ ਵਿਚ ਵੀ ਕੰਮ ਕਰਨ ਲਈ ਜਿੰਮੇਵਾਰ ਕਾਰਨਾਂ ਨੂੰ ਪੇਸ਼ ਕਰਦਾ ਹੈ। ਉਸਦੇ ਨਾਵਲ ਭਗੌੜਾ ਵਿਚ ਗੈਰ ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲੇ ਪਰਵਾਸੀਆਂ ਦੀਆਂ ਜੀਵਨ ਕਠਿਨਾਈਆਂ ਅਤੇ ਵਿਡੰਬਨਾ ਨੂੰ ਪੇਸ਼ ਕੀਤਾ ਹੈ। ਨਾਵਲ *ਵਿਗੋਚਾ* ਵਿਚ ਪਰਵਾਸ ਦੇ ਮੁਢੱਲੇ ਦੌਰ ਤੋਂ ਸੁਰੂ ਹੋਕੇ ਵਰਤਮਾਨ ਸਮੇ ਤੱਕ ਦੀਆਂ ਪਰਵਾਸੀ ਪੰਜਾਬੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਡਾ.ਹਰਸਿਮਰਨ ਸਿੰਘ ਰੰਧਾਵਾ ਦਾ ਜਰਨੈਲ ਸਿੰਘ ਸੇਖਾ ਦੇ ਨਾਵਲਾਂ ਸੰਬੰਧੀ ਵਿਚਾਰ ਹੈ ਕਿ'ਦਰਅਸਲ ਸੇਖਾ ਦੇ ਤਿੰਨ ਨਾਵਲਾਂ ਦੇ ਪਾਠ ਉਪਰੰਤ ਆਮ ਪਾਠਕ ਵੀ ਇਹ ਸਹਿਜੇ ਹੀ ਸਮਝ ਜਾਂਦਾ ਹੈ ਕਿ ਉਹ ਇਕ ਅਜਿਹਾ ਪਰਵਾਸੀ ਨਾਵਲਕਾਰ ਹੈ ਜੋ ਆਪਣੇ ਨਾਵਲਾਂ ਵਿਚ ਕਿਸੇ ਇਕ ਹੀ ਕਥਾ ਨੂੰ ਬਾਰ-ਬਾਰ ਨਹੀ ਲਿਖ ਰਿਹਾ।...........ਜਦੋਂ ਅਸੀ ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦੀ ਗੱਲ ਕਰਦੇ ਹਾਂ ਤਾਂ ਸੇਖਾ ਦੇ ਨਾਵਲਾਂ ਵਿਚ ਕਥਾ- ਸਥਲ ਤਾਂ ਪਰਵਾਸ ਮਿਲਦਾ ਹੈ ਪਰ ਨਾ ਤਾਂ ਉਸਦੇ ਨਾਵਲਾਂ ਵਿਚ ਇਕੋ ਕਥਾ ਹੈ ਅਤੇ ਨਾ ਹੀ ਇਕ ਸਰੋਕਾਰ ਹੈਇਹੀ ਨਹੀ ਬਲਕਿ ਆਪਣੇ ਨਾਵਲਾਂ ਦੇ ਵਿਧੀ ਵਿਧਾਨ ਬਾਰੇ ਖਾਸਾ ਸੁਚੇਤ ਨਜ਼ਰ ਆਉਦਾ ਹੈ।"[1]

ਆਧੁਨਿਕ ਪੰਜਾਬੀ ਸਾਹਿਤ ਵਿੱਚ ਪਰਵਾਸੀ ਅਨੁਭਵ ਇੱਕ ਕੇਂਦਰੀ ਅਤੇ ਜਟਿਲ ਵਿਸ਼ਾ ਵਜੋਂ ਉਭਰਿਆ ਹੈ, ਜਿਸ ਨੇ ਨਾ ਕੇਵਲ ਭੂਗੋਲਿਕ ਸਥਾਨਾਂਤਰਣ ਨੂੰ ਸਗੋਂ ਮਨੋਵਿਗਿਆਨਕ, ਸੱਭਿਆਚਾਰਕ ਅਤੇ ਇਤਿਹਾਸਕ ਤਬਦੀਲੀਆਂ ਨੂੰ ਵੀ ਆਪਣੇ ਅੰਦਰ ਸਮੇਟਿਆ ਹੈ। ਪਰਵਾਸ ਸਿਰਫ਼ ਇਕ ਜਗ੍ਹਾ ਤੋਂ ਦੂਜੇ ਜਗ੍ਹਾ ਜਾਣ ਦੀ ਕਿਰਿਆ ਨਹੀਂ, ਬਲਕਿ ਇਹ ਅਸਤਿਤਵਕ ਸੰਕਟਾਂ, ਪਛਾਣ ਦੇ ਸੰਘਰਸ਼ ਅਤੇ ਸੱਭਿਆਚਾਰਕ ਦਵੰਦਾਂ ਦਾ ਇਕ ਲੰਮਾ ਅਤੇ ਬਹੁ-ਪੱਧਰੀ ਪ੍ਰਕਿਰਿਆ ਹੈ। ਜਰਨੈਲ ਸਿੰਘ ਸੇਖਾ ਦਾ ਨਾਵਲ 'ਵਿਗੋਚਾ' ਇਸ ਸੰਦਰਭ ਵਿੱਚ ਇੱਕ ਮਹੱਤਵਪੂਰਨ ਰਚਨਾ ਹੈ, ਜੋ ਚਾਰ ਪੀੜ੍ਹੀਆਂ ਦੇ ਪ੍ਰਸੰਗ ਵਿੱਚ ਪਰਵਾਸੀ ਪੰਜਾਬੀ ਜੀਵਨ ਦੇ ਬਦਲਦੇ ਰੂਪਾਂ ਨੂੰ ਬਹੁਤ ਹੀ ਸੰਵੇਦਨਸ਼ੀਲ ਅਤੇ ਗਹਿਰਾਈ ਨਾਲ ਪੇਸ਼ ਕਰਦਾ ਹੈ। ਇਸ ਨਾਵਲ ਦੀ ਬਿਰਤਾਂਤਕ ਬਣਤਰ ਇਤਿਹਾਸਕਤਾ ਨਾਲ ਜੁੜੀ ਹੋਈ ਹੈ, ਜਿੱਥੇ ਅਤੀਤ ਅਤੇ ਵਰਤਮਾਨ ਇੱਕ ਦੂਜੇ ਨਾਲ ਸੰਵਾਦ ਕਰਦੇ ਹਨ ਅਤੇ ਨਵੀਂ ਪੀੜ੍ਹੀ ਦੇ ਸੰਕਟਾਂ ਨੂੰ ਸਮਝਣ ਲਈ ਇੱਕ ਪ੍ਰਸੰਗ ਤਿਆਰ ਕਰਦੇ ਹਨ। ਸਾਹਿਤ ਵਿੱਚ ਜਦੋਂ ਇਤਿਹਾਸ ਟੈਕਸਟ ਦਾ ਰੂਪ ਧਾਰਦਾ ਹੈ, ਤਦੋਂ ਉਹ ਸਿਰਫ਼ ਭੂਤਕਾਲ ਦੀਆਂ ਘਟਨਾਵਾਂ ਦੀ ਪੁਨਰਾਵਰਤੀ ਨਹੀਂ ਕਰਦਾ, ਸਗੋਂ ਉਹ ਸਮਕਾਲ ਦੇ ਪ੍ਰਸ਼ਨਾਂ ਨਾਲ ਸੰਬੰਧਿਤ ਹੋ ਜਾਂਦਾ ਹੈ। 'ਵਿਗੋਚਾ' ਵਿੱਚ ਇਹ ਪ੍ਰਕਿਰਿਆ ਸਪਸ਼ਟ ਤੌਰ 'ਤੇ ਵੇਖਣ ਨੂੰ ਮਿਲਦੀ ਹੈ, ਜਿੱਥੇ ਪੜਦਾਦਿਆਂ ਦੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਦੀ ਯਾਦ ਵਰਤਮਾਨ ਦੀ ਨੈਤਿਕ ਅਤੇ ਸਮਾਜਿਕ ਸੰਕਟਮਈ ਸਥਿਤੀ ਨਾਲ ਟਕਰਾਉਂਦੀ ਹੈ। ਨਾਵਲ ਦੀ ਕੇਂਦਰੀ ਬਿਰਤਾਂਤਕਾਰ ਸਰਬਜੀਤ ਕੌਰ ਹੈ, ਜੋ ਤਿੰਨ ਪੀੜ੍ਹੀਆਂ ਦਾ ਇਤਿਹਾਸ ਆਪਣੀਆਂ ਯਾਦਾਂ ਵਿੱਚ ਸੰਭਾਲੀ ਬੈਠੀ ਹੈ। ਉਸਦੇ ਇਹ ਸ਼ਬਦ ਇਸ ਗੱਲ ਦੀ ਪੁਸ਼ਟੀ ਕਰਦੇ ਹਨ, "ਬੌਬੀ, ਸਾਡੇ ਵੱਡੇ ਵਡੇਰਿਆਂ ਨੇ ਇਥੇ ਬਦੇਸ਼ਾਂ ਵਿਚ ਆ ਕੇ ਕੁਰਬਾਨੀਆਂ ਕਰਕੇ ਆਪਣੀ ਥਾਂ ਬਣਾਈ ਸੀ, ਜਿਨ੍ਹਾਂ ਵਿਚ ਤੇਰੇ ਦਾਦੇ ਪੜਦਾਦੇ ਵੀ ਸਨ, ਏਸੇ ਕਰਕੇ ਅੱਜ ਅਸੀਂ ਇਥੇ ਸਿਰ ਉੱਚਾ ਕਰਕੇ ਤੁਰੇ ਫਿਰਦੇ ਹਾਂ ਪਰ ਤੇਰੀਆਂ ਸੋਆਂ ਮੈਨੂੰ ਚੰਗੀਆਂ ਨਹੀਂ ਆ ਰਹੀਆਂ, ਮੈਨੂੰ ਲਗਦਾ ਹੈ ਕਿ ਤੇਰੇ ਕਰਕੇ ਉਨ੍ਹਾਂ ਦੇ ਨਾਂ ਦਾਗ਼ੀ ਹੋ ਰਹੇ ਹਨ।"[2] ਉਸਦੀ ਬਿਆਨਕਾਰੀ ਰਾਹੀਂ ਇਤਿਹਾਸ ਇੱਕ ਜੀਵੰਤ ਅਨੁਭਵ ਬਣ ਜਾਂਦਾ ਹੈ, ਜੋ ਸਿਰਫ਼ ਯਾਦਾਂ ਦਾ ਸੰਗ੍ਰਹਿ ਨਹੀਂ, ਸਗੋਂ ਇੱਕ ਨੈਤਿਕ ਮਾਪਦੰਡ ਵਜੋਂ ਕੰਮ ਕਰਦਾ ਹੈ। ਸਰਬਜੀਤ ਕੌਰ ਦੀ ਆਵਾਜ਼ ਨਾਵਲ ਵਿੱਚ ਇਕ ਸੰਚਾਰਕ ਕੜੀ ਵਜੋਂ ਕੰਮ ਕਰਦੀ ਹੈ, ਜੋ ਅਤੀਤ ਦੀ ਮਹਾਨਤਾ ਅਤੇ ਵਰਤਮਾਨ ਦੀ ਵਿਗੜੀ ਹੋਈ ਸਥਿਤੀ ਵਿਚਕਾਰ ਇੱਕ ਤਣਾਅ ਪੈਦਾ ਕਰਦੀ ਹੈ। ਇੰਦਰ ਸਿੰਘ ਤੋਂ ਲੈ ਕੇ ਬੌਬੀ ਤਕ ਦੀ ਯਾਤਰਾ ਇੱਕ ਸਮੇਂਕਾਲੀ ਅਤੇ ਅਨੁਭਵਕ ਲੜੀ ਹੈ, ਜਿਸ ਵਿੱਚ ਹਰ ਪੀੜ੍ਹੀ ਆਪਣੀ ਵੱਖਰੀ ਸਥਿਤੀ ਅਤੇ ਸੰਘਰਸ਼ ਨੂੰ ਦਰਸਾਉਂਦੀ ਹੈ। ਇੰਦਰ ਸਿੰਘ ਦਾ ਪਾਤਰ ਪਰਵਾਸੀ ਜੀਵਨ ਦੀ ਸ਼ੁਰੂਆਤੀ ਪੜਾਅ ਨੂੰ ਦਰਸਾਉਂਦਾ ਹੈ, ਜਿੱਥੇ ਆਰਥਿਕ ਮਜ਼ਬੂਰੀਆਂ ਅਤੇ ਘਰ ਦੀ ਹਾਲਤ ਨੂੰ ਸੁਧਾਰਨ ਦੀ ਲੋੜ ਉਸ ਨੂੰ ਵਿਦੇਸ਼ ਜਾਣ ਲਈ ਮਜਬੂਰ ਕਰਦੀ ਹੈ। ਕਨੇਡਾ ਵਿੱਚ ਉਸਦਾ ਅਨੁਭਵ ਨਸਲਵਾਦ ਅਤੇ ਗ਼ੁਲਾਮੀ ਦੇ ਅਹਿਸਾਸ ਨਾਲ ਭਰਪੂਰ ਹੈ। ਰੇਲਵੇ ਟਰੈਕਾਂ 'ਤੇ ਕੰਮ ਕਰਦੇ ਹੋਏ ਉਸ ਨੂੰ ਨਾ ਸਿਰਫ਼ ਸਰੀਰਕ ਮਿਹਨਤ ਦਾ ਬੋਝ ਝੱਲਣਾ ਪੈਂਦਾ ਹੈ, ਸਗੋਂ ਸਮਾਜਿਕ ਅਪਮਾਨ ਅਤੇ ਨਸਲੀ ਵਿਤਕਰੇ ਦਾ

Volume: 13, March 2026 ISSN: 2394-0980
PP: 97-111

ਵੀ ਸਾਹਮਣਾ ਕਰਨਾ ਪੈਂਦਾ ਹੈ। ਇੰਦਰ ਸਿੰਘ ਦੇ ਦੌਰ ਵਿੱਚ ਨਸਲਵਾਦ ਸਿਰਫ਼ ਇਕ ਵਿਅਕਤੀਗਤ ਅਨੁਭਵ ਨਹੀਂ, ਸਗੋਂ ਇੱਕ ਸੰਰਚਨਾਤਮਕ ਹਕੀਕਤ ਵਜੋਂ ਸਾਹਮਣੇ ਆਉਂਦਾ ਹੈ। ਉੱਤਰੀ ਅਮਰੀਕਾ ਵਿੱਚ ਏਸ਼ੀਆਈ ਮਜ਼ਦੂਰਾਂ ਵਿਰੁੱਧ ਹਮਲੇ, ਕਾਮਾਗਾਟਾਮਾਰੂ ਘਟਨਾ ਅਤੇ ਗ਼ਦਰ ਲਹਿਰ ਵਰਗੇ ਪ੍ਰਸੰਗ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਨਸਲਵਾਦ ਕਿਵੇਂ ਇੱਕ ਵਿਸ਼ਵ ਪੱਧਰੀ ਪ੍ਰਣਾਲੀ ਦਾ ਹਿੱਸਾ ਹੈ। ਇਹ ਅਨੁਭਵ ਇੰਦਰ ਸਿੰਘ ਨੂੰ ਸਿਰਫ਼ ਇੱਕ ਮਜ਼ਦੂਰ ਨਹੀਂ ਰਹਿਣ ਦਿੰਦੇ, ਸਗੋਂ ਉਸ ਨੂੰ ਇੱਕ ਰਾਜਨੀਤਿਕ ਸਚੇਤ ਵਿਅਕਤੀ ਵਿੱਚ ਬਦਲ ਦਿੰਦੇ ਹਨ, ਜੋ ਗ਼ਦਰ ਲਹਿਰ ਨਾਲ ਜੁੜ ਕੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਨਿਓਛਾਵਰ ਕਰਦਾ ਹੈ। ਇਸ ਤਰ੍ਹਾਂ, ਉਸਦਾ ਪਾਤਰ ਪਰਵਾਸੀ ਅਨੁਭਵ ਅਤੇ ਰਾਸ਼ਟਰੀ ਚੇਤਨਾ ਦੇ ਮਿਲਾਪ ਨੂੰ ਦਰਸਾਉਂਦਾ ਹੈ। ਮਿਹਰ ਸਿੰਘ ਦੀ ਪੀੜ੍ਹੀ ਇਸ ਸੰਘਰਸ਼ ਨੂੰ ਇੱਕ ਨਵੇਂ ਪੜਾਅ 'ਤੇ ਲੈ ਜਾਂਦੀ ਹੈ। ਉਹ ਪੜ੍ਹਿਆ-ਲਿਖਿਆ ਹੈ ਅਤੇ ਉਸਦਾ ਸੰਬੰਧ ਵਿਦਿਅਕ ਅਤੇ ਸੰਗਠਨਾਤਮਕ ਸੰਦਰਭਾਂ ਨਾਲ ਜੁੜਦਾ ਹੈ। ਉਸਦੇ ਜੀਵਨ ਵਿੱਚ ਨਸਲਵਾਦ ਦਾ ਅਨੁਭਵ ਇੱਕ ਨਵੇਂ ਰੂਪ ਵਿੱਚ ਸਾਹਮਣੇ ਆਉਂਦਾ ਹੈ, ਜਿੱਥੇ ਪਹਿਰਾਵੇ ਅਤੇ ਸੱਭਿਆਚਾਰਕ ਪਛਾਣ ਦੇ ਆਧਾਰ 'ਤੇ ਉਸ ਨੂੰ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ, ਉਹ ਮਜ਼ਦੂਰਾਂ ਦੀ ਸੰਗਠਨਾਤਮਕ ਲੜਾਈ ਵਿੱਚ ਭਾਗ ਲੈਂਦਾ ਹੈ ਅਤੇ ਯੂਨੀਅਨ ਸੰਘਰਸ਼ਾਂ ਰਾਹੀਂ ਨਸਲੀ ਵਿਤਕਰੇ ਦੇ ਖ਼ਿਲਾਫ਼ ਇੱਕ ਸਮੂਹਿਕ ਚੇਤਨਾ ਨੂੰ ਉਤਪੰਨ ਕਰਦਾ ਹੈ। 1945 ਦੀ ਹੜਤਾਲ ਇਸ ਪ੍ਰਕਿਰਿਆ ਦਾ ਇੱਕ ਮਹੱਤਵਪੂਰਨ ਮੋੜ ਹੈ, ਜਿੱਥੇ ਮਜ਼ਦੂਰ ਇਕੱਠੇ ਹੋ ਕੇ ਆਪਣੇ ਅਧਿਕਾਰਾਂ ਲਈ ਲੜਦੇ ਹਨ ਅਤੇ ਸਫਲਤਾ ਹਾਸਲ ਕਰਦੇ ਹਨ। ਇਹ ਪੀੜ੍ਹੀ ਇਹ ਦਰਸਾਉਂਦੀ ਹੈ ਕਿ ਸਿੱਖਿਆ ਅਤੇ ਸੰਗਠਨ ਰਾਹੀਂ ਨਸਲਵਾਦ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਜਲੌਰ ਦੀ ਪੀੜ੍ਹੀ ਇਸ ਸੰਘਰਸ਼ ਨੂੰ ਅੱਗੇ ਵਧਾਉਂਦੀ ਹੈ, ਪਰ ਉਸਦੇ ਸਾਹਮਣੇ ਚੁਣੌਤੀਆਂ ਹੋਰ ਵੀ ਜਟਿਲ ਹੋ ਜਾਂਦੀਆਂ ਹਨ। ਇਸ ਦੌਰ ਵਿੱਚ ਵਿਸ਼ਵ ਅਤੇ ਭਾਰਤੀ ਰਾਜਨੀਤਕ ਘਟਨਾਵਾਂ ਦਾ ਪਰਵਾਸੀ ਜੀਵਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਭਾਰਤ-ਪਾਕਿਸਤਾਨ ਸੰਘਰਸ਼, ਨਕਸਲਬਾੜੀ ਲਹਿਰ ਅਤੇ ਪੰਜਾਬ ਸੰਕਟ ਵਰਗੇ ਪ੍ਰਸੰਗ ਪਰਵਾਸੀ ਸਮਾਜ ਵਿੱਚ ਨਵੀਆਂ ਤਣਾਵਪੂਰਨ ਸਥਿਤੀਆਂ ਪੈਦਾ ਕਰਦੇ ਹਨ। ਇਹ ਘਟਨਾਵਾਂ ਇਹ ਦਰਸਾਉਂਦੀਆਂ ਹਨ ਕਿ ਪਰਵਾਸੀ ਜੀਵਨ ਕਦੇ ਵੀ ਆਪਣੇ ਮੂਲ ਦੇਸ਼ ਤੋਂ ਪੂਰੀ ਤਰ੍ਹਾਂ ਵੱਖਰਾ ਨਹੀਂ ਹੋ ਸਕਦਾ। ਜਲੌਰ ਅਤੇ ਉਸਦੇ ਸਾਥੀ ਇਸ ਦੌਰ ਵਿੱਚ ਨਸਲਵਾਦ ਅਤੇ ਰਾਜਨੀਤਕ ਅਸਥਿਰਤਾ ਦੋਵਾਂ ਨਾਲ ਜੂਝਦੇ ਹਨ। ਬੌਬੀ ਦੀ ਪੀੜ੍ਹੀ ਇਸ ਪੂਰੇ ਇਤਿਹਾਸਕ ਅਤੇ ਸਮਾਜਿਕ ਪ੍ਰਕਿਰਿਆ ਦਾ ਸਭ ਤੋਂ ਵੱਖਰਾ ਅਤੇ ਜਟਿਲ ਪੜਾਅ ਹੈ। ਉਹ ਆਰਥਿਕ ਅਤੇ ਸਮਾਜਿਕ ਤੌਰ 'ਤੇ ਇੱਕ ਅਜਿਹੀ ਸਥਿਤੀ ਵਿੱਚ ਪਹੁੰਚ ਜਾਂਦਾ ਹੈ, ਜਿੱਥੇ ਪਿਛਲੀਆਂ ਪੀੜ੍ਹੀਆਂ ਦੇ ਮੁੱਖ ਸੰਘਰਸ਼—ਜਿਵੇਂ ਰੋਜ਼ਗਾਰ, ਭਾਸ਼ਾ ਅਤੇ ਸਥਿਰਤਾ—ਕਾਫ਼ੀ ਹੱਦ ਤਕ ਹੱਲ ਹੋ ਚੁੱਕੇ ਹਨ। ਪਰ ਇਸ ਦੇ ਬਾਵਜੂਦ, ਉਸਦੇ ਅੰਦਰ ਇੱਕ ਡੂੰਘਾ ਅਸਤਿਤਵਕ ਸੰਕਟ ਮੌਜੂਦ ਹੈ। ਇਹ ਸੰਕਟ ਉਸਦੀ ਸਵੈ-ਹੋਂਦ ਨਾਲ ਜੁੜਿਆ ਹੋਇਆ ਹੈ, ਜੋ ਉਸ ਨੂੰ ਹਿੰਸਕ ਅਤੇ ਨਕਾਰਾਤਮਕ ਰਸਤੇ ਵੱਲ ਧੱਕਦਾ ਹੈ। ਉਸਦਾ ਅਪਰਾਧਕ ਰੁਝਾਨ, ਜਾਤੀ ਅਧਾਰਿਤ ਹਿੰਸਾ ਅਤੇ ਨੈਤਿਕ ਪਤਨ

Volume: 13, March 2026 ISSN: 2394-0980
PP: 97-111

ਇਹ ਦਰਸਾਉਂਦੇ ਹਨ ਕਿ ਆਰਥਿਕ ਸਫਲਤਾ ਸਵੈ-ਹੋਂਦ ਦੇ ਸੰਕਟ ਨੂੰ ਹੱਲ ਨਹੀਂ ਕਰ ਸਕਦੀ। ਬੌਬੀ ਦਾ ਪਾਤਰ ਇਸ ਗੱਲ ਨੂੰ ਵੀ ਉਜਾਗਰ ਕਰਦਾ ਹੈ ਕਿ ਨਸਲਵਾਦ ਦਾ ਅਨੁਭਵ ਕਿਵੇਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਬਦਲਦਾ ਹੈ। ਜਿੱਥੇ ਪਹਿਲੀਆਂ ਪੀੜ੍ਹੀਆਂ ਇਸ ਦਾ ਸ਼ਿਕਾਰ ਸਨ, ਉਥੇ ਬੌਬੀ ਖੁਦ ਇੱਕ ਨਵੀਂ ਕਿਸਮ ਦੇ ਭੇਦਭਾਵ ਦਾ ਸੰਚਾਲਕ ਬਣ ਜਾਂਦਾ ਹੈ। ਇਹ ਤਬਦੀਲੀ ਨਾਵਲ ਦੀ ਸਭ ਤੋਂ ਗਹਿਰੀ ਵਿਡੰਬਨਾ ਹੈ, ਜੋ ਦਰਸਾਉਂਦੀ ਹੈ ਕਿ ਪੀੜ੍ਹੀਕ ਸੰਘਰਸ਼ਾਂ ਦੇ ਬਾਵਜੂਦ ਸਮਾਜਿਕ ਅਨਿਆਇ ਦੀਆਂ ਰਚਨਾਵਾਂ ਨਵੀਆਂ ਸ਼ਕਲਾਂ ਵਿੱਚ ਜਾਰੀ ਰਹਿੰਦੀਆਂ ਹਨ। ਨਾਵਲ ਵਿੱਚ ਨਸਲਵਾਦ ਨੂੰ ਸਿਰਫ਼ ਇਕ ਇਤਿਹਾਸਕ ਜਾਂ ਸਮਾਜਿਕ ਸਮੱਸਿਆ ਵਜੋਂ ਨਹੀਂ, ਸਗੋਂ ਇੱਕ ਲਗਾਤਾਰ ਚੱਲ ਰਹੀ ਪ੍ਰਕਿਰਿਆ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਪ੍ਰਕਿਰਿਆ ਵੱਖ-ਵੱਖ ਪੜਾਅ ਵਿੱਚ ਵੱਖ-ਵੱਖ ਰੂਪ ਧਾਰਨ ਕਰਦੀ ਹੈ, ਪਰ ਇਸਦੀ ਮੂਲ ਸੰਰਚਨਾ ਇੱਕੋ ਜਿਹੀ ਰਹਿੰਦੀ ਹੈ। ਬਸਤੀਵਾਦੀ ਦੌਰ ਤੋਂ ਲੈ ਕੇ ਆਧੁਨਿਕ ਸਮੇਂ ਤਕ, ਨਸਲਵਾਦ ਇੱਕ ਅਜਿਹਾ ਤੱਤ ਹੈ ਜੋ ਮਨੁੱਖੀ ਸਮਾਜ ਦੇ ਅੰਦਰ ਗਹਿਰਾਈ ਨਾਲ ਵੱਸਿਆ ਹੋਇਆ ਹੈ। ਨਾਵਲਕਾਰ ਇਸ ਗੱਲ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਦਰਸਾਉਂਦਾ ਹੈ ਕਿ ਇਹ ਤੱਤ ਕਿਵੇਂ ਵੱਖ-ਵੱਖ ਸਮਾਜਿਕ ਸੰਸਥਾਵਾਂ ਵਿੱਚ ਆਪਣੀਆਂ ਜੜ੍ਹਾਂ ਪੱਕੀਆਂ ਕਰਦਾ ਹੈ। ਸਰਬਜੀਤ ਕੌਰ ਦਾ ਪਾਤਰ ਇਸ ਪੂਰੇ ਬਿਰਤਾਂਤ ਵਿੱਚ ਇੱਕ ਨੈਤਿਕ ਅਤੇ ਭਾਵਾਤਮਕ ਕੇਂਦਰ ਵਜੋਂ ਕੰਮ ਕਰਦਾ ਹੈ। ਉਸਦੀ ਯਾਦਾਂ ਅਤੇ ਉਸਦੀ ਬਿਆਨਕਾਰੀ ਨਾਵਲ ਨੂੰ ਇੱਕ ਅਜਿਹੀ ਦਿਸ਼ਾ ਦਿੰਦੀ ਹੈ, ਜਿੱਥੇ ਅਤੀਤ ਦੀ ਮਹਾਨਤਾ ਅਤੇ ਵਰਤਮਾਨ ਦੀ ਵਿਗੜੀ ਹੋਈ ਸਥਿਤੀ ਵਿਚਕਾਰ ਇੱਕ ਸਪਸ਼ਟ ਵਿਰੋਧ ਉਭਰਦਾ ਹੈ। ਉਸਦਾ ਬੌਬੀ ਨੂੰ ਦਿੱਤਾ ਗਿਆ ਸੰਦੇਸ਼ ਸਿਰਫ਼ ਇੱਕ ਦਾਦੀ ਦੀ ਚਿੰਤਾ ਨਹੀਂ, ਸਗੋਂ ਇੱਕ ਪੂਰੇ ਇਤਿਹਾਸਕ ਅਨੁਭਵ ਦੀ ਅਵਾਜ਼ ਹੈ, ਜੋ ਨਵੀਂ ਪੀੜ੍ਹੀ ਨੂੰ ਆਪਣੇ ਵਿਰਾਸਤ ਨਾਲ ਜੋੜਨ ਦੀ ਕੋਸ਼ਿਸ਼ ਕਰਦੀ ਹੈ। ‘ਵਿਗੋਚਾ’ ਦਾ ਸਭ ਤੋਂ ਵੱਡਾ ਯੋਗਦਾਨ ਇਹ ਹੈ ਕਿ ਇਹ ਪਰਵਾਸੀ ਅਨੁਭਵ ਨੂੰ ਇੱਕ ਰੇਖੀ ਜਾਂ ਇਕ-ਪੱਖੀ ਪ੍ਰਕਿਰਿਆ ਵਜੋਂ ਨਹੀਂ, ਸਗੋਂ ਇੱਕ ਬਹੁ-ਪੱਖੀ ਅਤੇ ਵਿਰੋਧਾਭਾਸੀ ਪ੍ਰਕਿਰਿਆ ਵਜੋਂ ਪੇਸ਼ ਕਰਦਾ ਹੈ। ਇਸ ਵਿੱਚ ਸੰਘਰਸ਼, ਸਫਲਤਾ, ਵਿਫਲਤਾ ਅਤੇ ਵਿਖੰਡਤਾ ਸਾਰੇ ਇਕੱਠੇ ਮੌਜੂਦ ਹਨ। ਇਹ ਨਾਵਲ ਇਹ ਦਰਸਾਉਂਦਾ ਹੈ ਕਿ ਪਰਵਾਸੀ ਜੀਵਨ ਵਿੱਚ ਪ੍ਰਾਪਤੀਆਂ ਦੇ ਨਾਲ-ਨਾਲ ਨਵੀਆਂ ਸਮੱਸਿਆਵਾਂ ਵੀ ਉਭਰਦੀਆਂ ਹਨ, ਜੋ ਅਕਸਰ ਪਹਿਲੀਆਂ ਪੀੜ੍ਹੀਆਂ ਦੇ ਅਨੁਭਵਾਂ ਤੋਂ ਵੱਖਰੀਆਂ ਹੁੰਦੀਆਂ ਹਨ। ਇਸ ਤਰ੍ਹਾਂ, ਜਰਨੈਲ ਸਿੰਘ ਸੇਖਾ ਦਾ ‘ਵਿਗੋਚਾ’ ਪੰਜਾਬੀ ਪਰਵਾਸੀ ਸਾਹਿਤ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ, ਜੋ ਇਤਿਹਾਸਕ ਚੇਤਨਾ, ਨਸਲਵਾਦ ਅਤੇ ਪੀੜ੍ਹੀ-ਪਾੜੇ ਦੇ ਸੰਕਲਪਾਂ ਨੂੰ ਗਹਿਰਾਈ ਨਾਲ ਵਿਖਾਉਂਦਾ ਹੈ। ਇਹ ਨਾਵਲ ਸਿਰਫ਼ ਇੱਕ ਕਹਾਣੀ ਨਹੀਂ, ਸਗੋਂ ਇੱਕ ਸਮਾਜਿਕ ਦਸਤਾਵੇਜ਼ ਹੈ, ਜੋ ਸਾਨੂੰ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਪਰਵਾਸੀ ਅਨੁਭਵ ਕਿਵੇਂ ਸਮੇਂ ਦੇ ਨਾਲ ਬਦਲਦਾ ਹੈ ਅਤੇ ਨਵੀਆਂ ਪੀੜ੍ਹੀਆਂ ਦੇ ਅੰਦਰ ਕਿਹੜੇ ਨਵੇਂ ਸੰਕਟ ਪੈਦਾ ਕਰਦਾ ਹੈ। ਇਹ ਨਾਵਲ ਸਾਨੂੰ ਇਹ ਵੀ ਸਿੱਖਾਉਂਦਾ ਹੈ ਕਿ ਇਤਿਹਾਸ ਨੂੰ ਭੁੱਲ ਜਾਣਾ ਸਿਰਫ਼ ਅਤੀਤ ਨਾਲ ਬੇਵਫ਼ਾਈ ਨਹੀਂ, ਸਗੋਂ ਵਰਤਮਾਨ ਅਤੇ ਭਵਿੱਖ ਲਈ ਵੀ ਖ਼ਤਰਨਾਕ ਹੋ ਸਕਦਾ ਹੈ।

ਜਰਨੈਲ ਸਿੰਘ ਸੇਖਾ ਦਾ 2014 ਵਿਚ ਪ੍ਰਕਾਸ਼ਿਤ ਨਾਵਲ *ਬੇਗਾਨੇ* ਬੇਗਾਨੀਅਤ ਦੇ ਸੰਕਲਪ ਨੂੰ ਪੁਨਰ ਪਰਿਭਾਸ਼ਤ ਕਰਦਾ ਹੈ। ਇਸ਼ ਨਾਵਲ ਦਾ ਸਿਰਲੇਖ *ਬੇਗਾਨੇ* ਨਾਵਲਕਾਰ ਨੇ ਇਕ ਬਹੁਪਰਤੀ ਚਿਹਨ ਵਜੋਂ ਸਾਹਮਣੇ ਆਉਦਾ ਹੈ ਜੋ ਪਰਵਾਸ ਤੇ ਮੂਲਵਾਸ ਦੇ ਪ੍ਰਕਿਰਤੀਮੂਲਕ ਪ੍ਰਸੰਗ ਵਿਚ ਬੇਗਾਨੀਅਤ ਦੇ ਬਹੁਪਾਸਾਰਾਂ ਨੂੰ ਉਜਾਗਰ ਕਰਦਾ ਹੈ, ਜਿਸਦੇ ਨਾਵਲ ਵਿਚੋ ਬਹੁਤ ਸਾਰੇ ਅਰਥਗਤ ਪਾਸਾਰ ਸਾਹਮਣੇ ਅਉਦੇ ਹਨ। ਇਸਨੂੰ ਨਾਵਲਕਾਰ ਪਰਵਾਸੀ ਜੀਵਨ ਵਿਚ ਬੇਗਾਨਗੀ ਦੇ ਸੰਕਲਪ ਨੂੰ ਪੂਰੇ ਸਥਾਪਿਤ ਚੌਖਟੇ ਨਾਲ ਜੋੜਕੇ ਅਤੇ ਤੋੜਕੇ ਨਵੇ ਅਰਥਾਂ ਵਿਚ ਪੇਸ਼ ਕਰਦਾ ਹੈ, ਇਸ ਨਾਵਲ ਵਿਚ ਸੇਖਾ ਪੰਜਾਬੀ ਸਭਿਆਚਾਰ ਵਿਚਲੀ ਰਿਸ਼ਤਿਆਂ ਦੀ ਨਵੀ ਵਿਆਕਰਨ ਨੂੰ ਪਰਵਾਸੀ ਪੰਜਾਬੀ ਜੀਵਨ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। ਕਿਸੇ ਵੀ ਸੰਕਲਪਿਕ ਵਰਤਾਰੇ ਨੂੰ ਸਹੀ ਤਰ੍ਹਾਂ ਸਮਝਣ ਲਈ ਉਸਦੇ ਵਿਰੋਧੀ ਵਰਤਾਰੇ ਨਾਲ ਉਸਦੀ ਤੁਲਨਾ ਕਰਨੀ ਬਹੁਤ ਜਰੂਰੀ ਹੈ ।ਇਸ ਲਈ ਨਾਵਲ ਦੇ "ਬੇਗਾਨੇ" ਸਿਰਲੇਖ ਨੂੰ ਸਮਝਣ ਲਈ ਇਸਦੇ ਵਿਰੋਧੀ ਸ਼ਬਦ 'ਆਪਣੇ' ਨੂੰ ਸਨਮੁੱਖ ਰਖਿਆ ਜਾ ਸਕਦਾ ਹੈ। ਸਧਾਰਨ ਅਰਥਾਂ ਵਿਚ ਬੇਗਾਨਾ ਉਹ ਹੁੰਦਾ ਹੈ,ਜਿਸ ਵਿਚ ਆਪਣਾਪਨ ਨਾ ਹੋਵੇ, ਆਪਣਾ ਉਹ ਜਿਸ ਨਾਲ ਕੋਈ ਖੂਨ ਦਾ ਸੰਬੰਧ,ਮਹੁੱਬਤੀ ਜਾਂ ਸਨੇਹੀ ਰਿਸਤਾ ਹੋਵੇ ।ਸਮਾਜ ਵਿਚ ਰਹਿੰਦੀਆਂ ਮਨੁੱਖ ਦੇ ਇਹਨਾਂ ਵੱਖ-ਵੱਖ ਰਿਸਤਿਆ ਵਿਚ ਸਮੇਂ ਅਤੇ ਪਰਸਥਿਤੀਆ ਕਾਰਨ ਤਬਦੀਲੀ ਵਾਪਰਦੀ ਰਹਿੰਦੀ ਹੈ। ਇਸ ਨਾਵਲ ਵਿਚ ਰਿਸਤੇ ਆਪਣੇ ਤੋਂ ਬੇਗਾਨੇ ਅਤੇ ਬੇਗਾਨੇ ਤੋ ਆਪਣੇ ਬਣਦੇ ਸੰਬੰਧਾਂ ਅਤੇ ਅਹਿਸਾਸਾਂ ਦੇ ਹਵਾਲੇ ਨਾਲ ਬੇਗਾਨਿਅਤ ਦਾ ਇਕ ਨਵਾਂ ਪਰਿਪੇਖ ਸਿਰਜਦੇ ਹਨ। ਇਸ ਨਾਵਲ ਦਾ ਬਿਰਤਾਂਤ ਮੁੱਖ ਪਾਤਰਾਂ ਅਤੇ ਹੋਰਨਾ ਦੇ ਬਦਲਦੇ ,ਵਿਗੜਦੇ ਅਤੇ ਬਣਦੇ ਸੰਬੰਧਾਂ ਦੁਆਰਾ ਮੂਲ ਰੂਪ ਵਿਚ ਇਹ ਸੰਚਾਰਨ ਦਾ ਯਤਨ ਕਰਦਾ ਹੈ ਕਿ ਬੇਗਾਨਿਅਤ ਅਤੇ ਅਪਣੱਤ ਅਸਲ ਵਿਚ ਅਹਿਸਾਸ ਉਪਰ ਅਧਾਰਿਤ ਸੰਕਲਪ ਹਨ। ਜਿਨਾਂ ਨੂੰ ਸਮਾਜਕ ਸੰਸਥਾ ਦਾ ਹਿੱਸਾ ਹੋਣ ਕਰਕੇ ਮਨੁੱਖ ਗ੍ਰਹਿਣ ਕਰਦਾ ਹੈ ਅਤੇ ਵੱਖ ਵੱਖ ਰਿਸਤਿਆਂ ਦੇ ਆਧਾਰ ਤੇ ਆਪਣਾ ਮਨ ਮਸਤਕ ਦਾ ਹਿੱਸਾ ਬਣਾਉਦਾ ਜਦੋਂ ਉਸ ਨਾਲ ਸੰਬੰਧਤ ਇਹਨਾਂ ਵੱਖ- ਵੱਖ ਰਿਸਤਿਆਂ ਵਿਚ ਉਸਨੂੰ ਅਹਿਸਾਸਾਂ ਦੀ ਕਮੀ ਖਟਕਦੀ ਹੈ ਤਾਂ ਉਸ ਲਈ ਬੜੇ ਕਰੀਬੀ ਸਮਝੇ ਜਾਣ ਵਾਲੇ ਗਹਿਰੇ ਰਿਸਤੇ ਵੀ ਬੇਗਾਨੇ ਹੋ ਜਾਂਦੇ ਹਨ ਅਤੇ ਜਿਨਾਂ ਨੂੰ ਅਸੀ ਬੇਗਾਨੇ ਸਮਝਦੇ ਹੈ ਭਾਵ ਜਿਹਨਾਂ ਨਾਲ ਉਸਦਾ ਕੋਈ ਵਿਸ਼ੇਸ਼ ਸੰਬੰਧ ਨਹੀ ਹੁੰਦਾ ਪਰ ਅਗਰ ਉਹਨਾਂ ਵਿਚ ਅਹਿਸਾਸ ਮਿਲਦੇ ਹਨ ਤਾਂ ਉਹ ਅਪਣੇ ਬਣ ਜਾਂਦੇ ਹਨ ।ਨਾਵਲ ਵਿਚਲੀ ਬੇਗਾਨੀਅਤ ਭਿੰਨ ਭਿੰਨ ਪੜਾਵਾ ਉਪਰ ਵਿਭਿੰਨ ਪੱਧਰਾਂ ਅਤੇ ਪੜਾਵਾਂ ਵਿਚ ਭਿੰਨ ਭਿੰਨ ਰੂਪ ਵਿਚ ਉਭਰਦੀ ਨਜ਼ਰ ਆਉਦੀ ਹੈ ਪਹਿਲੀ ਪੱਧਰ ਤੇ ਬੇਗਾਨਾ ਮੁਲਕ , ਦੂਜੀ ਪੱਧਰ ਤੇ ਬੇਗਾਨੇ ਲੋਕ ਤੀਜੀ ਪੱਧਰ ਤੇ ਆਪਣੇ ਰਿਸਤੇ ਜੋ ਬੇਗਾਨੇ ਹੋ ਜਾਦੇ ਹਨ ।ਪਹਿਲੇ ਪੱਧਰ ਤੇ ਇਹ ਚੇਤਨਾ ਪਰਵਾਸ ਦੀ ਧਰਤੀ ਨੂੰ ਬੇਗਾਨੇ ਮੂਲਕ ਵਜੋਂ ਗ੍ਰਹਿਣ ਕਰਦੀ ਹੈ ਜਿਸ ਵਿਚ ਵਿਚਰਦਿਆਂ ਪਰਵਾਸੀ ਬੰਦਾ ਆਪਣੇ ਆਪ ਨੂੰ ਬੇਗਾਨਿਆਂ ਵਿਚ ਘਿਰਿਆ ਮਹਿਸੂਸ ਕਰਦਾ ਹੋਇਆ ਇਹ ਬੇਗਾਨੀਆਤ ਦਾ ਅਹਿਸਾਸ ਪਰਾਏ ਮੂਲਕ ਵਿਚ ਸਭਿਆਚਾਰਕ ਭਿੰਨਤਾ ਕਾਰਨ ਹੋਰ ਤੀਖਣ ਹੋ ਜਾਂਦਾ ਹੈ ਪਰੰਤੂ

ਇਹ ਸੰਕਟ ਉਸ ਸਮੇ ਹੋਰ ਗਹਿਰਾ ਹੋ ਜਾਂਦਾ ਹੈ ਜਦੋਂ ਵਿਅਕਤੀ ਪਰਾਏ ਮੁਲਤ,ਪਰਾਏ ਲੋਕ, ਪਰਾਈ ਭਾਸ਼ਾ ਅਤੇ ਪਰਾਏ ਸਭਿਆਚਾਰ ਵਿਚ ਆਪਣਿਆ ਨੂੰ ਬੇਗਾਨਿਆ ਵਿਚ ਰੂਪਾਂਤਰਿਤ ਹੋਣ ਦਾ ਦੁਖਦਾਈ ਅਨੁਭਵ ਹੰਢਾਉਦਾ ਹੈ। ਨਾਵਲ ਦਾ ਸਮਰਪਣ "ਮੋਹ,ਪਿਆਰ ਦੀਆਂ ਪਿਆਸੀਆਂ ਜਿੰਦਾਂ ਦੇ ਨਾਂ " ਇਕ ਤਰਾਂ ਨਾਲ ਨਾਵਲ ਦੇ ਮੁੱਖ ਪਾਤਰਾਂ ਦੀ ਹੋਣੀ ਵੱਲ ਸੰਕੇਤ ਕਰਦਾ ਹੈ। ਇਸ ਨਾਵਲ ਵਿਚਲੇ ਬਹੁਤੇ ਪਾਤਰ ਸਮਾਜਕ ਤੌਰ ਤੇ ਆਪਣੇ ਹਨ,ਪਰ ਅਹਿਸਾਸ ਦੀ ਪਧੱਰ ਤੇ ਇਕ ਦੂਜੇ ਲਈ ਪਰਾਏ ਹਨ ਜਿਸ ਤਰਾਂ ਨਾਵਲ ਦੀ ਮੁੱਖ ਪਾਤਰ ਨਸੀਬ ਮਾਂ ਵਿਹੂਣੀ ਭੂਆ ਦੁਆਰਾ ਗੋਦ ਲਈ ਗਈ ਹੈ, ਸਿੰਮੀ, ਹਰਬੰਸ ਦੁਆਰਾ ਗੋਦ ਲਈ ਉਸਦੇ ਭਰਾ ਦੀ ਕੁੜੀ ਹੈ, ਬੱਲੀ, ਹਰਬੰਸ ਦੁਆਰਾ ਗੋਦ ਲਿਆ ਬਲਵੰਤ ਅਤੇ ਨਸੀਬ ਦਾ ਪੁੱਤਰ ਹੈ। ਸਿੰਮੀ ਅਤੇ ਬੱਲੀ ਇਕ ਦੂਜੇ ਦੇ ਸਕੇ ਭੈਣ ਭਰਾ ਨਹੀ ਪਰ ਨਾਵਲਕਾਰ ਇਹਨਾਂ ਨੂੰ ਆਪਣਿਆਂ ਵਿਚ ਰੂਪਾਤਰਿਤ ਕਰ ਦਿੰਦਾ ਹੈ ਇਸ ਤਰਾਂ ਨਾਵਲ ਵਿਚ ਆਪਣੇਪਨ ਤੋਂ ਸੱਖਣੇ ਰਿਸਤਿਆਂ ਦੇ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਪ੍ਰਸਤੂਤ ਵਿਭਿੰਨ ਰਿਸਤਿਆਂ ਵਿਚਲੀ ਆਪਸੀ ਸਾਂਝ ਮੋਹ ਦੇ ਅਹਿਸਾਸ ਉਤੇ ਆਧਰਿਤ ਨਹੀ ਸਗੋ ਪੁੰਜੀ ਤੇ ਕੇਂਦਰਿਤ ਹੈ। ਆਰਥਿਕ ਪੱਖੋਂ ਮਜਬੂਤ ਹੋਣ ਦੀ ਲਾਲਸਾ ਮਾਨਵੀ ਦੀ ਰਿਸਤਿਆਂ ਤਹਸ ਨਹਸ ਦਾ ਕਾਰਨ ਬਣਦੀ ਹੈ। ਨਸੀਬ ਦੇ ਫੁੱਫੜ ਦੁਆਰਾ ਉਸ ਦਾ ਵਿਆਹ ਆਪਣੇ ਹੀ ਭਰਾ ਦੇ ਮੁੰਡੇ ਨਾਲ ਨਿਸ਼ਚਤ ਕਰਨ ਪਿਛੇ ਆਪਣੇ ਰਿਸ਼ਤੇਦਾਰ ਨੂੰ ਕੈਨੇਡਾ ਮੰਗਵਾਉਣ ਦੀ ਲਾਲਸਾ ਹੈ ।ਨਾਵਲ ਦੁਆਰਾ ਨਸੀਬ ਨੂੰ ਗੋਦ ਲੈਣਾ ਅਤੇ ਕੈਨੇਡਾ ਜਾਣ ਤੇ ਉਸਦਾ ਰਿਸਤਾ ਆਪਣੇ ਹੀ ਭਰਾ ਦੇ ਮੁੰਡੇ ਨਾਲ ਨਿਸਚਤ ਕਰਨਾ, ਇਸ ਪਿੱਛੇ ਵੀ ਆਪਣੇ ਰਿਸਤੇਦਾਰ ਨੂੰ ਕੈਨੇਡਾ ਵਿਚ ਫਿੱਟ ਕਰਵਾਉਣ ਦੀ ਲਾਲਸਾ ਜੁੜਿਆ ਹੈ ।ਮਾਂ ਵਰਗੀ ਭੂਆ ਦਾ ਨਸੀਬ ਨੂੰ ਗੋਦ ਲੈਣਾ ,ਫਿਰ ਕੈਨੇਡਾ ਜਾਣਾ ਅਤੇ ਉਸਦਾ ਵਿਆਹ ਆਪਣੇ ਹੀ ਜੇਠ ਦੇ ਮੁੰਡੇ ਨਾਲ ਕਰਨ ਪਿੱਛੇ ਵੀ ਇਹੋ ਮਾਨਸਿਕਤਾ ਨਜਰ ਆਉਦੀ ਹੈ। ਨਾਵਲ ਦੇ ਵਿਭਿੰਨ ਕਾਂਡਾ ਨੂੰ ਪਾਤਰਾਂ ਦੇ ਨਾਵਾਂ ਦੇ ਆਧਾਰ ਉਤੇ ਘੜਿਆ ਹੈ, ਜਿਉ -ਜਿਉ ਨਾਵਲ ਦਾ ਬਿਰਤਾਂਤ ਅੱਗੇ ਚਲਦਾ ਹੈ ,ਤਿਵੇ- ਤਿਵੇ ਪਾਤਰਾਂ ਦੇ ਆਪਸੀ ਬਣਦੇ ਬਦਲਦੇ ਸੰਬੰਧਾਂ ਦੁਆਰਾ ਨਾਵਲ ਦੀਆਂ ਪਰਤਾਂ ਖੁੱਲਦੀਆਂ ਜਾਦੀਆਂ ਹਨ ।ਨਾਵਲ ਦਾ ਆਰੰਭ "ਹੈਰੀ ਅਤੇ ਸਿਬੀ" ਸਿਰਲੇਖ ਹੇਠ ਲਿਖੇ ਕਾਂਡ ਨਾਲ ਹੁੰਦਾ ਹੈ। ਹਰਬੰਸ(ਹੈਰੀ) ਅਤੇ ਨਸੀਬ (ਸਿਬੀ) ਦੋਵੇ ਸਹਿਕਰਮਚਾਰੀ ਹਨ, ਜੋ ਕਿ ਨਾਵਲ ਦੇ ਸੁਰੂ ਵਿਚ ਇਕ ਦੂਜੇ ਲਈ ਬਿਲਕੁਲ ਅਣਜਾਣ ਹਨ। ਹੌਲੀ -ਹੌਲੀ ਇਹਨਾਂ ਪਾਤਰਾਂ ਦੀ ਆਪਸੀ ਵਿਚ ਸਾਂਝ ਵੱਧਦੀ ਹੈ ਅਤੇ ਇਸ ਸਾਂਝ ਦੇ ਵੱਧਣ ਦਾ ਬੁਨਿਆਦੀ ਕਾਰਨ ਇਹਨਾਂ ਦੇ ਜੀਵਨ ਦੇ ਸੰਕਟਾਂ ਦੀ ਸਾਂਝ ਵਿਚਲੀ ਇਕਰੂਪਤਾ ਹੈ। ਨਾਵਲ ਵਿਚ ਇਹਨਾਂ ਦੀ ਪਹਿਲੀ ਸਾਂਝ ਦੀ ਤੰਦ ਹਮ-ਵਤਨੀ ਹੋਣ ਦੀ ਹੈ ,ਜੋ ਕਿ ਪੰਜਾਬੀ ਭਾਈਚਾਰੇ ਦੇ ਰੂਪ ਵਿਚ ਬੱਝਦੀ ਹੈ। ਦੂਸਰੀ ਸਾਂਝ ਦੋਨਾ ਦੇ ਹਮ-ਉਮਰੀ ਹੋਣ ਦੀ ਹੈ ਅਤੇ ਤੀਜੀ ਸਾਂਝ ਦੋਨਾ ਦੇ ਹਮ-ਦਰਦੀ/ ਸਮਾਨ ਦਰਦੀ ਹੋਣ ਦੀ ਹੈ ,ਕਿਉਕਿ ਦੋਵਾ ਦਾ ਦਰਦ ਇਕੋ ਜਿਹਾ ਹੈ। ਜੀਵਨਸਾਥੀ ਦੇ ਵਿਛੋੜੇ ਦੇ ਸੰਤਾਪ ਨੂੰ ਇਹਨਾ ਦੋਹਾਂ ਨੇ ਹੀ ਤਨ ਮਨ ਉਪਰ ਹੰਢਾਇਆ ਹੈ। ਉਹਨਾਂ ਦੋਵਾਂ ਦੀਆਂ ਪਰਸਥਿਤੀਆਂ ਤਕਰੀਬਨ ਇਕੋ ਜਿਹੀਆਂ ਹਨ। ਹਰਬੰਸ ਦੇ ਮਾਂ ਬਾਪ ਦਾ ਸਾਥ ਵੀ ਬਚਪਨ ਵਿਚ

Volume: 13, March 2026 ISSN: 2394-0980
PP: 97-111

ਹੀ ਛੁਟ ਜਾਂਦਾ ਹੈ, ਉਸ ਦਾ ਭਰਾ ਹਰਚਰਨ ਉਸ ਨੂੰ ਮਾਪਿਆਂ ਦਾ ਪਿਆਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਨਸੀਬ ਦੀ ਮਾਂ ਵੀ ਬਚਪਨ ਵਿਚ ਮਰ ਜਾਂਦੀ ਹੈ ਅਤੇ ਉਸ ਦੀ ਭੂਆ ਉਸ ਨੂੰ ਗੋਦ ਲੈ ਲੈਂਦੀ ਹੈ। ਹਰਬੰਸ ਦੀ ਪਤਨੀ ਦੀ ਮੋਤ ਹੋ ਜ਼ਾਦੀ ਹੈ ਅਤੇ ਉਸ ਦੀ ਇਕ ਗੋਦ ਲਈ ਬੱਚੀ ਹੈ। ਨਸੀਬ ਦਾ ਪਤੀ ਵੀ ਉਸ ਨੂੰ ਇਕ ਬੱਚੇ ਦੇ ਨਾਲ ਛੱਡ ਜਾਂਦਾ ਹੈ। ਇਸ ਤਰ੍ਹਾਂ ਹਰਬੰਸ ਅਤੇ ਨਸੀਬ ਦੇ ਹਲਾਤਾਂ ਵਿਚ ਬਹੁਤ ਹੱਦ ਤੱਕ ਸਮਾਨਤਾਵਾਂ ਹਨ। ਇਸ ਗੱਲ ਦਾ ਪ੍ਰਗਟਾਵਾ ਨਸੀਬ ਦੇ ਇਹ ਸ਼ਬਦ ਕਰਦੇ ਹਨ।

" 'ਹਾਂ ਮੌਤ ਤੇ ਤਾਂ ਕਿਸੇ ਦਾ ਜੋਰ ਨਹੀ ਪਰ ਇਸ ਉਮਰ ਵਿਚ ਸਾਥੀ ਦੇ ਤੁਰ ਜਾਣਾ ਇਸ ਦਰਦ ਨੂੰ ਤਾਂ ਉਹੀ ਜਾਣ ਸਕਦਾ ਏ ਜਿਸ ਕਿਸੇ ਦਾ ਸਾਥੀ ਉਸ ਕੋਲੋ ਸਦਾ ਲਈ ਵਿਛੜ ਗਿਆ ਹੋਵੇ ' ਨਸੀਬ ਨੇ ਹਉਕਾ ਲੈ ਕੇ ਕਿਹਾ ਨਸੀਬ ਦੇ ਇਕੋ ਵਾਕ ਨੇ ਹੈਰੀ ਦੀਆਂ ਭਾਵਨਾਵਾਂ ਨੂੰ ਛੂਹ ਲਿਆ। "[3]

ਮਨੁੱਖ ਦੀ ਮਾਨਸਿਕ ਸਥਿਤੀ ਉਸ ਨਾਲ ਜੁੜੇ ਸਮੂਹ ਵਰਤਾਰਿਆਂ ਸੰਬੰਧੀ ਦ੍ਰਿਸ਼ਟੀ ਨੂੰ ਕਿਵੇ ਰੂਪਾਂਤਰਿਤ ਕਰ ਦਿੰਦੀ ਹੈ। ਅਜਿਹੀ ਸੰਕਟਮਈ ਮਾਨਸਿਕ ਸਥਿਤੀ ਵਿਚ ਔਰਤ ਦਾ ਮਰਦ ਜਾਤ ਪ੍ਰਤੀ ਜੋ ਦ੍ਰਿਸ਼ਟੀਗੋਚਰ ਹੁੰਦਾ ਹੈ ਉਸਨੂੰ ਨਾਵਲ ਵਿਚ ਦੋ ਵੱਖ ਵੱਖ ਸਭਿਆਚਾਰਾਂ ਨਾਲ ਸੰਬੰਧਤ ਔਰਤ ਪਾਤਰਾਂ ਦੇ ਅਨੁਭਵ ਦੇ ਹਵਾਲੇ ਨਾਲ ਰੂਪਮਾਨ ਕੀਤਾ ਗਿਆ ਹੈ। ਇਕ ਪਾਸੇ ਨਸੀਬ ਇਕ ਪੰਜਾਬੀ ਔਰਤ ਹੈ, ਜਿਸਦਾ ਵੱਖ-ਵੱਖ ਸਮੇਂ ਵੱਖ-ਵੱਖ ਮਰਦਾਂ(ਫੁਫੜ, ਬਲਵੰਤ,ਸਤਬੀਰ) ਨਾਲ ਕੋਈ ਚੰਗਾ ਅਨੁਭਵ ਨਹੀ ਰਿਹਾ ਉਸ ਦਾ ਮਰਦ ਜਾਤ ਉਤੋਂ ਯਕੀਨ ਉਠ ਜਾਂਦਾ ਹੈ ਅਤੇ ਉਹ ਮਰਦਾਂ ਦੀ ਹਮਦਰਦੀ ਨੂੰ ਵੀ ਛੱਲ ਦੀ ਤਰ੍ਹਾਂ ਸਮਝਦੀ ਹੈ। ਇਸ ਲਈ ਉਹ ਸੁਰੂਆਤ ਵਿਚ ਹੈਰੀ ਨਾਲ ਬਹੁਤ ਰੁੱਖਾ ਵਿਵਹਾਰ ਕਰਦੀ ਹੈ ਅਤੇ ਕਿਸੇ ਵੀ ਮਰਦ ਨਾਲ ਨੇੜਤਾ ਨਹੀ ਰੱਖਣਾ ਚਾਹੁੰਦੀ। ਦੂਜੇ ਪਾਸੇ ਇਕ ਕਾਕੇਸ਼ੀਆਨ ਔਰਤ ਮਿਸ ਮੈਕਫਰਸਨ ਹੈ ਜੋ ਕਿ ਮਰਦਾਂ ਨੂੰ ਨਸੀਬ ਨਾਲੋਂ ਕੁਝ ਵੱਖਰੇ ਨਜ਼ਰੀਏ ਨਾਲ ਦੇਖਦੀ ਹੈ। ਦੋਵਾਂ ਦ ਇਸ ਨਜ਼ਰੀਏ ਵਿਚ ਵੱਖਰਤਾ ਦਾ ਕਾਰਨ ਦੋਹਾਂ ਦੇ ਨਿੱਜੀ ਹਲਾਤ ਅਤੇ ਸਭਿਆਚਾਰਕ ਚੋਗਿਰਦੇ ਦੇ ਅਨੁਭਵ ਹਨ। ਦੋਹਾਂ ਵਿਚਲੀ ਇਹ ਵੱਖਰਤਾ ਇਹਨਾਂ ਵਾਰਤਾਲਾਪਾਂ ਦੁਆਰਾ ਸਾਹਮਣੇ ਆਉਂਦੀ ਹੈ: ਹਾਂ ਪਰ ਮੈਂ ਮਨ੍ਹਾ ਕਰ ਦਿਤਾ ਮੈਂ ਕਿਸੇ ਮਰਦ ਦੇ ਅਹਿਸਾਨ ਥਲੇ ਨਹੀਂ ਆਉਣਾ ਚਾਹੁੰਦੀ " ਤੇ ਤੈਨੂੰ ਮਰਦਾਂ ਤੋਂ ਚਿੜ ਕਿਉਂ ਹੈ ? ਹੈਰੀ ਤਾਂ ਬੰਦਾ ਹੀ ਬੜਾ ਨੇਕ ਹੈ ਹਰ ਇਕ ਦੇ ਕੰਮ ਆਉਣ ਵਾਲਾ ਹੈ।"[4]

ਪੰਜਾਬ ਵਿੱਚ ਸੁਤੰਤਰਤਾ ਤੋਂ ਉਪਰੰਤ ਅਤੇ ਸੱਤਰਵੇ ਅਤੇ ਅੱਸੀਵੇ ਦੇ ਦਹਾਕੇ ਵਿੱਚ ਵਾਪਰੀਆਂ ਫਿਰਕਾਪ੍ਰਸਤੀ ਦੀਆਂ ਕੁਝ ਅਜਿਹੀਆਂ ਘਟਨਾਵਾਂ ਨੇ ਪੰਜਾਬੀਆਂ ਨੂੰ ਪੂਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਜਿਸਦੇ ਫਲਸਰੂਪ ਬਹੁਤ ਸਾਰੇ ਲੋਕ ਪੰਜਾਬ ਦੇ ਹਾਲਾਤਾਂ ਤੋਂ ਤੰਗ ਆ ਕੇ ਪਰਵਾਸ ਧਾਰਨ ਕਰ ਗਏ, ਇਸ ਲਈ ਪੰਜਾਬ ਸੰਤਾਪ ਦਾ ਦੌਰ ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਦਾ ਇਹ ਇੱਕ ਅਹਿਮ ਕਾਰਨ ਹੋ ਨਿੱਬੜਦਾ ਹੈ। ਪੰਜਾਬ ਵਿੱਚ ਉਂਨੀ ਸੌ

ਅਠੱਤਰ ਅਤੇ ਉੱਨੀ ਸੌ ਚੁਰਾਸੀ ਦੇ ਦੌਰਾਨ ਬੜਾ ਭਿਆਨਕ ਸਮਾਂ ਗੁਜ਼ਰਿਆ ਇਸ ਸਮੇਂ ਦੌਰਾਨ ਪੰਜਾਬੀਆਂ ਨੂੰ ਬਹੁਤ ਮੁਸ਼ਕਿਲਾਂ ਵਿੱਚੋਂ ਗੁਜ਼ਰਨਾ ਪਿਆ ਅਤੇ ਕਈ ਪਰਵਾਸ ਕਰਨ ਲਈ ਮਜਬੂਰ ਹੋ ਗਏ ਅਤੇ ਕਈ ਪੰਜਾਬ ਦੇ ਹਾਲਾਤਾਂ ਤੋਂ ਤੰਗ ਆ ਕੇ ਪਰਵਾਸ ਧਾਰਨ ਕਰਨ ਲੱਗੇ। ਇਸ ਸੰਬੰਧੀ ਡਾ. ਹਰਚੰਦ ਸਿੰਘ ਬੇਦੀ ਦਾ ਵਿਚਾਰ ਬਿਲਕੁਲ ਸਹੀ ਹੈ ਕਿ "ਪਰਵਾਸ ਕੇਵਲ ਆਰਥਿਕ ਵਰਤਾਰੇ ਕਰਕੇ ਹੀ ਨਹੀ ਹੋ ਰਿਹਾ ਸਗੋਂ ਪੰਜਾਬ ਵਿਚ ਫੈਲੀ ਅਨਿਸਚਿਤਾ, ਅਸੁਰੱਖਿਆ ਅਤੇ ਭਵਿੱਖਹੀਣਤਾ ਕਰਕੇ ਵੀ ਹੋ ਰਿਹਾ ਹੈ"[5]

ਹੈਰੀ ਇਸ ਸੰਤਾਪ ਤੋਂ ਬਚਣ ਲਈ ਪਰਵਾਸ ਧਾਰਨ ਕਰਦਾ ਹੈ ਉਹ ਆਪਣੀ ਚਿੱਠੀ ਵਿੱਚ ਆਪਣੇ ਪਿਛੋਕੜ ਬਾਰੇ ਗੱਲ ਕਰਦਿਆਂ ਉਸ ਸਮੇਂ ਦੀ ਖਾਲਿਸਤਾਨੀ ਲਹਿਰ ਦਾ ਜ਼ਿਕਰ ਕਰਦਾ ਹੈ। ਜਿਸ ਵਿੱਚ ਉਸਦੇ ਮਾਂ ਬਾਪ ਲੁਟੇਰਿਆਂ ਹੱਥੋਂ ਮਾਰੇ ਜਾਂਦੇ ਹਨ । ਉਸ ਸਮੇਂ ਪੰਜਾਬ ਦੇ ਹਾਲਾਤਾਂ ਬਾਰੇ ਨਾਵਲਕਾਰ ਜਾਣਕਾਰ ਕਰਾਉਂਦਾ ਹੋਇਆ ਲਿਖਦਾ ਹੈ। "ਇਹ ਸੰਨ ਛਿਆਸੀ ਸਤਾਸੀ ਦੀ ਗੱਲ ਹੈ ,ਜਦੋਂ ਪੰਜਾਬ ਬਦਲੀ ਦੇ ਬੂਥੇ ਆਇਆ ਹੋਇਆ ਸੀ ।ਸਰਕਾਰ ਨਾਂ ਦੀ ਕੋਈ ਚੀਜ਼ ਰਹਿ ਨਹੀਂ ਸੀ ਗਈ ਦਿਨੇ ਪੁਲੀਸ ਅਤੇ ਸੀ.ਆਰ.ਪੀ ਦਾ ਰਾਜ ਤੇ ਰਾਤਾਂ ਨੂੰ ਖਾੜਕੂਆਂ ਦਾ। ਕਈ ਬੈਂਕਾਂ ਵਿੱਚ ਡਾਕੇ ਪੈ ਗਏ ਸਨ ।"[6]

ਆਪਣਿਆ ਤੋ ਹਾਲਾਤ ਵੱਸ ਬੇਗਾਨੇ ਬਣੇ ਨਸੀਬ ਅਤੇ ਹਰਬੰਸ ਇਕਲਾਪੇ ਅਤੇ ਬੇਗਾਨੀਅਤ ਭਰੀ ਇਸ ਸਾਂਝ ਕਾਰਨ ਭਾਵੁਕ ਤੌਰ 'ਤੇ ਇਕ ਦੂਜੇ ਨਾਲ ਜੁੜਕੇ ਬੇਗਾਨੇ ਤੋਂ ਆਪਣੇ ਬਣ ਜਾਂਦੇ ਹਨ ਅਤੇ ਵਿਆਹ ਕਰਵਾ ਲੈਂਦੇ ਹਨ। ਨਾਵਲ ਬੇਗਾਨੇ ਦੇ ਬਿਰਤਾਂਤ ਵਿੱਚ ਬੇਗਾਨਗੀ ਦੇ ਵੱਖਰੇ ਵੱਖਰੇ ਸਰੂਪਾਂ, ਪਰਿਪੇਖਾ,ਤੇ ਪਾਸਾਰਾਂ ਨੂੰ ਉਜਾਗਰ ਕੀਤਾ ਹੈ। ਬੇਗਾਨਗੀ ਦਾ ਪਹਿਲਾ ਪੱਧਰ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਨਸੀਬ ਦੀ ਮਾਂ ਦੀ ਮੌਤ ਹੋ ਜਾਂਦੀ ਹੈ ਅਤੇ ਉਸ ਦੀ ਭੂਆ ਉਸ ਨੂੰ ਗੋਦ ਲੈ ਲੈਂਦੀ ਹੈ। ਉਹ ਬੇਸ਼ੱਕ ਉਸ ਨੂੰ ਧੀ ਬਣਾ ਕੇ ਰੱਖਦੀ ਹੈ ਪ੍ਰੰਤੂ ਫਿਰ ਵੀ ਨਸੀਬ ਨੂੰ ਬੇਗਾਨਗੀ ਦਾ ਅਹਿਸਾਸ ਹੁੰਦਾ ਹੈ। ਉਸ ਦੀ ਇਹ ਭਾਵਨਾ ਇਸ ਗੱਲ ਤੋਂ ਝਲਕਦੀ ਹੈ ।"ਮੇਰੇ ਨਾਲ ਨੌਕਰਾਣੀਆਂ ਵਾਲਾ ਵਰਤਾਓ ਨਹੀਂ ਸੀ ਕੀਤਾ ਜਾਂਦਾ ,ਕਿਉਂਕਿ ਮੈ ਸਕੂਲ ਪੜ੍ਹਨ ਵੀ ਜਾਂਦੀ ਸੀ ਅਤੇ ਖਾਣਾ ਵੀ ਅਸੀਂ ਕਰਦੇ ਬੈਠ ਕੇ ਖਾਂਦੇ ਸੀ ਪਰ ਮੈਨੂੰ ਜ਼ਰੂਰ ਮਹਿਸੂਸ ਹੁੰਦਾ ਸੀ ਕਿ ਜਿਵੇਂ ਮੈਂ ਉਨ੍ਹਾਂ ਦੀ ਸਕੀ ਨਹੀ ਸਗੋਂ ਨੌਕਰਾਣੀ ਧੀ ਹੋਵਾਂ "[7]

ਕੈਨੇਡਾ ਵਿੱਚ ਜਾਣ ਅਤੇ ਪੱਕੇ ਹੋਣ ਲਈ ਵਿਆਹ ਦੇ ਪਵਿੱਤਰ ਮੰਨੇ ਜਾਣ ਵਾਲੇ ਬੰਧਨ ਨੂੰ ਇਕ ਸਾਧਨ ਵਜੋਂ ਵਰਤਿਆ ਜਾਂਦਾ ਹੈ ਜਦੋ ਪੰਜਾਬੀ ਬੰਦਾ ਪਰਵਾਸ ਧਾਰਨ ਕਰ ਲੈਂਦਾ ਹੈ ਤਾਂ।ਵਿਦੇਸ਼ਾਂ ਵਿੱਚ ਪੈਸਾ ਉਸ ਲਈ ਪ੍ਰਥਮ ਰਿਸਤਾ ਬਣ ਜਾਂਦਾ- ਹੈ ਅਤੇ ਰਿਸ਼ਤੇ-ਨਾਤੇ,ਮੋਹ- ਪਿਆਰ, ਕਦਰਾਂ -ਕੀਮਤਾਂ, ਨੈਤਿਕਤਾ ਸਭ ਗੌਣ ਪੱਧਰ ਤੇ ਆ ਜਾਂਦੇ ਹਨ। ਰਿਸ਼ਤਿਆਂ ਵਿੱਚਲੀ ਸਾਂਝ ਪੈਸੇ ਤੇ ਆਧਾਰਿਤ ਹੁੰਦੀ ਹੈ । ਪੰਜਾਬੀ ਸਭਿਆਚਾਰ ਵਿੱਚ ਵਿਆਹ ਇੱਕ ਅਜਿਹੀ ਸਮਾਜਕ ਸੰਸਥਾ ਹੈ ,ਜਿਸ ਵਿੱਚ ਸਮੁੱਚੀ ਸਾਕਾਚਾਰੀ ਵਿਸ਼ੇਸ਼ ਤੌਰ ਤੇ ਮਾਤਾ ਪਿਤਾ ਦੀ ਸ਼ਮੂਲੀਅਤ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 97-111

ਲਾਜ਼ਮੀ ਸਮਝੀ ਜਾਂਦੀ ਹੈ ।ਪਰੰਤੂ ਨਸੀਬ ਦੀ ਭੂਆ ਦੇ ਮੁੰਡੇ ਗੋਲਡੀ ਦਾ ਵਿਆਹ ਕਰਨ ਪੰਜਾਬ ਆਉਣਾ ਹੁੰਦਾ ਹੈ ਤਾਂ ਉਸ ਦਾ ਬਾਪ ਹੀ ਆਉਣ ਤੋਂ ਇਨਕਾਰ ਕਰ ਦਿੰਦਾ ਹੈ ਤੇ ਇਸ ਸੰਬੰਧੀ ਉਸਦਾ ਤਰਕ ਇਹ ਹੈ।

"ਜਿਨ੍ਹਾਂ ਦੇ ਪਿਉ ਨਹੀਂ ਹੁੰਦੇ ਉਨ੍ਹਾਂ ਦੇ ਵਿਆਹ ਰਹਿ ਜਾਂਦੇ ਹੈ ਉਥੇ ਮੇਰਾ ਭਰਾ ਹੈ ਤਾਂ ਸਹੀ। ਪਿਉ ਦੀ ਥਾ ਉਹ ਖੜ੍ਹ ਜਾਵੇਗਾ ।"[8]

ਇਸ ਤਰ੍ਹਾਂ ਪੈਸੇ ਦੀ ਦੌੜ ਵਿੱਚ ਪਰਵਾਸੀਆਂ ਦੇ ਰਿਸ਼ਤਿਆਂ ਦੇ ਮੁੱਲ ਅਤੇ ਪ੍ਰਸੰਗ ਦੋਵੇਂ ਬਦਲਦੇ ਦਿਖਾਈ ਦਿੰਦੇ ਹਨ ।ਨਸੀਬ ਦਾ ਫੁੱਫੜ ਇੱਕ ਪਾਸੇ ਉਸ ਨੂੰ ਆਪਣੀ ਧੀ ਬਣਾਉਂਦਾ ਹੈ ਅਤੇ ਦੂਜੇ ਹੀ ਪਾਸੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ ।ਇੱਥੇ ਨਾਵਲਕਾਰ ਪੰਜਾਬੀ ਕਦਰਾਂ ਕੀਮਤਾਂ ਅਤੇ ਨੈਤਿਕਤਾ ਦੇ ਸਿਧਾਂਤਾਂ ਉੱਪਰ ਤਿੱਖਾ ਵਿਅੰਗ ਕਰਦਾ ਹੈ।ਇਸ ਤਰ੍ਹਾਂ ਨਸੀਬ ਲਗਾਤਾਰ ਉਸ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ ।ਇਸ ਤੋਂ ਮਗਰੋਂ ਉਸ ਦਾ ਵਿਆਹ ਆਪਣੇ ਹੀ ਭਤੀਜੇ ਬਲਵੰਤ ਨਾਲ ਕਰਕੇ ਉਹ ਇਕ ਪੰਥ ਦੋ ਸਿਕਾਰ ਕਰਦਾ ਦਿੰਦਾ ਹੈ ।ਪਰਵਾਸੀ ਪੰਜਾਬੀ ਆਪਣੇ ਰਿਸ਼ਤੇਦਾਰਾਂ ਅਤੇ ਸਾਕ ਸਬੰਧੀਆਂ ਨੂੰ ਕੈਨੇਡਾ ਮੰਗਵਾਉਣ ਲਈ ਸਾਰੇ ਕਾਨੂੰਨੀ ਅਤੇ ਗ਼ੈਰ ਕਾਨੂੰਨੀ ਢੰਗਾਂ ਨਾਲ ਵਿਆਹ ਕਰਵਾਉਣ ਦੀ ਵਿਧੀ ਦੀ ਵਰਤੋ ਕਰਦੇ ਹਨ ।ਕੋਈ ਆਪਣੀ ਸਕੀ ਭੈਣ ਨਾਲ ਵਿਆਹ ਕਰਵਾ ਕੇ ਕੈਨੇਡਾ ਆ ਜਾਂਦਾ ਹੈ ਅਤੇ ਕੋਈ ਆਪਣੀ ਪਤਨੀ ਨੂੰ ਤਲਾਕ ਦੇ ਕੇ ਆਪਣੀ ਭਰਜਾਈ ਨੂੰ ਕੈਨੇਡਾ ਵਿਆਹ ਕਰਵਾ ਕੇ ਲੈ ਆਉਂਦਾ ਹੈ ਅਜਿਹੇ ਕਿੱਸਿਆਂ ਦਾ ਜ਼ਿਕਰ ਬਲਵੰਤ ਨਸੀਬ ਕੋਲ ਕਰਦਾ ਹੈ ।

"ਜਦੋਂ ਮੈਂ ਪੁੱਛਿਆ ਕਿ ਤੈਨੂੰ ਆਪਣੀ ਸਕੀ ਭੈਣ ਨਾਲ ਵਿਆਹ ਕਰਵਾਉਂਦੇ ਸ਼ਰਮ ਨਾ ਆਈ ਤਾਂ ਕਹਿੰਦਾ ,ਕਿ ਸ਼ਰਮ ਕਾਹਦੀ ,ਵਿਆਹ ਤਾਂ ਕਾਗਜ਼ਾਂ ਵਿੱਚ ਹੋਇਆ ਏ ਰਹਿਣਾ ਤਾਂ ਉਹਨੇ ਮੇਰੀ ਭੈਣ ਈ ਐ"[9]

ਬਲਵੰਤ ਦੇ ਛੱਡ ਜਾਣ ਮਗਰੋਂ ਆਂਟੀ ਦੀ ਨੂੰਹ ਬੀਰੀ ਵੀ ਬੇਹੱਦ ਅਪਣੱਤ ਤੇ ਹਮਦਰਦੀ ਦਾ ਛਲਾਵਾ ਦੇ ਕੇ ਨਸੀਬ ਨੂੰ ਆਪਣੇ ਭਰਾ ਸਤਬੀਰ ਨਾਲ ਵਿਆਹ ਕਰਵਾਉਣ ਲਈ ਇਸ ਲਈ ਆਖਦੀ ਹੈ, ਕਿਉਂਕਿ ਉਹ ਵੀ ਆਪਣੇ ਭਰਾ ਨੂੰ ਕੈਨੇਡਾ ਮੰਗਵਾਉਣਾ ਚਾਹੁੰਦੀ ਹੈ।ਪਰ ਉਸ ਦਾ ਭਰਾ ਸਤਬੀਰ ਨਸੀਬ ਰਾਹੀਂ ਕੈਨੇਡਾ ਆ ਕੇ ਏਅਰਪੋਰਟ ਤੋਂ ਹੀ ਕਿਤੇ ਹੋਰ ਚਲਾ ਜਾਂਦਾ ਹੈ । ਹਰੇਕ ਸੱਭਿਆਚਾਰ ਦੀਆਂ ਆਪਣੀਆਂ ਮਾਨਤਾਵਾਂ ਅਤੇ ਆਪਣੇ ਟੈਬੂ ਹੁੰਦੇ ਹਨ ,ਜਿਨ੍ਹਾਂ ਨੂੰ ਤੋੜਨਾ ਸਮਾਜਿਕ ਮਨੁੱਖ ਲਈ ਔਖਾ ਹੈ। ਜੇਕਰ ਉਹ ਇਨ੍ਹਾਂ ਮਾਨਤਾਵਾਂ ਨੂੰ ਤੋੜਦਾ ਹੈ ,ਤਾਂ ਉਹ ਸਮਾਜ ਵਿੱਚ ਨਹੀਂ ਵਿਚਰ ਸਕਦਾ। ਪਰਵਾਸੀ ਬੰਦੇ ਲਈ ਇਹਨਾਂ ਮਾਨਤਾਂ ਅਤੇ ਮਨਾਹਾਂ ਦੇ ਮੁਕਾਬਲੇ ਆਪਣਾ ਹਿੱਤ ਵਧੇਰੇ ਅਹਿਮ ਹੋ ਜਾਂਦਾ ਹੈ ਇਸ ਲਈ ਬਲਵੰਤ ਅਤੇ ਪ੍ਰੀਤੀ ਦਾ ਰਿਸ਼ਤਾ ਜੋ ਕਿ ਰਿਸਤੇ ਵਿਚ ਬਲਵੰਤ ਦੇ ਰਿਸਤੇ ਵਿੱਚ ਮਾਮੇ ਦੀ ਕੁੜੀ ਭਾਵ ਭੈਣ ਲੱਗਦੀ ਹੈ ,ਨਾਲ ਵਿਆਹ ਕਰਵਾਉਣ ਲਈ ਉਸਨੂੰ ਬਾਹਰ ਬਲਾਉਣ ਦੇ ਬਹਾਨੇ ਵਜੋ, ਉਹ ਕੈਨੇਡਾ ਆ ਕੇ ਧੋਖੇ ਨਾਲ ਨਸੀਬ ਨੂੰ ਤਲਾਕ ਦੇ ਕੇ ਪ੍ਰੀਤੀ ਨਾਲ ਵਿਆਹ ਕਰਵਾ ਕੇ ਉਸ ਨੂੰ ਕੈਨੇਡਾ ਲੈ ਆਉਂਦਾ ਹੈ ।ਇਹ ਸਮੁੱਚਾ ਘਚਨਾ ਕ੍ਰਮ ਤੇ ਵਿਹਾਰ ਬਦਲਦੇ ਪ੍ਰਸੰਗਾਂ ਤੇ ਪ੍ਰਸਥਿਤੀਆਂ ਵਿਚ

Volume: 13, March 2026 ISSN: 2394-0980
PP: 97-111

ਸਭਿਆਚਾਰਕ ਕੀਮਤਾਂ ਦੇ ਰੂਪਾਂਤਰਣ ਤੇ ਵਿਗੜਨ ਵੱਲ ਸੰਕੇਤਕ ਇਸ਼ਾਰਾ ਕਰਦਾ ਹੈ। ਆਪਣਿਆਂ ਕੋਲੋਂ ਧੋਖਾ ਖਾ ਕੇ ਪ੍ਰਸਥਿਤੀਆਂ ਕਾਰਨ ਇਕੱਲੇ ਰਹਿ ਗਏ ਨਸੀਬ ਅਤੇ ਹਰਬੰਸ ਜਦੋਂ ਇਕ ਦੂਜੇ ਨੂੰ ਅਪਨਾ ਕੇ ਬੇਗਾਨੀਅਤ ਦੇ ਅਹਿਸਾਸ ਵਿਚੋਂ ਨਿਕਲਣ ਲਈ ਯਤਨਸ਼ੀਲ ਹੁੰਦੇ ਹਨ ਤਾਂ ਨਵੀਆਂ ਪ੍ਰਸਥਿਤੀਆਂ ਪੈਦਾ ਹੋ ਜਾਂਦੀਆਂ ਹਨ ਹਰਬੰਸ ਨਸੀਬ ਅਤੇ ਬਲਵੰਤ ਦੇ ਪੁੱਤਰ ਬੱਲੀ ਨੂੰ ਪੂਰੀ ਤਰ੍ਹਾਂ ਅਪਣਾ ਕੇ ਉਸ ਅੰਦਰੋਂ ਬੇਗਾਨੇਪਨ ਨੂੰ ਖਤਮ ਕਰਨਾ ਚਹੁੰਦਾ ਹੈ ਪਰ ਇਸਦੇ ਬਾਵਜੂਦ ਬੱਲੀ ਦੇ ਮਨ ਵਿਚ ਉਸ ਲਈ ਬੇਗਾਨਗੀ ਦਾ ਅਹਿਸਾਸ ਫਿਰ ਵੀ ਉਨ੍ਹਾਂ ਦੀ ਮਾਨਸਿਕਤਾ ਵਿੱਚ ਮੌਜੂਦ ਰਹਿੰਦਾ ਹੈ। ਬੱਲੀ ਹਰਬੰਸ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਸ ਨੂੰ ਆਪਣੇ ਪਿਤਾ ਦੇ ਰੂਪ ਵਿੱਚ ਕਦੀ ਸਵੀਕਾਰ ਨਹੀਂ ਕਰਦਾ ਜਿਸ ਕਰਕੇ ਨਸੀਬ ਵੀ ਦੋਵਾਂ ਬੱਚਿਆਂ ਨੂੰ ਇੱਕੋ ਜਿਹਾ ਪਿਆਰ ਨਹੀਂ ਦੇ ਪਾਉਂਦੀ। ਸਿਮੀ (ਹਰਬੰਸ ਦੀ ਗੋਦ ਲਈ ਧੀ)ਅਤੇ ਬੱਲੀ ਵਿਚਕਾਰ ਵੀ ਬੇਗਾਨੀਅਤ ਦੇ ਅਹਿਸਾਸ ਵਿਚ ਬੱਝੇ ਨਜ਼ਰ ਆਉਂਦੇ ਹਨ। ਬੱਲੀ ਅਤੇ ਸਿੰਮੀ ਦੋਵਾਂ ਨੂੰ ਬੇਗਾਨੀਅਤ ਦੇ ਅਹਿਸਾਸ ਤੋਂ ਬਚਾਉਣ ਲਈ ਆਪਣੀ ਔਲਾਦ ਪੈਦਾ ਨਾ ਕਰਨ ਦਾ ਨਿਸਚਾ ਕਰ ਚੁੱਕੇ ਹੈਰੀ ਅਤੇ ਨਸੀਬ ਨੂੰ ਵੀ ਇਸ ਗੱਲ ਦਾ ਅਫ਼ਸੋਸ ਇੱਕ ਵਾਰ ਜ਼ਰੂਰ ਹੁੰਦਾ ਹੈ ਕਿ ਉਨ੍ਹਾਂ ਨੂੰ ਆਪਣੀ ਔਲਾਦ ਵੀ ਪੈਦਾ ਕਰਨੀ ਚਾਹੀਦੀ ਸੀ। ਉਹ ਪਦਾਰਥਕ ਵਸਤੂਆਂ ਖਿਡਾਉਣੇ ਕੱਪੜੇ ਆਦਿ ਦੇ ਕੇ ਉਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਪਾਲਣ ਦੀ ਕੋਸ਼ਿਸ਼ ਕਰਦੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਅਸਲ ਮਾਪਿਆਂ ਵਾਂਗ ਆਪਣਾਪਨ ਦੇ ਸਕਣ ਦੇ ਅਸਮਰੱਥ ਹੁੰਦੇ ਹਨ। ਬਾਲ ਕਲਿਆਣ ਅਧਿਕਾਰੀ ਛਾਣਬੀਨ ਕਰਨ ਤੋਂ ਬਾਅਦ ਉਨ੍ਹਾਂ ਨੂੰ ਇਹੀ ਕਹਿੰਦੇ ਹਨ ।" ਦੱਸਿਆ ਗਿਆ ਹੈ ਕਿ ਤੁਸੀਂ ਭਾਂਤ ਭਾਂਤ ਦੇ ਖਿਡਾਉਣੇ ਤੇ ਪਹਿਨਣ ਲਈ ਵਧੀਆ ਕੱਪੜੇ ਦੇ ਕੇ ਬੱਚਿਆਂ ਨੂੰ ਵਰਚਾ ਛੱਡਦੇ ਹੋ ਪਰ ਆਪ ਉਨ੍ਹਾਂ ਵੱਲ ਧਿਆਨ ਨਹੀਂ ਦਿੰਦੇ "[10]

ਬਾਲ ਕਲਿਆਣ ਵਿਭਾਗ ਤੋਂ ਆਈ ਅਧਿਕਾਰੀ ਸੁਚੇਤ ਹੋ ਕੇ ਛਾਣਬੀਨ ਕਰਦੀ ਹੈ। ਨਸੀਬ ਉਸ ਅੱਗੇ ਬੱਚਿਆਂ ਦੇ ਨਾ ਮਿਲਣ ਦਾ ਦਰਦ ਜ਼ਾਹਿਰ ਕਰਦੀ ਹੈ ਤਾਂ ਉਹ ਉਸ ਉਪਰ ਯਕੀਨ ਨਹੀ ਕਰਦੀ ਸਗੋਂ ਉਸ ਨੂੰ ਆਖਦੀ ਹੈ ।"ਮਿਸ ਸਿੱਧੂ ਜਿਹੜੇ ਮਾਪੇ ਆਪਣੇ ਬੱਚਿਆਂ ਦੀ ਫਿਕਰ ਕਰਦੇ ਹਨ ਉਨ੍ਹਾਂ ਦੇ ਬੱਚੇ ਬਾਲ ਕਲਿਆਣ ਵਿਭਾਗ ਦੀ ਦੇਖ ਰੇਖ ਹੇਠ ਨਹੀਂ ਜਾਂਦੇ "[11]

"ਭੂਆ ਨੇ ਉਸ ਨੂੰ ਜੁੰਡੀਆਂ ਤੋਂ ਫੜ ਕੇ ਕੁੱਟਿਆ ਵੀ ਸੀ ਤੇ ਗਾਲਾਂ ਵੀ ਕੱਢਦੀ ਰਹੀ ਸੀ, ਫਿਰ ਉਸ ਨੂੰ ਡਾਂਟਦਿਆਂ ਕਿਹਾ ਸੀ ਜੇ ਤੂੰ ਬਾਹਰ ਕਿਸੇ ਕੋਲ ਗੱਲਕੀਤੀ ਤਾਂ ਮੈਂ ਤੇਰੇ ਸੀਰਮੇ ਪੀ ਜਾਉ"[12] ਨਾਵਲ ਦਾ ਬਿਰਤਾਂਤ ਬਿਮਲਾ ਠਾਕੁਰ ਦੇ ਕਿਰਦਾਰ ਰਾਹੀਂ ਲੇਖਕ ਨੇ 60-65 ਸਾਲ ਦੀਆਂ ਉਹਨਾਂ ਬਜ਼ੁਰਗ ਔਰਤਾਂ ਦੀਆਂ ਸਮੱਸਿਆਵਾਂ ਨੂੰ ਆਪਣਾ ਸਰੋਕਾਰ ਬਣਾਉਦਾ ਹੈ ਜੋ ਕੈਨੇਡਾ ਵਿੱਚ ਰਹਿ ਰਹੀਆਂ ਹਨ ਅਤੇ ਜਿਨ੍ਹਾਂ ਉਹਨਾਂ ਦੀ ਔਲਾਦ ਅਪਣੇ ਬੱਚਿਆ ਦੀ ਸਾਂਭ ਸੰਭਾਲ ਲਈ ਜਾਂ ਹੋਰ ਘਰੇਗੀ ਕੰਮ-ਕਾਜ ਲਈ ਪਹਿਲਾਂ ਤਾਂ ਆਪਣੇ ਕੋਲ ਸੱਦ ਲੈਂਦੀ ਹੈ ਅਤੇ ਜਦੋਂ ਲੋੜ ਪੂਰੀ ਹੋ ਜਾਂਦੀ ਹੈ ਤਾਂ ਇਹਨਾਂ ਬਜ਼ੂਰਗਾ ਨੂੰ ਚਾਹ ਚੋਂ ਮੱਖੀ ਵਾਂਗ ਕੱਢ ਦਿੱਤਾ ਜਾਂਦਾ ਹੈ

।ਪਰਵਾਸੀ ਪੰਜਾਬੀ ਜੋੜੀਆਂ ਦਾ ਆਪਣੇ ਬਜ਼ੁਰਗਾਂ ਮਾਪਿਆਂ ਨੂੰ ਕੈਨੇਡਾ ਸੱਦਣ ਦਾ ਸਿਰਫ਼ ਇੱਕੋ ਇੱਕ ਮਕਸਦ ਹੁੰਦਾ ਹੈ।ਇਸ ਮਸਲੇ ਬਾਰੇ ਡਾ. ਜੁਗਿੰਦਰ ਸਿੰਘ ਨਹਿਰੂ ਦੇ ਵਿਚਾਰ ਬਿਲਕੁਲ ਦਰੁਸਤ ਜਾਪਦੇ ਹਨ ਕਿ“ ਮੇਰੀ ਜਾਚੇ ਇਹ ਉਥੋਂ ਦੀ ਇਕ ਗੰਭੀਰ ਸਮੱਸਿਆ ਹੈ ਕੈਨੇਡਾ ਵਿਚ ਆਮ ਕਾਮੇ ਦੀ ਸਥਿਤੀ ਏਨੀ ਹੀ ਗਈ ਗੁਜਰੀ ਨਹੀ ਹੈ ਕਿ ਉਹ ਆਪਣੇ ਮਾਂ-ਪਿਉ ਨੂੰ ਦੋ ਡੰਗ ਦੀ ਰੋਟੀ ਦੇਣ ਤੋਂ ਵੀ ਅਸਮਰੱਥ ਹੈ ਪਰ ਉਹ ਸਰਮਾਏਦਾਰੀ ਵਿਵਸਥਾ ਵਿਚ ਇਸ ਤਰ੍ਹਾਂ ਬੱਝੀਆ ਹੋਇਆ ਹੈ ਕਿ ਜੀਵਨ ਦੀਆਂ ਸੁੱਖ ਸਹੂਲਤਾਂ ਅਤੇ ਚੀਜਾਂ ਵਸਤਾਂ ਦੇ ਇਕਤਰੀਕਰਨ ਵਿਚ ਹੀ ਉਹ ਚੌਵੀ ਘੰਟੇ ਅੰਨੇ ਵਾਹ ਜੁਟਿਆ ਰਹਿੰਦਾ ਹੈ ...ਉਸ ਲਈ ਪੈਸਾ ਹੀ ਸਭ ਕੁਝ ਬਣ ਚੁੱਕਾ ਹੈ ਅਤੇ ਇਸਦੀ ਪ੍ਰਾਪਤੀ ਲਈ ਉਹ ਕੁਝ ਵੀ ਕਰ ਗੁਜਰਨ ਲਈ ਤਿਆਰ ਰਹਿੰਦਾ ਹੈ”[13]

ਸਿੱਟਾ ਇਸ ਖੋਜ ਪੱਤਰ ਦੇ ਤੋਂ ਸਪੱਸ਼ਟ ਹੁੰਦਾ ਹੈ ਕਿ ਜਰਨੈਲ ਸਿੰਘ ਸੇਖਾ ਦੇ ਨਾਵਲ ਪਰਵਾਸੀ ਅਨੁਭਵ ਨੂੰ ਸਿਰਫ਼ ਸਥਾਨਿਕ ਬਦਲਾਅ ਜਾਂ ਆਰਥਿਕ ਸੰਘਰਸ਼ ਦੀ ਸੀਮਿਤ ਪਰਿਭਾਸ਼ਾ ਵਿੱਚ ਨਹੀਂ ਬੰਨ੍ਹਦੇ, ਸਗੋਂ ਉਹ ਇਸਨੂੰ ਇੱਕ ਬਹੁ-ਪੱਖੀ, ਗਹਿਰੇ ਅਤੇ ਵਿਰੋਧਾਭਾਸੀ ਮਨੁੱਖੀ ਅਨੁਭਵ ਵਜੋਂ ਪੇਸ਼ ਕਰਦੇ ਹਨ। ‘ਦੁਨੀਆ ਕੈਸੀ ਹੋਈ’, ‘ਭਗੌੜਾ’, ‘ਵਿਗੋਚਾ’, ‘ਬੇਗਾਨੇ’ ਅਤੇ ‘ਨਾਬਰ’ ਵਰਗੇ ਨਾਵਲਾਂ ਦੇ ਵਿਸ਼ਲੇਸ਼ਣ ਰਾਹੀਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸੇਖਾ ਦੀ ਰਚਨਾ-ਚੇਤਨਾ ਪਰਵਾਸੀ ਜੀਵਨ ਦੇ ਉਹਨਾਂ ਅਣਗੌਲਿਆਂ ਪਾਸਾਰਾਂ ਨੂੰ ਕੇਂਦਰ ਵਿੱਚ ਲਿਆਉਂਦੀ ਹੈ, ਜੋ ਆਮ ਤੌਰ ‘ਤੇ ਪ੍ਰਚਲਿਤ ਪਰਵਾਸੀ ਵਿਆਖਿਆਵਾਂ ਵਿੱਚ ਅਣਦੇਖੇ ਰਹਿ ਜਾਂਦੇ ਹਨ। ਉਹ ਪਰਵਾਸ ਨੂੰ ਇੱਕ ਅਜਿਹੀ ਪ੍ਰਕਿਰਿਆ ਵਜੋਂ ਵੇਖਦਾ ਹੈ ਜੋ ਮਨੁੱਖ ਦੀ ਪਹਿਚਾਣ, ਉਸਦੇ ਰਿਸਤਿਆਂ, ਉਸਦੀ ਨੈਤਿਕਤਾ ਅਤੇ ਉਸਦੇ ਅੰਦਰੂਨੀ ਸੰਸਾਰ ਦੀ ਪੁਨਰ-ਸਿਰਜਣਾ ਕਰਦੀ ਹੈ। ਇਸ ਅਧਿਐਨ ਵਿੱਚ ਖਾਸ ਤੌਰ ‘ਤੇ ਇਹ ਗੱਲ ਉਭਰਦੀ ਹੈ ਕਿ ਸੇਖਾ ਦੇ ਨਾਵਲਾਂ ਵਿੱਚ ਸਭਿਆਚਾਰਕ ਦਵੰਦ ਅਤੇ ਬੇਗਾਨਗੀ ਇਕ-ਦੂਜੇ ਨਾਲ ਜੁੜੇ ਹੋਏ ਸੰਕਲਪ ਹਨ। ਪਰਵਾਸੀ ਮਨੁੱਖ ਇੱਕ ਪਾਸੇ ਮੂਲ ਸਭਿਆਚਾਰ ਦੀਆਂ ਯਾਦਾਂ ਅਤੇ ਮੁੱਲਾਂ ਨਾਲ ਜੁੜਿਆ ਰਹਿੰਦਾ ਹੈ, ਜਦਕਿ ਦੂਜੇ ਪਾਸੇ ਨਵੇਂ ਸਮਾਜ ਵਿੱਚ ਖੁਦ ਨੂੰ ਸਥਾਪਿਤ ਕਰਨ ਦੀ ਲੋੜ ਉਸਨੂੰ ਨਵੀਆਂ ਮਾਨਤਾਵਾਂ ਅਤੇ ਜੀਵਨ-ਸ਼ੈਲੀਆਂ ਨੂੰ ਅਪਣਾਉਣ ਲਈ ਮਜਬੂਰ ਕਰਦੀ ਹੈ। ਇਸ ਦੋਹਰੇ ਦਬਾਅ ਦੇ ਨਤੀਜੇ ਵਜੋਂ ਉਸਦੇ ਅੰਦਰ ਇੱਕ ਅਜਿਹਾ ਦਵੰਦ ਪੈਦਾ ਹੁੰਦਾ ਹੈ ਜੋ ਉਸਦੀ ਸਵੈ-ਹੋਂਦ ਨੂੰ ਵਿਖੰਡਿਤ ਕਰ ਦਿੰਦਾ ਹੈ। ‘ਵਿਗੋਚਾ’ ਵਿੱਚ ਪੀੜ੍ਹੀ ਦਰ ਪੀੜ੍ਹੀ ਇਹ ਦਵੰਦ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੁੰਦਾ ਹੈ, ਇੰਦਰ ਸਿੰਘ ਦੇ ਦੌਰ ਦਾ ਸਪੱਸ਼ਟ ਨਸਲਵਾਦ ਹੋਵੇ ਜਾਂ ਬੌਬੀ ਦੇ ਅੰਦਰੂਨੀ ਅਸਤਿਤਵਕ ਸੰਕਟ ਹਰ ਪੜਾਅ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਸਮੱਸਿਆਵਾਂ ਦੇ ਰੂਪ ਬਦਲਦੇ ਹਨ ਪਰ ਉਹਨਾਂ ਦੀ ਮੂਲ ਸੰਰਚਨਾ ਕਾਇਮ ਰਹਿੰਦੀ ਹੈ। ਇਸੇ ਤਰ੍ਹਾਂ ‘ਬੇਗਾਨੇ’ ਨਾਵਲ ਰਾਹੀਂ ਇਹ ਨਤੀਜਾ ਨਿਕਲਦਾ ਹੈ ਕਿ ਬੇਗਾਨਗੀ ਸਿਰਫ਼ ਭੂਗੋਲਿਕ ਜਾਂ ਸੱਭਿਆਚਾਰਕ ਦੂਰੀ ਦਾ ਨਤੀਜਾ ਨਹੀਂ, ਸਗੋਂ ਇਹ ਮਨੁੱਖੀ ਅਹਿਸਾਸਾਂ ਅਤੇ ਰਿਸਤਿਆਂ ਦੀ ਗੁਣਵੱਤਾ ਨਾਲ ਗੂੜ੍ਹੀ ਤਰ੍ਹਾਂ ਜੁੜੀ ਹੋਈ ਹੈ। ਨਾਵਲ ਵਿੱਚ ਦਰਸਾਏ ਗਏ ਰਿਸਤਿਆਂ ਦੀ ਵਿਗੜੀ ਹੋਈ ਸੰਰਚਨਾ ਇਹ ਦਰਸਾਉਂਦੀ ਹੈ ਕਿ ਜਦੋਂ ਰਿਸਤੇ ਮੋਹ ਅਤੇ

Volume: 13, March 2026 ISSN: 2394-0980
PP: 97-111

ਅਪਣੱਤ ਦੀ ਬਜਾਏ ਸਵਾਰਥ ਅਤੇ ਪਦਾਰਥਵਾਦ ਉੱਤੇ ਅਧਾਰਿਤ ਹੋ ਜਾਂਦੇ ਹਨ, ਤਾਂ ਆਪਣੇ ਵੀ ਬੇਗਾਨੇ ਹੋ ਜਾਂਦੇ ਹਨ। ਨਸੀਬ, ਹਰਬੰਸ, ਸਿੰਮੀ ਅਤੇ ਬੱਲੀ ਵਰਗੇ ਪਾਤਰ ਇਸ ਗੱਲ ਦੇ ਪ੍ਰਤੀਕ ਹਨ ਕਿ ਪਰਵਾਸੀ ਜੀਵਨ ਵਿੱਚ ਰਿਸਤਿਆਂ ਦੀ ਨਵੀਂ ਵਿਆਕਰਨ ਕਿਵੇਂ ਤਿਆਰ ਹੁੰਦੀ ਹੈ, ਜਿਸ ਵਿੱਚ ਅਪਣੱਤ ਅਤੇ ਬੇਗਾਨਗੀ ਦੇ ਮਾਪਦੰਡ ਪੂਰੀ ਤਰ੍ਹਾਂ ਬਦਲ ਜਾਂਦੇ ਹਨ। ਸੇਖਾ ਦੇ ਨਾਵਲਾਂ ਵਿੱਚ ਪਰਵਾਸੀ ਅਨੁਭਵ ਨੂੰ ਇਤਿਹਾਸਕ ਪ੍ਰਸੰਗਾਂ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਗ਼ਦਰ ਲਹਿਰ, ਕਾਮਾਗਾਟਾਮਾਰੂ ਘਟਨਾ, ਪੰਜਾਬ ਸੰਕਟ ਅਤੇ ਆਧੁਨਿਕ ਗਲੋਬਲ ਪੂੰਜੀਵਾਦੀ ਪ੍ਰਣਾਲੀ ਇਹ ਸਾਰੇ ਪੱਖ ਨਾਵਲਾਂ ਦੇ ਬਿਰਤਾਂਤ ਵਿੱਚ ਇੱਕ ਪਿਛੋਕੜ ਵਜੋਂ ਮੌਜੂਦ ਹਨ, ਜੋ ਇਹ ਦਰਸਾਉਂਦੇ ਹਨ ਕਿ ਪਰਵਾਸੀ ਜੀਵਨ ਕਦੇ ਵੀ ਖਾਲੀ ਸਥਾਨ ਵਿੱਚ ਨਹੀਂ ਘਟਦਾ, ਸਗੋਂ ਇਹ ਵੱਡੀਆਂ ਰਾਜਨੀਤਿਕ ਅਤੇ ਆਰਥਿਕ ਸੰਰਚਨਾਵਾਂ ਨਾਲ ਸੰਬੰਧਿਤ ਹੁੰਦਾ ਹੈ। ਇਸ ਪ੍ਰਸੰਗ ਵਿੱਚ ਨਸਲਵਾਦ, ਵਰਗ-ਸੰਘਰਸ਼ ਅਤੇ ਪਛਾਣ ਦੇ ਸੰਕਟ ਸਿਰਫ਼ ਵਿਅਕਤੀਗਤ ਨਹੀਂ ਰਹਿੰਦੇ, ਸਗੋਂ ਉਹ ਸਮੂਹਿਕ ਅਤੇ ਸੰਰਚਨਾਤਮਕ ਹਕੀਕਤਾਂ ਵਜੋਂ ਸਾਹਮਣੇ ਆਉਂਦੇ ਹਨ।

ਹਵਾਲੇ ਤੇ ਟਿਪਣੀਆਂ

1. ਡਾ.ਹਰਸਿਮਰਨ ਸਿੰਘ ਰੰਧਾਵਾ, *ਜਰਨੈਲ ਸਿੰਘ ਸੇਖਾ –ਨਾਵਲ ਸਰੋਕਾਰ ਅਤੇ ਵਿਧੀ ਵਿਧਾਨ*, ਚੇਤਨਾ ਪ੍ਰਕਾਸ਼ਨ,ਲੁਧਿਆਣਾ(2013),ਪੰਨਾ-9
2. ਜਰਨੈਲ ਸਿੰਘ ਸੇਖਾ, *ਵਿਗੋਚਾ*,ਚੇਤਨਾ ਪ੍ਰਕਾਸ਼ਨ,ਲੁਧਿਆਣਾ(2014),ਪੰਨਾ-11
3. ਜਰਨੈਲ ਸਿੰਘ ਸੇਖਾ, *ਬੇਗਾਨੇ*,ਚੇਤਨਾ ਪ੍ਰਕਾਸ਼ਨ,ਲੁਧਿਆਣਾ(2014),ਪੰਨਾ-8
4. ਉਹੀ, ਪੰਨਾ-13
5. ਡਾ.ਹਰਚੰਦ ਸਿੰਘ ਬੇਦੀ, *ਪਰਵਾਸ ਅਤੇ ਪਰਵਾਸੀ ਸਾਹਿਤ*, ਗੁਰੂ ਨਾਨਕ ਦੇਵ ਯੂਨੀਵਰਸਟੀ ,ਅਮ੍ਰਿਤਸਰ,(2006),ਪੰਨਾ-33
6. ਜਰਨੈਲ ਸਿੰਘ ਸੇਖਾ, *ਬੇਗਾਨੇ* ਚੇਤਨਾ ਪ੍ਰਕਾਸ਼ਨ,ਲੁਧਿਆਣਾ(2014),ਪੰਨਾ-20
7. ਉਹੀ,ਪੰਨਾ-28
8. ਉਹੀ,ਪੰਨਾ-29
9. ਉਹੀ,ਪੰਨਾ-33
10. ਉਹੀ,ਪੰਨਾ-148
11. ਉਹੀ,ਪੰਨਾ-134
12. ਉਹੀ,ਪੰਨਾ-177-178
13. ਜੁਗਿੰਦਰ ਸਿੰਘ ਨਹਿਰੂ,ਕਨੇਡੀਅਨ ਪੰਜਾਬੀ ਸਾਹਿਤ,ਲੋਕਾਇਤ ਪ੍ਰਕਾਸ਼ਨ,ਚੰਡੀਗੜ੍ਹ,ਪੰਨਾ-211-212

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 112-129

ਪਰਮਵੀਰ ਸਿੰਘ ਦੀ ਕਾਵਿ-ਸੰਵੇਦਨਾ ਅਤੇ ਪਰਵਾਸ ਅਨੁਭਵ

ਡਾ. ਦਵਿੰਦਰ ਸਿੰਘ
ਸਹਾਇਕ ਪ੍ਰੋਫੈਸਰ ਪੰਜਾਬੀ,
ਖ਼ਾਲਸਾ ਕਾਲਜ, ਪਟਿਆਲਾ।

ਸਾਹਿਤ ਮਨੁੱਖੀ ਮਾਨਸਿਕਤਾ, ਅਨੁਭਵ, ਸਮਾਜਿਕ ਚੇਤਨਾ ਅਤੇ ਸੁਰਤਿ ਮੰਡਲਾਂ ਦੇ ਅਕਹਿ ਅਨੁਭਵ ਦਾ ਇੰਦ੍ਰਿਆਵੀ ਬਿੰਬਾਂ ਵਿਚ ਪਲਟ ਜਾਣਾ ਹੈ। ਕੋਈ ਵੀ ਸਾਹਿਤਕਾਰ ਨਿਰੋਲ ਖਲਾਅ ਜਾਂ ਸ਼ੂਨਯ ਵਿੱਚ ਰਚਨਾ ਨਹੀਂ ਕਰਦਾ, ਉਹ ਜਿਸ ਪਰਿਵਾਰ, ਸਮਾਜ, ਸਭਿਆਚਾਰ ਅਤੇ ਪ੍ਰਕਿਰਤਕ ਮਾਹੌਲ ਜਾਂ ਸੁਰਤਿ ਮੰਡਲਾਂ ਵਿੱਚ ਵਿਚਰਦਾ ਹੈ, ਉਸੇ ਦੀ ਅਮੀਰ ਵਿਰਾਸਤ ਉਸ ਦੇ ਅਚੇਤ ਅਤੇ ਸੁਚੇਤ ਮਨ ਦਾ ਹਿੱਸਾ ਬਣਦੀ ਹੈ। ਮਨੁੱਖ ਦੇ ਨਿੱਜੀ ਜੀਵਨ ਦੀਆਂ ਪਰਸਥਿਤੀਆਂ, ਉਸ ਦੀਆਂ ਆਰਥਿਕ-ਸਮਾਜਿਕ ਹਾਲਤਾਂ ਉਸ ਦੇ ਆਲੇ-ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਅਤੇ ਉਸਦੇ ਸੁਰਤਿ ਮੰਡਲਾਂ ਦੀ ਅਸਗਾਹਤਾ ਉਸ ਦੀ ਮਾਨਸਿਕਤਾ ਨੂੰ ਨਿਰੰਤਰ ਪ੍ਰਭਾਵਿਤ ਕਰਦੀਆਂ ਹਨ। ਇੱਕ ਸਾਹਿਤਕਾਰ ਆਮ ਮਨੁੱਖ ਦੇ ਮੁਕਾਬਲੇ ਵਧੇਰੇ ਸੰਵੇਦਨਸ਼ੀਲ ਅਤੇ ਗ੍ਰਹਿਣਸ਼ੀਲ ਹੁੰਦਾ ਹੈ। ਇਸ ਲਈ, ਉਸ ਦੇ ਜੀਵਨ ਵਿੱਚ ਕੀਤੇ ਅਨੁਭਵ ਉਸ ਦੀ ਸਿਰਜਣ ਪ੍ਰਕਿਰਿਆ ਦੀ ਬੁਨਿਆਦ ਬਣਦੇ ਹਨ। ਸਾਹਿਤ ਵਿੱਚ ਪੇਸ਼ ਯਥਾਰਥ ਅਸਲ ਵਿੱਚ ਸਾਹਿਤਕਾਰ ਦੀ ਆਤਮਿਕ ਅਤੇ ਮਾਨਸਿਕ ਅਵਸਥਾ ਦਾ ਹੀ ਰੂਪਾਂਤਰਨ ਹੁੰਦਾ ਹੈ। ਜੀਵਨ ਅਤੇ ਰਚਨਾ ਦੇ ਇਸ ਅਟੁੱਟ ਸਬੰਧ ਨੂੰ ਸਮਝਣ ਲਈ ਵਿਸ਼ਵ-ਪ੍ਰਸਿੱਧ ਚਿੰਤਕਾਂ ਅਤੇ ਸਾਹਿਤਕਾਰਾਂ ਨੇ ਕਈ ਮਹੱਤਵਪੂਰਨ ਸਿਧਾਂਤ ਪੇਸ਼ ਕੀਤੇ ਹਨ। ਪੱਛਮੀ ਆਲੋਚਕ **ਹਡਸਨ** ਨੇ ਕਲਾ ਅਤੇ ਜੀਵਨ ਦੇ ਸੰਬੰਧ ਨੂੰ ਬਿਆਨ ਕਰਦਿਆਂ ਸਪੱਸ਼ਟ ਕੀਤਾ ਹੈ,

"ਕਲਾ ਜੀਵਨ ਤੋਂ ਉਤਪੰਨ ਹੁੰਦੀ ਹੈ, ਜੀਵਨ ਤੇ ਪਲਦੀ ਹੈ ਅਤੇ ਜੀਵਨ ਤੋਂ ਪ੍ਰਭਾਵਿਤ ਹੁੰਦੀ ਹੈ।"[1]

ਇਸ ਸਿਧਾਂਤਕ ਪਿਛੋਕੜ ਦੀ ਰੌਸ਼ਨੀ ਵਿੱਚ ਜਦੋਂ ਅਸੀਂ ਸਮਕਾਲੀ ਪੰਜਾਬੀ ਕਵਿਤਾ ਦੇ ਮਹੱਤਵਪੂਰਨ **ਕਵੀ ਪਰਮਵੀਰ ਸਿੰਘ** ਦੀ ਕਵਿਤਾ ਦਾ ਅਧਿਐਨ ਕਰਦੇ ਹਾਂ, ਤਾਂ ਸਾਨੂੰ ਉਨ੍ਹਾਂ ਦੇ ਜੀਵਨ ਬਿਰਤਾਂਤ, ਅਨੁਭਵ, ਅਕਾਦਮਿਕ ਸਫ਼ਰ ਅਤੇ ਉਨ੍ਹਾਂ ਦੀ ਕਾਵਿ-ਸੰਵੇਦਨਾ ਵਿਚਕਾਰ ਇੱਕ ਬਹੁਤ ਹੀ ਗੂੜ੍ਹਾ ਅਤੇ ਪਰਿਪੱਕ ਸਬੰਧ ਨਜ਼ਰ ਆਉਂਦਾ ਹੈ।

ਕਾਵਿ-ਸਫ਼ਰ: ਜਾਣ-ਪਹਿਚਾਣ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 112-129

ਪਰਮਵੀਰ ਸਿੰਘ ਦੀ ਕਾਵਿ-ਸਾਧਨਾ ਦੇ ਤਿੰਨ ਮੁੱਖ ਪੜਾਅ ਉਨ੍ਹਾਂ ਦੀਆਂ ਪ੍ਰਕਾਸ਼ਿਤ ਪੁਸਤਕਾਂ ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦੇ ਹਨ। ਇਨ੍ਹਾਂ ਦੀ ਦੂਜੀ ਕਾਵਿ ਪੁਸਤਕ ਅੰਮ੍ਰਿਤ ਵੇਲਾ ਨੇ ਪੰਜਾਬੀ ਸਮਕਾਲੀ ਆਲੋਚਕਾਂ ਦਾ ਵਿਸ਼ੇਸ਼ ਤੌਰ 'ਤੇ ਧਿਆਨ ਖਿੱਚਿਆ ਹੈ।

'ਸੁਰਤਿ ਦੀ ਲੋਅ' (2006) – ਰਹੱਸ ਅਤੇ ਵਿਸਮਾਦ ਦਾ ਪ੍ਰਗਾਸ

ਇਹ ਪਰਮਵੀਰ ਸਿੰਘ ਦਾ ਪਹਿਲਾ ਕਾਵਿ-ਸੰਗ੍ਰਹਿ ਸੀ, ਜਿਸ ਨੂੰ 'ਨਾਦ ਪ੍ਰਗਾਸ' ਸੰਸਥਾ ਦੇ ਸਹਿਯੋਗ ਨਾਲ ਪ੍ਰਸਿੱਧ ਪ੍ਰਕਾਸ਼ਕ 'ਸਿੰਘ ਬ੍ਰਦਰਜ਼, ਅੰਮ੍ਰਿਤਸਰ' ਨੇ ਛਾਪਿਆ। ਇਸ ਪੁਸਤਕ ਦੀ ਭੂਮਿਕਾ ਪ੍ਰੋ. ਜਗਦੀਸ਼ ਸਿੰਘ ਨੇ ਲਿਖੀ, ਜਿਸ ਵਿੱਚ ਉਨ੍ਹਾਂ ਨੇ ਪਰਮਵੀਰ ਦੀ ਕਵਿਤਾ ਨੂੰ ਪੰਜਾਬੀ ਦੀ ਕਲਾਸੀਕਲ ਕਾਵਿ-ਸੁਰ ਨਾਲ ਜੋੜਿਆ।

ਇਸ ਕਾਵਿ ਸੰਗ੍ਰਹਿ ਦੇ ਨਿਮਨ ਦਰਜ਼ ਕੁਝ ਵਿਸ਼ੇਸ਼ ਨੁਕਤੇ ਧਿਆਨ ਦੀ ਮੰਗ ਕਰਦੇ ਹਨ:-

- **ਵਿਚਾਰਧਾਰਕ ਦਬਾਵਾਂ ਤੋਂ ਮੁਕਤੀ:** ਵੀਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਪੰਜਾਬੀ ਕਵਿਤਾ 'ਤੇ ਕਿਸੇ ਨਾ ਕਿਸੇ ਸਿਆਸੀ ਜਾਂ ਨਾਅਰੇਬਾਜ਼ੀ ਵਾਲੀ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਸੀ। ਪਰਮਵੀਰ ਨੇ ਆਪਣੀ ਕਵਿਤਾ ਨੂੰ ਅਜਿਹੇ ਇਕਹਿਰੇ ਦਬਾਵਾਂ ਤੋਂ ਮੁਕਤ ਰੱਖਿਆ। ਉਨ੍ਹਾਂ ਦੀ ਕਵਿਤਾ ਨਿਰੋਲ ਰੂਹਾਨੀ ਖੇੜੇ, ਕੁਦਰਤ ਦੀ ਸਾਂਝ ਅਤੇ ਸੁਰਤਿ ਦੇ ਅਨੁਭਵ ਦੀ ਗੱਲ ਕਰਦੀ ਹੈ।
- **ਇਤਿਹਾਸਕ ਪਾਤਰਾਂ ਦਾ ਨਵ-ਪਰਿਪੇਖ:** ਕਵੀ ਨੇ ਇਤਿਹਾਸਕ ਪਾਤਰਾਂ ਨੂੰ ਆਮ ਪ੍ਰਚਲਿਤ ਪ੍ਰਗਤੀਵਾਦੀ ਜਾਂ ਰੋਮਾਂਟਿਕ ਉਲਾਰ ਤੋਂ ਹਟ ਕੇ ਇੱਕ ਉੱਚੇ ਮਾਨਸਿਕ ਧਰਾਤਲ 'ਤੇ ਪੇਸ਼ ਕੀਤਾ ਹੈ। ਉਦਾਹਰਣ ਵਜੋਂ, *'ਨੂਰਜਹਾਂ ਆਲਮ ਦਾ ਨੂਰ'* ਕਵਿਤਾ ਵਿੱਚ ਨੂਰਜਹਾਂ ਦੀ ਸ਼ਖ਼ਸੀਅਤ ਨੂੰ ਸਾਧਾਰਨ ਇਸ਼ਕ-ਮੁਸ਼ਕ ਦੇ ਪੱਧਰ ਤੋਂ ਉੱਪਰ ਉਠਾ ਕੇ ਦੈਵੀ ਰੰਗ ਦਿੱਤਾ ਗਿਆ ਹੈ। ਇਸੇ ਤਰ੍ਹਾਂ *'ਸ਼ਾਹਜਹਾਂ'* ਕਵਿਤਾ ਵਿੱਚ ਤਾਜਮਹਿਲ ਦੇ ਨਿਰਮਾਤਾ ਦੇ ਅੰਦਰੂਨੀ ਪਿਆਰ ਦੀ ਬੁਲੰਦੀ ਨੂੰ ਵਿਸਮਾਦੀ ਰੂਪ ਵਿੱਚ ਚਿਤਰਿਆ ਗਿਆ ਹੈ।
- **ਗੁੰਮਨਾਮੀ ਅਤੇ ਸ਼ਹਾਦਤ ਦਾ ਦਰਦ:** *'ਅੱਲਾ 'ਤੇ ਰੋਸ'* ਅਤੇ *'ਕੌਮ 'ਤੇ ਸ਼ਿਕਵਾ'* ਵਰਗੀਆਂ ਕਵਿਤਾਵਾਂ ਅਤੇ ਡਾ. ਬਲਜੀਤ ਸਿੰਘ ਦੀ ਦਰਦਨਾਕ ਮੌਤ ਦੇ ਬਹਾਨੇ ਕਵੀ ਨੇ ਕੌਮ ਦੀ ਬੇਪਰਵਾਹੀ ਅਤੇ ਸੱਚੇ ਮਨੁੱਖਾਂ ਦੀ ਗੁੰਮਨਾਮੀ 'ਤੇ ਗਹਿਰਾ ਅਫ਼ਸੋਸ ਪ੍ਰਗਟ ਕੀਤਾ ਹੈ।
- **ਲੋਕ-ਰੰਗ ਅਤੇ ਸੂਫ਼ੀਆਨਾ ਤਾਲ:** ਪੁਸਤਕ ਵਿਚਲੀਆਂ ਕਵਿਤਾਵਾਂ ਜਿਵੇਂ *'ਦਿਲ ਦਰਿਆ'*, *'ਮਾਹੀ ਦੇ ਰੰਗ'* ਅਤੇ *'ਸੁੱਤੀ ਨਾਰ ਦੀ ਵੇਦਨਾ'* ਪੰਜਾਬ ਦੇ ਲੋਕ-ਸੰਗੀਤ ਅਤੇ ਸੂਫ਼ੀਆਨਾ ਰੰਗਾਂ ਵਿੱਚ ਰੰਗੀਆਂ ਹੋਈਆਂ ਹਨ, ਜੋ ਪਾਠਕ ਨੂੰ ਇੱਕ ਮਸਤੀ ਭਰੇ ਖੇੜੇ ਵੱਲ ਲੈ ਜਾਂਦੀਆਂ ਹਨ।

2. 'ਅੰਮ੍ਰਿਤ ਵੇਲਾ' (2010) - ਸੁਹਜ, ਸਨਮਾਨ ਅਤੇ ਵਿਸ਼ਵ-ਚੇਤਨਾ

ਪਰਮਵੀਰ ਸਿੰਘ ਦਾ ਇਹ ਦੂਸਰਾ ਕਾਵਿ-ਸੰਗ੍ਰਹਿ ਉਨ੍ਹਾਂ ਦੀ ਸਾਹਿਤਕ ਪ੍ਰੋੜ੍ਹਤਾ ਦਾ ਸਿਖਰ ਹੈ। ਇਸ ਪੁਸਤਕ ਨੇ ਸਾਹਿਤਕ ਹਲਕਿਆਂ ਵਿੱਚ ਬਹੁਤ ਵੱਡੀ ਹਲਚਲ ਪੈਦਾ ਕੀਤੀ। **ਇਸ ਪੁਸਤਕ ਦੀ ਸਾਹਿਤਕ ਉੱਤਮਤਾ ਸਦਕਾ ਉਨ੍ਹਾਂ ਨੂੰ 2011 ਵਿੱਚ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਵੱਲੋਂ ਵੱਕਾਰੀ 'ਯੁਵਾ ਪੁਰਸਕਾਰ' ਦਿੱਤਾ ਗਿਆ ਅਤੇ 2012 ਵਿੱਚ ਭਾਸ਼ਾ ਵਿਭਾਗ, ਪੰਜਾਬ ਵੱਲੋਂ 'ਸਰਬੋਤਮ ਪੁਸਤਕ' ਦੇ ਪੁਰਸਕਾਰ ਨਾਲ ਨਿਵਾਜਿਆ ਗਿਆ।** ਇਸ ਪੁਸਤਕ ਵਿੱਚ ਕਵੀ ਨੇ ਕੇਵਲ ਖੁੱਲ੍ਹੀ ਕਵਿਤਾ ਹੀ ਨਹੀਂ ਲਿਖੀ, ਸਗੋਂ ਪੰਜਾਬੀ ਅਤੇ ਉਰਦੂ-ਫ਼ਾਰਸੀ ਕਾਵਿ-ਪਰੰਪਰਾ ਦੇ ਕਈ ਰੂਪਾਂ ਜਿਵੇਂ—ਗੀਤ, ਗ਼ਜ਼ਲ, ਨਜ਼ਮ, ਰੁਬਾਈਆਂ, ਡਿਉਢਾਂ, ਦਵੱਈਏ ਅਤੇ ਟੱਪੇ ਦੀ ਬਹੁਤ ਹੀ ਸਫ਼ਲ ਪ੍ਰਯੋਗ ਕੀਤਾ ਹੈ। ਹਰ ਕਾਵਿ-ਰੂਪ ਵਿੱਚ ਉਨ੍ਹਾਂ ਦੀ ਪਕੜ ਬਹੁਤ ਮਜ਼ਬੂਤ ਹੈ। ਇਸ ਕਾਵਿ ਸੰਗ੍ਰਹਿ ਦੀਆਂ ਕੁਝ ਵਿਸ਼ੇਸ਼ ਰਮਜ਼ਾਂ ਧਿਆਨ ਖਿੱਚਦੀਆਂ ਹਨ :-

- **ਸਾਖੀ ਪਰੰਪਰਾ ਦਾ ਪੁਨਰ-ਸੁਰਜੀਤੀਕਰਨ:** ਪ੍ਰੋ. ਜਗਦੀਸ਼ ਸਿੰਘ ਅਨੁਸਾਰ, ਇਸ ਸੰਗ੍ਰਹਿ ਰਾਹੀਂ ਪਰਮਵੀਰ ਨੇ ਆਧੁਨਿਕ ਦੌਰ ਵਿੱਚ 'ਸਾਖੀ ਪਰੰਪਰਾ' ਨੂੰ ਮੁੜ ਸੁਰਜੀਤ ਕੀਤਾ ਹੈ। ਇਹ ਕਵਿਤਾਵਾਂ ਕੇਵਲ ਸ਼ਬਦਾਂ ਦਾ ਜਾਲ ਨਹੀਂ ਹਨ, ਸਗੋਂ ਇਹ ਪਾਠਕ ਦੇ ਅੰਦਰ ਇੱਕ ਆਤਮਿਕ ਯਾਤਰਾ ਦੀ ਸ਼ੁਰੂਆਤ ਕਰਦੀਆਂ ਹਨ।[2]
- **ਦੇਹ ਦੀ ਪਾਵਨਤਾ ਅਤੇ ਕ੍ਰਿਸ਼ਨ ਬਿੰਬ:** ਕਵੀ ਨੇ ਰਵਾਇਤੀ ਰੋਮਾਂਸਵਾਦ ਤੋਂ ਉੱਪਰ ਉੱਠ ਕੇ ਗ੍ਰਹਿਸਥ ਜੀਵਨ ਅਤੇ ਪਿਆਰ ਨੂੰ ਪਾਵਨ ਰੂਪ ਵਿੱਚ ਪੇਸ਼ ਕੀਤਾ ਹੈ। *'ਰਾਣੀ ਦੇ ਰਾਜਾ ਜੀ'*, *'ਗੋਰੀਏ ਨੀ'* ਅਤੇ *'ਪੂਰਨ ਦੇ ਦਰਸ਼ਨਾਂ ਪਿੱਛੋਂ ਸੁੰਦਰਾਂ ਦੇ ਮਨੋਵੇਗ'* ਵਰਗੀਆਂ ਰਚਨਾਵਾਂ ਵਿੱਚ ਦੇਹ ਦੇ ਸੁਹਜ ਦੇ ਨਾਲ-ਨਾਲ ਇੱਕ ਅਧਿਆਤਮਿਕ ਜ਼ਬਤ ਵੀ ਦਿਖਾਈ ਦਿੰਦਾ ਹੈ। ਉਨ੍ਹਾਂ ਨੇ ਕ੍ਰਿਸ਼ਨ ਅਤੇ ਰਾਧਾ ਦੇ ਬਿੰਬ ਰਾਹੀਂ ਪਿਆਰ ਦੀ ਬ੍ਰਹਮੰਡੀ ਸੁਰ ਨੂੰ ਉਜਾਗਰ ਕੀਤਾ ਹੈ।
- **ਵਿਗਿਆਨ ਅਤੇ ਵਿਸਮਾਦ ਦਾ ਮੇਲ:** ਆਮ ਤੌਰ 'ਤੇ ਵਿਗਿਆਨ ਅਤੇ ਕਵਿਤਾ ਨੂੰ ਵੱਖਰਾ ਮੰਨਿਆ ਜਾਂਦਾ ਹੈ, ਪਰ ਇੱਕ ਹਿਸਾਬ ਦੇ ਅਧਿਆਪਕ ਹੋਣ ਦੇ ਨਾਤੇ ਪਰਮਵੀਰ ਨੇ ਇਸ ਦਾ ਬਹੁਤ ਖ਼ੂਬਸੂਰਤ ਸੁਮੇਲ ਕੀਤਾ। ਸੁਨੀਤਾ ਵਿਲੀਅਮ ਦੀ ਪੁਲਾੜ ਯਾਤਰਾ ਤੋਂ ਪ੍ਰਭਾਵਿਤ ਹੋ ਕੇ ਲਿਖੀ ਕਵਿਤਾ *'ਮੈਂ ਤੇ ਗਈ ਸਾਂ ਤਾਰਿਆਂ ਦੀ ਆਵਾਜ਼ ਸੁਣਨ'* ਵਿਗਿਆਨਕ ਪ੍ਰਾਪਤੀ ਨੂੰ ਕਾਇਨਾਤ ਦੇ ਦੈਵੀ ਨਿਯਮ ਨਾਲ ਜੋੜ ਕੇ ਪੇਸ਼ ਕਰਦੀ ਹੈ।

- **ਦੁਖਾਂਤ ਅਤੇ ਮਾਨਵਵਾਦੀ ਸੁਰ:** ਕਵੀ ਕੇਵਲ ਅੰਤਰਮੁਖੀ ਨਹੀਂ ਹੈ, ਉਸਦੀ ਚੇਤਨਾ ਵਿਸ਼ਵ-ਵਿਆਪੀ ਦਰਦ ਨਾਲ ਵੀ ਜੁੜੀ ਹੋਈ ਹੈ। 1984 ਦੇ ਦਿੱਲੀ ਦੰਗੇ, ਗੁਜਰਾਤ ਦਾ ਦੁਖਾਂਤ, ਅਤੇ ਇਰਾਕ ਵਿੱਚ ਹੋਈ ਖ਼ੂਨ-ਖ਼ਰਾਬੇ ਦੀ ਤ੍ਰਾਸਦੀ ਨੂੰ ਕਵੀ ਨੇ ਵਿੱਚ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਚਿਤਰਿਆ ਹੈ।

ਪੰਖੀ' (2021) - ਪਰਵਾਸ ਸੰਵੇਦਨਾ ਅਤੇ ਹੋਂਦ ਦਾ ਸੰਕਟ

ਪਰਮਵੀਰ ਸਿੰਘ ਦੀ ਤੀਜੀ ਕਾਵਿ-ਪੁਸਤਕ 'ਪੰਖੀ' ਸੰਨ 2021 ਵਿੱਚ 'ਸਿੰਘ ਬ੍ਰਦਰਜ਼, ਅੰਮ੍ਰਿਤਸਰ' ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਪਰਮਵੀਰ ਸਿੰਘ ਦੇ ਕਾਵਿ-ਸਫ਼ਰ ਵਿੱਚ ਇੱਕ ਮਹੱਤਵਪੂਰਨ ਮੋੜ ਸਾਬਤ ਹੁੰਦੀ ਹੈ। ਜਿੱਥੇ ਉਨ੍ਹਾਂ ਦੀਆਂ ਪਹਿਲੀਆਂ ਪੁਸਤਕਾਂ ਵਿੱਚ ਅਧਿਆਤਮਿਕਤਾ, ਵਿਸਮਾਦ ਅਤੇ ਲੋਕ-ਸੁਹਜ ਦੇ ਰੰਗ ਵਧੇਰੇ ਸਨ, ਉੱਥੇ 'ਪੰਖੀ' ਪੁਸਤਕ ਰਾਹੀਂ ਉਨ੍ਹਾਂ ਦੀ ਕਾਵਿ-ਸੰਵੇਦਨਾ ਦਾ ਦੂਜਾ ਪਾਸਾ ਅਰਥਾਤ ਪਰਵਾਸ ਦਾ ਅਨੁਭਵ, ਵਤਨ ਦਾ ਹੇਰਵਾ ਅਤੇ ਪਰਵਾਸੀ ਮਨੁੱਖ ਦੀ ਹੋਂਦ ਦਾ ਸੰਕਟ—ਪੂਰੀ ਗੰਭੀਰਤਾ ਨਾਲ ਉੱਭਰ ਕੇ ਸਾਹਮਣੇ ਆਉਂਦਾ ਹੈ। 'ਪੰਖੀ' ਸ਼ਬਦ ਆਪ ਇੱਕ ਅਜਿਹੇ ਜੀਵ ਦਾ ਪ੍ਰਤੀਕ ਹੈ ਜੋ ਰੋਜ਼ੀ-ਰੋਟੀ ਜਾਂ ਹੋਰ ਲੋੜਾਂ ਲਈ ਆਪਣੇ ਮੂਲ ਆਲ੍ਹਣੇ (ਵਤਨ) ਤੋਂ ਉੱਡ ਕੇ ਬੇਗਾਨੀ ਧਰਤੀ 'ਤੇ ਜਾਂਦਾ ਹੈ, ਪਰ ਉਸ ਦਾ ਮਨ ਸਦਾ ਆਪਣੇ ਦੇਸ ਦੀ ਮਿੱਟੀ ਵੱਲ ਹੀ ਖਿੱਚਿਆ ਰਹਿੰਦਾ ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਪਰਵਾਸੀ ਮਨੁੱਖ ਦੇ ਦੋਹਰੇ ਜੀਵਨ, ਸੱਭਿਆਚਾਰਕ ਟਕਰਾਅ ਅਤੇ ਅੰਦਰੂਨੀ ਇਕਾਂਤ ਦੀਆਂ ਬਾਰੀਕ ਪਰਤਾਂ ਨੂੰ ਫੋਲਦੀਆਂ ਹਨ। ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਪਰਮਵੀਰ ਸਿੰਘ ਇੱਕ ਅਜਿਹਾ ਪ੍ਰਮੁੱਖ ਨਾਮ ਹੈ, ਜਿਸ ਨੇ ਆਪਣੇ ਵੱਖਰੇ ਦ੍ਰਿਸ਼ਟੀਕੋਣ ਅਤੇ ਅਨੁਭਵ ਰਾਹੀਂ ਸਾਹਿਤ ਜਗਤ ਵਿੱਚ ਇੱਕ ਵਿਲੱਖਣ ਪਛਾਣ ਬਣਾਈ ਹੈ। ਉਸ ਦੀ ਆਮਦ ਨਾਲ ਪੰਜਾਬੀ ਕਵਿਤਾ ਰੂਪਕ ਅਤੇ ਵਿਸ਼ੇਗਤ ਦੋਹਾਂ ਪੱਖਾਂ ਤੋਂ ਵਿਕਾਸ ਕਰਦੀ ਹੈ। ਉਹ 21ਵੀਂ ਸਦੀ ਦੇ ਮੁੱਢ ਵਿੱਚ ਹੀ ਪੰਜਾਬੀ ਕਾਵਿ ਦੇ ਅਸਮਾਨ 'ਤੇ ਇੱਕ ਚਮਕਦੇ ਸਿਤਾਰੇ ਵਾਂਗ ਉੱਭਰਿਆ, ਜਿਸ ਨੇ ਪੰਜਾਬੀ ਸਾਹਿਤ ਵਿੱਚ ਆਈ ਗੁਣਾਤਮਕ ਖੜੋਤ ਨੂੰ ਤੋੜਨ ਦਾ ਸਾਹਸ ਕੀਤਾ। ਪਰਮਵੀਰ ਦਾ ਕਾਵਿ-ਮੁਹਾਵਰਾ ਆਧੁਨਿਕ ਕਵਿਤਾ ਦੀਆਂ ਪ੍ਰਵਿਰਤੀਆਂ ਦੀ ਵਿਚਾਰਧਾਰਾਈ ਨਿਸ਼ਚਿਤਤਾ ਅਤੇ ਕੈਦ ਤੋਂ ਪੂਰੀ ਤਰ੍ਹਾਂ ਮੁਕਤ ਹੈ। ਉਸ ਨੇ ਆਪਣੇ ਆਪ ਨੂੰ ਕਿਸੇ ਇੱਕ ਖਾਸ ਵਾਦ, ਲਹਿਰ ਜਾਂ ਰਾਜਨੀਤਿਕ ਚੌਖਟੇ ਨਾਲ ਬੰਨ੍ਹ ਕੇ ਨਹੀਂ ਰੱਖਿਆ। ਉਸ ਦੀ ਸੋਚ ਸੁਤੰਤਰ ਵਿਚਾਰਾਂ ਦੀ ਧਾਰਨੀ ਹੈ, ਜੋ ਉਸ ਦੀ ਕਾਵਿ-ਦ੍ਰਿਸ਼ਟੀ ਨੂੰ ਵਿਸ਼ਾਲਤਾ ਪ੍ਰਦਾਨ ਕਰਦੀ ਹੈ। ਉਹ ਖੁਦ ਇੱਕ ਇੰਟਰਵਿਊ ਵਿੱਚ ਸਪੱਸ਼ਟ ਕਰਦਾ ਹੈ ਕਿ ਮੈਂ ਆਪਣੇ ਆਪ ਨੂੰ ਕਿਸੇ ਵੀ ਇੱਕ ਫੀਲਡ ਨਾਲ ਕੰਸਟੈਂਟ ਨੀ ਕੀਤਾ... ਤੁਹਾਡੇ ਜੀਵਨ ਦੇ ਹਰ ਪੱਖ ਵਿੱਚ ਸੱਚ ਹੋਣਾ ਚਾਹੀਦਾ। ਏਸੇ ਤਰ੍ਹਾਂ ਤੁਹਾਨੂੰ ਜੋ ਚੀਜ਼ ਖਿੱਚਦੀ ਆ, ਆਕਰਸ਼ਿਤ ਕਰਦੀ ਆ ਉਸ ਉੱਤੇ ਲਿਖਣਾ ਚਾਹੀਦਾ... ਤੁਸੀਂ ਕਿਸੇ ਨਿੱਕੇ ਜਿਹੇ ਬੱਚੇ ਦੀ ਮੁਸਕੜੀ ਉੱਤੇ ਵੀ ਲਿਖ ਸਕਦੇ ਹੋ।[3]

ਉਸ ਦਾ ਕਾਵਿ-ਸੰਗ੍ਰਹਿ **'ਅੰਮ੍ਰਿਤ ਵੇਲਾ'** ਪੂਰਬੀ ਕਵਿਤਾ ਦੀ ਆਤਮਾ ਨਾਲ ਇੱਕਸੁਰ ਹੈ। ਪੂਰਬੀ ਕਾਵਿ-ਦ੍ਰਿਸ਼ਟੀ ਅਨੁਸਾਰ ਦੇਹ ਅਤੇ ਮਨ ਦੇ ਬਾਹਰਮੁਖੀ ਫੈਲਾਵਾਂ ਦੀ ਬਜਾਇ ਮਨੁੱਖ ਦਾ ਆਤਮਿਕ ਵਜੂਦ ਵਧੇਰੇ ਮਹੱਤਵ ਰੱਖਦਾ ਹੈ। ਭਾਰਤੀ ਕਲਾਸੀਕਲ ਪਰੰਪਰਾ ਵਿੱਚ ਆਤਮਾ, ਮਨ ਅਤੇ ਦੇਹ ਦੀ ਸੰਯੁਕਤੀ ਵਾਲੇ ਸੁਹਜ ਨੂੰ ਹੀ ਪ੍ਰਵਾਨਗੀ ਮਿਲੀ ਹੈ। 'ਅੰਮ੍ਰਿਤ ਵੇਲਾ' ਦੇ ਆਉਣ ਨਾਲ ਪੰਜਾਬੀ ਭਾਸ਼ਾ ਦੇ ਸਿਰਜਣਾਤਮਕ ਚਿੱਤਰਪੱਟ 'ਤੇ ਇਸੇ ਕਲਾਸੀਕਲ ਕਾਵਿ-ਪਰੰਪਰਾ ਦੇ ਰੰਗ ਮੁੜ ਉਜਾਗਰ ਹੋਏ ਹਨ। ਉਹ ਸ਼ਬਦ ਦੇ ਬ੍ਰਹਿਮੰਡੀ ਸਰੂਪ, ਸਾਖੀ ਅਤੇ ਮਿੱਥ ਦੀਆਂ ਰਹੱਸਮਈ ਰਮਜ਼ਾਂ, ਸੂਫ਼ੀ ਤੇ ਕਿੱਸਾ ਕਾਵਿ ਦੇ ਪਾਸਾਰਾਂ ਅਤੇ ਲੋਕਧਾਰਾ ਦੇ ਸੁਹਜ ਨੂੰ ਆਪਣੀ ਕਵਿਤਾ ਦਾ ਧੁਰਾ ਬਣਾਉਂਦਾ ਹੈ। ਪਰਮਵੀਰ ਸਿੰਘ ਦੀ ਕਵਿਤਾ ਬਹੁ-ਪੱਖੀ ਅਤੇ ਬਹੁ-ਦਿਸਾਵੀਂ ਸੰਵੇਦਨਾ ਨਾਲ ਲਬਰੇਜ਼ ਹੈ। ਉਸ ਦੀ ਕਾਵਿ ਰਚਨਾ ਦੇ ਅਧਿਐਨ ਤੋਂ ਬਾਅਦ ਉਸ ਦੀ ਕਾਵਿ-ਸੰਵੇਦਨਾ ਦੇ ਨਿਮਨ ਸਰੋਕਾਰ ਪ੍ਰਮੁੱਖ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੇ ਹਨ:

ਵਿਸ਼ਵ-ਵਿਆਪੀ ਸਾਂਝ ਅਤੇ ਬ੍ਰਹਿਮੰਡੀ ਇਕਸੁਰਤਾ

ਪਰਮਵੀਰ ਦੀ ਕਵਿਤਾ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਸੰਸਾਰ ਦੇ ਹਰ ਵਰਤਾਰੇ ਨੂੰ ਵਿਸ਼ਵ-ਵਿਆਪੀ ਸਮੱਗਰ ਅਨੁਭਵ ਰਾਹੀਂ ਦੇਖਦਾ ਹੈ। ਉਸ ਦੀ ਸੰਵੇਦਨਾ ਕਿਸੇ ਖਾਸ ਭੂਗੋਲਿਕ ਖੇਤਰ ਜਾਂ ਸਥੂਲ ਹਿੱਸੇ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਸਮੁੱਚੀ ਧਰਤੀ ਦੀ ਇਕਮਿਕਤਾ ਉਸ ਦੀ ਰਚਨਾ ਵਿੱਚ ਹਲੂਲ ਹੋਈ ਮਿਲਦੀ ਹੈ। ਉਸ ਨੂੰ ਸੰਸਾਰ ਦੀਆਂ ਸਾਰੀਆਂ ਧਰਤੀਆਂ ਆਪਣੀਆਂ ਹੀ ਜਾਪਦੀਆਂ ਹਨ ਅਤੇ ਉਹ ਮਾਤ-ਭੂਮੀ ’ਤੇ ਵਿਦੇਸ਼ ਦੀ ਧਰਤੀ ਵਿੱਚ ਕੋਈ ਨਸਲੀ ਵਿਤਕਰਾ ਨਹੀਂ ਮੰਨਦਾ। ਉਹ ਕਹਿੰਦਾ ਹੈ ਕਿ ਜਿੱਥੇ ਆਪਾਂ ਰਹਿ ਰਹੇ ਹਾਂ, ਉਹ ਧਰਤੀ ਵੀ ਆਪਣੀ ਹੈ। ਸਾਨੂੰ ਆਪਣੀ ਧਰਤੀ ਦੇ ਸਰੋਂ ਦੇ ਫੁੱਲ ਦਾ ਆਨੰਦ ਵੀ ਲੈਣਾ ਚਾਹੀਦਾ ਹੈ, ਪਰ ਵਿਦੇਸ਼ੀ ਧਰਤੀ ਦਾ 'ਮੈਪਲ ਟ੍ਰੀ' ਵੀ ਸਾਨੂੰ ਆਪਣੇ ਨੇੜੇ ਹੀ ਪ੍ਰਤੀਤ ਹੋਣਾ ਚਾਹੀਦਾ ਹੈ। ਉਸ ਦੀਆਂ ਕਵਿਤਾਵਾਂ ਜਿਵੇਂ *'ਮੁਲਤਾਨੋਂ ਹਨੇਰੀਆਂ', 'ਬ੍ਰਜ ਦੀ ਧਰਤੀ', 'ਧਰਤ ਸੁਹਾਗਣ', 'ਤਟ ਜਮੁਨਾ ਦੇ'* ਆਦਿ ਵਿੱਚ ਸਮੁੱਚੀ ਧਰਤੀ ਦੀ ਸਾਂਝੀ ਇਕਸੁਰਤਾ ਦਾ ਰਾਗ ਸੁਣਾਈ ਦਿੰਦਾ ਹੈ। ਉਹ ਪੰਜਾਬ ਅਤੇ ਬ੍ਰਜ ਦੀ ਧਰਤੀ ਨੂੰ ਵੱਖਰਾ ਨਹੀਂ ਦੇਖਦਾ:

ਉੱਠੀਆਂ ਚੰਨਾਂ ਵੇ ਮੁਲਤਾਨੋਂ ਹਨੇਰੀਆਂ
ਝੁਕੀਆਂ ਚੰਨਾਂ, ਰੜੇ ਕੱਲਰਾਂ ’ਚ ਬੇਰੀਆਂ।
ਸੁਹਲ ਮੇਰੀ ਜਿੰਦੜੀ ਪੈਰੀਂ ਮੇਰੇ ਰੋੜ ਵੇ
ਨੈਣੀਂ ਮੇਰੇ ਸੱਧਰਾਂ ਚਾਵਾਂ ਦੀ ਵਰੋਲ ਵੇ। (ਅੰਮ੍ਰਿਤ ਵੇਲਾ ਪੰਨਾ 59)

ਇਸੇ ਤਰ੍ਹਾਂ ਉਹ ਬ੍ਰਜ ਦੀ ਪਵਿੱਤਰ ਧਰਤੀ ਦਾ ਗਾਇਨ ਕਰਦਾ ਹੈ:

ਬ੍ਰਜ ਦੀ ਧਰਤੀ, ਉੱਚੀ ਧਰਤੀ
ਜੜੀਆਂ ਵਿਚ ਤਸਵੀਰਾਂ
ਨਿਰਮਲ ਨੀਰਾਂ,
ਰੰਗ ਚੜ੍ਹੇ ਗੁਲਜ਼ਾਰ ਦੇ ਤਾਈਂ
ਇਹ ਰੰਗ ਛੂਹਣ ਅਖੀਰਾਂ
ਕਹਿਣ ਸ਼ਮੀਰਾਂ। (ਅੰਮ੍ਰਿਤ ਵੇਲਾ ਪੰਨਾ 61)

ਕਵੀ ਨੇ ਵਿਗਿਆਨ ਅੰਦਰਲੇ ਵਿਸਮਾਦ ਨੂੰ ਵੀ ਕਾਇਨਾਤ ਦੇ ਸਾਂਝੇ ਨੇਮ ਨਾਲ ਜੋੜਿਆ ਹੈ। ਜਦੋਂ ਉਹ ਸੁਨੀਤਾ ਵਿਲੀਅਮ ਦੀ ਪੁਲਾੜ ਯਾਤਰਾ 'ਤੇ *'ਮੈਂ ਤੇ ਗਈ ਸਾਂ ਤਾਰਿਆਂ ਦੀ ਆਵਾਜ਼ ਸੁਣਨ'* ਕਵਿਤਾ ਲਿਖਦਾ ਹੈ, ਤਾਂ ਆਕਾਸ਼ ਅਤੇ ਪਤਾਲ ਦੀਆਂ ਅਕਹਿ ਦੂਰੀਆਂ ਨੂੰ ਇੱਕ ਸਾਂਝੇ ਬ੍ਰਹਿਮੰਡੀ ਸੰਗੀਤ ਵਿੱਚ ਬੰਨ੍ਹ ਦਿੰਦਾ ਹੈ:

"ਧਰਤੀਆਂ ਦੇ ਸੁਪਨੇ ਆਕਾਸ਼ ਦੀ ਅੱਖ ਵਿਚ ਰੰਗੀਨੀ ਨਾਲ ਸਮਾਏ ਵਿਸਮਾਦ ਦਾ ਗੀਤ ਗਾ ਰਹੇ ਹਨ...
ਪਰ ਇਹ ਜੁੜੀਆਂ ਕੁਲ ਕਾਇਨਾਤ ਦਾ ਕੋਈ ਇਕ ਨੇਮ
ਕੋਈ ਇਕ ਗਉਣ ਕੋਈ ਇਕ ਝੂਮ ਕੋਈ ਇਕ ਮਾਹੀ
ਜਿਸ ਦੀ ਬੰਦਨਾ 'ਚ ਜੁੜਿਆ ਇਹ ਕੁਲ ਨਾਰੀ ਸਰੂਪ..."

ਸ਼ਬਦ ਸਭਿਅਤਾ ਦੀ ਵਿਸ਼ਵ-ਵਿਆਪੀ ਸਾਂਝ ਦੇ ਨਕਸ਼ (ਅੰਮ੍ਰਿਤ ਵੇਲਾ ਪੰਨਾ 155)

ਪਰਮਵੀਰ ਦੀ ਕਾਵਿ-ਚੇਤਨਾ ਵਿੱਚ ਸ਼ਬਦ-ਸਭਿਅਤਾ ਦੀ ਸਰਬ-ਸਾਂਝੀ ਸੁਰ ਗੂੰਜਦੀ ਹੈ। ਉਸ ਦੇ ਅਨੁਭਵ ਵਿੱਚ ਰਾਮ ਚੰਦਰ ਜੀ ਦਾ ਮਰਯਾਦਾ ਪੁਰਸ਼ੋਤਮ ਰੂਪ, ਸ੍ਰੀ ਕ੍ਰਿਸ਼ਨ ਦੀ ਲੀਲਾ, ਮੀਰਾ ਬਾਈ ਦੀ ਬੈਰਾਗੀ ਭਗਤੀ ਅਤੇ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦਾ ਤਾਲ ਇੱਕੋ ਰੂਪ ਵਿੱਚ ਪ੍ਰਵਾਹਮਾਨ ਹੈ। ਕਵੀ ਆਪ ਭਾਵੇਂ ਸਿੱਖ ਧਰਮ ਵਿੱਚ ਪੂਰਨ ਆਸਥਾ ਰੱਖਦਾ ਹੈ, ਪਰ ਉਸ ਦਾ ਸੰਵੇਦਨਸ਼ੀਲ ਮਨ ਸਾਰੇ ਧਰਮਾਂ, ਪੀਰਾਂ-ਪੈਗੰਬਰਾਂ ਪ੍ਰਤੀ ਆਦਰ ਅਤੇ ਭਾਵੁਕ ਸਾਂਝ ਨਾਲ ਭਰਿਆ ਹੋਇਆ ਹੈ। ਉਸ ਦੀਆਂ ਕਵਿਤਾਵਾਂ ਇੱਕ ਅਜਿਹੀ ਵਿਸ਼ਾਲ ਚਰਾਗਾਹ ਵਰਗੀਆਂ ਹਨ ਜਿੱਥੇ ਨਨਕਾਣੇ ਦੀਆਂ ਮਹੀਆਂ (ਮੱਝਾਂ) ਅਤੇ ਬ੍ਰਜ ਦੀਆਂ ਗਊਆਂ ਇੱਕਠੀਆਂ ਚਰਦੀਆਂ ਹਨ। ਉਹ ਗੁਰੂ ਨਾਨਕ ਦੇਵ ਜੀ ਦੀ ਰਬਾਬ ਦੀ ਮਿਠਾਸ ਨੂੰ ਅਰਬ ਦੇ ਦੇਸ਼ ਤੱਕ ਫੈਲਦੀ ਦੇਖਦਾ ਹੈ, ਜਿੱਥੇ ਖਜੂਰਾਂ ਵਿੱਚ ਮਿੱਠਾ ਰਸ ਸੰਚਾਰਿਤ ਹੁੰਦਾ ਹੈ:

ਵੱਜੀ ਏ ਰਬਾਬ ਕੋਈ ਅਰਬਾਂ ਦੇ ਦੇਸ਼ ਵਿਚ

ਐਵੇਂ ਨਹੀਓ ਰਸੀਆਂ ਖਜੂਰਾਂ ਬਹੁੰ ਪਿਆਰੀਆਂ

ਉੱਡਿਆ ਏ ਪੰਛੀ ਕੋਈ ਪ੍ਰੀਤ ਦਾ ਪੈਗ਼ਾਮ ਲੈ ਕੇ

ਬਾਬਲ ਨੇ ਘੱਲੀਆਂ ਜੋ ਵੰਡਦਾ ਖ਼ੁਮਾਰੀਆਂ। (ਅੰਮ੍ਰਿਤ ਵੇਲਾ ਪੰਨਾ 83)

ਉਹ ਗੁਰੂ ਅਤੇ ਨਬੀ, ਰਬਾਬ ਅਤੇ ਵੀਣਾ, ਨਨਕਾਣਾ ਅਤੇ ਗੋਕਲ ਨੂੰ ਇੱਕੋ ਆਤਮਿਕ ਧਰਾਤਲ 'ਤੇ ਲਿਆ ਕੇ ਖੜ੍ਹਾ ਕਰਦਾ ਹੈ, ਜੋ ਸਮਕਾਲੀ ਸੰਸਾਰ ਵਿੱਚ ਕੱਟੜਤਾ ਨੂੰ ਖ਼ਤਮ ਕਰਕੇ ਵਿਸ਼ਵ-ਸ਼ਾਂਤੀ ਅਤੇ ਸਾਂਝੀਵਾਲਤਾ ਦਾ ਸਭ ਤੋਂ ਵੱਡਾ ਸੁਨੇਹਾ ਹੈ।

ਵਿਸ਼ਵ ਸੱਭਿਆਚਾਰ ਦੇ ਸਾਂਝੇ ਕੇਂਦਰ ਦੀ ਤਲਾਸ਼

ਪਰਮਵੀਰ ਸਿੰਘ ਆਪਣੇ ਕਾਵਿ ਰਾਹੀਂ ਕਿਸੇ ਇੱਕ ਖਾਸ ਖੇਤਰੀ ਸੱਭਿਆਚਾਰ ਦੀ ਵਕਾਲਤ ਨਹੀਂ ਕਰਦਾ, ਸਗੋਂ ਉਹ ਵੱਖ-ਵੱਖ ਸੰਸਕ੍ਰਿਤੀਆਂ ਵਿੱਚੋਂ ਸਫ਼ਰ ਕਰਦਾ ਹੋਇਆ 'ਵਿਸ਼ਵ ਸੱਭਿਆਚਾਰ ਦੇ ਸਾਂਝੇ ਕੇਂਦਰ' ਦੀ ਤਲਾਸ਼ ਕਰਦਾ ਹੈ। ਉਸ ਦੀ ਕਾਵਿ-ਦ੍ਰਿਸ਼ਟੀ ਬਹੁਤ ਵਿਸ਼ਾਲ ਹੈ, ਜੋ ਵੱਖ-ਵੱਖ ਸਭਿਅਤਾਵਾਂ ਦੇ ਸਾਂਝੇ ਮੂਲ ਅਤੇ ਧੁਨ ਨੂੰ ਪਛਾਣਦੀ ਹੈ। ਉਸ ਦੀਆਂ ਸਤਰਾਂ ਵਿੱਚ ਜਿੱਥੇ ਰਘੂਬੀਰ (ਸ੍ਰੀ ਰਾਮ) ਅਤੇ ਭਰਤ ਦੇ ਭਰਾਤਰੀ ਪ੍ਰੇਮ ਅਤੇ ਤਿਆਗ ਦੀ ਬਾਤ ਹੈ, ਉੱਥੇ ਹੀ ਇਰਾਕ ਵਰਗੇ ਦੇਸ਼ਾਂ 'ਤੇ ਛਾਏ ਯੁੱਧ ਦੇ ਬੱਦਲਾਂ ਅਤੇ ਮੁਸਲਮਾਨਾਂ ਦੀ ਪੀੜ ਦਾ ਵਰਣਨ ਵੀ ਹੈ:

ਸਤਿਗੁਰ ਨੀਲਾ ਫਰਿਆ, ਤੂ ਬਾਗ਼ ਉਜਾੜੇ

ਕੱਚੀ ਨੀਂਦਰ ਬਾਲ ਦੇ, ਲੱਖ ਖ਼ਾਬ ਉਜਾੜੇ।

ਰਘੂਬੀਰ ਦੇ ਬੋਲ ਨੂੰ, ਕਿੰਝ ਭੁੱਲਣ ਰਾਵ੍ਹਾਂ

ਭਰਤ ਸਿੰਗਾਹਸਣ ਵੱਸਦੇ ਨੇ, ਨਾਲ ਖੜਾਵਾਂ। (ਅੰਮ੍ਰਿਤ ਵੇਲਾ ਪੰਨਾ 123)

ਅਤੇ ਦੂਜੇ ਪਾਸੇ:

ਬੱਦਲ ਘਣੇ ਇਰਾਕ ’ਤੇ ਛਾਏ, ਮੁਸਲਮਾਨ ਵੀ ਰੱਬ ਦੇ ਜਾਏ।

ਲੋਥਾਂ ਕੀਤੇ ਮੈਲੇ ਪਾਣੀ ਇਹ ਡਾਢੀ ਬੇਦਰਦ ਕਹਾਣੀ।

ਇਹਨਾਂ ਚੁੱਪ ਯਸੂ ਦੀ ਰੋਲ਼ੀ, ਇਨ੍ਹਾਂ ਧਰਤੀ ਕੀਤੀ ਬੋਲ਼ੀ।

ਏਥੇ ਸਨ, ਨਬੀ ਦੀ ਪੈੜਾਂ, ਏਥੇ ਸਨ, ਗੁਰੂ ਦੀਆਂ ਖੈਰਾਂ।

ਖਿੜਨ ਦਿਓ ਰੰਗ ਵੰਨ ਸੁਵੰਨੇ, ਨਾਨਕ ਫਿਰਿਆ ਬੰਨੇ ਬੰਨੇ। (ਅੰਮ੍ਰਿਤ ਵੇਲਾ ਪੰਨਾ129)

ਇਸ ਪ੍ਰਕਾਰ, ਉਹ ਸੰਸਾਰ ਦੇ ਉਲਝੇ ਹੋਏ ਮਸਲਿਆਂ ਨੂੰ ਸੱਭਿਆਚਾਰਕ ਅਤੇ ਆਤਮਿਕ ਸਾਂਝ ਰਾਹੀਂ ਸੁਲਝਾਉਣ ਦਾ ਯਤਨ ਕਰਦਾ ਹੈ।

ਦੈਵੀ ਰੁਮਾਂਸ ਅਤੇ ਸਵੱਛ ਪ੍ਰੇਮ ਦਾ ਸੰਕਲਪ

ਅਜੋਕੇ ਦੌਰ ਵਿੱਚ ਜਿੱਥੇ ਕਵਿਤਾ ਵਿੱਚ ਪ੍ਰੇਮ ਨੂੰ ਕੇਵਲ ਸਰੀਰਕ (ਪਾਸ਼ਵਿਕ) ਪੱਧਰ 'ਤੇ ਗਾਇਆ ਜਾ ਰਿਹਾ ਹੈ, ਉੱਥੇ ਪਰਮਵੀਰ ਸਿੰਘ ਨੇ 'ਅੰਮ੍ਰਿਤ ਵੇਲਾ' ਵਿੱਚ ਪ੍ਰੇਮ ਦੇ ਸ਼ੁੱਧ, ਪਵਿੱਤਰ ਅਤੇ 'ਦੈਵੀ ਰੁਮਾਂਸ' ਦੇ ਸੰਕਲਪ ਨੂੰ ਮੁੜ ਸੁਰਜੀਤ ਕੀਤਾ ਹੈ। ਉਸ ਦੀ ਸਿਰਜਣਾਤਮਕ ਕਲਪਨਾ ਨੇ ਭਾਰਤੀ ਪਰੰਪਰਾ ਦੇ ਮਹਾਨ ਪ੍ਰੇਮ ਚਿਹਨ 'ਰਾਧਾ-ਕ੍ਰਿਸ਼ਨ' ਦੇ ਅਮਰ ਪ੍ਰੇਮ ਨੂੰ ਪੰਜਾਬੀ ਕਾਵਿ-ਭਾਸ਼ਾ ਦਾ ਅੰਗ ਬਣਾਇਆ ਹੈ। ਭਗਤੀ ਅਤੇ ਸੂਫ਼ੀ ਕਾਵਿ ਵਾਂਗ, ਉਸ ਦੀ ਕਵਿਤਾ ਵਿੱਚ ਬ੍ਰਜ ਭਾਸ਼ਾ ਦਾ ਰਸ ਘੁਲਿਆ ਹੋਇਆ ਹੈ। ਉਸ ਦੀ ਨਜ਼ਰ ਵਿੱਚ ਸੱਚਾ ਪ੍ਰੇਮ ਸਾਰੇ ਧਰਮਾਂ, ਜਾਤਾਂ ਅਤੇ ਸਰੀਰਕ ਬੰਧਨਾਂ ਦੀਆਂ ਸੀਮਾਵਾਂ ਨੂੰ ਨਕਾਰਦਾ ਹੋਇਆ ਆਤਮਿਕ ਸੰਪੂਰਨਤਾ ਦਾ ਸੱਦਾ ਦਿੰਦਾ ਹੈ। ਰਾਧਾ ਦੇ ਹਿਰਦੇ ਵਿੱਚ ਕ੍ਰਿਸ਼ਨ (ਕੇਸ਼ਵ) ਦੇ ਚਰਨਾਂ ਦਾ ਵਾਸਾ ਹੀ ਸੱਚੀ ਪ੍ਰੀਤ ਦੀ ਪ੍ਰਾਪਤੀ ਹੈ:

ਢਲ ਰਹੀ ਏ ਸ਼ਾਮ, ਗੋਕਲ ਧਾਮ

ਜਾਂਦੇ ਘਾਮ, ਗੂੰਜ ਰਿਹਾ ਏ ਨਾਮ

ਗੋਪੀ ਕਾਨ੍ਹ, ਰਾਧੇ ਸ਼ਾਮ। (ਅੰਮ੍ਰਿਤ ਵੇਲਾ ਪੰਨਾ 61)

ਉਹ ਬ੍ਰਿੰਦਾਵਣ ਦੇ ਪ੍ਰੇਮ ਨੂੰ ਇੱਕ 'ਆਦਿ-ਜੁਗਾਦੀ ਸੱਚ' ਦੇ ਪ੍ਰਤੀਕ ਵਜੋਂ ਮਿੱਥਦਾ ਹੈ, ਜੋ ਜੁਗਾਂ-ਜੁਗਾਂ ਤੱਕ ਅਮਰ ਰਹਿੰਦਾ ਹੈ:

ਚੰਨ ਅੰਬਰ ਸੋਂਹਦਾ ਸੱਚ ਵੇ ਇਕ ਨੱਚੇ ਜਮੁਨਾ ਤੱਟ ਵੇ।

ਕੁਝ ਦੂਰ ਹੈ ਪਰ ਨੂਰ ਹੈ ਹਰ ਜਲਵਾ ਅੰਤਿਮ ਸੱਚ ਵੇ।

ਨਾ ਡੋਲਦੀ ਨਾ ਬੋਲਦੀ ਜੋ ਗਈ ਛਵੀ ਵਿਚ ਰਚ ਵੇ।

ਜੋ ਬ੍ਰਿੰਦਾਵਣ ਦਾ ਸੱਚ ਵੇ ਉਹ ਆਦਿ ਜੁਗਾਦੀ ਸੱਚ ਵੇ। (ਅੰਮ੍ਰਿਤ ਵੇਲਾ ਪੰਨਾ 217)

ਮਨੁੱਖਤਾ ਦੇ ਦੁਖਾਂਤ ਅਤੇ ਕੁਦਰਤ ਦੇ ਉਜਾੜੇ ਦੀ ਸਾਂਝੀ ਵੇਦਨਾ

ਪਰਮਵੀਰ ਦੀ ਸੰਵੇਦਨਸ਼ੀਲਤਾ ਕੇਵਲ ਅਧਿਆਤਮਕ ਖੇੜੇ ਤੱਕ ਸੀਮਤ ਨਹੀਂ ਹੈ, ਉਹ ਸਮਕਾਲੀ ਇਤਿਹਾਸ ਦੇ ਘੋਰ ਮਾਨਵੀ ਦੁਖਾਂਤਾਂ ਪ੍ਰਤੀ ਵੀ ਬਰਾਬਰ ਜਾਗਰੂਕ ਹੈ। ਉਸ ਦੀ ਲੰਮੀ ਨਜ਼ਮ **'ਇਕ ਹਉਕਾ'** ਮਨੁੱਖਤਾ ਦੇ ਦੁਖਾਂਤ ਦੀ ਸਾਂਝੀ ਵੇਦਨਾ ਦਾ ਸਭ ਤੋਂ ਵੱਡਾ ਦਸਤਾਵੇਜ਼ ਹੈ। ਕਵੀ ਦਾ ਕੋਮਲ ਹਿਰਦਾ 1984 ਦੇ ਦਿੱਲੀ ਦੰਗਿਆਂ, ਗੁਜਰਾਤ ਦੇ ਦੰਗਿਆਂ ਅਤੇ ਇਰਾਕ ਦੇ ਯੁੱਧ ਵਿੱਚ ਮਾਰੇ ਗਏ ਮਜ਼ਲੂਮਾਂ ਦੀ ਪੀੜ ਨੂੰ ਇੱਕੋ ਜਿਹਾ ਮਹਿਸੂਸ ਕਰਦਾ ਹੈ। ਚੁਰਾਸੀ ਦੇ ਦੰਗਿਆਂ ਵਿੱਚ ਆਪਣੇ ਪੁੱਤਰ ਅਤੇ ਸੁਹਾਗ ਗਵਾ ਚੁੱਕੀਆਂ ਬੁੱਢੀਆਂ ਮਾਵਾਂ ਅਤੇ ਭੈਣਾਂ ਜੋ ਅੱਜ ਵੀ ਇਨਸਾਫ਼ ਲਈ ਭਟਕ ਰਹੀਆਂ ਹਨ, ਉਹਨਾਂ ਦੇ ਹਉਕੇ ਨੂੰ ਕਵੀ ਨੇ ਬਹੁਤ ਭਾਵੁਕਤਾ ਨਾਲ ਪੇਸ਼ ਕੀਤਾ ਹੈ:

ਢਲੀ ਉਮਰ ਦੀ ਸ਼ਾਮ ਗੇੜੇ ਲਾਉਂਦਿਆਂ,
ਗੁੰਝਲ ਹੋਇਆ ਸੀਸ ਦੁੱਖੜੇ ਵਾਹੁੰਦਿਆਂ।
ਬੋਝਲ ਹੋ ਗਏ ਪੈਰ ਖ਼ਾਕਾਂ ਛਾਣਦੇ,
ਅਜੇ ਦੂਰ ਇਨਸਾਫ਼ ਉਹ ਸੱਤਾ ਮਾਣਦੇ।
ਤੱਕ ਪੁੱਤਰਾਂ ਦੀ ਲਾਸ਼ ਨਾ ਮਾਵਾਂ ਡੋਲੀਆਂ,
ਚੁੰਮ ਰਾਵ੍ਹਾਂ ਦੀ ਖ਼ਾਕ ਨਾ ਭੈਣਾਂ ਬੋਲੀਆਂ। (ਅੰਮ੍ਰਿਤ ਵੇਲਾ ਪੰਨਾ 125)

ਕਵੀ ਧਰਮ ਦੇ ਨਾਂ 'ਤੇ ਹੋ ਰਹੇ ਬੰਦੇ ਹੱਥੋਂ ਬੰਦੇ ਦੇ ਘਾਣ ਨੂੰ ਸਭ ਤੋਂ ਵੱਡਾ ਅਮਾਨਵੀ ਵਰਤਾਰਾ ਮੰਨਦਾ ਹੈ। ਇਸ ਮਾਨਵੀ ਦੁਖਾਂਤ ਦਾ ਦੂਜਾ ਪੱਖ 'ਕੁਦਰਤ ਦੀ ਤਬਾਹੀ' ਨਾਲ ਜੁੜਿਆ ਹੋਇਆ ਹੈ। ਆਧੁਨਿਕਤਾ ਦੇ ਫੋਕੇ ਵਹਿਮ ਅਤੇ ਪਦਾਰਥਕ ਲਾਲਚ ਅਧੀਨ ਅਜੋਕਾ ਮਨੁੱਖ ਬੁੱਢੇ ਬੋਹੜਾਂ, ਪਿੱਪਲਾਂ ਅਤੇ ਤ੍ਰਿਵੈਣੀਆਂ ਨੂੰ ਵੱਢ ਰਿਹਾ ਹੈ। ਕਵੀ ਅਨੁਸਾਰ ਕੁਦਰਤ ਦਾ ਇਹ ਉਜਾੜਾ ਅੰਤ ਵਿੱਚ ਮਨੁੱਖ ਦੀ ਆਪਣੀ ਤਬਾਹੀ ਦਾ ਕਾਰਨ ਬਣੇਗਾ:

ਓ ਬੋਹੜ ਸੀ ਸੋਭਦਾ,
ਹਲਟੀ ਦੇ ਖੂਹ ’ਤੇ
ਵੱਢਿਆ ਗਰਜ ਮਿਟਾਉਣ ਨੂੰ,
ਕੋਈ ਭਾਰ ਨਾ ਰੂਹ ’ਤੇ
ਲੱਖਾਂ ਪੰਖੂ ਉਜੜੇ,

ਜਦ ਬਣੀਆਂ ਰਾਹਵਾਂ।

....

ਜਿਉਂ ਪੁੱਤਰਾਂ ਦੇ ਬਾਝ ਨਾ,

ਧਰਤੀ 'ਤੇ ਮਾਵਾਂ

ਰੁੱਖਾਂ, ਨਦੀਆਂ ਨਾਲ ਨੇ,

ਕੁਦਰਤ ਦੀਆਂ ਛਾਵਾਂ। (ਅੰਮ੍ਰਿਤ ਵੇਲਾ ਪੰਨਾ 121-124)

ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੀ ਲੋਕਧਾਰਾਈ ਸ਼ੁੱਧਤਾ

ਪਰਮਵੀਰ ਦੀ ਕਵਿਤਾ ਦੀਆਂ ਜੜ੍ਹਾਂ ਪੰਜਾਬ ਦੀ ਮਿੱਟੀ, ਇਤਿਹਾਸ, ਲੋਕਧਾਰਾ ਅਤੇ ਭੂਗੋਲ ਵਿੱਚ ਬਹੁਤ ਡੂੰਘੀਆਂ ਹਨ। ਉਸ ਦੀ ਰੂਹ ਵਿੱਚ ਪੰਜਾਬੀ ਸੱਭਿਆਚਾਰ ਦੀ ਖੁਸ਼ਬੂ ਵਸੀ ਹੋਈ ਹੈ, ਇਸ ਲਈ ਉਸ ਨੂੰ 'ਪੰਜਾਬੀਅਤ ਦਾ ਦੂਜਾ ਨਾਮ' ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ। ਉਸ ਦੀ ਕਵਿਤਾ *'ਪੰਜਾਬ ਲਈ ਅਰਦਾਸ'* ਉਸ ਦੇ ਅਥਾਹ ਪੰਜਾਬ ਪ੍ਰੇਮ ਨੂੰ ਪ੍ਰਗਟ ਕਰਦੀ ਹੈ, ਜਿੱਥੇ ਉਹ ਪੰਜਾਬ ਦੇ ਪੰਜੇ ਦਰਿਆਵਾਂ (ਜੇਹਲਮ, ਚਨਾਬ, ਰਾਵੀ, ਬਿਆਸ, ਸਤਲੁਜ) ਦੀ ਸਲਾਮਤੀ ਮੰਗਦਾ ਹੈ ਅਤੇ ਗੁਆਚ ਚੁੱਕੇ ਪੁਰਾਣੇ ਅਮੀਰ ਪੰਜਾਬੀ ਵਿਰਸੇ ਦੇ ਮੁੜ ਪਰਤਣ ਦੀ ਕਲਪਨਾ ਕਰਦਾ ਹੈ:

ਜੁਗ ਜੁਗ ਜੀਣ ਚਨਾਬ ਦੇ ਪਾਣੀ, ਖ਼ੈਰ ਰਾਵੀ ਦੀ ਮੰਗਾਂ

ਪਿੰਡੇ ਧੁੱਪ ਬਿਆਸਾ ਲਿਸ਼ਕੇ, ਸਤਲੁਜ ਛਣਕਣ ਵੰਗਾਂ।

ਮੁੜ ਖੂਹਾਂ 'ਤੇ ਭਰਨ ਗਾਗਰਾਂ ਜਿਹਲਮ ਦੇਸੀਂ ਜਾਈਆਂ।

ਭਰ ਮੱਸਿਆ ਦੇ ਲੱਗਣ ਮੇਲੇ, ਮੁੜਨ ਗੁਆਚੀਆਂ ਸੰਗਾਂ। (ਅੰਮ੍ਰਿਤ ਵੇਲਾ ਪੰਨਾ 138)

ਇਸ ਦੇ ਨਾਲ ਹੀ, ਉਸ ਦੀ ਕਵਿਤਾ ਵਿੱਚ ਪੰਜਾਬੀ ਲੋਕ-ਸਾਹਿਤ ਦੇ ਰੂਪਾਂ—ਸੁਹਾਗ, ਮਾਹੀਏ ਅਤੇ ਟੱਪਿਆਂ ਦੀ ਮਧੁਰਤਾ ਅਤੇ ਸੁਹਜ-ਮੰਡਲ ਬਹੁਤ ਹੀ ਸ਼ੁੱਧ ਰੂਪ ਵਿੱਚ ਮੌਜੂਦ ਹੈ। *'ਰੌਸ਼ਨ ਕਰ ਬਾਲਮ ਦੇ ਵਿਹੜੇ'*, *'ਧੀਆਂ ਪਰਦੇਸਣਾ'*, *'ਬਾਬਲ ਦੇਸ ਦੀ ਯਾਦ'* ਅਤੇ *'ਮਾਹੀਏ ਦੀ ਰੁੱਤ ਆਈ'* ਵਰਗੀਆਂ ਕਵਿਤਾਵਾਂ ਵਿੱਚੋਂ ਲੋਕ-ਗੀਤਾਂ ਦੇ ਸੁਰ ਸਹਿਜੇ ਹੀ ਸੁਣੇ ਜਾ ਸਕਦੇ ਹਨ, ਜੋ ਮਨੁੱਖੀ ਮਨ ਨੂੰ ਮੋਹ ਲੈਂਦੇ ਹਨ:

ਲੈ ਦੇ ਨੀ ਮਾਏ ਕੱਤਣੀ ਲੈ ਦੇ, ਕੱਤਾਂ ਸ਼ਹੁ ਦੀਆਂ ਡੋਰਾਂ

ਪੰਡ ਗੁਨਾਹ ਦੀ ਚੱਕ ਨਾ ਹੋਣੀ, ਪਲ ਭਰ ਜੱਗ ਦੀਆਂ ਲੋਰਾਂ।

ਤੰਦ ਮੇਰੀ ਦੀ ਪੂਣੀ ਕੱਚੀ, ਟੁੱਟਦੀ-ਜੁੜਦੀ ਰਹਿੰਦੀ... (ਅੰਮ੍ਰਿਤ ਵੇਲਾ ਪੰਨਾ 74)

ਪਰਵਾਸ ਅਤੇ ਪਰਮਵੀਰ ਸਿੰਘ ਦੀ ਕਾਵਿ-ਸੰਵੇਦਨਾ

ਪਰਮਵੀਰ ਸਿੰਘ ਦੀ ਸ਼ਾਇਰੀ ਵਿੱਚ ਪਰਵਾਸ ਸਿਰਫ਼ ਇੱਕ ਭੂਗੋਲਿਕ ਤਬਦੀਲੀ ਜਾਂ ਆਰਥਿਕ ਖੁਸ਼ਹਾਲੀ ਦਾ ਸਾਧਨ ਨਹੀਂ ਹੈ, ਸਗੋਂ ਇਹ ਆਪਣੇ ਅੰਦਰ ਇੱਕ ਡੂੰਘਾ ਜਜ਼ਬਾਤੀ ਅਤੇ ਮਾਨਸਿਕ ਸੰਤਾਪ ਸਮੇਟੀ ਬੈਠਾ ਹੈ। ਨਵੇਂ ਮੁਲਕ ਦੀ ਧਰਤੀ 'ਤੇ ਪੈਰ ਧਰਦਿਆਂ ਹੀ ਕਵੀ ਨੂੰ ਆਪਣੀ ਮਿੱਟੀ ਤੋਂ ਵਿਛੜਨ ਦਾ ਜੋ ਅਹਿਸਾਸ ਹੁੰਦਾ ਹੈ, ਉਹ ਉਸਦੀ ਕਾਵਿ-ਸੰਵੇਦਨਾ ਦਾ ਕੇਂਦਰੀ ਨੁਕਤਾ ਬਣ ਜਾਂਦਾ ਹੈ। ਉੱਤਰ-ਬਸਤੀਵਾਦੀ ਚਿੰਤਕ ਐਡਵਰਡ ਸਈਦ (Edward Said) ਨੇ ਇਸ ਜਜ਼ਬਾਤੀ ਦੂਰੀ ਅਤੇ ਵਿਛੋੜੇ ਦੇ ਦਰਦ ਨੂੰ ਬਹੁਤ ਬਾਰੀਕੀ ਨਾਲ ਪਰਿਭਾਸ਼ਿਤ ਕੀਤਾ ਹੈ। ਉਹ ਲਿਖਦੇ ਹਨ ਕਿ, "ਪਰਵਾਸ ਬਾਰੇ ਸੋਚਣਾ ਅਜੀਬ ਤੌਰ 'ਤੇ ਖਿੱਚਪੂਰਨ ਹੈ, ਪਰ ਇਸਨੂੰ ਹੰਢਾਉਣਾ ਬਹੁਤ ਭਿਆਨਕ ਹੈ। ਇਹ ਇੱਕ ਮਨੁੱਖ ਅਤੇ ਉਸਦੀ ਜਨਮ-ਭੂਮੀ, ਉਸਦੀ ਆਪਣੀ ਹੋਂਦ ਅਤੇ ਉਸਦੇ ਅਸਲ ਘਰ/ਪਰਿਵਾਰ ਵਿਚਕਾਰ ਪਾਇਆ ਗਿਆ ਇੱਕ ਅਜਿਹਾ ਪਾੜਾ (ਜ਼ਖ਼ਮ) ਹੈ ਜੋ ਕਦੇ ਨਹੀਂ ਭਰ ਸਕਦਾ।"[4]

ਪਰਮਵੀਰ ਸਿੰਘ ਦੀ ਕਵਿਤਾ ਇਸ ਦਰਦ ਦੀ ਵੀ ਕਾਵਿਕ ਅਭਿਵਿਅਕਤੀ ਹੈ। ਉਹ ਨਵੇਂ ਮੁਲਕ ਵਿੱਚ ਭੌਤਿਕ ਸੁੱਖ-ਸਾਧਨਾਂ ਦੇ ਹੁੰਦਿਆਂ ਵੀ ਆਪਣੇ-ਆਪ ਨੂੰ ਓਪਰਾ ਅਤੇ ਅਧੂਰਾ ਮਹਿਸੂਸ ਕਰਦੇ ਹਨ। ਉਨ੍ਹਾਂ ਦੀ ਸ਼ਾਇਰੀ ਵਿੱਚ ਵਾਰ-ਵਾਰ ਉੱਭਰਦੀ ਵਤਨ ਦੀ ਤੜਫ਼ ਐਡਵਰਡ ਸਈਦ ਦੁਆਰਾ ਦੱਸੀ ਗਈ ਉਸੇ 'ਅਕੱਥ ਖਾਈ' (Unhealable Rift) ਨੂੰ ਰੂਪਮਾਨ ਕਰਦੀ ਹੈ, ਜਿਸ ਨੂੰ ਪਰਵਾਸ ਦੀ ਕੋਈ ਵੀ ਚਮਕ-ਦਮਕ ਭਰ ਨਹੀਂ ਸਕਦੀ:

ਪੰਛੀ ਓ ਪੰਛੀ

ਚੋਗਾ ਹੀ ਚੁਗਣਾ

ਚੁਗ ਆਪਣੇ ਖੇਤਾਂ ’ਚੋਂ ਯਾਰ

ਹਉਕੇ ਪਛੀਨੇ ਦੀ

ਵਿਥਿਆ ਜੇ ਸੁਣਦੀ

ਆਖਿਰ ਇਹ ਮਿੱਟੀ ਜਾਂ ਛਾਰ (ਪੰਖੀ, ਪੰਨਾ 110)

Volume: 13, March 2026 ISSN: 2394-0980
PP: 112-129

ਪਰਵਾਸ ਪਛਾਣ ਦਾ ਸੰਕਟ

ਪਰਵਾਸ ਅਨੁਭਵ ਦਾ ਇੱਕ ਹੋਰ ਅਹਿਮ ਪਾਸਾਰ 'ਪਛਾਣ ਦਾ ਸੰਕਟ' (Identity Crisis) ਹੈ, ਜੋ ਪਰਮਵੀਰ ਸਿੰਘ ਦੀ ਕਵਿਤਾ ਵਿੱਚ ਬਹੁਤ ਸ਼ਿੱਦਤ ਨਾਲ ਪੇਸ਼ ਹੋਇਆ ਹੈ। ਪਰਵਾਸੀ ਮਨੁੱਖ ਜਦੋਂ ਨਵੇਂ ਸੱਭਿਆਚਾਰਕ ਮਾਹੌਲ ਵਿੱਚ ਜਾਂਦਾ ਹੈ, ਤਾਂ ਉਸਦੀ ਪੁਰਾਣੀ ਪਛਾਣ ਅਤੇ ਨਵੇਂ ਮੁਲਕ ਦੇ ਯਥਾਰਥ ਵਿਚਕਾਰ ਇੱਕ ਨਿਰੰਤਰ ਟਕਰਾਅ ਸ਼ੁਰੂ ਹੋ ਜਾਂਦਾ ਹੈ। ਪ੍ਰਸਿੱਧ ਸੱਭਿਆਚਾਰਕ ਚਿੰਤਕ ਸਟੂਅਰਟ ਹਾਲ (Stuart Hall) ਅਨੁਸਾਰ ਪਰਵਾਸੀ ਦੀ ਇਹ ਪਛਾਣ ਕਦੇ ਵੀ ਇੱਕ ਥਾਂ ਸਥਿਰ ਨਹੀਂ ਰਹਿੰਦੀ। ਉਨ੍ਹਾਂ ਦਾ ਕਥਨ ਹੈ ਕਿ, "ਸੱਭਿਆਚਾਰਕ ਅਤੇ ਪਰਿਵਾਰਕ ਪਛਾਣ ਕੋਈ ਬਣੀ-ਬਣਾਈ ਜਾਂ ਸਥਿਰ ਚੀਜ਼ ਨਹੀਂ ਹੈ; ਇਹ ਅਤੀਤ ਦੇ ਨਾਲ-ਨਾਲ ਭਵਿੱਖ ਨਾਲ ਵੀ ਜੁੜੀ ਹੋਈ ਹੈ ਅਤੇ ਸਮੇਂ ਦੇ ਨਾਲ ਲਗਾਤਾਰ ਬਦਲਦੀ ਤੇ ਬਣਦੀ ਰਹਿੰਦੀ ਹੈ।"[5]

ਪਰਮਵੀਰ ਸਿੰਘ ਦੀ ਕਾਵਿ-ਸੰਵੇਦਨਾ ਸਟੂਅਰਟ ਹਾਲ ਦੇ ਇਸੇ ਸਿਧਾਂਤ ਦੀ ਪੁਸ਼ਟੀ ਕਰਦੀ ਹੈ। ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਪਰਵਾਸੀ ਬੰਦਾ ਇੱਕ ਅਜਿਹੇ ਦੋਰਾਹੇ 'ਤੇ ਖੜ੍ਹਾ ਦਿਖਾਈ ਦਿੰਦਾ ਹੈ, ਜਿੱਥੇ ਉਸਦੇ ਪਿੱਛੇ ਉਸਦਾ ਗੌਰਵਮਈ ਅਤੀਤ (ਯਾਦਾਂ) ਹੈ ਅਤੇ ਸਾਹਮਣੇ ਨਵੇਂ ਮੁਲਕ ਦਾ ਬੇਗਾਨਾ ਵਰਤਮਾਨ ਹੈ। ਕਵੀ ਇਸ ਸੱਭਿਆਚਾਰਕ ਖਿੱਚੋਤਾਣ ਵਿੱਚੋਂ ਗੁਜ਼ਰਦਿਆਂ ਆਪਣੀ ਹੋਂਦ ਨੂੰ ਬਚਾਉਣ ਅਤੇ ਨਵੀਂ ਪਛਾਣ ਘੜਨ ਦੀ ਜੱਦੋਜਹਿਦ ਕਰਦਾ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਦੀ ਕਵਿਤਾ ਸਥਿਰ ਰਹਿਣ ਦੀ ਬਜਾਏ, ਅਤੀਤ ਦੇ ਮੋਹ ਅਤੇ ਵਰਤਮਾਨ ਦੇ ਯਥਾਰਥ ਵਿਚਕਾਰ ਇੱਕ ਗਤੀਸ਼ੀਲ ਸੰਵਾਦ ਸਿਰਜਦੀ ਹੈ:

ਸਮਾਗਮ ਦੀਆਂ ਫੋਟੋਆਂ
ਦੇਖਦਾ ਬੱਚਾ
ਵੇਖਣਾ ਚਾਹੁੰਦਾ ਹੈ
ਸੈਂਟੇ ਦੀ ਬਨਾਉਟੀ ਚਿੱਟੀ ਦਾਹੜੀ ਪਿੱਛੇ
ਆਪਣੀ ਅਸਲ ਤਸਵੀਰ (ਪੰਖੀ, ਪੰਨਾ 79)

ਤੀਜੀ ਸਪੇਸ ਅਥਵਾ ਦੋਹਰੀ ਹੋਂਦ

ਪਰਵਾਸ ਦਾ ਅਨੁਭਵ ਮਨੁੱਖ ਨੂੰ ਸਿਰਫ਼ ਇੱਕ ਦੇਸ਼ ਤੋਂ ਦੂਜੇ ਦੇਸ਼ ਨਹੀਂ ਲੈ ਕੇ ਜਾਂਦਾ, ਸਗੋਂ ਉਸ ਨੂੰ ਦੋ ਵੱਖ-ਵੱਖ ਸੱਭਿਆਚਾਰਾਂ ਦੇ ਵਿਚਕਾਰ ਇੱਕ ਅਜਿਹੀ ਥਾਂ 'ਤੇ ਖੜ੍ਹਾ ਕਰ ਦਿੰਦਾ ਹੈ ਜਿੱਥੇ ਉਹ ਨਾ ਤਾਂ ਪੂਰੀ ਤਰ੍ਹਾਂ ਪੁਰਾਣਾ ਰਹਿੰਦਾ ਹੈ ਅਤੇ ਨਾ ਹੀ ਨਵਾਂ ਬਣ ਪਾਉਂਦਾ ਹੈ। ਉੱਤਰ-ਬਸਤੀਵਾਦੀ ਚਿੰਤਕ ਹੋਮੀ ਭਾਬਾ (Homi Bhabha) ਨੇ

ਇਸ ਸਥਿਤੀ ਨੂੰ 'ਮਿਲਗੋਭਾ' (Hybridity) ਅਤੇ 'ਤੀਜੀ ਸਪੇਸ' (Third Space) ਕਿਹਾ ਹੈ। ਉਹ ਲਿਖਦੇ ਹਨ ਕਿ:"ਸੱਭਿਆਚਾਰਕ ਪਛਾਣਾਂ ਕਦੇ ਵੀ ਸ਼ੁੱਧ ਜਾਂ ਸਥਿਰ ਨਹੀਂ ਹੁੰਦੀਆਂ। ਪਰਵਾਸ ਮਨੁੱਖ ਨੂੰ ਇੱਕ 'ਵਿਚਕਾਰਲੀ ਥਾਂ' (In-between space / Third Space) ਵਿੱਚ ਲੈ ਜਾਂਦਾ ਹੈ, ਜਿੱਥੇ ਨਵੇਂ ਅਤੇ ਪੁਰਾਣੇ ਸੱਭਿਆਚਾਰ ਦੇ ਆਪਸੀ ਮੇਲ ਵਿੱਚੋਂ ਇੱਕ ਨਵੀਂ, ਦੋਹਰੀ ਹੋਂਦ ਜਨਮ ਲੈਂਦੀ ਹੈ।"[6]

ਪਰਮਵੀਰ ਸਿੰਘ ਦੀ ਪਰਵਾਸ ਸੰਵੇਦਨਾ ਬਿਲਕੁਲ ਇਸੇ 'ਤੀਜੀ ਸਪੇਸ' ਜਾਂ ਵਿਚਕਾਰਲੀ ਸਥਿਤੀ ਦੀ ਉਪਜ ਹੈ। ਉਨ੍ਹਾਂ ਦੀ ਸ਼ਾਇਰੀ ਵਿੱਚ ਪਰਵਾਸੀ ਬੰਦਾ ਇੱਕ ਅਜਿਹੀ ਮਾਨਸਿਕਤਾ ਜਿਉਂਦਾ ਹੈ ਜੋ ਭੌਤਿਕ ਰੂਪ ਵਿੱਚ ਪੱਛਮ ਦੀ ਆਧੁਨਿਕਤਾ ਵਿੱਚ ਰਹਿ ਰਿਹਾ ਹੈ, ਪਰ ਜਜ਼ਬਾਤੀ ਤੌਰ 'ਤੇ ਪੂਰਬ (ਪੰਜਾਬ) ਦੇ ਸੱਭਿਆਚਾਰਕ ਮੁੱਲਾਂ ਨਾਲ ਜੁੜਿਆ ਹੋਇਆ ਹੈ। ਉਹ ਆਪਣੀ ਕਵਿਤਾ ਰਾਹੀਂ ਇਸ ਦੋਹਰੀ ਹੋਂਦ ਦੇ ਤਣਾਅ ਨੂੰ ਬਿਆਨ ਕਰਦੇ ਹਨ। ਕਵੀ ਨਾ ਤਾਂ ਵਤਨ ਦੀਆਂ ਯਾਦਾਂ ਨੂੰ ਛੱਡ ਸਕਦਾ ਹੈ ਅਤੇ ਨਾ ਹੀ ਪਰਵਾਸ ਦੇ ਯਥਾਰਥ ਤੋਂ ਮੁਨਕਰ ਹੋ ਸਕਦਾ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਦੀ ਕਵਿਤਾ ਵਿੱਚ ਸੱਭਿਆਚਾਰਕ ਆਦਾਨ-ਪ੍ਰਦਾਨ, ਦੋਹਰੀ ਮਾਨਸਿਕਤਾ ਅਤੇ ਇਸ ਵਿਚਕਾਰਲੀ ਸਥਿਤੀ ਵਿੱਚੋਂ ਪੈਦਾ ਹੋਣ ਵਾਲੀ ਬੇਚੈਨੀ ਬਹੁਤ ਸੂਖਮ ਰੂਪ ਵਿੱਚ ਉਜਾਗਰ ਹੁੰਦੀ ਹੈ :

ਘਰ ਦੀ ਚੁਫੇਰ 'ਚ ਖਲੋਤੀਆਂ
ਟਾਹਲੀਆਂ-ਕਿੱਕਰਾਂ - ਬੇਰੀਆਂ
ਤੇ ਉਹਨਾਂ 'ਤੇ ਲਮਕਦੇ
ਪੰਛੀਆਂ ਦੇ ਆਲ੍ਹਣੇ
ਜਾ ਚੁੱਕੇ ਹਨ
ਕਿਸੇ ਅਣਦੱਸੇ ਟਿਕਾਣੇ ਵੱਲ
ਅਸ਼ੋਕਾ, ਐਰੋਕੇਰੀਆ ਤੇ ਐਲਸਟੋਨੀਆ ਦੀ
ਮੁੱਢਲੀ ਦਸਤਕ ਨਾਲ ਹੀ (ਪੰਖੀ, ਪੰਨਾ 106)

ਦਬੀਆਂ ਹੋਈਆਂ ਇੱਛਾਵਾਂ ਅਤੇ ਅਚੇਤਨ ਮਨ ਦਾ ਹੇਰਵਾ

ਮਨੋਵਿਗਿਆਨਕ ਦ੍ਰਿਸ਼ਟੀ ਤੋਂ ਭੂ-ਹੇਰਵਾ (ਨੌਸਟਾਲਜੀਆ) ਸਿਰਫ਼ ਇੱਕ ਚੇਤਨ ਯਾਦ ਨਹੀਂ ਹੈ, ਬਲਕਿ ਇਹ ਮਨੁੱਖ ਦੇ ਅਚੇਤਨ ਮਨ (Unconscious mind) ਦੀ ਖੇਡ ਹੈ। ਮਨੋਵਿਗਿਆਨੀ ਸਿਗਮੰਡ ਫਰਾਇਡ (Sigmund Freud) ਨੇ 'ਦ ਅਨਕੈਨੀ' (The Uncanny / Das Unheimliche) ਦੇ ਸੰਕਲਪ ਵਿੱਚ ਦੱਸਿਆ

ਹੈ ਕਿ ਜੋ ਚੀਜ਼ ਕਦੇ ਸਾਡੀ ਬਹੁਤ ਆਪਣੀ ਜਾਂ ਘਰ ਵਰਗੀ (Homely) ਹੁੰਦੀ ਹੈ, ਜਦੋਂ ਉਹ ਲੰਮੇ ਸਮੇਂ ਲਈ ਸਾਡੇ ਤੋਂ ਦੂਰ ਹੋ ਕੇ ਅਚਾਨਕ ਸਾਡੇ ਸਾਹਮਣੇ ਆਉਂਦੀ ਹੈ, ਤਾਂ ਉਹ ਇੱਕ ਅਜੀਬ ਅਤੇ ਭੈਅ-ਭਰੇ ਅਹਿਸਾਸ ਵਿੱਚ ਬਦਲ ਜਾਂਦੀ ਹੈ। ਫਰਾਇਡ ਅਨੁਸਾਰ, "ਅਨਕੈਨੀ (The Uncanny) ਹੋਂਦ ਦੀ ਉਹ ਡਰਾਉਣੀ ਜਾਂ ਅਜੀਬ ਸਥਿਤੀ ਹੈ ਜੋ ਕਿਸੇ ਸਮੇਂ ਬਹੁਤ ਜਾਣੂ ਅਤੇ ਘਰ ਵਰਗੀ ਹੁੰਦੀ ਸੀ, ਪਰ ਸਮੇਂ ਅਤੇ ਦੂਰੀ ਦੇ ਕਾਰਨ ਮਨ ਦੇ ਅਚੇਤਨ ਵਿੱਚ ਦੱਬੀ ਰਹਿਣ ਮਗਰੋਂ ਦੁਬਾਰਾ ਪਰਤਦੀ ਹੈ।"[7]

ਜਦੋਂ ਅਸੀਂ ਪਰਮਵੀਰ ਸਿੰਘ ਦੀ ਕਵਿਤਾ ਨੂੰ ਇਸ ਦ੍ਰਿਸ਼ਟੀ ਤੋਂ ਦੇਖਦੇ ਹਾਂ, ਤਾਂ ਭੂ-ਹੇਰਵਾ ਇਸੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਕਵੀ ਜਦੋਂ ਪਰਵਾਸ ਦੇ ਇਕਾਂਤ ਵਿੱਚ ਬੈਠਦਾ ਹੈ, ਤਾਂ ਪਿੰਡ ਦੇ ਖੂਹ, ਬਚਪਨ ਦੇ ਸਾਥੀ, ਅਤੇ ਮਾਂ ਦੀਆਂ ਲੋਰੀਆਂ ਜੋ ਕਿ ਕਦੇ ਬਹੁਤ ਸਹਿਜ ਅਤੇ ਆਪਣੇ ਘਰ ਵਰਗੀਆਂ ਸਨ, ਹੁਣ ਪਰਵਾਸ ਦੇ ਓਪਰੇ ਮਾਹੌਲ ਵਿੱਚ ਆ ਕੇ ਇੱਕ ਗੂੜ੍ਹੇ ਦਰਦ ਅਤੇ ਅਸਥਿਰਤਾ ਦਾ ਕਾਰਨ ਬਣਦੀਆਂ ਹਨ। ਉਹ ਯਾਦਾਂ ਕਵੀ ਦੇ ਅੰਦਰਲੇ ਅਚੇਤਨ ਨੂੰ ਝੰਜੋੜਦੀਆਂ ਹਨ ਅਤੇ ਕਵਿਤਾ ਦਾ ਰੂਪ ਧਾਰ ਲੈਂਦੀਆਂ ਹਨ। ਪਰਮਵੀਰ ਸਿੰਘ ਦੀ ਕਾਵਿ-ਸੰਵੇਦਨਾ ਵਿੱਚ ਯਾਦਾਂ ਦਾ ਇਹ ਪਰਤਣਾ ਪਰਵਾਸੀ ਮਨੁੱਖ ਦੀ ਉਸ ਮਾਨਸਿਕ ਸਥਿਤੀ ਨੂੰ ਪੇਸ਼ ਕਰਦਾ ਹੈ ਜਿੱਥੇ ਅਤੀਤ ਉਸ ਦਾ ਖਹਿੜਾ ਨਹੀਂ ਛੱਡਦਾ:

ਜਮਾਂਦਾਰ ਸਿਰੋਂ ਟੋਕਰਾ ਲਾਹੁੰਦਾ
ਨੀਰੇ ਆਲਿਉਂ ਸੀਰੀ ਆਉਂਦਾ
ਜੋਗੀ ਭਾਈ ਜਾਂ ਰਮਤਾ ਕੋਈ
ਪਲ ਬਹਿ ਦੁੱਖ-ਸੁੱਖ ਫੋਲ ਸੁਣਾਉਂਦਾ
ਖੌਰੇ ਕੌਣ ਕਿਸ ਦਾ ਖਾਵੇ
ਫੁਲਕੇ ਦਾ ਨਿੱਘ ਠੰਡ ਵਰਤਾਵੇ
ਬੀਬੀ ਫੁਲਕੇ ਲਾਹਵੇ
ਫੁਲ-ਫੁਲ ਫੁਲਕਾ ਫੁੱਲ ਬਣ ਜਾਂਦਾ
ਹਾਕਾਂ ਮਾਰ ਬੁਲਾਵੇ
ਬੀਬੀ ਫੁਲਕੇ ਲਾਹਵੇ। (ਪੰਖੀ, ਪੰਨਾ 97)

Volume: 13, March 2026 ISSN: 2394-0980
PP: 112-129

ਕਾਲਪਨਿਕ ਵਤਨ ਅਤੇ ਅਤੀਤ ਦੀ ਪੁਨਰ-ਸਿਰਜਣਾ

ਪਰਵਾਸੀ ਲੇਖਕ ਅਕਸਰ ਆਪਣੇ ਭੌਤਿਕ ਵਤਨ ਤੋਂ ਦੂਰ ਹੋਣ ਕਾਰਨ ਉਸ ਨੂੰ ਆਪਣੇ ਮਨ ਅੰਦਰ ਮੁੜ ਸਿਰਜਣ ਦੀ ਕੋਸ਼ਿਸ਼ ਕਰਦੇ ਹਨ। ਪ੍ਰਸਿੱਧ ਲੇਖਕ ਅਤੇ ਚਿੰਤਕ ਸਲਮਾਨ ਰਸ਼ਦੀ (Salman Rushdie) ਨੇ ਇਸ ਅਨੁਭਵ ਨੂੰ 'ਕਾਲਪਨਿਕ ਵਤਨ' (Imaginary Homelands) ਦਾ ਨਾਂ ਦਿੱਤਾ ਹੈ। ਉਨ੍ਹਾਂ ਅਨੁਸਾਰ, "ਪਰਵਾਸੀ ਲੇਖਕ ਅਤੀਤ ਦੀਆਂ ਪਰਿਵਾਰਕ ਯਾਦਾਂ ਅਤੇ ਵਤਨ ਨੂੰ ਮੁੜ ਪ੍ਰਾਪਤ ਕਰਨ ਦੀ ਇੱਛਾ ਨਾਲ ਘਿਰੇ ਰਹਿੰਦੇ ਹਨ। ਪਰ ਇਹ ਹਕੀਕਤ ਹੈ ਕਿ ਅਸੀਂ ਅਸਲ ਵਤਨ ਨਹੀਂ ਸਿਰਜ ਸਕਦੇ, ਬਲਕਿ ਆਪਣੇ ਮਨ ਅੰਦਰ 'ਕਾਲਪਨਿਕ ਵਤਨ' (Imaginary Homelands) ਹੀ ਬਣਾਉਂਦੇ ਹਾਂ।"[8]

ਪਰਮਵੀਰ ਸਿੰਘ ਦੀ ਕਾਵਿ-ਸੰਵੇਦਨਾ ਵਿੱਚ ਇਹ 'ਕਾਲਪਨਿਕ ਵਤਨ' ਬਹੁਤ ਜੀਵੰਤ ਰੂਪ ਵਿੱਚ ਉੱਭਰਦਾ ਹੈ। ਕਵੀ ਨਵੇਂ ਮੁਲਕ ਦੇ ਬੇਗਾਨੇਪਣ ਵਿੱਚੋਂ ਲੰਘਦਿਆਂ ਆਪਣੀ ਕਵਿਤਾ ਰਾਹੀਂ ਅਤੀਤ ਦੇ ਉਸ ਪੰਜਾਬ, ਪਿੰਡ ਦੀਆਂ ਗਲੀਆਂ ਅਤੇ ਆਪਣਿਆਂ ਦੀ ਸਾਂਝ ਨੂੰ ਕਲਪਨਾ ਦੀ ਮਦਦ ਨਾਲ ਮੁੜ ਸਿਰਜਦਾ ਹੈ। ਉਹ ਇਹ ਵੀ ਯਾਦ ਕਰਦਾ ਹੈ ਕਿ ਇਸ ਸਾਰੇ ਵਰਤਾਰੇ ਪਿੱਛੇ ਕੀ ਕੁਝ ਕਾਰਜਸ਼ੀਲ ਸੀ:

ਮੁੱਲ ਪਾ ਕਿਰਸਾਨੀ ਦਾ
ਅਸੀਂ ਜ਼ਹਿਰਾਂ ਬੋ ਬੈਠੇ
ਰੁੱਖਾਂ ਦਰਵੇਸ਼ਾਂ ਦੇ
ਅਸੀਂ ਦਰਦ ਲੁਕੋ ਬੈਠੇ
ਸਾਡੇ ਦਰਿਆਵਾਂ ਦਾ
ਅੰਮ੍ਰਿਤ ਕਿਉਂ ਲੂਣਾ ਏ
ਦਿਲ ਮਾਖਿਉਂ ਮੰਗਦਾ ਏ
ਸਾਡੀ ਨਜ਼ਰ ਸਲੂਣਾ ਏ। (ਪੰਖੀ, ਪੰਨਾ 35)

ਬੇਘਰੇਪਣ ਦੀ ਭਾਵਨਾ ਅਤੇ ਅਜਨਬੀਪਣ

ਪਰਵਾਸ ਦਾ ਇੱਕ ਹੋਰ ਦੁਖਾਂਤਕ ਪਾਸਾਰ 'ਆਪਣਾ ਥਾਂ-ਠਿਕਾਨਾ ਨਾ ਹੋਣ' ਜਾਂ ਹਰ ਜਗ੍ਹਾ ਅਜਨਬੀ ਬਣ ਕੇ ਰਹਿ ਜਾਣ ਦਾ ਅਹਿਸਾਸ ਹੈ। ਨੋਬਲ ਪੁਰਸਕਾਰ ਜੇਤੂ ਲੇਖਕ ਵੀ. ਐੱਸ. ਨਾਇਪਾਲ (V. S. Naipaul) ਨੇ

ਪਰਵਾਸੀ ਦੀ ਇਸ ਮਾਨਸਿਕ ਅਸਥਿਰਤਾ ਅਤੇ ਬੇ-ਘਰੇਪਣ ਨੂੰ ਬੜੇ ਦਰਦਨਾਕ ਢੰਗ ਨਾਲ ਬਿਆਨ ਕੀਤਾ ਹੈ। ਉਹ ਲਿਖਦੇ ਹਨ, "ਇਹ ਕਿੰਨਾ ਭਿਆਨਕ ਸੀ ਕਿ 33 ਸਾਲ ਦੀ ਉਮਰ ਵਿੱਚ ਵੀ ਆਪਣਾ ਕਹਾਉਣ ਲਈ ਕੋਈ ਘਰ/ਥਾਂ ਨਹੀਂ ਸੀ, ਦੂਜਿਆਂ 'ਤੇ ਨਿਰਭਰ ਹੋਣਾ ਪੈ ਰਿਹਾ ਸੀ ਅਤੇ ਹਰ ਜਗ੍ਹਾ ਇੱਕ ਅਜਨਬੀ ਬਣ ਕੇ ਰਹਿਣਾ ਪੈ ਰਿਹਾ ਸੀ।"[9]

ਪਰਮਵੀਰ ਸਿੰਘ ਦੀ ਸ਼ਾਇਰੀ ਵਿੱਚ ਨਾਇਪਾਲ ਦੁਆਰਾ ਦਰਸਾਏ ਇਸੇ 'ਅਜਨਬੀਪਣ' ਦੀ ਗੂੰਜ ਸੁਣਾਈ ਦਿੰਦੀ ਹੈ। ਪਰਵਾਸੀ ਬੰਦਾ ਨਵੇਂ ਮੁਲਕ ਵਿੱਚ ਸਭ ਕੁਝ ਹਾਸਲ ਕਰਕੇ ਵੀ ਅੰਦਰੋਂ ਖਾਲੀਪਨ ਅਤੇ ਅਸੁਰੱਖਿਆ ਮਹਿਸੂਸ ਕਰਦਾ ਹੈ। ਉਸ ਨੂੰ ਹਰ ਪਲ ਇਹ ਅਹਿਸਾਸ ਰਹਿੰਦਾ ਹੈ ਕਿ ਇਹ ਧਰਤੀ ਉਸਦੀ ਆਪਣੀ ਨਹੀਂ ਹੈ:

ਹਉਕੇ ਦੀ ਵਿਥਿਆ
ਜਰਾ ਕੁ ਦੱਸਦੇ
ਸੂਰਜਮੁਖੀ ਦੇ ਖਿੜੇ ਖੇਤ
ਕੱਲ੍ਹ ਪ੍ਰਭਾਤਾਂ ਦਾ
ਸੁਪਨਾ ਜੋ ਸਾਂਭਿਆ
ਅੱਜ ਰਲੀ ਜਾਵੇ ਵਿਚ ਰੇਤ।
ਰੇਤਾਂ ਨੇ ਖ਼ਾਮੋਸ਼
ਜ਼ਹਿਰਾਂ 'ਚ ਰਤੀਆਂ
ਲੱਭੇ ਨਾ ਕੂੰਜਾਂ ਦੀ ਪੈੜ
ਦੱਸੋ ਨੀ
ਕਿੱਥੇ ਵੇ ਪੂਰਨ ਦਾ ਟਿੱਲਾ
ਬਾਗ਼ਾਂ ਦੀ ਪੁੱਛੇ ਆ ਖ਼ੈਰ। (ਪੰਖੀ, ਪੰਨਾ 109)

ਪਰਮਵੀਰ ਦੀ ਕਾਵਿ ਸੰਵੇਦਨਾ ਬਾਰੇ ਗੱਲ ਕਰਦਿਆਂ ਅਥਵਾ ਉਸ ਦੀ ਕਵਿਤਾ ਅੰਦਰਲੀਆਂ ਸਵੈਚਲਿਤ ਕਾਵਿ ਸ਼ਾਸਤਰੀ ਅੰਤਰ ਦ੍ਰਿਸ਼ਟੀਆਂ 'ਤੇ ਧਿਆਨ ਧਰਦਿਆਂ ਉਸਦੀ ਕਾਵਿ ਸੰਵੇਦਨਾ ਦੇ ਵੱਖ ਵੱਖ ਪਹਿਲੂਆਂ ਨੂੰ ਜਦੋਂ ਅਸੀਂ ਜਾਨਣ ਦੀ ਕੋਸ਼ਿਸ਼ ਇਸ ਪੇਪਰ ਦੇ ਪਹਿਲੇ ਭਾਗ ਵਿੱਚ ਕੀਤੀ ਤਾਂ ਉਸ ਲਈ ਕਿਸੇ ਚਿੰਤਨ ਦੀ ਅਧੀਨਗੀ

ਵਿੱਚ ਨਿਸ਼ਚਿਤ ਪਹਿਲੂਆਂ ਤੋਂ ਕਾਵਿ ਦਾ ਵਿਸ਼ਲੇਸ਼ਣ ਨਹੀਂ ਕੀਤਾ ਬਲਕਿ ਪਰਮਵੀਰ ਦੀ ਕਵਿਤਾ ਦੇ ਕਾਵਿ ਸ਼ਾਸਤਰ ਦੀਆਂ ਅੰਦਰੂਨੀ ਤੈਹਾਂ ਬਾਰੇ ਸਮਝ ਪੈਦਾ ਕਰਨ ਦੀ ਕੋਸ਼ਿਸ਼ ਕਰਦਿਆਂ ਉਸ ਦੇ ਵਿਸ਼ਵਾਰਥੀ ਗੁਣਾਂ 'ਤੇ ਧਿਆਨ ਕੇਂਦਰਿਤ ਕੀਤਾ ਹੈ। ਦ੍ਰਿਸ਼ਟੀ ਗੋਚਰ ਹੁੰਦਾ ਹੈ ਕਿ ਪਰਮਵੀਰ ਦੀ ਕਵਿਤਾ ਦਾ ਸਰੋਤ ਉਸ ਵਿੱਚ ਮੌਜੂਦ ਦੈਵੀਤਵ ਅਨੁਭਵ ਦੀ ਨੇੜਤਾ ਹੈ। ਇਸ ਅਨੁਭਵ ਦੇ ਅਹਿਸਾਸ ਦੀ ਬਦੌਲਤ ਉਸਦੀ ਕਵਿਤਾ ਕਿਸੇ ਖਾਸ ਸਮੇਂ ਤੇ ਸਪੇਸ ਦੇ ਦਾਇਰੇ ਵਿੱਚ ਹੁੰਦੇ ਹੋਏ ਵੀ ਹੁੰਦੇ ਹੋਏ ਵੀ ਵਿਸ਼ਵਾਰਥੀ ਹੋ ਜਾਂਦੀ ਹੈ। ਪਰਮਵੀਰ ਸਿੰਘ ਦੇ ਅਵਚੇਤਨ ਵਿੱਚ "ਨਾ ਕੋ ਵੈਰੀ ਨਾਹਿ ਬੇਗਾਨਾ" ਦਾ ਅਹਿਸਾਸ ਲਗਾਤਾਰ ਕਾਰਜਸ਼ੀਲ ਹੈ। ਵਿਸ਼ਵ ਦੀ ਵਿਚਿੱਤਰਤਾ, ਵਿਰਾਟਤਾ, ਵੰਨ-ਸੁਵੰਨਤਾ ਅਨੇਕ ਦਿਸ਼ਾਵੀ ਜੀਵਨ, ਚਿੰਤਨ ਦ੍ਰਿਸ਼ਟੀਆਂ ਅਤੇ ਕੁਦਰਤ ਦੀ ਅਨੇਕਤਾ ਉਸਦੇ ਅੰਦਰ ਕੋਈ ਵਿਸ਼ਵਾਰਥੀ ਤਾਨ ਛੇੜਦੀ ਹੈ, ਜਿੱਥੇ ਪਹੁੰਚ ਇਹ ਕਵੀ ਮਨ ਆਪ ਹੀ ਵਿਸਮਾਦਿਤ ਨਹੀਂ ਹੁੰਦਾ, ਸਗੋਂ ਆਪਣੇ ਕਾਵਿ ਦੇ ਮਾਧਿਅਮ ਰਾਹੀਂ ਇਸ ਵਿਸਮਾਦ ਅਨੁਭਵ ਦਾ ਸੰਚਾਰ ਸਰੋਤੇ/ਪਾਠਕਾਂ ਤੱਕ ਵੀ ਕਰ ਜਾਂਦਾ ਹੈ। ਨਤੀਜੇ ਵਜੋਂ ਉਸ ਦੀ ਸੰਵੇਦਨਾ ਦੇਸ਼, ਕਾਲ, ਰੰਗ, ਨਸਲ, ਭੇਦ ਆਦਿ ਦੀਆਂ ਹੱਦਾਂ ਪਾਰ ਕਰਦੀ ਹੋਈ 'ਸਗਲ ਸੰਗ ਹਮ ਕੋ ਬਨ ਆਈ' ਵਰਗੀ ਅਸਚਰਜਤਾ ਪੈਦਾ ਕਰ ਦਿੰਦੀ ਹੈ। ਦੂਜੇ ਭਾਗ ਵਿੱਚ ਅਸੀਂ ਪਰਮਵੀਰ ਦੀ ਤੀਜੀ ਕਾਵਿ ਪੁਸਤਕ ਦੇ ਸੰਦਰਭ ਵਿੱਚ ਉਸਦੇ ਪਰਵਾਸ ਅਨੁਭਵ ਨੂੰ ਦੈਵੀਤਵ ਤੋਂ ਵਿਹੀਨ ਵਿਸ਼ਵ ਚਿੰਤਨ ਦੀ ਰੌਸ਼ਨੀ ਵਿੱਚ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਨਿਰਸੰਦੇਹ ਜਦੋਂ ਅਸੀਂ ਅਜਿਹੇ ਚਿੰਤਨ ਦੀ ਅਧੀਨਗੀ ਵਿੱਚ ਪਰਮਵੀਰ ਸਿੰਘ ਦੀ ਕਵਿਤਾ 'ਤੇ ਝਾਤ ਮਾਰੀਏ ਤਾਂ ਸਾਨੂੰ ਸਹਿਜੇ ਹੀ ਕਵਿਤਾ ਵਿੱਚੋਂ ਅਨੇਕ ਹਵਾਲੇ ਦ੍ਰਿਸ਼ਟੀ ਗੋਚਰ ਹੋ ਗਏ ਜਿਨਾਂ ਦੀਆਂ ਗੱਲਾਂ ਇਸ ਵਿਸਮਾਦ ਰਹਿਤ ਪੂੰਜੀ ਅਧਾਰਤ ਚਿੰਤਨ ਵਿੱਚੋਂ ਅਨੁਭਵ ਕਰਦੇ ਹਾਂ। ਪਰੰਤੂ ਵਿਡੰਬਨਾ ਇਹ ਰਹੀ ਕਿ ਇਸ ਦ੍ਰਿਸ਼ਟੀ ਰਾਹੀਂ ਕੀਤੇ ਚਿੰਤਨ ਨੇ ਕਾਵਿ ਦੀ ਅੰਦਰੂਨੀ ਸਮੁੱਚਤਾ ਨੂੰ ਖੰਡਿਤ ਕਰ ਦਿੱਤਾ ਤੇ ਇਸ ਤੇ ਚਿੰਤਨ ਪਸਾਰਾਂ ਨੇ ਖੁੱਲ ਕੇ ਵਿਚਰਦੀ ਅਨਿਕ ਦਿਸ਼ਾਵੀ, ਸਮੁੱਚਤਾ ਭਰੀ ਇਕਾਗਰਤਾ ਨੂੰ ਕੁਝ ਨਿਸ਼ਚਿਤ ਦਿਸ਼ਾਵਾਂ ਵਿੱਚ ਜਕੜ ਲਿਆ। ਪ੍ਰਵਾਸ ਅਨੁਭਵ ਆਪਣੀਆਂ ਸੰਪੂਰਨ ਸੰਭਾਵਨਾਵਾਂ ਨੂੰ ਵਿਅਕਤ ਕਰਨ ਅਤੇ ਸੰਪੂਰਨਤਾ ਤੇ ਵਿੱਚੋਂ ਪ੍ਰਵਾਸ ਅਨੁਭਵ ਨੂੰ ਪ੍ਰਜਵੱਲਿਤ ਕਰਨ ਦੀ ਥਾਂ ਸੰਪੂਰਨ ਸਗਲਤਾ ਦੇ ਹਾਣ ਦਾ ਪ੍ਰਤੀਤ ਨਹੀਂ ਹੋ ਰਿਹਾ। ਇਸੇ ਪ੍ਰਕਾਰ ਦੇ ਚਿੰਤਨ ਵਿਸ਼ਲੇਸ਼ਣ ਦਾ ਭਾਉ ਪਰਮਵੀਰ ਸਿੰਘ ਅੰਦਰ ਵੀ ਕਰਵਟ ਲੈਂਦਾ ਹੈ। ਸ਼ਾਇਦ ਇਸ ਲਈ ਉਹ ਕਾਵਿ ਸੰਗ੍ਰਹਿ ਦੇ ਅੰਤ ਤੇ ਪਰਵਾਸ ਕਿ ਪ੍ਰਮਾਣਿਕ ਪਰਵਾਸ ਸਿਰਲੇਖ ਅਧੀਨ ਇਕ ਲਘੂ ਲੇਖ ਵਿੱਚ ਇਸਦੀ ਗੱਲ ਵੀ ਕਰਦਾ ਹੈ। ਇਸ ਸਭ ਦੇ ਬਾਵਜੂਦ ਸਾਡੇ ਇਸ ਸ਼ਾਇਰ ਦਾ ਕਵੀ ਮਨ ਹਾਲੇ ਪਰਦੇਸੀ ਨਹੀਂ ਹੋਇਆ ਜੋ ਉਸਦੇ ਅਨੁਭਵ ਲਈ ਸਭ ਦੇਸ਼ ਨੂੰ ਪਰਾਇਆ ਬਣਾ ਦੇਵੇ। ਬਾਣੀ ਦੇ ਦੈਵੀਤਵ ਅਤੇ ਗੁਰੂ ਅਨੁਭਵ ਦੀ ਨੇੜਤਾ ਵਿੱਚ ਵਿਚਰਦਾ ਇਹ ਕਵੀ ਮਨ ਆਪਣੇ ਸਗਲ ਆਪੇ ਵਿਚ ਸਮੁੱਚੀ ਕਾਇਨਾਤ ਦਾ ਮਨ ਭਾਉਂਦਾ ਸਾਥੀ ਹੈ, ਜੋ ਬਾਬੇ ਦੀ ਰਬਾਬ ਦਾ ਤਾਨ ਸਗਲੀ ਧਰਤ 'ਤੇ ਸੁਣਦਾ ਹੈ ਅਤੇ ਇਸ ਦੀ ਵੰਨ-

ਸੁਵੰਨਤਾ ਨੂੰ ਮਾਣਦਾ ਹੋਇਆ ਉਹ ਮਨ ਪਰਦੇਸੀ ਅਥਵਾ ਪੂੰਜੀਵਾਦੀ ਤਰਜ਼-ਏ-ਅਨੁਭਵ ਦੀ ਅਧੀਨਗੀ ਵਿੱਚ ਜਾਣ ਤੋਂ ਬਚਾਈ ਰੱਖਣ ਦੇ ਆਹਰ ਵਿੱਚ ਹੈ। ਕਿਉਂਕਿ ਆਪਣੇ ਗੁਰੂ ਦੇ ਬਚਨ-ਅਨੁਭਵ ਰਾਹੀਂ ਉਹ ਜਾਣਦਾ ਹੈ:

ਪਰਦੇਸੀ ਹੋਣਾ
ਮਨ ਪਰਦੇਸੀ ਹੋਣ ਤੋਂ
ਕਿਤੇ ਚੰਗਾ ਯਾਰੋ (ਪੰਖੀ, ਪੰਨਾ 15)

ਹਵਾਲਾ ਸੂਚੀ

1. **W. H. Hudson.** *An Introduction to the Study of Literature*. George G. Harrap & Co., 1910, p. 10–12.
2. **ਪ੍ਰੋ. ਜਗਦੀਸ਼ ਸਿੰਘ** *ਭੂਮਿਕਾ: 'ਸੁਰਤਿ ਦੀ ਲੋਅ'*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006, ਪੰਨਾ 4-5.
3. **ਨਿੱਜੀ ਇੰਟਰਵਿਓ.**
4. **Edward Said.** "Reflections on Exile." *Reflections on Exile and Other Essays*, Harvard University Press, 2000, p. 137–149.
5. **Stuart Hall.** "Cultural Identity and Diaspora." *Identity: Community, Culture, Difference*, edited by Jonathan Rutherford, Lawrence & Wishart, 1990, p. 225
6. **Homi K. Bhabha.** *The Location of Culture*. Routledge, 1994, p. 10–11.
7. **Sigmund Freud.** "The 'Uncanny'." *The Standard Edition of the Complete Psychological Works of Sigmund Freud*, Volume XVII, translated by James Strachey, Hogarth Press, 1955, p. 219
8. **Salman Rushdie.** "Imaginary Homelands." *Imaginary Homelands: Essays and Criticism 1981–1991*, Granta Books, 1991, p. 10
9. **V. S. Naipaul.** *A House for Mr. Biswas*. Penguin Books, 1961, p. 8.

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 130-138

ਪਰਵਾਸੀ ਦੁਖਾਂਤ ਦੀ ਅਭਿਵਿਅਕਤੀ : 'ਅੰਗੂਠੇ ਦਾ ਨਿਸ਼ਾਨ'

ਡਾ. ਜਸਪ੍ਰੀਤ ਕੌਰ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,
ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ।

ਸਾਰ: ਆਵਾਸ ਅਤੇ ਪਰਵਾਸ ਦੋਹਾਂ ਧਰਾਤਲਾਂ ਤੇ ਮਨੁੱਖ ਨੇ ਪੂੰਜੀਵਾਦ ਦਾ ਅਸਰ ਕਬੂਲਿਆ ਹੈ। ਪੂੰਜੀਵਾਦ ਦੇ ਪ੍ਰਭਾਵ ਕਾਰਨ ਸਮਾਜਿਕ ਆਰਥਿਕ ਸਥਿਤੀਆਂ ਬਦਲੀਆਂ ਹਨ ਅਤੇ ਆਰਥਿਕ ਤੰਗੀਆਂ ਕਾਰਨ ਪ੍ਰਵਾਸ ਧਾਰਨ ਕਰਨ ਦਾ ਰੁਝਾਨ ਵਧੇਰੇ ਹੋਇਆ ਹੈ। ਪਰਵਾਸ ਧਾਰਨ ਕਰਨ ਨਾਲ ਮਨੁੱਖ ਆਰਥਿਕ ਪੱਖੋਂ ਤਾਂ ਸੁਖਾਵਾਂ ਹੋਇਆ ਹੈ ਪਰ ਸਰਮਾਇਆ ਜਟਾਉਣ ਦੇ ਅਲੱਗ-ਅਲੱਗ ਰਾਹ ਤਲਾਸ਼ਦਾ ਮਨੁੱਖ ਵੀ ਮਸ਼ੀਨ ਬਣ ਗਿਆ ਹੈ, ਜਿਸ ਕਰਕੇ ਉਸ ਵਿੱਚੋਂ ਸਾਂਝ ਅਪਣੱਤ ਭਾਵ ਸਦੀਵੀ ਮੋਹ ਛਿਣ ਭੰਗਰਾ ਹੋ ਗਿਆ ਹੈ ਤੇ ਰਿਸ਼ਤਿਆਂ ਵਿੱਚ ਖਲਾਅ ਆ ਗਿਆ ਹੈ। ਅਜਿਹੇ ਮਹੌਲ ਵਿੱਚ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ ਵਿੱਚੋਂ ਪੈਸੇ ਦੀ ਘਾਟ ਨੇ ਪਰਵਾਸ ਵੱਲ ਰੁਖ ਕਰਨ ਨੂੰ ਇੱਕ ਧਿਆਨ ਖਿੱਚੂ ਸਮੱਸਿਆ ਬਣਾਇਆ ਹੈ। ਹਥਲੇ ਪੇਪਰ ਵਿੱਚ ਸਾਹਿਤ ਦੀ ਸਮਾਜ ਸ਼ਾਸਤਰੀ ਆਲੋਚਨਾਤਮਕ ਖੋਜ ਵਿਧੀ ਰਾਹੀਂ 'ਅੰਗੂਠੇ ਦਾ ਨਿਸ਼ਾਨ' ਨਾਵਲ ਵਿੱਚ ਬਲਵਿੰਦਰ ਕੌਰ ਬਰਾੜ ਪੰਜਾਬ ਅਤੇ ਪੰਜਾਬੀਅਤ ਦੇ ਬਦਲਾਉ ਦੀਆਂ ਪ੍ਰਸਥਿਤੀਆਂ ਦੇ ਨਵੇਂ ਦਿਸਹੱਦੇ ਅਲਾਪਦੀ, ਪ੍ਰਵਾਸੀ ਪੰਜਾਬੀਆਂ ਦੇ ਬਹੁਪੱਖੀ ਮਸਲਿਆਂ ਨੂੰ ਆਪਣੇ ਮਰਕਜ਼ ਦਾ ਆਧਾਰ ਬਣਾਉਂਦੀ ਕਿਵੇਂ ਪੰਜਾਬ ਅਤੇ ਕੈਨੇਡਾ ਦੋਵੇਂ ਥਾਵਾਂ `ਤੇ ਵਿਚਰੀ ਹੋਣ ਸਦਕਾ ਸਮਾਜਕ ਵਾਸਤਵਿਕਤਾ ਅਤੇ ਮਨੁੱਖੀ ਜਜ਼ਬਾਤਾਂ ਦੇ ਚਿਤਰਣ ਦਾ ਯਥਾਰਥਵਾਦੀ ਪ੍ਰਗਟਾਵਾ ਕਰਦੀ, ਪੰਜਾਬ ਤੇ ਪਰਵਾਸੀ ਪੰਜਾਬ ਦੀਆਂ ਸਮੱਸਿਆਵਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਸਕਾਰਾਤਮਕ ਰਵੱਈਆ ਰੱਖਦੀ ਹੈ, ਇਸ ਨੂੰ ਬੜੇ ਗਹਿਨ ਅਧਿਐਨ ਸਦਕਾ ਪੇਸ਼ ਕੀਤਾ ਗਿਆ ਹੈ।

ਕੁੰਜੀ ਸ਼ਬਦ: ਪਰਵਾਸ, ਵਿਸ਼ਵੀਕਰਨ, ਭੂ-ਹੇਰਵਾ, ਸਾਕਾਰਾਤਮਕਤਾ, ਪੀੜ੍ਹੀ-ਪਾੜ੍ਹਾ, ਡਮੈਨਸ਼ੀਆ, ਯਥਾਰਥ, ਤ੍ਰਾਸਦੀ, ਕਰੂਰ, ਬੇਗਾਨਗੀ।

ਭੂਮਿਕਾ: ਪਰਵਾਸ ਸ਼ਬਦ ਆਪਣੇ ਆਪ ਵਿੱਚ ਇੱਕ ਮੂਲ ਸਮੱਸਿਆ ਹੈ ਅੰਗੂਠੇ ਦਾ ਨਿਸ਼ਾਨ ਨਾਵਲ ਵਿੱਚ ਡਾ. ਬਲਵਿੰਦਰ ਕੌਰ ਬਰਾੜ 'ਦੂਰ ਦੇ ਢੋਲ ਸੁਹਾਵਣੇ' ਕਹਾਵਤ ਨੂੰ ਭਲੀ ਭਾਂਤੀ ਸਿੱਧ ਕਰਦੀ ਨਜ਼ਰ ਆਉਂਦੀ ਹੈ, ਜਿਸ ਵਿੱਚ ਉਹ ਪੰਜਾਬੀ ਸਮਾਜ ਦੀਆਂ ਤਲਖ ਹਕੀਕਤਾਂ ਨੂੰ ਬਿਆਨਦੀ ਕਨੇਡਾ ਦੇ ਜੀਵਨ ਦੇ ਭਰਮਈ ਸੁਪਨਿਆਂ ਦੀ ਸੱਚਾਈ ਜਾਹਰ ਕਰਦੀ ਹੈ। ਇਸ ਵਿੱਚ ਦੋਨੋਂ ਥਾਵਾਂ ਤੇ ਵੱਸਦੇ ਪੰਜਾਬੀਆਂ ਦੀ ਸੁਭਾਅ ਵਿੱਚ

Volume: 13, March 2026 ISSN: 2394-0980
PP: 130-138

ਪਦਾਰਥਵਾਦੀ ਹੋੜ ਨੂੰ ਪੇਸ਼ ਕੀਤਾ ਗਿਆ ਹੈ ਤੇ ਨਾਲ ਹੀ ਰੂਹ ਦੀਆਂ ਗਹਿਰਾਈਆਂ ਚ ਵਸੇ ਸੱਭਿਆਚਾਰ ਵਿੱਚ ਪਰਿਵਰਤਨ ਨਾਲ ਪਹਿਲੀ ਤੇ ਹੁਣ ਦੀ ਪੀੜੀ ਵਿੱਚ ਆਈਆਂ ਤਰੇੜਾਂ ਨੂੰ ਪੇਸ਼ ਕੀਤਾ ਗਿਆ ਹੈ, ਜੋ ਪਹਿਲੀ ਪੀੜੀ ਲਈ ਅੰਗੂਠੇ ਦਾ ਨਿਸ਼ਾਨ ਹੋ ਨਿਬੜਿਆ ਹੈ। ਇਸ ਦੇ ਨਾਲ ਹੀ ਇਹ ਨਿਸ਼ਾਨ ਕੋਰੇ ਦਿਲ ਚ ਵਸੇ ਹਾਣੀ ਲਈ ਵੀ ਗਵਾਹੀ ਭਰਦਾ ਨਜ਼ਰ ਆਉਂਦਾ ਹੈ, ਜਿੱਥੇ ਕੁਆਰੀ ਕੁੜੀ ਆਪਦੇ ਮਾਂ ਬਾਪ ਦੀ ਇੱਜਤ ਸਤਿਕਾਰ ਲਈ ਆਪਣੀਆਂ ਰੀਝਾਂ ਮਾਰ ਲੈਂਦੀ ਹੈ, ਉਥੇ ਹੀ ਵਿਆਹ ਤੋਂ ਬਾਅਦ ਉਹ ਆਪਣੇ ਪਤੀ ਜੋ ਕਦੇ ਉਸਦੇ ਰੂਹ ਦਾ ਹਾਣੀ ਨਹੀਂ ਬਣਿਆ, ਉਸ ਨਾਲ ਬੰਨੀ ਘੁਟਣ ਮਹਿਸੂਸ ਕਰਦੀ, ਅਗਲੀ ਪੀੜੀ ਵਿੱਚ ਆਪਣੇ ਬੱਚਿਆਂ ਲਈ ਅਤੇ ਬੱਚਿਆਂ ਅਨੁਸਾਰ ਜੀਵਨ ਜਿਉਂਦੀ ਹੈ। ਸੋ ਇਸ ਨਾਵਲ ਵਿੱਚ ਔਰਤ ਦੇ ਸਬਰ ਸੰਤੋਖ , ਬੇਬਸੀ ਅਤੇ ਦਰਦ ਨੂੰ ਬਿਆਨ ਕੀਤਾ ਗਿਆ ਹੈ।

ਪਰਵਾਸੀ ਦੁਖਾਂਤ ਦੀ ਅਭਿਵਿਅਕਤੀ : 'ਅੰਗੂਠੇ ਦਾ ਨਿਸ਼ਾਨ'

ਅਜੋਕੇ ਵਿਸ਼ਵੀਕਰਨ ਦੇ ਦੌਰ 'ਚ ਪੂੰਜੀਵਾਦੀ ਸੋਚ ਨੇ ਮਨੁੱਖੀ ਸੁਭਾਅ 'ਚ ਵੱਡਾ ਪਰਿਵਰਤਨ ਲਿਆਂਦਾ ਹੈ। ਸਮਾਜ ਦੇ ਬਾਕੀ ਮਸਲੇ ਇਸਦੇ ਇਰਦ-ਗਿਰਦ ਘੁੰਮਦੇ ਹਨ। ਸਰਮਾਇਆ ਜਟਾਉਣ ਦੇ ਅਲੱਗ-ਅਲੱਗ ਰਾਹ ਤਲਾਸ਼ਦਾ ਮਨੁੱਖ ਵੀ ਮਸ਼ੀਨ ਬਣ ਗਿਆ ਹੈ, ਜਿਸ ਕਰਕੇ ਉਸ ਵਿੱਚੋਂ ਸਾਂਝ ਅਪਣੱਤ ਭਾਵ ਸਦੀਵੀ ਮੋਹ ਛਿਣ ਭੰਗਰਾ ਹੋ ਗਿਆ ਹੈ ਤੇ ਰਿਸ਼ਤਿਆਂ ਵਿੱਚ ਖਲਾਅ ਆ ਗਿਆ ਹੈ। ਅਜਿਹੇ ਮਹੌਲ ਵਿੱਚ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ ਵਿੱਚੋਂ ਪੈਸੇ ਦੀ ਘਾਟ ਨੇ ਪਰਵਾਸ ਵੱਲ ਰੁੱਖ ਕਰਨ ਨੂੰ ਇੱਕ ਧਿਆਨ ਖਿੱਚੂ ਸਮੱਸਿਆ ਬਣਾਇਆ ਹੈ ਜਿਸ ਰਾਹੀਂ ਵਿਸ਼ਵ ਵਰਤਾਰੇ ਵਿੱਚ ਪਦਾਰਥਵਾਦੀ ਯੁੱਗ ਅਧੀਨ ਸਵਾਰਥੀ ਬਣਿਆ ਮਨੁੱਖ ਜ਼ਿੰਦਗੀ ਦੇ ਹਰ ਵਰਤਾਰੇ ਨੂੰ ਬਾਜ਼ਾਰੂ ਸਮਝ ਵਪਾਰਕ ਆਧਾਰ ਤੇ ਰੱਖ ਕੇ ਚਲਦਾ ਨਜ਼ਰ ਆ ਰਿਹਾ ਹੈ। ਵਿਸ਼ਵੀਕਰਨ ਦੇ ਇਸ ਦੌਰ ਨੇ ਸਿਰਫ ਫਾਇਦੇ ਵਾਲੀ ਮਾਨਸਿਕਤਾ ਸਦਕਾ ਸਾਰਾ ਪੰਜਾਬ ਪਰਵਾਸ ਧਾਰਨ ਲਈ ਉੱਡੂ-ਉੱਡੂ ਕਰਦਾ ਫਿਰਦਾ ਹੈ ਤਦੇ ਤਾਂ ਪਿੰਡਾਂ ਦੇ ਘਰਾਂ ਦੀਆਂ ਟੈਂਕੀਆਂ ਦਾ ਬਣਿਆ ਜਹਾਜ਼ ਨੁਮਾ ਆਕਾਰ ਦਰਸਾਉਂਦਾ ਹੈ ਕਿ ਜਹਾਜ ਵਿੱਚ ਬੈਠਣ ਦੀ ਕਿੰਨੀ ਚਾਹ ਉਹਨਾਂ ਵਿੱਚ ਹੁਲਾਰੇ ਲੈ ਰਹੀ ਹੈ। "ਦੇਸ਼ ਦੀ ਸੰਘਣੀ ਆਬਾਦੀ, ਆਰਥਿਕ ਮੰਦਹਾਲੀ, ਬੇਰੁਜ਼ਗਾਰੀ ਤੇ ਨੀਵਾਂ ਜੀਵਨ ਪੱਧਰ ਪਰਵਾਸ ਦੇ ਪ੍ਰਮੁੱਖ ਪ੍ਰੇਰਕ ਹਨ। ਅਜੋਕੇ ਸਮੇਂ ਵਿੱਚ ਪੂੰਜੀਵਾਦੀ ਪ੍ਰਭਾਵਾਂ ਕਾਰਨ ਪੰਜਾਬੀ ਮਨੁੱਖ ਦੀਆਂ ਇੱਛਾਵਾਂ ਵਿੱਚ ਅਸੀਮ ਵਾਧਾ ਵੀ ਮੁੱਖ ਪ੍ਰੇਰਕ ਹੈ। ਉਚੇਰੀਆਂ ਸੁਖ ਸਹੂਲਤਾਂ ਵਾਲੇ ਸਮਾਜ ਅਤੇ ਜੀਵਨ ਦੀ ਤਾਂਘ ਅਤੇ ਉਸਦੀ ਪ੍ਰਾਪਤੀ ਲਈ ਦੌੜਨਾ ਅੱਜ ਦੇ ਪੰਜਾਬੀ ਮਨੁੱਖ ਦਾ ਸੁਭਾਵਿਕ ਵਿਵਹਾਰ ਬਣ ਗਿਆ ਹੈ।"[1]

'ਅੰਗੂਠੇ ਦਾ ਨਿਸ਼ਾਨ' ਨਾਵਲ ਵਿੱਚ ਬਲਵਿੰਦਰ ਕੌਰ ਬਰਾੜ ਪੰਜਾਬ ਅਤੇ ਪੰਜਾਬੀਅਤ ਦੇ ਬਦਲਾਉ ਦੀਆਂ ਪ੍ਰਸਥਿਤੀਆਂ ਦੇ ਨਵੇਂ ਦਿਸਹੱਦੇ ਅਲਾਪਦੀ, ਪ੍ਰਵਾਸੀ ਪੰਜਾਬੀਆਂ ਦੇ ਬਹੁਪੱਖੀ ਮਸਲਿਆਂ ਨੂੰ ਆਪਣੇ ਮਰਕਜ਼ ਦਾ

ਆਧਾਰ ਬਣਾਉਂਦੀ ਹੈ। ਪੰਜਾਬ ਅਤੇ ਕੈਨੇਡਾ ਦੋਵੇਂ ਥਾਵਾਂ `ਤੇ ਵਿਚਰੀ ਹੋਣ ਸਦਕਾ ਸਮਾਜਕ ਵਾਸਤਵਿਕਤਾ ਅਤੇ ਮਨੁੱਖੀ ਜਜ਼ਬਾਤਾਂ ਦੇ ਚਿਤਰਣ ਦਾ ਯਥਾਰਥਵਾਦੀ ਪ੍ਰਗਟਾਵਾ ਕਰਦੀ ਪੰਜਾਬ ਤੇ ਪਰਵਾਸੀ ਪੰਜਾਬ ਦੀਆਂ ਸਮੱਸਿਆਵਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਸਕਾਰਾਤਮਕ ਰਵੱਈਆ ਰੱਖਦੀ ਹੈ। ਸੰਯੁਕਤ ਪਰਿਵਾਰਾਂ ਦੇ ਸੁੱਖ ਦੱਸਦੀ ਗਰਜਾਂ ਦੇ ਸਿਖਰੀ ਅਪੜਨ ਨਾਲ ਸਾਂਝ ਟੁੱਟਣ ਦਾ ਕਾਰਨ ਰਿਸ਼ਤਿਆਂ ਦਾ ਪੈਸੇ ਦੀ ਸਾਖ਼ `ਤੇ ਖੜੇ ਹੋਣ ਨਾਲ ਖ਼ੁਰ ਰਹੀ ਅਪਣੱਤ ਦੇ ਵੇਰਵੇ ਦਿੰਦੀ ਪੂੰਜੀਵਾਦੀ ਨਿਜਾਮ ਅਧੀਨ ਮਨੁੱਖ `ਚੋ ਖਾਰਜ ਹੋ ਰਹੀ ਮਨੁੱਖਤਾ ਦਾ ਵਰਣਨ ਕਰਦੀ ਹੈ। ਬਾਹਰਲੇ ਮੁਲਕ ਤੋਂ ਆਏ ਮੁੰਡਿਆਂ ਸਾਹਮਣੇ ਪੰਜਾਬੀ ਪਰਿਵਾਰ ਆਪਣੀਆਂ ਧੀਆਂ ਨੂੰ ਇਸ ਢੰਗ ਨਾਲ ਸਜਾ ਕੇ ਪੇਸ਼ ਕਰਦੇ ਹਨ ਜਿਵੇਂ ਉਹ ਕੋਈ ਮੰਡੀ ਦੀ ਵਸਤ ਹੋਵੇ, ਅਜਿਹੇ ਸਮੇਂ ਇਹ ਵੀ ਨਹੀਂ ਦੇਖਿਆ ਜਾਂਦਾ ਕਿ ਉਹਨਾਂ ਦੋਨਾਂ ਦੇ ਹਾਣ ਪ੍ਰਵਾਣ ਦਾ ਜੋੜ ਵੀ ਹੈ ਜਾਂ ਨਹੀਂ। ਇਸੇ ਤਰ੍ਹਾਂ ਪੰਮੀ ਨੂੰ ਕਮਲ ਨਾਲ ਨਰੜ ਦਿੱਤਾ ਜਾਂਦਾ ਹੈ ਜੋ ਉਸ ਤੋਂ ਅੱਠ-ਦਸ ਸਾਲ ਵੱਡਾ ਤੇ ਕਰੂਪ ਦਿਖਦਾ ਸੀ, ਅਜਿਹਾ ਮਾਪੇ ਇਸ ਲਈ ਕਰਦੇ ਤਾਂ ਕਿ ਆਪਣੀ ਧੀ ਦੇ ਨਾਲ-ਨਾਲ ਸਾਰਾ ਟੱਬਰ ਕਨੇਡਾ ਵਿੱਚ ਜਾ ਕੇ ਸੈਟਲ ਹੋ ਸਕੇ ਪਰ ਉਸ ਕੁੜੀ ਦੀ ਰੂਹ ਹਾਣ ਪਰਵਾਣ ਦੇ ਦਿਲ ਦੇ ਜਾਨੀ ਲਈ ਤਾਅ ਉਮਰ ਕੁਰਲਾਉਂਦੀ ਰਹਿੰਦੀ ਹੈ। ਅਜਿਹੀ ਹੀ ਇਕ ਪੜੀ ਲਿਖੀ ਪੇਂਡੂ ਕੁੜੀ ਦੀ ਕਹਾਣੀ ਹੈ ਇਸ ਨਾਵਲ ਵਿੱਚ ਜੋ ਆਪਣੇ ਚਾਵਾਂ, ਸੱਧਰਾਂ, ਸੁਪਨਿਆਂ ਨੂੰ ਸਜਾਉਂਦੀ, ਸਹੇਜਦੀ ਅਪਣੱਤ ਵੰਡਦੀ, ਹਰ ਹਾਲਾਤ ਅਨੁਸਾਰ ਢਲਦੀ ਇਸ ਨਾਵਲ ਦੇ ਨਾਂ ਨੂੰ ਸਾਖਿਆਤ ਕਰਦੀ ਹੈ ਕਿ ਦਿਲਾਂ ਤੇ ਉਕਰਿਆ ਪਿਆਰ ਤੇ ਕਦਰਾਂ ਕੀਮਤਾਂ ਕਦੇ ਨਹੀਂ ਮਿਟਦੀਆਂ ਤਾਅ ਉਮਰ ਸੰਸਕਾਰਾਂ ਦੀ ਸ਼ਾਖ ਹਰੀ ਰਹਿੰਦੀ ਹੈ। ਜਦੋਂ ਕਿ ਇਸ ਤੋਂ ਪਹਿਲਾਂ ਉਸ ਨੂੰ ਜਦੋਂ ਦਸਵੀਂ ਦੇ ਪੇਪਰ ਦੇ ਰਹੀ ਹੁੰਦੀ ਹੈ ਕਨੇਡਾ ਤੋਂ ਆਏ ਅਰਜਣ ਨੂੰ ਵਿਖਾਇਆ ਜਾਂਦਾ ਹੈ, ਉਹ ਉਸਨੂੰ 'ਪਰਫੈਕਟ' ਕਹਿੰਦਾ ਹੋਇਆ ਰਿਸ਼ਤਾ ਪੱਕਾ ਕਰਦਾ ਹੈ। ਜਿਸ ਦੇ ਸੁਪਨਿਆਂ ਵਿੱਚ ਪੰਮੀ ਰੂਹ ਤੱਕ ਉਸ ਨੂੰ ਆਪਣਾ ਮੰਨਦੀ ਹੈ ਤੇ ਉਹ ਕੁਝ ਹੀ ਦਿਨਾਂ ਬਾਅਦ ਬਿਨਾਂ ਦੱਸੇ ਪਤਾ ਨਹੀਂ ਕਿੱਧਰ ਗਵਾਚ ਜਾਂਦਾ ਹੈ। ਜਿਸ ਨੂੰ ਉਹ ਜਵਾਨੀ ਤੋਂ ਬੁਢਾਪੇ ਤੱਕ ਵਿਆਹ ਤੋਂ ਬਾਅਦ ਵੀ ਦਿਲ ਦੇ ਕੋਨੇ ਵਿੱਚ ਸੱਜਰਾ ਰੱਖ ਕੇ ਉਡੀਕਦੀ ਹੈ। "ਉਹ ਸਾਰੇ ਰਾਹ ਸੋਚਦੀ ਰਹੀ ਮਨ ਵੀ ਕਿੰਨੀ ਅਜੀਬ ਸ਼ੈ ਹੈ।ਅੰਦਰ ਇਕ ਭੀੜ ਪਾਲ ਲੈਂਦਾ ਹੈ ਉਸ ਭੀੜ ਵਿੱਚ ਕਿੰਨੇ ਲੋਕ ਆ ਜੁੜਦੇ ਤੇ ਵਿਛੜਦੇ ਰਹਿੰਦੇ ਨੇ ਪਰ ਕੋਈ ਮਨ ਵਿੱਚ ਉੱਗੇ ਸਾਂਝਾ ਦੇ ਰੁੱਖ ਹੇਠ ਦੁਬਕ ਕੇ ਬੈਠ ਹੀ ਜਾਂਦਾ ਹੈ। ਅਰਜਨ ਵਰਗਾ ਆਪਣੇ ਸਦੀਵੀਂ ਨਕਸ਼ ਹਮੇਸ਼ਾ ਲਈ ਉਲੀਕ ਜਾਂਦਾ ਹੈ। ਅੰਦਰ ਖੁਣੇ ਅਜਿਹੇ ਨਕਸ਼ ਸੀਨੇ ਦੀ ਸਲੇਟ ਤੋਂ ਕਦੇ ਨਹੀਂ ਮਿਟਦੇ।"[2] ਜਦੋਂ ਕਿ ਅਰਜਣ ਸਭ ਕੁਝ ਭੁੱਲ ਕੇ ਕਨੇਡਾ ਵਿੱਚ 'ਮੋਟੀ ਸਾਮੀ' ਨਾਲ ਵਿਆਹ ਕਰਵਾ ਲੈਂਦਾ ਹੈ ਜੋ ਮੰਡੀ ਵਿੱਚ ਵਸਦੇ ਮੰਡੀ ਹੋ ਨਿਬੜੇ ਰਿਸ਼ਤਿਆਂ ਦੀ ਗਵਾਹੀ ਭਰਦਾ ਹੈ ਤੇ ਇਹ ਰਿਸ਼ਤਾ ਵੀ ਸੱਭਿਆਚਾਰਕ ਵੱਖਰੇਵਿਆਂ ਦੀ ਭੇਟ ਚੜ ਜਾਂਦਾ ਹੈ ਕਿਉਂਕਿ ਕੁਝ ਸਮੇਂ ਬਾਅਦ ਹੀ ਉਧਰ ਜੰਮੀ ਪਲੀ ਉਸ ਦੀ ਘਰਵਾਲੀ ਉਸ ਨੂੰ ਤਲਾਕ ਦੇ ਦਿੰਦੀ ਹੈ ਤੇ ਆਪਣਾ ਬੱਚਾ ਲੈ ਕੇ ਅਲੱਗ ਹੋ ਜਾਂਦੀ ਹੈ, ਜਿਸ ਕਰਕੇ

ਅਰਜਨ ਡਮੈਨਸ਼ੀਆ ਦਾ ਸ਼ਿਕਾਰ ਹੋਇਆ ਐਕਸੀਡੈਂਟ ਵਿਚ ਯਾਦਦਾਸ਼ਤ ਗਵਾ ਬੈਠਦਾ ਹੈ ਤੇ ਆਖਰ ਇਕਲਾਪੇ ਨਾਲ ਜੂਝਦਾ ਗੁਮਨਾਮੀ ਦੀ ਮੌਤ ਮਰ ਜਾਂਦਾ ਹੈ।

ਮਨੁੱਖੀ ਕਾਰ-ਵਿਹਾਰ, ਸਥਿਤੀਆਂ-ਪ੍ਰਸਥਿਤੀਆਂ ਤੋਂ ਪ੍ਰਾਪਤ ਅਨੁਭਵ ਸਾਹਿਤ ਰਾਹੀਂ ਪ੍ਰਤੱਖ ਹੋਂਦ ਗ੍ਰਹਿਣ ਕਰਦਾ ਹੈ, ਜਿਸ ਵਿੱਚ ਮਨੁੱਖੀ ਅਵਚੇਤਨ `ਤੇ ਉਕਰਿਆ ਕੋਈ ਨਿਸ਼ਾਨ ਉਸਨੂੰ ਅਕਸਰ ਝੰਜੋੜਦਾ ਚਿੰਤਨਸ਼ੀਲ ਤੇ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕਰਦਾ ਹੈ। ਇਸ ਨਾਵਲ ਵਿੱਚ ਕੁੜੀਆਂ ਦੇ ਜਵਾਨੀ ਦੇ ਅਹਿਸਾਸ ਤੇ ਸੁਪਨਿਆਂ ਦਾ ਉਦੋਂ ਖਾਤਮਾ ਹੁੰਦਾ ਹੈ ਜਦੋਂ ਉਹ ਜ਼ਿੰਦਗੀ ਦੀਆਂ ਹਕੀਕਤਾਂ ਨਾਲ ਦੋ ਚਾਰ ਹੁੰਦੀਆਂ ਆਪਣੇ ਪਤੀ ਨੂੰ ਆਪਣੇ ਅੰਦਰ ਦਾ ਹਾਣੀ ਨਾ ਹੋ ਸਕਣ ਬਾਰੇ ਇਕੱਲਤਾ ਮਹਿਸੂਸ ਕਰਦੀਆਂ ਹਨ ਜਿਵੇਂ ਇਸ ਨਾਵਲ ਦੀ ਨਾਇਕਾ ਪੰਮੀ ਆਪਣੇ ਰਿਸ਼ਤੇ ਵਿੱਚ ਇਕੱਲਤਾ ਹੰਢਾਉਂਦੀ ਵਲੂੰਧਰੀ ਜਾਂਦੀ ਹੈ। ਬਾਹਰਲੇ ਮੁਲਕਾਂ ਦੀਆਂ ਖੋਖਲੀਆਂ ਲਿਸ਼ਕਾਂ ਪੁਸ਼ਕਾਂ ਇਧਰਲਿਆਂ ਦੇ ਮਨ ਨੂੰ ਬਾਹਰ ਜਾਣ ਦਾ ਧੁੜਕੂ ਲਾ ਰੱਖਦੀਆਂ ਹਨ ਤਦੇ ਤਾਂ ਰੱਜਦੇ ਪੁੱਜਦੇ ਘਰ ਵੀ ਬੇਗਾਨੀਆਂ ਧਰਤੀਆਂ ਤੇ ਵੱਸਣ ਲਈ ਉਤਾਵਲੇ ਰਹਿੰਦੇ ਹਨ ਤੇ ਆਪਣੇ ਬਣੇ ਬਣਾਏ ਮਹਿਲ ਵਰਗੀਆਂ ਕੋਠੀਆਂ, ਘਰਾਂ ਨੂੰ ਭਈਆ ਦੇ ਹਵਾਲੇ ਕਰਕੇ ਤੁਰ ਜਾਂਦੇ ਹਨ ਤੇ ਭਈਆਂ ਦਾ ਇੱਥੇ ਹੀ ਘਰਾਂ ਦੇ ਮਾਲਕ ਬਣਨਾ ਕਨੇਡਾ ਹੋ ਨਿਬੜਦਾ ਹੈ ਜਦੋਂ ਕਿ ਉੱਥੇ ਇਕ ਘਰ ਸਾਰੀ ਉਮਰ ਆਪਣਾ ਨਹੀਂ ਬਣਦਾ ਕਿਉਂਕਿ ਉਸ ਦੀਆਂ ਕਿਸ਼ਤਾਂ ਹੀ ਪੂਰੀਆਂ ਨਹੀਂ ਹੁੰਦੀਆਂ। ਧੀਆਂ ਦੇ ਹਾਣ-ਪਰਵਾਣ ਅਤੇ ਉਸਦੇ ਸੁਪਨਿਆਂ ਦੇ ਹਾਣੀ ਬਾਰੇ ਨਹੀਂ ਸੋਚਿਆ ਜਾਂਦਾ ਬਸ ਮਾਪਿਆਂ ਦੇ ਆਪ ਬਾਹਰ ਜਾਣ ਦੀ ਖ਼ਾਹਿਸ਼ ਨੇ ਅਨ -ਜੋੜ ਰਿਸ਼ਤੇ ਬੰਨ੍ਹ ਦਿੱਤੇ। "ਇਕੱਠੀਆਂ ਹੋਈਆਂ ਅੱਲੜ੍ਹ ਕੁੜੀਆਂ ਜਦੋਂ ਏਸ ਹੋਣ ਵਾਲੇ ਰਿਸ਼ਤੇ ਬਾਰੇ ਸੋਚਦੀਆਂ ਜਾਂ ਗੱਲਾਂ ਕਰਦੀਆਂ ਨੇ ਕਿਵੇਂ ਹਕੀਕਤ ਤੋਂ ਪੈਰ ਚੁੱਕੇ ਹੁੰਦੇ ਨੇ। ਉਨ੍ਹਾਂ ਨਾਜ਼ੁਕ ਪਲਾਂ ਵਿੱਚ ਪਾਲਣ ਵਾਲਾ ਖਿਆਲ ਬਸ ਤਕੀਏ ਹੇਠ ਰੱਖੀਆਂ ਕਲੀਆਂ ਦੀ ਭਿੰਨੀ-ਭਿੰਨੀ ਸੁਗੰਧੀ ਵਰਗਾ ਈ ਤਾਂ ਹੁੰਦੈ। ਪਰ ਲੋੜਾਂ ਥੋੜਾਂ ਤੇ ਗਰਜਾਂ ਨਾਲ ਖਹਿੰਦੀ ਜ਼ਿੰਦਗੀ ਆਪਣਾ ਤਾਣਾ ਪੇਟਾ ਬੜੇ ਕੁਰੱਖਤ ਹੱਥਾਂ ਨਾਲ ਤਣਦੀ ਹੈ। ਖੌਲਦੇ ਸਮੁੰਦਰ ਵਰਗੀਆਂ ਰੀਝਾਂ ਵਿਆਹ ਜਹੀ ਰਸਮ ਨਾਲ ਟਕਰਾ ਕੇ ਇਕ ਦਮ ਆਠਰ ਜਾਂਦੀਆਂ ਨੇ। ਸਭ ਅਰਮਾਨਾਂ ਦਾ ਪਿੰਡਾ ਝਰੀਟਿਆ ਜਾਂਦੈ। ਫੇਰ ਸੋਚਾਂ ਵਿੱਚ ਉਮਰ ਭਰ ਉਨਾਂ ਤੋਂ ਲਹੂ ਸਿੰਮਦਾ ਲਗਦੈ।"[3]

ਇਸ ਨਾਵਲ ਵਿੱਚ ਔਰਤ ਦੇ ਮਨ ਦੀ ਥਾਅ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਵੇਂ ਔਰਤ ਸਬਰ, ਸੰਤੋਖ ਦੀ ਮੂਰਤੀ ਨਜ਼ਰ ਆਉਂਦੀ, ਸੰਘਰਸ਼, ਸਮਰਪਣ, ਤਿਆਗ ਕਰਦੀ ਪਰਿਵਾਰਕ ਮੇਲ ਲਈ ਰਿਸ਼ਤਿਆਂ ਨੂੰ ਚਿਰ ਸਥਾਈ ਬਣਾਉਣ ਵਾਲੀ ਪਰਿਵਾਰਕ ਸੰਰਚਨਾ ਦਾ ਕੇਂਦਰੀ ਥੰਮ ਬਣਦੀ ਆਪਣੀ ਹੋਂਦ ਨੂੰ ਸਭ ਦੀ ਹੋਂਦ ਵਿੱਚ ਸ਼ਾਮਿਲ ਕਰ ਦਿੰਦੀ ਹੈ। "ਕੁੜੀਆਂ ਤਾਂ ਸਮਾਈ ਕਰਨ ਵਾਲੀਆਂ ਹੁੰਦੀਆਂ ਨੇ, ਵੱਢਿਆਂ `ਚ ਸਮਾਉਣ ਵਾਲੀਆਂ।"[4] ਸਾਰਿਆਂ ਨੂੰ ਖੁਸ਼ ਰੱਖਣ ਲਈ ਆਦਰਸ਼ਵਾਦੀ ਔਰਤ ਆਪਣੀ ਪਛਾਣ ਰਿਸ਼ਤਿਆਂ ਦੇ ਨਿਭਾਅ ਧੀ, ਭੈਣ, ਪਤਨੀ,

Volume: 13, March 2026 ISSN: 2394-0980
PP: 130-138

ਮਾਂ ਦੇ ਰੂਪ `ਚ ਗੌਰਵਮਈ ਬਣਾਉਂਦੀ ਹੈ। ਇਹੀ ਆਦਰਸ਼ਵਾਦੀ ਸਾਰਥਕਤਾ ਉਸਨੂੰ ਪਰਦੇਸੀ ਹਕੀਕਤਾਂ ਨਾਲ ਟਕਰਾਉਣ ਵੇਲੇ ਤਾਰ-ਤਾਰ ਹੁੰਦੀ ਨੂੰ ਸਮੇਟਦੀ ਹੈ। ਇੱਥੇ ਲੇਖਿਕਾ ਔਰਤ ਦੇ ਅੰਦਰੂਨੀ ਮਨ ਤੇ ਬਾਹਰੀ ਜ਼ਿੰਮੇਵਾਰੀਆਂ ਵਿੱਚ ਸੰਤੁਲਨ ਬਣਾਉਣ `ਚ ਕਾਮਯਾਬ ਹੋਈ ਹੈ। ਭਾਰਤੀ ਪੰਜਾਬ ਵਿੱਚ ਧੀਆਂ ਨਾਲ ਵਾਪਰਦੇ ਦੁਖਾਂਤ ਨੂੰ ਬਿਆਨ ਕਰਦੀ ਔਰਤ ਦੀ ਹੋਣੀ ਨੂੰ ਤ੍ਰਾਸਦਿਕ ਸ਼ਬਦਾਂ ਵਿੱਚ ਬਿਆਨਦੀ ਪੱਛਮੀ ਦੇਸ਼ਾਂ ਤੇ ਭਾਰਤੀ ਪੰਜਾਬ ਵਿੱਚ ਔਰਤਾਂ ਦੇ ਅਸਤਿਤਵ ਦੀਆਂ ਪ੍ਰੇਸ਼ਾਨੀਆਂ ਨੂੰ ਦ੍ਰਿਸ਼ਟਮਾਨ ਕਰਦੀ ਔਰਤ ਦੀ ਹੋਣੀ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। "ਬਾਹਰਲੇ ਮੁਲਕ ਰੁਲਦੀਆਂ ਧੀਆਂ ਦੀ ਕਰੂਰ ਤਸਵੀਰ ਦੀਆਂ ਕਈ ਘਟਨਾਵਾਂ ਨਾਲ ਡਰਾਇਆ ਸੀ, ਪਰ ਮਾਸਟਰ ਸੁਰਜੀਤ ਦਲੀਲ ਆਪਣੇ ਆਪ ਹੀ ਘੜ ਲੈਂਦਾ ਕਿ ਏਧਰ ਕਿਹੜਾ ਘੁੱਗ ਵਸਦੀਆਂ ਨੇ। ਏਥੇ ਤਾਂ ਅਗਲੇ ਅੰਦਰ ਈ ਖਪਾ ਕੇ ਪੇਕਿਆਂ ਦੇ ਆਉਣ ਤੋਂ ਪਹਿਲਾਂ ਸ਼ਿਵਾ ਬਾਲ ਧਰਦੇ ਨੇ। ਜੇ ਕਿਸਮਤ ਮਾੜੀ ਹੋਵੇ ਤਾਂ ਹੋਣੀ ਕਿਤੇ ਵੀ ਵਾਪਰ ਸਕਦੀ ਐ। ਦੂਜਾ ਬਾਹਰਲੇ ਮੁਲਕ ਕੁੜੀ ਦੀ ਧਿਰ ਬਣਕੇ ਤਾਂ ਇਨਸਾਫ ਪੁਗਾ ਹੀ ਦਿੰਦੇ ਨੇ। ਏਥੇ ਤਾਂ ਸਾਰੀ ਉਮਰ ਕਚਹਿਰੀਆਂ ਦੇ ਚੱਕਰਾਂ ਵਿੱਚ ਨਿਬੜ ਜਾਂਦੀ ਐ।"[5]

ਇਹ ਨਾਵਲ ਪਿੰਡ ਤੋਂ ਸ਼ੁਰੂ ਹੋ ਕੇ ਕਨੇਡਾ ਤੱਕ ਪਹੁੰਚਦਾ ਇਥੋਂ ਦੇ ਸਾਰੇ ਪਾਸਾਰਾਂ ਨੂੰ ਹੰਘਾਲਦਾ ਦੂਰਦ੍ਰਿਸ਼ਟੀ ਦਾ ਧਾਰਨੀ ਹੈ, ਜਿਸ ਵਿੱਚ ਕਹੇ ਨਾਲੋਂ ਅਣਕਿਹਾ ਸੁਨੇਹਾ ਵਧੇਰੇ ਹੈ। ਪੰਜਾਬ ਦੀ ਮੜਕ ਖਤਮ ਹੋਣ ਬਾਰੇ ਦੱਸਦੀ ਨਾਵਲਕਾਰਾ ਇਥੋਂ ਦੇ ਗੱਭਰੂਆਂ ਦਾ ਪੜ੍ਹਾਈ ਵਲੋਂ ਕਿਨਾਰਾ ਕਰਨਾ ਤੇ ਬੱਚਿਆਂ ਦਾ ਮਾਂ-ਬਾਪ ਹੱਥੋਂ ਨਿਕਲਣ ਦਾ ਕਾਰਨ ਨਸ਼ਾ ਤੇ ਕੰਮ ਦੇ ਮੌਕਿਆਂ ਦੀ ਘਾਟ, ਦਹੇਜ ਪ੍ਰਥਾ, ਪ੍ਰਦੂਸ਼ਿਤ ਹੋ ਰਹੇ ਪੰਜਾਬ ਵਿੱਚ ਮਨੁੱਖੀ ਮਨੋ-ਸੰਕਟ ਦੀਆਂ ਅਨੇਕਾਂ ਗੁੰਝਲਾਂ, ਨਿੱਕੀ ਕਿਸਾਨੀ ਸਿਰ ਚੜੇ ਕਰਜੇ ਕਾਰਨ ਵਧ ਰਹੇ ਮਾਨਸਿਕ ਤਣਾਅ ਜਿਹੇ ਬੁਨਿਆਦੀ ਮਸਲਿਆਂ ਤੇ ਝਾਤ ਪਾਉਂਦੀ ਹੈ। "ਪਰਵਾਸ ਲਈ ਕਦੇ ਭੂਗੋਲਿਕ, ਕਦੇ ਰਾਜਨੀਤਿਕ, ਕਦੇ ਆਰਥਿਕ ਅਤੇ ਕਦੇ ਧਾਰਮਿਕ ਕਾਰਨ ਜਿੰਮੇਵਾਰ ਰਹੇ ਹਨ। ਬਹੁਤਿਆਂ ਹਾਲਾਤਾਂ ਵਿੱਚ ਇਸ ਵਿੱਚ ਬਹੁਤ ਵੱਡੀ ਮਜ਼ਬੂਰੀ ਜਾਂ ਜ਼ਬਰਦਸਤੀ ਵੀ ਸ਼ਾਮਿਲ ਰਹੀ ਹੈ ਪਰ ਵਰਤਮਾਨ ਸਮੇਂ ਵਿੱਚ ਭਾਰਤ ਤੋਂ ਦੂਸਰੇ ਦੇਸਾਂ ਵੱਲ ਹੋਣ ਵਾਲਾ ਪਰਵਾਸ ਮੁੱਖ ਤੇ ਚੰਗੇਰੇ ਭਵਿੱਖ ਦੀ ਤਲਾਸ਼ ਵਿੱਚ ਕੀਤਾ ਜਾਂਦਾ ਹੈ।"[6] ਨਾਵਲ ਵਿੱਚ ਲੋਕਾਂ ਦੇ ਸੁਪਨੇ ਸਬਜ਼ਬਾਗ ਉਹਨਾਂ ਦੇ ਘਰਾਂ ਤੋਂ ਦੂਰ ਤੁਰ ਜਾਣ ਦਾ ਸ੍ਵੈ-ਵਿਖਿਆਨ ਹੈ। ਡਾਲਰਾਂ ਦੀ ਦੌੜ ਨੇ ਪੰਜਾਬ ਅੱਧਾ ਖਾਲੀ ਕਰ ਦਿੱਤਾ, ਜਿਸ ਸਦਕਾ ਹੰਢਣਸਾਰ ਸਾਂਝਾ ਦਾ ਖਾਤਮਾ ਹੋ ਗਿਆ ਤੇ ਪੰਜਾਬ ਦੀ ਆਰਥਿਕਤਾ `ਤੇ ਇੱਕ ਸਵਾਲੀਆ ਨਿਸ਼ਾਨ ਲੱਗ ਗਿਆ ਹੈ।"ਫਗਵਾੜੇ ਨੇੜੇ ਜਾਂਦੇ ਅਜਿਹੇ ਹੀ ਇਕ ਰਾਹ ਤੇ ਵਸਿਆ ਨੰਗਲ ਪਿੰਡ ਘੁੱਗ ਵਸਦਾ ਸੀ ਜਿਥੇ ਹੁਣ ਉੱਚੀਆਂ ਇਮਾਰਤਾਂ ਵਿੱਚ ਸੁੰਨ ਸਰਾਂ ਹੋਈ ਪਈ ਹੈ। ਸ਼ਾਇਦ ਹੀ ਕੋਈ ਘਰ ਬਚਿਆ ਹੋਵੇ ਜਿਸਦਾ ਕੋਈ ਜੀ ਬਾਹਰਲੇ ਮੁਲਕ ਨਾ ਗਿਆ ਹੋਵੇ। ਹਰ ਤੀਜੇ ਘਰ ਦਾ ਪੂਰਾ ਪਰਿਵਾਰ ਬਾਹਰਲੇ ਮੁਲਕ ਨੂੰ ਵਹੀਰਾਂ ਘੱਤ ਕੇ ਜਾ ਚੁੱਕਿਆ ਹੈ। ਜਿਹੜੇ ਮਗਰ ਰਹਿ ਵੀ ਗਏ ਉਹ ਅੱਡੀਆਂ ਚੁੱਕ-ਚੁੱਕ ਫਾਹਾ ਲੈਣ ਤੱਕ ਜਾਂਦੇ ਕਿ ਕੋਈ ਹੀਲਾ

Volume: 13, March 2026 ISSN: 2394-0980
PP: 130-138

ਵਸੀਲਾ ਬਣੇ ਤਾਂ ਉਹ ਵੀ ਇਸ ਪਿੰਡ ਨੂੰ ਛੱਡ ਕੇ ਬਾਹਰ ਭੱਜਣ ਜਿਵੇਂ ਲੋਕਾਂ ਦੀਆਂ ਆਪਣੀਆਂ ਕੰਧਾਂ, ਆਪਣੀ ਮਿੱਟੀ, ਆਪਣੀ ਜੂਹ ਤੇ ਆਪਣੇ ਰੁੱਖਾਂ ਨਾਲੋਂ ਅੰਦਰੋਂ ਲਗਾਵ ਹੀ ਖੁਰ ਗਿਆ ਹੋਵੇ। ਜਿਵੇਂ ਅੰਦਰੋਂ ਕੁਝ ਵਢਿਆ ਗਿਆ ਹੋਵੇ। ਮੰਡੀ ਦੀ ਲਪੇਟ `ਚ ਅੰਦਰਲੀ ਲੇਸ ਮਰ ਮੁਕ ਗਈ ਲੱਗਦੀ ਹੈ।"[7] ਪਰਵਾਸ ਲੋਕਾਂ ਨੂੰ ਭਰਮਾਉਂਦਾ ਹੈ ਜਦ ਕਿ ਇਸ ਦੀ ਅਸਲ ਹਕੀਕਤ ਉਥੋਂ ਦੇ ਵਾਸ਼ਿੰਦੇ ਜਾਹਰ ਨਹੀਂ ਹੋਣ ਦਿੰਦੇ, ਇਸੇ ਨੂੰ ਪੰਮੀ ਦੇ ਵਿਆਹ ਤੇ ਕੈਨੇਡਾ ਤੋਂ ਆਇਆ ਉਸ ਦਾ ਫੁੱਫੜ ਰਘਬੀਰ ਸਿੰਘ ਸੱਚਾਈ ਬਿਆਨ ਕਰਦਾ ਦੱਸਦਾ ਹੈ ਕਿ ਬੇਗਾਨੀ ਧਰਤੀ ਤੇ ਸਰੀਰ ਤੋੜਵੀਂ ਮਿਹਨਤ ਕਰਨ ਤੋਂ ਬਾਅਦ ਵੀ ਇੱਕ ਪਲ ਸੁਖਦਾ ਨਹੀਂ ਮਿਲਦਾ ਕਿਉਂਕਿ ਹਰ ਸਮੇਂ ਆਪਣੀ ਧਰਤੀ ਦਾ ਉਦਰੇਵਾਂ ਇੱਕ ਖਲਾਅ ਬਣਾਈ ਰੱਖਦਾ ਹੈ ਕਿਉਂਜੋ ਉਧਰ ਰਿਸ਼ਤਿਆਂ ਦੀਆਂ ਸਾਂਝਾਂ ਤੋਂ ਜਰੂਰੀ ਡਾਲਰ ਸਮਝੇ ਜਾਂਦੇ ਹਨ ਤਦੇ ਤਾਂ ਦਿਲ ਦੀਆਂ ਦਹਲੀਜਾਂ ਤੇ ਪਿਆਰ ਦੀ ਥਾਂ ਸੰਨਾਟੇ ਦਾ ਬੀਆਬਾਨ ਉਸਰਦਾ ਹੈ। ਇਸ ਤਰ੍ਹਾਂ ਇਸ ਨਾਵਲ ਵਿੱਚ ਭੂ ਹੇਰਵੇ ਦੀ ਇਕੱਲਤਾ ਵਾਲੀ ਕੈਦ ਨਜ਼ਰ ਆਉਂਦੀ ਹੈ। ਇਸ ਦੇ ਨਾਲ ਹੀ ਲੇਖਿਕਾ ਦੱਸਦੀ ਹੈ ਕਿ ਕੁਝ ਲੋਕਾਂ ਦੁਆਰਾ ਦਿਖਾਏ ਹਸੀਨ ਤੇ ਰੰਗੀਨ ਸੁਪਨੇ ਉਧਰਲੀ ਧਰਤੀ ਨੂੰ ਸਵਰਗ ਦਿਖਾਉਂਦੇ ਹਨ, ਅਜਿਹਾ ਹੀ ਪੰਮੀ ਦੀ ਭੂਆ ਸ਼ੇਖੀਆਂ ਮਾਰਦੀ ਲੋਕਾਂ ਦੇ ਜਹਿਨ 'ਚ ਸਬਜ਼ਬਾਗ ਉਕਰਦੀ ਕਹਿੰਦੀ ਹੈ ਕਿ ਕਨੇਡਾ ਦੀ ਧਰਤੀ ਤਾਂ ਸਵਰਗ ਹੈ। ਲੇਖਿਕਾ ਦੱਸਦੀ ਹੈ ਕਿ ਸੱਚਾਈ ਇਸ ਕਰਕੇ ਛੁਪਾਈ ਜਾਂਦੀ ਹੈ ਤਾਂ ਕਿ ਧੋਖੇ ਦੇ ਪਾਜ ਨਾ ਉਧੜ ਜਾਣ। ਅਜਿਹੇ ਦਿਖਾਏ ਨਕਲੀ ਰੰਗੀਨ ਸੁਪਨੇ ਹੀ ਲੋਕਾਂ ਨੂੰ ਜੱਦੀ ਪੁਸ਼ਤੀ ਘਰ, ਧਰਤੀ, ਆਪਣੀਆਂ ਜੜਾਂ ਤਿਆਗਣ ਸਮੇਂ ਦੁਖੀ ਨਹੀਂ ਹੋਣ ਦਿੰਦੇ ਸਗੋਂ ਓਪਰੀਆਂ ਧਰਤੀਆਂ ਦੀ ਚਕਾਚੌਂਦ ਉਹਨਾਂ ਨੂੰ ਉਧਰਲੀ ਧਰਤੀ ਤੇ ਪਹੁੰਚਣ ਲਈ ਹਰ ਹੀਲਾ ਵਰਤਣ ਲਈ ਤਰਜੀਹ ਦਿੰਦੀ ਹੈ। ਦਿਲ ਅਤੇ ਦਿਮਾਗ ਤੋਂ ਰਹਿਤ ਡਾਲਰ ਇਕੱਠੇ ਕਰਨ ਦੀ ਹੋੜ ਵਿੱਚ ਦਿਨ ਰਾਤ ਮਸ਼ੀਨਾਂ ਵਾਂਗ ਭੱਜ ਨਠ ਹੁੰਦੀ ਹੈ ਸਹੀ ਮਾਇਨੇ ਵਿੱਚ ਜੇ ਕਿਹਾ ਜਾਵੇ ਤਾਂ ਮਸ਼ੀਨਾਂ ਵਾਲੀ ਜਿੰਦਗੀ ਹੈ ਜਿੱਥੇ ਟੱਬਰ ਇਕ ਡੰਗ ਦੀ ਰੋਟੀ ਵੀ ਇਕੱਠਾ ਬੈਠ ਕੇ ਨਹੀਂ ਖਾ ਸਕਦਾ ਤੇ ਨਾ ਹੀ ਰੂਹਾਂ ਦੀਆਂ ਸਾਂਝਾਂ ਨਿਭਾਉਣ ਦਾ ਟਾਈਮ ਹੁੰਦਾ ਹੈ, ਇਥੋਂ ਦੇ ਰਿਸ਼ਤੇ ਲਾਲਚ ਵਸ ਲੋੜ ਲਈ ਛਿਨ ਭੰਗਰੇ ਹਨ। " ਤੇਜ਼ ਰਫਤਾਰੀ ਮਸ਼ੀਨਵਤ ਜਿੰਦਗੀ, ਵਿਹਲ ਦੀ ਘਾਟ, ਅਲਗਾਵ, ਇਕੱਲ, ਉਦਾਸੀ, ਅਜਨਬੀਪਣ ਖਿਝ, ਉਕਤਾਹਟ ਬੇਗਾਨਗੀ, ਬੇਚਾਰਗੀ, ਚਿੜਚਿੜਾਪਣ... ਇਸ ਸਭ ਕੁਝ ਦੇ ਬਦਲੇ ਵਿੱਚ ਮਿਲਦੇ ਹਨ ਪਰਵਾਸੀਆਂ ਨੂੰ ਇਥੋਂ ਦੇ ਟਾਕਰੇ ਵਿੱਚ ਵਧੇਰੇ ਪੈਸੇ। ਪਰ ਇਸ ਦੀ ਕੀਮਤ ਉਹਨਾਂ ਨੂੰ ਆਪਣੇ ਤਨ ਮਨ ਦਾ ਸੁਖ ਅਤੇ ਪਰਿਵਾਰਿਕ ਜਿੰਦਗੀ ਦੇ ਨਿੱਘ ਤੋਂ ਕਾਫੀ ਹੱਦ ਤੀਕ ਵਿਰਵੇ ਹੋਣ ਦੇ ਰੂਪ ਵਿੱਚ ਤਾਰਨੀ ਪੈਂਦੀ ਹੈ।"[8] ਪਰਵਾਸ ਦੇ ਸਾਕਾਰਾਤਮਕ ਪੱਖਾ ਬਾਰੇ ਲੇਖਿਕਾ ਗੱਲ ਕਰਦੀ ਦੱਸਦੀ ਹੈ ਕਿ ਉਥੇ ਆਪਣੇ ਆਪ ਤੇ ਯਕੀਨ ਹੋਣਾ ਚਾਹੀਦਾ ਹੈ ਕੰਮਾਂ ਦੀ ਘਾਟ ਨਹੀਂ, ਜਾਤਾਂ ਦੇ ਆਧਾਰ ਤੇ ਕੰਮਾਂ ਵਿੱਚ ਕੋਈ ਵੰਡ ਨਹੀਂ। ਕਾਨੂੰਨ ਸਾਰਿਆਂ ਲਈ ਬਰਾਬਰ ਹਨ। ਉਸ ਧਰਤੀ 'ਤੇ ਬਜ਼ੁਰਗ, ਬੱਚਿਆਂ ਅਤੇ ਔਰਤਾਂ ਨਾਲ ਕੋਈ ਵਧੀਕੀ ਨਹੀਂ ਕੀਤੀ ਜਾ ਸਕਦੀ, ਕਾਨੂੰਨ ਸਖਤ ਹੋਣ ਕਰਕੇ ਸਾਰਾ ਸਮਾਜਿਕ ਢਾਂਚਾ ਰਵਾਂ ਚਾਲ ਚੱਲਦਾ ਹੈ। ਉੱਥੇ ਮੁੰਡੇ ਅਤੇ ਕੁੜੀ ਦੇ ਜੰਮਣ ਤੇ

Volume: 13, March 2026 ISSN: 2394-0980
PP: 130-138

ਕੋਈ ਫਰਕ ਨਹੀਂ ਮੰਨਿਆ ਜਾਂਦਾ ਇਥੋਂ ਤੱਕ ਕਿ ਛੋਟੇ ਬੱਚਿਆਂ ਨੂੰ ਜੰਮਦੇ ਨੂੰ ਹੀ ਖਰਚਾ ਲਗਾ ਦਿੱਤਾ ਜਾਂਦਾ ਹੈ ਤੇ ਜੇ ਮਾਂ ਨੌਕਰੀ ਕਰਦੀ ਹੋਵੇ ਤਾਂ ਉਸ ਨੂੰ ਇੱਕ ਸਾਲ ਦੀ ਛੁੱਟੀ ਤਨਖਾਹ ਦੇ ਨਾਲ ਦਿੱਤੀ ਜਾਂਦੀ ਹੈ। ਜਿਵੇਂ ਭਾਰਤ ਵਿੱਚ ਔਰਤਾਂ ਸਿਵਿਆਂ ਦੇ ਅੰਦਰ ਤੱਕ ਨਹੀਂ ਜਾ ਸਕਦੀਆਂ ਤੇ ਬੱਚੇ ਦੇ ਜਨਮ ਸਮੇਂ ਮਰਦ ਉਸ ਕਮਰੇ ਵਿੱਚ ਨਹੀਂ ਜਾਂਦਾ ਪਰ ਇਸ ਦੀ ਉਲਟ ਇਹਨਾਂ ਦੇਸ਼ਾਂ ਵਿੱਚ ਸੰਸਕਾਰ ਸਮੇਂ ਮਰਦ ਔਰਤਾਂ ਇਕੱਠੇ ਹੁੰਦੇ ਹਨ ਤੇ ਬੱਚੇ ਦੇ ਜੰਮਣ ਸਮੇਂ ਬਾਪ ਵੀ ਮਾਂ ਦੇ ਕੋਲ ਉਸੇ ਕਮਰੇ ਵਿੱਚ ਮੌਜੂਦ ਹੁੰਦਾ ਹੈ ਤਾਂ ਕਿ ਉਹ ਵੀ ਉਸ ਦੁੱਖ ਦਾ ਅਹਿਸਾਸ ਕਰ ਸਕੇ ਜਿਹੜੀ ਅਸਹਿ ਪੀੜਾ ਮਾਂ ਸਹਿੰਦੀ ਹੈ। ਇਹਨਾਂ ਦੇ ਨਾਲ ਨਾਲ ਹੀ ਲੇਖਿਕਾ ਦੱਸਦੀ ਹੈ ਕਿ ਉਥੇ ਦੇਹੀ ਦੀਆਂ ਤਾਂ ਬਹੁਤ ਸਹੂਲਤਾਂ ਹਨ ਪਰ ਰੂਹ ਨੂੰ ਸਕੂਨ ਨਹੀਂ। ਇੱਥੇ ਰੂਹਾਂ ਅਕਸਰ ਸੱਭਿਆਚਾਰਕ ਵੱਖਰੇਵੇਂ ਦੇ ਉਦਰੇਵੇਂ ਵਿੱਚ ਹਉਕੇ ਭਰਦੀਆਂ ਰਹਿੰਦੀਆਂ ਹਨ। ਘਰਾਂ ਦਾ ਮਤਲਬ ਖਾਲੀ ਇਮਾਰਤਾਂ ਨਹੀਂ ਪਿਆਰ ਨਾਲ ਸਿੰਜਿਆ ਆਲਣਾ ਹੁੰਦਾ ਹੈ, ਜਿੱਥੇ ਜਾਣ ਨੂੰ ਜੀਅ ਕਰੇ ਤੇ ਮਨ ਹੌਲਾ ਫੁੱਲ ਖੁਸ਼ੀ ਮਹਿਸੂਸ ਕਰੇ ਜਦ ਕਿ ਉਥੇ ਘਰ ਸਿਰਫ ਇੱਕ ਰਾਤ ਕੱਟਣ ਦੀ ਥਾਂ ਹੈ ਇੱਕੋ ਛੱਤ ਥੱਲੇ ਰਹਿੰਦੇ ਜੀਅ ਮਸ਼ੀਨਾਂ ਵਾਂਗ ਦਿਨ ਰਾਤ ਭੱਜੇ ਫਿਰਦੇ ਹਨ। ਪਰਵਾਸੀ ਬਾਸ਼ਿੰਦੇ ਜਿੰਦਗੀ ਦੀਆਂ ਲੋੜਾਂ ਦੀ ਪੂਰਤੀ ਕਰਦੇ-ਕਰਦੇ ਕਈ ਵਾਰੀ ਪੀੜ੍ਹੀ ਅੱਗੇ ਤੋਰਨ ਤੋਂ ਵੀ ਘੇਸਲ ਵੱਟਣ ਲੱਗਦੇ ਹਨ ਕਿਉਂਕਿ ਇਸ ਨਾਲ ਖਰਚੇ ਅਤੇ ਜ਼ਿੰਮੇਵਾਰੀਆਂ ਵੱਧਦੀਆਂ ਹਨ ਤੇ ਇਹ ਵੀ ਸਵਾਲੀਆ ਨਿਸ਼ਾਨ ਹੁੰਦਾ ਹੈ ਕਿ ਬੱਚੇ ਨੂੰ ਪਾਲਣ ਲਈ ਸਮਾਂ ਕਿਵੇਂ ਦਿੱਤਾ ਜਾਵੇਗਾ। ਪਰਵਾਸੀਆਂ ਦਾ ਇਕ ਹੋਰ ਦਿਲ ਨੂੰ ਚੀਸਾਂ ਦੇਣ ਵਾਲਾ ਪਲ ਉਹ ਹੁੰਦਾ ਹੈ ਜਦੋਂ ਉਹਨਾਂ ਨੂੰ ਲੱਗਦਾ ਹੈ ਕਿ ਪੰਜਾਬ ਜਿਹੋ ਜਿਹਾ ਉਹ ਛੱਡ ਕੇ ਗਏ ਸਨ ਉਹਨਾਂ ਦੇ ਪਰਤਦਿਆਂ ਉਵੇਂ ਦਾ ਹੀ ਹੋਵੇਗਾ ਪਰ ਅਜਿਹਾ ਸੰਭਵ ਨਹੀਂ ਹੁੰਦਾ ਕਿਉਂਕਿ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਪਰਿਵਰਤਨ ਹਰ ਥਾਂ ਹਰ ਸ਼ੈਅ 'ਚ ਆਇਆ, ਕਿਸੇ ਥਾਂ ਤੇ ਘੱਟ ਕਿਸੇ ਥਾਂ ਤੇ ਵੱਧ ਤੇ ਕਿਧਰੇ ਤੇਜ਼ ਰਫ਼ਤਾਰ ਨਾਲ ਤੇ ਕਿਧਰੇ ਜ਼ਰਾ ਹੌਲੀ, ਬਾਹਰ ਤੋਂ ਲੈ ਕੇ ਘਰਾਂ ਤੱਕ ਤੇ ਘਰਾਂ ਤੋਂ ਲੈ ਕੇ ਦਿਲਾਂ ਤੇ ਰੂਹਾਂ ਤੱਕ ਇਹ ਪਰਿਵਰਤਨ ਲਾਜ਼ਮੀ ਹਨ। ਅਜਿਹਾ ਹੀ ਅਰਜਣ ਨਾਲ ਵਾਪਰਦਾ ਹੈ ਜਦੋਂ ਉਹ ਆਪਣੇ ਭਰਾਵਾਂ ਤੇ ਵਿਸ਼ਵਾਸ ਕਰਕੇ ਆਪਦੀ ਹੱਡ ਤੋੜਵੀਂ ਮਿਹਨਤ ਨਾਲ ਕੀਤੀ ਕਮਾਈ ਪੰਜਾਬ ਦੀ ਧਰਤੀ ਤੇ ਭੇਜਦਾ ਹੈ ਤੇ ਜਦੋਂ ਆ ਕੇ ਆਪਣੇ ਵਿਆਹ ਤੋਂ ਪਹਿਲਾਂ ਹੀ ਜਮੀਨ ਦੀ ਵੰਡ ਵੰਡਾਈ ਦੀ ਗੱਲ ਕਰਦਾ ਹੈ ਤਾਂ ਉਸ ਦੇ ਭਰਾ ਉਸ ਨੂੰ ਮਾਰਨ ਤੱਕ ਦੀਆਂ ਸਾਜਿਸ਼ਾਂ ਘੜ ਲੈਂਦੇ ਹਨ ਤੇ ਉਹ ਰਾਤ ਨੂੰ ਆਪਣੀ ਮਾਂ ਦੇ ਕਹਿਣ ਤੇ ਜਾਨ ਬਚਾ ਕੇ ਵਾਪਸ ਕਨੇਡਾ ਪਰਤਦਾ ਹੈ ਤੇ ਉਸ ਨੂੰ ਲੱਗਦਾ ਹੈ ਕਿ ਨਾ ਉਹ ਉਧਰਦਾ ਰਿਹਾ ਤੇ ਨਾ ਹੀ ਇਧਰ ਦਾ। " ਆਪਣੇ ਘਰਾਂ ਨੂੰ ਸਮਰਿੱਧ ਕਰਨ ਲਈ ਪਰਦੇਸਾਂ ਵਿੱਚ ਭਾਂਤ ਸਭਾਂਤੇ ਜਫਰ ਜਾਲਣ ਤੋਂ ਬਾਅਦ ਉਹ ਜਦ ਕਦੇ ਆਪਣੇ ਘਰ ਪਰਤਦੇ ਰਹੇ ਹਨ, ਉਹਨਾਂ ਨੇ ਆਪਣੇ ਆਪ ਨੂੰ ਆਪਣੇ ਹੀ ਘਰਾਂ ਵਿੱਚ 'ਅਜਨਬੀ' ਹੋਏ ਪਾਇਆ ਹੈ। ਭਰਾ-ਭਤੀਜਿਆਂ ਦੇ ਸ਼ਰੀਕ ਹੋਣ ਦਾ ਨਰਕ ਭੋਗਿਆ ਹੈ। ਆਪਣੇ ਤੇੜ ਦੇ ਕੱਪੜਿਆਂ ਨੂੰ ਮਸਾਂ ਬਚਾ ਕੇ ਉਹ ਪਰਦੇਸ ਪਰਤਣ ਤੇ ਮਜਬੂਰ ਹੁੰਦੇ ਰਹੇ ਹਨ।"[੭]

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 130-138

ਹਥਲੇ ਨਾਵਲ ਵਿੱਚ ਪਰਵਾਸੀ ਪੰਜਾਬ ਵਿੱਚ ਪੰਜਾਬੀ ਪਰਿਵਾਰਾਂ ਦੀ ਟੁੱਟ-ਭੱਜ, ਔਰਤ ਦੀ ਸਥਿਤੀ ਨਾਲ ਜੁੜੇ ਮਸਲੇ, ਨੌਜਵਾਨ ਪੀੜ੍ਹੀ ਦਾ ਆਪਹੁਦਰਾਪਨ, ਬੱਚਿਆਂ ਅਤੇ ਮਾਪਿਆਂ ਵਿੱਚ ਪੈਦਾ ਹੋ ਰਹੇ ਤਣਾਅ ਜਿਹੀਆਂ ਪ੍ਰਸਥਿਤੀਆਂ ਦ੍ਰਿਸ਼ਟੀਗੋਚਰ ਹੋਈਆਂ ਹਨ। "ਪਰਵਾਸੀ ਪੰਜਾਬੀ ਨਾਵਲ ਦਾ ਮੁੱਖ ਸਰੋਕਾਰ ਪੰਜਾਬੀ ਬੰਦੇ ਦੁਆਰਾ ਪਰਵਾਸ ਦੌਰਾਨ ਹੰਢਾਏ ਸੰਕਟਾਂ ਨੂੰ ਪੇਸ਼ ਕਰਨਾ ਰਿਹਾ ਇਹ ਸੰਕਟ ਅਸਤਿਤਵਕ ਵੀ ਹਨ, ਆਰਥਿਕ ਵੀ ਅਤੇ ਸੱਭਿਆਚਾਰਕ ਵੀ। ਇਨ੍ਹਾਂ ਸੰਕਟਕਾਲੀਨ ਸਥਿਤੀਆਂ ਵਿੱਚ ਪੰਜਾਬੀ ਬੰਦਾ ਇਕੱਲਾ ਨਹੀਂ ਸਗੋਂ ਉਸ ਨਾਲ ਮਾਂ, ਬੇਟੀ, ਪਤਨੀ ਅਤੇ ਪ੍ਰੇਮਿਕਾ ਦੇ ਰੂਪ ਵਿੱਚ ਔਰਤ ਹੁੰਦੀ ਹੈ।"[10] ਇਥੇ ਪੰਜਾਬੀ ਮਾਨਸਿਕਤਾ ਨੂੰ ਸਾਫ ਦਰਸਾਇਆ ਗਿਆ ਹੈ ਕਿ ਪਰਵਾਸੀ ਮੁੰਡੇ ਵਿਆਹ ਲਈ ਪੰਜਾਬੀ ਕੁੜੀਆਂ ਨੂੰ ਪਹਿਲ ਦਿੰਦੇ ਹਨ ਤਾਂ ਕਿ ਉਹਨਾਂ ਦੇ ਰਿਸ਼ਤੇ ਹੰਢਣਸਾਰ ਹੋ ਸਕਣ ਤੇ ਉਧਰ ਉਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਸੱਭਿਆਚਾਰਕ ਰੰਗ ਵਿੱਚ ਰੰਗਣ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਰਿਸ਼ਤਾ ਨਹੀਂ ਸੌਦਾ ਹੁੰਦਾ ਹੈ ਤਦੇ ਤਾਂ ਇਸ ਵਿੱਚ ਦਿਲ ਦੇ ਹਾਣੀ ਨਹੀਂ ਹੁੰਦੇ ਸਗੋਂ ਸਾਥ ਵਿੱਚ ਵੀ ਇਕੱਲਤਾ ਦਾ ਅਹਿਸਾਸ ਹੁੰਦਾ ਹੈ।

ਡਾ. ਬਲਵਿੰਦਰ ਕੌਰ ਬਰਾੜ ਇਸ ਨਾਵਲ ਰਾਹੀਂ ਦੱਸਦੀ ਹੈ ਕਿ ਪੰਜਾਬੀ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਵਧੇਰੇ ਸਹੂਲਤਾਂ ਪ੍ਰਾਪਤ ਕਰਨ ਦੀ ਖਾਹਸ਼ ਅਧੀਨ ਪਰਵਾਸੀ ਹੋਏ ਜਦੋਂ ਕਿ ਇਹਨਾਂ ਦੀ ਮੁੱਖ ਸਮੱਸਿਆ ਰੋਟੀ ਨਹੀਂ ਸੀ। ਇਸ ਲਈ ਇਹਨਾਂ ਨੇ ਪੈਸਾ ਕਮਾਉਣ ਲਈ ਵੱਖ-ਵੱਖ ਪੱਧਰਾਂ ਤੇ ਤੀਜੇ ਦਰਜੇ ਦੇ ਸ਼ਹਿਰੀ ਬਣ ਕੇ ਸੰਤਾਪ ਹੰਢਾਏ। ਅਜਿਹੀਆਂ ਪ੍ਰਸਥਿਤੀਆਂ ਨੇ ਇਹਨਾਂ ਪਰਵਾਸੀ ਪੰਜਾਬੀਆਂ ਨੂੰ ਮਾਨਸਿਕ ਤੌਰ ਤੇ ਝੰਜੋੜ ਕੇ ਰੱਖ ਦਿੱਤਾ। ਇੱਕ ਪਾਸੇ ਇਹਨਾਂ ਦੀ ਮੂਲ ਭਾਈਚਾਰੇ ਤੋਂ ਅਲਗਾਵ ਦੀ ਸਥਿਤੀ ਅਤੇ ਦੂਜੇ ਪਾਸੇ ਕਾਬਜ ਸੰਸਕ੍ਰਿਤੀ ਦੁਆਰਾ ਨਕਾਰੇ ਜਾਣ ਅਤੇ ਤੀਜੇ ਪਾਸੇ ਆਪਣੀ ਸੰਤਾਨ ਦੁਆਰਾ ਪੱਛਮੀ ਸੰਸਕ੍ਰਿਤੀ ਦਾ ਅੰਗ ਬਣਨ ਦੀ ਚੇਸ਼ਟਾ ਦਾ ਸਾਹਮਣਾ ਕਰਨਾ ਤੇ ਅਜਿਹੇ ਵਿੱਚ ਪ੍ਰਵਾਸੀਆਂ ਦੀਆਂ ਆਉਣ ਵਾਲੀਆਂ ਪੀੜੀਆਂ ਪੰਜਾਬੀ ਸੰਸਕ੍ਰਿਤੀ ਨੂੰ ਨਿਰੰਤਰ ਮਨਫੀ ਕਰਨ ਦੀ ਪ੍ਰਕਿਰਿਆ ਵਿੱਚ ਹਨ। ਪਰਵਾਸੀ ਪੰਜਾਬੀ ਸਰੀਰਕ ਤੌਰ ਤੇ ਵਿਦੇਸ਼ਾਂ ਵਿੱਚ ਰਹਿ ਰਿਹਾ ਹੈ ਜਦੋਂ ਕਿ ਮਾਨਸਿਕ ਤੌਰ ਤੇ ਉਹ ਆਪਣੀ ਧਰਤੀ ਦਾ ਅੰਗ ਬਣਨਾ ਹੀ ਲੋਚਦਾ ਹੈ। ਵਿਦੇਸ਼ਾਂ ਵਿੱਚ ਰਹਿੰਦੇ ਹੋਏ ਪ੍ਰਵਾਸੀਆਂ ਦਾ ਆਪਣੀ ਧਰਤੀ ਲਈ ਮੋਹ, ਜੜ੍ਹਾਂ ਨਾਲੋਂ ਟੁੱਟ ਜਾਣ ਦਾ ਅਹਿਸਾਸ ਤੇ ਵਿਦੇਸ਼ੀ ਧਰਤੀ ਦਾ ਮਾਨਸਿਕ ਤਣਾਅ ਉਹਨਾਂ ਨੂੰ ਆਪਣੇ ਦੇਸ਼ ਤੇ ਧਰਤੀ ਦੀ ਖੋਹ ਪਾਉਂਦਾ ਹੈ। ਇਹੀ ਭੂ ਹੇਰਵਾ ਉਹਨਾਂ ਨੂੰ ਆਪਣੇ ਧਰਤੀ ਦੀ ਮਹੱਤਤਾ ਦਾ ਅਹਿਸਾਸ ਕਰਾਉਂਦਾ ਹੈ ਜਿਸ ਨਾਲ ਇਹਨਾਂ ਵਿੱਚ ਰਾਸ਼ਟਰੀ ਜਾਗਰੂਕਤਾ ਪੈਦਾ ਹੁੰਦੀ ਹੈ। ਇਸੇ ਲਈ ਇਸ ਧਰਤੀ ਤੇ ਵਾਪਰੀ ਹਰ ਘਟਨਾ ਉਹਨਾਂ ਤੇ ਗਹਿਰਾ ਅਸਰ ਕਰਦੀ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਲੇਖਿਕਾ ਇਸ ਨਾਵਲ ਵਿਚ ਅੱਜ ਦੀ ਪੰਜਾਬੀ ਪੀੜ੍ਹੀ ਨੂੰ ਜਾਗਰੂਕ ਕਰਦੀ ਨਜ਼ਰ ਆ ਰਹੀ ਹੈ ਕਿ ਜੇ ਜੀਵਨ ਜਿਉਣ ਦੀਆਂ ਔਕੜਾਂ ਇਧਰ ਨੇ ਤਾਂ ਉਧਰ ਵੀ ਹਨ। ਪੰਜਾਬ ਦੇ ਅਰਥਚਾਰੇ ਵਿੱਚ ਆ

ਰਹੀ ਗਿਰਾਵਟ ਤੇ ਵਿਅੰਗ ਕਰਦੀ ਹੈ। ਔਰਤ ਦੀਆਂ ਭਾਵਨਾਵਾਂ ਸਮਝਣ ਦੀ ਬਾਤ ਪਾਉਂਦੀ ਹੋਈ ਲੇਖਿਕਾ ਸਮਾਜ ਨੂੰ ਕੋਹੜ ਵਾਂਗ ਚਿਮੜੀਆਂ ਕੁਰੀਤੀਆਂ ਨਸ਼ਾ, ਦਹੇਜ, ਬੇਰੋਜ਼ਗਾਰੀ ਜਿਹੀਆ ਅਲਾਮਤਾਂ ਨੂੰ ਦੂਰ ਕਰਨ ਦਾ ਹੋਕਾ ਦਿੰਦੀ ਹੈ ਤੇ ਨਾਲ ਹੀ ਕਹਿੰਦੀ ਹੈ ਕਿ ਰਿਸ਼ਤਿਆਂ ਦੀ ਛਾਂ ਹੀ ਮਨੁੱਖ ਨੂੰ ਧੁੱਪ ਝੱਖੜ ਤੋਂ ਬਚਾਉਂਦੀ, ਉਸਦੇ ਜੀਵਨ ਦੀਆਂ ਘਾਟਾਂ ਪੂਰਦੀ, ਹਰ ਤਰਾਂ ਦੇ ਖੱਪੇ ਭਰਦੀ ਜਹਿਨੀ ਸਕੂਨ ਦਿੰਦੀ ਹੈ ਜਦਕਿ ਨਿਰੋਲ ਪਦਾਰਥਕ ਸਰੋਕਾਰ ਜਿੰਦਗੀ ਨੂੰ ਭਟਕਣਾ ਵਿੱਚ ਪਾਉਂਦੇ ਹਨ। ਇਸੇ ਲਈ ਉਹ ਪੰਜਾਬੀਆਂ ਨੂੰ ਸਬਰ-ਸੰਤੋਖ,ਮੇਲ-ਮਿਲਾਪ,ਸਭਿਆਚਾਰਕ-ਸਾਂਝਾਂ ਨੂੰ ਵਧਾਉਣ ਦੇ ਅਹਿਸਾਸਾਂ ਨਾਲ ਜੋੜਦੀ ਨਜ਼ਰ ਆਉਂਦੀ ਹੈ ਤਾਂ ਕਿ ਸਦੀਆਂ ਦੀ ਪੰਜਾਬੀਆਂ ਦੇ ਵਰਤਾਰੇ ਦੀ ਬਣੀ ਪਛਾਣ 'ਤੇ ਆਉਣ ਵਾਲੀਆਂ ਪੀੜੀਆਂ ਮਾਣ ਕਰ ਸਕਣ।

ਹਵਾਲੇ ਅਤੇ ਟਿੱਪਣੀਆਂ

1. ਪੰਜਾਬੀ ਡਾਇਸਪੋਰਾ - 22ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ (1-3 ਫਰਵਰੀ, 2006), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007 ਪੰਨਾ 15
2. ਬਲਵਿੰਦਰ ਕੌਰ ਬਰਾੜ, ਅੰਗੂਠੇ ਦਾ ਨਿਸ਼ਾਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2016, ਪੰਨਾ 94
3. ਉਹੀ, ਪੰਨਾ 17
4. ਉਹੀ, ਪੰਨਾ 18
5. ਉਹੀ, ਪੰਨਾ 25
6. ਡਾ. ਅਮਨਦੀਪ ਸਿੰਘ, ਪਰਵਾਸੀ ਨਾਵਲ - ਤੁਲਨਾਤਮਕ ਪਰਿਪੇਖ, ਪੰਜ ਆਬ ਪ੍ਰਕਾਸ਼ਨ, ਜਲੰਧਰ 2013, ਪੰਨਾ 78
7. ਬਲਵਿੰਦਰ ਕੌਰ ਬਰਾੜ,ਅੰਗੂਠੇ ਦਾ ਨਿਸ਼ਾਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2016, ਪੰਨਾ 23
8. ਸੁਰਿੰਦਰ ਪਾਲ ਸਿੰਘ (ਸੰਪਾ.), ਪਰਵਾਸੀ ਪੰਜਾਬੀ ਸਾਹਿਤ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ 20
9. ਸੁਰਿੰਦਰ ਪਾਲ ਸਿੰਘ (ਸੰਪਾ.), ਪਰਵਾਸੀ ਪੰਜਾਬੀ ਸਾਹਿਤ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ 19
10. ਪੰਜਾਬੀ ਡਾਇਸਪੋਰਾ- 22ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ (1-3 ਫਰਵਰੀ, 2006) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2007, ਪੰਨਾ 59

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 139-146

'ਪਾਰ ਬਣਾਏ ਆਲ੍ਹਣੇ' ਦਾ ਵਿਸ਼ਲੇਸ਼ਣ (ਅੰਤਰ-ਨਸਲੀ ਵਿਆਹ ਅਤੇ ਵਿਗਠਤ ਪਰਿਵਾਰਕ ਸੰਬੰਧਾਂ ਦੇ ਸੰਦਰਭ ਵਿੱਚ)

ਡਾ. ਰਾਜਵੀਰ ਕੌਰ
ਸਹਾਇਕ ਪ੍ਰੋਫੈਸਰ ਪੰਜਾਬੀ,
ਖ਼ਾਲਸਾ ਕਾਲਜ, ਪਟਿਆਲਾ।

ਸਾਰ

ਗ. ਸ. ਪੰਜਕੋਹਾ ਦੁਆਰਾ ਰਚਿਤ ਨਾਵਲ **'ਪਾਰ ਬਣਾਏ ਆਲ੍ਹਣੇ'** ਪਰਵਾਸੀ ਜੀਵਨ ਦੀਆਂ ਪੇਚੀਦਗੀਆਂ, ਸਭਿਆਚਾਰਕ ਟਕਰਾਅ ਅਤੇ ਮਨੁੱਖੀ ਮਾਨਸਿਕਤਾ ਦੇ ਦਵੰਦਾਂ ਦਾ ਇੱਕ ਕਲਾਤਮਕ ਦਸਤਾਵੇਜ਼ ਹੈ। ਨਾਵਲ ਦੀ ਸੰਰਚਨਾ **ਪਿੱਛਲ-ਝਾਤ (Flashback)** ਵਿਧੀ ਰਾਹੀਂ ਕੀਤੀ ਗਈ ਹੈ, ਜਿਸ ਵਿੱਚ ਮੁੱਖ ਪਾਤਰ ਹਰਵੰਤ ਅਮਰੀਕਾ ਤੋਂ ਵਾਪਸ ਭਾਰਤ ਪਰਤਦਿਆਂ ਜਹਾਜ਼ ਵਿੱਚ ਬੈਠਾ ਆਪਣੀ ਜ਼ਿੰਦਗੀ ਦੇ ਪੰਨਿਆਂ ਨੂੰ ਫਰੋਲਦਾ ਹੈ। ਹਰਵੰਤ ਦੀ ਕਹਾਣੀ ਇੱਕ ਗਰੀਬ ਕਿਸਾਨੀ ਪਿਛੋਕੜ ਤੋਂ ਸ਼ੁਰੂ ਹੋ ਕੇ ਆਰਥਿਕ ਮਜਬੂਰੀਆਂ ਵੱਸ ਏਜੰਟਾਂ ਰਾਹੀਂ ਅਮਰੀਕਾ ਪਹੁੰਚਣ ਤੱਕ ਦੇ ਔਖੇ ਸਫ਼ਰ ਨੂੰ ਬਿਆਨ ਕਰਦੀ ਹੈ, ਜੋ ਇਹ ਸਾਬਤ ਕਰਦੀ ਹੈ ਕਿ ਪਰਵਾਸ ਕੋਈ ਸ਼ੌਕ ਨਹੀਂ ਸਗੋਂ ਮਾਲੀ ਹਾਲਤ ਸੁਧਾਰਨ ਦੀ ਇੱਕ ਮਜਬੂਰੀ ਹੈ। ਨਾਵਲਕਾਰ ਨੇ ਅੰਤਰ-ਨਸਲੀ ਰਿਸ਼ਤਿਆਂ ਦੇ ਵੱਖ-ਵੱਖ ਰੂਪਾਂ ਰਾਹੀਂ ਸਭਿਆਚਾਰਕ ਪਾੜੇ ਨੂੰ ਉਭਾਰਿਆ ਹੈ। ਜਿੱਥੇ ਹਰਵੰਤ ਅਤੇ ਕੈਥਰੀਨ ਦਾ ਰਿਸ਼ਤਾ ਸੋਚ ਦੇ ਵਖਰੇਵੇਂ ਕਾਰਨ ਟੁੱਟ ਜਾਂਦਾ ਹੈ, ਉੱਥੇ ਦੇਵਿੰਦਰ ਅਤੇ ਕੈਰਲ ਦਾ ਰਿਸ਼ਤਾ ਸਮਰਪਣ ਅਤੇ ਸਭਿਆਚਾਰਕ ਸੁਮੇਲ ਦੀ ਸਫਲ ਮਿਸਾਲ ਪੇਸ਼ ਕਰਦਾ ਹੈ। ਦੂਜੇ ਪਾਸੇ ਕੇਟ ਨਾਲ ਹਰਵੰਤ ਦਾ ਵਿਆਹ ਭਾਵੇਂ ਗਰੀਨ ਕਾਰਡ ਦੀ ਲੋੜ ਵਜੋਂ ਸ਼ੁਰੂ ਹੁੰਦਾ ਹੈ ਅਤੇ ਬਾਅਦ ਵਿੱਚ ਭਾਵਨਾਤਮਕ ਸਾਂਝ ਵਿੱਚ ਬਦਲਦਾ ਹੈ ਪਰ ਫਿਰ ਵੀ ਪੂਰਬੀ ਕਦਰਾਂ-ਕੀਮਤਾਂ (ਬਚਤ ਤੇ ਜ਼ਿੰਮੇਵਾਰੀ) ਅਤੇ ਪੱਛਮੀ ਖੁੱਲ੍ਹ-ਖ਼ਿਆਲੀ (ਆਜ਼ਾਦੀ ਤੇ ਖ਼ਰਚਾ) ਦੇ ਟਕਰਾਅ ਕਾਰਨ ਇਹ ਰਿਸ਼ਤਾ ਹਮੇਸ਼ਾ ਤਣਾਅਪੂਰਨ ਰਹਿੰਦਾ ਹੈ। ਪਰਵਾਸ ਦਾ ਦਰਦ ਉਦੋਂ ਹੋਰ ਡੂੰਘਾ ਹੋ ਜਾਂਦਾ ਹੈ ਜਦੋਂ ਹਰਵੰਤ ਦੀ ਪੰਜਾਬੀ ਮਰਦਾਨਾ ਹਉਮੈ ਅਤੇ ਪੱਛਮੀ ਔਰਤ ਦੀ ਸਵੈ-ਨਿਰਭਰਤਾ ਵਿਚਕਾਰ ਟਕਰਾਅ ਪੈਦਾ ਹੁੰਦਾ ਹੈ। ਇਸ ਦੌਰਾਨ ਹਰਵੰਤ ਦੇ ਆਪਣੇ ਮੂਲ ਪਰਿਵਾਰ ਨਾਲੋਂ ਵੀ ਨਾਤੇ ਟੁੱਟਣ ਲੱਗਦੇ ਹਨ ਕਿਉਂਕਿ ਪਰਿਵਾਰ ਦੀਆਂ ਵਧਦੀਆਂ ਆਰਥਿਕ ਮੰਗਾਂ ਅਤੇ ਹਰਵੰਤ ਦੀਆਂ ਆਪਣੀਆਂ ਮਜਬੂਰੀਆਂ ਵਿਚਕਾਰ ਇੱਕ ਵੱਡਾ ਖ਼ਲਾਅ ਪੈਦਾ ਹੋ ਜਾਂਦਾ ਹੈ। ਨਾਵਲ ਦਾ ਅੰਤ ਦੁਖਾਂਤਕ ਹੈ। ਹਰਵੰਤ ਨਜਾਇਜ ਸਰੀਰਕ ਸੰਬੰਧਾਂ ਕਾਰਨ ਏਡਜ਼ ਵਰਗੀ ਨਾਮੁਰਾਦ

ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਅੰਤ ਵਿੱਚ ਮੌਤ ਦੇ ਪਰਛਾਵੇਂ ਹੇਠ ਹਰਵੰਤ ਮਹਿਸੂਸ ਕਰਦਾ ਹੈ ਕਿ ਵਿਦੇਸ਼ ਵਿੱਚ ਬਣਾਇਆ 'ਆਲ੍ਹਣਾ' ਉਸ ਦਾ ਸਥਾਈ ਘਰ ਨਹੀਂ ਹੈ ਅਤੇ ਉਹ ਆਪਣੀਆਂ ਜੜ੍ਹਾਂ ਅਰਥਾਤ 'ਵਤਨ' ਵੱਲ ਪਰਤਣ ਦਾ ਫੈਸਲਾ ਕਰਦਾ ਹੈ। ਨਾਵਲ ਵਿਚ ਨਾਵਲਕਾਰ ਸਿੱਧ ਕਰਦਾ ਹੈ ਕਿ ਪਰਵਾਸੀ ਮਨੁੱਖ ਆਰਥਿਕ ਤਰੱਕੀ ਤਾਂ ਕਰ ਲੈਂਦਾ ਹੈ ਪਰ ਉਸ ਨੂੰ ਮਾਨਸਿਕ ਸੰਤਾਪ, ਸਭਿਆਚਾਰਕ ਨਿਖੇੜਾ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਦੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਨਾਵਲਕਾਰ ਨੇ ਪੱਛਮੀ ਸਮਾਜ ਵਿੱਚ ਪੰਜਾਬੀ ਪਛਾਣ ਦੇ ਸੰਕਟ ਨੂੰ ਬਹੁਤ ਗੰਭੀਰਤਾ ਨਾਲ ਚਿਤਰਿਆ ਹੈ।

ਕੁੰਜੀ ਸ਼ਬਦ

ਪਰਵਾਸ: ਵਿਦੇਸ਼ ਜਾ ਕੇ ਵਸਣ ਦੀ ਪ੍ਰਕਿਰਿਆ, ਅੰਤਰ-ਨਸਲੀ ਵਿਆਹ: ਵੱਖਰੇ ਸਭਿਆਚਾਰਾਂ ਵਿਚ ਵਿਆਹੁਤਾ ਸਬੰਧ, ਸਭਿਆਚਾਰਕ ਟਕਰਾਅ: ਕਦਰਾਂ-ਕੀਮਤਾਂ ਦਾ ਵਿਰੋਧ, ਪਛਾਣ ਦਾ ਸੰਕਟ: ਹੋਂਦ ਅਤੇ ਸਭਿਆਚਾਰ ਲਈ ਮਾਨਸਿਕ ਜੱਦੋ-ਜਹਿਦ, ਪਿੱਛਲ-ਝਾਤ: ਅਤੀਤ ਦੀਆਂ ਯਾਦਾਂ, ਮਾਨਸਿਕ ਦਵੰਦ: ਅੰਦਰੂਨੀ ਖਿੱਚੋਤਾਣ ਅਤੇ ਗੁੰਝਲਾਂ, ਵਿਗਠਤ ਪਰਿਵਾਰ: ਰਿਸ਼ਤਿਆਂ ਦਾ ਟੁੱਟਣਾ ਅਤੇ ਇਕੱਲਾਪਨ, ਪਿਤਰੀ-ਸੱਤਾਤਮਕ ਹਉਮੈ: ਪੰਜਾਬੀ ਮਰਦ ਦੀ ਮਰਦਾਨਾ ਸੋਚ, ਜੜ੍ਹਾਂ ਵੱਲ ਵਾਪਸੀ: ਵਤਨ ਮੁੜਨਾ,

ਗ. ਸ. ਪੰਜਕੋਹਾ ਦੁਆਰਾ ਰਚਿਆ ਨਾਵਲ '**ਪਾਰ ਬਣਾਏ ਆਲ੍ਹਣੇ**' ਪਰਵਾਸੀ ਜੀਵਨ ਦੇ ਦਵੰਦਾਂ, ਸਭਿਆਚਾਰਕ ਟਕਰਾਅ ਅਤੇ ਮਨੁੱਖੀ ਮਾਨਸਿਕਤਾ ਦੀਆਂ ਗੁੰਝਲਾਂ ਨੂੰ ਬਾਖ਼ੂਬੀ ਪੇਸ਼ ਕਰਦਾ ਹੈ। ਇਹ ਨਾਵਲ ਕੇਵਲ ਭੂਗੋਲਿਕ ਦੂਰੀਆਂ ਤੈਅ ਕਰਨ ਦੀ ਕਹਾਣੀ ਨਹੀਂ ਸਗੋਂ ਆਪਣੀ ਹੋਂਦ ਅਤੇ ਪਛਾਣ ਦੀ ਭਾਲ ਵਿੱਚ ਭਟਕਦੇ ਮਨੁੱਖ ਦਾ ਦਸਤਾਵੇਜ਼ ਹੈ। ਨਾਵਲਕਾਰ ਨੇ ਇਸ ਨਾਵਲ ਦੀ ਸੰਰਚਨਾ ਬੜੀ ਕਲਾਤਮਕਤਾ ਨਾਲ ਕੀਤੀ ਹੈ ਜਿਸ ਵਿੱਚ ਵਰਤਮਾਨ ਅਤੇ ਅਤੀਤ ਇੱਕ-ਦੂਜੇ ਦੇ ਨਾਲ-ਨਾਲ ਚੱਲਦੇ ਹਨ। ਨਾਵਲ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਇਹ ਪਾਠਕ ਨੂੰ ਸਿੱਧੇ ਸਪਾਟ ਬਿਰਤਾਂਤ ਦੀ ਬਜਾਏ ਪਾਤਰ ਦੇ ਮਨ ਦੀਆਂ ਡੂੰਘੀਆਂ ਪਰਤਾਂ ਰਾਹੀਂ ਕਹਾਣੀ ਨਾਲ ਜੋੜਦਾ ਹੈ। ਨਾਵਲ ਦੀ ਤਕਨੀਕੀ ਮੁਹਾਰਤ ਇਸ ਦੇ ਆਰੰਭ ਤੋਂ ਹੀ ਸਪੱਸ਼ਟ ਹੋ ਜਾਂਦੀ ਹੈ, ਜਿੱਥੇ ਬਾਹਰੀ ਸਫ਼ਰ ਦੇ ਨਾਲ-ਨਾਲ ਇੱਕ ਅੰਦਰੂਨੀ ਮਾਨਸਿਕ ਸਫ਼ਰ ਵੀ ਸ਼ੁਰੂ ਹੁੰਦਾ ਹੈ। 'ਪਾਰ ਬਣਾਏ ਆਲ੍ਹਣੇ' ਨਾਵਲ ਪਿੱਛਲ-ਝਾਤ ਵਿਧੀ ਰਾਹੀਂ ਲਿਖਿਆ ਗਿਆ ਹੈ। ਨਾਵਲ ਦੀ ਸ਼ੁਰੂਆਤ ਵਿੱਚ ਮੁੱਖ ਪਾਤਰ ਹਰਵੰਤ ਅਮਰੀਕਾ ਤੋਂ ਭਾਰਤ ਵਾਪਸ ਆਉਣ ਲਈ ਜਹਾਜ਼ ਵਿੱਚ ਸਵਾਰ ਹੋਣ ਲੱਗਾ ਹੁੰਦਾ ਹੈ। ਉਸਦੀ ਪਤਨੀ ਕੇਟ, ਪੁੱਤਰ ਪਰਮਪ੍ਰੀਤ ਅਤੇ ਸਾਲਾ ਕਾਰਲ ਉਸਨੂੰ ਵਿਦਾ ਕਰਨ ਲਈ ਏਅਰਪੋਰਟ 'ਤੇ ਮੌਜੂਦ ਹੁੰਦੇ ਹਨ। ਜਦੋਂ ਹਰਵੰਤ ਜਹਾਜ਼ ਵਿੱਚ ਬੈਠਦਾ ਹੈ ਤਾਂ ਉਸਦੇ ਮਨ ਵਿੱਚ ਉਸਦੀ ਪੁਰਾਣੀ ਜ਼ਿੰਦਗੀ ਦੀਆਂ ਯਾਦਾਂ ਤਸਵੀਰਾਂ ਵਾਂਗ ਸਾਹਮਣੇ ਆਉਣ ਲੱਗਦੀਆਂ ਹਨ, ਜਿਨ੍ਹਾਂ ਰਾਹੀਂ ਪਾਠਕ ਨੂੰ ਕਹਾਣੀ ਦੇ ਸਾਰੇ ਘਟਨਾ-ਚੱਕਰ ਬਾਰੇ ਪਤਾ ਲੱਗਦਾ ਹੈ। ਹਰਵੰਤ ਇੱਕ ਗਰੀਬ ਕਿਸਾਨ

Volume: 13, March 2026 ISSN: 2394-0980
PP: 139-146

ਦਾ ਪੁੱਤਰ ਸੀ, ਜਿਸਨੇ ਘਰ ਦੀ ਮਾਲੀ ਹਾਲਤ ਠੀਕ ਕਰਨ ਲਈ ਵਿਦੇਸ਼ ਜਾਣ ਦਾ ਫੈਸਲਾ ਕੀਤਾ। ਉਹ ਇੱਕ ਏਜੰਟ ਰਾਹੀਂ ਸਮੁੰਦਰੀ ਜਹਾਜ਼ ਵਿੱਚ ਅਮਰੀਕਾ ਜਾਣ ਲਈ ਨਿਕਲਦਾ ਹੈ ਅਤੇ ਜਹਾਜ਼ ਵਿੱਚ ਸਫ਼ਾਈ ਵਰਗੇ ਮੁਸ਼ਕਲ ਕੰਮ ਕਰਦਾ ਹੈ ਅਤੇ ਆਪਣੀ ਕਮਾਈ ਦਾ ਵੱਡਾ ਹਿੱਸਾ ਘਰ ਭੇਜਦਾ ਰਹਿੰਦਾ ਹੈ ਤਾਂ ਜੋ ਪਰਿਵਾਰ ਦੀ ਹਾਲਤ ਸੁਧਰ ਸਕੇ। ਜਦੋਂ ਜਹਾਜ਼ ਬੰਦਰਗਾਹ ’ਤੇ ਰੁਕਦਾ ਹੈ ਤਾਂ ਉਹ ਸੈਰ-ਸਪਾਟਾ ਪਰਮਿਟ ਲੈ ਕੇ ਅਮਰੀਕਾ ਵਿੱਚ ਉਤਰ ਜਾਂਦਾ ਹੈ। ਉੱਥੇ ਉਸਦਾ ਕੋਈ ਜਾਣੂ ਨਹੀਂ ਹੁੰਦਾ ਇਸ ਲਈ ਉਹ ਸਮਾਂ ਬਿਤਾਉਣ ਲਈ ਸਮੁੰਦਰ ਕੰਢੇ ਬੈਠਦਾ ਹੈ। ਇਸ ਦੌਰਾਨ ਇੱਕ ਵਿਦੇਸ਼ੀ ਵਿਅਕਤੀ ਟੈਰੀ ਉਸਦੀ ਮਦਦ ਕਰਨ ਦੀ ਗੱਲ ਕਰਦਾ ਹੈ ਅਤੇ ਉਸਨੂੰ ਆਪਣੇ ਕਮਰੇ ਵਿੱਚ ਲੈ ਜਾਂਦਾ ਹੈ। ਟੈਰੀ ਨੇ ਹਰਵੰਤ ਨੂੰ ਕਿਹਾ, ਤੂੰ ਫਿਕਰ ਨਾ ਕਰ, ਆਪਾਂ ਥੋੜੀ-ਥੋੜੀ ਬਰਾਂਡੀ ਲੈ ਲੈਂਦੇ ਹਾਂ...ਹਰਵੰਤ ਦਾ ਚਿੱਤ ਕੀਤਾ ਉਥੋਂ ਬਾਹਰ ਨੱਸ ਜਾਵੇ।”[1] ਹਾਲਾਤਾਂ ਦੀ ਮਜ਼ਬੂਰੀ ਕਰਕੇ ਹਰਵੰਤ ਨੂੰ ਉਸਦੇ ਨਾਲ ਅਜਿਹੇ ਸਮਲਿੰਗੀ ਸੰਬੰਧ ਬਣਾਉਣੇ ਪੈਂਦੇ ਹਨ ਜੋ ਉਸਦੀ ਇੱਛਾ ਦੇ ਵਿਰੁੱਧ ਹੁੰਦੇ ਹਨ। ਨਾਵਲਕਾਰ ਨੇ ਨਾਵਲ ਵਿੱਚ ਦੱਸਿਆ ਹੈ ਕਿ ਲੰਮੇ ਸਮੇਂ ਤੋਂ ਪੰਜਾਬੀ ਦੇਸ ਛੱਡ ਕੇ ਪ੍ਰਦੇਸ਼ਾਂ ਵਿੱਚ ਜਾ ਕੇ ਵਸਦੇ ਰਹੇ ਹਨ। ਪਰਵਾਸ ਕਰਕੇ ਪ੍ਰਦੇਸ਼ਾਂ ਵਿੱਚ ਵਸਣਾ ਕੋਈ ਸ਼ੌਂਕ ਨਹੀਂ ਸਗੋ ਕਈ ਤਰ੍ਹਾਂ ਦੀਆਂ ਮਜਬੂਰੀਆਂ ਹੁੰਦੀਆਂ ਹਨ ਜਿਵੇਂ ਕਿ ਕਮਜ਼ੋਰ ਆਰਥਿਕਤਾ, ਦੇਸ ਵਿੱਚ ਫੈਲਿਆ ਭ੍ਰਿਸ਼ਟਾਚਾਰ ਜਾਂ ਰਿਸ਼ਵਤ ਦੇ ਮਾਹੌਲ ਨਾਲ ਸਮਝੋਤਾ ਨਾ ਕਰਨਾ ਆਦਿ। ਇਸ ਤੋਂ ਇਲਾਵਾ ਕੁਝ ਘਰੋਂ ਬਾਹਰ ਨਿਕਲ ਕੇ ਵੱਖਰਾ ਜਹਾਨ ਵੇਖਣ ਲਈ ਪ੍ਰਦੇਸ ਜਾਂਦੇ ਹਨ ਤੇ ਵਾਪਿਸ ਨਹੀਂ ਆਉਂਦੇ। ਅਮਰੀਕਾ ਪਹੁੰਚ ਕੇ ਹਰਵੰਤ ਦੀ ਮੁਲਾਕਾਤ ਕੈਥਰੀਨ ਨਾਲ ਹੁੰਦੀ ਹੈ। ਦੋਵੇਂ ਵੱਖ-ਵੱਖ ਸੱਭਿਆਚਾਰਾਂ ਨਾਲ ਸੰਬੰਧਿਤ ਹਨ। ਹਰਵੰਤ ਭਾਰਤੀ ਪਿਛੋਕੜ ਵਾਲਾ ਹੈ ਜਦਕਿ ਕੈਥਰੀਨ ਅਮਰੀਕੀ ਅਤੇ ਕੈਥੋਲਿਕ ਪਰਿਵਾਰ ਤੋਂ ਹੈ। ਉਨ੍ਹਾਂ ਦੇ ਰਿਸ਼ਤੇ ਵਿੱਚ ਨੇੜਤਾ, ਆਕਰਸ਼ਣ ਅਤੇ ਸਾਂਝ ਵਧਦੀ ਹੈ ਜਿਵੇਂ ਇਕੱਠੇ ਘੁੰਮਣਾ, ਖਾਣਾ ਬਣਾਉਣਾ, ਅਤੇ ਲਾਸ ਵੇਗਾਸ ਦਾ ਸਫ਼ਰ ਕਰਨਾ। ਕੈਥਰੀਨ ਨੇ ਦੱਸਿਆ, “ਮੈ ਆਪਣੇ ਪਤੀ ਤੋਂ ਸੈਪਰੈਟ ਹੋ ਚੁੱਕੀ ਹਾਂ। ਰੋਜ਼ ਪੀਂਦਾ ਸੀ। ਗੰਵਾਰ ਕਿਸਮ ਦਾ ਬੰਦਾ ਸੀ। ਮੈਂ ਕੈਥੋਲਿਕ ਪਰਿਵਾਰ ’ਚੋਂ ਹਾਂ,ਅਸੀਂ ਇਖ਼ਲਾਕ ’ਚ ਵਿਸ਼ਵਾਸ ਰੱਖਦੇ ਹਾਂ, ਗੰਵਾਰਾਂ ਵਾਂਗ ਪੀ ਕੇ ਗਾਲ਼ੀ-ਗਲੋਚ ਸਾਨੂੰ ਬੁਰਾ ਲੱਗਦਾ ਹੈ...।”[2] ਕੈਥਰੀਨ ਦਾ ਆਪਣਾ ਪਰਿਵਾਰਿਕ ਜੀਵਨ ਪਹਿਲਾਂ ਹੀ ਟੁੱਟ ਚੁੱਕਾ ਹੈ। ਉਹ ਆਪਣੇ ਪਤੀ ਤੋਂ ਵੱਖ ਹੋ ਚੁੱਕੀ ਹੈ ਅਤੇ ਇਕੱਲੀ ਆਪਣੀ ਧੀ ਵੈਲਰੀ ਦੀ ਪਰਵਰਿਸ਼ ਕਰ ਰਹੀ ਹੈ। ਇਹ ਪੱਛਮੀ ਸਮਾਜ ਵਿੱਚ ਵਿਗਠਤ ਪਰਿਵਾਰ ਦੀ ਇੱਕ ਮਿਸਾਲ ਹੈ ਜਿੱਥੇ ਤਲਾਕ ਅਤੇ ਅਲੱਗ ਰਹਿਣਾ ਆਮ ਗੱਲ ਬਣ ਜਾਂਦੀ ਹੈ। ਦੂਜੇ ਪਾਸੇ, ਹਰਵੰਤ ਦਾ ਪਰਿਵਾਰ ਭਾਵੇਂ ਇਕੱਠਾ ਹੈ ਪਰ ਉਹ ਖ਼ੁਦ ਉਸ ਤੋਂ ਦੂਰ ਹੈ। ਉਸਦੀ ਆਪਣੀ ਜ਼ਿੰਦਗੀ ਇਕੱਲੇਪਨ ਅਤੇ ਤਣਾਅ ਨਾਲ ਭਰੀ ਹੋਈ ਹੈ। ਘਰੋਂ ਆਉਂਦੀਆਂ ਚਿੱਠੀਆਂ ਵਿੱਚ ਸਿਰਫ਼ ਜ਼ਿੰਮੇਵਾਰੀਆਂ ਦੀ ਗੱਲ ਹੁੰਦੀ ਹੈ ਜਿਸ ਨਾਲ ਰਿਸ਼ਤਿਆਂ ਵਿੱਚ ਭਾਵਨਾਤਮਕ ਖਾਲੀਪਨ ਮਹਿਸੂਸ ਹੁੰਦਾ ਹੈ। ਕੈਥਰੀਨ ਦਾ ਪਹਿਲਾਂ ਵਿਆਹ ਹੋਣਾ ਅਤੇ ਤਲਾਕ ਲੈਣਾ ਇਹ ਦਰਸਾਉਂਦਾ ਹੈ ਕਿ ਪੱਛਮੀ ਸਮਾਜ ਵਿੱਚ ਵਿਆਹ ਨੂੰ ਇੰਨਾ ਸਥਾਈ ਨਹੀਂ ਮੰਨਿਆ ਜਾਂਦਾ ਜਿੰਨਾ ਭਾਰਤੀ ਸਮਾਜ

ਵਿੱਚ। ਉਹ ਖੁੱਲ੍ਹ ਕੇ ਕਹਿੰਦੀ ਹੈ ਕਿ ਉਹ ਮੁੜ ਵਿਆਹ ਨਹੀਂ ਕਰਨਾ ਚਾਹੁੰਦੀ। ਹਰਵੰਤ ਕੈਥਰੀਨ ਦੇ ਖੁੱਲ੍ਹੇ ਜੀਵਨ-ਦ੍ਰਿਸ਼ਟੀਕੋਣ ਜਿਵੇਂ ਖ਼ਰਚੇ ਸਾਂਝੇ ਕਰਨਾ, ਜੀਵਨ ਨੂੰ ਮੌਜ ਨਾਲ ਜਿਊਣਾ ਅਤੇ ਬਿਨਾਂ ਵਿਆਹ ਦੇ ਇਕੱਠੇ ਰਹਿਣਾ ਆਦਿ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਪਰ ਇਸਦੇ ਉਲਟ ਉਹ ਆਪਣੀਆਂ ਸਭਿਆਚਾਰਕ ਮਰਿਆਦਾਵਾਂ ਅਤੇ ਜ਼ਿੰਮੇਵਾਰੀਆਂ ਨਾਲ ਜੂਝਦਾ ਹੈ। ਇਹ ਟਕਰਾਅ ਦੋਹਾਂ ਸੰਸਕ੍ਰਿਤੀਆਂ ਦੇ ਅੰਤਰ ਨੂੰ ਦਰਸਾਉਂਦਾ ਹੈ।

ਇੱਕ ਪਾਸੇ ਹਰਵੰਤ ਅਤੇ ਕੈਥਰੀਨ ਦਾ ਰਿਸ਼ਤਾ ਹੈ ਜੋ ਅਸਥਿਰ ਅਤੇ ਅਣਪੱਕਾ ਸਾਬਤ ਹੁੰਦਾ ਹੈ। ਹਰਵੰਤ ਦੇ ਮਨ ਵਿੱਚ ਕੈਥਰੀਨ ਲਈ ਪਿਆਰ ਵਧਦਾ ਹੈ ਪਰ ਕੈਥਰੀਨ ਵਿਆਹ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ ਅਤੇ ਅਚਾਨਕ ਕਿਸੇ ਹੋਰ ਨਾਲ ਵਿਆਹ ਕਰ ਲੈਂਦੀ ਹੈ। ਇਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਅੰਤਰ-ਨਸਲੀ ਰਿਸ਼ਤਿਆਂ ਵਿੱਚ ਸਥਿਰਤਾ ਦੀ ਘਾਟ ਅਤੇ ਸੋਚਾਂ ਦੇ ਅੰਤਰ ਕਾਰਨ ਰਿਸ਼ਤੇ ਟੁੱਟਦੇ ਹਨ। ਜਿੱਥੇ ਨਾਵਲਕਾਰ ਨੇ ਹਰਵੰਤ ਅਤੇ ਕੈਥਰੀਨ ਦੇ ਰਿਸ਼ਤੇ ਦੇ ਅੰਤਰਗਤ ਸਭਿਆਚਾਰਕ ਤਨਾਉ ਅਤੇ ਵਿਖੰਡਤ ਰਿਸ਼ਤਿਆਂ ਨੂੰ ਪੇਸ਼ ਕੀਤਾ ਉੱਥੇ ਦੂਜੇ ਪਾਸੇ ਹਰਵੰਤ ਦੇ ਦੋਸਤ ਦੇਵਿੰਦਰ ਦਾ ਪਰਿਵਾਰ ਇਸਦੇ ਵਿਰੁੱਧ ਇੱਕ ਸੰਤੁਲਿਤ ਚਿੱਤਰ ਪੇਸ਼ ਕਰਦਾ ਹੈ, ਜਿੱਥੇ ਪਤੀ-ਪਤਨੀ ਵਿੱਚ ਸਮਝੌਤਾ, ਸਾਂਝ ਅਤੇ ਸਥਿਰਤਾ ਹੈ। ਇਹ ਦੱਸਦਾ ਹੈ ਕਿ ਵਿਦੇਸ਼ ਵਿੱਚ ਵੀ ਮਜ਼ਬੂਤ ਪਰਿਵਾਰਿਕ ਰਿਸ਼ਤੇ ਬਣਾਏ ਜਾ ਸਕਦੇ ਹਨ ਪਰ ਇਸ ਲਈ ਸਮਰਪਣ ਅਤੇ ਸਹਿਯੋਗ ਜ਼ਰੂਰੀ ਹੈ। ਕੈਰਲ ਨਾ ਸਿਰਫ਼ ਦੇਵਿੰਦਰ ਨਾਲ ਖੁਸ਼ ਹੈ ਸਗੋਂ ਉਸਦੀ ਸੰਸਕ੍ਰਿਤੀ ਨੂੰ ਵੀ ਅਪਣਾਉਂਦੀ ਹੈ ਜਿਵੇਂ ਪੰਜਾਬੀ ਸੂਟ ਪਹਿਨਣਾ ਅਤੇ ਗੁਰਦੁਆਰੇ ਜਾਣਾ ਆਦਿ। ਨਾਵਲ ਵਿੱਚ ਅੰਤਰ-ਨਸਲੀ ਵਿਆਹ ਨੂੰ ਇੱਕ ਲੋੜ, ਸਮਝੌਤਾ ਅਤੇ ਕਈ ਵਾਰ ਸਵਾਰਥ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਇਕ ਦਿਨ ਦੇਵਿੰਦਰ ਨੇ ਹਰਵੰਤ ਕਿਹਾ, ਤੂੰ ਕੁੜੀ ਫਸਾ, ਲੀਗਲ ਹੋਣ ਖਾਤਰ... ਨਾਲੇ ਤੂੰ ਤਾਂ ਗਰੀਨ ਕਾਰਡ ਹੀ ਲੈਣਾ ਹੈ।"[3] ਦੇਵਿੰਦਰ ਹਰਵੰਤ ਨੂੰ ਸਿੱਧੀ ਸਲਾਹ ਦਿੰਦਾ ਹੈ ਕਿ ਉਹ ਕਿਸੇ ਗੋਰੀ ਕੁੜੀ ਨਾਲ ਵਿਆਹ ਕਰਕੇ ਗਰੀਨ ਕਾਰਡ ਲੈ ਲਵੇ। ਇੱਥੇ ਵਿਆਹ ਪਿਆਰ ਨਹੀਂ ਸਗੋਂ ਕਾਨੂੰਨੀ ਦਰਜੇ ਲਈ ਸਾਧਨ ਬਣ ਜਾਂਦਾ ਹੈ। ਦੇਵਿੰਦਰ ਆਪਣੀ ਕਹਾਣੀ ਦੱਸਦਾ ਹੈ ਕਿ ਉਹਨੇ ਕੈਰਲ ਨਾਲ ਪਹਿਲਾਂ ਸਿਰਫ਼ ਮਦਦ ਲਈ ਵਿਆਹ ਕੀਤਾ ਸੀ ਪਰ ਬਾਅਦ ਵਿੱਚ ਉਹ ਰਿਸ਼ਤਾ ਸੱਚੇ ਪਿਆਰ ਵਿੱਚ ਬਦਲ ਗਿਆ। ਇਹ ਦਰਸਾਉਂਦਾ ਹੈ ਕਿ ਅੰਤਰ-ਨਸਲੀ ਵਿਆਹ ਕਈ ਵਾਰ ਸਫਲ ਵੀ ਹੋ ਸਕਦੇ ਹਨ ਜੇਕਰ ਰਿਸ਼ਤੇ ਵਿੱਚ ਸਮਝ ਅਤੇ ਸਹਿਯੋਗ ਹੋਵੇ। ਵਿਦੇਸ ਵਿੱਚ ਪੱਕੇ ਹੋਣ ਦੇ ਲਾਲਚ ਦੇ ਅੰਤਰਗਤ ਹਰਵੰਤ ਨੇ ਦੇਵਿੰਦਰ ਦੀ ਸਲਾਹ ਮੰਨ ਲੈਂਦਾ ਹੈ ਤੇ ਆਪਣੇ ਲਈ ਵਿਦੇਸ਼ੀ ਨਾਗਰਿਕਤਾ ਵਾਲੀ ਕੁੜੀ ਦੀ ਭਾਲ ਕਰਨ ਲੱਗਦਾ ਹੈ। ਬੀਅਰ-ਸਟੋਰ 'ਤੇ ਕੰਮ ਕਰਦਿਆਂ ਹਰਵੰਤ ਦੀ ਮੁਲਾਕਾਤ ਕੇਟ ਨਾਮ ਦੀ ਗੋਰੀ ਨਾਲ ਹੋਈ ਜੋ ਕਿ ਰੋਜ਼ ਬੀਅਰ ਖ਼ਰੀਦਣ ਲਈ ਸਟੋਰ ਵਿੱਚ ਆਉਂਦੀ ਹੈ। ਹੌਲੀ-ਹੌਲੀ ਦੋਵਾਂ ਦਾ ਰਿਸ਼ਤਾ ਦੋਸਤੀ 'ਚ ਤਬਦੀਲ ਹੋਇਆ ਤਾਂ ਕੇਟ ਨੇ ਦੱਸਿਆ, "ਹਰਵੰਤ, ਅਸੀਂ ਦੋ ਭੈਣਾਂ ਤੇ ਇਕ ਭਰਾ ਹੈ...ਮੇਰੀਆਂ ਭੈਣਾਂ 'ਸੀਐਟਲ ਹੀ ਰਹਿੰਦੀਆਂ ਹਨ...ਉੱਥੇ ਹੀ

ਅਸੀਂ ਜੰਮੇ ਪਲੇ ਸਾ...ਮੰਮੀ ਡੈਡੀ ਵੀ ਆਪਣੇ ਪੁਰਾਣੇ ਘਰ 'ਚ ਹਨ, ਮੈਂ ਆਪਣੇ ਭਰਾ ਕਾਰਲ ਨਾਲ ਐਲ.ਏ ਆ ਗਈ ਸਾ...ਮੈਂ ਡਿਵੋਰਸਡ ਹਾਂ...।"[4] ਕੇਟ ਤਲਾਕਸ਼ੁਦਾ ਸੀ ਤੇ ਉਹ ਇਕੱਲੀ ਜੀਵਨ ਬਿਤਾ ਰਹੀ ਹੈ। ਉਸਦਾ ਬੱਚਾ ਆਪਣੇ ਪਿਤਾ ਕੋਲ ਰਹਿੰਦਾ ਸੀ। ਕੇਟ ਦੇ ਪਤੀ ਦਾ "ਵੁਮਨਾਈਜ਼ਰ" ਹੋਣਾ (ਹੋਰ ਔਰਤਾਂ ਨਾਲ ਸੰਬੰਧ) ਵੀ ਵਿਆਹ ਦੇ ਟੁੱਟਣ ਦਾ ਕਾਰਨ ਬਣਦਾ ਹੈ। ਸ਼ੁਰੂ ਵਿੱਚ ਹਰਵੰਤ ਤੇ ਕੇਟ ਦਾ ਰਿਸ਼ਤਾ ਆਰਥਿਕ ਲੋੜ ਦੇ ਆਧਾਰ 'ਤੇ ਬਣਦਾ ਹੈ। ਹਰਵੰਤ ਪਹਿਲਾ ਗਰੀਨ ਕਾਰਡ ਲਈ ਸੋਚਦਾ ਹੈ ਪਰ ਬਾਅਦ ਵਿੱਚ ਉਹ ਸੱਚਾ ਪਿਆਰ ਮਹਿਸੂਸ ਕਰਨ ਲੱਗਦਾ ਹੈ। ਕੇਟ ਵੀ ਉਸਦੀ ਗੰਭੀਰਤਾ ਅਤੇ ਸਾਦਗੀ ਤੋਂ ਪ੍ਰਭਾਵਿਤ ਹੁੰਦੀ ਹੈ ਅਤੇ ਦੋਵੇਂ ਵਿਆਹ ਦੇ ਬੰਧਨ ਵਿੱਚ ਬੱਝਦੇ ਹਨ। ਹਰਵੰਤ ਦਾ ਆਪਣੀ ਪਤਨੀ ਕੇਟ ਨਾਲ ਵਿਆਹ ਇੱਕ ਅੰਤਰ-ਨਸਲੀ ਵਿਆਹ ਹੈ ਕਿਉਂਕਿ ਹਰਵੰਤ ਭਾਰਤੀ ਹੈ ਜਦਕਿ ਕੇਟ ਵਿਦੇਸ਼ੀ (ਗੋਰੀ) ਹੈ। ਇਸ ਵਿਆਹ ਵਿੱਚ ਦੋ ਵੱਖ-ਵੱਖ ਸਭਿਆਚਾਰ, ਸੋਚਾਂ ਅਤੇ ਜੀਵਨ-ਸ਼ੈਲੀਆਂ ਦਾ ਮਿਲਾਪ ਦਿਖਾਈ ਦਿੰਦਾ ਹੈ। ਕੇਟ ਦੀ ਸੰਵੇਦਨਸ਼ੀਲਤਾ, ਉਸਦਾ ਹਲਕਾ ਮੁਸਕਰਾਉਣਾ ਅਤੇ ਅੰਦਰੋਂ ਟੁੱਟਣਾ ਇਹ ਦਰਸਾਉਂਦਾ ਹੈ ਕਿ ਉਹ ਹਰਵੰਤ ਨਾਲ ਭਾਵਨਾਤਮਕ ਤੌਰ 'ਤੇ ਜੁੜੀ ਹੋਈ ਹੈ। ਦੂਜੇ ਪਾਸੇ ਹਰਵੰਤ ਦਾ ਦਰਦ ਵੀ ਇਹ ਸਾਬਤ ਕਰਦਾ ਹੈ ਕਿ ਇਹ ਵਿਆਹ ਸਿਰਫ ਲਾਭ ਜਾਂ ਸਹੂਲਤ ਲਈ ਨਹੀਂ ਸਗੋਂ ਸੱਚੇ ਪਿਆਰ 'ਤੇ ਅਧਾਰਿਤ ਹੈ। ਇਸ ਤਰ੍ਹਾਂ ਨਾਵਲਕਾਰ ਪ੍ਰਸਤੁਤ ਕਰਦਾ ਹੈ ਕਿ ਅੰਤਰ-ਨਸਲੀ ਵਿਆਹਾਂ ਵਿੱਚ ਭਾਵਨਾਵਾਂ ਦੀ ਗਹਿਰਾਈ ਹੋ ਸਕਦੀ ਹੈ ਪਰ ਇਹਨਾਂ ਨਾਲ ਸੰਬੰਧਿਤ ਚੁਣੌਤੀਆਂ ਵੀ ਹੁੰਦੀਆਂ ਹਨ, ਜਿਵੇਂ ਵਿੱਛੋੜਾ, ਸਭਿਆਚਾਰਕ ਅੰਤਰ ਅਤੇ ਮਾਨਸਿਕ ਸੰਤਾਪ। ਵਿਆਹ ਉਪਰੰਤ ਹਰਵੰਤ ਦੋ ਸੰਸਕ੍ਰਿਤੀਆਂ ਵਿਚਕਾਰ ਫਸਿਆ ਹੋਇਆ ਮਹਿਸੂਸ ਕਰਦਾ ਹੈ। ਉਹ ਆਪਣੇ ਵਿਚਾਰ ਸਾਂਝੇ ਕਰਦਾ ਦੱਸਦਾ ਹੈ ਕਿ, "ਕੇਟ ਨੇ ਪ੍ਰੈਗਨੈਂਸੀ ਕਾਰਨ ਸਿਗਰਟਾਂ ਤੇ ਬੀਅਰ ਛੱਡ ਦਿੱਤੇ ਪਰ ਉਹਦੀ ਰੋਜ਼ ਇਕ ਟਾਈਮ ਬਾਹਰ ਖਾਣ ਦੀ ਆਦਤ ਉਹ ਨਾ ਬਦਲ ਸਕਿਆ। ਉਹ ਚਾਹੁੰਦਾ ਸੀ ਕਿ ਫਜ਼ੂਲ ਖ਼ਰਚੇ ਘਟਾਏ ਜਾਣ ਤੇ ਬੇਬੀ ਲਈ ਪੈਸੇ ਜੋੜੇ ਜਾਣ...ਘਰ ਖਾਣਾ ਬਣਾਉਣ ਨੂੰ ਉਹ ਹੁਨਰ ਆਖਦਾ ਤੇ ਕੇਟ ਇਸ ਨੂੰ 'ਜੱਬ੍ਹ' ਆਖਦੀ।"[5] ਹਰਵੰਤ ਭਾਰਤੀ ਸਭਿਆਚਾਰ ਨਾਲ ਜੁੜਿਆ ਹੋਇਆ ਹੈ ਜਿੱਥੇ ਪਰਿਵਾਰ, ਬਚਤ ਅਤੇ ਸਾਂਝੀ ਜ਼ਿੰਮੇਵਾਰੀ ਮਹੱਤਵਪੂਰਨ ਹਨ। ਕੇਟ ਪੱਛਮੀ ਸੋਚ ਦੀ ਨੁਮਾਇੰਦਗੀ ਕਰਦੀ ਹੈ ਜਿੱਥੇ ਨਿੱਜੀ ਆਜ਼ਾਦੀ, ਖ਼ੁਦਮੁਖਤਿਆਰੀ ਅਤੇ ਖੁੱਲ੍ਹਾ ਜੀਵਨ ਅਹਿਮ ਹੈ। ਹਰਵੰਤ ਖ਼ਰਚਾ ਘਟਾਉਣ 'ਤੇ ਜ਼ੋਰ ਦਿੰਦਾ ਹੈ ਜਦਕਿ ਕੇਟ ਬਾਹਰ ਖਾਣ ਨੂੰ "ਚੇਂਜ" ਮੰਨਦੀ ਹੈ। ਹਰਵੰਤ ਘਰ ਦੇ ਕੰਮ ਕਰਨ ਨੂੰ ਹੁਨਰ ਸਮਝਦਾ ਹੈ ਪਰ ਕੇਟ ਉਸਨੂੰ ਝੰਜਟ ਕਹਿੰਦੀ ਹੈ। ਕੇਟ ਭਾਰਤੀ ਪਰਿਵਾਰਕ ਪ੍ਰਣਾਲੀ ਨੂੰ ਨਹੀਂ ਸਮਝਦੀ। ਹਰਵੰਤ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਵਿੱਚ ਰੁੱਝ ਜਾਂਦਾ ਹੈ ਜਿਸ ਕਾਰਨ ਉਸਦਾ ਆਪਣੇ ਪਿੰਡ ਵਾਲੇ ਪਰਿਵਾਰ ਨਾਲ ਰਿਸ਼ਤਾ ਕਮਜ਼ੋਰ ਹੋ ਜਾਂਦਾ ਹੈ। ਪਹਿਲਾਂ ਉਹ ਪੈਸੇ ਭੇਜਦਾ ਹੈ ਪਰ ਬਾਅਦ ਵਿੱਚ ਬੰਦ ਕਰ ਦਿੰਦਾ ਹੈ। ਘਰ ਵਾਲਿਆਂ ਦੀਆਂ ਚਿੱਠੀਆਂ ਵੀ ਹੌਲੀ-ਹੌਲੀ ਮੁੱਕ ਜਾਂਦੀਆਂ ਹਨ। ਇਹ ਦਰਸਾਉਂਦਾ ਹੈ:ਪ੍ਰਵਾਸ (migration) ਨਾਲ ਮੂਲ ਪਰਿਵਾਰਕ ਰਿਸ਼ਤੇ ਵੀ ਟੁੱਟਣ ਲੱਗਦੇ ਹਨ। ਮਿਹਨਤ ਕਰਦਿਆਂ, ਪੈਸੇ ਜੋੜਦਿਆਂ ਤੇ

ਪਰਮਪ੍ਰੀਤ ਨੂੰ ਪਾਲਦਿਆਂ ਚਾਰ ਕੁ ਵਰ੍ਹੇ ਲੰਘ ਗਏ। ਇਸ ਦੌਰਾਨ ਘਰੋਂ ਪੈਸੇ ਨਾ ਘੱਲਣ ਪ੍ਰਤੀ ਸ਼ਿਕਵੇ ਸ਼ਿਕਾਇਤਾਂ ਦੀਆਂ ਚਿੱਠੀਆਂ ਉਹਨੂੰ ਮਿਲਦੀਆਂ ਰਹੀਆਂ ਤੇ ਹੌਲੀ-ਹੌਲੀ ਉਹ ਚਿੱਠੀਆਂ ਵੀ ਬੰਦ ਹੋ ਗਈਆਂ। ਫੇਰ ਬੈਠ ਕੇ ਉਹ ਕਦੇ-ਕਦੇ ਸੋਚਦਾ, ਮੇਰੀ ਵੀ ਕੋਈ ਜ਼ਿੰਦਗੀ ਹੈ, ਮੇਰਾ ਵੀ ਬੱਚਾ ਹੈ...ਪਰ ਘਰ ਦੇ ਅਜੇ ਵੀ ਮੰਗਾਂ ਕਰੀ ਜਾਂਦੇ ਨੇ...ਜਿਨ੍ਹਾਂ ਬਾਰੇ ਏਨੇ ਵਰ੍ਹੇ ਸੋਚਦਾ ਰਿਹਾ, ਮਿਹਨਤ ਕਰ ਕੇ ਪੈਸੇ ਘੱਲਦਾ ਰਿਹਾ, ਉਹ ਮੇਰੇ ਬਾਰੇ ਜ਼ਰਾ ਭਰ ਵੀ ਨਹੀਂ ਸੋਚਦੇ। ਛੋਟੇ ਨੂੰ ਮੈਂ ਕਿਵੇਂ ਸੱਦਾਂ, ਹਜ਼ਾਰਾਂ ਡਾਲਰ ਖ਼ਰਚਾ ਕਿਥੋਂ ਕਰਾ। ਜੇ ਕਦੇ ਉਹ ਕੇਟ ਨਾਲ ਰਲ਼ ਬੈਠ ਕੇ ਆਪਣਾ ਮਨ ਹੌਲਾ ਕਰਦਾ, ਕੇਟ ਹੈਰਾਨੀ ਨਾਲ ਪੁਛਦੀ, 'ਤੇਰੇ ਘਰਦਿਆਂ ਦੀ ਆਦਤ ਮੰਗਤਿਆਂ ਵਰਗੀ ਕਿਉ ਹੈ?"[6] ਇਹ ਟਕਰਾਅ ਦਰਸਾਉਂਦਾ ਹੈ ਪੂਰਬੀ (collectivist) ਅਤੇ ਪੱਛਮੀ (individualist) ਮੁੱਲਾਂ ਵਿਚਲਾ ਫਰਕ। ਕੇਟ ਵੱਲੋਂ "ਭਾਰਤੀ ਲੋਕ" ਕਹਿ ਕੇ ਸਾਰਿਆਂ ਨੂੰ ਇੱਕਠੇ ਨਿਸ਼ਾਨਾ ਬਣਾਉਣਾ ਦੱਸਦਾ ਹੈ ਕਿ ਉਹ ਅਜੇ ਵੀ ਹਰਵੰਤ ਦੀ ਸਭਿਆਚਾਰਕ ਪਛਾਣ ਨੂੰ ਪੂਰੀ ਤਰ੍ਹਾਂ ਕਬੂਲ ਨਹੀਂ ਕਰ ਸਕੀ। ਹਰਵੰਤ ਨੂੰ ਇਹ ਗੱਲ ਬਹੁਤ ਚੁੱਭਦੀ ਹੈ ਕਿਉਂਕਿ ਉਸ ਲਈ ਉਸਦੀ ਨਸਲੀ ਪਛਾਣ ਸਨਮਾਨ ਨਾਲ ਜੁੜੀ ਹੋਈ ਹੈ। ਕੇਟ ਗੁੱਸੇ ਵਿੱਚ ਕਹਿੰਦੀ ਹੈ, "ਕਦੇ ਸੁਣਿਆ ਏਂ ਹਰਵੰਤ, ਇਕ ਬੰਦੇ 'ਤੇ ਏਡਾ ਪਰਿਵਾਰ ਪਲੇ ਤੇ ਫੇਰ ਮੰਗਾਂ ਵੀ ਕਰੀ ਜਾਵੇ। ਟੱਬਰ ਨੂੰ ਸ਼ਰਮ ਕਿਉਂ ਨਹੀਂ ਆਉਂਦੀ? ਬਿਹਤਰ ਹੈ, ਕੇਟ ਤੂੰ ਮੂੰਹ ਬੰਦ ਰੱਖੇ...ਵੇਖ ਹਰਵੰਤ, ਮੇਰੇ ਮਾਂ ਪਿਉ ਨੇ ਆਪਣੀ ਔਲਾਦ ਤੋਂ ਕੁਝ ਨਹੀਂ ਮੰਗਿਆ। ਉਹ ਹੁਣ ਵੀ ਏਸ ਉਮਰ ਵਿੱਚ ਕਿਸੇ 'ਤੇ ਭਾਰ ਨਹੀਂ...।"[7] ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਅੰਤਰ-ਨਸਲੀ ਵਿਆਹ ਵਿੱਚ ਪਛਾਣ (identity) ਇੱਕ ਸੰਵੇਦਨਸ਼ੀਲ ਮਸਲਾ ਹੁੰਦਾ ਹੈ। ਉਹ ਆਪਣੀ ਪੱਛਮੀ ਪਛਾਣ ਨੂੰ ਨਹੀਂ ਛੱਡਦੀ। ਵੱਖਰੇ ਪਿਛੋਕੜ ਕਾਰਨ ਹਰਵੰਤ ਦੇ ਮਨ ਵਿੱਚ ਕੇਟ ਦਾ ਕਿਸੇ ਹੋਰ ਦੇ ਘਰ ਜਾਣ 'ਤੇ ਸ਼ੱਕ ਕਰਦਾ ਹੈ। ਹਰਵੰਤ ਸੋਚਦਾ ਕਿ, ਮਨਾਂ ਜੋ ਵੀ ਹੈ ਠੀਕ ਹੈ... ਕੀ ਪਤਾ ਇਹ ਸਭ ਕੁਝ ਸੱਚ ਹੋਵੇ ਤਾਂ ਕਿ ਕਰਾਂਗਾ? ਕਤਲ? ਨਹੀਂ, ਹੋ ਸਕਦਾ ਹੈ ਮੇਰਾ ਐਵੇ ਭਰਮ ਹੋਵੇ...ਮੈਂ ਖ਼ੁਦ ਵੀ ਤਾਂ ਕੇਟ ਦੇ ਹੁੰਦਿਆਂ ਖੇਹ ਖਾਣ ਚਲੇ ਜਾਂਦਾ ਹਾਂ...।"[8] ਅੰਤਰ-ਨਸਲੀ ਵਿਆਹ ਵਿੱਚ ਭਰੋਸਾ ਬਣਾਉਣਾ ਔਖਾ ਹੋ ਸਕਦਾ ਹੈ। ਇਸ ਕਰਕੇ ਹਰਵੰਤ ਦੂਜੇ ਬੱਚੇ ਲਈ ਹਿਚਕਿਚਾਉਂਦਾ ਹੈ। ਉਹਨੂੰ ਲੱਗਦਾ ਹੈ ਕਿ ਇਹ ਰਿਸ਼ਤਾ ਲੰਬੇ ਸਮੇਂ ਤਕ ਨਹੀਂ ਚੱਲ ਸਕਦਾ। ਇਸ ਦੇ ਉਲਟ ਹਰਵੰਤ ਆਪਣੀ ਸੁਹਿਰਦ ਪਤਨੀ ਕੇਟ ਦੇ ਹੁੰਦਿਆਂ ਵੀ ਨਾਈਟ ਕਲੱਬਾਂ ਵਿੱਚ ਹੋਰਨਾਂ ਔਰਤਾਂ ਨਾਲ ਨਜਾਇਜ ਸਰੀਰਿਕ ਸੰਬੰਧਾਂ ਕਰਕੇ ਏਡਜ਼ ਵਰਗੀ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਤਰ੍ਹਾਂ ਅੰਤਰ-ਨਸਲੀ ਵਿਆਹ ਵਿੱਚ ਜਿਸ ਸਪੂੰਰਨ ਸਮਰਪਣ ਦੀ ਲੋੜ ਹੁੰਦੀ ਹੈ ਉਸ ਦੀ ਗ਼ੈਰ-ਹਾਜ਼ਰੀ ਦੀ ਵਜ੍ਹਾ ਕਰਕੇ ਇਹਨਾਂ ਦੇ ਪਰਿਵਾਰਕ ਜੀਵਨ ਖੇਰੂੰ-ਖੇਰੂੰ ਹੋ ਜਾਂਦੇ ਹਨ। ਹਰਵੰਤ ਆਪਣੀ ਬੀਮਾਰੀ ਬਾਰੇ ਕਿਸੇ ਨੂੰ ਕੁਝ ਨਹੀਂ ਦਸਦਾ ਤੇ ਅਖ਼ੀਰ ਆਪਣੇ ਵਤਨ ਵਾਪਸ ਮੁੜਨ ਦਾ ਫੈਸਲਾ ਕਰਦਾ ਹੈ। ਉਹ ਸੋਚਦਾ ਹੈ ਕਿ ਜੇ ਮਰਨਾ ਯਕੀਨੀ ਹੈ ਤਾਂ ਕਿਉਂ ਨਾ ਆਪਣਿਆਂ ਵਿੱਚ, ਆਪਣੀ ਧਰਤੀ 'ਤੇ ਅਤੇ ਆਪਣੇ ਘਰ ਜਾ ਕੇ ਮਰਿਆ ਜਾਵੇ। ਪਰਦੇਸ ਵਿੱਚ ਸਖ਼ਤ ਮਿਹਨਤ ਨਾਲ ਬਣਾਇਆ ਘਰ ਉਸ ਨੂੰ 'ਆਲ੍ਹਣਾ' ਪ੍ਰਤੀਤ ਹੋਇਆ ਜਿੱਥੇ ਉਹ ਥੋੜ੍ਹੇ ਚਿਰ ਲਈ ਰਹਿਣ ਅਤੇ

ਸਮਾਂ ਕੱਟਣ ਆਇਆ ਸੀ। ਇਸ ਪ੍ਰਕਾਰ ਲੇਖਕ ਇਸ ਨਾਵਲ ਵਿੱਚ ਇਹ ਦੱਸਣ ਵਿੱਚ ਸਫਲ ਹੋਇਆ ਹੈ ਕਿ ਪਰਵਾਸੀ ਲੋਕ ਆਪਣੀ ਧਰਤੀ, ਆਪਣੇ ਘਰ, ਆਪਣੇ ਵਤਨ ਅਤੇ ਆਪਣੇ ਰਿਸ਼ਤੇਦਾਰਾਂ ਦਾ ਮੋਹ ਨਹੀਂ ਤਿਆਗ ਸਕਦੇ। ਜਦ ਉਹਨਾਂ ਨੂੰ ਕਿਸੇ ਸੰਕਟ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਮੁੜ-ਮੁੜ ਆਪਣੀਆਂ ਜੜ੍ਹਾਂ ਵੱਲ ਪਰਤਦੇ ਹਨ। ਨਾਵਲਕਾਰ ਇਸ ਗੱਲ ਨੂੰ ਉਭਾਰਦਾ ਹੈ ਕਿ ਅੰਤਰ-ਨਸਲੀ ਵਿਆਹੁਤਾ ਸਬੰਧਾਂ ਦੀ ਸਫਲਤਾ ਜਾਂ ਅਸਫਲਤਾ ਨਿਰੋਲ ਰੂਪ ਵਿੱਚ ਸੰਬੰਧਿਤ ਵਿਅਕਤੀਆਂ ਦੀ ਮਾਨਸਿਕ ਪਹੁੰਚ, ਸੂਝ-ਬੂਝ ਅਤੇ ਪਰਸਪਰ ਤਾਲਮੇਲ ’ਤੇ ਟਿਕੀ ਹੁੰਦੀ ਹੈ। ਅੰਤਰ-ਨਸਲੀ ਵਿਆਹ ਸਫਲ ਵੀ ਹੋ ਸਕਦੇ ਹਨ ਅਤੇ ਅਸਫਲ ਵੀ। ਇਹ ਸਭ ਕੁਝ ਵਿਅਕਤੀਆਂ ਦੀ ਸੋਚ, ਸਮਝ ਅਤੇ ਨਿਭਾਉ ‘ਤੇ ਨਿਰਭਰ ਕਰਦਾ ਹੈ। ਨਾਲ ਹੀ, ਆਧੁਨਿਕ ਜੀਵਨ ਵਿੱਚ ਪਰਿਵਾਰਿਕ ਰਿਸ਼ਤਿਆਂ ਦੀ ਅਸਥਿਰਤਾ ਅਤੇ ਟੁੱਟਣ ਇੱਕ ਮਹੱਤਵਪੂਰਨ ਸੱਚਾਈ ਵਜੋਂ ਸਾਹਮਣੇ ਆਉਂਦੀ ਹੈ। ਨਾਵਲ ਰਾਹੀਂ ਇਹ ਸਪੱਸ਼ਟ ਹੁੰਦਾ ਹੈ ਕਿ ਵਿਦੇਸੀ ਰਹਿਣ-ਸਹਿਣ ਵਿੱਚ ਅੰਤਰ-ਨਸਲੀ ਵਿਆਹ ਬੇਸ਼ੱਕ ਇੱਕ ਆਮ ਵਰਤਾਰਾ ਹਨ ਪਰ ਇਹ ਲਾਜ਼ਮੀ ਨਹੀਂ ਕਿ ਉਹ ਹਮੇਸ਼ਾ ਪਾਕ-ਪਵਿੱਤਰ ਭਾਵਨਾਵਾਂ ਦੀ ਬੁਨਿਆਦ ’ਤੇ ਖੜ੍ਹੇ ਹੋਣ। ਪੱਛਮੀ ਸਮਾਜ ਵਿੱਚ ਪਰਿਵਾਰਕ ਤਾਣਾ-ਬਾਣਾ ਕਾਫ਼ੀ ਹੱਦ ਤੱਕ ਬਿਖਰਿਆ ਹੋਇਆ ਅਤੇ ਗ਼ੈਰ-ਯਕੀਨੀ ਹੈ। ਜਦੋਂ ਭਾਰਤੀ ਮੁੱਲਾਂ ਨਾਲ ਪ੍ਰਣਾਈ ਕੋਈ ਸ਼ਖ਼ਸੀਅਤ (ਜਿਵੇਂ ਹਰਵੰਤ) ਇਸ ਮਾਹੌਲ ਵਿੱਚ ਵਿਚਰਦੀ ਹੈ, ਤਾਂ ਉਹ ਮਾਨਸਿਕ ਦਵੰਦ ਅਤੇ ਅੰਦਰੂਨੀ ਖਿੱਚੋਤਾਣ ਦਾ ਸ਼ਿਕਾਰ ਹੋ ਜਾਂਦੀ ਹੈ। ਹਰਵੰਤ ਕੇਟ ਨੂੰ ਕਹਿੰਦਾ ਹੈ, ਕੋਈ ਆਦਮੀ ਪੈਸਾ ਜੋੜੇ, ਪੈਸੇ ਦੀ ਕਦਰ ਕਰੇ ਤਾਂ ਮਕਾਨ ਲਏ ਜਾ ਸਕਦੇ ਨੇ। ਜਵਾਬ ਵਿੱਚ ਕੇਟ ਨੇ ਕਿਹਾ, ਤੁਹਾਡੇ ਭਾਰਤੀਆਂ ਵਾਂਗ ਢਿੱਡ ਕੱਟ ਕੇ ਤਾਂ ਪੈਸਾ ਨਹੀਂ ਜੋੜਿਆ ਜਾਂਦਾ।”[9] ਹਰਵੰਤ ਅਤੇ ਕੇਟ ਵਿਚਕਾਰਲੀ ਵਾਰਤਾਲਾਪ ਰਾਹੀਂ ਆਰਥਿਕ ਨਜ਼ਰੀਏ ਦੇ ਵਖਰੇਵੇਂ ਨੂੰ ਵੀ ਬਾਖ਼ੂਬੀ ਚਿਤਰਿਆ ਗਿਆ ਹੈ। ਪ੍ਰਵਾਸ ਦੌਰਾਨ ਆਰਥਿਕ ਮਜਬੂਰੀਆਂ ਅਤੇ ਸੱਭਿਆਚਰਿਕ ਪਾੜੇ ਸਦਕਾ ਰਿਸ਼ਤਿਆਂ ਵਿੱਚ ਤ੍ਰੇੜਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਨਾਵਲਕਾਰ ਨੇ ਅੰਤਰ-ਨਸਲੀ ਵਿਆਹਾਂ ਦੀ ਪੇਚੀਦਗੀ ਅਤੇ ਟੁੱਟ ਰਹੇ ਪਰਿਵਾਰਕ ਰਿਸ਼ਤਿਆਂ ਦੀ ਕਰੂਰ ਹਕੀਕਤ ਨੂੰ ਬਹੁਤ ਹੀ ਕਲਾਤਮਕ ਢੰਗ ਨਾਲ ਬਿਆਨ ਕੀਤਾ ਹੈ।‘ਪਾਰ ਬਣਾਏ ਆਲਣੇ’ ਨਾਵਲ ਦੀ ਪੜਚੋਲ ਉਪਰੰਤ ਸਿੱਟਾ ਇਹ ਨਿਕਲਦਾ ਹੈ ਕਿ ਪਰਦੇਸ ਜਾਣ ਨਾਲ ਮਨੁੱਖ ਨੂੰ ਆਰਥਿਕ ਤੌਰ ’ਤੇ ਮੌਕੇ ਮਿਲਦੇ ਹਨ ਪਰ ਇਸ ਦੀ ਕੀਮਤ ਅਕਸਰ ਪਰਿਵਾਰਿਕ ਰਿਸ਼ਤਿਆਂ ਦੀ ਦੂਰੀ ਅਤੇ ਮਨੋਵਿਗਿਆਨਕ ਪੀੜਾ ਦੇ ਰੂਪ ਵਿੱਚ ਚੁਕਾਉਣੀ ਪੈਂਦੀ ਹੈ। ਅੰਤਰ-ਨਸਲੀ ਵਿਆਹ ਵੀ ਪਿਆਰ ਦੇ ਬਾਵਜੂਦ ਸਭਿਆਚਾਰਕ ਫ਼ਰਕਾਂ ਦੀਆਂ ਚੁਣੌਤੀਆਂ ਨਾਲ ਘਿਰੇ ਰਹਿੰਦੇ ਹਨ। ਹਰ ਸੱਭਿਆਚਾਰ ਦੀਆਂ ਆਪਣੀਆਂ ਵਿਲੱਖਣ ਪੈੜਾਂ ਅਤੇ ਮਾਨਤਾਵਾਂ ਹੁੰਦੀਆਂ ਹਨ, ਜਿਨ੍ਹਾਂ ਅਨੁਸਾਰ ਮਨੁੱਖ ਆਪਣੀ ਜੀਵਨ-ਸ਼ੈਲੀ ਨੂੰ ਸਿਰਜਦਾ ਹੈ। ਜਦੋਂ ਕੋਈ ਪੰਜਾਬੀ ਪ੍ਰਵਾਸੀ ਆਪਣੇ ਪੂਰਬੀ ਸੰਸਕਾਰਾਂ ਦੀ ਪੂੰਜੀ ਨਾਲ ਪੱਛਮੀ ਸਮਾਜ ਵਿੱਚ ਕਦਮ ਰੱਖਦਾ ਹੈ, ਤਾਂ ਦੋਵਾਂ ਸੱਭਿਆਚਾਰਾਂ ਦਾ ਵਿਚਾਰਧਾਰਕ ਟਕਰਾਅ ਉਸ ਲਈ ਇੱਕ ਗੰਭੀਰ ਮਾਨਸਿਕ ਸੰਕਟ ਪੈਦਾ ਕਰ ਦਿੰਦਾ ਹੈ। ਪਰਵਾਸੀ ਪੰਜਾਬੀ ਮਰਦ ਨੂੰ ਔਰਤ

ਕੋਲੋਂ ਜੀ ਹਜ਼ੂਰੀ ਦੀ ਕਾਮਨਾ ਹੁੰਦੀ ਹੈ ਪਰ ਪੱਛਮੀ ਔਰਤ ਆਰਥਿਕ ਤੌਰ ’ਤੇ ਸਵੈ-ਨਿਰਭਰ ਹੋ ਕੇ ਆਪਣੀ ਜ਼ਿੰਦਗੀ ਨੂੰ ਉਚੇਚੇ ਪੱਧਰ ’ਤੇ ਮਰਦ ਦੇ ਬਰਾਬਰ ਜਿਉਂਦੀ ਹੈ। ਪਰਵਾਸੀ ਪੰਜਾਬੀ ਮਨੁੱਖ ਬਦਲੀਆਂ ਪ੍ਰਸਥਿਤੀਆਂ ਅਨੁਸਾਰ ਆਪਣੇ-ਆਪ ਨੂੰ ਬਦਲਣ ਦੀ ਕੋਸ਼ਿਸ਼ ਤਾਂ ਕਰਦਾ ਹੈ ਪਰ ਉਸ ਦੇ ਅਵਚੇਤਨ ਵਿੱਚ ਪਈਆਂ ਮੂਲ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਵਿਦੇਸ ਦੀਆਂ ਜੰਮੀਆਂ-ਪਲੀਆਂ ਕੁੜੀਆਂ ਕੋਲੋਂ ਰਵਾਇਤੀ ਹੁੰਗਾਰੇ ਦੀ ਕਾਮਨਾ ਰੱਖਦੇ ਹਨ ਪਰ ਪੱਛਮੀ ਨਿਜ਼ਾਮ ਵਿੱਚ ਪਿਤਰੀ-ਸੱਤਾਤਮਕ (Patriarchal) ਦਬਦਬੇ ਜਾਂ ਦਬਾਅ ਦੀ ਨੀਤੀ ਲਈ ਕੋਈ ਸਥਾਨ ਨਹੀਂ ਹੈ। ਸਿੱਟੇ ਵਜੋਂ ਆਪਣੀ ਮਰਦਾਨਗੀ ਹਉਮੈ ਦੀ ਵਜ੍ਹਾ ਕਰਕੇ ਗ੍ਰਹਿਸਤੀ ਤਬਾਹ ਕਰ ਬੈਠਦੇ ਹਨ ਤੇ ਫਿਰ ਇਕਲੱਤਾ ਤੇ ਵਿਸ਼ਾਦਗ੍ਰਸਤ ਸਥਿਤੀ ਨੂੰ ਭੋਗਦੇ ਹਨ।

ਹਵਾਲੇ ਅਤੇ ਟਿੱਪਣੀਆਂ

1. ਗ. ਸ.ਨਕਸ਼ਦੀਪ ਪੰਜਕੋਹਾ, ਪਾਰ ਬਣਾਏ ਆਲਣੇ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1994, ਪੰਨਾ-19
2. ਉਹੀ, ਪੰਨਾ-26
3. ਉਹੀ, ਪੰਨਾ-44-45
4. ਉਹੀ, ਪੰਨਾ-52
5. ਉਹੀ, ਪੰਨਾ-58
6. ਉਹੀ, ਪੰਨਾ-61
7. ਉਹੀ
8. ਉਹੀ, ਪੰਨਾ- 62
9. ਉਹੀ, ਪੰਨਾ-63

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 147-158

ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਆਏ ਪ੍ਰਮੁੱਖ ਸਰੋਕਾਰ,ਸਮਸਿਆਂਵਾ ਅਤੇ ਦਵੰਧ (ਕਹਾਣੀ ਸ੍ਰੰਗਿਹ 'ਦੋ ਟਾਪੂ' ਅਤੇ 'ਟਾਵਰਜ' ਦੇ ਆਧਾਰ 'ਤੇ)

ਡਾ. ਮਨਿੰਦਰ ਕੌਰ
ਅਸਿਸਟੈਂਟ ਪ੍ਰੋਫੈਸਰ,
ਯੂਨੀਵਰਸਿਟੀ ਕਾਲਜ, ਘਨੌਰ।

ਸਾਰ:-

ਇਸ ਖੋਜ ਪੱਤਰ ਦਾ ਉਦੇਸ਼ ਪ੍ਰਵਾਸੀ ਪੰਜਾਬੀ ਕਹਾਣੀ ਦੇ ਆਧਾਰ ਤੇ ਪ੍ਰਵਾਸੀ ਜੀਵਨ ਦੇ ਸਰੋਕਾਰਾਂ ਦਾ ਕਿਆਸ ਕਰਨ ਦਾ ਹੈ।ਮਨੁੱਖੀ ਸਭਿਅਤਾ ਦੇ ਵਿਕਾਸ ਵਿੱਚ ਪ੍ਰਵਾਸ ਦੀ ਪ੍ਰਕਿਰਿਆ ਹਮੇਸ਼ਾ ਵਿਦਮਾਨ ਰਹੀ ਹੈ। ਅਜੋਕੇ ਦੌਰ ਵਿਚ ਪ੍ਰਵਾਸ ਦੇ ਨਵੇ ਆਯਾਮ ਸਾਹਮਣੇ ਆਉਦੇ ਹਨ।ਮਾਂ ਭੂਮੀ ਨੂੰ ਛੱਡ ਕੇ ਕਿਸੇ ਹੋਰ ਦੇਸ ਵਿੱਚ ਵਾਸ ਕਰਨਾ ਪ੍ਰਵਾਸ ਕਹਾਂਉਦਾ ਹੈ। ਪਰੰਤੂ ਅੱਜਕਲ ਪ੍ਰਵਾਸ ਅਤੇ ਪ੍ਰਵਾਸੀ ਦੋਵੇ ਬਹੁਤ ਗੁੰਝਲਦਾਰ ਵਰਤਾਰੇ ਬਣ ਚੁੱਕੇ ਹਨ।ਚੰਗੀ ਆਰਥਿਕ ਸਥਿਤੀ,ਉੱਤਮ ਜੀਵਨ ਜਾਂਚ ਦੇ ਉਦੇਸ਼ ਨਾਲ ਮਨੁੱਖ ਇੱਕ ਸਥਾਨ ਤੋਂ ਦੂੱਜੇ ਸਥਾਨ ਤੇ ਜਾਣ ਦੀ ਲਾਲਸਾ ਕਰਦਾ ਹੈ। ਪ੍ਰਵਾਸ ਦੀ ਪ੍ਰਕਿਰਿਆ ਵਿਚ ਪ੍ਰਵਾਸੀ ਕੇਵਲ ਸਥਾਨ ਬਦਲੀ ਨਹੀ ਕਰਦਾ, ਸਗੋਂ ਪਰਿਵਾਰ,ਰਿਸ਼ਤੇਦਾਰਾਂ, ਸਮਾਜ, ਭਾਸ਼ਾ ,ਸਭਿਆਚਾਰ ਅਤੇ ਆਲੇ-ਦੁਆਲੇ ਤੋਂ ਵੱਖ ਹੋਣ ਦਾ ਦੁਖਾਂਤ ਵੀ ਹਢਾਉਂਦਾ ਹੈ ਅਤੇ ਨਵੀਂ ਧਰਤੀ,ਓਪਰੇ ਮਾਹੌਲ,ਅਣਜਾਣ ਭਾਸ਼ਾ ਅਤੇ ਅਣਜਾਣ ਲੋਕਾਂ ਵਿੱਚ ਵਿਚਰਨਾ ਉਸ ਲਈ ਇੱਕ ਚੁਣੌਤੀ ਹੁੰਦਾ ਹੈ।ਪੰਜਾਬੀਅਤ ਦੇ ਪੱਖ ਤੋਂ ਦੇਖਦਿਆਂ ਆਭਾਸ ਹੁੰਦਾ ਹੈ ਕਿ ਪੰਜਾਬੀ ਲੋਕਾਂ ਦੇ ਪ੍ਰਵਾਸ ਦੇ ਰੁਝਾਨ ਵਿੱਚ ਅਜੋਕੇ ਸਮੇ ਵਿਚ ਅਣ ਕਿਆਸਿਆ ਵਾਧਾ ਹੋ ਰਿਹਾ ਹੈ।ਸਪਸ਼ਟ ਹੈ ਕਿ ਪੰਜਾਬੀ ਵੀ ਆਪਣੇ ਪ੍ਰਵਾਸ ਦੌਰਾਂਨ ਕਈ ਤਰਾਂ ਦੀਆਂ ਚੁਣੌਤੀਆਂ,ਹੇਰਵਿਆਂ ਅਤੇ ਦੰਵਧਾ ਦਾ ਸਾਹਮਣਾ ਕਰਦੇ ਹਨ।ਜਿਨਾਂ ਦਾ ਪ੍ਰਗਟਾਵਾ ਪੰਜਾਬੀ ਪ੍ਰਵਾਸੀ ਸਾਹਿਤ ਵਿੱਚ ਦੇਖਣ ਨੂੰ ਮਿਲਦਾ ਹੈ।ਪ੍ਰਵਾਸੀ ਸਾਹਿਤ, ਪੰਜਾਬੀ ਸਾਹਿਤ ਦੇ ਅਹਿਮ ਭਾਗ ਵਜੋਂ ਵਿਚਰਦਾ ਹੈ।ਪ੍ਰਵਾਸੀ ਪੰਜਾਬੀਆਂ ਦੇ ਜੀਵਨ ਅਤੇ ਪ੍ਰਵਾਸੀ ਚੇਤਨਾ ਦੀ ਥਾਹ ਪਾਉਣ ਲਈ ਪ੍ਰਵਾਸੀ ਪੰਜਾਬੀ ਸਾਹਿਤ ਦਾ ਅਧਿਐਨ ਲਾਜਮੀ ਹੈ। ਅਜੋਕੇ ਦੌਰ ਵਿੱਚ ਕਹਾਣੀ ਪ੍ਰਵਾਸੀ ਸਾਹਿਤ ਦੀ ਮਕਬੂਲ ਵਿਧਾ ਹੈ।ਵਿਚਾਰ ਅਧੀਨ ਪਰਚੇ ਵਿੱਚ, ਜਰਨੈਲ ਸਿੰਘ ਦੇ ਕਹਾਣੀ ਸਗ੍ਰਿਹ 'ਦੋ ਟਾਪੂ' ਅਤੇ 'ਟਾਵਰਜ' ਵਿਚਲੀਆਂ ਕਹਾਣੀਆਂ ਦਾ ਅਧਿਐਨ ,ਪੰਜਾਬੀ ਪ੍ਰਵਾਸੀਆਂ ਨੂੰ ਦਰਪੇਸ਼ ਸਮਸਿਆਵਾਂ ਅਤੇ ਦੰਵਧਾਂ ਬਾਰੇ ਸਮਝ ਪੈਦਾ ਕਰੇਗਾ।

ਕੁੰਜੀ ਸ਼ਬਦ:-

ਪ੍ਰਵਾਸ- ਪਰਾਈ ਧਰਤੀ ਤੇ ਵਸਣਾ, ਨਸਲੀ ਵਿਤਕਰਾ-ਨਸਲ ਦੇ ਆਧਾਰ ਤੇ ਭੇਦ-ਭਾਵ, ਸਭਿਆਚਾਰਕ ਪਛਾਣ- ਆਪਣੇ ਸਭਿਆਚਾਰ ਅਨੁਸਾਰ ਉਪਜੀ ਮੱਨੁਖੀ ਪਹਿਚਾਣ, ਹੇਰਵਾ-ਬੀਤ ਚੁੱਕੇ ਲਈ ਉਦਰੇਵਾਂ, ਪੀੜੀ ਪਾੜਾ- ਦੋ ਪੀੜੀਆਂ ਦਾ ਆਪਸੀ ਅੰਤਰ, ਸਭਿਆਚਾਰਕ ਤਣਾਅ-ਦੋ ਸਭਿਆਚਾਰਾਂ ਦੇ ਸੰਪਰਕ ਵਿਚ ਆਉਣ ਸਦਕਾਂ ਉਪਜੇ ਵਿਰੋਧ, ਦੰਵਧ-ਦੋ ਵਿਰੋਧੀ ਧਾਰਨਾਵਾਂ ਵਿੱਚ ਅਟਕੇ ਮਨ ਦੀ ਸਥਿਤੀ।

ਉਦੇਸ਼:-

ਇਸ ਖੋਜ ਦਾ ਉਦੇਸ਼ ਪ੍ਰਵਾਸ ਦੇ ਸਿਧਾਂਤ ਨੂੰ ਜਾਨਣਾ,ਪ੍ਰਵਾਸੀ ਕਹਾਣੀ ਦਾ ਸਰੂਪ ਅਤੇ ਵਿਸ਼ਾ-ਵਸਤੂ ਜਾਨਣਾ,ਪ੍ਰਵਾਸ ਦੇ ਅਨੁਭਵਾਂ ਤੋ ਜਾਣੂ ਹੋਣਾਂ,ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਮਾਨਸਿਕ ਦੰਵਧਾਂ ਅਤੇ ਉਨਾਂ ਦੀਆ ਪ੍ਰਮੁੱਖ ਸਮਸਿਆਵਾਂ ਨੂੰ ਜਾਨਣਾ,ਪ੍ਰਵਾਸੀਆਂ ਦੀਆਂ ਮੂਲ ਪ੍ਰਵਿਰਤੀਆਂ ਅਤੇ ਇਛਾਵਾਂ ਨੂੰ ਜਾਨਣਾ ਹੈ।

ਖੋਜ ਵਿਧੀ:-

ਇਸ ਖੋਜ ਲਈ ਗੁਣਾਤਮਕ ਖੋਜ ਵਿਧੀ ਵਰਤੀ ਗਈ ਹੈ।

ਭੂਮਿਕਾ:-

ਪ੍ਰਵਾਸ ਮਨੁੱਖੀ ਸਭਿਅਤਾ ਦੇ ਵਿਕਾਸ ਵਿੱਚ ਅਹਿਮ ਸਥਾਨ ਰੱਖਦਾ ਹੈ।ਇਤਿਹਾਸ ਦਾ ਅਧਿਐਨ ਕਰਦਿਆਂ ਅਨੇਕਾਂ ਕੌਮਾਂ,ਕਬੀਲਿਆਂ ਅਤੇ ਸਮੂਹਾਂ ਦੇ ਇੱਕ ਥਾਂ ਤੋਂ ਦੂਜੀ ਥਾਂ ਤੇ ਸਿਰਕਤ ਕਰਨ ਬਾਰੇ ਜਾਣਿਆ ਜਾ ਸਕਦਾ ਹੈ। ਆਧੁਨਿਕ ਸਮੇ ਵਿਚ ਬਣੀਆਂ ਦੇਸਾਂ ਦੀਆਂ ਹੱਦਬੰਦੀਆਂ ਅਤੇ ਨਵੇ ਕਾਨੂਨਾਂ ਨੇ ਪ੍ਰਵਾਸ ਨੂੰ ਨਵੇਂ ਅਰਥ ਦਿੱਤੇ ਹਨ।ਜਿਸ ਦੇ ਸਿੱਟੇ ਵਜੋਂ ਪ੍ਰਵਾਸੀ ,ਆਵਾਸੀ ਅਤੇ ਮੂਲਵਾਸੀ ਆਂਦਿ ਸਿਧਾਂਤ ਪੈਦਾ ਹੋਏ ਹਨ। ਆਪਣੀ ਮਾਂ ਭੂਮੀ ਨੂੰ ਛੱਡ ਕੇ ਕਿਸੇ ਹੋਰ ਦੇਸ ਵਿਚ ਵਾਸ ਕਰਨਾ ਪ੍ਰਵਾਸ ਕਹਾਂਉਦਾ ਹੈ।ਮਾਂ ਭੂਮੀ ਤੋਂ ਭਾਵ ਉਸ ਭੂਮੀ ਤੋਂ ਹੈ ਜਿਸ ਭੂਮੀ ਤੇ ਕਿਸੇ ਵਿਅਕਤੀ ਵਿਸ਼ੇਸ਼ ਦਾ ਜਨਮ ਹੋਇਆ ਹੋਵੇ ਅਤੇ ਉਸਦਾ ਬਚਪਨ ਬੀਤਿਆ ਹੋਵੇ।ਇਸ ਤਰਾਂ ਵਿਅਕਤੀ ਮਾਂ ਭੂਮੀ ਨਾਲ ਇੱਕ ਸਭਿਆਚਾਰਕ ਸਾਂਝ ਅਤੇ ਬੁਨਿਆਦੀ ਹੱਕ ਦੋਵਾਂ ਆਧਾਰਾਂ ਤੇ ਜੁੜਿਆ ਰਹਿੰਦਾ ਹੈ। ਪ੍ਰਵਾਸ ਸਬਦ ਕਿਸੇ ਵਿਅਕਤੀ ਦੇ ਸਥਾਨ ਪਰਿਵਰਤਨ ਦਾ ਸੂਚਕ ਹੈ, ਅਜਿਹਾ ਵਿਅਕਤੀ ਪ੍ਰਵਾਸੀ ਦੇ ਤੌਰ ਤੇ ਜਾਣਿਆ ਜਾਂਦਾ ਹੈ। ਪਰੰਤੂ ਅੱਜਕਲ ਪਰਵਾਸ ਅਤੇ ਪਰਵਾਸੀ ਦੋਵੇ ਬਹੁਤ ਗੁੰਝਲਦਾਰ ਵਰਤਾਰੇ ਬਣ ਚੁੱਕੇ ਹਨ।"ਜਨਮ ਤੋਂ ਕਿਸੇ ਭੂਮੀ ਨਾਲ ਜੁੜੇ,ਪੁਸ਼ਤਾਂ ਤੋਂ ਕਿਸੇ ਭੋਇ ਤੇ ਵਸ ਰਹੇ ਵਿਅਕਤੀ ਨੂੰ ਉਸ ਧਰਤੀ ਦਾ ਮੂਲ ਨਿਵਾਸੀ ਕਿਹਾ ਜਾਂਦਾ ਹੈ।.. ਆਪਣੀ ਧਰਤੀ ਆਪਣੀ ਮਿੱਟੀ, ਆਪਣੀ ਜੰਮਣ ਭੋਂਇ, ਆਪਣੀ ਮਾਤ-ਭੂਮੀ ਨੂੰ ਛੱਡ ਜਿਸ ਕਿਸੇ ਨੂੰ

ਵੀ,ਕਿਸੇ ਵੀ ਕਾਰਨਵੱਸ, ਕਿਸੇ ਪਰਾਏ ਮੁਲਕ ਵਿਚ ਜਾ ਕੇ ਵਸੇਬਾ ਕਰਨਾ ਪੈਂਦਾ ਹੈ,ਉਹ ਪਰਵਾਸੀ ਕਹਾਉਦਾ ਹੈ। ਮੂਲਵਾਸ ਨੂੰ ਛੱਡਕੇ ਪਰਾਏ ਥਾਂ ਰਹਿਣਾ ਪਰਵਾਸ ਹੰਢਾਉਣਾ ਹੈ"[1] ਅਜੋਕੇ ਦੌਰ ਵਿੱਚ ਪ੍ਰਵਾਸ ਨੂੰ ਪੰਜਾਬੀਅਤ ਦੀ ਅਨਿੱਖੜ ਵਿਸ਼ੇਸ਼ਤਾ ਕਿਹਾ ਜਾ ਸਕਦਾ ਹੈ ਕਿਉਕਿ ਪੰਜਾਬੀ ਲੋਕਾਂ ਦੇ ਪ੍ਰਵਾਸ ਦੇ ਰੁਝਾਨ ਵਿਚ ਅਣ ਕਿਆਸਿਆ ਵਾਧਾ ਹੋ ਰਿਹਾ ਹੈ। ਭਾਂਵੇ ਪ੍ਰਵਾਸ ਦੇ ਆਮ ਅਰਥ ਆਪਣੀ ਜਨਮ ਭੂਮੀ ਨੂੰ ਛੱਡ ਕੇ ਕਿਸੇ ਪਰਾਈ ਭੂਮੀ ਉੱਤੇ ਜਾ ਕੇ ਵਸਣ ਦੇ ਹਨ, ਪਰ ਇਸ ਸਾਰੀ ਪ੍ਰਕਿਰਿਆ ਵਿਚ ਪ੍ਰਵਾਸੀ ਕੇਵਲ ਸਥਾਨ ਬਦਲੀ ਨਹੀ ਕਰਦਾ, ਸਗੋਂ ਉਹ ਆਪਣੇ ਪਰਿਵਾਰ, ਰਿਸ਼ਤੇਦਾਰਾਂ, ਸਮਾਜ, ਭਾਸ਼ਾ,ਸਭਿਆਚਾਰ ਅਤੇ ਆਲੇ-ਦੁਆਲੇ ਤੋਂ ਵੱਖ ਹੋਣ ਦਾ ਦੁਖਾਂਤ ਵੀ ਹਢਾਉਦਾ ਹੈ।ਇਸ ਤੋਂ ਇਲਾਵਾ ਨਵੀ ਧਰਤੀ,ਓਪਰੇ ਮਾਹੌਲ,ਅਣਜਾਣ ਭਾਸ਼ਾ ਅਤੇ ਅਣਜਾਣ ਲੋਕਾਂ ਵਿਚ ਵਿਚਰਨਾ ਉਸ ਲਈ ਇੱਕ ਚੁਣੌਤੀ ਹੁੰਦਾ ਹੈ।ਇਸ ਤਰਾਂ ਪੰਜਾਬੀ ਪ੍ਰਵਾਸੀਆਂ ਨੇ ਆਪਣੇ ਪ੍ਰਵਾਸ ਦੌਰਾਨ ਮਾਤ ਭੂਮੀ ਤੋਂ ਦੂਰ ਹੋਣ ਦਾ ਦੁਖਾਂਤ ਅਤੇ ਨਵੀਂ ਧਰਤੀ ਨੂੰ ਅਪਨਾਉਣ ਦੀ ਚੁਣੌਤੀ ਨੂੰ ਆਪਣੇ ਮਨਾ ਉੱਤੇ ਹਢਾਇਆਂ ਹੈ।ਪ੍ਰਵਾਸੀ ਇੱਕ ਸਮੇ ਵਿੱਚ ਦੋ ਵੇਦਨਾਵਾਂ ਨੂੰ ਜਿਉਦਾ,ਮਹਿਸੂਸ ਕਰਦਾ ਅਤੇ ਦਵੰਧ ਵਿੱਚ ਫਸਿਆਂ ਆਪਣੀ ਜਿੰਦਗੀ ਨੂੰ ਸੁਖਾਲਾ ਕਰਨ ਹਿਤ ਦਿਨ ਰਾਤ ਸੰਘਰਸ਼ ਕਰਦਾ ਹੈ।ਇਹ ਸੰਘਰਸ਼ ਭਰਪੂਰ ਜਿੰਦਗੀ ਜਿਉਦਿਆਂ ਉਸ ਦੇ ਜੀਵਨ ਵਿੱਚੋਂ ਬਹੁਤ ਕੁਝ ਅਜਿਹਾ ਮਨਫੀ ਹੋ ਜਾਂਦਾ ਹੈ ਜੋ ਉਸ ਦੇ ਜੀਵਨ ਨੂੰ ਸਹੀ ਅਰਥਾਂ ਵਿੱਚ ਜੀਵਨ ਬਣਾਉਣ ਲਈ ਲੋੜੀਦਾਂ ਹੁੰਦਾ ਹੈ।ਪੰਜਾਬੀ ਪ੍ਰਵਾਸੀ ਦੀ ਉਪਰੋਕਤ ਸੰਵੇਦਨਾਂ ਦੀ ਗੱਲ ਪ੍ਰਵਾਸੀ ਪੰਜਾਬੀ ਸਾਹਿਤ ਵਿਚ ਵਾਰ-ਵਾਰ ਹੁੰਦੀ ਹੈ।

ਲੇਖਕ ਦਾ ਜੀਵਨ, ਰਚਨਾਵਾਂ ਅਤੇ ਦ੍ਰਿਸ਼ਟੀਕੋਣ :-ਪੰਜਾਬੀ ਜਨ-ਜੀਵਨ ਦੇ ਹਰ ਖੇਤਰ ਦੀ ਤਰਾਂ ਪੰਜਾਬੀ ਸਾਹਿਤ ਵੀ ਪ੍ਰਵਾਸ ਦੇ ਅਨੁਭਵਾਂ ਤੋਂ ਅਣਛੋਹਿਆਂ ਨਹੀ ਹੈ।ਪੰਜਾਬੀ ਸਾਹਿਤ ਅਧਿਐਨ ਦੀ ਗੱਲ ਕਰਦਿਆਂ ਪ੍ਰਵਾਸੀ ਪੰਜਾਬੀ ਸਾਹਿਤ ਨੂੰ ਅੱਖੋਂ-ਪਰੋਖੇ ਨਹੀ ਕੀਤਾ ਜਾ ਸਕਦਾ। ਪੰਜਾਬੀ ਪ੍ਰਵਾਸੀ ਸਾਹਿਤ ਵਿਚ ਪ੍ਰਵਾਸੀ ਪੰਜਾਬੀ ਕਹਾਣੀ ਦਾ ਮਹੱਤਵਪੂਰਨ ਥਾਂ ਹੈ।ਪ੍ਰਵਾਸੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਵਿਚ ਅਹਿਮ ਹਸਤਾਖਰ ਜਰਨੈਲ ਸਿੰਘ ਨੇ 'ਮੈਨੂੰ ਕੀ','ਮਨੁੱਖ ਅਤੇ ਮਨੁੱਖ', 'ਸਮੇ ਦੇ ਹਾਣੀ', 'ਦੋ ਟਾਪੂ', 'ਟਾਵਰਜ' , 'ਕਾਲੇ ਵਰਕੇ' ਆਦਿ ਕਹਾਣੀ ਸਗ੍ਰਿਹ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ।'ਕਥਾ ਪੰਧ' ਜਰਨੈਲ ਸਿੰਘ ਦੀ ਚੋਣਵੀਂਆਂ ਕਹਾਣੀਆਂ ਦੀ ਪੁਸਤਕ ਹੈ ਅਤੇ 'ਟੌਵਰਜ-ਸਰੋਟੀਜ ਬੀਯੌਂਡ ਬੋਰਡਰਜ'ਕਹਾਣੀਆ ਦੀ ਅਨੁਵਾਦਿਤ ਪੁਸਤਕ ਹੈ।ਵਿਚਾਰ ਅਧੀਨ ਪਰਚਾ ਜਰਨੈਲ ਸਿੰਘ ਦੇ ਕਹਾਣੀ ਸਗ੍ਰਿਹ 'ਦੋ ਟਾਪੂ' ਅਤੇ 'ਟਾਵਰਜ' ਤੇ ਅਧਾਰਿਤ ਹੈ।ਜਰਨੈਲ ਸਿੰਘ ਦੇ ਜੀਵਨ ਅਨੁਭਵ ਦੀ ਤਰਾਂ ਉਸ ਦੀਆ ਕਹਾਣੀਆ ਦੇ ਵਿਸ਼ੇ ਵੀ ਵੰਨ-ਸੁਵੱਨੇ ਹਨ।ਬਚਪਨ ਵਿਚ ਉਨਾਂ ਨਿਮਨ ਕਿਸਾਨੀ ਦੇ ਅਨੁਭਵ ਹਾਸਿਲ ਕੀਤੇ,ਉਸ ਤੋਂ ਬਾਅਦ ਭਾਰਤੀ ਹਵਾਈ ਸੈਨਾਂ ਅਤੇ ਬੈਂਕ ਵਿਚ ਕੀਤੀ ਨੌਕਰੀ ਨੇ ਉਨਾ ਦੇ ਅਨੁਭਵ ਦਾ ਦਾਇਰਾ ਵਿਸ਼ਾਲ ਕੀਤਾ।ਇਸ ਤੋਂ ਬਾਅਦ ਕਨੇਡਾ ਪ੍ਰਵਾਸ ਦੌਰਾਂਨ ਉਨਾ

Volume: 13, March 2026 ISSN: 2394-0980
PP: 147-158

ਦਾ ਜੀਵਨ ਅਨੁਭਵ ਇੱਕ ਨਵੇ ਸਭਿਆਚਾਰ ਦੀਆ ਕਦਰਾਂ ਕੀਮਤਾਂ ਨਾਲ ਸਰਸਾਰ ਹੋਣ ਲਗਿਆ। ਜਰਨੈਲ ਸਿੰਘ ਦੀਆਂ ਕਹਾਣੀਆਂ ਪ੍ਰਵਾਸ ਦੇ ਵੱਖ -ਵੱਖ ਅਨੁਭਵਾਂ ਨਾਲ ਸੰਬੰਧਿਤ ਹਨ ਅਤੇ ਪੰਜਾਬੀ ਸਭਿਆਚਾਰ ਨੂੰ ਛੱਡ ਪੱਛਮੀ ਸਭਿਆਚਾਰ ਵਿੱਚ ਰਹਿ ਰਹੇ ਲੋਕਾ ਦੇ ਮਾਨਸਿਕ ਦੰਵਧ ਨੂੰ ਪੇਸ਼ ਕਰਦੀਆਂ ਹਨ।'ਟਾਵਰਜ' ਕਿਤਾਬ ਵਿੱਚ ਪੰਜ ਕਹਾਣੀਆ ਸ਼ਾਮਿਲ ਹਨ ਜਿੰਨ੍ਹਾ ਵਿਚੋਂ 'ਪਾਣੀ', 'ਗੁਆਚੇ ਲੋਕ' ਅਤੇ 'ਸੜਕਾ' ਕਹਾਣੀਆ ਦੇ ਵਿਸ਼ੇ ਪ੍ਰਵਾਸੀ ਪੰਜਾਬੀਆਂ ਨਾਲ ਸੰਬੰਧਿਤ ਹਨ।'ਦੋ ਟਾਪੂ'ਕਹਾਣੀ ਸਗ੍ਰਿਹ ਵਿਚ ਦਰਜ ਛੇ ਦੀਆਂ ਛੇ ਕਹਾਣੀਆਂ ਪ੍ਰਵਾਸੀ ਪੰਜਾਬੀਆਂ ਦੀ ਜਿੰਦਗੀ ਤੇ ਅਧਾਰਿਤ ਹਨ। ਇਨਾ ਕਹਾਣੀਆਂ ਵਿਚ ਪ੍ਰਵਾਸੀ ਜੀਵਨ ਦੇ ਪਾਸਾਰ ਪੇਸ਼ ਹੋਏ ਹਨ।ਇਨਾਂ ਕਹਾਣੀਆਂ ਦੇ ਪਾਤਰ ਪ੍ਰਵਾਸ ਦੌਰਾਂਨ ਖੱਟੇ ਮਿੱਠੇ ਅਨੁਭਵ ਹਢਾਉਂਦੇ ਹੋਏ ਵਿਸ਼ੇਸ਼ ਵੇਦਨਾ ਵਿੱਚੋ ਲੰਘਦੇ ਹਨ। ਪਰਿਵਾਰਿਕ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਦੰਵਧ ਵਿੱਚ ਫਸੇ ਇਹ ਪਾਤਰ ਕਈ ਵਾਰੀ ਨਿਰਾਸ਼ਤਾ ਦੇ ਆਲਮ ਵਿੱਚ ਵੀ ਡੁਬਦੇ ਹਨ। ਇਸ ਕਰਕੇ ਹੀ ਜਰਨੈਲ ਸਿੰਘ ਦੀਆਂ ਕਹਾਣੀਆਂ ਦਾ ਅਧਿਐਨ ਲੋੜੀਦਾਂ ਅਤੇ ਮਹੱਤਵਪੂਰਨ ਹੋ ਨਿਬੜਦਾ ਹੈ। ਡਾ. ਧਨਵੰਤ ਕੌਰ ਦੇ ਸ਼ਬਦਾਂ ਵਿਚ, "ਜਰਨੈਲ ਸਿੰਘ ਨੇ ਪ੍ਰਵਾਸ ਦੇ ਪ੍ਰੇਰਕਾਂ, ਜੋਖਮਾਂ,ਵਿਗੋਚਿਆਂ,ਪ੍ਰਾਪਤੀਆਂ ਦੀ ਗੱਲ ਕਰਨ ਦੀ ਥਾਂ ਡਾਇਸਪੋਰਿਕ ਹੋਂਦ ਤੇ ਹੋਣੀ ਦੇ ਝੁੰਜਲਾਉਦੇ ਵਰਤਮਾਨ ਨੂੰ ਕਹਾਣੀ ਦੇ ਫੋਕਸ ਵਿਚ ਲਿਆਂਦਾ। ਪਤੀ ,ਪਤਨੀ,ਬੱਚੇ ਵਿਚਲੇ ਅਤਿ ਨਿੱਜੀ ਅਤਿ ਨਿਕਟੀ ਸੰਬੰਧਾਂ ਰਾਹੀਂ ਉਸਨੇ ਪੱਛਮ ਦੇ ਵਿਅਕਤੀਵਾਦ ਦੀ ਪੰਜਾਬੀ ਘਰਾਂ ਪਰਿਵਾਰਾਂ ਵਿਚ ਦਖਲ-ਅੰਦਾਜੀ ਦੇ ਭਾਵਪੂਰਤ ਬਿੰਬ ਸਿਰਜੇ। ਪੱਛਮੀ ਸਮਾਜ ਮਨੁੱਖ ਨੂੰ ਪ੍ਰਮਾਣਿਕ ਨਿੱਜਤਾ ਦਾ ਜਿਹੜਾ ਸੰਕਲਪ ਦਿੰਦਾ ਹੈ,ਉਹ ਇਨ੍ਹਾਂ ਪਰਿਵਾਰਕ ਰਿਸ਼ਤਿਆਂ ਵਿਚ ਪਰਸਪਰ ਸਹਿਹੋਂਦ ਲਈ ਕਿਵੇਂ ਘਾਤਕ ਸਿੱਧ ਹੋ ਰਿਹਾ ਹੈ ਉਸਨੂੰ ਉਸਨੇ ਆਪਣੀਆਂ ਕਹਾਣੀਆਂ ਦੇ ਸ਼ਿੱਦਤੀ ਸੰਚਾਰ ਵਿਚ ਸਮੇਟਿਆ।"[2] ਜਰਨੈਲ ਸਿੰਘ ਕੈਨੇਡਾ ਵਿੱਚ ਰਹਿਣ ਵਾਲਾ ਪ੍ਰਵਾਸੀ ਪੰਜਾਬੀ ਸਾਹਿਤਕਾਰ ਹੈ ਜੋ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੋਇਆ ਕਹਾਣੀਆਂ ਰਾਹੀਂ ਆਪਣੇ ਚਿੰਤਨ ਅਤੇ ਪ੍ਰਮਾਣਿਕਤਾ ਦਾ ਸੰਕੇਤ ਦੇ ਚੁੱਕਾ ਹੈ।

ਸਭਿਆਚਾਰਕ ਪਛਾਣ ਅਤੇ ਸਭਿਆਚਾਰਕ ਤਣਾਅ:- ਜਰਨੈਲ ਸਿੰਘ ਦੀਆ ਕਹਾਣੀਆ ਵਿਚ ਉਨਾਂ ਪ੍ਰਵਾਸੀ ਪੰਜਾਬੀਆ ਦੀ ਦਾਸਤਾਨ ਪੇਸ਼ ਹੋਈ ਹੈ ਜੋ ਆਪਣੇ ਮਨ ਦੀਆ ਡੂਘਾਂਈਆ ਤੋਂ ਪੰਜਾਬੀ ਸਭਿਆਚਾਰ,ਸਮਾਜਿਕਤਾ ਅਤੇ ਕਦਰਾਂ ਕੀਮਤਾਂ ਨਾਲ ਜੁੜੇ ਹੋਏ ਹਨ।ਪੰਜਾਬੀ ਸਭਿਆਚਾਰ,ਸਮਾਜਿਕਤਾ ਅਤੇ ਕਦਰਾਂ ਕੀਮਤਾਂ ਨਾਲ ਜੁੜੇ ਹੋਣ ਦਾ ਕਾਰਨ ਇਹ ਹੈ ਕਿ ਇਨ੍ਹਾਂ ਪ੍ਰਵਾਸੀਆਂ ਦਾ ਪਾਲਣ ਪੋਸ਼ਣ ਪੰਜਾਬ ਵਿਚ ਹੋਇਆ ਹੈ,ਇੰਨ੍ਹਾ ਦਾ ਅਤੀਤ ਪੰਜਾਬ ਨਾਲ ਜੁੜਿਆ ਹੈ ਅਤੇ ਇਹ ਪੰਜਾਬੀ ਭਾਸ਼ਾ, ਪਹਿਰਾਵਾ,ਆਚਾਰ-ਵਿਹਾਰ ਅਤੇ ਕਦਰਾਂ-ਕੀਮਤਾਂ ਨੂੰ ਆਪਣੀ ਵਿਸ਼ੇਸ਼ ਪਛਾਣ ਮੰਨਦੇ ਹਨ।ਪਰ ਪ੍ਰਵਾਸ ਦੌਰਾਂਨ ਆਪਣੀ ਸਭਿਆਚਾਰਕ ਪਛਾਣ ਖੋ ਜਾਣ ਦਾ ਡਰ ਉਨਾਂ ਅੰਦਰ ਸਭਿਅਚਾਰਕ ਤਣਾਅ ਪੈਦਾ ਕਰਦਾ ਹੈ।"ਸਭਿਆਚਾਰਕ ਤਨਾਉ ਇੱਕ ਅਜਿਹੀ ਪ੍ਰਕ੍ਰਿਆ ਹੈ ਜਿਸ ਵਿਚ

ਮਨੁਖ ਸਮਾਜਿਕ ਪਰਿਵੇਸ਼ ਵੱਲ ਰੁਚਿਤ ਹੁੰਦਾ ਹੈ। ਪਰਿਵੇਸ਼ ਨੂੰ ਬਦਲਣਾਂ ਅਤੇ ਉਸ ਨੂੰ ਆਪਣੇ ਅਨੁਸਾਰ ਢਾਲਣਾ ਇਹ ਦੋ ਵੱਖ-ਵੱਖ ਗੱਲਾਂ ਲਗਦੀਆਂ ਹਨ,ਪਰ ਹੈ ਨਹੀ। ਅਸਲ ਵਿਚ ਇਹ ਦੋਵੇ ਦੰਵਦਾਤਮਕ ਗੱਲਾਂ ਹਨ।ਵਿਅਕਤੀ ਮਾਹੌਲ ਨੂੰ ਆਪਣੇ ਅਨੁਸਾਰ ਢਾਲਣ ਦੇ ਦੌਰਾਂਨ ਖੁਦ ਵੀ ਬਦਲਦਾ ਹੈ ਅਤੇ ਇਸ ਕਰਕੇ ਹੀ ਉਹ ਸਭਿਆਚਾਰਕ ਜੀਵ ਹੈ।"[3] ਪ੍ਰਵਾਸ ਦੌਰਾਂਨ ਪੰਜਾਬੀ ਵਿਅਕਤੀਆਂ ਦਾ ਵਰਤਮਾਨ,ਆਰਥਿਕ ਪ੍ਰਸਥਿਤੀਆ ਅਤੇ ਜੀਵਨ ਲਈ ਲੋੜੀਦੀਆਂ ਸਹੂਲਤਾਂਵਾ ਪੱਛਮੀ ਸਭਿਆਚਾਰ ਅਤੇ ਪੱਛਮੀ ਪ੍ਰਬੰਧ ਦੀ ਦੇਣ ਹੁੰਦੀਆਂ ਹਨ।ਇਸ ਤਰਾਂ ਇਹ ਮਨੁੱਖ ਇਕ ਦੰਵਧ ਦਾ ਸ਼ਿਕਾਰ ਹੁੰਦੇ ਹਨ ਕਿ ਆਪਣੀ ਕਿਹੜੀ ਪਹਿਚਾਣ ਨੂੰ ਬਣਾਏ ਰੱਖਣ, ਨਾ ਤਾਂ ਪ੍ਰਵਾਸੀ ਆਪਣੀ ਸਭਿਆਚਾਰਕ ਪਹਿਚਾਣ ਨੂੰ ਉਹ ਛੱਡ ਸਕਦੇ ਹਨ ਅਤੇ ਨਾ ਹੀ ਪੱਛਮੀ ਸੁਖ ਸਹੂਲਤਾਵਾ ਨੂੰ।ਇਸ ਤਰਾਂ "ਸਭਿਆਚਾਰਕ ਤਣਾਉ ਨੂੰ ਪਰੰਪਰਾ ਅਤੇ ਪਰਿਵਰਤਨ ਵਿਚਲਾ ਵਿਰੋਧ ਵੀ ਆਖ ਸਕਦੇ ਹਾਂ।ਪਰਵਾਸੀ ਮਨੁੱਖ ਦੀ ਸਥਿਤੀ ਪਰਾਈ ਧਰਤੀ ਤੇ ਤ੍ਰਿਸ਼ੰਕੂ ਵਾਲੀ ਹੁੰਦੀ ਹੈ। ਉਹ ਆਪਣੀ ਮੂਲ ਧਰਤੀ ਦੇ ਮੋਹ ਨੂੰ ਪਾਲਦਾ, ਪਰਾਈ ਧਰਤੀ ਤੇ ਵਿਚਰਦਾ ਹੋਇਆ ਪਰਾਈ ਧਰਤੀ ਦਾ ਅਨਿਖੜਵਾ ਅੰਗ ਬਨਣ ਤੋਂ ਮੁਨਕਰ ਹੁੰਦਾ ਹੈ।"[4]

ਪ੍ਰਵਾਸੀ ਪੰਜਾਬੀਆ ਦੀ ਪਹਿਲੀ ਪੀੜ੍ਹੀ ਦਾ ਦੰਵਧ ਇਹ ਹੈ ਕਿ ਉਹ ਪੱਛਮੀ ਸਭਿਆਚਾਰ ਦੀਆ ਸਹੂਲਤਾਵਾਂ ਮਾਣਦੀ ਹੋਈ ਵੀ ਪੰਜਾਬੀ ਸਭਿਆਚਾਰ ਨੂੰ ਪੱਛਮੀ ਸਭਿਆਚਾਰ ਤੋਂ ਸ੍ਰੇਸਟ ਮੰਨਦੀ ਹੈ ਅਤੇ ਪੰਜਾਬੀ ਸਭਿਆਚਾਰ ਦੀਆ ਕਦਰਾਂ ਕੀਮਤਾਂ ਅਪਣਾਈ ਰੱਖਣਾ ਚਾਹੁਦੀ ਹੈ।ਪ੍ਰਵਾਸੀ ਪੰਜਾਬੀਆ ਦੀ ਪਹਿਲੀ ਪੀੜ੍ਹੀ ਆਪਣੀ ਦੂਜੀ ਪੀੜ੍ਹੀ ਨੂੰ ਵੀ ਇਨਾਂ ਕਦਰਾਂ ਕੀਮਤਾਂ ਨਾਲ ਜੋੜਨਾਂ ਚਾਹੁੰਦੀ ਹੈ।ਪਰ ਜਦੋ ਇਹ ਪੀੜ੍ਹੀ ਦੇਖਦੀ ਹੈ ਕਿ ਆਰਥਿਕਤਾ ਸੁਧਾਰਨ ਦੀ ਦੌੜ ਵਿੱਚ ਉਨਾਂ ਤੋਂ ਅਣਗੌਲੀ ਹੋਈ ਅਤੇ ਪੱਛਮੀ ਸਭਿਆਚਾਰ ਵਿੱਚ ਪਣਪੀ ਉਨਾਂ ਦੀ ਦੂਜੀ ਪੀੜ੍ਹੀ ਦਾ ਝੁਕਾਂਅ ਪੰਜਾਬੀ ਸਭਿਆਚਾਰ ਦੀ ਬਜਾਇ ਪੱਛਮੀ ਸਭਿਆਚਾਰ ਵੱਲ ਹੈ ਤਾਂ ਇਹ ਦੂਜੀ ਪੀੜ੍ਹੀ ਉਨਾਂ ਨੂੰ ਪਜਾਬੀ ਸਭਿਆਚਾਰ ਨਾਲੋਂ ਟੁੱਟਦੀ ਹੋਈ ਅਤੇ ਪੱਛਮੀ ਸਭਿਆਚਾਰ ਵਿੱਚ ਸਮਾਉਦੀ ਹੋਈ ਨਜਰ ਆਉੁਦੀ ਹੈ।ਇਸ ਤਰਾਂ ਦੀਆਂ ਹਾਲਤਾਂ ਵਿਚ ਪਜਾਬੀ ਪ੍ਰਵਾਸੀਆ ਦੀ ਪਹਿਲੀ ਪੀੜ੍ਹੀ ਨੂੰ ਆਪਣੀ ਵਿਲਖਣ ਪਹਿਚਾਣ ਗੁੱਮ ਹੁੰਦੀ ਨਜਰ ਆਉਂਦੀ ਹੈ ਅਤੇ ਉਨਾਂ ਦਾ ਦੂਜੀ ਪੀੜ੍ਹੀ ਨਾਲ ਕਲੇਸ਼ ਪੈਦਾ ਹੁੰਦਾ। ਦੋ ਟਾਪੂ' ਕਹਾਣੀ ਸਗ੍ਰਿਹ ਦੀ ਕਹਾਣੀ 'ਪਛਾਣ' ਦਾ ਪਾਤਰ ਸੁਲੱਖਣ ਸਿੰਘ ਆਪਣੇ ਪੋਤਰੇ ਅਤੇ ਪੋਤਰੀ ਦੇ ਵਿਅਕਤੀਵਾਦੀ ਨਜਰੀਏ ਤੇ ਕੁੜਦਾ ਅਤੇ ਦੁਖੀ ਹੁੰਦਾ ਹੈ।ਸੁਲੱਖਣ ਸਿੰਘ ਦੇ ਪੁੱਤਰ ਅਤੇ ਨੂਹ ਕੋਲ ਆਪਣੇ ਬਚਿਆ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਦਾ ਸਮਾ ਨਹੀਂ ਹੈ। ਸੁਲੱਖਣ ਸਿੰਘ ਪੰਜਾਬੀ ਸਭਿਆਚਾਰ ਦਾ ਮੁਦਈ ਹੁੰਦਾ ਹੋਇਆ ਆਪਣੇ ਆਪ ਨੂੰ ਪਰਿਵਾਰ ਦਾ ਮੁਖੀ ਦੱਸਕੇ ਪੋਤਰੀ ਅਤੇ ਉਸ ਦੇ ਬੁਆਏਫ੍ਰੈਂਡ ਨੂੰ ਝਿੜਕਦਾ ਹੈ ਜਿਸ ਦੇ ਸਿੱਟੇ ਵਜੋਂ ਘਰੇਲੂ ਕਲੇਸ਼ ਉਪਜਦਾ ਹੈ।ਕਹਾਣੀ 'ਭਵਿਖ' ਵੀ ਇਸ ਤਰਾਂ ਦੇ ਦੰਵਧ ਦੀ ਪੇਸ਼ਕਾਰੀ ਹੈ,ਕਹਾਣੀ ਦੀ ਮੁਖ ਪਾਤਰ ਨਵਜੋਤ ਅਤੇ ਉਸਦੀ ਭੈਣ ਪੰਜਾਬੀ ਸਭਿਆਚਾਰ ਦੇ ਪ੍ਰਤੀਨਿਧ ਪਿਤਾ ਦਿਲਬਾਗ ਸਿੰਘ ਦੀ ਬੇਰੁਖੀ ਅਤੇ ਪਾਂਬੰਦੀਆਂ ਦੀਆ

ਸ਼ਿਕਾਰ ਆਪਣੀਆ ਹਮਉਮਰ ਕੁੜੀਆਂ ਨਾਲੋਂ ਹੀਣ ਮਹਿਸੂਸ ਕਰਦੀਆਂ ਹਨ ਜਿਸ ਦੇ ਸਿੱਟੇ ਵਜੋਂ ਦੋਵਾਂ ਪੀੜ੍ਹੀਆਂ ਵਿਚ ਝੂਠ, ਨਫਰਤ, ਤਣਾਅ ਅਤੇ ਗੁੱਸਾ ਪੈਦਾ ਹੁੰਦਾ ਹੈ ਅਤੇ ਗੱਲ ਠਾਣੇ ਕਚਿਹਰੀ ਪਹੁੰਚ ਜਾਂਦੀ ਹੈ।ਨਵਜੋਤ ਫੈਸਲਾ ਨਹੀ ਕਰ ਪਾਉਂਦੀ ਕਿ ਉਸ ਦੇ ਪਿਤਾ ਨੂੰ ਮਿਲੀ ਸਜਾ ਉਸ ਲਈ ਖੁਸ਼ੀ ਦੀ ਗੱਲ ਹੈ ਜਾ ਗਮੀ ਦੀ।'ਟਾਵਰਜ'ਪੁਸਤਕ ਦੀ ਕਹਾਣੀ 'ਪਾਣੀ' ਵਿੱਚ ਪਾਣੀ ਦੇ ਕਈ ਅਰਥ ਉਭਰਦੇ ਹਨ।ਹਰ ਵਿਲਖਣ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਅਨੁਸਾਰ ਵਸਤਾਂ ਦੇ ਵਿਭਿੰਨ ਅਰਥ ਅਤੇ ਮਹੱਤਤਾ ਉਜਾਗਰ ਹੁੰਦੀ ਹੈ।ਪੰਜਾਬਣ ਸੱਸ ਲਈ ਪਾਣੀ ਦੇ ਅਰਥ ਪੰਜਾਬ ਦੇ ਜਮੀਨਦੋਜ ਪਾਣੀ ਅਤੇ ਉਸਦੀ ਪੁਸਤੈਨੀ ਜਮੀਨ ਨੂੰ ਸਿੰਜਣ ਵਾਲੇ ਪਾਣੀ ਤੋਂ ਹਨ ਪਰ ਅੰਗਰੇਜ ਨੂੰਹ ਲਈ ਪਾਣੀ ਜਿੰਦਗੀ ਨੂੰ ਮਾਨਣ ਦੀ ਇੱਕ ਇਕਾਈ ਹੈ।ਪੁੱਤਰ, ਨੂੰਹ, ਪੋਤਰੀ ਅਤੇ ਛੋਟਾ ਪੋਤਰਾ ਪਾਣੀ ਨੂੰ ਬੀਚ ਅਤੇ ਸਵੀਮਿੰਗ ਪੂਲ ਵਿਚਲੇ ਪਾਣੀਆਂ ਦੇ ਰੂਪ ਵਿਚ ਦੇਖਦੇ ਹਨ।ਕਹਾਣੀ ਦੀ ਮੁੱਖ ਪਾਤਰ ਸੁਖਜੀਤ ਕੌਰ ਆਪਣੀ ਪੰਜਾਬ ਦੀ ਧਰਤੀ ਤੇ ਮੌਜੂਦ ਪਿਤਾ-ਪੁਰਖੀ ਜਮੀਨ ਨਾਲ ਭਾਵਨਾਤਕ ਤੌਰ ਤੇ ਜੁੜੀ ਹੋਈ ਹੈ ਅਤੇ ਇਹ ਜਾਣਦੀ ਹੈ ਕਿ ਉਸ ਦਾ ਪੁੱਤਰ, ਅੰਗਰੇਜ ਨੂੰਹ ਅਤੇ ਉਨਾਂ ਦੇ ਬੱਚੇ ਕਦੇ ਵੀ ਪੰਜਾਬ ਜਾ ਕੇ ਨਹੀ ਵਸਣਗੇ।ਉਹ ਇਸ ਅੱਟਲ ਸਚਾਈ ਤੋਂ ਵਾਕਿਫ ਹੈ ਕਿ ਉਸਦੇ ਪੋਤਰੀ ਅਤੇ ਪੋਤਰਾ ਪਛਮੀ ਸਭਿਆਚਾਰ ਤੋਂ ਅਣਭਿਜ ਨਹੀ ਰਹਿ ਸਕਦੇ ਪਰ ਫਿਰ ਵੀ ਉਹ ਮਾਨਸਿਕ ਦੰਵਧ ਅਤੇ ਦੁਖਾਂਤ ਦਾ ਸ਼ਿਕਾਰ ਹੈ।

ਰਿਸ਼ਤਿਆਂ ਦੇ ਟੁੱਟਣ ਵਿੱਚੋਂ ਪੈਦਾ ਹੋਇਆ ਦੁਖਾਂਤ:-ਕਹਾਣੀਕਾਰ ਜਰਨੈਲ ਸਿੰਘ ਨੇ ਪ੍ਰਵਾਸ ਕਰ ਚੁੱਕੇ ਪੰਜਾਬੀਆ ਦੇ ਟੁਟਦੇ ਪਰਿਵਾਰਕ ਰਿਸ਼ਤਿਆ ਅਤੇ ਇਸ ਟੁੱਟ ਭੱਜ ਵਿੱਚੋਂ ਪੈਦਾ ਹੋਏ ਦੁਖਾਤ ਨੂੰ ਕਹਾਣੀਆ ਦੇ ਮੁੱਖ ਵਿਸ਼ੇ ਵਜੋਂ ਵਰਤਿਆਂ ਹੈ। ਪ੍ਰਵਾਸੀ ਪੰਜਾਬੀ ਜਦੋਂ ਪੱਛਮੀ ਦੇਸ਼ਾਂ ਵਿਚ ਪੱਕੇ ਪੈਰੀ ਹੁੰਦੇ ਹਨ ਤਾਂ ਆਪਣੇ ਪਰਿਵਾਰਾਂ ਨੂੰ ਉਥੇ ਸੱਦਦੇ ਹਨ ਜਿਸ ਉਪਰੰਤ ਪਰਿਵਾਰ ਨੂੰ ਪੰਜਾਬ ਵਿਚਲੇ ਪਰਿਵਾਰ ਦੀ ਤਰਾਂ ਇੱਕ ਜੁੱਟ ਰੱਖੇ ਜਾਣਾਂ ਸਮੱਸਿਆ ਬਣ ਜਾਂਦਾ ਹੈ। ਵਿਦੇਸ਼ੀ ਧਰਤੀ ਤੇ ਰਹਿੰਦੇ ਪਰਿਵਾਰ ਵਿੱਚ ਪੰਜਾਬੀ ਪਰਿਵਾਰ ਦੀ ਸਥਾਪਿਤ ਮਰਦ ਸੱਤਾ ਟੁੱਟ ਜਾਂਦੀ ਹੈ ਕਿਉਕਿ ਉਸ ਧਰਤੀ ਤੇ ਜੀਵਨ ਨਿਰਬਾਹ ਲਈ ਔਰਤ ਕੰਮ ਲਈ ਘਰੋਂ ਬਾਹਰ ਨਿਕਲਦੀ ਹੈ। ਔਰਤ ਨੂੰ ਕੰਮ ਦੀ ਲੋੜ,ਕੰਮ ਕਰਨ ਦੀ ਅਜਾਦੀ ਅਤੇ ਢੁਕਵਾ ਵਾਤਾਵਰਨ ਉਸ ਨੂੰ ਆਰਥਿਕ ਤੌਰ ਤੇ ਆਤਮ ਨਿਰਭਰ ਬਣਾਉਦੇ ਹਨ।ਇਹ ਆਤਮ-ਨਿਰਭਰਤਾ ਉਸ ਨੂੰ ਸੁਤਤਰਤਾਂ ਅਤੇ ਬਰਾਬਰਤਾ ਦਾ ਅਹਿਸਾਸ ਕਰਵਾਉਦੀ ਹੈ। ਇਸ ਤਰਾਂ ਦੇ ਖੁਲ੍ਹੇ ਵਾਤਾਵਰਨ ਵਿਚ ਔਰਤ ਪਤੀ ਦੀਆ ਵਧੀਕੀਆਂ ਨੂੰ ਬਿਨਾ ਕਿਸੇ ਹੀਲ ਹੁਜਤ ਦੇ ਸਹਿਣ ਦੀ ਬਜਾਏ ਉਨ੍ਹਾਂ ਦਾ ਵਿਰੋਧ ਕਰਦੀ ਹੈ। ਕਹਾਣੀਕਾਰ ਜਰਨੈਲ ਸਿੰਘ ਦੀਆਂ ਕਹਾਣੀਆਂ ਵਿਚਲੇ ਪਤੀ ਆਪਣਾਂ ਪੂਰਬੀ ਸਭਿਆਚਾਰ ਵਾਲਾ ਮਰਦਪ੍ਰਧਾਨ ਅਤੇ ਜਗੀਰੂ ਨਜਰੀਆ ਨਹੀ ਛਡਦੇ ਅਤੇ ਪਤੀ ਪਤਨੀ ਦੇ ਰਿਸ਼ਤੇ ਵਿਚ ਬੇਵਫਾਈ, ਘਰੇਲੂ ਹਿੰਸਾਂ ਅਤੇ ਘਰੇਲੂ ਫੈਸਲਿਆਂ ਵਿਚ ਖੁਦਮੁਖਤਿਆਰੀ ਨੂੰ ਆਪਣਾ

ਜਨਮ ਸਿੱਧ ਅਧਿਕਾਰ ਮੰਨਦੇ ਹਨ।ਇਥੇ ਹੀ ਬੱਸ ਨਹੀ ਉਹ ਆਪਣੀਆਂ ਕੀਤੀਆਂ ਵਧੀਕੀਆਂ ਉਪਰੰਤ ਵੀ ਔਰਤ ਵੱਲੋਂ ਹੀ ਮੁਆਫੀ ਮੰਗੇ ਜਾਣ ਦੀ ਉਮੀਦ ਵੀ ਰੱਖਦੇ ਹਨ।ਔਰਤ ਅਤੇ ਮਰਦ ਦੇ ਇਨਾਂ ਦੋਵੇ ਵਿਰੋਧੀ ਦ੍ਰਿਸ਼ਟੀਕੋਣਾਂ ਵਿਚੋ ਘਰੇਲੂ ਰਿਸ਼ਤਿਆਂ ਦੇ ਟੁੱਟਣ ਦੀ ਦਾਸ਼ਾਤਾਨ ਆਰੰਭ ਹੁਦੀ ਹੈ ਪਤੀ ਪਤਨੀ ਦੇ ਰਿਸ਼ਤੇ ਟੁੱਟਦੇ ਹਨ ਅਤੇ ਬੱਚਿਆ ਦੇ ਪਾਲਣ ਪੋਸ਼ਣ ਦੀ ਸਮਸਿਆ ਸਾਹਮਣੇ ਆਉਦੀ ਹੈ। ‘ਦੋ ਟਾਪੂ’,‘ਗੁਆਚੇ ਲੋਕ’ ਅਤੇ ‘ਪਰਛਾਵੇਂ’ ਕਹਾਣੀਆਂ ਵਿੱਚ ਮੁਖ ਤੌਰ ਤੇ ਪਤੀ ਪਤਨੀ ਦੇ ਰਿਸ਼ਤੇ ਟੁੱਟਣ ਦੀ ਗੱਲ ਦੇਖਣ ਨੂੰ ਮਿਲਦੀ ਹੈ।‘ਦੋ ਟਾਪੂ’ ਕਹਾਣੀ ਵਿੱਚ ਬਲਰਾਜ ਅਤੇ ਪੁਸ਼ਪਿੰਦਰ ਪਤੀ-ਪਤਨੀ ਹਨ। ਪੁਸ਼ਪਿੰਦਰ ਬਲਰਾਜ ਨਾਲੋਂ ਵੱਧ ਪੜ੍ਹੀ ਲਿਖੀ ਅਤੇ ਕਮਾਉ ਹੈ।ਪਰ ਪਰਿਵਾਰਿਕ ਫੈਸਲਿਆਂ ਵਿਚ ਬਲਰਾਜ ਦੀ ਮਰਦਾਵੀ ਧੌਂਸ, ਆਪਣੇ ਭਤੀਜੇ ਲਈ ਪੁਸਪਿੰਦਰ ਦੀ ਭੈਣ ਦਾ ਸਾਕ ਮੰਗਣਾ ਆਦਿ ਗੱਲਾਂ ਪਰਵਾਰਿਕ ਕਲੇਸ ਦਾ ਕਾਰਨ ਬਣਦੀਆਂ ਹਨ ਅਤੇ ਗੱਲ ਤਲਾਕ ਤੱਕ ਪਹੁਚ ਜਾਂਦੀ ਹੈ।‘ਪਰਛਾਵੇ’ ਕਹਾਣੀ ਦਾ ਮੁੱਖ ਪਾਤਰ ਜਨਮੀਤ ਪਤੀ-ਪਤਨੀ ਦੇ ਰਿਸ਼ਤੇ ਵਿੱਚ ਬੇਵਫਾਈ ਤੋਂ ਬਾਅਦ ਇਹ ਆਸ ਕਰਦਾ ਹੈ ਕਿ ਉਸਦੀ ਪਤਨੀ ਬਲਵੀਰ ਉਸ ਨੂੰ ਅਪਣਾਈ ਰੱਖੇਗੀ ਪਰ ਪੱਛਮੀ ਸਭਿਆਚਾਰ ਵਿਚ ਆਪਣਾਂ ਅਤੇ ਆਪਣੇ ਬੱਚਿਆ ਦਾ ਪਾਲਣ ਪੋਸਣ ਕਰ ਰਹੀ ਪਤਨੀ ਤਲਾਕ ਲਈ ਬਜਿੱਦ ਹੈ ਅਤੇ ਤਲਾਕ ਹੋ ਜਾਂਦਾ ਹੈ। ਪਤੀ ਪਤਨੀ ਦੇ ਰਿਸ਼ਤੇ ਟੁੱਟਣ ਨਾਲ ਬਚਿਆ ਦੇ ਬਾਲ ਮਨਾ ਤੇ ਕਈ ਗਲਾਂ ਡੂੰਘੀਆ ਉਕਰੀਆ ਜਾਂਦੀਆਂ ਹਨ ਜਿੰਨਾਂ ਦੇ ਸਿੱਟੇ ਵਜੋਂ ਬਚਿਆਂ ਦੇ ਮਨਾਂ ਵਿੱਚ ਮਾਤਾ ਪਿਤਾ ਲਈ ਖਟਾਸ ਉਪਜਦੀ ਹੈ।ਕਹਾਣੀ‘ਪਰਛਾਵੇਂ’ ਦਾ ਪਾਤਰ ਤੇਜ ਆਪਣੇ ਪਿਤਾ ਨਾਲੋਂ ਇਸ ਲਈ ਟੁੱਟ ਜਾਂਦਾਂ ਹੈ ਕਿਉਕਿ ਪਿਤਾ ਅਤੇ ਮਾਂ ਦਾ ਤਲਾਕ ਹੁੰਦਾ ਹੈ।ਕਹਾਣੀ ‘ਗੁਆਚੇ ਲੋਕ’(ਟਾਵਰਜ)ਵਿਚ ਪਰਿਵਾਰ ਦੇ ਜੀਆਂ ਦੇ ਮਨਾਂ ਵਿਚ ਆਪਸੀ ਪਿਆਰ,ਸਾਂਝ ਅਤੇ ਅਪਣਤ ਦੀ ਥਾਂ ਪੈਸਾ ,ਸੁਹਰਤ ਅਤੇ ਆਰਥਿਕ ਖੇਤਰ ਵਿੱਚ ਅੱਗੇ ਵਧਣ ਦੀ ਤਾਂਘ ਨੇ ਲੈ ਲਈ ਹੈ। ਕਹਾਣੀ ਦਾ ਮੁੱਖ ਪਾਤਰ ਸਮਸ਼ੇਰ ਸਿੰਘ ਚਾਹੁੰਦਾ ਹੈ ਕਿ ਉਸ ਦਾ ਪਰਿਵਾਰ ਆਪਸੀ ਦੁੱਖ-ਸੁੱਖ ਦੀ ਸਾਂਝ ਦੀਆਂ ਤੰਦਾਂ ਵਿਚ ਬੰਨਿਆ ਰਹੇ ਪਰ ਉਸ ਦੇ ਦੋਵੇ ਪੁਤਰਾਂ ਦੀ ਸਦਾਚਾਰਕਤਾ ਨੂੰ ਛਿੱਕੇ ਟੰਗ ਕੇ ਅੱਗੇ ਵੱਧਣ ਦੀ ਤਾਂਘ ਪਰਿਵਾਰਕ ਕਲੇਸ਼ ਅਤੇ ਫੁੱਟ ਦਾ ਕਾਰਨ ਬਣਦੀ ਹੈ,ਪੁਤਰਾਂ ਦਾ ਸਾਥ ਦੇਣ ਕਰਕੇ ਪਤੀ ਪਤਨੀ ਦਾ ਰਿਸ਼ਤਾ ਵੀ ਟੁੱਟ ਜਾਦਾ ਹੈ।ਸ਼ਮਸ਼ੇਰ ਸਿੰਘ ਨੂੰ ਲਗਦਾ ਹੈ ਕਿ ਉਸਦੀ ਪਤਨੀ ਪੁਤਰਾਂ, ਨੂਹਾ ਅਤੇ ਉਨਾਂ ਦੇ ਬੱਚਿਆ ਦੀਆਂ ਜਿਮੇਵਾਰੀਆਂ ਨਿਭਾਉਣ ਵਿਚ ਰੁੱਝੀ ਹੋਈ ਉਸ ਨੂੰ ਅਣਗੋਲਿਆ ਕਰ ਰਹੀ ਹੈ।ਜਿਸ ਦੇ ਸਿੱਟੇ ਵਜੋਂ ਉਹ ਜੂਲੀ ਵੱਲ ਝੁਕ ਜਾਦਾ ਹੈ।ਸ਼ਮਸੇਰ ਸਿੰਘ ਦੇ ਪੁਤਰ ਮਨਜਿੰਦਰ ਅਤੇ ਉਸਦੀ ਪਤਨੀ ਸੈਂਡੀ ਦੀ ਵਿਆਹੁਤਾ ਜਿੰਦਗੀ ਵੀ ਟੁੱਟਣ ਦੇ ਕਿਨਾਰੇ ਹੈ ਅਤੇ ਉਨ੍ਹਾਂ ਦਾ ਬੱਚਾ ਗੋਲਡੀ ਮਾਤਾ ਪਿਤਾ ਦੀ ਬੇਰੁਖੀ ਦਾ ਦਰਦ ਹਢਾਂ ਰਿਹਾ ਹੈ।ਸ਼ਮਸੇਰ ਸਿੰਘ ਨੂੰ ਔਲਾਦ ਸ਼ਬਦ ਤੋਂ ਕੁੜੱਤਣ ਮਹਿਸੂਸ ਹੋਣ ਲਗਦੀ ਹੈ।“ ‘ਔਲਾਦ’ ਸ਼ਬਦ ਉਸਦੇ ਮਨ ਅੰਦਰ ਕੁੜੱਤਣ ਜਿਹੀ ਘੋਲ ਗਿਆ...ਉਸ ਅੰਦਰਲੀ ਕੁੜੱਤਣ ਅਤਿ ਸੰਘਣੇ ਗੁਬਾਰ ਦਾ ਰੂਪ ਧਾਰਨ ਕਰ ਗਈ।

Volume: 13, March 2026 ISSN: 2394-0980
PP: 147-158

"ਕਿਹੜਾ ਟੱਬਰ?" ਉਹ ਚਿੱਲਾਇਆ।"[5] ਪਤੀ-ਪਤਨੀ ਦੇ ਰਿਸ਼ਤਿਆਂ ਤੋਂ ਇਲਾਵਾ ਇਨਾ ਕਹਾਣੀਆਂ ਵਿਚ ਹੋਰਨਾਂ ਪਰਿਵਾਰਕ ਰਿਸ਼ਤਿਆ ਦੀ ਟੁੱਟ-ਭੱਜ ਵੀ ਦੇਖਣ ਨੂੰ ਮਿਲਦੀ ਹੈ।ਮਾਤਾ ਪਿਤਾ ਅਤੇ ਔਲਾਦ ਵਿਚਲੇ ਰਿਸ਼ਤੇ ਵੀ ਸੁਖਾਵੇਂ ਨਹੀ ਹਨ।ਕਹਾਣੀ 'ਭਵਿੱਖ' ਵਿੱਚ ਭਾਰਤੀ ਮਰਦ ਪ੍ਰਧਾਨ ਸਮਾਜ ਦੀ ਸੋਚ ਦਾ ਧਾਰਨੀ ਅਤੇ ਦੋ ਧੀਆਂ ਦਾ ਪਿਤਾ ਦਿਲਬਾਗ ਸਿੰਘ ਆਪਣੀਆਂ ਧੀਆਂ ਨੂੰ ਆਪਣੇ ਅਨੁਸਾਰ ਬੰਨ ਕੇ ਰੱਖਣਾ ਚਾਹੁੰਦਾ ਹੈ। ਪਰ ਵਿਅਕਤੀਵਾਦੀ ਕਨੇਡੀਅਨ ਸਮਾਜ ਵਿਚ ਰਹਿ ਰਹੀਆਂ ਧੀਆਂ ਆਪਣੇ ਸਕੂਲ ਦੀਆਂ ਸਾਥਣਾਂ ਤੋਂ ਪੱਛਮੀ ਪ੍ਰਭਾਵ ਕਬੂਲਦੀਆਂ ਹਨ ਅਤੇ ਪਿਤਾ ਦਿਲਬਾਗ ਸਿੰਘ ਦੁਆਰਾ ਥੋਪੇ ਜਾ ਰਹੇ ਮਾਹੌਲ ਵਿਚ ਬੰਧਨ ਮਹਿਸੂਸ ਕਰਦੀਆਂ ਹਨ। ਪਿਤਾ ਅਤੇ ਧੀਆਂ ਵਿਚਲਾ ਇਹ ਪਾੜਾ ਇਨਾਂ ਵੱਧ ਜਾਦਾ ਹੈ ਕਿ ਧੀ ਨਵਜੋਤ ਮਾਤਾ ਪਿਤਾ ਤੋਂ ਚੋਰੀ ਵਿਅਕਤੀਗਤ ਖੁਲਾਂ ਲੈਣ ਲਗਦੀ ਹੈ ਜਿਸ ਦੇ ਸਿੱਟੇ ਵਜੋਂ ਪਰਿਵਾਰਿਕ ਕਲੇਸ ਪੈਦਾ ਹੁੰਦਾ ਹੈ ਅਤੇ ਪਿਤਾ ਅਤੇ ਧੀਆਂ ਦੇ ਰਿਸ਼ਤੇ ਟੁੱਟਦੇ ਹਨ।ਪੂਰਬੀ ਸਭਿਆਚਾਰਕ ਸੋਚ ਦਾ ਧਾਰਨੀ ਪਿਤਾ ਧੀ ਤੇ ਹੱਥ ਚੁਕਦਾ ਹੈ, ਛੋਟੀ ਧੀ ਵੱਲੋਂ ਕੀਤੀ ਸ਼ਿਕਾਇਤ ਤੇ ਪੁਲਿਸ ਲਾਕਅੱਪ ਵਿੱਚ ਚਲਾ ਜਾਦਾ ਹੈ ਅਤੇ ਸਜਾ ਭੁਗਤਦਾ ਹੈ।ਕਹਾਣੀ 'ਗੁਆਚੇ ਲੋਕ' ਵਿੱਚ ਪਿਤਾ ਸ਼ਮਸੇਰ ਸਿੰਘ ਅਤੇ ਉਸਦੇ ਪੁਤਰਾਂ ਵਿਚਲਾ ਰਿਸ਼ਤਾ ਵੀ ਪਿਓ-ਪੁੱਤਰ ਦੇ ਆਪਸੀ ਪਿਆਰ ਅਤੇ ਅਪਣੱਤ ਤੋਂ ਕੋਰਾ ਹੈ।

ਨਸਲੀ ਵਿਤਕਰਾ:- ਜਰਨੈਲ ਸਿੰਘ ਦੀਆਂ ਕਹਾਣੀਆਂ ਦੇ ਪਾਤਰ ਪੰਜਾਬੀ ਪ੍ਰਵਾਸੀਆਂ ਨੂੰ ਦਰਪੇਸ਼ ਦਵੰਧ ਦਾ ਇੱਕ ਹੋਰ ਮਹਤਵਪੁਰਨ ਪਹਿਲੂ ਪ੍ਰਵਾਸੀ ਪੰਜਾਬੀਆ ਦਾ ਵਿਦੇਸ਼ ਦੀ ਧਰਤੀ ਉੱਤੇ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾਂ ਹੈ।ਭਾਂਵੇ ਸਾਰੇ ਇਨਸਾਨ ਇੱਕ ਸਮਾਨ ਹਨ ਅਤੇ ਇੱਕ ਸਮਾਨ ਬੁਨਿਆਦੀ ਗੁਣਾ ਦੇ ਧਾਰਨੀ ਹਨ ਪਰ ਮਨੁਖੀ ਸਮਾਜ ਵਿੱਚ ਹਮੇਸ਼ਾ ਨਸਲ,ਰੰਗ, ਧਰਮ ਲਿੰਗ ਆਦਿ ਦੇ ਆਧਾਰ ਤੇ ਵਿਤਕਰਾ ਹੁੰਦਾ ਆਇਆ ਹੈ।ਕਨੇਡਾ ਵਰਗੇ ਦੇਸ਼ ਦੀ ਬਹੁਤ ਸਾਫ ਸੁਥਰੀ ਅਤੇ ਉੱਚੀਆ ਕਦਰਾਂ ਕੀਮਤਾਂ ਦੀ ਧਾਰਨੀ ਮੰਨੀ ਜਾਂਦੀ ਸੋਸਾਇਟੀ ਵਿੱਚ ਰੰਗ ਆਧਾਰਿਤ ਵਿਤਕਰਾ ਪਾਇਆ ਜਾਂਦਾ ਹੈ।'ਜੜ੍ਹਾਂ'(ਦੋ ਟਾਪੂ) ਕਹਾਣੀ ਦਾ ਪਾਤਰ ਪ੍ਰੋ. ਕੁਲਵਰਨ ਕੈਨੇਡਾ ਦੀ ਟੋਰਾਂਟੋ ਯੂਨਵਿਰਸਿਟੀ ਵਿੱਚ ਲੈਕਚਰਾਰ ਦੀ ਨੌਕਰੀ ਕਰਦਾ ਹੈ ਅਤੇ ਆਰਥਿਕ ਤੌਰ ਤੇ ਸੁਰਖਰੂ ਹੈ। ਪ੍ਰੋ. ਕੁਲਵਰਨ ਦੇ ਪਰਿਵਾਰਕ ਹਾਲਾਤ ਸੁਖਾਵੇਂ ਹਨ। ਕੁਲਵਰਨ 'ਇਨਔਰਗੈਨਿਕ ਮੌਲਿਕਯੂਲ'ਵਿਸੇ ਤੇ ਪੀ-ਐਚ.ਡੀ. ਮੁਕਾਉਦਾ ਹੈ ਉਸ ਦੀ ਯੂਨੀਵਰਸਿਟੀ ਵਿੱਚ ਨਿਕਲੀ ਅਸਿਸਟੈਂਟ ਪ੍ਰੋਫੈਸਰ ਦੀ ਨੌਕਰੀ ਉਸ ਨੂੰ ਸਿਰਫ ਨਸਲੀ ਵਿਤਕਰੇ ਕਰਕੇ ਨਹੀ ਮਿਲਦੀ ਤਾਂ ਉਸ ਦੇ ਮਨ ਨੂੰ ਠੇਸ ਪਹੁਚਦੀ ਹੈ।ਨਿਰਾਸ ਹੋਇਆ ਕੁਲਵਰਨ ਯੌਰਕ ਯੂਨੀਵਰਸਿਟੀ ਵਿਖੇ ਨੌਕਰੀ ਕਰ ਲੈਂਦਾ ਹੈ ਪਰ ਉਥੇ ਵੀ ਉਹ ਨਸਲਵਾਦ ਦਾ ਸਿਕਾਰ ਹੁੰਦਾ ਹੈ।ਉਸ ਨੂੰ ਆਪਣੇ ਮੇਲ ਬਾਕਸ ਵਿਚੋਂ ਮਿਲੀ ਸਾਬਣ ਦੀ ਟਿੱਕੀ ਸੱਪ ਦੇ ਡੰਗ ਵਾਂਗ ਲਗਦੀ ਹੈ।ਇਥੇ ਹੀ ਜਦੋਂ ਤੱਰਕੀ ਦਾ ਸਮਾ ਆਉਦਾ ਹੈ ਤਾਂ ਕੁਲਵਰਨ ਫਿਰ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦਾਂ ਹੈ ਅਤੇ ਉਸ ਦੀ ਬਜਾਇ ਤੱਰਕੀ ਕੋਈ

ਹੋਰ ਹਾਸਿਲ ਕਰ ਲੈਂਦਾ ਹੈ। ਇਸ ਤਰਾਂ ਕੁਲਵਰਨ ਨਾਲ ਵਾਰ-ਵਾਰ ਹੁੰਦਾਂ ਵਿਤਕਰਾਂ ਉਸਦੇ ਮਨ ਵਿੱਚ ਕਨੇਡੀਅਨ ਸੋਸਾਇਟੀ ਪ੍ਰਤੀ ਖੱਟਾਸ਼ ਪੈਦਾ ਕਰ ਦਿੰਦਾਂ ਹੈ ਉਹ ਆਪਣੀ ਪਤਨੀ ਨੂੰ ਕਹਿੰਦਾ ਹੈ ਕਿ, "ਪਾਵਰ ਤੋਂ ਬਿਨਾ ਨਸਲਵਾਦ ਦੀਆਂ ਜੜਾਂ ਲੱਗ ਹੀ ਨਹੀ ਸਕਦੀਆਂ...ਤੇ ਇਥੇ ਜਦ ਪਾਵਰ ਹੀ ਗੋਰੇ ਹੱਥਾ ਵਿਚ ਆ ਤਾਂ ਆਪਾਂ ਬਰਾਉਨ ਜਾਂ ਕਾਲੇ ਲੋਗ ਕੁਝ ਨਹੀ ਕਰ ਸਕਦੇ।"[6] ਨਸਲੀ ਵਿਤਕਰੇ ਦਾ ਸਿਕਾਰ ਕੁਲਵਰਨ ਕਨੇਡਾ ਛੱਡ ਕੇ ਪੰਜਾਬ ਜਾਣਾਂ ਲੋਚਦਾ ਹੈ ਜਿਥੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਫਿਰ ਦੁਖਾਂਤ ਦਾ ਸ਼ਿਕਾਰ ਹੋਣਾਂ ਪੈਂਦਾਂ ਹੈ। ਇਸੇ ਤਰਾਂ ਕਹਾਣੀ 'ਭਵਿੱਖ'ਦਾ ਪਾਤਰ ਦਿਲਬਾਗ ਸਿੰਘ ਟਾਇਰ ਫੈਕਟਰੀ ਵਿਚ ਕੰਮ ਕਰਦਾ ਹੈ ਅਤੇ ਰੰਗ ਆਧਾਰਿਤ ਵਿਤਕਰੇ ਦਾ ਸ਼ਿਕਾਰ ਹੁੰਦਾਂ ਹੈ।ਦਿਲਬਾਗ ਸਿੰਘ ਕਹਿਦਾ ਹੈ ਕਿ, "ਮੇਰੇ ਨਾਲ ਆਲਿਆ 'ਚੋ ਕਿਸੇ ਨੂੰ ਲੀਡ ਹੈਡ ਬਣਾਂ ਦਿੱਤੈ ਤੇ ਕਿਸੇ ਨੂੰ ਸੁਪਰਵੈਜਰ। ਮੈਨੂੰ ਕਹਿੰਦੇ ਆ ਪਈ ਤੈਨੂੰ ਸੁਪਰਵੈਜਰ ਇਸ ਕਰਕੇ ਨਹੀ ਬਣਾਂ ਸਕਦੇ ਕਿ ਤੈਨੂੰ ਅੰਗ੍ਰੇਜੀ ਨਹੀ ਆਉਦੀ।...ਅਸਲ 'ਚ ਗੱਲ ਤਾਂ ਚਿੱਟੀ ਚਮੜੀ ਦੀ ਆ।"[7] ਵਿਤਕਰੇ ਦਾ ਸ਼ਿਕਾਰ ਦਿਲਬਾਗ ਸਿੰਘ ਗੋਰੇ ਲੋਕਾਂ ਨਾਲ ਇੱਕ ਵਿੱਥ ਸਿਰਜ ਕੇ ਜਿਉਦਾ ਅਤੇ ਆਪਣੀਆਂ ਧੀਆ ਨੂੰ ਗੋਰੇ ਲੋਕਾਂ ਨਾਲ ਬੋਲਣ ਦੀ ਮਨਾਹੀ ਕਰਦਾ ਹੈ।

ਪ੍ਰੀੜੀ ਪਾੜਾ:- ਪ੍ਰਵਾਸੀ ਪੰਜਾਬੀਆਂ ਦੇ ਦਵੰਧ ਦਾ ਪ੍ਰਬਲ ਕਾਰਨ ਪੀੜ੍ਹੀ-ਪਾੜਾ ਬਣਦਾ ਹੈ। ਪੀੜ੍ਹੀ-ਪਾੜਾ ਜਰਨੈਲ ਸਿੰਘ ਦੀਆਂ ਕਹਾਣੀਆਂ ਵਿਚ ਪੇਸ਼ ਮਹਤਵਪੂਰਨ ਵਿਸ਼ਾ ਹੈ ਜਿਸ ਦਾ ਜਿਕਰ ਉਸ ਦੀਆਂ ਕਹਾਣੀਆ ਵਿਚ ਵਾਰ-ਵਾਰ ਹੋਇਆ ਹੈ। "ਪੀੜ੍ਹੀ-ਪਾੜਾ ਮਨੁੱਖੀ ਸਮਾਜ ਦਾ ਵਿਆਪਕ ਲੱਛਣ ਹੈ।ਸਧਾਰਨ ਪੀੜ੍ਹੀ-ਪਾੜਾ ਏਨਾ ਤਕਲੀਫਦੇਹ ਨਹੀ ਹੁੰਦਾ। ਪਰ ਜਦੋਂ ਪੀੜ੍ਹੀ-ਪਾੜਾ ਸਧਾਰਨ ਨਾ ਰਹਿ ਕੇ ਸਭਿਆਚਾਰਕ ਪਾੜੇ ਵਜੋਂ ਸ਼ੁਰੂ ਹੁੰਦਾ ਹੈ ਤਾਂ ਇਕ ਵਿਸਫੋਟਕ ਸਥਿਤੀ ਦਾ ਆਭਾਸ ਹੁੰਦਾ ਹੈ।"[8] ਪ੍ਰਵਾਸੀ ਪੰਜਾਬੀ ਜਿਹੜੇ ਪੰਜਾਬ ਦੀ ਧਰਤੀ ਛੱਡ ਕੇ ਕੈਨੇਡਾਂ ਵਿਚ ਗਏ ਉਨਾਂ ਦਾ ਬਚਪਨ ਪੰਜਾਬ ਵਿਖੇ ਬੀਤਿਆ ਪਰ ਉਨਾ ਦੇ ਬੱਚੇ ਕੇਨੇਡਾ ਵਿਖੇ ਪੈਦਾ ਹੋਏ ਅਤੇ ਉਨਾ ਦਾ ਬਚਪਨ ਉਥੋਂ ਦੇ ਸਮਾਜ ਵਿਚ ਬੀਤਿਆਂ, ਕੈਨੇਡਾ ਦੀ ਪੜ੍ਹਾਈ ਲਿਖਾਈ ਨੇ ਇਸ ਦੂਜੀ ਪੀੜ੍ਹੀ ਦੇ ਜੀਵਨ ਵਿਚ ਪੱਛਮੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਨੂੰ ਪੱਕਿਆ ਕਰ ਦਿੱਤਾ ਪਰ ਪਹਿਲੀ ਪੀੜ੍ਹੀ ਦੀ ਪੂਰਬੀ ਕਦਰਾਂ ਕੀਮਤਾਂ ਅਨੁਸਾਰ ਪਰਿਵਾਰ ਨੂੰ ਚਲਾਉਣ ਦੀ ਇੱਛਾ ਪੀੜ੍ਹੀ-ਪਾੜੇ ਨੂੰ ਜਨਮ ਦਿੰਦੀ ਹੈ।ਨਵੀ ਪੀੜ੍ਹੀ ਆਪਣੇ ਆਲੇ-ਦੁਆਲੇ ਵਿਅਕਤੀਵਾਦੀ ਕਦਰਾਂ ਕੀਮਤਾਂ ਅਨੁਸਾਰ ਵਿਚਰਦੇ ਲੋਕਾ ਨੂੰ ਦੇਖਕੇ ਅਤੇ ਪਾਠ ਪੁਸਤਕਾਂ ਵਿੱਚ ਸਿਖਾਈਆ ਜਾ ਰਹੀਆਂ ਕੀਮਤਾਂ ਅਤੇ ਅਪਣੇ ਮਾਪਿਆਂ ਦੁਆਰਾ ਦਿੱਤੇ ਜਾ ਰਹੇ ਸੰਸਕਾਰਾਂ ਵਿੱਚ ਉਲਝ ਜਾਂਦੀ ਹੈ ।ਜਦੋਂ ਇਸ ਉਲਝਣ ਵਿਚੋਂ ਨਵੀ ਪੀੜੀ ਬਾਹਰ ਆਉਦੀ ਹੈ ਤਾਂ ਉਸ ਦਾ ਝੁਕਾਂਅ ਕੈਨੇਡੀਅਨ ਵਿਅਕਤੀਵਾਦ ਵੱਲ ਜਿਆਦਾ ਹੁੰਦਾ ਹੈ। "ਸਵੀ ਤੇ ਨਿੱਕੋ (ਦੋ ਟਾਪੂ),ਪੈਮ (ਪਛਾਣ), ਨਵਜੋਤ ,ਹਰਜੋਤ (ਭਵਿੱਖ),ਰਵੀ(ਪੰਧ-ਕਥਾ),ਮਨਬੀਰ(ਜੜਾਂ) ਅਤੇ ਤੇਜ ਤੇ ਇੰਦੂ (ਪਰਛਾਂਵੇਂ) ਆਦਿ ਇਸ ਪੀੜ੍ਹੀ ਦੇ ਪ੍ਰਤੀਨਿਧ ਪਾਤਰ ਹਨ।ਇਨਾਂ ਦੀ

Volume: 13, March 2026 ISSN: 2394-0980
PP: 147-158

ਜਿੰਦਗੀ ਦਾ ਪਰਮ-ਉਦੇਸ਼, ਖਾਧ-ਖੁਰਾਕ ਦੀਆਂ ਸਹੂਲਤਾਂ ਤੋਂ ਅੱਗੇ ਅਜਿਹੀ ਮਨ-ਇਛਿਤ "ਇੰਡਵਿਯੂਅਲ ਲਾਈਫ"ਹੰਢਾਉਣਾ ਹੈ,ਜਿਸ ਵਿਚ ਕੋਈ "ਇੰਟਰਫੀਅਰ" ਨਾ ਕਰ ਸਕੇ ਅਤੇ ਨਾ ਕੋਈ "ਹਰਟ" ਕਰੇ।"[9] 'ਭਵਿੱਖ'(ਦੋ ਟਾਪੂ) ਕਹਾਣੀ ਵਿਚ ਨਵਜੋਤ ਅਤੇ ਹਰਜੋਤ ਨੂੰ ਉਨਾਂ ਦੇ ਮਾਪੇ ਭਾਰਤੀ ਰਹਿਤਲ ਅਨੁਸਾਰ ਜੀਵਨ ਜਿਉਣਾ ਸਿਖਾਉਦੇ ਹਨ ਇਥੋ ਤੱਕ ਕਿ ਉਹ ਲੱਗਦੀ ਵਾਹ ਉਨਾਂ ਤੇ ਭਾਰਤੀ ਕਦਰਾਂ ਕੀਮਤਾ ਜਬਰਦਸਤੀ ਥੋਪਣ ਤੋਂ ਵੀ ਗੁਰੇਜ ਨਹੀ ਕਰਦੇ ਸਿੱਟਾ ਪੀੜ੍ਹੀ-ਪਾੜੇ ਦੇ ਦੁਖਾਂਤ ਵਜੋਂ ਸਾਹਮਣੇ ਆਉਦਾ ਹੈ। 'ਪਛਾਣ'(ਦੋ ਟਾਪੂ) ਕਹਾਣੀ ਦਾ ਪਾਤਰ ਸੁਲੱਖਣ ਸਿੰਘ ਆਪਣੀ ਪੋਤਰੀ ਪੈਮ ਨੂੰ ਪੱਛਮੀ ਜੀਵਨ ਜਾਂਚ ਅਨੁਸਾਰ ਜੀਵਨ ਜੀਣ ਤੋਂ ਰੋਕਣਾ ਚਾਹੁਦਾ ਹੈ ਪਰ ਪੈਮ ਆਪਣੇ ਦਾਦੇ ਦੀਆ ਗੱਲਾਂ ਨੂੰ ਫਜੂਲ ਗੱਲਾਂ ਦਸਦੀ ਹੋਈ ਇੰਡਿਵਿਯੁਅਲ ਲਾਈਫ ਜਿਉਣ ਦੀ ਗੱਲ ਕਹਿਦੀ ਹੈ।'ਪੰਧ ਕਥਾ'(ਦੋ ਟਾਪੂ) ਕਹਾਣੀ ਦਾ ਪਾਤਰ ਰਵੀ ਇੰਡਿਵਿਯੁਅਲ ਲਾਈਫ ਜਿਉਣ ਦੀ ਇੱਛਾ ਪੂਰੀ ਕਰਨ ਦੀ ਤਾਂਘ ਵਿਚ ਗੈਂਗ ਵਿਚ ਸ਼ਾਮਿਲ ਹੋ ਕੇ ਗੈਂਗਵਾਰ ਦਾ ਸ਼ਿਕਾਰ ਹੋ ਅਪਾਹਿਜ ਹੋ ਜਾਂਦਾਂ ਹੈ। ਕਹਾਣੀ 'ਪਾਣੀ' (ਟਾਵਰਜ) ਦਾ ਰਾਜੂ ਅਤੇ ਉਸਦੀ ਬੱਚੀ ਡੈਬੀ ਪੀੜ੍ਹੀ ਪਾੜੇ ਦੇ ਪ੍ਰਤੱਖ ਉਦਾਹਰਨ ਹਨ। ਰਾਜੂ ਅੰਗਰੇਜ ਕੁੜੀ ਸੈਰਨ ਨਾਲ ਵਿਆਹ ਕਰਵਾਉਦਾ ਹੈ ਅਤੇ ਉਸਦੇ ਅਰਧ ਅੰਗਰੇਜ ਬੱਚੇ ਡੈਬੀ ਅਤੇ ਰਿੱਕਦੀਪ ਵੀ ਪੱਛਮੀ ਕਦਰਾਂ ਕੀਮਤਾਂ ਦੀ ਉਪਜ ਹਨ।ਕਹਾਣੀ ਦੀ ਮੁੱਖ ਪਾਤਰ ਸੁਖਜੀਤ ਕੌਰ ਆਪਣੀ ਪੰਜਾਬ ਦੀ ਧਰਤੀ ਤੇ ਮੌਜੂਦ ਪਿਤਾ-ਪੁਰਖੀ ਜਮੀਨ ਨਾਲ ਵੀ ਭਾਵਨਾਤਕ ਤੌਰ ਤੇ ਜੁੜੀ ਹੋਈ ਹੈ ਪਰ ਉਸ ਦੇ ਪੁਤਰ ਅਤੇ ਨੂਹ ਪਦਾਰਥਕ ਸੁਖਾਂ ਕਰਕੇ ਹੀ ਸੁਖਜੀਤ ਕੌਰ ਨਾਲ ਜੁੜੇ ਹੋਏ ਹਨ। "ਜਰਨੈਲ ਸਿੰਘ ਦੀਆਂ ਕਹਾਣੀਆਂ 'ਪਛਾਣ', 'ਭਵਿਖ',ਅਤੇ 'ਪੰਧ ਕਥਾ'ਵਿਚ ਕਨੇਡਾ ਦੀ ਧਰਤੀ ਤੇ ਪੈਰ ਜਮਾਉਣ ਦੀ ਜੱਦੋ -ਜਹਿਦ ਵਿੱਚ ਪਏ ਭਾਰਤੀ ਮਾਪੇ ਆਪਣੇ ਰੁਝੇਵਿਆਂ, ਕਾਹਲੀਆਂ,ਲੋਭਾਂ ਤੇ ਤੰਗਦਿਲੀਆਂ ਕਾਰਨ ਘਰ ਦੇ ਮਾਹੌਲ ਵਿੱਚ ਉਹ ਸੰਤੁਲਨ ਸਿਰਜਣੋਂ ਅਸਮਰਥ ਰਹਿੰਦੇ ਹਨ ਜਿਹੜਾ ਸੰਤੁਲਨ ਡਾਇਸਪੋਰਿਕ ਪਰਿਵੇਸ਼ ਵਿੱਚ ਬੱਚਿਆਂ ਨੂਮ ਵਡੇਰੀ ਜਜਬਾਤੀ ਟੇਕ ਰਾਹੀਂ ਪੂਰਬੀ ਅਤੇ ਪੱਛਮੀ ਕੀਮਤਾਂ ਦੇ ਟਾਕਰੇ ਵਿੱਚ ਆਪਣੀਆਂ ਕੀਮਤਾਂ ਦੇ ਉੱਤਮ ਹੋਣ ਦਾ ਪਾਠ ਪੜ੍ਹਾ ਸਕੇ।ਸਿਰਫ ਰੋਕ ਟੋਕ ਜਾ ਰੋਹਬ ਦੇ ਸਿਰ ਤੇ ਹੀ ਨਵੀਂ ਪੀੜ੍ਹੀ ਨੂੰ ਕਾਬੂ ਕਰਨ ਦੇ ਤੌਰ ਤਰੀਕੇ ਅਸਲੋਂ ਛਿਥੇ ਪੈ ਜਾਂਦੇ ਹਨ, ਜਦੋਂ ਬਾਹਰੀ ਫਿਜਾਂ ਵਿੱਚ ਸਾਹ ਲੈਂਦੀ,ਕਚਰ ਕਚਰ ਅੰਗਰੇਜੀ ਬੋਲਦੀ ਨਵੀਂ ਪੀੜ੍ਹੀ ਕਨੇਡਾ ਵਿੱਚ ਵਸਦੇ ਬੱਚਿਆਂ ਦੇ ਕਨੂੰਨੀ ਹੱਕਾਂ ਦਾ ਸਬਕ ਪੜ੍ਹ ਆਪਣੀ ਵਿਅਕਤੀਗਤਤਾ ਨੂੰ, ਵਿਅਕਤੀਗਤ ਆਜਾਦੀ ਨੂੰ ਪਰਿਭਾਸ਼ਤ ਕਰਨ ਜੋਗੀ ਹੋ ਜਾਂਦੀ ਹੈ।"[10]

ਫੁਟਕਲ:-ਉਪਰੋਕਤ ਤੋਂ ਇਲਾਵਾ ਜਰਨੈਲ ਸਿੰਘ ਦੀਆਂ ਕਹਾਣੀਆਂ ਵਿੱਚ ਕਈ ਹੋਰ ਭਾਵਪੂਰਤ ਬਿੰਬ ਵੀ ਆਏ ਹਨ ਜਿਨਾਂ ਵਿੱਚ ਪ੍ਰਵਾਸੀ ਪੰਜਾਬੀ ਮਾਨਸਿਕ ਦੰਵਧ ਵਿੱਚ ਪੈ ਕੇ ਸੰਤਾਪ ਹਢਾਉਦਾ ਨਜਰੀ ਆਉਦਾ ਹੈ।ਨਸਲੀ ਵਿਤਕਰੇ ਦਾ ਸ਼ਿਕਾਰ ਪੰਜਾਬੀ ਜੋ ਕਿ ਆਪਣੀ ਅਗਲੀ ਪੀੜ੍ਹੀ ਦੇ ਸਭਿਆਚਾਰਕ ਪਹਿਚਾਣ ਗੁਆ ਲੈਣ ਦੇ ਡਰ

ਕਾਰਨ ਵੀ ਚਿੰਤਿਤ ਹੈ ਫਿਰ ਮੁੜ ਪੰਜਾਬ ਦੀ ਧਰਤੀ ਤੇ ਚਲੇ ਜਾਣਾਂ ਲੋਚਣਾ ਪਰ ਉਸ ਦੇ ਪੱਲੇ ਸਿਰਫ ਨਿਰਾਸ਼ਾ ਹੀ ਪੈਂਦੀ ਹੈ (ਕਹਾਣੀ-ਜੜ੍ਹਾਂ), ਪ੍ਰਵਾਸੀਆਂ ਦੇ ਪੰਜਾਬ ਵਿੱਚ ਰਹਿੰਦੇ ਰਿਸਤੇਦਾਰਾਂ ਦੀ ਉਨ੍ਹਾਂ ਦੀਆਂ ਜਮੀਨਾਂ-ਜਾਇਦਾਦਾਂ ਹਥਿਆਉਣ ਦੀ ਨੀਅਤ (ਕਹਾਣੀ-ਪਾਣੀ),ਘਰੇਲੂ ਰਿਸ਼ਤਿਆਂ ਨੂੰ ਛੱਡ ਕੇ ਬਾਹਰੋਂ ਰਿਸ਼ਤਿਆਂ ਦਾ ਨਿੱਘ ਮਾਨਣ ਦੀ ਤਾਂਘ ਵਿਚੋਂ ਉਪਜਿਆਂ ਦਵੰਧ (ਕਹਾਣੀ-ਪਰਛਾਵੇ,ਗੁਆਚੇ ਲੋਕ), ਤਲਾਕਸੁਦਾ ਮਾਪਿਆ ਦੇ ਬੱਚਿਆਂ ਦੀ ਬਾਲ ਮਾਨਸਿਕਤਾ ਉੱਤੇ ਪੈ ਰਹੇ ਮਾਰੂ ਪ੍ਰਭਾਵ (ਕਹਾਣੀ-ਦੋ ਟਾਪੂ, ਗੁਆਚੇ ਲੋਕ),ਸਪਾਂਸਰਸ਼ਿਪ ਬਦਲੇ ਪਰਿਵਾਰਾਂ ਵਿਚ ਪੈਦਾ ਹੁੰਦੇ ਝਗੜੇ(ਕਹਾਣੀ-ਦੋ ਟਾਪੂ),ਪੱਛਮੀ ਸਭਿਆਚਾਰ ਅਨੁਸਾਰ ਜਿਨਸੀ ਸੰਬਧਾਂ ਵਿਚ ਮਿਲਦੀ ਖੁਲ੍ਹ ਕਰਕੇ ਪੈਦਾ ਹੋਈਆਂ ਸਮਸਿਆਵਾਂ(ਕਹਾਣੀ-ਬਰਫ ਤੇ ਦਰਿਆ, ਭਵਿੱਖ), ਵਿਸ਼ਵ ਪੱਧਰ ਤੇ ਵਿਆਪਕ ਅੱਤਵਾਦ ਦੀ ਸਮੱਸਿਆ,ਅਮੀਰ ਮੁਲਕਾਂ ਦੀ ਦੂਜਿਆਂ ਉਪਰ ਧੌਂਸ,ਲੜਾਂਈਆ ਕਾਰਨ ਹੋਈ ਬਰਬਾਦੀ ਅਤੇ ਵਾਤਾਵਰਣ ਦਾ ਪ੍ਰਦੂਸ਼ਨ (ਕਹਾਣੀ-ਟਾਵਰਜ), ਪ੍ਰਾਕ੍ਰਿਤਿਕ ਸ਼ਾਧਨਾਂ ਦੀ ਲੁੱਟ ਅਤੇ ਬਰਬਾਦੀ (ਕਹਾਣੀ-ਬਰਫ ਤੇ ਦਰਿਆ) ਆਦਿ ਬਹੁਤ ਗਭੀਰ ਸੰਵਾਦ, ਜਰਨੈਲ ਸਿੰਘ ਦੀਆਂ ਕਹਾਣੀਆਂ ਵਿਚ ਆਏ ਹਨ, ਜੋ ਪ੍ਰਵਾਸੀ ਪੰਜਾਬੀ ਦੀ ਵੇਦਨਾ ਅਤੇ ਦਵੰਧ ਦਾ ਕਾਰਨ ਬਣਦੇ ਹਨ। ਇਥੇ ਇੱਕ ਨਿੱਕੀ ਜਿਹੀ ਆਸ ਦੀ ਕਿਰਨ ਇਹ ਹੈ ਕਿ ਇਨਾਂ ਕਹਾਣੀਆਂ ਵਿੱਚ ਸਭਿਆਚਾਰਕ ਸਾਂਝ ਦੇ ਆਸਾਰ ਵੀ ਦੇਖਣ ਨੂੰ ਮਿਲਦੇ ਹਨ 'ਗੁਆਚੇ ਲੋਕ'ਕਹਾਣੀ ਵਿਚ ਸ਼ਮਸੇਰ ਸਿੰਘ, ਜੂਲੀ ਅਤੇ ਜੇਮਜ ਦੀ ਸਾਂਝ, 'ਸੜਕਾ' ਕਹਾਣੀ ਵਿੱਚ ਅਜੀਤ ਸਿੰਘ ਅਤੇ ਜੈਕ ਹੈਰੀਸਨ ਦੀ ਸਾਂਝ ਨਵੇ ਸਾਂਝੇ ਸਭਿਆਚਾਰ ਦੀ ਆਸ ਜਗਾਉਦੀ ਹੈ।ਪਰ ਇਹ ਸਭਿਆਚਾਰਕ ਸਾਂਝ ਸਾਰਿਆਂ ਵਿਚੋਂ ਕਿੰਨੇ ਲੋਕਾਂ ਨੂੰ ਪ੍ਰਾਪਤ ਹੁੰਦੀ ਹੈ,ਇਹ ਖੁਲਾਸਾ ਭਵਿਖ ਵਿੱਚ ਹੋ ਸਕਦਾ ਹੈ। ਜਰਨੈਲ ਸਿੰਘ ਦੀਆਂ ਕਹਾਣੀਆਂ ਵਿਚ ਪ੍ਰਵਾਸੀ ਜੀਵਨ ਦੇ ਵਿਭਿੰਨ ਪਸਾਰ ਦੇਖਣ ਨੂੰ ਮਿਲਦੇ ਹਨ ਜੋ ਪ੍ਰਵਾਸੀਆਂ ਦੀ ਦੂਰੋਂ ਦਿਸਦੀ ਚਕਾਚੌਂਧ ਭਰਪੂਰ ਜਿੰਦਗੀ ਦੀ ਅਸਲੀਅਤ ਨੂੰ ਉਘਾਂੜਦੇ ਹਨ।ਇਸ ਤਰਾਂ ਜਾਪਦਾ ਹੈ ਕਿ ਪ੍ਰਵਾਸੀ ਪੰਜਾਬੀਆ ਨੇ ਆਰਥਿਕਤਾ ਸੁਧਾਰਨ ਦੀ ਆਪਣੀ ਦੌੜ ਵਿੱਚ ਆਪਣਾ ਬਹੁਤ ਕੁੱਝ ਅਜਿਹਾ ਗਵਾ ਦਿੱਤਾ ਹੈ,ਜਿਸਦੇ ਬਾਰੇ ਸ਼ਾਇਦ ਉਨਾ ਨੂੰ ਗਵਾਏ ਜਾਣ ਤੋਂ ਬਾਅਦ ਵਿਚ ਅਹਿਸਾਸ ਹੁੰਦਾਂ ਹੈ।ਕਹਾਣੀਆਂ ਇਹ ਸਿੱਧ ਕਰਦੀਆ ਹਨ ਕਿ ਪੱਛਮੀ ਸਭਿਆਚਾਰ ਵਿਚ ਪਦਾਰਥਕ ਸੁਖ ਸਹੁਲਤਾਵਾਂ ਮਾਣਦਾ ਪੰਜਾਬੀ ਪ੍ਰਵਾਸੀ ਮਾਨਸਿਕ ਪੱਖੋਂ ਦਵੰਧ ਮੁਕਤ ਨਹੀ ਹੈ।

ਨਿਸ਼ਕਰਸ਼:-

ਪ੍ਰਵਾਸੀ ਪੰਜਾਬੀ ਕਹਾਣੀ ਨੇ ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਦੰਵਧਾਂ ਅਤੇ ਸਮਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ। ਇਹ ਦੰਵਧ ਇੱਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਵਿਚ ਪ੍ਰਵੇਸ਼ ਕਰਨ ਉਪਰੰਤ ਉਪਜਦੇ ਹਨ। ਪ੍ਰਵਾਸੀ ਕਹਾਣੀਕਾਰ ਜਰਨੈਲ ਸਿੰਘ ਦੇ ਕਹਾਣੀ ਸਗ੍ਰਿਹ 'ਦੋ ਟਾਪੂ' ਅਤੇ 'ਟਾਵਰਜ' ਵਿਚ ਦਰਜ ਕਹਾਣੀਆ ਦੇ ਅਧਾਰ ਤੇ ਸਭਿਆਚਾਰਕ ਪਛਾਣ ਖੋ ਜਾਣ ਦਾ ਡਰ, ਰਿਸ਼ਤਿਆਂ ਵਿਚਲੀ ਟੁੱਟ-ਭੱਜ, ਨਸਲੀ ਵਿਤਕਰਾ, ਪੀੜੀ-ਪਾੜਾ,

ਪੰਜਾਬ ਵਿਚ ਰਿਸ਼ਤੇਦਾਰਾਂ ਵੱਲੋਂ ਜਾਇਦਾਦਾਂ ਹੜੱਪ ਲੈਣ ਦਾ ਡਰ, ਤਲਾਕਸ਼ੁਦਾ ਮਾਪਿਆਂ ਦੇ ਬਚਿਆਂ ਦੇ ਬਾਲ ਮਨਾਂ ਤੇ ਪੈ ਰਹੇ ਦੁਰਪ੍ਰਭਾਵ, ਪੱਛਮੀ ਦੇਸਾਂ ਵਿਚ ਮਿਲੀ ਜਿਨਸੀ ਖੁੱਲ ਅਤੇ ਨਜਾਇਜ ਰਿਸ਼ਤਿਆਂ ਤੋਂ ਪੈਦਾ ਹੋਈਆਂ ਸਮਸਿਆਵਾਂ ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਉਹ ਦੰਵਧ ਅਤੇ ਮਸਲੇ ਹਨ, ਜਿੰਨਾ ਦਾ ਪਰਾਈ ਧਰਤੀ ਤੇ ਪ੍ਰਵਾਸੀ ਪੰਜਾਬੀਆਂ ਨੂੰ ਸਾਹਮਣਾ ਕਰਨਾ ਪੈਦਾਂ ਹੈ। ਕਿਹਾ ਜਾ ਸਕਦਾ ਹੈ ਕਿ ਆਰਥਿਕਤਾ ਸੁਧਾਰਨ ਦੀ ਤਾਂਘ ਅਧੀਨ ਪੱਛਮੀ ਦੇਸਾਂ ਵਿੱਚ ਪ੍ਰਵਾਸ ਕਰਦਾ ਪ੍ਰਵਾਸੀ ਪੰਜਾਬੀ ਪ੍ਰਵਾਸ ਕਾਰਨ ਪੈਦਾ ਹੋਏ ਮਾਨਸਿਕ ਦਵੰਧਾ ਦਾ ਸਾਹਮਣਾ ਵੀ ਕਰਦਾ ਹੈ।

ਹਵਾਲੇ ਅਤੇ ਟਿਪਣੀਆਂ

1. 'ਡਾਇਸਪੋਰਾ ਸਿਧਾਤ ਅਤੇ ਪੰਜਾਬੀ ਕਹਾਣੀ' ਡਾ.ਧਨਵੰਤ ਕੌਰ,ਪੰਨਾ 2
2. 'ਡਾਇਸਪੋਰਾ ਸਿਧਾਤ ਅਤੇ ਪੰਜਾਬੀ ਕਹਾਣੀ' ਡਾ.ਧਨਵੰਤ ਕੌਰ,ਪੰਨਾ 190
3. 'ਬਰਤਾਨਵੀ ਪੰਜਾਬੀ ਸਾਹਿਤ ਦੀਆ ਸਮੱਸਿਆਵਾ',ਡਾ. ਸਵਰਨ ਚੰਦਨ ,ਪੰਨਾ 104
4. 'ਪਰਵਾਸੀ ਸਾਹਿਤ ਵਿਚਾਰ ਚਰਚਾ',ਡਾ. ਸੁਰਿੰਦਰਪਾਲ ਸਿੰਘ (ਸੰਪਾਦਕ),ਪੰਨਾ 3
5. 'ਟਾਵਰਜ',ਜਰਨੈਲ ਸਿੰਘ, ਪੰਨਾ 53
6. 'ਦੋ ਟਾਪੂ',ਜਰਨੈਲ ਸਿੰਘ, ਪੰਨਾ 81
7. 'ਦੋ ਟਾਪੂ',ਜਰਨੈਲ ਸਿੰਘ, ਪੰਨਾ 51
8. 'ਬਰਤਾਨਵੀ ਪੰਜਾਬੀ ਸਾਹਿਤ ਦੀਆ ਸਮੱਸਿਆਵਾ',ਡਾ. ਸਵਰਨ ਚੰਦਨ ,ਪੰਨਾ 131
9. 'ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ'ਡਾ. ਬਲਦੇਵ ਸਿੰਘ ਧਾਲੀਵਾਲ,ਪੰਨਾ 197
10. 'ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ' ਡਾ.ਧਨਵੰਤ ਕੌਰ,ਪੰਨਾ 222

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 159-166

'ਝੰਡੇ ਨੂੰ ਲੱਗੀ ਮੈਲ਼'
ਸਮਕਾਲੀ ਸਮਾਜਿਕ ਅਤੇ ਇਤਿਹਾਸਕ ਪ੍ਰਸੰਗ

ਡਾ. ਰੁਪਿੰਦਰ ਕੌਰ
ਖੋਜਾਰਥੀ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਾਰ

ਪਰਵਾਸੀ ਪੰਜਾਬੀ ਕਹਾਣੀ ਸਾਹਿਤ ਸਮਕਾਲੀ ਯਥਾਰਥ, ਸਭਿਆਚਾਰਕ ਪਛਾਣ, ਪਰਵਾਸੀ ਅਨੁਭਵ ਅਤੇ ਇਤਿਹਾਸਕ ਚੇਤਨਾ ਦੇ ਅੰਤਰ-ਸੰਬੰਧਾਂ ਨੂੰ ਪ੍ਰਗਟ ਕਰਨ ਵਾਲੀ ਮਹੱਤਵਪੂਰਨ ਵਿਧਾ ਹੈ। ਪਰਵਾਸੀ ਲੇਖਕ ਆਪਣੇ ਅਨੁਭਵਾਂ, ਯਾਦਾਂ ਅਤੇ ਸਮਾਜਿਕ ਸਥਿਤੀਆਂ ਨੂੰ ਕਥਾ ਰੂਪ ਵਿੱਚ ਪੇਸ਼ ਕਰਦੇ ਹੋਏ ਅਜਿਹੇ ਬਿਰਤਾਂਤ ਰਚਦੇ ਹਨ ਜੋ ਕੇਵਲ ਵਿਅਕਤੀਗਤ ਨਹੀਂ ਸਗੋਂ ਸਮੂਹਿਕ ਅਨੁਭਵਾਂ ਦਾ ਵੀ ਪ੍ਰਤੀਨਿਧਿਤਵ ਕਰਦੇ ਹਨ। 'ਝੰਡੇ ਨੂੰ ਲੱਗੀ ਮੈਲ਼' ਕਹਾਣੀ ਇਸ ਸੰਦਰਭ ਵਿੱਚ ਇੱਕ ਮਹੱਤਵਪੂਰਨ ਰਚਨਾ ਹੈ, ਜੋ 11 ਸਤੰਬਰ 2001 ਤੋਂ ਬਾਅਦ ਦੇ ਅਮਰੀਕੀ ਸਮਾਜ ਵਿੱਚ ਪੈਦਾ ਹੋਈ ਸ਼ੱਕ, ਨਸਲੀ ਪੱਖਪਾਤ ਅਤੇ ਸੁਰੱਖਿਆ-ਕੇਂਦਰਿਤ ਮਨੋਵਿਰਤੀ ਨੂੰ ਉਜਾਗਰ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਇੱਕ ਸਿੱਖ ਪਰਵਾਸੀ ਹੈ ਜਿਸ ਨੂੰ ਉਸ ਦੀ ਦਾੜ੍ਹੀ, ਪੱਗ ਅਤੇ ਧਾਰਮਿਕ ਪਛਾਣ ਕਾਰਨ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੈ। ਕਹਾਣੀ ਵਿੱਚ ਵਿਅਕਤੀਗਤ ਅਨੁਭਵ ਅਤੇ ਇਤਿਹਾਸਕ ਪ੍ਰਸੰਗ ਪਰਸਪਰ ਜੁੜ ਕੇ ਇੱਕ ਅਜਿਹਾ ਬਿਰਤਾਂਤ ਸਿਰਜਦੇ ਹਨ ਜੋ ਪਰਵਾਸੀ ਜੀਵਨ ਦੀਆਂ ਜਟਿਲਤਾਵਾਂ ਨੂੰ ਪ੍ਰਗਟ ਕਰਦਾ ਹੈ। ਇਸ ਖੋਜ-ਪੱਤਰ ਵਿੱਚ ਕਹਾਣੀ ਦੇ ਸਮਾਜਿਕ, ਸਭਿਆਚਾਰਕ ਅਤੇ ਇਤਿਹਾਸਕ ਪੱਖਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਭੂਮਿਕਾ

ਕਹਾਣੀ ਸਾਹਿਤ ਦੀ ਇੱਕ ਮਹੱਤਵਪੂਰਨ ਵਿਧਾ ਹੈ ਜਿਸ ਵਿੱਚ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਨੂੰ ਕਲਾਤਮਕ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਕਹਾਣੀ ਵਿੱਚ ਕਲਪਨਾ ਅਤੇ ਯਥਾਰਥ ਦਾ ਸੁਮੇਲ ਹੁੰਦਾ ਹੈ, ਜਿਸ ਕਾਰਨ ਇਹ ਸਾਹਿਤਕ ਅਤੇ ਸਮਾਜਿਕ ਦੋਹਾਂ ਪੱਧਰਾਂ 'ਤੇ ਮਹੱਤਵਪੂਰਨ ਬਣ ਜਾਂਦੀ ਹੈ। ਆਧੁਨਿਕ ਕਹਾਣੀ ਬਿਰਤਾਂਤਕ ਬਣਤਰ ਰਾਹੀਂ ਸਮਾਜਿਕ ਅਤੇ ਇਤਿਹਾਸਕ ਯਥਾਰਥ ਨੂੰ ਪ੍ਰਗਟ ਕਰਦੀ ਹੈ। ਪਰਵਾਸੀ ਪੰਜਾਬੀ ਕਹਾਣੀ ਇਸ

Volume: 13, March 2026 ISSN: 2394-0980
PP: 159-166

ਸਰਬ ਵਿਆਪਕਤਾ ਦਾ ਵਿਸਤ੍ਰਿਤ ਰੂਪ ਹੈ। ਇਹ ਕਹਾਣੀਆਂ ਸਿਰਫ਼ ਪਰਵਾਸੀ ਜੀਵਨ ਦੀਆਂ ਸਮੱਸਿਆਵਾਂ ਦਾ ਵਰਣਨ ਨਹੀਂ ਕਰਦੀਆਂ ਸਗੋਂ ਮੂਲ ਵਾਸ ਅਤੇ ਨਵੇਂ ਦੇਸ਼ ਵਿਚਕਾਰ ਪੈਦਾ ਹੋਣ ਵਾਲੇ ਸਭਿਆਚਾਰਕ ਤਣਾਅ, ਪਛਾਣ ਦੇ ਸੰਕਟ ਅਤੇ ਸਮਾਜਿਕ ਸੰਘਰਸ਼ਾਂ ਨੂੰ ਵੀ ਰੂਪਾਇਤ ਕਰਦੀਆਂ ਹਨ। 'ਝੰਡੇ ਨੂੰ ਲੱਗੀ ਮੈਲ਼' ਕਹਾਣੀ ਇਸ ਬਿਰਤਾਂਤਕ ਬਣਤਰ ਦੀ ਇੱਕ ਉੱਤਮ ਉਦਾਹਰਨ ਹੈ। ਕਹਾਣੀ ਵਿੱਚ ਇੱਕ ਸਧਾਰਣ ਦਿਨ ਦੀਆਂ ਘਟਨਾਵਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਉਹ ਅਮਰੀਕੀ ਸਮਾਜ ਵਿੱਚ ਮੌਜੂਦ ਪੂਰਵ-ਧਾਰਨਾਵਾਂ, ਨਸਲੀ ਭੇਦਭਾਵ ਅਤੇ ਇਤਿਹਾਸਕ ਡਰਾਂ ਨੂੰ ਸਾਹਮਣੇ ਲਿਆਉਂਦੀਆਂ ਹਨ।

ਪਰਵਾਸੀ ਪੰਜਾਬੀ ਕਹਾਣੀ ਸਾਹਿਤ ਪਰਵਾਸ, ਪਛਾਣ, ਸਭਿਆਚਾਰਕ ਸੰਘਰਸ਼ ਅਤੇ ਇਤਿਹਾਸਕ ਚੇਤਨਾ ਦਾ ਮਹੱਤਵਪੂਰਨ ਦਸਤਾਵੇਜ਼ ਹੈ। 'ਝੰਡੇ ਨੂੰ ਲੱਗੀ ਮੈਲ਼' ਕਹਾਣੀ 11 ਸਤੰਬਰ 2001 ਤੋਂ ਬਾਅਦ ਦੇ ਅਮਰੀਕੀ ਸਮਾਜ ਵਿੱਚ ਪੈਦਾ ਹੋਈ ਸ਼ੱਕ, ਨਸਲੀਕਰਨ ਅਤੇ ਸੁਰੱਖਿਆ-ਕੇਂਦਰਿਤ ਮਨੋਵਿਰਤੀ ਨੂੰ ਕੇਂਦਰ ਵਿੱਚ ਰੱਖਦੀ ਹੈ। ਕਹਾਣੀ ਦਾ ਪਰਵਾਸੀ ਨਾਇਕ ਆਪਣੀ ਪੱਗ, ਦਾੜ੍ਹੀ ਅਤੇ ਧਾਰਮਿਕ ਪਛਾਣ ਕਾਰਨ ਸ਼ੱਕ ਦਾ ਵਿਸ਼ਾ ਬਣ ਜਾਂਦਾ ਹੈ। ਕਹਾਣੀ ਇਹ ਦਰਸਾਉਂਦੀ ਹੈ ਕਿ ਕਿਸ ਤਰ੍ਹਾਂ ਇਤਿਹਾਸਕ ਘਟਨਾਵਾਂ ਆਮ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਕਿਵੇਂ ਪੂਰਵਧਾਰਨਾਵਾਂ ਮਨੁੱਖੀ ਅਧਿਕਾਰਾਂ ਅਤੇ ਨਾਗਰਿਕ ਆਜ਼ਾਦੀਆਂ ਲਈ ਚੁਣੌਤੀ ਬਣਦੀਆਂ ਹਨ।

ਉਦੇਸ਼

1.'ਝੰਡੇ ਨੂੰ ਲੱਗੀ ਮੈਲ਼' ਕਹਾਣੀ ਦੇ ਸਮਾਜਿਕ ਅਤੇ ਇਤਿਹਾਸਕ ਪ੍ਰਸੰਗਾਂ ਦਾ ਅਧਿਐਨ ।

2.ਕਹਾਣੀ ਵਿੱਚ ਪਰਵਾਸੀ ਪਛਾਣ ਅਤੇ ਸਭਿਆਚਾਰਕ ਸੰਕਟ ਦੇ ਪ੍ਰਗਟਾਵੇ ਨੂੰ ਸਮਝਣਾ।

3.ਪ੍ਰਤੀਕਾਂ ਅਤੇ ਮੋਟਿਫਾਂ ਰਾਹੀਂ ਪ੍ਰਗਟ ਕੀਤੇ ਗਏ ਅਰਥ-ਪ੍ਰਬੰਧ ਨੂੰ ਸਮਝਣਾ।

ਕਹਾਣੀ ਸਾਹਿਤ ਦਾ ਇੱਕ ਗਾਲਪਨਿਕ ਪ੍ਰਬੰਧ ਰੂਪ ਹੈ ਜਿਸ ਦੀ ਪਿੱਠਭੂਮੀ ਵਿੱਚ ਯਥਾਰਥ ਕਾਰਜਸ਼ੀਲ ਹੁੰਦਾ ਹੈ। ਕਹਾਣੀ ਵਿੱਚ ਗਲਪ ਅਤੇ ਵਾਸਤਵਿਕਤਾ ਸੰਜੋਗੀ ਰੂਪ ਵਿੱਚ ਕਾਰਜ ਕਰਦੀਆਂ ਹਨ।ਕਹਾਣੀ ਇੱਕ ਬਿਰਤਾਂਤ ਸਿਰਜਣਾ ਹੈ ਜੋ ਪਹਿਲੀ ਭਾਸ਼ਾ ਉੱਤੇ ਉਸਰਿਆ ਦੁਜੈਲਾ ਪ੍ਰਬੰਧ ਵੀ ਹੁੰਦੀ ਹੈ।ਬਿਰਤਾਂਤਕੀ ਚੱਕਰ ਵਿੱਚ ਬਿਰਤਾਂਤਕਾਰ ਦੋਹਰੀ ਕਾਲਿਕ ਤਰਤੀਬ ਦੁਆਰਾ ਬਿਰਤਾਂਤ ਵਿੱਚ ਵਾਸਤਵਿਕਤਾ ਨੂੰ ਕਲਾਤਮਕ ਬਣਾ ਕੇ ਪੇਸ਼ ਕਰਦਾ ਹੈ ਅਤੇ ਬਿਰਤਾਂਤ ਇੱਕ ਸਰਬ-ਵਿਆਪੀ ਵਰਤਾਰਾ ਹੋ ਨਿੱਬੜਦਾ ਹੈ।

"ਬਿਰਤਾਂਤ ਅੰਤਰ ਰਾਸ਼ਟਰੀ, ਪਰਾ ਇਤਿਹਾਸਕ, ਪਰਾ ਸਭਿਆਚਾਰਕ ਹੈ। ਇਹ ਖ਼ੁਦ ਜੀਵਨ ਵਾਂਗ ਸਰਬ ਵਿਆਪਕ ਹੈ।"[1]

Volume: 13, March 2026 ISSN: 2394-0980
PP: 159-166

ਕਹਾਣੀ ਬਹੁ-ਪਾਸਾਰੀ ਅਤੇ ਬਹੁ-ਪੱਧਰੀ ਸ਼ਿਲਪ-ਕਲਾ ਹੈ।ਪਰਵਾਸੀ ਪੰਜਾਬੀ ਕਹਾਣੀ ਰੂਪ ਅਤੇ ਵਿਸ਼ੇ ਦੀ ਬਣਤਰ ਪੱਖੋਂ ਪੰਜਾਬੀ ਕਹਾਣੀ ਦੀ ਵੰਨਗੀ ਹੈ ਜਿਸ ਵਿੱਚ ਸਮਾਨਯ ਨਿਯਮ/ਪ੍ਰਤਿਮਾਨ ਕਾਰਜ ਕਰਦੇ ਹਨ।ਪਰੰਤੂ ਪਰਵਾਸੀ ਪੰਜਾਬੀ ਕਹਾਣੀ ਰਚਨਾ ਦਾ ਅਧਾਰ ਪੰਜਾਬੀ ਸਥਾਨ ਅੰਤਰਣ ਹੈ ਜਿਸ ਨੂੰ ਅਸੀਂ ਦ੍ਰਿਸ਼ ਸਿਰਜਣਾ ਕਹਿ ਸਕਦੇ ਹਾਂ।ਇਹ ਦ੍ਰਿਸ਼ ਪਰਵਾਸ ਦੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ ਬਹੁ-ਸਭਿਆਚਾਰਕ ਪਹੁੰਚ ਅਖ਼ਤਿਆਰ ਕਰ ਮੂਲ-ਵਾਸ ਦੇ ਪ੍ਰਤਿਮਾਨਕ ਸਭਿਆਚਾਰਕ ਪੈਟਰਨਾਂ ਨਾਲ ਸੰਜੋਗ ਸਥਾਪਿਤ ਕਰ ਅਵਚੇਤਨ ਦਾ ਹਿੱਸਾ ਬਣਦਾ ਹੈ।ਜਿੱਥੇ ਹੋਣੀ ਨੂੰ ਪੰਜਾਬੀ ਸਾਂਸਕ੍ਰਿਤਕ ਚੇਤਨਾ ਦੇ ਪ੍ਰਸੰਗ ਵਿੱਚ ਦੇਖਿਆ ਜਾ ਸਕਦਾ ਹੈ।ਇਹਨਾਂ ਵਾਸਤਵਿਕ ਅਧਾਰੀ ਕਥਾ ਬਿਰਤਾਂਤਾਂ ਨੂੰ ਉਸਾਰੂ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ਜਿਸ ਵਿੱਚ ਇਤਿਹਾਸ ਦੋਹਰੀ ਸਿਰਜਣਾਤਮਕ ਪਹੁੰਚ ਵਿੱਚ ਰੂਪਮਾਨ ਹੁੰਦਾ ਹੈ ਅਤੇ ਕਹਾਣੀ ਦਾ ਅਰਥ-ਪ੍ਰਬੰਧ ਕਥਾ ਅੰਦਰ ਕਥਾ ਦੇ ਰੂਪ ਵਿੱਚ ਕਾਰਜਸ਼ੀਲ ਹੁੰਦਾ ਹੈ।

“ਪਰਵਾਸੀ ਪੰਜਾਬੀ ਕਹਾਣੀ ਦੀ ‘ਬੁਨਿਆਦ’ ਵਿਚ ‘ਆਧਾਰ ਕਥਾ’ ਤੇ ‘ਪਾਸਾਰ ਕਥਾਵਾਂ’ ਰਾਹੀਂ ਵਿਉਂਤੇ ਬਿਰਤਾਂਤ ਦੇ ਰੂਪਾਂਤਰੀ ਅਰਥਾਂ ਦਾ ਇਕ ਨਿਰੰਤਰ ਸਿਲਸਿਲਾ ਸਰਗਰਮ ਰਹਿੰਦਾ ਹੈ।”[2]

ਪਰਵਾਸੀ ਪੰਜਾਬੀ ਕਹਾਣੀ ਦੀ ਬਿਰਤਾਂਤਕ ਵਿਉਂਤ ਅਤੇ ਪਰਵਾਸੀ ਕਥਾਗਤ ਸੰਦਰਭ ਇਸ ਦੇ ਅਰਥ-ਪ੍ਰਬੰਧ ਦੀ ਬਹੁ-ਪਾਸਾਰੀ ਉਸਾਰੀ ਕਰਦੇ ਹਨ।ਇਹ ਕਹਾਣੀ ਪ੍ਰਸੰਗ ਸੰਕੇਤਿਕ ਤੇ ਲਖਣਾਰਥੀ ਪ੍ਰਸੰਗਾਂ ਵਿੱਚ ਅਨੁਭਵੀ ਯਥਾਰਥ ਨੂੰ ਕੇਂਦਰੀ ਵਿਸ਼ਾ ਬਣਾਉਂਦੇ ਹਨ।ਪਰਵਾਸੀ ਕਹਾਣੀ ਦੇ ਦ੍ਰਿਸ਼-ਚਿਤਰਣ ਵਿੱਚ ਵਿਅਕਤੀਗਤ ਅਤੇ ਸਮਾਜਿਕ ਯਥਾਰਥ ਨਾਲ ਜੁੜੀਆਂ ਕਥਾਵਾਂ ਉਸਾਰੂ ਰੂਪ ਵਿੱਚ ਕਾਰਜਸ਼ੀਲ ਹੁੰਦੀਆਂ ਹਨ।ਇਹ ਉਸਾਰੂ ਅਧਾਰ ਕਥਾ ਨੂੰ ਬਹੁ-ਪੱਧਰੀ ਅਤੇ ਬਹੁ-ਪਾਸਾਰੀ ਬਣਾ ਦਿੰਦੇ ਹਨ।ਇਸ ਉਸਾਰ ਵਿੱਚ ਵਸਤੂ ਦੋਹਰੇ ਪ੍ਰਬੰਧ ਵਿੱਚ ਵਿੱਚ ਰੂਪਮਾਨ ਹੁੰਦੀ ਹੈ ਜਿਸ ਦੀ ਆਪਣੀ ਵਾਸਤਵਿਕਤਾ ਹੁੰਦੀ ਹੈ।ਇਹ ਵਾਸਤਵਿਕਤਾ ਮੋਟਿਫਾਂ ਦੇ ਵਿਭਿੰਨ ਪਾਸਾਰਾਂ ਦੇ ਪ੍ਰਸੰਗ ਵਿੱਚ ਵਿਭਿੰਨ ਕਾਲਾਂ ਦੇ ਪਰਿਪੇਖ ਵਿੱਚ ਨਵੇਂ ਅਰਥ-ਪ੍ਰਬੰਧ ਦਾ ਉਸਾਰ ਕਰਦੀ ਹੈ। ਇਹ ਘਟਨਾ ਸਿੱਧੇ ਤੌਰ 'ਤੇ 9/11 ਤੋਂ ਬਾਅਦ ਦੇ ਅਮਰੀਕੀ ਸਮਾਜ ਨਾਲ ਜੁੜਦੀ ਹੈ, ਜਿੱਥੇ ਸੁਰੱਖਿਆ ਦੇ ਨਾਂ 'ਤੇ ਕਈ ਨਿਰਦੋਸ਼ ਲੋਕਾਂ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਦੇਖਿਆ ਗਿਆ। ਸਿੱਖ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੂੰ ਵੀ ਇਸਲਾਮੀ ਅਤਿਵਾਦੀਆਂ ਨਾਲ ਗਲਤ ਢੰਗ ਨਾਲ ਜੋੜਿਆ ਗਿਆ ਕਿਉਂਕਿ ਉਹਨਾਂ ਦੀ ਦਾੜ੍ਹੀ ਅਤੇ ਪੱਗ ਅਮਰੀਕੀ ਲੋਕਾਂ ਲਈ ਅਣਜਾਣ ਧਾਰਮਿਕ ਚਿੰਨ੍ਹ ਸਨ। ਕਹਾਣੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਦੋਹਰੀ ਕਥਾ-ਬਣਤਰ ਹੈ। ਇੱਕ ਪਾਸੇ ਮੁੱਖ ਪਾਤਰ ਦੀ ਅਸਲ ਜ਼ਿੰਦਗੀ ਦੀਆਂ ਸਧਾਰਣ ਘਟਨਾਵਾਂ ਹਨ ਅਤੇ ਦੂਜੇ ਪਾਸੇ ਐੱਫ.ਬੀ.ਆਈ. ਅਧਿਕਾਰੀਆਂ ਦੁਆਰਾ ਉਨ੍ਹਾਂ ਹੀ ਘਟਨਾਵਾਂ ਨੂੰ ਇੱਕ ਅੱਤਵਾਦੀ ਸਾਜ਼ਿਸ਼ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ।

Volume: 13, March 2026 ISSN: 2394-0980
PP: 159-166

ਚੁਣੌਤੀਆਂ

1.ਪਰਵਾਸੀ ਸਾਹਿਤ ਵਿੱਚ ਵਿਅਕਤੀਗਤ ਅਨੁਭਵ ਅਤੇ ਸਮਾਜਿਕ ਯਥਾਰਥ।

2.ਕਹਾਣੀ ਵਿੱਚ ਵਰਤੇ ਗਏ ਪ੍ਰਤੀਕਾਂ ਅਤੇ ਮੋਟਿਫਾਂ ਦੇ ਬਹੁ-ਪੱਧਰੀ ਅਰਥਾਂ ਦੀ ਵਿਆਖਿਆ।

3.ਬਹੁ-ਸਭਿਆਚਾਰਕ ਸੰਦਰਭਾਂ ਵਿੱਚ ਪਛਾਣ ਅਤੇ ਨਸਲੀਕਰਨ ਦੀ ਪ੍ਰਕਿਰਿਆ।

'ਝੰਡੇ ਨੂੰ ਲੱਗੀ ਮੈਲ਼' ਕਹਾਣੀ ਇਸ ਦੇ ਮੁੱਖ-ਪਾਤਰ ਦੀ ਗਰਿਫ਼ਤਾਰੀ ਨਾਲ ਆਰੰਭ ਹੰਦੀ ਹੈ।ਜਿਸ ਦਾ ਕਾਰਨ ਪਹਿਲੇ ਰੂਪ ਵਿੱਚ ਬਹੁ-ਸਭਿਆਚਾਰਕ ਪਹੁੰਚ, ਗਲੋਬਲੀ-ਪਹੁੰਚ ਵਿੱਚ ਅੰਤਰ-ਰਾਸ਼ਟਰੀ ਪੱਧਰ ਉੱਤੇ ਹੋਈ ਦੁਰਘਟਨਾ ਨੂੰ ਅਧਾਰ ਬਣਾ ਲਿਆ ਜਾਂਦਾ ਹੈ।" ਕੱਲ ਮੈਂ ਪਹਿਲੀ ਵਾਰ ਗਰਿਫ਼ਤਾਰ ਹੋਇਆ ਸਾਂ।ਇਹ ਦੇਸ਼ ਮੈਂ ਅਪਨਾਇਆ ਤਾਂ ਸੀ ਇਸਦੀ ਅਜ਼ਾਦੀ ਮਾਣਨ ਲਈ,ਤੇ ਲੱਗ ਗਈ ਹੱਥਕੜੀ।ਗ਼ਰਿਫਤਾਰ ਹੋਣਾ ਕਿਸੇ ਸਿਆਸੀ ਬੰਦੇ ਲਈ ਹੀ ਲਾਹੇਵੰਦ ਹੋ ਸਕਦਾ ਹੈ।ਸੋ ਜਦੋਂ ਹੀ ਉਹਨਾਂ ਕਿਹਾ 'ਯੂ ਆਰ ਅੰਡਰ ਅਰੈੱਸਟ' ਮੈਨੂੰ ਲੱਗਾ ਉਹਨਾਂ ਮੈਨੂੰ ਧਰਤੀ ਦੀ ਕੰਨੀ ਤੋਂ ਪੁਲਾੜ ਵਿੱਚ ਧੱਕ ਦਿੱਤਾ ਸੀ ਅਤੇ ਮੈਂ ।ਖ਼ਲਾਅ ਵਿਚ ਤੇਜ਼ੀ ਨਾਲ ਬਿਖਰਦਾ ਜਾ ਰਿਹਾ ਸਾਂ।ਕਤਲ ਮੈਂ ਨਹੀਂ ਕੀਤਾ,ਠੱਗੀ ਮੈਂ ਨਹੀਂ ਮਾਰੀ,ਚੋਰੀ ਮੈਂ ਨਹੀਂ ਕੀਤੀ,ਫਿਰ ਹੱਥਕੜੀ ਕਿਓਂ ? ਬੀਬੀ ਦਾਹੜੀ ਅਤੇ ਸੁਰਮਈ ਪੱਗ ਨੂੰ ਕਾਲਖ ਕਿਓਂ ? ਮੈਂ ਸੋਚਿਆ ਕੱਲ੍ਹ ਦਾ ਦਿਨ ਕਿੰਨਾ ਕੁਲਹਿਣਾ ਸੀ ?[3]

ਕਹਾਣੀ ਦੇ ਮੁੱਖ-ਪਾਤਰ ਦੇ ਕਾਰਜ ਦਾ ਇਤਿਹਾਸਕ ਘਟਨਾ ਦੇ ਪ੍ਰਸੰਗ ਵਿੱਚ ਅਰਥ-ਪ੍ਰਬੰਧ ਉਸਾਰਿਆ ਜਾਂਦਾ ਹੈ।ਕਹਾਣੀ ਦੋਹਰੀ ਕਾਰਜੀ ਬਣਤਰ ਨਾਲ ਕਾਰਜਸ਼ੀਲ ਹੈ।ਕਥਾ ਦੀ ਤਰਤੀਬ ਚੱਕਰ ਵਿਧੀ ਦੁਆਰਾ ਪੇਸ਼ ਕੀਤੀ ਗਈ ਹੈ ਜਿੱਥੇ ਘਟਨਾ ਚੱਕਰ ਦੂਸਰੀ ਕਹਾਣੀ ਦੇ ਪ੍ਰਸੰਗ ਵਿੱਚ ਕਾਰਜ ਕਰਦਾ ਹੈ ਅਤੇ ਇੱਕ ਕਥਾ ਦੇ ਨਾਲ-ਨਾਲ ਦੂਜੀ ਕਥਾ ਲੜੀ ਪਰਸਪਰ ਸੰਜੋਗ ਸਥਾਪਤ ਕਰਦੀ ਹੈ ਅਤੇ ਪਾਤਰ ਦੇ ਕਾਰਜਾਂ ਨੂੰ ਦੂਸਰੀ ਇਤਿਹਾਸਕ ਘਟਨਾ ਦੇ ਪ੍ਰਸੰਗ ਵਿੱਚ ਵਿਚਾਰਿਆ ਜਾ ਰਿਹਾ ਹੈ ਜਿਸ ਤੋਂ ਪਾਤਰ ਅਣਜਾਣ ਪ੍ਰਤੀਤ ਹੁੰਦਾ ਹੈ।ਬਿਰਤਾਂਤ ਦੇ ਦੂਹਰੇ ਸਰੂਪ ਦੇ ਪਾਤਰ ਦੂਹਰੀ ਕਹਾਣੀ ਨੂੰ ਕੋਡ ਰੂਪ ਵਿੱਚ ਤਿਆਰ ਕਰ ਰਹੇ ਹਨ ਜਿਸ ਦਾ ਆਪਣਾ ਨਿਵੇਕਲਾ ਅਰਥ-ਪ੍ਰਬੰਧ ਉਸਰਦਾ ਹੈ।

" ਜਦੋਂ ਹੀ ਮੈਂ ਪਲੇਟਫ਼ਾਰਮ ਤੋਂ ਹੇਠਾਂ ਉੱਤਰਿਆ,ਸਾਹਮਣੇ ਉਹੀ ਸੁਰੱਖਿਆ ਗਾਰਦ ਗੱਡੀ ਵਿਚ ਬੈਠਾ ਫੋਨ ਕਰ ਰਿਹਾ ਸੀ।ਉਹ ਕਿਸੇ 'ਕੋਡ' ਵਿਚ ਬੋਲਦਾ ਜਾਪਦਾ ਸੀ।ਗੱਡੀ 'ਚੋਂ ਉੱਤਰ ਕੇ,ਉਹ ਮੇਰੇ ਵੱਲ ਛਾਤੀ ਤਾਣ ਕੇ ਆਇਆ।"ਹੁਣ ਕੀ ਤਦਬੀਰ ਬਣ ਰਹੀ ਹੈ ?"ਉਸ ਕਿਹਾ"[4]

ਗਿਰਫ਼ਤਾਰੀ ਤੋਂ ਬਾਅਦ ਕਹਾਣੀ ਦੇ ਪੁੱਖ-ਪਾਤਰ ਅੱਗੇ ਉਹ ਕਹਾਣੀ ਡੀ ਕੋਡ ਕਰ ਦਿੱਤੀ ਜਾਂਦੀ ਹੈ ਜਿਸ ਦਾ ਉਸ ਨੂੰ ਇਲਮ ਨਹੀਂ। ਅੱਫ.ਬੀ.ਆਈ.ਅਫ਼ਸਰ ਮੁੱਖ-ਪਾਤਰ ਦੀਆਂ ਉਸ ਦਿਨ ਦੀਆਂ ਘਟਨਾਵਾਂ ਨੂੰ ਇੱਕ ਇਤਿਹਾਸਕ

Volume: 13, March 2026 ISSN: 2394-0980
PP: 159-166

ਦੁਰਘਟਨਾ ਦੀ ਯੋਜਨਾ ਵਿੱਚ ਰੁਪਾਂਤਰਿਤ ਕਰਦਾ ਹੈ ਜਿਸ ਵਿੱਚ ਮੁੱਖ-ਪਾਤਰ ਦੁਆਰਾ ਉਸ ਦਿਨ ਕੀਤੇ ਗਏ ਕਾਰਜਾਂ ਨੂੰ ਅਧਾਰ ਬਣਾ ਲਿਆ ਜਾਂਦਾ ਹੈ ਅਤੇ ਉਸ ਦੁਆਰਾ ਕੀਤੇ ਗਏ ਹਰ ਕਾਰਜ ਨੂੰ ਉਸੇ ਪ੍ਰਸੰਗ ਵਿੱਚ ਡੀਕੋਡ ਕੀਤਾ ਜਾਂਦਾ ਹੈ।

"ਤੂੰ ਸਿੱਧਾ ਹੋ ਕੇ ਮੇਰੇ ਸੁਆਲ ਦਾ ਜਵਾਬ ਦੇ।ਨਾਲੇ ਤੂੰ ਸ਼ੰਗ੍ਰਾਈ ਰੈੱਸਤੋਰਾਂ ਵਿਚ ਬੰਬ ਦੇ 'ਟਾਈਮਿੰਗ' ਦੀ ਕਿਸ ਨਾਲ ਗੱਲ ਕਰ ਰਿਹਾ ਸੈਂ?"[5]

ਕਹਾਣੀ ਦਾ ਮੁੱਖ-ਪਾਤਰ ਕਈ ਵਰ੍ਹੇ ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ ਅਤੇ ਅਮਰੀਕਾ ਦੀ ਇਤਿਹਾਸਕ ਜਾਣਕਾਰੀ ਰੱਖਦਾ ਹੈ ਜਿਸ ਨੂੰ 'ਗੋਰੇ ਹੱਥ ਦੀ ਕਾਲੀ ਮੈਲ਼' ਦੇ ਮੋਟਿਫ਼ ਰਾਹੀਂ ਪਰਿਭਾਸ਼ਤ ਕਰਦਾ ਹੈ।ਇਹ ਮੋਟਿਫ਼ ਪ੍ਰਸੰਗ ਦਰ ਪ੍ਰਸੰਗ ਅਮਰੀਕਾ ਦੇ ਇਤਿਹਾਸ ਨੂੰ ਬਹੁ-ਪਾਸਾਰੀ ਬਣਾ ਦਿੰਦਾ ਹੈ ਜੋ ਗੋਰੇ ਹੱਥਾਂ ਦੇ ਸੰਦਰਭ ਵਿੱਚ ਨਕਰਾਤਮਕ ਕੀਮਤ-ਪ੍ਰਬੰਧ ਨੂੰ ਅਗਰਭੂਮਨ ਕਰਦਾ ਹੈ।ਇਸ ਤਰ੍ਹਾਂ ਕਹਾਣੀ ਦਾ ਮੁੱਖ-ਪਾਤਰ ਐੱਫ.ਬੀ.ਆਈ ਅਫ਼ਸਰ ਦੁਆਰਾ ਪੇਸ਼ ਕੀਤੀ ਗਈ ਦੋਹਰੀ ਕਹਾਣੀ ਦੇ ਪ੍ਰਸੰਗ ਵਿੱਚ ਅਮਰੀਕਾ ਦੇ ਇਤਿਹਾਸਕ ਸੰਦਰਭ ਵਿੱਚ ਆਪਣੀ ਹੋਂਦ ਅਤੇ ਪਛਾਣ ਨੂੰ ਨਵੇਂ ਪੈਰਾਡਾਈਮ ਅਨੁਸਾਰ ਸਿਰਜਦਾ ਹੈ।

"ਗੋਰੇ ਆਦਮੀ ਨੇ ਮੇਰਾ ਸੱਜਾ ਡੌਲਾ,ਜਿੱਥੇ ਟੀ-ਸ਼ਰਟ ਉੱਤੇ ਅਮਰੀਕਾ ਦਾ ਝੰਡਾ ਬਣਿਆ ਹੋਇਆ ਸੀ,ਜ਼ੋਰ ਨਾਲ ਖਿੱਚ ਕੇ ਮੈਨੂੰ ਖੜ੍ਹਾ ਕਰ ਲਿਆ।ਮੈਨੂੰ ਜਾਪਿਆ ਝੰਡੇ ਉੱਤੇ ਗੋਰੇ ਹੱਥ ਦੀ ਕਾਲੀ ਮੈਲ ਥੱਪੀ ਗਈ ਸੀ।"[6]

ਕਹਾਣੀ ਵਿੱਚ ਬਹੁ-ਸਭਿਆਚਾਰਕ ਪਹੁੰਚ ਵੀ ਕਾਰਜਸ਼ੀਲ ਹੁੰਦੀ ਹੈ।ਜਿਸ ਵਿੱਚ ਮੁੱਖ-ਪਾਤਰ ਦੇ ਆਪਣੇ ਮੂਲ-ਵਾਸ ਦੇ ਸਭਿਆਚਾਰਕ ਪ੍ਰਤਿਮਾਨ ਬਹੁ ਸਭਿਆਚਾਰਕ ਬਣਤਰਾਂ ਵਿੱਚੋਂ ਉਤਪੰਨ ਹੋਏ ਹਨ ਅਤੇ ਜਿਹਨਾਂ ਵਿੱਚ ਸਾਮੀ ਸਭਿਆਚਾਰਕ ਪੈਟਰਨ ਕਾਰਜ ਕਰਦੇ ਹਨ।ਮੁੱਖ-ਪਾਤਰ ਦੁਆਰਾ ਬੰਨ੍ਹੀ ਗਈ ਪੱਗ,ਉਸ ਦੀ ਦਾੜ੍ਹੀ,ਉਸ ਦਾ ਸਰੂਪ ਅਤੇ ਉਸ ਦੁਆਰਾ ਖ਼ਰੀਦੀਆਂ ਗਈਆਂ ਕਿਤਾਬਾਂ ਇਸ ਸਭਿਆਚਾਰ ਜਾਂ ਇੱਥੋਂ ਦੇ ਲੋਕ ਚੇਤਿਆਂ ਵਿੱਚ ਆਤੰਕਵਾਦ ਦਾ ਪ੍ਰਤੀਕ ਮੰਨੀਆਂ ਜਾਂਦੀਆਂ ਹਨ ਜੋ ਕਿਸੇ ਖ਼ਾਸ ਨਸਲ ਅਤੇ ਧਰਮ ਨੂੰ ਪਰਿਭਾਸ਼ਤ ਕਰਦੀਆਂ ਹਨ। "ਠਹਿਰ! ਠਹਿਰ ! ਤੂੰ ਆਤੰਕਵਾਦ ਅਤੇ ਇਸਲਾਮ ਬਾਰੇ ਪੁਸਤਕਾਂ ਕਿਸ ਮੰਤਵ ਲਈ ਖ਼ਰੀਦੀਆਂ ਸਨ ?"[7]

ਕਹਾਣੀ ਵਿੱਚ ਕਿਸੇ ਖ਼ਾਸ ਸੰਪ੍ਰਦਾਇ ਦੇ ਨਾਂ,ਥਾਂ,ਸਰੂਪ ਅਤੇ ਗਿਆਨਾਤਮਕ ਸੰਕਲਪਾਂ ਨੂੰ ਅਧਾਰ ਬਣਾ ਕੇ ਇੱਕ ਨਕਰਾਤਮਕ ਬਿੰਬ ਸਿਰਜ ਲਿਆ ਜਾਂਦਾ ਹੈ ਅਤੇ ਜਿਸ ਨਾਲ ਕੁਝ ਸਮਾਨਯ ਗੁਣ ਲੱਛਣਾਂ ਵਾਲੀ ਦੂਸਰੀ ਸੰਪ੍ਰਦਾਇ ਦੇ ਲੋਕ ਵੀ ਪ੍ਰਭਾਵਿਤ ਹੁੰਦੇ ਹਨ।ਇਸ ਸੰਦਰਭ ਵਿੱਚ ਕਲਪਨਾ ਅਧਾਰਿਤ ਨਕਰਾਤਮਕ ਬਿੰਬ ਸਿਰਜ ਲਿਆ ਜਾਂਦਾ ਹੈ ਜਿਸ ਦੀ ਲੋਕ-ਚੇਤਿਆਂ ਵਿੱਚ ਇਤਿਹਾਸਕ ਪਹੁੰਚ ਵਾਸਤਵਿਕਤਾ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਤਿਹਾਸ ਧਾਰਮਿਕ ਰੂਪ ਵਿੱਚ ਸ਼ਰਧਾ ਵੱਸ ਹੋ ਭਾਵਨਾਤਮਕ ਰੂਪ ਵਿੱਚ ਕਾਰਜ ਕਰਦਾ ਹੈ।ਸਿੱਟੇ ਵਜੋਂ ਕਹਾਣੀ

ਵਿੱਚ ਮੁੱਖ-ਪਾਤਰ ਦੇ ਕਾਰਜਾਂ ਨੂੰ ਇਤਿਹਾਸਕ ਪ੍ਰਸੰਗ ਵਿੱਚ ਨਕਰਾਤਮਕ ਰੂਪ ਵਿੱਚ ਡੀਕੋਡ ਕੀਤਾ ਜਾ ਰਿਹਾ ਹੈ। "ਫਿਰ ਤੂੰ ਹੁਸੈਨ ਜਿਊਲਰਜ਼ ਦੀ ਪਿਛਲੀ ਕੰਧ ਸਾਹਵੇਂ ਖੜ੍ਹ ਕੇ ਕਿਹੜਾ ਕਹਿਰ ਢਾਉਣ ਦੀ ਸੋਚ ਰਿਹਾ ਸੈਂ ?"[8]

ਕਹਾਣੀ ਦਾ ਮੁੱਖ-ਪਾਤਰ ਆਪਣੇ ਕਾਰਜਾਂ ਦੇ ਪੇਸ਼ ਕੀਤੇ ਜਾ ਰਹੇ ਨਕਰਾਤਮਕ ਪ੍ਰਸੰਗਾਂ ਵਿਰੁੱਧ ਚੇਤਨ ਹੋ ਇਤਿਹਾਸ ਦੀ ਪਿੱਠਭੂਮੀ ਵਿੱਚੋਂ ਬਗਾਵਤੀ ਸੁਰ ਅਲਪਦਾ ਹੈ।ਜਿਸ ਵਿੱਚ ਉਸ ਦੇ ਮੂਲ ਵਾਸ ਇਤਿਹਾਸਕ ਪ੍ਰਸੰਗ ਵੀ ਕਾਰਜਸ਼ੀਲ ਹੁੰਦੇ ਹਨ। ਮੁੱਖ-ਪਾਤਰ ਦੇ ਅਵਚੇਤਨ ਵਿੱਚ 'ਗੋਰਾ ਹੱਥ' ਉਸ ਦੇ ਆਪਣੇ ਮੂਲ ਵਾਸ ਦੇ ਲੋਕ-ਚੇਤਿਆਂ ਵਿੱਚ ਵੱਖਰੇ ਕੀਮਤ-ਪ੍ਰਬੰਧ ਦਾ ਹਿੱਸਾ ਹੈ ਜੋ ਇਸ ਕਹਾਣੀ ਵਿੱਚ ਨਵੇਂ ਪ੍ਰਸੰਗਾਂ ਅਤੇ ਸੁਚੇਤ ਤਜ਼ਰਬਿਆਂ ਨਾਲ ਪੇਸ਼ ਹੋਇਆ ਹੈ। ਇਸ ਤਰ੍ਹਾਂ ਮੂਲ ਵਾਸ ਪਾਤਰ ਦੇ ਲੋਕ ਚੇਤਿਆਂ ਦੀ ਪਿੱਠਭੂਮੀ ਵਿੱਚ ਗੋਰੇ ਹੱਥ ਨੂੰ ਵੰਗਾਰ ਪਾਉਂਦਾ ਹੈ ਅਤੇ ਕਹਾਣੀ ਨਵੀਂ ਇਤਿਹਾਸਕ ਪਹੁੰਚ ਵਿੱਚ ਪ੍ਰਵੇਸ਼ ਕਰਦੀ ਹੈ। "ਤੂੰ ਇਸ ਝੰਡੇ ਨੂੰ ਹੋਰ ਪਲੀਤ ਨਹੀਂ ਕਰ ਸਕਦਾ।"[9]

ਸਿੱਟੇ ਵਜੋਂ ਮੁੱਖ-ਮਾਤਰ ਦਾ ਮੂਲ ਵਾਸ ਅਤੇ ਉਸ ਦਾ ਪਰਵਾਸ ਇਕਹਰੇ ਅਵਚੇਤਨ ਦਾ ਹਿੱਸਾ ਬਣਦੇ ਹਨ ਅਤੇ ਮੁੱਖ-ਪਾਤਰ ਹੱਥਾਂ ਨਾਲ ਮਲ਼ ਮਲ਼ ਗੋਰੇ ਹੱਥ ਦੀ ਮੈਲ਼ ਨੂੰ ਅਮਰੀਕਾ ਦੇ ਝੰਡੇ ਤੋਂ ਸਾਫ਼ ਕਰ ਦਿੰਦਾ ਹੈ।ਇਹ ਮੈਲ਼ ਪ੍ਰਤੀਕ ਰੂਪ ਵਿੱਚ ਕਾਰਜ ਕਰਦੀ ਹੈ ਜੋ ਸਥਾਈ ਰੂਪ ਵਿੱਚ ਅਮਰੀਕਾ ਦੇ ਲੋਕ-ਚੇਤਿਆਂ ਵਿੱਚ ਕਾਰਜਸ਼ੀਲ ਹੈ ਅਤੇ ਇਸ ਨੂੰ ਸਫ਼ਾਈ ਲਈ ਵਾਰ-ਵਾਰ ਕੀਤੇ ਯਤਨ ਉਹਨਾਂ ਇਤਹਾਸਕ ਕਾਰਜਾਂ ਨੂੰ ਰੂਪਮਾਨ ਕਰਦੇ ਹਨ ਜਿਹਨਾਂ ਨੇ ਕਾਰਜੀ ਦੁਹਰਾਓ ਨਾਲ ਅਮਰੀਕਾ ਨੇ ਸੁਤੰਤਰਤਾ ਪ੍ਰਦਾਨ ਕੀਤੀ। "ਵਾਰਡਰੋਬ ਚੋਂ ਨਵੇਂ ਕੱਪੜੇ ਪਾ ਕੇ ਮੈਂ ਫ਼ੌਰਨ ਲਾਂਡਰੀ ਰੂਮ ਵਿਚ ਗਿਆ।ਮਸ਼ੀਨ ਖੋਲ੍ਹੀ,ਟੀ-ਸ਼ਰਟ ਕੱਢੀ,ਉਸ ਦੀ ਝੰਡੇ ਵਾਲੀ ਥਾਂ ਉੱਤੇ ਬਹੁਤ ਸਾਰਾ ਸਾਬਣ ਲਾ ਕੇ,ਸਿੰਕ ਵਿਚ ਹੱਥੀਂ ਮਲ ਮਲ ਕੇ ਧੋਣ ਲੱਗਾ ਅਤੇ ਦੇਰ ਤਾਈਂ ਧੋਂਦਾ ਰਿਹਾ।"[10]

ਇਸ ਤਰ੍ਹਾਂ ਕਹਾਣੀ ਵਿੱਚ ਇੱਕੋ ਘਟਨਾ ਦੇ ਦੋ ਵੱਖਰੇ ਅਰਥ-ਪ੍ਰਬੰਧ ਸਾਹਮਣੇ ਆਉਂਦੇ ਹਨ। ਕਹਾਣੀ ਵਿੱਚ 'ਗੋਰੇ ਹੱਥ ਦੀ ਕਾਲੀ ਮੈਲ਼' ਇੱਕ ਮਹੱਤਵਪੂਰਨ ਮੋਟਿਫ ਹੈ। ਇਹ ਸਿਰਫ਼ ਇੱਕ ਭੌਤਿਕ ਮੈਲ ਨਹੀਂ, ਸਗੋਂ ਨਸਲੀ ਪੱਖਪਾਤ, ਸਭਿਆਚਾਰਕ ਅਹੰਕਾਰ ਅਤੇ ਇਤਿਹਾਸਕ ਅਨਿਆਂ ਦਾ ਪ੍ਰਤੀਕ ਹੈ। ਇੱਥੇ ਝੰਡਾ ਅਮਰੀਕੀ ਲੋਕਤੰਤਰ, ਆਜ਼ਾਦੀ ਅਤੇ ਸਮਾਨਤਾ ਦਾ ਪ੍ਰਤੀਕ ਹੈ, ਜਦਕਿ 'ਕਾਲੀ ਮੈਲ' ਉਨ੍ਹਾਂ ਮੁੱਲਾਂ ਦੇ ਉਲੰਘਣ ਦਾ ਸੰਕੇਤ ਹੈ। ਕਹਾਣੀਕਾਰ ਇਹ ਦਰਸਾਉਂਦਾ ਹੈ ਕਿ ਜਦੋਂ ਲੋਕਤੰਤਰਿਕ ਸਮਾਜ ਆਪਣੇ ਹੀ ਨਾਗਰਿਕਾਂ ਜਾਂ ਪਰਵਾਸੀਆਂ ਨਾਲ ਪੱਖਪਾਤ ਕਰਦਾ ਹੈ ਤਾਂ ਉਸ ਦੇ ਆਦਰਸ਼ ਮੈਲੇ ਹੋ ਜਾਂਦੇ ਹਨ। ਕਹਾਣੀ ਵਿੱਚ ਬਹੁ-ਸਭਿਆਚਾਰਕ ਸਮਾਜ ਦੀਆਂ ਜਟਿਲਤਾਵਾਂ ਨੂੰ ਵੀ ਬੜੀ ਸੁਖਮਤਾ ਨਾਲ ਪੇਸ਼ ਕੀਤਾ ਗਿਆ ਹੈ। ਮੁੱਖ ਪਾਤਰ ਸਿੱਖ ਹੈ, ਪਰ ਅਮਰੀਕੀ ਸਮਾਜ ਦੇ ਕੁਝ ਲੋਕ ਉਸ ਨੂੰ ਮੁਸਲਮਾਨ ਜਾਂ ਅੱਤਵਾਦੀ ਸਮਝਦੇ ਹਨ। ਉਸ ਦੁਆਰਾ ਖਰੀਦੀਆਂ ਗਈਆਂ ਕਿਤਾਬਾਂ ਵੀ ਸ਼ੱਕ ਦਾ ਕਾਰਨ ਬਣ ਜਾਂਦੀਆਂ ਹਨ। ਕਹਾਣੀ ਇਹ ਵੀ ਦਰਸਾਉਂਦੀ ਹੈ ਕਿ ਇਤਿਹਾਸਕ ਘਟਨਾਵਾਂ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 159-166

ਲੋਕ-ਚੇਤਨਾ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਕਹਾਣੀ ਦੇ ਅੰਤ ਵਿੱਚ ਮੁੱਖ ਪਾਤਰ ਟੀ-ਸ਼ਰਟ ਨੂੰ ਸਾਬਣ ਨਾਲ ਧੋਂਦਾ ਹੈ ਅਤੇ ਲੰਮੇ ਸਮੇਂ ਤੱਕ ਮਲਦਾ ਰਹਿੰਦਾ ਹੈ।ਇਹ ਦ੍ਰਿਸ਼ ਬਹੁਤ ਹੀ ਪ੍ਰਤੀਕਾਤਮਕ ਹੈ। ਇੱਥੇ ਟੀ-ਸ਼ਰਟ ਉੱਤੇ ਲੱਗੀ ਮੈਲ ਸਿਰਫ਼ ਭੌਤਿਕ ਮੈਲ ਨਹੀਂ, ਸਗੋਂ ਨਸਲੀ ਪੱਖਪਾਤ, ਅਗਿਆਨਤਾ ਅਤੇ ਇਤਿਹਾਸਕ ਪੂਰਵਧਾਰਨਾਵਾਂ ਦੀ ਮੈਲ ਹੈ। ਉਸ ਨੂੰ ਧੋਣ ਦੀ ਕਿਰਿਆ ਮਨੁੱਖੀ ਮਰਿਆਦਾ ਦੀ ਪੁਨਰ-ਸਥਾਪਨਾ ਅਤੇ ਸਮਾਜਿਕ ਨਿਆਂ ਦੀ ਲੋੜ ਨੂੰ ਦਰਸਾਉਂਦੀ ਹੈ।

ਸਿੱਟਾ

'ਝੰਡੇ ਨੂੰ ਲੱਗੀ ਮੈਲ਼' ਕੇਵਲ ਇੱਕ ਪਰਵਾਸੀ ਦੀ ਗ੍ਰਿਫ਼ਤਾਰੀ ਦੀ ਕਹਾਣੀ ਨਹੀਂ, ਸਗੋਂ ਇਹ ਆਧੁਨਿਕ ਸੰਸਾਰ ਵਿੱਚ ਪਛਾਣ, ਨਸਲੀਕਰਨ, ਇਤਿਹਾਸ ਅਤੇ ਸੱਤਾ ਦੇ ਆਪਸੀ ਸੰਬੰਧਾਂ ਦਾ ਗਹਿਰਾ ਬਿਰਤਾਂਤ ਹੈ। ਕਹਾਣੀ ਵਿੱਚ 'ਝੰਡਾ' ਲੋਕਤੰਤਰ ਅਤੇ ਆਜ਼ਾਦੀ ਦਾ ਪ੍ਰਤੀਕ ਹੈ, ਜਦਕਿ 'ਮੈਲ਼' ਪੂਰਵਧਾਰਨਾਵਾਂ, ਨਸਲੀ ਪੱਖਪਾਤ ਅਤੇ ਡਰ ਦੀ ਪ੍ਰਤੀਕਾਤਮਕ ਅਭਿਵਿਅਕਤੀ ਹੈ। ਲੇਖਕ ਇਹ ਸੰਦੇਸ਼ ਦਿੰਦਾ ਹੈ ਕਿ ਲੋਕਤੰਤਰੀ ਸਮਾਜ ਦੀ ਅਸਲ ਤਾਕਤ ਵਿਭਿੰਨਤਾ ਦੇ ਸਨਮਾਨ, ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਸਭਿਆਚਾਰਕ ਸਹਿ-ਅਸਤਿਤਵ ਵਿੱਚ ਨਿਹਿਤ ਹੈ। ਇਸ ਦ੍ਰਿਸ਼ਟੀ ਤੋਂ ਇਹ ਕਹਾਣੀ ਸਮਕਾਲੀ ਪਰਵਾਸੀ ਪੰਜਾਬੀ ਸਾਹਿਤ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਹੈ। 'ਝੰਡੇ ਨੂੰ ਲੱਗੀ ਮੈਲ਼' ਪਰਵਾਸੀ ਪੰਜਾਬੀ ਕਹਾਣੀ ਸਾਹਿਤ ਦੀ ਇੱਕ ਮਹੱਤਵਪੂਰਨ ਰਚਨਾ ਹੈ ਜੋ ਸਮਕਾਲੀ ਸਮਾਜਿਕ ਅਤੇ ਇਤਿਹਾਸਕ ਯਥਾਰਥ ਨੂੰ ਗਹਿਰਾਈ ਨਾਲ ਪੇਸ਼ ਕਰਦੀ ਹੈ। ਕਹਾਣੀ ਵਿੱਚ ਪਰਵਾਸੀ ਪਛਾਣ, ਨਸਲੀ ਭੇਦਭਾਵ, ਬਹੁ-ਸਭਿਆਚਾਰਕਤਾ ਅਤੇ ਇਤਿਹਾਸਕ ਚੇਤਨਾ ਦੇ ਪ੍ਰਸ਼ਨਾਂ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਿਆ ਗਿਆ ਹੈ। ਦੋਹਰੀ ਕਥਾ-ਬਣਤਰ ਅਤੇ ਪ੍ਰਤੀਕਾਤਮਕ ਮੋਟਿਫਾਂ ਰਾਹੀਂ ਲੇਖਕ ਨੇ ਇਹ ਦਰਸਾਇਆ ਹੈ ਕਿ ਕਿਸ ਤਰ੍ਹਾਂ ਇਤਿਹਾਸਕ ਘਟਨਾਵਾਂ ਲੋਕ-ਚੇਤਨਾ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਨਿਰਦੋਸ਼ ਲੋਕਾਂ ਦੀ ਜ਼ਿੰਦਗੀ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ। 'ਗੋਰੇ ਹੱਥ ਦੀ ਕਾਲੀ ਮੈਲ਼' ਅਤੇ 'ਝੰਡੇ' ਵਰਗੇ ਪ੍ਰਤੀਕ ਕਹਾਣੀ ਨੂੰ ਗਹਿਰਾ ਅਰਥ ਪ੍ਰਦਾਨ ਕਰਦੇ ਹਨ। ਕਹਾਣੀ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਲੋਕਤੰਤਰ ਅਤੇ ਆਜ਼ਾਦੀ ਦੇ ਮੁੱਲ ਤਦ ਹੀ ਸਾਰਥਕ ਹਨ ਜਦੋਂ ਉਹ ਹਰ ਮਨੁੱਖ ਲਈ ਸਮਾਨ ਰੂਪ ਵਿੱਚ ਲਾਗੂ ਹੋਣ। ਇਸ ਤਰ੍ਹਾਂ ਇਹ ਕਹਾਣੀ ਕੇਵਲ ਇੱਕ ਪਰਵਾਸੀ ਦੇ ਅਨੁਭਵ ਦੀ ਕਥਾ ਨਹੀਂ, ਸਗੋਂ ਸਮਕਾਲੀ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਦੀ ਇੱਕ ਪ੍ਰਭਾਵਸ਼ਾਲੀ ਵਕਾਲਤ ਵੀ ਹੈ।

Volume: 13, March 2026 ISSN: 2394-0980
PP: 159-166

ਹਵਾਲੇ

1. ਧਨਵੰਤ ਕੌਰ (ਡਾ.),ਆਧੁਨਿਕ ਪੰਜਾਬੀ ਕਹਾਣੀ:ਬਿਰਤਾਂਤ-ਸ਼ਾਸਤਰੀ ਅਧਿਐਨ,ਆਰਸ਼ੀ ਪਬਲਿਸ਼ਰਜ਼,ਚਾਂਦਨੀ ਚੌਂਕ,ਦਿੱਲੀ-6,1994,ਪੰਨਾ-14.
2. ਪ੍ਰੋ. ਹਰਭਜਨ ਸਿੰਘ, ਡਾ.ਗੁਰਪਾਲ ਸਿੰਘ ਸੰਧੂ (ਸੰਪਾ.) ਕਥਾ ਪਰਵਾਸ,ਪਬਲੀਕੇਸ਼ਨ
3. ਬਿਊਰੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ,2020,ਪੰਨਾ-14.
4. ਉਹੀ,ਪੰਨਾ-35.
5. ਉਹੀ,ਪੰਨਾ-40.
6. ਉਹੀ,ਪੰਨਾ-44.
7. ਉਹੀ,ਪੰਨਾ-41.
8. ਉਹੀ,ਪੰਨਾ-43.
9. ਉਹੀ,ਪੰਨਾ-43.
10. ਉਹੀ,ਪੰਨਾ-47.

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 167-186

ਅਮਰੀਕਨ ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਰਾਣੀ ਨਗੇਂਦਰ ਕੌਰ ਦੀਆਂ ਕਹਾਣੀਆਂ: ਡਾਇਸਪੋਰਾ ਅਤੇ ਨੈਰੇਟੋਲੋਜੀਕ ਸੰਰਚਨਾ ਦਾ ਵਿਸ਼ਲੇਸ਼ਣ

ਹਰਪ੍ਰੀਤ ਕੁਮਾਰ
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋਂ।

ਸਾਰ

ਇਹ ਖੋਜ ਪੱਤਰ ਅਮਰੀਕੀ ਪ੍ਰਵਾਸੀ ਪੰਜਾਬੀ ਸਾਹਿਤ ਦੇ ਪ੍ਰਸੰਗ ਵਿੱਚ ਰਾਣੀ ਨਗੇਂਦਰ ਕੌਰ ਦੀਆਂ ਕਹਾਣੀਆਂ ਦਾ ਡਾਇਸਪੋਰਾ ਅਤੇ ਨੈਰੇਟੋਲੋਜੀਕਲ ਦ੍ਰਿਸ਼ਟੀਕੋਣ ਤੋਂ ਸੰਖੇਪ ਪਰ ਗਹਿਰਾ ਵਿਸ਼ਲੇਸ਼ਣ ਪੇਸ਼ ਕਰਦਾ ਹੈ। **ਖੋਜ ਦਾ ਮੁੱਖ ਉਦੇਸ਼** ਇਹ ਸਮਝਣ ਦੀ ਕੋਸ਼ਿਸ਼ ਕਰਨਾ ਕਿ ਲੇਖਿਕਾ ਆਪਣੇ ਕਥਾ-ਸਾਹਿਤ ਵਿੱਚ ਪ੍ਰਵਾਸੀ ਜੀਵਨ ਦੇ ਜਟਿਲ, ਬਹੁ-ਪਰਤੀ ਅਤੇ ਅਸਤਿਤਵੀ ਅਨੁਭਵਾਂ ਨੂੰ ਕਿਵੇਂ ਰੂਪਮਾਨ ਕਰਦੀ ਹੈ, ਪ੍ਰਵਾਸੀ ਸੰਦਰਭ ਵਿੱਚ ਪਹਿਚਾਣ, ਸੰਸਕ੍ਰਿਤਿਕ ਟਕਰਾਅ ਅਤੇ ਰਿਸ਼ਤਿਆਂ ਦੀ ਬਦਲਦੀ ਪ੍ਰਕਿਰਤੀ ਨੂੰ ਕਿਵੇਂ ਅਭੀਵਿਅਕਤ ਕਰਦੀ ਹੈ ਅਤੇ ਉਹਨਾਂ ਨੂੰ ਕਿਹੜੀਆਂ ਕਥਾ-ਤਕਨੀਕਾਂ ਰਾਹੀਂ ਅਰਥਪੂਰਨ ਬਣਾਉਂਦੀ ਹੈ। ਖੋਜ ਦੀ ਵਿਧੀ ਵਜੋਂ ਵਿਸ਼ਲੇਸ਼ਣਾਤਮਕ ਅਤੇ ਅਲੋਚਨਾਤਮਕ ਪੱਧਤੀ ਅਪਣਾਈ ਗਈ ਹੈ, ਜਿਸ ਵਿੱਚ ਡਾਇਸਪੋਰਾ ਸਿਧਾਂਤ, ਨੈਰੇਟੋਲੋਜੀ ਅਤੇ ਨਾਰੀਵਾਦੀ ਦ੍ਰਿਸ਼ਟੀਕੋਣ ਨੂੰ ਇਕੱਠੇ ਲਾਗੂ ਕੀਤਾ ਗਿਆ ਹੈ। ਕਹਾਣੀਆਂ ਦੇ ਪਾਠ ਨੂੰ ਗਹਿਰਾਈ ਨਾਲ ਪੜ੍ਹ ਕੇ ਉਹਨਾਂ ਦੇ ਵਿਸ਼ਿਆਂ, ਸੰਰਚਨਾ, ਦ੍ਰਿਸ਼ਟੀਕੋਣ ਅਤੇ ਪ੍ਰਤੀਕਾਤਮਕ ਤੱਤਾਂ ਦੀ ਵਿਆਖਿਆ ਕੀਤੀ ਗਈ ਹੈ। ਖੋਜ ਦੇ ਨਤੀਜੇ ਦਰਸਾਉਂਦੇ ਹਨ ਕਿ ਕਹਾਣੀਆਂ ਵਿੱਚ ਪ੍ਰਵਾਸੀ ਜੀਵਨ ਦੀਆਂ ਸਮੱਸਿਆਵਾਂ ਜਿਵੇਂ ਪਹਿਚਾਣ ਦਾ ਸੰਕਟ, ਭਾਵਨਾਤਮਕ ਬੇਗਾਨਗੀ, ਸੰਸਕ੍ਰਿਤਿਕ ਟਕਰਾਅ ਅਤੇ ਪਰਿਵਾਰਕ ਸੰਬੰਧਾਂ ਵਿੱਚ ਦੂਰੀ ਆਦਿ ਗਹਿਰਾਈ ਨਾਲ ਉਭਰਦੀਆਂ ਹਨ। ਨੈਰੇਟੋਲੋਜੀਕਲ ਪੱਖ ਤੋਂ ਇਹ ਰਚਨਾਵਾਂ ਰੇਖੀ ਸੰਰਚਨਾ ਤੋਂ ਹਟ ਕੇ ਗੈਰ-ਰੇਖੀ ਸਮਾਂ-ਵਿਧਾਨ, ਬਹੁ-ਪੱਖੀ ਦ੍ਰਿਸ਼ਟੀਕੋਣ ਅਤੇ ਮਨੋਵਿਗਿਆਨਕ ਗਹਿਰਾਈ ਰਾਹੀਂ ਅਰਥ-ਨਿਰਮਾਣ ਕਰਦੀਆਂ ਹਨ। ਨਾਰੀਵਾਦੀ ਪੱਖ ਤੋਂ ਪ੍ਰਵਾਸੀ ਔਰਤ ਦੀ ਅਸਤਿਤਵੀ ਲੜਾਈ ਅਤੇ ਪਿਤ੍ਰਸੱਤਾ ਦੇ ਦਬਾਅ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ।ਨਿਸ਼ਕਰਸ਼ ਵਜੋਂ ਇਹ ਕਹਾਣੀਆਂ ਸਿਰਫ਼ ਸਾਹਿਤਕ ਰਚਨਾਵਾਂ ਨਹੀਂ ਰਹਿੰਦੀਆਂ, ਸਗੋਂ ਪ੍ਰਵਾਸੀ ਜੀਵਨ ਦੀਆਂ ਸਮਾਜਿਕ ਅਤੇ ਸੰਸਕ੍ਰਿਤਿਕ ਹਕੀਕਤਾਂ ਦੀ ਪ੍ਰਤੀਨਿਧਿਤਾ ਕਰਦੀਆਂ ਹਨ। ਨੈਰੇਟੋਲੋਜੀਕਲ ਤੌਰ 'ਤੇ ਇਹ ਕਥਾਵਾਂ ਆਧੁਨਿਕ ਕਹਾਣੀ ਦੀ ਬਦਲਦੀ ਬਣਤਰ ਨੂੰ

ਦਰਸਾਉਂਦੀਆਂ ਹਨ, ਡਾਇਸਪੋਰਾ ਪੱਖ ਤੋਂ ਇਹ ਮਨੁੱਖੀ ਅਨੁਭਵਾਂ ਦੀ ਗਹਿਰਾਈ ਅਤੇ ਜਟਿਲਤਾ ਨੂੰ ਉਜਾਗਰ ਕਰਦੀਆਂ ਹਨ।

ਮੁੱਖ ਸ਼ਬਦ

ਡਾਇਸਪੋਰਾ,ਨੈਰੇਟੋਲੋਜੀ,ਪਛਾਣ ਦਾ ਸੰਕਟ, ਬੇਗਾਨਗੀ, ਨਾਰੀਵਾਦ, ਕਥਾ-ਸੰਰਚਨਾ, ਪ੍ਰਵਾਸੀ ਔਰਤ,ਮਨੋਵਿਗਿਆਨਕ, ਯਥਾਰਥਵਾਦ ।

ਭੂਮਿਕਾ

ਇਸ ਖੋਜ ਦਾ ਕੇਂਦਰੀ ਵਿਸ਼ਾ ਅਮਰੀਕੀ ਪ੍ਰਵਾਸੀ ਪੰਜਾਬੀ ਸਾਹਿਤ ਦੇ ਪ੍ਰਸੰਗ ਵਿੱਚ ਰਾਣੀ ਨਗੇਂਦਰ ਕੌਰ ਦੀਆਂ ਕਹਾਣੀਆਂ ਦਾ ਡਾਇਸਪੋਰਾ ਅਤੇ ਨੈਰੇਟੋਲੋਜੀਕਲ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨਾ ਹੈ। ਆਧੁਨਿਕ ਗਲੋਬਲ ਯੁੱਗ ਵਿੱਚ ਮਨੁੱਖੀ ਆਵਾਜਾਈ, ਪ੍ਰਵਾਸ ਅਤੇ ਸੰਸਕ੍ਰਿਤਿਕ ਸੰਪਰਕਾਂ ਦੇ ਵਾਧੇ ਨਾਲ "ਡਾਇਸਪੋਰਾ" ਇੱਕ ਮਹੱਤਵਪੂਰਨ ਅਕਾਦਮਿਕ ਅਤੇ ਸਾਹਿਤਕ ਸੰਕਲਪ ਵਜੋਂ ਉਭਰਿਆ ਹੈ। ਇਸ ਸੰਦਰਭ ਵਿੱਚ ਪ੍ਰਵਾਸੀ ਪੰਜਾਬੀ ਲੇਖਕਾਂ ਦੀ ਰਚਨਾ ਮਨੁੱਖੀ ਅਨੁਭਵ ਦੇ ਨਵੇਂ ਪੱਖਾਂ ਨੂੰ ਉਜਾਗਰ ਕਰਦੀ ਹੈ। ਇਸ ਖੋਜ ਦਾ ਵਿਸ਼ਾ ਪ੍ਰਵਾਸ ਸਿਰਫ਼ ਭੂਗੋਲਿਕ ਸਥਾਨ-ਬਦਲੀ ਨਹੀਂ, ਸਗੋਂ ਮਨੋਵਿਗਿਆਨਕ, ਸੰਸਕ੍ਰਿਤਿਕ ਅਤੇ ਅਸਤਿਤਵੀ ਤਬਦੀਲੀ ਦੀ ਇੱਕ ਗਹਿਰੀ ਪ੍ਰਕਿਰਿਆ ਹੈ, ਜਿਸਦਾ ਪ੍ਰਭਾਵ ਵਿਅਕਤੀ ਦੀ ਪਛਾਣ, ਰਿਸ਼ਤਿਆਂ ਅਤੇ ਜੀਵਨ-ਦ੍ਰਿਸ਼ਟੀ 'ਤੇ ਪੈਂਦਾ ਹੈ। ਖੋਜ ਦਾ ਪਿਛੋਕੜ ਦਰਸਾਉਂਦਾ ਹੈ ਕਿ ਡਾਇਸਪੋਰਾ ਅਨੁਭਵ ਵਿੱਚ "ਬੇਗਾਨਗੀ" (alienation) ਇੱਕ ਕੇਂਦਰੀ ਭਾਵਨਾ ਵਜੋਂ ਉਭਰਦੀ ਹੈ। ਪ੍ਰਵਾਸੀ ਵਿਅਕਤੀ ਭਾਵੇਂ ਆਰਥਿਕ ਤੌਰ 'ਤੇ ਸਥਿਰਤਾ ਹਾਸਲ ਕਰ ਲਵੇ, ਪਰ ਉਹ ਮਨੋਵਿਗਿਆਨਕ ਤੌਰ 'ਤੇ ਇਕੱਲਾਪਨ, ਅਸਥਿਰਤਾ ਅਤੇ ਅਸੰਤੁਸ਼ਟੀ ਦਾ ਅਨੁਭਵ ਕਰਦਾ ਹੈ। ਇਹ ਬੇਗਾਨਗੀ ਉਸਨੂੰ ਆਪਣੇ ਹੀ ਘਰ-ਪਰਿਵਾਰ ਤੋਂ ਦੂਰ ਕਰ ਦਿੰਦੀ ਹੈ ਅਤੇ ਰਿਸ਼ਤਿਆਂ ਵਿੱਚ ਭਾਵਨਾਤਮਕ ਖਾਲੀਪਣ ਪੈਦਾ ਕਰਦੀ ਹੈ। ਇਸ ਦੇ ਨਾਲ ਹੀ ਪਛਾਣ ਦਾ ਸੰਕਟ (identity crisis) ਵੀ ਪ੍ਰਵਾਸੀ ਅਨੁਭਵ ਦਾ ਅਟੁੱਟ ਹਿੱਸਾ ਬਣ ਜਾਂਦਾ ਹੈ, ਜਿੱਥੇ ਵਿਅਕਤੀ ਆਪਣੀ ਮੂਲ ਸੰਸਕ੍ਰਿਤੀ ਅਤੇ ਨਵੀਂ ਗਲੋਬਲ ਸੱਭਿਆਚਾਰ ਦੇ ਵਿਚਕਾਰ ਸੰਘਰਸ਼ ਕਰਦਾ ਰਹਿੰਦਾ ਹੈ। ਇਹ ਦੋਹਰਾਪਣ ਉਸਦੀ ਅਸਤਿਤਵੀ ਪਛਾਣ ਨੂੰ ਧੁੰਦਲਾ ਕਰ ਦਿੰਦਾ ਹੈ। ਨਾਰੀਵਾਦੀ ਸੰਦਰਭ ਵਿੱਚ ਇਹ ਸਥਿਤੀ ਹੋਰ ਵੀ ਜਟਿਲ ਹੋ ਜਾਂਦੀ ਹੈ, ਕਿਉਂਕਿ ਪ੍ਰਵਾਸੀ ਔਰਤ ਨੂੰ ਪਿਤ੍ਰਸੱਤਾ ਦੀਆਂ ਰਵਾਇਤਾਂ ਅਤੇ ਆਧੁਨਿਕਤਾ ਦੇ ਮੁੱਲਾਂ ਦੇ ਵਿਚਕਾਰ ਸੰਤੁਲਨ ਬਣਾਉਣਾ ਪੈਂਦਾ ਹੈ। ਖੋਜ ਦੀ ਲੋੜ ਅਤੇ ਮਹੱਤਤਾ ਇਸ ਗੱਲ ਵਿੱਚ ਨਿਹਿਤ ਹੈ ਕਿ ਆਧੁਨਿਕ ਪੰਜਾਬੀ ਸਾਹਿਤ ਵਿੱਚ ਪ੍ਰਵਾਸੀ ਅਨੁਭਵਾਂ ਦੀ ਪ੍ਰਤੀਨਿਧਿਤਾ ਲਗਾਤਾਰ ਵਧ ਰਹੀ ਹੈ, ਜਿਸ ਕਰਕੇ ਸਿਧਾਂਤਕ ਪੜਚੋਲ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ। ਇਹ ਅਧਿਐਨ ਸਿਰਫ਼

ਸਾਹਿਤਕ ਵਿਸ਼ਲੇਸ਼ਣ ਨਹੀਂ, ਸਗੋਂ ਸਮਾਜਿਕ ਅਤੇ ਮਨੋਵਿਗਿਆਨਕ ਹਕੀਕਤਾਂ ਦੀ ਸਮਝ ਨੂੰ ਵੀ ਵਿਸਤਾਰ ਦਿੰਦਾ ਹੈ। ਇਹ ਖੋਜ ਪ੍ਰਵਾਸੀ ਜੀਵਨ ਦੇ ਅੰਦਰੂਨੀ ਸੰਘਰਸ਼ਾਂ, ਰਿਸ਼ਤਿਆਂ ਦੀ ਬਦਲਦੀ ਪ੍ਰਕਿਰਤੀ ਅਤੇ ਸੰਸਕ੍ਰਿਤਿਕ ਟਕਰਾਅ ਨੂੰ ਸਮਝਣ ਲਈ ਇੱਕ ਮਜ਼ਬੂਤ ਅਲੋਚਨਾਤਮਕ ਫਰੇਮਵਰਕ ਮੁਹੱਈਆ ਕਰਦੀ ਹੈ। ਇਸ ਖੋਜ ਦਾ ਪੂਰਾ ਨਜ਼ਰੀਆ ਡਾਇਸਪੋਰਾ ਸਿਧਾਂਤ, ਨੈਰੇਟੋਲੋਜੀ ਅਤੇ ਨਾਰੀਵਾਦੀ ਦ੍ਰਿਸ਼ਟੀਕੋਣ ਦੇ ਸਮਾਂਯੋਜਨ ‘ਤੇ ਆਧਾਰਿਤ ਹੈ। ਨੈਰੇਟੋਲੋਜੀ ਦੇ ਅਧੀਨ ਕਥਾ ਦੀ ਸੰਰਚਨਾ, ਕਥਾ ਵਸਤੂ, ਦ੍ਰਿਸ਼ਟੀਕੋਣ, ਸਮਾਂ-ਵਿਧਾਨ ਅਤੇ ਪਾਤਰ-ਚਿਤਰਣ ਦੀ ਵਿਸ਼ਲੇਸ਼ਣਾਤਮਕ ਪੜਚੋਲ ਕੀਤੀ ਜਾਂਦੀ ਹੈ। ਇਹ ਸਿਧਾਂਤ ਜਾਂਚ ਕਰਦਾ ਹੈ ਕਿ ਕਹਾਣੀ ਕਿਵੇਂ ਰਚੀ ਜਾਂਦੀ ਹੈ, ਕਿਵੇਂ ਪੇਸ਼ ਹੁੰਦੀ ਹੈ ਅਤੇ ਪਾਠਕ ਅਰਥ ਕਿਵੇਂ ਉਤਪੰਨ ਕਰਦੇ ਹਨ। ਦੂਜੇ ਪਾਸੇ, ਡਾਇਸਪੋਰਾ ਦ੍ਰਿਸ਼ਟੀਕੋਣ ਪ੍ਰਵਾਸੀ ਜੀਵਨ ਦੀਆਂ ਜਟਿਲਤਾਵਾਂ ਜਿਵੇਂ ਬੇਗਾਨਗੀ, ਪਛਾਣ ਸੰਕਟ ਅਤੇ ਸੰਸਕ੍ਰਿਤਿਕ ਦੋਹਰਾਪਣ ਨੂੰ ਉਜਾਗਰ ਕਰਦਾ ਹੈ। ਨਾਰੀਵਾਦੀ ਦ੍ਰਿਸ਼ਟੀਕੋਣ ਰਾਹੀਂ ਔਰਤ ਦੇ ਅਨੁਭਵਾਂ, ਉਸਦੀ ਅਸਤਿਤਵੀ ਲੜਾਈ ਅਤੇ ਸਮਾਜਿਕ ਪਾਬੰਦੀਆਂ ਨੂੰ ਸਮਝਿਆ ਜਾਂਦਾ ਹੈ।

ਸਾਹਿਤ ਸਮੀਖਿਆ:

1.ਜਸਵਿੰਦਰ ਕੌਰ, “ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ”, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2004, ਇਸ ਖੋਜ ਪ੍ਰਬੰਧ ਵਿੱਚ ਖੋਜਾਰਥੀ ਨੇ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਬਿਰਤਾਂਤ-ਸ਼ਾਸਤਰੀ ਪੱਖੋਂ ਵਿਸਤ੍ਰਿਤ ਅਤੇ ਵਿਗਿਆਨਕ ਅਧਿਐਨ ਕੀਤਾ ਹੈ। ਖੋਜ ਦੀ ਚੈਪਟਰ ਵੰਡ ਸੁਚਾਰੂ ਅਤੇ ਤਰਤੀਬ ਬੱਧ ਹੈ। ਪਹਿਲੇ ਅਧਿਆਇ ਵਿੱਚ ਬਿਰਤਾਂਤ ਅਤੇ ਬਿਰਤਾਂਤ-ਸ਼ਾਸਤਰ ਦੀ ਸੰਕਲਪਨਾ, ਸਰੂਪ ਅਤੇ ਸਿਧਾਂਤਕ ਪਰਿਪੇਖ ਦੀ ਵਿਸਥਾਰਪੂਰਵਕ ਵਿਆਖਿਆ ਕੀਤੀ ਗਈ ਹੈ, ਜੋ ਖੋਜ ਦਾ ਮਜ਼ਬੂਤ ਸਿਧਾਂਤਕ ਆਧਾਰ ਤਿਆਰ ਕਰਦੀ ਹੈ। ਦੂਜੇ ਅਧਿਆਇ ਵਿੱਚ ਪੰਜਾਬੀ ਕਹਾਣੀ ਦੀ ਬਿਰਤਾਂਤ-ਪਰੰਪਰਾ, ਯਥਾਰਥਵਾਦ ਅਤੇ ਵਰਿਆਮ ਸਿੰਘ ਸੰਧੂ ਦੀ ਕਹਾਣੀ ਨੂੰ ਪ੍ਰਸੰਗ ਵਿੱਚ ਰੱਖਦਿਆਂ ਉਸਦੀ ਸਥਿਤੀ ਨਿਰਧਾਰਿਤ ਕੀਤੀ ਗਈ ਹੈ। ਉਸ ਦੀਆਂ ਕਹਾਣੀਆਂ ਦੇ ਪਿਛੋਕੜ ਵਿੱਚ ਕਾਰਗਰ ਯਥਾਰਥਵਾਦੀ ਤੱਤਾਂ ਦੀ ਪਛਾਣ ਵੀ ਕੀਤੀ ਗਈ ਹੈ। ਅਗਲੇ ਅਧਿਆਇ ਵਿੱਚ ਖੋਜਾਰਥੀ ਨੇ ਸੰਧੂ ਦੀਆਂ ਚੋਣੀਆਂ ਕਹਾਣੀਆਂ ਦਾ ਬਿਰਤਾਂਤ-ਸ਼ਾਸਤਰੀ ਵਿਸ਼ਲੇਸ਼ਣ ਕਰਦਿਆਂ ਕਥਾ-ਸੰਰਚਨਾ, ਪਾਤਰ-ਚਿਤਰਣ ਅਤੇ ਕਥਨ-ਕਲਾ ਦੇ ਪੱਖਾਂ ਨੂੰ ਉਜਾਗਰ ਕੀਤਾ ਹੈ। ਚੌਥੇ ਅਧਿਆਇ ਵਿੱਚ ਸੰਧੂ ਦੀ ਬਿਰਤਾਂਤਕ ਦ੍ਰਿਸ਼ਟੀ ਦਾ ਅਧਿਐਨ ਕਰਕੇ ਉਸਦੀ ਰਚਨਾਤਮਕ ਸੋਚ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਦੋਂਕਿ ਪੰਜਵੇਂ ਅਧਿਆਇ ਵਿੱਚ ਉਸ ਦੀ ਬਿਰਤਾਂਤਕ ਜੁਗਤਾਂ ਨੂੰ ਸਮਕਾਲੀ ਕਹਾਣੀਕਾਰਾਂ ਦੇ ਸੰਦਰਭ ਵਿੱਚ ਵਾਚਿਆ ਗਿਆ ਹੈ। ਅੰਤ ਵਿੱਚ ਨਿਸ਼ਕਰਸ਼ ਖੋਜ ਦੇ ਮੁੱਖ ਨਤੀਜਿਆਂ ਨੂੰ ਸੰਖੇਪ ਵਿੱਚ ਪੇਸ਼ ਕਰਦਾ ਹੈ। ਸਮੂਹਕ ਤੌਰ ’ਤੇ ਇਹ ਖੋਜ ਪ੍ਰਬੰਧ ਬਿਰਤਾਂਤ-ਸ਼ਾਸਤਰੀ ਅਧਿਐਨ

Volume: 13, March 2026 ISSN: 2394-0980
PP: 167-186

ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪੇਸ਼ ਕਰਦਾ ਹੈ, ਹਾਲਾਂਕਿ ਕਿਤੇ-ਕਿਤੇ ਤੁਲਨਾਤਮਕ ਵਿਸ਼ਲੇਸ਼ਣ ਨੂੰ ਹੋਰ ਗਹਿਰਾਈ ਨਾਲ ਵਿਸਤਾਰ ਕਰਨ ਦੀ ਸੰਭਾਵਨਾ ਮੌਜੂਦ ਹੈ।

2. ਸਤਿੰਦਰ ਕੌਰ, "ਸੁਜਾਨ ਸਿੰਘ ਦੀਆਂ ਕਹਾਣੀਆਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ",ਪੰਜਾਬੀ ਯੂਨੀਵਰਸਿਟੀ, ਪਟਿਆਲਾ,2018, ਇਸ ਖੋਜ ਪ੍ਰਬੰਧ ਵਿੱਚ ਖੋਜਾਰਥੀ ਨੇ ਸੁਜਾਨ ਸਿੰਘ ਦੀਆਂ ਕਹਾਣੀਆਂ ਦਾ ਬਿਰਤਾਂਤ-ਸ਼ਾਸਤਰੀ ਪੱਖੋਂ ਵਿਗਿਆਨਕ ਅਧਿਐਨ ਕੀਤਾ ਹੈ। ਖੋਜ ਦੀ ਚੈਪਟਰ ਵੰਡ ਤਰਤੀਬ ਬੱਧ ਅਤੇ ਵਿਸ਼ੇ ਅਨੁਕੂਲ ਹੈ। ਪਹਿਲੇ ਅਧਿਆਇ ਵਿੱਚ ਸੁਜਾਨ ਸਿੰਘ ਦੇ ਜੀਵਨ, ਰਚਨਾ ਅਤੇ ਵਿਚਾਰਧਾਰਾ ਨੂੰ ਵਿਸਥਾਰਪੂਰਵਕ ਰੂਪ ਵਿੱਚ ਪ੍ਰਸਤੁਤ ਕਰਦਿਆਂ ਉਸਦੀ ਰਚਨਾਤਮਕ ਪਿਠਭੂਮੀ ਨੂੰ ਸਪਸ਼ਟ ਕੀਤਾ ਗਿਆ ਹੈ। ਦੂਜੇ ਅਧਿਆਇ ਵਿੱਚ ਕਹਾਣੀਆਂ ਦੇ ਬਿਰਤਾਂਤਕ ਸੰਗਠਨ ਦਾ ਵਿਸ਼ਲੇਸ਼ਣ ਕਰਦਿਆਂ ਕਥਾ-ਸੰਰਚਨਾ ਦੇ ਤੱਤਾਂ ਦੀ ਪੜਚੋਲ ਕੀਤੀ ਗਈ ਹੈ। ਤੀਜੇ ਅਧਿਆਇ ਵਿੱਚ ਬਿਰਤਾਂਤਕੀ ਕਰਿੰਦਾ ਅਤੇ ਪਾਤਰ-ਚਿਤਰਣ ਦੇ ਪੱਖਾਂ ਨੂੰ ਖੰਗਾਲਦਿਆਂ ਕਹਾਣੀਕਾਰ ਦੀ ਕਲਾ-ਦ੍ਰਿਸ਼ਟੀ ਨੂੰ ਉਜਾਗਰ ਕੀਤਾ ਗਿਆ ਹੈ। ਚੌਥੇ ਅਧਿਆਇ ਵਿੱਚ ਬਿਰਤਾਂਤਕਤਾ ਦੇ ਵਾਚ ਅਤੇ ਪੱਧਰਾਂ ਦਾ ਅਧਿਐਨ ਕਰਦਿਆਂ ਕਥਨ-ਤਕਨੀਕਾਂ ਦੀ ਵਿਸ਼ੇਸ਼ਤਾ ਨੂੰ ਰੇਖਾਂਕਿਤ ਕੀਤਾ ਗਿਆ ਹੈ। ਅੰਤ ਵਿੱਚ "ਸਾਰ ਤੇ ਸਥਾਪਨਾਵਾਂ" ਦੇ ਰੂਪ ਵਿੱਚ ਖੋਜ ਦੇ ਨਤੀਜਿਆਂ ਨੂੰ ਸੰਖੇਪ ਅਤੇ ਸੁਚਾਰੂ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਮੂਹਕ ਤੌਰ 'ਤੇ ਇਹ ਖੋਜ ਪ੍ਰਬੰਧ ਬਿਰਤਾਂਤ-ਸ਼ਾਸਤਰੀ ਅਧਿਐਨ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ, ਹਾਲਾਂਕਿ ਕਿਤੇ-ਕਿਤੇ ਵਿਸ਼ਲੇਸ਼ਣ ਵਿੱਚ ਹੋਰ ਗਹਿਰਾਈ ਅਤੇ ਤੁਲਨਾਤਮਕ ਵਿਸਤਾਰ ਦੀ ਸੰਭਾਵਨਾ ਮੌਜੂਦ ਰਹਿੰਦੀ ਹੈ।

3. ਬਲਜਿੰਦਰ ਸਿੰਘ, "ਪੰਜਾਬੀ ਸਿਨੇਮਾ ਵਿਚ ਡਾਇਸਪੋਰਾ ਦੀ ਪੇਸ਼ਕਾਰੀ: ਇਕ ਅਧਿਐਨ", ਪੰਜਾਬੀ ਯੂਨੀਵਰਸਿਟੀ, ਪਟਿਆਲਾ,2024, ਇਸ ਖੋਜ ਪ੍ਰਬੰਧ ਵਿੱਚ ਖੋਜਾਰਥੀ ਨੇ ਪੰਜਾਬੀ ਡਾਇਸਪੋਰਾ ਦੇ ਪ੍ਰਸੰਗ ਵਿੱਚ ਪੰਜਾਬੀ ਸਿਨੇਮਾ ਦੀ ਭੂਮਿਕਾ ਅਤੇ ਉਸਦੀ ਪੇਸ਼ਕਾਰੀ ਦਾ ਗਹਿਰਾਈ ਨਾਲ ਅਧਿਐਨ ਕੀਤਾ ਹੈ। ਖੋਜ ਦੀ ਸੰਰਚਨਾ ਵਿਸ਼ੇ ਅਨੁਕੂਲ ਅਤੇ ਸਮਕਾਲੀ ਪ੍ਰਸੰਗ ਨਾਲ ਸੰਬੰਧਿਤ ਹੈ, ਜਿਸ ਵਿੱਚ ਡਾਇਸਪੋਰਾ ਦੀ ਸੰਕਲਪਨਾ, ਅੰਤਰ-ਸੱਭਿਆਚਾਰਕ ਸੰਚਾਰ ਅਤੇ ਪੰਜਾਬੀ ਸਿਨੇਮਾ ਦੇ ਵਿਕਾਸ ਨੂੰ ਪਿਛੋਕੜ ਵਜੋਂ ਰੱਖਿਆ ਗਿਆ ਹੈ। ਅਧਿਐਨ ਵਿੱਚ ਇਹ ਦਰਸਾਇਆ ਗਿਆ ਹੈ ਕਿ ਪੰਜਾਬੀ ਸਿਨੇਮਾ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀ ਜੀਵਨ-ਸ਼ੈਲੀ, ਸੰਘਰਸ਼ ਅਤੇ ਸੱਭਿਆਚਾਰਕ ਪਹਿਚਾਣ ਨੂੰ ਪਰਦੇ 'ਤੇ ਲਿਆਉਂਦਾ ਹੋਇਆ ਇੱਕ ਅਹਿਮ ਸੱਭਿਆਚਾਰਕ ਵਾਹਕ ਬਣਦਾ ਜਾ ਰਿਹਾ ਹੈ। ਖੋਜਾਰਥੀ ਨੇ ਵੱਖ-ਵੱਖ ਫਿਲਮਾਂ ਦੇ ਵਿਸ਼ਲੇਸ਼ਣ ਰਾਹੀਂ ਡਾਇਸਪੋਰਿਕ ਅਨੁਭਵਾਂ ਦੀ ਪੇਸ਼ਕਾਰੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਗੱਲ ਨੂੰ ਉਜਾਗਰ ਕੀਤਾ ਹੈ ਕਿ ਪੰਜਾਬੀ ਸਿਨੇਮਾ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾਉਣ ਵਿੱਚ ਸਫਲ ਹੋ ਰਿਹਾ ਹੈ। ਹਾਲਾਂਕਿ, ਅਧਿਐਨ ਵਿੱਚ ਅੰਤਰ-ਸੱਭਿਆਚਾਰਕ

ਸੰਚਾਰ ਦੀਆਂ ਡੂੰਘੀਆਂ ਪੱਖਾਂ ਨੂੰ ਹੋਰ ਵਿਸਤਾਰ ਨਾਲ ਖੰਗਾਲਣ ਦੀ ਸੰਭਾਵਨਾ ਮੌਜੂਦ ਰਹਿੰਦੀ ਹੈ। ਸਮੂਹਕ ਤੌਰ 'ਤੇ ਇਹ ਖੋਜ ਪ੍ਰਬੰਧ ਪੰਜਾਬੀ ਸਿਨੇਮਾ ਅਤੇ ਡਾਇਸਪੋਰਾ ਅਧਿਐਨ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਵਜੋਂ ਦਰਜ ਕੀਤਾ ਜਾ ਸਕਦਾ ਹੈ।

4. ਡਾ. ਧਨਵੰਤ ਕੌਰ, ਡਾਈਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ, ਆਰਸੀ ਪਬਲਿਸ਼ਰਜ, 2018

ਖੋਜ ਦੇ ਉਦੇਸ਼

1. ਰਾਣੀ ਨਗੇਂਦਰ ਕੌਰ ਦੀਆਂ ਕਹਾਣੀਆਂ ਵਿੱਚ ਪ੍ਰਵਾਸੀ ਪੰਜਾਬੀ ਔਰਤ ਦੇ ਵਿਸ਼ਵੀ ਅਨੁਭਵਾ ਦਾ ਗਹਿਰਾਈ ਨਾਲ ਅਧਿਐਨ ਕਰਨਾ।
2. ਡਾਇਸਪੋਰਾ ਸੰਦਰਭ ਵਿੱਚ ਬੇਗਾਨਗੀ ਦੀ ਭਾਵਨਾ ਦੇ ਮਨੋਵਿਗਿਆਨਕ ਅਤੇ ਅਸਤਿਤਵੀ ਆਯਾਮਾਂ ਦਾ ਵਿਸ਼ਲੇਸ਼ਣ ਕਰਨਾ।
3. ਪ੍ਰਵਾਸੀ ਜੀਵਨ ਵਿੱਚ ਪਛਾਣ ਦੇ ਸੰਕਟ ਦੀ ਰਚਨਾ ਅਤੇ ਵਿਕਾਸ ਦੀ ਪ੍ਰਕਿਰਿਆ ਨੂੰ ਸਮਝਣਾ।
4. ਪੂਰਬੀ ਅਤੇ ਪੱਛਮੀ ਸੰਸਕ੍ਰਿਤੀਆਂ ਦੇ ਟਕਰਾਅ ਅਤੇ ਉਸਦੇ ਵਿਅਕਤੀਗਤ,ਸਮਾਜਿਕ ਪ੍ਰਭਾਵਾਂ ਦੀ ਪੜਤਾਲ ਕਰਨੀ।
5. ਪ੍ਰਵਾਸੀ ਪਰਿਵਾਰਕ ਸੰਰਚਨਾ ਵਿੱਚ ਔਰਤ-ਮਰਦ ਸੰਬੰਧਾਂ ਦੇ ਬਦਲਦੇ ਰੂਪਾਂ ਦਾ ਅਲੋਚਨਾਤਮਕ ਅਧਿਐਨ ਕਰਨਾ।
6. ਪਿਤ੍ਰਸੱਤਾ ਪ੍ਰਣਾਲੀ ਦੇ ਅਸਰ ਹੇਠ ਔਰਤ ਦੀ ਮਨੋਸਥਿਤੀ ਅਤੇ ਅਸਤਿਤਵੀ ਸੰਘਰਸ਼ ਨੂੰ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨਾ।
7. ਗਲੋਬਲਾਈਜ਼ੇਸ਼ਨ ਅਤੇ ਨਵ-ਪੂੰਜੀਵਾਦ ਦੇ ਪ੍ਰਭਾਵ ਹੇਠ ਰਿਸ਼ਤਿਆਂ ਦੀ ਉਪਯੋਗਤਾਵਾਦੀ ਪ੍ਰਵਿਰਤੀ ਦਾ ਅਧਿਐਨ ਕਰਨਾ।
8. ਰਾਣੀ ਦੀਆਂ ਕਹਾਣੀਆਂ ਵਿੱਚ ਲਿੰਗਕ ਪਛਾਣ ਅਤੇ ਸੰਵੇਦਨਸ਼ੀਲ ਲਿੰਗਕ ਸੰਬੰਧਾਂ ਦੇ ਪ੍ਰਸਤੁਤੀਕਰਨ ਦੀ ਸਮੀਖਿਆ ਕਰਨੀ।
9. ਪ੍ਰਵਾਸੀ ਜੀਵਨ ਵਿੱਚ ਉਭਰ ਰਹੀਆਂ ਨਵੀਂ ਰਿਸ਼ਤਾ-ਸੰਰਚਨਾਵਾਂ (ਲਿਵ-ਇਨ, ਓਪਨ ਰਿਲੇਸ਼ਨਸ਼ਿਪ ਆਦਿ) ਦੀ ਸਮਾਜਿਕ ਅਤੇ ਸੰਸਕ੍ਰਿਤਿਕ ਪੜਤਾਲ ਕਰਨੀ।

10. ਨੈਰੇਟੋਲੋਜੀਕਲ ਸਿਧਾਂਤਾਂ ਦੇ ਆਧਾਰ 'ਤੇ ਕਹਾਣੀਆਂ ਦੀ ਕਥਾ-ਸੰਰਚਨਾ ਦਾ ਵਿਗਿਆਨਕ ਵਿਸ਼ਲੇਸ਼ਣ ਕਰਨਾ।
11. ਕਥਾ ਵਸਤੂ, ਦ੍ਰਿਸ਼ਟੀਕੋਣ ਅਤੇ ਸਮਾਂ-ਵਿਧਾਨ ਦੇ ਅੰਤਰ ਸੰਬੰਧਾਂ ਨੂੰ ਸਮਝਣਾ।
12. ਪਾਤਰ-ਚਿਤਰਣ ਰਾਹੀਂ ਮਨੋਵਿਗਿਆਨਕ ਗਹਿਰਾਈ ਅਤੇ ਅੰਦਰੂਨੀ ਸੰਘਰਸ਼ ਦੀ ਅਭਿਵਿਅਕਤੀ ਦਾ ਅਧਿਐਨ ਕਰਨਾ।
13. ਬਹੁ-ਦ੍ਰਿਸ਼ਟੀਕੋਣ ਕਥਨ-ਤਕਨੀਕਾਂ ਦੇ ਜ਼ਰੀਏ ਅਰਥ-ਨਿਰਮਾਣ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਨਾ।
14. ਕਹਾਣੀਆਂ ਵਿੱਚ ਵਰਤੇ ਗਏ ਪ੍ਰਤੀਕਾਂ ਅਤੇ ਰੂਪਕਾਂ ਦੇ ਅਰਥ-ਸੰਕੇਤਾਂ ਦੀ ਪੜਤਾਲ ਕਰਨੀ।
15. ਪ੍ਰਵਾਸੀ ਜੀਵਨ ਵਿੱਚ ਆਰਥਿਕ ਸਫਲਤਾ ਅਤੇ ਭਾਵਨਾਤਮਕ ਖਾਲੀਪਣ ਦੇ ਆਪਸੀ ਸੰਬੰਧ ਨੂੰ ਸਮਝਣਾ।
16. ਪੀੜ੍ਹੀ-ਪਾੜੇ ਅਤੇ ਸੰਸਕ੍ਰਿਤਿਕ ਦਵੰਦ ਦੇ ਪ੍ਰਭਾਵਾਂ ਦਾ ਸਮਾਜਿਕ ਵਿਸ਼ਲੇਸ਼ਣ ਕਰਨਾ।
17. ਰਾਣੀ ਦੀਆਂ ਕਹਾਣੀਆਂ ਵਿੱਚ ਨਾਰੀਵਾਦੀ ਚੇਤਨਾ ਅਤੇ ਔਰਤ ਦੀ ਪ੍ਰਤੀਰੋਧ ਭੂਮਿਕਾ ਨੂੰ ਰੋਸ਼ਨ ਕਰਨਾ।
18. ਪਿਤ੍ਰਸੱਤਾ ਅਤੇ ਭਾਸ਼ਾਈ ਸੰਰਚਨਾਵਾਂ ਵਿੱਚ ਲੁਕੇ ਸ਼ਕਤੀ-ਸੰਬੰਧਾਂ ਦੀ ਪੜਤਾਲ ਕਰਨੀ।
19. ਡਾਇਸਪੋਰਾ, ਨੈਰੇਟੋਲੋਜੀ ਅਤੇ ਨਾਰੀਵਾਦੀ ਸਿਧਾਂਤਾਂ ਦੇ ਸੰਯੁਕਤ ਫਰੇਮਵਰਕ ਵਿੱਚ ਕਹਾਣੀਆਂ ਦਾ ਅਲੋਚਨਾਤਮਕ ਮੁਲਾਂਕਣ ਕਰਨਾ।
20. ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਰਾਣੀ ਨਗਿੰਦਰ ਕੌਰ ਦੀਆਂ ਕਹਾਣੀਆਂ ਦੇ ਸਿਧਾਂਤਕ ਅਤੇ ਸਾਹਿਤਕ ਯੋਗਦਾਨ ਨੂੰ ਸਥਾਪਿਤ ਕਰਨਾ।

7. ਖੋਜ ਵਿਧੀ

ਇਸ ਖੋਜ ਦਾ ਮੂਲ ਸਵਰੂਪ ਗੁਣਾਤਮਕ (Qualitative) ਹੈ, ਕਿਉਂਕਿ ਅਧਿਐਨ ਦਾ ਕੇਂਦਰ ਰਾਣੀ ਨਗੇਂਦਰ ਕੌਰ ਦੀਆਂ ਕਹਾਣੀਆਂ ਵਿੱਚ ਪ੍ਰਵਾਸੀ ਜੀਵਨ ਦੇ ਅਨੁਭਵਾਂ, ਨਾਰੀਵਾਦੀ ਚੇਤਨਾ ਅਤੇ ਨੈਰੇਟੋਲੋਜੀਕਲ ਤੱਤਾਂ ਦੀ ਗਹਿਰਾਈ ਨਾਲ ਵਿਆਖਿਆ ਕਰਨਾ ਹੈ। ਹਾਲਾਂਕਿ, ਵਿਸ਼ਲੇਸ਼ਣ ਨੂੰ ਹੋਰ ਤਰਕ ਸੰਗਤ ਅਤੇ ਸੰਰਚਨਾਤਮਕ ਬਣਾਉਣ ਲਈ ਸੀਮਿਤ ਪੱਧਰ 'ਤੇ ਪਰਿਮਾਣਾਤਮਕ (Quantitative) ਪਹੁੰਚ ਦਾ ਵੀ ਸਹਾਇਕ ਤੌਰ 'ਤੇ ਪ੍ਰਯੋਗ

ਕੀਤਾ ਗਿਆ ਹੈ, **ਡਾਟਾ** ਇਕੱਠਾ ਕਰਨ ਲਈ ਮੁੱਖ ਤੌਰ 'ਤੇ ਦੋ ਪ੍ਰਕਾਰ ਦੇ ਸਰੋਤ ਵਰਤੇ ਗਏ ਹਨ ਪ੍ਰਾਇਮਰੀ (Primary) ਅਤੇ ਸੈਕੰਡਰੀ (Secondary)। ਪ੍ਰਾਇਮਰੀ ਡਾਟਾ ਵਿੱਚ ਰਾਣੀ ਨਗੇਂਦਰ ਕੌਰ ਦੇ ਕਹਾਣੀ-ਸੰਗ੍ਰਹਿ, ਜਿਵੇਂ ਧੁਖਦਾ ਸ਼ਹਿਰ ਅਤੇ ਗਰਾਊਂਡ ਜ਼ੀਰੋ, ਨੂੰ ਕੇਂਦਰੀ ਪਾਠ ਵਜੋਂ ਗ੍ਰਹਿਣ ਕੀਤਾ ਗਿਆ ਹੈ। ਸੈਕੰਡਰੀ ਡਾਟਾ ਵਿੱਚ ਸੰਬੰਧਿਤ ਅਲੋਚਨਾਤਮਕ ਗ੍ਰੰਥ, ਖੋਜ-ਲੇਖ, ਜਰਨਲ, ਥੀਸਿਸ ਅਤੇ ਨਾਰੀਵਾਦੀ, ਡਾਇਸਪੋਰਾ ਅਤੇ ਨੈਰੇਟੋਲੋਜੀ ਸਿਧਾਂਤਾਂ ਨਾਲ ਸੰਬੰਧਿਤ ਵਿਦਵਾਨਾਂ ਦੇ ਵਿਚਾਰ ਸ਼ਾਮਲ ਕੀਤੇ ਗਏ ਹਨ। **ਸੈਂਪਲਿੰਗ** ਲਈ ਉਦੇਸ਼ਪੂਰਕ ਨਮੂਨਾ-ਚੋਣ (Purposive Sampling) ਵਿਧੀ ਅਪਣਾਈ ਗਈ ਹੈ, ਜਿਸ ਅਧੀਨ ਉਹ ਕਹਾਣੀਆਂ ਚੁਣੀਆਂ ਗਈਆਂ ਹਨ ਜਿਹੜੀਆਂ ਪ੍ਰਵਾਸੀ ਜੀਵਨ, ਨਾਰੀਵਾਦੀ ਸੰਘਰਸ਼ ਅਤੇ ਕਥਾ-ਤਕਨੀਕੀ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਤੌਰ 'ਤੇ ਪ੍ਰਗਟ ਕਰਦੀਆਂ ਹਨ, ਜਿਵੇਂ "ਭੈਣ", "ਰਤਿ ਕੰਤ", "ਗ੍ਰੀਨ ਕਾਰਡ", "ਸਲੀਬ" ਆਦਿ। **ਸਾਧਨਾਂ (Tools)** ਦੇ ਤੌਰ 'ਤੇ ਪਾਠ-ਵਿਸ਼ਲੇਸ਼ਣ (Textual Analysis), ਵਿਸ਼ੇ-ਵਿਸ਼ਲੇਸ਼ਣ (Thematic Analysis) ਅਤੇ ਵਿਆਖਿਆਤਮਕ ਵਿਧੀ (Interpretative Method) ਦੀ ਵਰਤੋਂ ਕੀਤੀ ਗਈ ਹੈ। ਇਸਦੇ ਨਾਲ ਹੀ ਨੈਰੇਟੋਲੋਜੀਕਲ ਵਿਸ਼ਲੇਸ਼ਣ ਦੇ ਤੱਤ ਕਥਾ ਵਸਤੂ, ਦ੍ਰਿਸ਼ਟੀਕੋਣ, ਸਮਾਂ-ਵਿਧਾਨ ਅਤੇ ਪਾਤਰ-ਚਿਤਰਣ ਨੂੰ ਵਿਸ਼ਲੇਸ਼ਣ ਦੇ ਮੂਲ ਸਾਧਨ ਵਜੋਂ ਅਪਣਾਇਆ ਗਿਆ ਹੈ। **ਵਿਧੀਆਂ (Methods)** ਦੇ ਰੂਪ ਵਿੱਚ ਇਹ ਖੋਜ ਅਲੋਚਨਾਤਮਕ(Critical),ਵਿਸ਼ਲੇਸ਼ਣਾਤਮਕ(Analytical) ਅਤੇ ਤੁਲਨਾਤਮਕ (Comparative) ਪਹੁੰਚ ਨੂੰ ਅਪਣਾਉਂਦੀ ਹੈ। ਨਾਰੀਵਾਦੀ ਅਤੇ ਡਾਇਸਪੋਰਾ ਸਿਧਾਂਤਾਂ ਦੇ ਪ੍ਰਕਾਸ਼ ਵਿੱਚ ਕਥਾਵਾਂ ਦੀ ਵਿਆਖਿਆ ਕੀਤੀ ਗਈ ਹੈ, ਜਦੋਂਕਿ ਨੈਰੇਟੋਲੋਜੀ ਦੇ ਫਰੇਮਵਰਕ ਰਾਹੀਂ ਕਥਾ-ਸੰਰਚਨਾ ਅਤੇ ਕਥਨ-ਕਲਾ ਦੀ ਗਹਿਰਾਈ ਨਾਲ ਪੜਤਾਲ ਕੀਤੀ ਗਈ ਹੈ। ਰਾਣੀ ਦੀਆਂ ਕਹਾਣੀਆਂ ਦਾ ਕੇਂਦਰ ਪ੍ਰਵਾਸੀ ਪੰਜਾਬੀ ਔਰਤ ਦਾ ਜੀਵਨ ਹੈ, ਜੋ ਕਿ ਇੱਕ ਪਾਸੇ ਆਪਣੀ ਮੂਲ ਸੰਸਕ੍ਰਿਤੀ ਨਾਲ ਜੁੜੀ ਰਹਿਣ ਦੀ ਕੋਸ਼ਿਸ਼ ਕਰਦੀ ਹੈ ਅਤੇ ਦੂਜੇ ਪਾਸੇ ਨਵੇਂ ਗਲੋਬਲ ਸਭਿਆਚਾਰ ਨਾਲ ਤਾਲਮੇਲ ਬਣਾਉਣ ਦੀ ਸੰਘਰਸ਼ਮਈ ਪ੍ਰਕਿਰਿਆ ਵਿੱਚੋਂ ਗੁਜ਼ਰਦੀ ਹੈ। ਇਸ ਦੋਹਰੇ ਸੰਘਰਸ਼ ਦੇ ਨਤੀਜੇ ਵਜੋਂ ਉਸਦੀ ਮਨੋਵਿਗਿਆਨਕ ਸਥਿਤੀ ਵਿੱਚ ਉਲਝਣ,ਅਸਥਿਰਤਾ ਅਤੇ ਪਛਾਣ ਦਾ ਸੰਕਟ ਉਭਰ ਕੇ ਸਾਹਮਣੇ ਆਉਂਦਾ ਹੈ। ਕਹਾਣੀਕਾਰ ਨੇ ਇਸ ਅੰਦਰੂਨੀ ਸੰਘਰਸ਼ ਨੂੰ ਬੜੀ ਹੀ ਸੰਵੇਦਨਸ਼ੀਲਤਾ ਅਤੇ ਕਲਾਤਮਕ ਨਿਪੁੰਨਤਾ ਨਾਲ ਅਭਿਵਿਅਕਤ ਕੀਤਾ ਹੈ। ਉਨ੍ਹਾਂ ਦੇ ਪ੍ਰਮੁੱਖ ਕਹਾਣੀ-ਸੰਗ੍ਰਹਿ ਧੁਖਦਾ ਸ਼ਹਿਰ *(*1966) ਅਤੇ ਕਹਾਣੀ-ਸੰਗ੍ਰਹਿ ਗਰਾਊਂਡ ਜ਼ੀਰੋ (2008) ਵਿੱਚ ਪ੍ਰਵਾਸੀ ਜੀਵਨ ਦੀਆਂ ਜਟਿਲ ਹਕੀਕਤਾਂ ਨੂੰ ਵੱਖ-ਵੱਖ ਪੱਖਾਂ ਤੋਂ ਉਜਾਗਰ ਕੀਤਾ ਗਿਆ ਹੈ। ਗਰਾਊਂਡ ਜ਼ੀਰੋ ਵਿੱਚ ਪ੍ਰਵਾਸੀ ਔਰਤ ਦੀ ਸਮਾਜਿਕ, ਆਰਥਿਕ ਅਤੇ ਮਾਨਸਿਕ ਸਥਿਤੀ ਦਾ ਵਿਸਤ੍ਰਿਤ ਚਿੱਤਰਣ ਮਿਲਦਾ ਹੈ। ਇਨ੍ਹਾਂ ਰਚਨਾਵਾਂ ਵਿੱਚ ਗਲੋਬਲ ਸਭਿਆਚਾਰ ਦੇ ਪ੍ਰਭਾਵ ਹੇਠ ਬਦਲ ਰਹੀਆਂ ਸਮਾਜਿਕ ਸੰਰਚਨਾਵਾਂ ਅਤੇ ਔਰਤ-ਮਰਦ ਸੰਬੰਧਾਂ ਦੇ ਨਵੇਂ ਆਕਾਰਾਂ ਨੂੰ ਵੀ ਗਹਿਰਾਈ ਨਾਲ ਪੇਸ਼ ਕੀਤਾ ਗਿਆ ਹੈ। ਇਸ ਸੰਦਰਭ ਵਿੱਚ, ਕਹਾਣੀਆਂ ਵਿੱਚ ਪੈਤ੍ਰਿਕ ਸੋਚ ਅਤੇ ਉਸਦੇ ਪ੍ਰਭਾਵਾਂ ਦੀ ਵੀ ਸਮੀਖਿਆ ਕੀਤੀ ਗਈ ਹੈ,

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 167-186

ਜੋ ਪ੍ਰਵਾਸੀ ਪਰਿਸਥਿਤੀਆਂ ਵਿੱਚ ਵੀ ਆਪਣੇ ਅਸਰ ਨੂੰ ਜਾਰੀ ਰੱਖਦੇ ਹਨ। ਪੰਜਾਬੀ ਮਰਦ ਦੀ ਪੈਤ੍ਰਿਕ ਮਾਨਸਿਕਤਾ ਕਾਰਨ ਔਰਤ ਨੂੰ ਜਿਹੜੀਆਂ ਮਨੋਵਿਗਿਆਨਕ ਅਤੇ ਸਮਾਜਿਕ ਪੀੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹਨਾਂ ਨੂੰ ਕਹਾਣੀਕਾਰ ਨੇ ਬੜੀ ਸੰਵੇਦਨਸ਼ੀਲਤਾ ਨਾਲ ਰੂਪਮਾਨ ਕੀਤਾ ਹੈ। ਇਸਦੇ ਨਾਲ ਹੀ, ਨਵ-ਪੂੰਜੀਵਾਦੀ ਸਮਾਜਿਕ ਪ੍ਰਬੰਧ ਅਤੇ ਗਲੋਬਲ ਸੰਸਕ੍ਰਿਤੀ ਦੇ ਪ੍ਰਭਾਵ ਹੇਠ ਰਿਸ਼ਤਿਆਂ ਵਿੱਚ ਆ ਰਹੇ ਬਦਲਾਅ, ਤਣਾਅ ਅਤੇ ਵਿਘਟਨ ਨੂੰ ਵੀ ਰਚਨਾਤਮਕ ਢੰਗ ਨਾਲ ਦਰਸਾਇਆ ਗਿਆ। ਕਹਾਣੀਆਂ ਵਿੱਚ ਲਿੰਗਕ ਪਛਾਣ ਅਤੇ ਲੈਸਬੀਅਨ ਸੰਬੰਧਾਂ ਵਰਗੇ ਸੰਵੇਦਨਸ਼ੀਲ ਵਿਸ਼ਿਆਂ ਨੂੰ ਵੀ ਨਾਰੀਵਾਦੀ ਪਰਿਪੇਖ ਵਿੱਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਪੱਖ ਪ੍ਰਵਾਸੀ ਸਮਾਜ ਵਿੱਚ ਉਭਰ ਰਹੀਆਂ ਨਵੀਆਂ ਸਮਾਜਿਕ ਹਕੀਕਤਾਂ ਅਤੇ ਸੰਸਕ੍ਰਿਤਿਕ ਟਕਰਾਅ ਨੂੰ ਰੋਸ਼ਨ ਕਰਦਾ ਹੈ। ਉਨ੍ਹਾਂ ਦੀ ਬਿਰਤਾਂਤਕ ਸੰਰਚਨਾ ਅਤੇ ਕਥਨ-ਕਲਾ ਪ੍ਰਵਾਸੀ ਅਨੁਭਵ ਨੂੰ ਅਰਥਪੂਰਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਰਚਣ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੀ ਹੈ, ਜਿਸ ਨਾਲ ਉਹਨਾਂ ਦਾ ਕਹਾਣੀ-ਸਾਹਿਤ ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਇੱਕ ਵਿਲੱਖਣ ਸਥਾਨ ਹਾਸਲ ਕਰਦਾ ਹੈ। ਡਾ. ਹਰਚੰਦ ਸਿੰਘ ਬੇਦੀ ਅਨੁਸਾਰ :**ਰਾਣੀ ਨਗੇਂਦਰ ਨੇ ਇਸਤਰੀ ਕਲਮਕਾਰ ਹੋਣ ਕਰਕੇ, ਔਰਤ ਦੇ ਮਨ-ਅੰਤਰ ਦੀਆਂ ਪਾਕਿਤਕ ਤੇ ਸਭਿਆਚਾਰਕ ਮਜ਼ਬੂਰੀਆਂ ਨੂੰ ਡੀਕੋਡ ਕਰਕੇ, ਉਸ ਦੀਆਂ ਪਦਾਰਥਕ ਤੇ ਤਕਨਾਲੋਜੀ ਕੇਂਦ੍ਰਿਤ ਸਮੀਕਰਣਾਂ ਨੂੰ ਪੁਸਤਤ ਕਰਦੇ ਸਮੇਂ, ਮਾਨਵੀ ਦ੍ਰਿਸ਼ਟੀ ਤੇ ਨਾਹੀ ਸੰਵੇਦਨਾ ਦੇ ਨਵੇਂ ਪਰਿਪੇਖ ਉਸਾਰਨ ਦੀ ਕੋਸ਼ਿਸ਼ ਕੀਤੀ ਹੈ।**[1]

ਗਲੋਬਲ ਸਭਿਆਚਾਰ ਦੇ ਵਿਸ਼ਾਲ ਪਰਿਪੇਖ ਵਿੱਚ ਔਰਤ-ਮਰਦ ਸੰਬੰਧਾਂ ਦੀਆਂ ਬਣਤਰਾਂ ਵਿੱਚ ਆ ਰਹੇ ਬਦਲਾਅ ਪ੍ਰਵਾਸੀ ਜੀਵਨ ਦੇ ਸਭ ਤੋਂ ਮਹੱਤਵਪੂਰਨ ਅੰਗਾਂ ਵਿੱਚੋਂ ਇੱਕ ਹਨ। ਜਦੋਂ ਪੰਜਾਬੀ ਔਰਤ ਅਤੇ ਮਰਦ ਆਪਣੀ ਮੂਲ ਪੂਰਬੀ ਸੰਸਕ੍ਰਿਤੀ ਤੋਂ ਦੂਰ ਹੋ ਕੇ ਪੱਛਮੀ ਸਮਾਜ-ਸਭਿਆਚਾਰਕ ਪ੍ਰਬੰਧ ਦਾ ਹਿੱਸਾ ਬਣਦੇ ਹਨ, ਤਾਂ ਉਹ ਅੰਤਰ-ਸਭਿਆਚਾਰਕ ਟਕਰਾਅ ਅਤੇ ਦਵੰਦ ਦੀ ਇੱਕ ਜਟਿਲ ਪ੍ਰਕਿਰਿਆ ਵਿੱਚੋਂ ਲੰਘਦੇ ਹਨ। ਇਸ ਦਵੈਧਤਾ ਦਾ ਸਿੱਧਾ ਪ੍ਰਭਾਵ ਉਹਨਾਂ ਦੇ ਆਪਸੀ ਸੰਬੰਧਾਂ ਅਤੇ ਪਰਿਵਾਰਕ ਸੰਰਚਨਾਵਾਂ 'ਤੇ ਪੈਂਦਾ ਹੈ। ਪੂਰਬੀ ਸਮਾਜਿਕ ਸੰਰਚਨਾ ਵਿੱਚ ਔਰਤ ਨੂੰ ਆਮ ਤੌਰ 'ਤੇ ਦੂਜੇ ਦਰਜੇ ਦੀ ਸਥਿਤੀ ਵਿੱਚ ਰੱਖਿਆ ਜਾਂਦਾ ਹੈ, ਜਿੱਥੇ ਰਵਾਇਤੀ ਕਦਰਾਂ-ਕੀਮਤਾਂ ਅਤੇ ਨੈਤਿਕ ਮਾਪਦੰਡ ਉਸਦੀ ਆਜ਼ਾਦੀ ਨੂੰ ਸੀਮਿਤ ਕਰਦੇ ਹਨ। ਇਸਦੇ ਵਿਰੁੱਧ, ਪੱਛਮੀ ਸੰਸਕ੍ਰਿਤੀ ਵਿਅਕਤੀਗਤ ਆਜ਼ਾਦੀ, ਲਿੰਗ-ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੀ ਪ੍ਰੋੜਤਾ ਕਰਦੀ ਹੈ। ਇਸ ਕਰਕੇ, ਜਦੋਂ ਪ੍ਰਵਾਸੀ ਪੰਜਾਬੀ ਔਰਤ ਪੱਛਮੀ ਸਭਿਆਚਾਰ ਦੇ ਸੰਪਰਕ ਵਿੱਚ ਆਉਂਦੀ ਹੈ, ਤਾਂ ਉਸਦੀ ਸੋਚ, ਜੀਵਨ-ਦ੍ਰਿਸ਼ਟੀ ਅਤੇ ਅਸਤਿਤਵੀ ਸਮਝ ਵਿੱਚ ਮਹੱਤਵਪੂਰਨ ਪਰਿਵਰਤਨ ਆਉਂਦਾ ਹੈ। ਪੱਛਮੀ ਪ੍ਰਬੰਧ ਵਿੱਚ ਪ੍ਰਵੇਸ਼ ਕਰਨ ਨਾਲ ਆਰਥਿਕ ਸਵੈ-ਨਿਰਭਰਤਾ ਦੇ ਮੌਕੇ ਪ੍ਰਾਪਤ ਹੋਣ ਕਾਰਨ ਔਰਤ ਵਿੱਚ ਆਪਣੇ

Volume: 13, March 2026 ISSN: 2394-0980
PP: 167-186

ਅਧਿਕਾਰਾਂ,ਇੱਛਾਵਾਂ ਅਤੇ ਅਸਤਿਤਵ ਪ੍ਰਤੀ ਚੇਤਨਾ ਦਾ ਵਿਕਾਸ ਹੁੰਦਾ ਹੈ। ਇਹ ਚੇਤਨਾ ਉਸਨੂੰ ਪੈਤ੍ਰਿਕ ਸੰਰਚਨਾਵਾਂ ਅਤੇ ਰਵਾਇਤੀ ਬੰਧਨਾਂ ਵਿਰੁੱਧ ਪ੍ਰਤੀਰੋਧ ਕਰਨ ਲਈ ਪ੍ਰੇਰਿਤ ਕਰਦੀ ਹੈ। ਹਾਲਾਂਕਿ, ਇਸ ਨਵੀਂ ਸੋਚ ਅਤੇ ਬਦਲੀ ਹੋਈ ਮਾਨਸਿਕਤਾ ਨੂੰ ਪ੍ਰਵਾਸੀ ਪੰਜਾਬੀ ਮਰਦ ਵੱਲੋਂ ਸਵੀਕਾਰ ਨਹੀਂ ਕੀਤਾ ਜਾਂਦਾ, ਕਿਉਂਕਿ ਉਹ ਅਕਸਰ ਆਪਣੇ ਪਰਿਵਾਰਕ ਸੰਬੰਧਾਂ ਵਿੱਚ ਪੂਰਬੀ ਮੁੱਲਾਂ ਅਤੇ ਰਵਾਇਤਾਂ ਦੀ ਹੀ ਉਮੀਦ ਰੱਖਦਾ ਹੈ। ਇਸ ਦੋਹਰੇ ਮਾਪਦੰਡ ਕਾਰਨ ਔਰਤ-ਮਰਦ ਸੰਬੰਧਾਂ ਵਿੱਚ ਤਣਾਅ, ਟਕਰਾਅ ਅਤੇ ਸੰਕਟ ਦੀ ਸਥਿਤੀ ਪੈਦਾ ਹੁੰਦੀ ਹੈ। ਇੱਕ ਪਾਸੇ ਮਰਦ ਪੱਛਮੀ ਜੀਵਨ-ਸ਼ੈਲੀ ਦੇ ਸੁਖਾਂ ਦਾ ਆਨੰਦ ਲੈਣਾ ਚਾਹੁੰਦਾ ਹੈ, ਦੂਜੇ ਪਾਸੇ ਉਹ ਆਪਣੀ ਪਤਨੀ ਅਤੇ ਧੀਆਂ 'ਤੇ ਰਵਾਇਤੀ ਸੰਸਕਾਰਾਂ ਦੀ ਪਾਬੰਦੀ ਲਾਗੂ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਦੀ ਵਿਰੋਧਾਭਾਸੀ ਸੋਚ ਪ੍ਰਵਾਸੀ ਪਰਿਵਾਰਕ ਸੰਰਚਨਾ ਵਿੱਚ ਅਸੰਤੁਲਨ ਪੈਦਾ ਕਰਦੀ ਹੈ। ਪ੍ਰਵਾਸੀ ਪੰਜਾਬੀ ਔਰਤ ਆਪਣੀ ਹੋਂਦਮੂਲਕ ਲੜਾਈ ਵਿੱਚ ਪੂਰਬੀ ਪੈਤ੍ਰਿਕ ਮੁੱਲਾਂ ਅਤੇ ਨਵੀਂ ਪੱਛਮੀ ਸਭਿਆਚਾਰਕ ਹਕੀਕਤਾਂ ਦੇ ਵਿਚਕਾਰ ਸੰਘਰਸ਼ ਕਰਦੀ ਹੋਈ ਦਿਖਾਈ ਦਿੰਦੀ ਹੈ। ਇਹ ਸੰਘਰਸ਼ ਉਸਦੀ ਅਸਮੀਤਾ, ਸਵੈ-ਪਛਾਣ ਅਤੇ ਜੀਵਨ ਦੀ ਦਿਸ਼ਾ ਨੂੰ ਨਿਰਧਾਰਿਤ ਕਰਨ ਵਿੱਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਨਵ-ਪੂੰਜੀਵਾਦੀ ਸਮਾਜਿਕ ਅਤੇ ਆਰਥਿਕ ਪ੍ਰਬੰਧ ਦੇ ਪ੍ਰਭਾਵ ਹੇਠ, ਰਿਸ਼ਤਿਆਂ ਵਿੱਚ ਵੀ ਵਪਾਰਕਤਾ ਅਤੇ ਨਿੱਜੀ ਲਾਭ ਦੀ ਪ੍ਰਵਿਰਤੀ ਵਧ ਰਹੀ ਹੈ, ਜਿਸ ਨਾਲ ਪਰਿਵਾਰਕ ਸੰਬੰਧਾਂ ਦੀ ਪਰੰਪਰਾਗਤ ਮਜ਼ਬੂਤੀ ਕਮਜ਼ੋਰ ਹੋ ਰਹੀ ਹੈ। ਇਹ ਪ੍ਰਵਿਰਤੀ ਪੱਛਮੀ ਸਮਾਜ ਵਿੱਚ ਔਰਤ-ਮਰਦ ਸੰਬੰਧਾਂ ਦੇ ਬਦਲਦੇ ਰੂਪਾਂ ਵਿੱਚ ਸਪਸ਼ਟ ਤੌਰ 'ਤੇ ਦੇਖੀ ਜਾ ਸਕਦੀ ਹੈ, ਜਦਕਿ ਪੂਰਬੀ ਸਮਾਜ ਵਿੱਚ ਇਹ ਇੱਕ ਨੈਤਿਕ ਅਤੇ ਸੰਸਕ੍ਰਿਤਿਕ ਸੰਕਟ ਦੇ ਰੂਪ ਵਿੱਚ ਉਭਰਦੀ ਹੈ। ਰਾਣੀ ਦੀਆਂ ਕਹਾਣੀਆਂ ਅੰਤਰ-ਸਭਿਆਚਾਰਕ ਦਵੰਦ, ਪ੍ਰਵਾਸੀ ਜੀਵਨ ਦੇ ਸੰਘਰਸ਼ਾਂ ਅਤੇ ਪਰਿਵਾਰਕ ਸੰਬੰਧਾਂ ਵਿੱਚ ਆ ਰਹੇ ਬਦਲਾਅ ਨੂੰ ਬਹੁ-ਪੱਖੀ ਢੰਗ ਨਾਲ ਉਜਾਗਰ ਕਰਦੀਆਂ ਹਨ। ਉਨ੍ਹਾਂ ਦੀ ਕਥਾ-ਰਚਨਾ ਵਿੱਚ ਪੀੜ੍ਹੀ-ਪਾੜੇ ਦੀ ਸਮੱਸਿਆ, ਪ੍ਰਵਾਸੀ ਨਾਰੀ ਦੀ ਬਦਲ ਰਹੀ ਮਾਨਸਿਕਤਾ ਅਤੇ ਗਲੋਬਲ ਸਭਿਆਚਾਰ ਦੇ ਪ੍ਰਭਾਵ ਹੇਠ ਔਰਤ-ਮਰਦ ਸੰਬੰਧਾਂ ਦੀਆਂ ਨਵੀਆਂ ਸਮੀਕਰਣਾਂ ਨੂੰ ਗਹਿਰਾਈ ਨਾਲ ਦਰਸਾਇਆ ਗਿਆ ਹੈ। ਡਾ .ਹਰਚੰਦ ਸਿੰਘ ਬੇਦੀ ਲਿਖਦਾ ਹੈ:**ਪਰਾਵਾਸ ਦੀ ਪਿਛਲੀ ਪੀੜ੍ਹੀ ਦੇ ਸੰਕਟ ਜਿੱਥੇ ਸਾਮੰਤੀ ਮੁੱਲ ਪ੍ਰਬੰਧ ਦਾ ਅਨੁਕਰਣ ਕਰਨ ਲਈ ਮਜ਼ਬੂਰ ਹਨ, ਉਥੇ ਨਵੀਂ ਪੀੜ੍ਹੀ ਦੀ ਔਰਤ ਨਵੇਂ ਪਰਿਵੇਸ਼ ਦੇ ਨਵੇਂ ਮੁੱਲ ਪ੍ਰਬੰਧ ਨੂੰ ਆਤਮਸਾਤ ਕਰ ਰਹੀ ਹੈ। ਪਰਵਾਸੀਆਂ ਦੀ ਪਿਛਲੀ ਪੀੜ੍ਹੀ ਦੇ ਦੁੱਖ ਨੂੰ ਨਵੀਂ ਪੀੜ੍ਹੀ ਨਹੀਂ ਸਮਝ ਪਾ ਰਹੀ ਅਤੇ ਨਵੀਂ ਪੀੜ੍ਹੀ ਦੀ ਗ੍ਰਹਿਣਸ਼ੀਲਤਾ ਤੇ ਮੂਲਧਾਰਾ ਦੇ ਪ੍ਰਭਾਵ ਦੇ ਅੰਤਰਗਤ ਨਵੀਂ ਪੀੜ੍ਹੀ ਜਿਸ ਕਾਨੂੰਨੀ, ਸਮਾਜਿਕ ਅਧਿਕਾਰ ਧਾਰਾ ਨੂੰ ਆਤਮਸਾਤ ਕਰ ਰਹੀ ਹੈ; ਉਸਨੂੰ ਪਿਛਲੀ ਪੀੜ੍ਹੀ ਕਿਵੇਂ ਵੀ ਪ੍ਰਵਾਨ ਨਹੀਂ ਕਰ ਪਾ ਰਹੀ ਹੈ। ਸਿੱਟੇ ਵਜੋਂ ਦੋਹਾਂ ਵਿਚਾਲੇ ਤਣਾਉ, ਵਿਰੋਧ ਤੇ ਬੇਚੈਨੀ ਹੈ ਪਰ ਇਸ ਵਰਤਾਰੇ ਵਿੱਚ ਹਰ ਜਾਵੀਏ ਤੋਂ ਔਰਤ ਵਧੇਰੇ ਸੰਕਟ ਤੇ ਸੰਤਾਪ ਵਿੱਚ ਹੈ।**[2]

ਇਸੇ ਸੰਦਰਭ ਵਿੱਚ ਨਾਰੀਵਾਦੀ ਚਿੰਤਕ ਇਹ ਮੰਨਦੇ ਹਨ ਕਿ ਔਰਤ ਦੀ ਪੈਤ੍ਰਿਕ ਮਾਨਸਿਕ ਘਾੜਤ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਖੁਦ ਔਰਤ ਉੱਤੇ ਹੀ ਆਉਂਦੀ ਹੈ, ਕਿਉਂਕਿ ਉਹੀ ਪਿਤ੍ਰਸੱਤਾ ਦੇ ਮੁੱਲ-ਪ੍ਰਬੰਧ ਨੂੰ ਅਗਲੀ ਪੀੜ੍ਹੀ ਤੱਕ ਅਚੇਤਨ ਤੌਰ 'ਤੇ ਸੰਚਾਲਿਤ ਕਰਦੀ ਹੈ। ਇਸ ਲਈ ਨਾਰੀਵਾਦੀ ਦ੍ਰਿਸ਼ਟੀਕੋਣ ਔਰਤ ਨੂੰ ਪਿਤ੍ਰਸੱਤਾ, ਪਿੱਤਰਕ ਭਾਸ਼ਾ ਅਤੇ ਪਿੱਤਰਕ ਸੰਸਥਾਵਾਂ ਵਿੱਚ ਲੁਕੇ ਹੋਏ ਸ਼ਕਤੀ-ਸੰਬੰਧਾਂ ਅਤੇ ਸਿਆਸਤ ਨੂੰ ਸਮਝਣ ਲਈ ਚੇਤਨ ਕਰਨ ਉੱਤੇ ਜ਼ੋਰ ਦਿੰਦਾ ਹੈ। **ਨਾਈਜੀਰੀਅਨ** ਨਾਰੀਵਾਦੀ ਲੇਖਿਕਾ ਚੀਮਾਮਾਂਦਾ ਨਗੋਜ਼ੀ ਅਡੀਚੀ (Chimamanda Ngozi Adichie) ਆਪਣੀ ਪ੍ਰਸਿੱਧ ਰਚਨਾ Dear Ijeawele ਵਿੱਚ ਮਾਂ ਦੀ ਭੂਮਿਕਾ ਨੂੰ ਕੇਂਦਰੀ ਮਹੱਤਵ ਦਿੰਦਿਆਂ ਔਰਤਾਂ ਨੂੰ ਲਿੰਗ-ਸਮਾਨਤਾ ਅਤੇ ਸਵੈ-ਚੇਤਨਾ ਪ੍ਰਤੀ ਜਾਗਰੂਕ ਕਰਦੀ ਹੈ। ਇੱਕ ਲੜਕੀ ਦੀ ਸੋਚ ਅਤੇ ਉਸਦੀ ਅਸਤਿਤਵੀ ਬਣਤਰ ਸਭ ਤੋਂ ਪਹਿਲਾਂ ਪਰਿਵਾਰਕ ਪੱਧਰ 'ਤੇ ਹੀ ਨਿਰਧਾਰਿਤ ਹੁੰਦੀ ਹੈ, ਇਸ ਲਈ ਮਾਂ ਦੀ ਚੇਤਨਾ ਬਹੁਤ ਮਹੱਤਵਪੂਰਨ ਹੈ। ਉਹ ਸਪਸ਼ਟ ਤੌਰ 'ਤੇ ਦਰਸਾਉਂਦੀ ਹੈ: **"ਧੀਆਂ ਨੂੰ ਕਦੀ ਵੀ ਰਵਾਇਤੀ ਢਾਂਚੇ ਵਿੱਚ ਢਾਲਣ ਦਾ ਯਤਨ ਨਹੀ ਕਰਨਾ ਚਾਹੀਦਾ; ਉਹਨਾਂ ਤੇ ਇਹ ਇੱਛਾ ਨਹੀ ਥੋਪਣੀ ਚਾਹੀਦੀ ਕਿ ਉਹ ਹੈਲੀਕਾਪਟਰਾਂ ਦੀ ਥਾਂ 'ਤੇ ਗੁੱਡੀਆਂ-ਪਟੋਲਿਆਂ ਨਾਲ ਖੇਡਣ। ਕਿਸੇ ਧੀ ਨੂੰ ਕਦੀ ਵੀ ਇਹ ਸੁਝਾਅ ਨਹੀਂ ਦਿੱਤਾ ਜਾਣਾ ਚਾਹੀਦਾ ਕਿ ਉਸਨੂੰ ਕੋਈ ਕੰਮ ਇਸ ਲਈ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਉਹ ਇਕ ਕੁੜੀ ਹੈ।...ਬੱਚੀ ਨੂੰ ਪੜ੍ਹਨ ਤੇ ਕਿਤਾਬਾਂ ਨਾਲ ਪਿਆਰ ਪਾਉਣ ਲਈ ਪ੍ਰੇਰਿਤ ਕੀਤਾ ਜਾਵੇ।...ਸਾਨੂੰ ਆਪਣੀਆਂ ਧੀਆਂ ਨੂੰ ਭਾਸ਼ਾ ਬਾਰੇ ਸਵਾਲ ਕਰਨੇ ਸਿਖਾਉਣੇ ਚਾਹੀਦੇ ਹਨ। ਮਰਦ ਪ੍ਰਧਾਨ ਸੋਚ ਦੀ ਪੱਖਪਾਤੀ ਸਮਝ ਅਤੇ ਤੁਅੱਸਬ ਸਾਡੀ ਭਾਸ਼ਾ ਵਿੱਚ ਲੁਕੇ ਹੁੰਦੇ ਹਨ। .ਵਿਆਹ ਕੁੜੀਆਂ ਦੀ ਜ਼ਿੰਦਗੀ ਦਾ ਆਦਰਸ਼ ਜਾਂ ਆਖ਼ਰੀ ਟੀਚਾ ਨਹੀ ਹੋਣਾ ਚਾਹੀਦਾ।"**[3]

ਨਾਰੀਵਾਦੀ ਚਿੰਤਕ **ਵਰਜੀਨੀਆ ਵੂਲਫ਼** ਔਰਤ ਦੀ ਸੁਤੰਤਰ ਹੋਂਦ ਅਤੇ ਅਸਤਿਤਵਕ ਪਛਾਣ ਨੂੰ ਸਮਝਣ ਲਈ ਉਸਦੇ ਆਪਣੇ ਨਿੱਜੀ ਤੇ ਆਤਮਨਿਰਭਰ ਸਥਾਨ ਦੀ ਅਤਿ-ਆਵਸ਼ਕਤਾ ਉੱਤੇ ਜ਼ੋਰ ਦਿੰਦੀ ਹੈ। ਆਪਣੀ ਪ੍ਰਸਿੱਧ ਰਚਨਾ A Room of One's Own ਵਿੱਚ ਉਹ ਇਹ ਵਿਚਾਰ ਪੇਸ਼ ਕਰਦੀ ਹੈ ਕਿ ਇੱਕ ਔਰਤ ਲਈ ਰਚਨਾਤਮਕ ਅਤੇ ਬੌਧਿਕ ਵਿਕਾਸ ਤਦ ਹੀ ਸੰਭਵ ਹੈ ਜਦੋਂ ਉਸ ਕੋਲ ਆਪਣਾ ਨਿੱਜੀ ਸਥਾਨ ਅਤੇ ਆਰਥਿਕ ਸੁਤੰਤਰਤਾ ਹੋਵੇ। ਵੂਲਫ਼ ਪਿਤ੍ਰਸੱਤਾ ਪਰਿਵਾਰਕ ਅਤੇ ਸਮਾਜਿਕ ਢਾਂਚੇ ਨੂੰ ਔਰਤ ਦੀ ਬੌਧਿਕ ਗ਼ੁਲਾਮੀ ਦਾ ਮੁੱਖ ਕਾਰਨ ਮੰਨਦੀ ਹੈ। ਉਸਦੇ ਅਨੁਸਾਰ, ਰਵਾਇਤੀ ਪੈਤ੍ਰਿਕ ਘਰ ਵਿੱਚ ਔਰਤ ਦੀ ਰਚਨਾਤਮਕ ਅਤੇ ਵਿਚਾਰਾਤਮਕ ਸੰਭਾਵਨਾ ਅਕਸਰ ਦਬ ਕੇ ਰਹਿ ਜਾਂਦੀ ਹੈ, ਕਿਉਂਕਿ ਉਸ ਉੱਤੇ ਨਿਯੰਤਰਣ ਅਤੇ ਸੀਮਾਵਾਂ ਲਗਾਤਾਰ ਲਾਗੂ ਰਹਿੰਦੀਆਂ ਹਨ। ਇਸ ਪ੍ਰਸੰਗ ਵਿੱਚ ਉਹ "ਆਪਣੇ ਘਰ" ਦੀ ਸੰਕਲਪਨਾ ਨੂੰ ਸਿਰਫ਼ ਭੌਤਿਕ ਸਥਾਨ ਤੱਕ ਸੀਮਿਤ ਨਹੀਂ ਰੱਖਦੀ, ਸਗੋਂ ਇਸਨੂੰ ਔਰਤ ਦੀ ਆਤਮ ਨਿਰਭਰਤਾ, ਸੋਚ ਦੀ ਆਜ਼ਾਦੀ ਅਤੇ

ਅਸਤਿਤਵੀ ਪਛਾਣ ਨਾਲ ਜੋੜਦੀ ਹੈ। ਵਰਜੀਨੀਆ ਵੂਲਫ਼ ਦੇ ਅਨੁਸਾਰ, ਜਦ ਤੱਕ ਔਰਤ ਨੂੰ ਇਹ ਬੌਧਿਕ ਅਤੇ ਭੌਤਿਕ ਸੁਤੰਤਰਤਾ ਪ੍ਰਾਪਤ ਨਹੀਂ ਹੁੰਦੀ, ਤਦ ਤੱਕ ਉਸਦੀ ਪੂਰੀ ਸੰਭਾਵਨਾ ਦਾ ਵਿਕਾਸ ਅਸੰਭਵ ਰਹਿੰਦਾ ਹੈ। **"ਇਸਤਰੀ ਆਪਣਾ ਸਿਰਜਣਾਤਮਕ ਵਿਕਾਸ ਕਰੇ, ਸੁਖ ਅਤੇ ਸ਼ਾਂਤੀਨਾਲ ਜੀਵਨ ਬਤੀਤ ਕਰੇ ਇਸਦੇ ਲਈ ਜ਼ਰੂਰੀ ਹੈ ਕਿ ਉਸ ਕੋਲ ਆਪਣਾ ਘਰ ਅਤੇ ਪੈਸਾ ਹੋਣਾ ਚਾਹੀਦਾ ਹੈ। ਘਰ ਉਸਦੀ ਸੁਤੰਤਰਤਾ ਦਾ ਪ੍ਰਤੀਕ ਹੈ। ਅਜਿਹੇ ਕਮਰੇ ਦੀ ਕਲਪਨਾ ਕਰੋ ਜਿਸ ਵਿੱਚ ਹਜ਼ਾਰਾਂ ਖਿੜਕੀਆਂ ਹੋਣ। ਉਸ ਕਮਰੇ ਦੇ ਅੰਦਰ ਇਕ ਟੇਬਲ ਹੋਵੇ, ਸਾਦਾ ਕਾਗਜ਼ ਹੋਣ ਅਤੇ ਉਸ ਉੱਤੇ ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ ਹੋਵੇ-ਇਸਤਰੀ ਅਤੇ ਕਹਾਈ।"**[4]

ਰਾਣੀ ਨਰਿੰਦਰ ਕੌਰ ਦੀ ਕਹਾਣੀ **"ਭੈਣ"** ਨੂੰ ਜੇਕਰ ਨੈਰੇਟੋਲੋਜੀਕ ਅਤੇ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਇਹ ਰਚਨਾ ਆਧੁਨਿਕ ਪ੍ਰਵਾਸੀ ਜੀਵਨ ਵਿੱਚ ਉਭਰ ਰਹੇ ਅਸਤਿਤਵੀ ਸੰਕਟਾਂ ਅਤੇ ਲਿੰਗ-ਅਧਾਰਿਤ ਅਸਮਾਨਤਾਵਾਂ ਦਾ ਸੰਯੁਕਤ ਚਿੱਤਰ ਪੇਸ਼ ਕਰਦੀ ਹੈ। ਕਹਾਣੀ ਦੀ ਕਥਾ-ਸੰਰਚਨਾ ਤਿੰਨ ਭੈਣਾਂ ਦੇ ਅਨੁਭਵਾਂ ਰਾਹੀਂ ਅੱਗੇ ਵਧਦੀ ਹੈ, ਜਿਸ ਵਿੱਚ ਵੱਖ-ਵੱਖ ਜੀਵਨ-ਸਥਿਤੀਆਂ ਨੂੰ ਜੋੜ ਕੇ ਇੱਕ ਵਿਸਤ੍ਰਿਤ ਸਮਾਜਿਕ ਹਕੀਕਤ ਦੀ ਰਚਨਾ ਕੀਤੀ ਗਈ ਹੈ। ਇਹ ਬਹੁ-ਪਾਤਰੀ ਨੈਰੇਟਿਵ ਤਕਨੀਕ ਕਹਾਣੀ ਨੂੰ ਸਿਰਫ਼ ਘਟਨਾਵਾਂ ਦੀ ਲੜੀ ਨਹੀਂ ਰਹਿਣ ਦਿੰਦੀ, ਸਗੋਂ ਇਸਨੂੰ ਅਨੁਭਵਾਂ ਦੇ ਮਨੋਵਿਗਿਆਨਕ ਜਾਲ ਵਿੱਚ ਬਦਲ ਦਿੰਦੀ ਹੈ। ਡਾਇਸਪੋਰਾ ਸੰਦਰਭ ਵਿੱਚ ਕਹਾਣੀ ਪ੍ਰਵਾਸੀ ਜੀਵਨ, ਭੌਤਿਕ ਤਰੱਕੀ ਦੇ ਬਾਵਜੂਦ ਭਾਵਨਾਤਮਕ ਟੁੱਟ-ਭੱਜ ਨੂੰ ਜਨਮ ਦਿੰਦਾ ਹੈ। ਵੱਡੀ ਭੈਣ ਦਾ ਪਾਤਰ ਇਸ ਸਥਿਤੀ ਦੀ ਕੇਂਦਰੀ ਅਭਿਵਿਅਕਤੀ ਹੈ, ਜਿੱਥੇ ਆਰਥਿਕ ਸੁਖ-ਸਹੂਲਤਾਂ ਹੋਣ ਦੇ ਬਾਵਜੂਦ ਉਹ ਪਤੀ ਨਾਲ ਭਾਵਨਾਤਮਕ ਤੌਰ 'ਤੇ ਅਲੱਗ ਹੋ ਚੁੱਕੀ ਹੈ। ਇਸ ਅਲੱਗਾਵ ਨੇ ਉਸਦੀ ਅਸਤਿਤਵੀ ਪਛਾਣ ਨੂੰ ਧੁੰਦਲਾ ਕਰ ਦਿੱਤਾ ਹੈ, ਜਿਸ ਕਰਕੇ ਉਹ ਆਪਣੇ ਹੀ ਪਰਿਵਾਰਕ ਢਾਂਚੇ ਵਿੱਚ ਇੱਕ ਹਾਸ਼ੀਏਕ੍ਰਿਤ ਹਸਤੀ ਵਾਂਗ ਜੀਵਨ ਬਤੀਤ ਕਰਦੀ ਹੈ। ਨੈਰੇਟੋਲੋਜੀ ਪੱਖ ਤੋਂ ਕਹਾਣੀ ਵਿੱਚ ਤਿੰਨ ਭੈਣਾਂ ਦੇ ਅਨੁਭਵਾਂ ਰਾਹੀਂ ਬਹੁ-ਦ੍ਰਿਸ਼ਟੀਕੋਣ (multiple focalization) ਦੀ ਤਕਨੀਕ ਵਰਤੀ ਗਈ ਹੈ, ਜੋ ਪਾਠਕ ਨੂੰ ਇੱਕੋ ਸਮੱਸਿਆ ਦੇ ਵੱਖ-ਵੱਖ ਮਨੋਵਿਗਿਆਨਕ ਪੱਖਾਂ ਨਾਲ ਜੋੜਦੀ ਹੈ। ਇਹ ਤਕਨੀਕ ਕਥਾ ਨੂੰ ਇਕ ਰੇਖੀ ਬਣਤਰ ਤੋਂ ਬਾਹਰ ਲੈ ਜਾ ਕੇ ਇਸਨੂੰ ਬਹੁ-ਪਰਤਦਾਰ ਅਰਥਾਂ ਵਾਲੀ ਰਚਨਾ ਬਣਾਉਂਦੀ ਹੈ। ਨਾਰੀਵਾਦੀ ਸੰਦਰਭ ਵਿੱਚ, ਕਹਾਣੀ ਪਿਤ੍ਰਸੱਤਾ ਵਿਆਹ ਸੰਸਥਾ ਦੇ ਅੰਦਰ ਔਰਤ ਦੀ ਹਾਸ਼ੀਏਕਰਨ ਦੀ ਪ੍ਰਕਿਰਿਆ ਨੂੰ ਉਜਾਗਰ ਕਰਦੀ ਹੈ। ਵੱਡੀ ਭੈਣ ਦੀ ਭਾਵਨਾਤਮਕ ਅਣਗਹਿਲੀ ਅਤੇ ਉਸਦਾ ਅਨੁਭੂਤੀਹੀਨ ਹੋ ਜਾਣਾ ਦਰਸਾਉਂਦਾ ਹੈ ਕਿ ਕਿਵੇਂ ਲੰਬੇ ਸਮੇਂ ਦੀ ਮਨੋਵਿਗਿਆਨਕ ਦਬਾਅ ਦੀ ਸਥਿਤੀ ਔਰਤ ਦੀ ਭਾਵਨਾਤਮਕ ਪ੍ਰਤੀਕਿਰਿਆ ਨੂੰ ਵੀ ਨਿਸ਼ਕ੍ਰਿਆ ਕਰ ਦਿੰਦੀ ਹੈ। ਕਹਾਣੀ ਡਾਇਸਪੋਰਾ, ਨੈਰੇਟੋਲੋਜੀ ਅਤੇ ਨਾਰੀਵਾਦੀ ਸਿਧਾਂਤਾਂ ਦੇ ਸੰਯੁਕਤ ਫਰੇਮਵਰਕ ਵਿੱਚ ਇੱਕ ਐਸੀ ਰਚਨਾ

ਵਜੋਂ ਉਭਰਦੀ ਹੈ ਜੋ ਆਧੁਨਿਕ ਗਲੋਬਲ ਸਮਾਜ ਵਿੱਚ ਰਿਸ਼ਤਿਆਂ ਦੀ ਟੁੱਟ-ਭੱਜ, ਅਸਤਿਤਵੀ ਸੰਕਟ ਅਤੇ ਲਿੰਗ-ਅਧਾਰਿਤ ਅਸਮਾਨਤਾਵਾਂ ਨੂੰ ਬਹੁਤ ਹੀ ਗਹਿਰਾਈ ਨਾਲ ਰੂਪਮਾਨ ਕਰਦੀ ਹੈ:..**ਅੱਜ ਸ਼ੋਕ ਸਭਾ ਵਿੱਚ ਬੈਠਿਆਂ ਉਸ ਨੂੰ ਇਕ ਵੀ ਐਸਾ ਪ੍ਰਯ-ਪ੍ਰਸੰਗ ਯਾਦ ਨਾ ਆਇਆ ਜਿਸ ਦੇ ਆਧਾਰ ਤੇ ਉਹ ਰੋਂਦੀ, ਬਿਲਖਦੀ। ...ਤਮਾਮ ਉਮਰ ਉਹ ਇੰਨਾ ਰੋਈ ਸੀ ਕਿ ਅੱਜ ਉਸ ਦੀਆਂ ਅੱਖਾਂ 'ਚ ਇਕ ਵੀ ਅਥਰੂ ਨਹੀਂ ਸੀ ਬਚਿਆ। ਦਿਖਾਵੇ ਭਰ ਲਈ ਵੀ ਨਹੀਂ। ...ਸਮਝੌਤੇ ਕਬੂਲੇ ਸਨ। ...ਠੋਕਰਾਂ ਦੀ ਜੂਨ ਭੁਗਤੀ ਸੀ।**[5]

ਕਹਾਣੀ ਪ੍ਰਵਾਸੀ ਜੀਵਨ ਦੀਆਂ ਜਟਿਲ ਪਰਿਸਥਿਤੀਆਂ ਵਿੱਚ ਇੱਕ ਪਤਨੀ ਆਪਣੇ ਬੱਚਿਆਂ ਦੀ ਭਲਾਈ ਅਤੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਪਤੀ ਨਾਲ ਵਿਦੇਸ਼ ਆਉਣ ਦਾ ਫੈਸਲਾ ਕਰਦੀ ਹੈ। ਉਸਦੇ ਮਨ ਵਿੱਚ ਆਸ ਹੈ ਕਿ ਜੀਵਨ ਦੇ ਹਾਲਾਤ ਬਦਲਣ ਨਾਲ ਸੰਬੰਧਾਂ ਦੀ ਦਿਸ਼ਾ ਵੀ ਬਦਲੇਗੀ ਅਤੇ ਪਰਿਵਾਰਕ ਜੀਵਨ ਵਿੱਚ ਇੱਕ ਨਵਾਂ ਸੰਤੁਲਨ ਪੈਦਾ ਹੋਵੇਗਾ। ਹਕੀਕਤ ਇਸਦੇ ਉਲਟ ਸਾਬਤ ਹੁੰਦੀ ਹੈ, ਕਿਉਂਕਿ ਪਤੀ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਹੋਰ ਦੂਰ ਹੁੰਦਾ ਜਾਂਦਾ ਹੈ, ਜਦਕਿ ਪਤਨੀ ਪੂਰੀ ਤਰ੍ਹਾਂ ਘਰ ਅਤੇ ਬੱਚਿਆਂ ਦੀ ਸੰਭਾਲ ਵਿੱਚ ਹੀ ਖਪ ਜਾਂਦੀ ਹੈ। ਉਹ ਇਕੱਲੇਪਨ ਅਤੇ ਅੰਦਰੂਨੀ ਅਡੋਲਤਾ ਦੇ ਵਿਚਕਾਰ ਜੀਵਨ ਬਤੀਤ ਕਰਦੀ ਹੈ, ਜਿੱਥੇ ਭਾਵਨਾਤਮਕ ਸਹਾਰਾ ਨਾ ਮਿਲਣ ਦੇ ਬਾਵਜੂਦ ਵੀ ਉਹ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੀ ਰਹਿੰਦੀ ਹੈ। ਇਹ ਅਨੁਭਵ ਪਿਤ੍ਰਸੱਤਾ ਸਮਾਜਿਕ ਢਾਂਚੇ ਦੀਆਂ ਉਹਨਾਂ ਅਦਿੱਖ ਜ਼ੰਜੀਰਾਂ ਨੂੰ ਉਜਾਗਰ ਕਰਦਾ ਹੈ ਜਿਨ੍ਹਾਂ ਦੇ ਅੰਦਰ ਔਰਤ ਆਪਣੀ ਪਛਾਣ ਅਤੇ ਅਸਤਿਤਵ ਨੂੰ ਪਰਿਵਾਰਕ ਕਿਰਦਾਰ ਨਾਲ ਹੀ ਜੋੜ ਕੇ ਜੀਣ ਲਈ ਮਜਬੂਰ ਹੁੰਦੀ ਹੈ।...**ਇਨ੍ਹਾਂ ਦੋਨਾਂ ਬੱਚੀਆਂ ਦੀ ਖਾਤਰ ਉਹ ਪਤੀ ਨਾਲ ਪਰਦੇਸ ਆਈ। ਉਸ ਸੋਚਿਆ- ਹਰ ਉਮਰ, ਹਰ ਜਗ੍ਹਾ ਦੇ ਆਪਣੇ ਪ੍ਰਲੋਤਨ ਹੁੰਦੇ ਨੇ। ਹਰ ਮੌਸਮ ਦੇ ਆਪਣੇ ਰੰਗ ਹੁੰਦੇ ਨੇ। ਸ਼ਾਇਦ ਜੀਵਨ ਦਾ ਢਰਾ ਬਦਲੇ। ਪਰ ਉਸਨੇ ਨਾ ਬਦਲਣਾ ਸੀ ਤੇ ਨਾ ਬਦਲਿਆ ਤੇ ਪਰਦੇਸ ਆ ਕੇ ਪਤੀ ਪਰਿਵਾਰ ਤੋਂ ਹੋਰ ਪਰੇ ਹੋ ਗਿਆ, ਤੇ ਉਹ ਪਰਿਵਾਰ ਦੀਆਂ ਜਿੰਮੇਵਾਰੀਆਂ ਚੁੱਕਦੇ ਹੋਏ ਵੀ ਦੁਨੀਆ ਤੋਂ ਦੂਰ ਹੀ ਰਹੀ। ਹਰ ਮੁਸੀਬਤ 'ਚ ਨਿਤਾਂਤ ਇਕੱਲੀ ਅਚੱਲ ਅਡਿੱਗ।**[6]

ਕਹਾਣੀ ਵਿੱਚ ਦੂਜੀ ਭੈਣ ਦਾ ਪਾਤਰ ਵੀ ਇਸੇ ਪਿਤ੍ਰਸੱਤਾ ਅਤੇ ਨਵ-ਪੂੰਜੀਵਾਦੀ ਦਬਾਅ ਦੀ ਪ੍ਰਤਿਬਿੰਬ ਸਥਿਤੀ ਨੂੰ ਦਰਸਾਉਂਦਾ ਹੈ। ਉਸਦਾ ਪਤੀ, ਜੋ ਕਿ ਇੱਕ ਉੱਚ ਅਧਿਕਾਰੀ (ਸੀ.ਬੀ.ਆਈ. ਵਿਭਾਗ ਨਾਲ ਸੰਬੰਧਿਤ) ਹੈ, ਆਰਥਿਕ ਤੌਰ 'ਤੇ ਹਰ ਸੁਖ-ਸਹੂਲਤ ਪ੍ਰਦਾਨ ਕਰਦਾ ਹੈ, ਪਰ ਭਾਵਨਾਤਮਕ ਸਹਾਰਾ ਅਤੇ ਮਨੁੱਖੀ ਨੇੜਤਾ ਤੋਂ ਪੂਰੀ ਤਰ੍ਹਾਂ ਗੈਰ ਹਾਜ਼ਰ ਰਹਿੰਦਾ ਹੈ। ਨਤੀਜੇ ਵਜੋਂ, ਰਿਸ਼ਤੇ ਸਿਰਫ਼ ਪਦਾਰਥਕਤਾ ਤੱਕ ਸੀਮਿਤ ਹੋ ਕੇ ਰਹਿ ਜਾਂਦੇ ਹਨ, ਜਿੱਥੇ ਭਾਵਨਾਵਾਂ ਦੀ ਥਾਂ ਆਰਥਿਕ ਤਾਕਤ ਅਤੇ ਰੁਤਬਾ ਲੈ ਲੈਂਦੇ ਹਨ। ਨਵ-ਪੂੰਜੀਵਾਦੀ ਦੌਰ ਦੀ ਇਹ ਵਿਸ਼ੇਸ਼ਤਾ ਹੈ ਕਿ ਇੱਥੇ ਰਿਸ਼ਤਿਆਂ ਦੀ ਕੀਮਤ ਵੀ ਲਾਭ-ਹਾਨੀ ਦੇ ਤਰਾਜੂ 'ਤੇ ਤੋਲੀ ਜਾਣ ਲੱਗਦੀ ਹੈ। ਪਤਨੀ

Volume: 13, March 2026 ISSN: 2394-0980
PP: 167-186

ਦੀਆਂ ਭਾਵਨਾਤਮਕ ਲੋੜਾਂ ਪਤੀ ਦੀ ਕਾਰੋਬਾਰੀ ਅਤੇ ਪੇਸ਼ਾਵਰ ਦੌੜ ਵਿੱਚ ਹਾਸੀਏ 'ਤੇ ਚਲੀਆ ਜਾਂਦੀਆਂ ਹਨ। ਇਸ ਅਣਗਹਿਲੀ ਅਤੇ ਭਾਵਨਾਤਮਕ ਖਾਲੀਪਣ ਨੂੰ ਭਰਨ ਲਈ ਉਹ ਮਨੋਵਿਗਿਆਨਕ ਤੌਰ 'ਤੇ ਨਸ਼ਿਆਂ ਵੱਲ ਜਾਂਦੀ ਹੈ, ਜੋ ਉਸਦੀ ਅੰਦਰੂਨੀ ਟੁੱਟ-ਭੱਜ ਅਤੇ ਅਸਤਿਤਵੀ ਸੰਕਟ ਦਾ ਪ੍ਰਤੀਕ ਹੈ। ਇਹ ਸਥਿਤੀ ਆਧੁਨਿਕ ਪ੍ਰਵਾਸੀ ਜੀਵਨ ਵਿੱਚ ਔਰਤ ਦੀ ਮਨੋਵਿਗਿਆਨਕ ਪੀੜਾ, ਪਿਤ੍ਰਸੱਤਾ ਦੇ ਦਬਾਅ ਅਤੇ ਨਵ-ਪੂੰਜੀਵਾਦੀ ਰਿਸ਼ਤਿਆਂ ਦੇ ਖਾਲੀਪਣ ਨੂੰ ਬਹੁਤ ਹੀ ਗਹਿਰਾਈ ਨਾਲ ਉਜਾਗਰ ਕਰਦੀ ਹੈ। **"ਹੁਣ ਮੈਂ ਇਕੱਲੀ ਨਹੀਂ। ਬਿਲਕੁਲ ਵੀ ਇਕੱਲੀ ਨਹੀਂ। ...ਹੁਣ ਮੇਰਾ ਜੀਵਨ ਬਦਲ ਗਿਆ ਏ। ਕੋਈ ਮੇਰੀ ਜਰੂਰਤ ਬਣ ਗਿਆ ਏ। ਹੁਣ ਇਸ ਸ਼ੈਅ ਨੂੰ ਛੱਡ ਕੇ ਜੀਵਨ ਬਿਤਾਉਣਾ ਮੇਰੇ ਵੱਸ 'ਚ ਨਹੀਂ ਰਿਹਾ।"**[7]

ਗਭਲੀ ਭੈਣ ਦਾ ਪਾਤਰ ਪਿਤ੍ਰਸੱਤਾ ਸਮਾਜਿਕ ਸੰਰਚਨਾ ਦੇ ਪ੍ਰਭਾਵ ਹੇਠ ਆਪਣੇ ਅਸਤਿਤਵ ਕਮਜ਼ੋਰੀ ਅਤੇ ਮਨੋਵਿਗਿਆਨਕ ਲਾਚਾਰੀ ਦਾ ਪ੍ਰਤੀਕ ਬਣ ਜਾਂਦਾ ਹੈ। ਉਹ ਆਪਣੇ ਜੀਵਨ ਦੀਆਂ ਖੁਸ਼ੀਆਂ ਅਤੇ ਸੰਤੁਸ਼ਟੀ ਨੂੰ ਪੂਰੀ ਤਰ੍ਹਾਂ ਆਪਣੇ ਪਤੀ ਨਾਲ ਜੋੜ ਕੇ ਵੇਖਦੀ ਹੈ, ਜਿਸ ਕਾਰਨ ਉਸਦੀ ਪਛਾਣ ਇੱਕ ਸੁਤੰਤਰ ਹਸਤੀ ਵਜੋਂ ਵਿਕਸਿਤ ਨਹੀਂ ਹੋ ਸਕੀ। ਇਹ ਪਿਤ੍ਰਸੱਤਾ ਸੋਚ ਉਸਨੂੰ ਨਿਰਾਸ਼ਾ, ਸਵੈ-ਤਰਸ ਅਤੇ ਅੰਦਰੂਨੀ ਤਣਾਅ ਦੀ ਸਥਿਤੀ ਵਿੱਚ ਧੱਕ ਦਿੰਦੀ ਹੈ, ਜਿਸ ਨਾਲ ਉਸਦਾ ਜੀਵਨ ਮਨੋਵਿਗਿਆਨਕ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ। ਇਸਦੇ ਉਲਟ, ਤਿੰਨਾਂ ਭੈਣਾਂ ਵਿੱਚੋਂ ਛੋਟੀ ਭੈਣ ਦਾ ਪਾਤਰ ਨਾਰੀਵਾਦੀ ਚੇਤਨਾ ਦੇ ਪ੍ਰਗਟਾਵੇ ਵਜੋਂ ਉਭਰਦਾ ਹੈ। ਉਹ ਆਪਣੇ ਵਿਆਹੁਤਾ ਸੰਬੰਧਾਂ ਵਿੱਚ ਪੈਦਾ ਹੋਏ ਸੰਕਟ ਦਾ ਸਾਹਮਣਾ ਕਰਦੀ ਹੈ, ਜਦੋਂ ਉਸਦਾ ਪਤੀ ਬਲਦੇਵ ਸ਼ੱਕੀ ਸੁਭਾਅ ਕਾਰਨ ਉਸ ਉੱਤੇ ਚਰਿੱਤਰਹੀਨਤਾ ਅਤੇ ਨੈਤਿਕਤਾ ਸੰਬੰਧੀ ਗੰਭੀਰ ਦੋਸ਼ ਲਗਾਉਂਦਾ ਹੈ। ਇਹ ਦੋਸ਼ ਉਸਦੇ ਬਚਪਨ ਦੇ ਦੋਸਤ ਭੀਸ਼ਮ ਨਾਲ ਸੰਬੰਧਾਂ ਨੂੰ ਲੈ ਕੇ ਪੈਦਾ ਕੀਤਾ ਜਾਂਦਾ ਹੈ, ਜੋ ਅਸਲ ਵਿੱਚ ਬੇਬੁਨਿਆਦ ਸ਼ੱਕ 'ਤੇ ਆਧਾਰਿਤ ਸੀ। ਇਸ ਅਨਿਆਂ ਕਾਰਨ ਛੋਟੀ ਭੈਣ ਗਹਿਰੇ ਮਾਨਸਿਕ ਅਤੇ ਭਾਵਨਾਤਮਕ ਸੰਘਰਸ਼ ਵਿੱਚੋਂ ਗੁਜ਼ਰਦੀ ਹੈ। ਜਿਸ ਪੁਰਸ਼ ਨਾਲ ਉਸਨੇ ਭਰੋਸੇ ਅਤੇ ਪਿਆਰ ਦੇ ਰਿਸ਼ਤੇ ਦੀ ਉਮੀਦ ਕੀਤੀ ਸੀ, ਉਹੀ ਪੁਰਸ਼ ਉਸਦੀ ਇੱਜ਼ਤ ਅਤੇ ਸਨਮਾਨ ਨੂੰ ਚੁਣੌਤੀ ਦਿੰਦਾ ਹੈ। ਇਸ ਸਥਿਤੀ ਦੇ ਵਿਰੋਧ ਵਿੱਚ ਉਹ ਸਿਰਫ਼ ਭਾਵਨਾਤਮਕ ਪੀੜਾ ਨੂੰ ਸਹਿੰਦੀ ਨਹੀਂ , ਸਗੋਂ ਆਪਣੇ ਆਤਮ-ਸਨਮਾਨ ਅਤੇ ਅਸਤਿਤਵ ਦੀ ਰੱਖਿਆ ਲਈ ਇਸ ਅਨਿਆਂ ਵਿਰੁੱਧ ਡੱਟ ਕੇ ਖੜ੍ਹਦੀ ਹੈ। **"ਤੂੰ ਸਮਝਦੈ ਔਰਤ ਦਾ ਜਿਸਮ ਹੀ ਸਭ ਕੁਝ ਏ। ਉਸ ਤੋਂ ਅਲੱਗ ਜੋ ਨਾਰੀ ਦਾ ਨਾਰੀਤਵ ਹੈ, ਉਸ ਨਾਲ ਤੇਰੀ ਪਹਿਚਾਣ ਹੀ ਨਹੀਂ ਹੋਈ। "ਤੇ ਫਿਰ ਨਾਗਣ ਵਾਂਗ ਫੰਕਾਰਦੀ ਉਹ ਘਰ ਤੋਂ ਬਾਹਰ ਹੋ ਗਈ ਸੀ।"**[8]

ਇਸ ਨਵੇਂ ਸਮਾਜਿਕ ਸੰਦਰਭ ਵਿੱਚ "ਓਪਨ ਰਿਲੇਸ਼ਨਸ਼ਿਪ" ਅਤੇ "ਲਿਵ-ਇਨ ਰਿਲੇਸ਼ਨਸ਼ਿਪ" ਵਰਗੀਆਂ ਸੰਰਚਨਾਵਾਂ ਉੱਭਰੀਆਂ ਹਨ, ਜਿਨ੍ਹਾਂ ਵਿੱਚ ਔਰਤ ਅਤੇ ਮਰਦ ਰਵਾਇਤੀ ਵਿਆਹ ਬੰਧਨਾਂ ਤੋਂ ਬਿਨਾਂ ਇੱਕ ਦੂਜੇ ਨਾਲ ਰਹਿੰਦੇ ਹਨ। ਇਹ ਰੂਪ ਪਰੰਪਰਾਗਤ ਵਿਆਹ ਪ੍ਰਣਾਲੀ ਤੋਂ ਇੱਕ ਵੱਖਰਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ,

Volume: 13, March 2026 ISSN: 2394-0980
PP: 167-186

ਜਿੱਥੇ ਰਿਸ਼ਤਿਆਂ ਵਿੱਚ ਕਾਨੂੰਨੀ ਜਾਂ ਸਮਾਜਿਕ ਬੰਧਨ ਘੱਟ ਹੋਣ ਕਰਕੇ ਵਿਅਕਤੀਗਤ ਆਜ਼ਾਦੀ ਅਤੇ ਚੋਣ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਸੰਬੰਧਾਂ ਵਿੱਚ ਆਮ ਤੌਰ ‘ਤੇ ਸਾਥੀਆਂ ਦਰਮਿਆਨ ਭਰੋਸੇ, ਸਮਝ ਅਤੇ ਸਹਿਮਤੀ ਦਾ ਕੇਂਦਰੀ ਸਥਾਨ ਹੁੰਦਾ ਹੈ। ਇਨ੍ਹਾਂ ਸੰਬੰਧਾਂ ਨੂੰ ਬਿਨਾਂ ਵੱਡੇ ਸਮਾਜਿਕ ਦਬਾਅ ਦੇ ਖ਼ਤਮ ਕਰਨ ਦੀ ਸੰਭਾਵਨਾ ਵੀ ਮੌਜੂਦ ਰਹਿੰਦੀ ਹੈ। ਭਾਰਤ ਵਰਗੇ ਪਰੰਪਰਾਗਤ ਅਤੇ ਰੂੜੀਵਾਦੀ ਸਮਾਜਾਂ ਵਿੱਚ ਇਨ੍ਹਾਂ ਸੰਬੰਧਾਂ ਨੂੰ ਅਕਸਰ ਸੰਦੇਹ ਅਤੇ ਨਕਾਰਾਤਮਕ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ, ਜਿਸ ਕਰਕੇ ਇਹ ਸਮਾਜਿਕ ਪ੍ਰਵਾਨਗੀ ਦੀ ਚੁਣੌਤੀ ਦਾ ਸਾਹਮਣਾ ਕਰਦੇ ਹਨ। ਇਸੇ ਵਿਸ਼ੇ ਨੂੰ ਰਾਣੀ ਆਪਣੀ ਕਹਾਣੀ “**ਰਤਿ ਕੰਤ**” ਵਿੱਚ ਕਲਾਤਮਕ ਢੰਗ ਨਾਲ ਪੇਸ਼ ਕਰਦੀ ਹੈ, ਜਿੱਥੇ ਉਹ ਆਧੁਨਿਕ ਪ੍ਰੇਮ ਸੰਬੰਧ ਅਤੇ ਵਿਆਹ ਸੰਸਥਾ ਦੇ ਵਿਚਕਾਰ ਪੈਦਾ ਹੋ ਰਹੇ ਟਕਰਾਅ ਨੂੰ ਉਜਾਗਰ ਕਰਦੀ ਹੈ। ਕਹਾਣੀ ਦੇ ਕੇਂਦਰੀ ਪਾਤਰ ਰਤਿ ਅਤੇ ਸੁਖਦੇਵ ਇੱਕ ਦੂਜੇ ਨਾਲ ਪ੍ਰੇਮ ਕਰਦੇ ਹਨ, ਪਰ ਉਨ੍ਹਾਂ ਦੇ ਰਿਸ਼ਤੇ ਦੇ ਭਵਿੱਖ ਨੂੰ ਲੈ ਕੇ ਦੋਹਾਂ ਦੀ ਸੋਚ ਵਿੱਚ ਮੂਲਭੂਤ ਅੰਤਰ ਮੌਜੂਦ ਹੈ। ਰਤਿ ਇਸ ਸੰਬੰਧ ਨੂੰ ਸਮਾਜਿਕ ਮਾਨਤਾ ਦੇਣ ਲਈ ਵਿਆਹ ਚਾਹੁੰਦੀ ਹੈ ਤਾਂ ਜੋ ਉਨ੍ਹਾਂ ਦਾ ਰਿਸ਼ਤਾ ਪਰੰਪਰਾਗਤ ਸਮਾਜਿਕ ਢਾਂਚੇ ਅੰਦਰ ਸਵੀਕਾਰਿਆ ਜਾ ਸਕੇ। ਇਸਦੇ ਉਲਟ, ਸੁਖਦੇਵ ਵਿਆਹ ਸੰਸਥਾ ਨੂੰ ਇੱਕ ਰਵਾਇਤੀ ਅਤੇ ਬੰਧਨਾਤਮਕ ਪ੍ਰਣਾਲੀ ਵਜੋਂ ਦੇਖਦਾ ਹੈ ਅਤੇ ਉਹ ਆਧੁਨਿਕ ਰਿਸ਼ਤਿਆਂ ਵਿੱਚ ਵਿਅਕਤੀਗਤ ਆਜ਼ਾਦੀ ਅਤੇ ਖ਼ੁਦਮੁੱਖਤਿਆਰੀ ਨੂੰ ਵਧੇਰੇ ਮਹੱਤਵ ਦਿੰਦਾ ਹੈ। **"ਰਖੇਲ ਨਹੀਂ, ਦੋਸਤ ਬਣ ਕੇ ਰਹਾਂਗੇ We will live together like friends. ਮੈਂ ਤੂੰ ਦੋਸਤ ਹਾਂ। ਇਕ ਦਾਇਰੇ 'ਚ ਮਿਲਦੇ ਹਾਂ। ਇੰਞ ਹੀ ਮਿਲਦੇ-ਮਿਲਾਂਦੇ, ਘੁੰਮਦੇ-ਘੁੰਮਾਦੇ ਜ਼ਿੰਦਗੀ ਬਿਤਾ ਦਿਆਂਗੇ।" 'ਤੇ ਪਤੀ-ਪਤਨੀ ਬਣ ਕੇ ਰਹਿਣ 'ਚ ਕੀ ਇਤਰਾਜ਼ ਏ।" ਨਹੀਂ ਰਤਿ! ਸ਼ਾਦੀ ਤੇਰੇ ਲਈ ਇੱਕ ਅੰਤਿਮ ਸੱਚ ਏ। ਮੈਂ ਤਾਂ ਹੈਰਾਨ ਹਾਂ ਤੇਰੇ ਵਰਗੀ ਇੰਟਲੈਕਚੁਅਲ ਕੁੜੀ ਅਤੇ ਇੰਞ ਚਾਰਦੀਵਾਰੀ 'ਚ ਆਪਣੇ ਆਪ ਨੂੰ ਕੈਦ ਕਰਨਾ ਚਾਹਵੇ।" "ਸੁਖਦੇਵ, ਤੂੰ ਜੋ ਜੀਅ 'ਚ ਆਵੇ ਕਰ। ਮੈਂ ਇਕ ਔਰਤ ਹਾਂ। ਸ਼ਾਦੀ ਕਰਕੇ ਘਰ ਵਸਾਉਣਾ ਚਾਹੁੰਦੀ ਹਾਂ। ਬੱਚੇ ਪੈਦਾ ਕਰਨਾ ਚਾਹੁੰਦੀ ਹਾਂ। ਇਕ ਆਮ ਔਰਤ ਦੀ ਤਰ੍ਹਾਂ।"**[9]

ਰਾਣੀ ਦੀਆਂ ਕਹਾਣੀਆਂ “**ਸਵਾਮੀ ਜੀ**”, “**ਵੀਨਸ**” ਅਤੇ “**ਜਿਸਮਖੋਰ**” ਆਧੁਨਿਕ ਸਮਾਜ ਵਿੱਚ ਔਰਤ ਦੇ ਦੇਹੀਕਰਨ (objectification) ਅਤੇ ਉਸਦੀ ਪੈਤ੍ਰਿਕ ਮਾਨਸਿਕਤਾ ਅਧੀਨ ਘਟਾਈ ਗਈ ਅਸਤਿਤਵੀ ਪਛਾਣ ਨੂੰ ਕੇਂਦਰ ਵਿੱਚ ਰੱਖਦੀਆਂ ਹਨ। ਇਹ ਰਚਨਾਵਾਂ ਦਰਸਾਉਂਦੀਆਂ ਹਨ ਕਿ ਕਿਵੇਂ ਮਰਦ-ਕੇਂਦਰਿਤ ਸੋਚ ਪ੍ਰਣਾਲੀ ਵਿੱਚ ਔਰਤ ਨੂੰ ਇੱਕ ਪੂਰਨ ਮਨੁੱਖੀ ਹਸਤੀ ਦੀ ਥਾਂ ਸਿਰਫ਼ ਸਰੀਰਕ ਆਕਰਸ਼ਣ ਅਤੇ ਜੈਵਿਕ ਭੂਮਿਕਾਵਾਂ ਤੱਕ ਸੀਮਿਤ ਕਰ ਦਿੱਤਾ ਜਾਂਦਾ ਹੈ। ਕਹਾਣੀ “ਸਵਾਮੀ ਜੀ” ਅਮਰੀਕਾ ਵਿੱਚ ਰਹਿ ਰਹੇ ਇੱਕ ਪ੍ਰਵਾਸੀ ਦੰਪਤੀ ਪੀਊਸ਼ ਅਤੇ ਕਮਲ ਦੇ ਜੀਵਨ ਵਿੱਚ ਉਭਰ ਰਹੇ ਮਨੋਵਿਗਿਆਨਕ ਅਤੇ ਰਿਸ਼ਤੇ ਦੇ ਸੰਕਟਾਂ ਨੂੰ ਰੂਪਮਾਨ ਕਰਦੀ ਹੈ।

ਬਿਜ਼ਿਨਸ ਵਿੱਚ ਆਏ ਆਰਥਿਕ ਨੁਕਸਾਨ ਕਾਰਨ ਕਮਲ ਮਾਨਸਿਕ ਤਣਾਅ ਅਤੇ ਨਿਰਾਸ਼ਾ ਦੀ ਗਹਿਰੀ ਸਥਿਤੀ ਵਿੱਚ ਚਲਾ ਜਾਂਦਾ ਹੈ, ਜਿਸਦਾ ਪ੍ਰਭਾਵ ਉਸਦੀ ਵਿਅਕਤੀਗਤ ਵਿਹਾਰ ਅਤੇ ਪਤਨੀ ਪੀਊਸ਼ ਦੇ ਸੰਬੰਧਾਂ ‘ਤੇ ਵੀ ਪੈਂਦਾ ਹੈ। ਉਸਦਾ ਸੁਭਾਅ ਚਿੜਚਿੜਾ, ਆਕਰੋਸ਼ਪੂਰਨ ਅਤੇ ਭਾਵਨਾਤਮਕ ਤੌਰ ‘ਤੇ ਦੂਰਦਰਾਜ ਹੋ ਜਾਂਦਾ ਹੈ, ਜਿਸ ਨਾਲ ਪੀਊਸ਼ ਇੱਕ ਭਾਵਨਾਤਮਕ ਅਪੂਰਨਤਾ ਦੀ ਸਥਿਤੀ ਵਿੱਚ ਜੀਣ ਲਈ ਮਜਬੂਰ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਪੀਊਸ਼ ਸਿਰਫ਼ ਇੱਕ ਪਤਨੀ ਹੀ ਨਹੀਂ, ਸਗੋਂ ਮਾਂ ਬਣਨ ਦੀ ਅਧੂਰੀ ਇੱਛਾ ਕਾਰਨ ਇੱਕ ਹੋਰ ਗਹਿਰੇ ਮਨੋਵਿਗਿਆਨਕ ਸੰਕਟ ਨਾਲ ਵੀ ਜੂਝ ਰਹੀ ਹੁੰਦੀ ਹੈ। ਇਸ ਦੋਹਰੇ ਦਬਾਅ ਕਰਕੇ ਉਸਦੀ ਅਸਤਿਤਵੀ ਕਮਜ਼ੋਰੀ ਵੱਧਦੀ ਜਾਂਦੀ ਹੈ ਅਤੇ ਉਹ ਆਪਣੇ ਆਪ ਨੂੰ ਲਾਚਾਰ ਅਤੇ ਹੀਣ ਸਮਝਣ ਲੱਗਦੀ ਹੈ। ਇਸੇ ਮਨੋਸਥਿਤੀ ਵਿੱਚ ਉਸਦੀ ਸਹੇਲੀ ਸਵੀਰਾ ਉਸਨੂੰ ਇੱਕ ਚੱਕਰਧਾਰੀ ਸਵਾਮੀ ਬਾਰੇ ਜਾਣਕਾਰੀ ਦਿੰਦੀ ਹੈ, ਜਿਸਨੂੰ ਅਧਿਆਤਮਿਕ ਅਤੇ ਚਮਤਕਾਰੀ ਸ਼ਕਤੀਆਂ ਵਾਲਾ ਦੱਸਿਆ ਜਾਂਦਾ ਹੈ। ਇਸ ਵਿਸ਼ਵਾਸ਼ ਅਤੇ ਆਸ ਦੇ ਆਧਾਰ ‘ਤੇ ਪੀਊਸ਼ ਉਸ ਸਵਾਮੀ ਨੂੰ ਆਪਣੇ ਘਰ ਠਹਿਰਾਉਂਦੀ ਹੈ, ਇਹ ਉਮੀਦ ਕਰਦਿਆਂ ਕਿ ਉਸਦੀ ਕਿਰਪਾ ਨਾਲ ਉਸਦੀ ਸੰਤਾਨ ਪ੍ਰਾਪਤੀ ਦੀ ਇੱਛਾ ਪੂਰੀ ਹੋ ਸਕੇਗੀ। ਪਰ ਕਥਾ ਵਿੱਚ ਇਹ ਅਧਿਆਤਮਿਕ ਆਸ ਹੌਲੀ-ਹੌਲੀ ਭਰਮ ਵਿੱਚ ਬਦਲ ਜਾਂਦੀ ਹੈ, ਜਦੋਂ ਪੀਊਸ਼ ਨੂੰ ਇਸ “ਸਵਾਮੀ” ਦੀ ਅਸਲੀ ਪਹਿਚਾਣ ਦਾ ਗਿਆਨ ਹੁੰਦਾ ਹੈ। ਇਹ ਪਾਤਰ ਦਰਅਸਲ ਇੱਕ ਕਾਮ-ਕੇਂਦਰਿਤ ਅਤੇ ਸੱਤਾ-ਲਾਲਚੀ ਮਰਦ ਹੈ, ਜੋ ਧਾਰਮਿਕਤਾ ਦੇ ਪਰਦੇ ਹੇਠ ਔਰਤ ਦੀ ਭਾਵਨਾਤਮਕ ਅਤੇ ਸਰੀਰਕ ਕਮਜ਼ੋਰੀ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਕਹਾਣੀ “ਸਵਾਮੀ ਜੀ” ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਪਿਤ੍ਰਸੱਤਾ ਧੋਖੇ,ਆਧਿਆਤਮਿਕਤਾ ਦੇ ਦੁਰਉਪਯੋਗ ਅਤੇ ਪ੍ਰਵਾਸੀ ਸੰਦਰਭ ਵਿੱਚ ਔਰਤ ਦੀ ਮਨੋਵਿਗਿਆਨਕ ਅਸੁਰੱਖਿਆ ਨੂੰ ਬਹੁਤ ਹੀ ਤਿੱਖੇ ਅਤੇ ਆਲੋਚਨਾਤਮਿਕ ਢੰਗ ਨਾਲ ਉਜਾਗਰ ਕਰਦੀ ਹੈ।**“ਡਾਕਟਰਾਂ ਕੋਲੋਂ ਜਾਂਚ ਕਰਵਾਈ ?”.....ਕਹਿੰਦੇ ਨੇ ਸਭ ਠੀਕ-ਠਾਕ ਏ।”“ਤੂੰ ਬਸ ਏਥੇ ਹੀ ਤੇ ਵਿਗਿਆਨ ਨੇ ਮਾਤ ਖਾ ਲਈ। ਕਮਲ ਤੇ ਇਕ ਪੇਤ-ਛਾਇਆ ਨਾਲ ਘਿਰਿਆ ਏ ਇਸ ਬਿਮਾਰੀ ਤੋਂ ਤੇ ਰੱਬ ਨੇ ਚਾਹਿਆ ਉਭਰ ਆਏਗਾ ਪਰ ਤੈਨੂੰ ਬੱਚਾ ਨਹੀਂ ਦੇ ਸਕੇਗਾ।" "ਕੋਈ ਤੇ ਉਪਾਅ ਹੋਵੇਗਾ? ਬੱਚੇ ਲਈ ਤੈਨੂੰ ਕਿਸੇ ਦੂਜੇ ਆਦਮੀ ਨਾਲ...”**[10]

ਵਿਸ਼ਵੀਕਰਨ ਅਤੇ ਉਦਾਰੀਕਰਨ ਦੇ ਪ੍ਰਭਾਵ ਹੇਠ ਉਭਰ ਰਹੀਆਂ ਸਮਾਜਿਕ-ਸੰਸਕ੍ਰਿਤਿਕ ਤਬਦੀਲੀਆਂ ਨੇ ਡਾਇਸਪੋਰੀਕ ਜੀਵਨ ਅਨੁਭਵਾਂ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ ਹਨ। ਪ੍ਰਵਾਸੀ ਸੰਦਰਭ ਵਿੱਚ ਰਿਸ਼ਤਿਆਂ ਦੀ ਬਣਤਰ ਸਿਰਫ਼ ਸਥਾਨਕ ਸੰਸਕਾਰਾਂ ਤੱਕ ਸੀਮਿਤ ਨਹੀਂ ਰਹਿੰਦੀ, ਸਗੋਂ ਇਹ ਗਲੋਬਲ ਮੁੱਲ-ਪ੍ਰਣਾਲੀਆਂ ਅਤੇ ਬਹੁ-ਸੰਸਕ੍ਰਿਤਿਕ ਦਬਾਵਾਂ ਦੇ ਅਧੀਨ ਦੁਬਾਰਾ ਨਿਰਮਿਤ ਹੁੰਦੀ ਹੈ। ਇਸ ਸੰਦਰਭ ਵਿੱਚ ਵਿਆਹ ਸੰਸਥਾ ਦੀ ਸਥਿਰਤਾ ਵਾਲੀ ਪਰੰਪਰਾਗਤ ਧਾਰਣਾ ਕਮਜ਼ੋਰ ਹੋ ਕੇ ਲਚਕੀਲੇ ਅਤੇ ਅਸਥਾਈ ਰਿਸ਼ਤਿਆਂ ਦੇ ਰੂਪ ਵਿੱਚ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 167-186

ਬਦਲਦੀ ਦਿਖਾਈ ਦਿੰਦੀ ਹੈ, ਜਿਵੇਂ ਕਿ "ਲਿਵ-ਇਨ ਰਿਲੇਸ਼ਨਸ਼ਿਪ" ਅਤੇ "ਓਪਨ ਰਿਲੇਸ਼ਨਸ਼ਿਪ" ਵਰਗੀਆਂ ਸੰਰਚਨਾਵਾਂ। ਡਾਇਸਪੋਰੀਕ ਸਥਿਤੀ ਵਿੱਚ ਇਹ ਰਿਸ਼ਤੇ ਵਿਅਕਤੀਗਤ ਆਜ਼ਾਦੀ ਅਤੇ ਚੋਣ ਦੀ ਸੰਭਾਵਨਾ ਤਾਂ ਪੈਦਾ ਕਰਦੇ ਹਨ, ਪਰ ਨਾਲ ਹੀ ਸੰਸਕ੍ਰਿਤਿਕ ਪਹਿਚਾਣ ਅਤੇ ਨੈਤਿਕ ਮੁੱਲਾਂ ਦੇ ਟਕਰਾਅ ਨੂੰ ਵੀ ਜਨਮ ਦਿੰਦੇ ਹਨ। ਭਾਰਤੀ/ਪੰਜਾਬੀ ਰੂੜੀਵਾਦੀ ਸਮਾਜਿਕ ਪ੍ਰਸੰਗ ਵਿੱਚ ਇਨ੍ਹਾਂ ਸੰਬੰਧਾਂ ਨੂੰ ਅਕਸਰ ਅਸਵੀਕਾਰਤਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਪ੍ਰਵਾਸੀ ਵਿਅਕਤੀ ਦੋਹਰੀ ਸਭਿਆਚਾਰਕ ਦਬਾਅ (bicultural tension) ਵਿੱਚ ਜੀਵਨ ਬਿਤਾਉਂਦਾ ਹੈ। ਨੈਰੇਟੋਲੋਜੀਕ ਪੱਖ ਤੋਂ ਰਾਣੀ ਦੀ ਕਹਾਣੀ "**ਰਤਿ ਕੰਤ**" ਇੱਕ ਅਜਿਹੀ ਕਥਾ-ਸੰਰਚਨਾ ਪੇਸ਼ ਕਰਦੀ ਹੈ ਜੋ ਪ੍ਰੇਮ, ਵਿਆਹ ਅਤੇ ਸਮਾਜਿਕ ਮਾਨਤਾ ਦੇ ਵਿਚਕਾਰ ਪੈਦਾ ਹੋ ਰਹੇ ਟਕਰਾਅ ਨੂੰ ਬਹੁ-ਦ੍ਰਿਸ਼ਟੀਕੋਣੀ (multi-perspectival) ਢੰਗ ਨਾਲ ਦਰਸਾਉਂਦੀ ਹੈ। ਕਹਾਣੀ ਦੀ ਕਥਾ-ਰੇਖਾ ਸਿਰਫ਼ ਘਟਨਾਵਾਂ ਦੀ ਲੜੀ ਨਹੀਂ ਰਹਿੰਦੀ, ਸਗੋਂ ਇਹ ਪਾਤਰਾਂ ਦੀ ਅੰਦਰੂਨੀ ਮਨੋਸਥਿਤੀ ਅਤੇ ਵਿਚਾਰਕ ਵਿਰੋਧਾਂ ਰਾਹੀਂ ਅੱਗੇ ਵਧਦੀ ਹੈ। ਰਤਿ ਅਤੇ ਸੁਖਦੇਵ ਦੇ ਪਾਤਰ ਦੋ ਵਿਰੋਧੀ narrative positions ਨੂੰ ਪ੍ਰਤੀਨਿਧਿਤਾ ਕਰਦੇ ਹਨ। ਰਤਿ ਦਾ narrative orientation ਵਿਆਹ ਨੂੰ ਸਮਾਜਿਕ ਮਾਨਤਾ ਅਤੇ ਸਥਿਰਤਾ ਨਾਲ ਜੋੜਦਾ ਹੈ, ਜਦਕਿ ਸੁਖਦੇਵ ਦਾ ਦ੍ਰਿਸ਼ਟੀਕੋਣ ਰਿਸ਼ਤਿਆਂ ਨੂੰ ਇੱਕ ਖੁੱਲ੍ਹੇ, ਅਸਥਾਈ ਅਤੇ ਵਿਅਕਤੀ-ਕੇਂਦਰਿਤ ਸੰਰਚਨਾ ਵਜੋਂ ਪੇਸ਼ ਕਰਦਾ ਹੈ। ਇਹ ਦੋਹਾਂ narrative voices ਦੇ ਵਿਚਕਾਰ ਪੈਦਾ ਹੋਣ ਵਾਲਾ ਤਣਾਅ ਕਹਾਣੀ ਦੀ thematic depth ਨੂੰ ਵਧਾਉਂਦਾ ਹੈ। ਇਸ ਤਰ੍ਹਾਂ, ਛੋਟੀ ਭੈਣ ਦਾ ਪਾਤਰ ਪਰੰਪਰਾਗਤ ਪਿਤ੍ਰਸੱਤਾ ਨਿਯਮਾਂ ਨੂੰ ਚੁਣੌਤੀ ਦੇਣ ਵਾਲੀ ਨਾਰੀਵਾਦੀ ਚੇਤਨਾ ਦਾ ਪ੍ਰਤੀਕ ਬਣ ਜਾਂਦਾ ਹੈ, ਜੋ ਔਰਤ ਦੀ ਸਹਿਨਸ਼ੀਲਤਾ ਤੋਂ ਬਾਹਰ ਨਿਕਲ ਕੇ ਉਸਦੀ ਪ੍ਰਤੀਰੋਧਕ ਸ਼ਕਤੀ ਅਤੇ ਅਸਤਿਤਵੀ ਜਾਗਰੂਕਤਾ ਨੂੰ ਦਰਸਾਉਂਦਾ ਹੈ। ਔਰਤ ਦੀ ਹਾਸ਼ੀਆਗਤ ਸਥਿਤੀ ਬਾਰੇ ਵਰਜੀਨੀਆ ਵੁਲਫ਼ ਲਿਖਦੀ ਹੈ: "**ਕਾਲਪਨਿਕ ਰੂਪ ਵਿੱਚ ਔਰਤ ਦਾ ਮਹੱਤਵ ਸਰਵ ਉੱਚ ਹੈ ਪਰ ਵਿਹਾਰਕ ਰੂਪ ਵਿੱਚ ਉਹ ਪੂਰੀ ਤਰਾਂ ਮਹੱਤਵਹੀਣ ਹੈ। ਕਵਿਤਾ ਵਿੱਚ ਉਹ ਪੰਨੇ-ਪੰਨੇ ਤੇ ਹਾਜ਼ਰ ਹੈ। ਪਰ ਇਤਿਹਾਸ ਵਿੱਚ ਉਹ ਪੂਰੀ ਤਰ੍ਹਾਂ ਗ਼ੈਰ-ਹਾਜ਼ਰ ਹੈ। ਗਲਪ ਸਾਹਿਤ ਵਿੱਚ ਉਹ ਮਹਾਂਰਾਜਿਆਂ ਤੇ ਵਿਜੇਤੂਆਂ ਦੀ ਜ਼ਿੰਦਗੀ ਤੇ ਰਾਜ ਕਰਦੀ ਹੈ ਪਰ ਅਸਲੀਅਤ ਵਿੱਚ ਉਹਉਸ ਲੜਕੇ ਦੀ ਗ਼ੁਲਾਮ ਹੋ ਜਾਂਦੀ ਹੈ ਜਿਸਦੇ ਮਾਪੇ ਜਬਰਦਸਤੀ ਉਸਦੀ ਉਗਲ ਵਿੱਚ ਅੰਗੂਠੀ ਪਾ ਦਿੰਦੇ ਹਨ।**[11]

ਆਧੁਨਿਕ ਪੂੰਜੀਵਾਦੀ ਅਤੇ ਵਿਸ਼ਵੀਕਰਨ-ਕੇਂਦਰਿਤ ਸਮਾਜਿਕ ਪ੍ਰਬੰਧ ਨੇ ਪ੍ਰਵਾਸੀ (diasporic) ਜੀਵਨ-ਅਨੁਭਵਾਂ ਨੂੰ ਗਹਿਰਾਈ ਨਾਲ ਪ੍ਰਭਾਵਿਤ ਕੀਤਾ ਹੈ। ਪ੍ਰਵਾਸੀ ਸੰਦਰਭ ਵਿੱਚ ਵਿਅਕਤੀ ਸਿਰਫ਼ ਭੂਗੋਲਿਕ ਤੌਰ 'ਤੇ ਹੀ ਨਹੀਂ ਸਗੋਂ ਭਾਵਨਾਤਮਕ ਅਤੇ ਸੰਸਕ੍ਰਿਤਿਕ ਪੱਧਰ 'ਤੇ ਵੀ ਬੇਗਾਨਗੀ (alienation) ਦਾ ਅਨੁਭਵ ਕਰਦਾ ਹੈ। ਇਸ ਸਥਿਤੀ ਵਿੱਚ ਅੰਤਰ ਵਿਅਕਤੀਗਤ ਸੰਬੰਧ, ਖ਼ਾਸ ਕਰਕੇ ਔਰਤ-ਮਰਦ ਦੇ ਪਿਆਰ ਅਤੇ ਵਿਆਹੁਤਾ

Volume: 13, March 2026 ISSN: 2394-0980
PP: 167-186

ਰਿਸ਼ਤੇ, ਭਾਵਨਾਤਮਕ ਗਹਿਰਾਈ ਤੋਂ ਹਟ ਕੇ ਆਰਥਿਕ ਅਤੇ ਉਪਯੋਗਤਾਵਾਦੀ (utilitarian) ਰੂਪ ਧਾਰਨ ਕਰ ਲੈਂਦੇ ਹਨ। ਡਾਇਸਪੋਰੀਕ ਜੀਵਨ ਵਿੱਚ ਪੈਸਾ, ਸਥਿਰਤਾ ਅਤੇ ਸੁਰੱਖਿਆ ਦੀ ਖੋਜ ਰਿਸ਼ਤਿਆਂ ਦੀ ਪ੍ਰਕਿਰਤੀ ਨੂੰ ਬਦਲ ਦਿੰਦੀ ਹੈ, ਜਿਸ ਕਾਰਨ ਮਨੁੱਖੀ ਸੰਬੰਧਾਂ ਵਿੱਚ ਭਾਵਨਾਤਮਕ ਸੰਵੇਦਨਸ਼ੀਲਤਾ ਦੀ ਥਾਂ ਭੋਗਵਾਦੀ ਰੁਝਾਨ ਹਾਵੀ ਹੋ ਜਾਂਦੇ ਹਨ। ਇਸ ਸੰਦਰਭ ਵਿੱਚ ਪੁਰਸ਼ ਅਤੇ ਔਰਤ ਇੱਕ ਦੂਜੇ ਨੂੰ ਪੂਰਨ ਮਨੁੱਖੀ ਹਸਤੀ ਵਜੋਂ ਨਹੀਂ, ਸਗੋਂ ਕਈ ਵਾਰ ਉਪਯੋਗੀ ਜਾਂ ਭੋਗਵਾਦੀ ਵਸਤੂ ਵਜੋਂ ਦੇਖਣ ਲੱਗਦੇ ਹਨ, ਜਿਸ ਨਾਲ ਸੰਬੰਧਾਂ ਵਿੱਚ ਅੰਦਰੂਨੀ ਖ਼ਾਲੀਪਣ ਅਤੇ ਦੂਰੀ ਪੈਦਾ ਹੁੰਦੀ ਹੈ। ਨੈਰੇਟੋਲੋਜੀਕ ਦ੍ਰਿਸ਼ਟੀਕੋਣ ਤੋਂ ਰਾਣੀ ਦੀ ਕਹਾਣੀ "**ਗ੍ਰੀਨ ਕਾਰਡ**" ਇੱਕ ਅਜਿਹੀ ਕਥਾ-ਰਚਨਾ ਪੇਸ਼ ਕਰਦੀ ਹੈ ਜੋ ਡਾਇਸਪੋਰੀਕ ਤਜਰਬੇ ਨੂੰ ਬਹੁ-ਪਰਤਦਾਰ ਢੰਗ ਨਾਲ ਉਭਾਰਦੀ ਹੈ। ਕਹਾਣੀ ਦੀ narrative structure ਰੇਖੀ (linear) ਨਾ ਹੋ ਕੇ ਇੱਕ ਅਜਿਹੀ ਪ੍ਰਣਾਲੀ ਵਜੋਂ ਸਾਹਮਣੇ ਆਉਂਦੀ ਹੈ ਜਿਸ ਵਿੱਚ ਘਟਨਾਵਾਂ, ਅਨੁਭਵ ਅਤੇ ਮਨੋਵਿਗਿਆਨਕ ਸਥਿਤੀਆਂ ਇੱਕ ਦੂਜੇ ਨਾਲ ਜੁੜ ਕੇ ਅਰਥ-ਨਿਰਮਾਣ ਕਰਦੀਆਂ ਹਨ। ਇਸ ਕਥਾ ਵਿੱਚ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਭਾਵਨਾਤਮਕ ਅਲੱਗਾਵ ਸਿਰਫ਼ ਘਟਨਾ ਪੱਧਰ 'ਤੇ ਨਹੀਂ, ਸਗੋਂ narrative discourse ਦੇ ਅੰਦਰਲੇ ਸੰਰਚਨਾਤਮਕ ਤਣਾਅ ਰਾਹੀਂ ਵੀ ਪ੍ਰਗਟ ਹੁੰਦੇ ਹਨ। ਪਾਤਰਾਂ ਦੀ ਜ਼ਿੰਦਗੀ ਵਿੱਚ ਆਰਥਿਕ ਲਾਲਸਾ ਅਤੇ ਪ੍ਰਵਾਸੀ ਸੁਰੱਖਿਆ ਦੀ ਖੋਜ ਉਨ੍ਹਾਂ ਦੀ ਮਨੋਸਥਿਤੀ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਕਹਾਣੀ ਵਿੱਚ ਬੇਗਾਨਗੀ (alienation) ਇੱਕ ਕੇਂਦਰੀ thematic motif ਵਜੋਂ ਉਭਰਦੀ ਹੈ। 'ਗ੍ਰੀਨ ਕਾਰਡ" ਡਾਇਸਪੋਰੀਕ ਅਨੁਭਵਾਂ ਦੀ ਉਸ ਜਟਿਲ ਹਕੀਕਤ ਨੂੰ ਰੂਪਮਾਨ ਕਰਦੀ ਹੈ ਜਿੱਥੇ ਪਹਿਚਾਣ, ਰਿਸ਼ਤੇ ਅਤੇ ਭਾਵਨਾਵਾਂ ਗਲੋਬਲ ਆਰਥਿਕ ਅਤੇ ਸੰਸਕ੍ਰਿਤਿਕ ਦਬਾਵਾਂ ਹੇਠ ਦੁਬਾਰਾ ਨਿਰਮਿਤ ਹੁੰਦੇ ਹਨ ਅਤੇ ਨੈਰੇਟਿਵ ਪੱਧਰ 'ਤੇ ਇਹ ਤਬਦੀਲੀਆਂ ਮਨੁੱਖੀ ਜੀਵਨ ਦੀ ਟੁੱਟੀ- ਭੱਜੀ ਹਕੀਕਤ ਵਜੋਂ ਸਾਹਮਣੇ ਆਉਂਦੀਆਂ ਹਨ। **"ਜਿਹੜੇ ਪਰਿਵਾਰ ਉੱਥੋਂ ਦੀਆਂ ਕਠੋਰ ਪ੍ਰਸਥਿਤੀਆਂ ਨਾਲ ਦੋ ਚਾਰ ਹੁੰਦੇ ਹੋਏ ਪੱਕੇ ਤੌਰ ਤੇ ਉੱਥੇ ਵੱਸ ਗਏ ਹਨ ਅਤੇ ਉਹਨਾਂ ਦੀ ਆਰਥਿਕ ਸਥਿਤੀ ਵਿਚ ਕੁਝ ਸੁਧਾਰ ਹੋਣ ਕਾਰਨ ਉਹ ਸੌਖਮਈ ਸਥਿਤੀ ਮਹਿਸੂਸ ਕਰਦੇ ਹਨ ਤਾਂ ਉਹਨਾਂ ਨੇ ਵਿਦੇਸ਼ੀ ਸੱਭਿਆਚਾਰ ਨੂੰ ਲੋੜ ਅਨੁਸਾਰ ਨਹੀਂ, ਸਗੋਂ ਇੱਕ ਨਕਲ ਜਾਂ ਅੱਯਾਸੀ ਵਜੋਂ ਅਪਨਾਉਣ ਦੀ ਕੋਸ਼ਿਸ਼ ਕੀਤੀ ਹੈ | ਕਲੱਬਾਂ 'ਚ ਜਾਣਾ, ਸ਼ਰਾਬ ਅਤੇ ਹੋਰ ਮੰਨੋਰੰਜਨ ਦੇ ਸਾਧਨਾਂ ਦੀ ਖੁੱਲ੍ਹ ਮਾਨਣ ਤੇ ਉਹਨਾਂ ਦੇ ਪਰਿਵਾਰਿਕ ਰਿਸ਼ਤਿਆਂ ਵਿੱਚ ਕਾਫ਼ੀ ਦਖ਼ਲ ਦਿੱਤਾ ਹੈ।ਜਿਵੇਂ ਇਕ ਤੋਂ ਵੱਧ ਵਿਆਹ ਕਰਵਾਉਣਾ, ਤਲਾਕ ਦੇ ਸੰਕਲਪ ਵਿੱਚ ਵਾਧਾ ਆਦਿ। ਇਸ ਸੰਦਰਭ ਵਿਚ ਵਿਸ਼ੇਸ਼ ਜ਼ਿਕਰਯੋਗ ਗਲ ਹੈ ਕਿ ਕੁਝ ਅਜਿਹੇ ਭਾਰਤੀ ਪਿਛੋਕੜ ਦੇ ਕੈਨੇਡਾ /ਅਮਰੀਕਾ ਪਰਿਵਾਰਾਂ ਨੇ ਇਹ ਲੋਕ ਧੰਦੇ ਵਜੋਂ ਅਪਣਾ ਲਿਆ ਹੈ ਕਿ ਪੰਜਾਬੀ ਮੁਟਿਆਰਾਂ ਨਾਲ ਵਿਆਹ ਕਰਵਾ ਕੇ ਕੈਨੇਡਾ ਵਿਚ ਉਹਨਾਂ ਨੂੰ ਨੌਕਰਾਣੀਆਂ ਵਜੋਂ ਰੱਖਣ ਦੀ ਰੁਚੀ ਵਿੱਚ ਵਾਧਾ ਹੋਇਆ ਹੈ। ਖਤਨੀ ਤੋਂ ਨੌਕਰਾਣੀ ਤੱਕ ਦੇ ਰਿਸ਼ਤੇ ਦਾ ਪਰਿਵਰਤਨ, ਉਪਰੋਕਤ ਆਰਥਿਕ ਸੰਖ ਦੀ ਦੇਣ ਹੈ।"**[12]

ਪੈਸੇ ਅਤੇ ਭੌਤਿਕ ਲਾਲਸਾਵਾਂ ਦੀ ਦੌੜ ਨੇ ਜਿੱਥੇ ਵਿਅਕਤੀ ਨੂੰ ਆਰਥਿਕ ਤੌਰ 'ਤੇ ਮਜਬੂਤ ਕੀਤਾ ਹੈ, ਉੱਥੇ ਹੀ ਉਸਦੇ ਅੰਦਰ ਮਨੁੱਖੀ ਸੰਵੇਦਨਸ਼ੀਲਤਾ ਅਤੇ ਭਾਵਨਾਤਮਕ ਗਹਿਰਾਈ ਨੂੰ ਕਮਜ਼ੋਰ ਕਰ ਦਿੱਤਾ ਹੈ। ਇਸ ਪ੍ਰਕਿਰਿਆ ਨੇ ਖ਼ਾਸ ਕਰਕੇ ਔਰਤ ਦੀ ਅਸਤਿਤਵੀ ਪਛਾਣ ਅਤੇ ਉਸਦੇ "ਔਰਤਪਣ" (femininity) ਨੂੰ ਹਾਸੀਏ 'ਤੇ ਧੱਕ ਦਿੱਤਾ ਹੈ। ਪੱਛਮੀ ਸਮਾਜਿਕ ਸੰਦਰਭ ਵਿੱਚ ਲਿੰਗਕ ਸੰਬੰਧਾਂ ਵਿੱਚ ਭੋਗਵਾਦੀ ਰੁਝਾਨ ਦੇ ਵਧਣ ਕਾਰਨ ਪੁਰਸ਼ ਅਤੇ ਔਰਤ ਦੇ ਦਰਮਿਆਨ ਭਾਵਨਾਤਮਕ ਦੂਰੀ ਅਤੇ ਬੇਗਾਨਗੀ (alienation) ਦੀ ਸਥਿਤੀ ਗਹਿਰੀ ਹੋ ਗਈ ਹੈ। ਇਹ ਬੇਗਾਨਗੀ ਸਿਰਫ਼ ਸਮਾਜਿਕ ਪੱਧਰ 'ਤੇ ਹੀ ਨਹੀਂ, ਸਗੋਂ ਸਭ ਤੋਂ ਨਜ਼ਦੀਕੀ ਸੰਬੰਧ ਪਤੀ-ਪਤਨੀ ਦੇ ਰਿਸ਼ਤੇ ਵਿੱਚ ਵੀ ਦਿਖਾਈ ਦਿੰਦੀ ਹੈ, ਜਿੱਥੇ ਪਵਿੱਤਰ ਮੰਨੇ ਜਾਣ ਵਾਲੇ ਰਿਸ਼ਤੇ ਵੀ ਕਈ ਵਾਰ ਉਪਯੋਗਿਤਾਵਾਦੀ ਅਤੇ ਭੋਗਵਾਦੀ ਤਰਕਾਂ ਹੇਠ ਬਦਲ ਜਾਂਦੇ ਹਨ। ਪੂੰਜੀਵਾਦੀ ਸਭਿਆਚਾਰ ਵਿੱਚ ਸਵੈ-ਭੋਗ ਅਤੇ ਵਿਅਕਤੀਗਤ ਇੱਛਾਵਾਂ ਦੀ ਅਤਿ-ਕੇਂਦਰਿਤਤਾ ਨੇ ਮਨੁੱਖੀ ਸੰਬੰਧਾਂ ਨੂੰ ਰੂਹਾਨੀ ਅਤੇ ਭਾਵਨਾਤਮਕ ਆਧਾਰ ਤੋਂ ਹਟਾ ਕੇ ਭੌਤਿਕ ਅਤੇ ਉਪਯੋਗੀ ਆਧਾਰ 'ਤੇ ਖੜ੍ਹਾ ਕਰ ਦਿੱਤਾ ਹੈ। ਇਸ ਪ੍ਰਕਿਰਿਆ ਨੇ ਪਰਿਵਾਰਕ ਅਤੇ ਵਿਆਹੁਤਾ ਜੀਵਨ ਦੀਆਂ ਸੰਰਚਨਾਵਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਰਿਸ਼ਤਿਆਂ ਵਿੱਚ ਭਰੋਸੇ ਅਤੇ ਨੇੜਤਾ ਦੀ ਥਾਂ ਦੂਰੀ ਅਤੇ ਸੰਕਟ ਨੇ ਜਨਮ ਲਿਆ ਹੈ। ਰਾਣੀ ਦੀ ਕਹਾਣੀ **"ਸਲੀਬ"** ਇਸੇ ਸਮਾਜਿਕ ਅਤੇ ਵਿਚਾਰਧਰਾਈ ਪਰਿਪੇਖ ਵਿੱਚ ਪੜ੍ਹੀ ਜਾ ਸਕਦੀ ਹੈ। ਇਸ ਕਹਾਣੀ ਵਿੱਚ ਨਾਇਕਾ ਉਦਯੋਗਿਕ ਅਤੇ ਮਸ਼ੀਨੀਕ੍ਰਿਤ ਕੰਮ-ਵਾਤਾਵਰਣ (work culture) ਵਿੱਚ ਇਸ ਕਦਰ ਸ਼ਾਮਿਲ ਹੋ ਜਾਂਦੀ ਹੈ ਕਿ ਉਹ ਖੁਦ ਇੱਕ "ਮਸ਼ੀਨ-ਸਮਾਨ" ਹਸਤੀ ਵਜੋਂ ਦਰਸਾਈ ਜਾਂਦੀ ਹੈ। ਇਹ ਰੂਪਕ (metaphor) ਆਧੁਨਿਕ ਪੂੰਜੀਵਾਦੀ ਪ੍ਰਣਾਲੀ ਵਿੱਚ ਮਨੁੱਖੀ ਅਸਤਿਤਵ ਦੇ ਯਾਂਤਰੀਕਰਨ (mechanization of human existence) ਨੂੰ ਪ੍ਰਗਟ ਕਰਦਾ ਹੈ। ਨੈਰੇਟੋਲੋਜੀਕ ਦ੍ਰਿਸ਼ਟੀਕੋਣ ਤੋਂ ਇਹ ਕਥਾ ਮਨੁੱਖ ਤੋਂ ਮਸ਼ੀਨ ਬਣਨ ਅਤੇ ਫਿਰ ਮਨੁੱਖੀ ਸੰਵੇਦਨਾਂ ਵੱਲ ਵਾਪਸੀ ਦੀ ਪ੍ਰਕਿਰਿਆ ਨੂੰ symbolic narrative structure ਰਾਹੀਂ ਪੇਸ਼ ਕਰਦੀ ਹੈ। ਇਹ ਬਦਲਾਅ ਸਿਰਫ਼ ਕਥਾ ਦਾ ਘਟਨਾਤਮਕ ਪੱਖ ਨਹੀਂ, ਸਗੋਂ ਡੂੰਘੇ ਅਰਥਾਂ ਵਿੱਚ ਆਧੁਨਿਕ ਜੀਵਨ ਦੀ ਬੇਗਾਨਗੀ, ਅਸਤਿਤਵੀ ਸੰਕਟ ਅਤੇ ਪੂੰਜੀਵਾਦੀ ਦਬਾਅ ਦੀ ਪੇਸ਼ਕਾਰੀ ਹੈ। **"ਪਤੀ ਨਾਲ ਮੁਸ਼ਕਲ ਨਾਲ ਇਕ ਵਰ੍ਹਾ ਉਹ ਚੱਲ ਸਕੀ ਸੀ। ਹਰ ਰੋਜ਼ ਕਿਤੇ ਕੁਝ ਕੱਟਦਾ ਸੀ। ਨਾਲ ਰਹਿ ਕੇ ਵੀ ਸਭ ਕੁਝ ਛੁੱਟ ਗਿਆ ਸੀ।ਅਖੀਰ ਦੋਹਾਂ 'ਚ ਤਲਾਕ ਹੋ ਗਿਆ ਸੀ। ਅੱਜ ਇਹ ਗੱਲ ਸਿਲੋਨੀ ਨੂੰ ਪੁਰਾਣੀ ਲੱਗ ਰਹੀ ਹੈ। ਇਕ ਬੀਤੀ ਹੋਈ ਗੱਲ ਦੀ ਤਰਾਂ, ਜੀਵਨ ਦੀ ਬਾਹਰੀ ਚਮਕ-ਦਮਕ ਦੀ ਮਿਰਗ ਤ੍ਰਿਸ਼ਨਾ ਦੇ ਪਿੱਛੇ ਭੱਜ ਦੌੜ ਕਰਦੀ ਹੋਈ ਉਹ ਮਸ਼ੀਨ ਦੀ ਤਰਾਂ ਕੰਮ ਕਰਦੀ ਨਿਰੀ ਪਰੀ ਮਸ਼ੀਨ ਹੋ ਗਈ ਸੀ । ਉਹ ਇਕੱਲੀ ਜਾਨ ਤੇ ਸੈਂਕੜ ਮਜ਼ਬੂਰੀਆਂ ਸਨ। ਅਮਰੀਕਾ ਰਹਿ ਕੇ ਉਸਨੇ ਪਤਾ ਲਗਾ ਜੀਵਨ ਪਕਿਆ ਪਕਾਇਆ ਹਲਵਾ ਨਹੀਂ ਜਿਸ ਨੂੰ...."**[13]

Volume: 13, March 2026 ISSN: 2394-0980
PP: 167-186

ਰਾਣੀ ਦੀ ਕਹਾਣੀ **"ਪਛਤਾਵਾ"** ਇੱਕ ਅਜਿਹੀ ਮਨੋਵਿਗਿਆਨਕ (psychological) ਕਥਾ ਹੈ ਜੋ ਮਨੁੱਖ ਦੇ ਅੰਦਰੂਨੀ ਸੰਘਰਸ਼ ਅਤੇ ਪਛਤਾਵੇ ਦੀ ਭਾਵਨਾ ਨੂੰ ਗਹਿਰਾਈ ਨਾਲ ਰੂਪਮਾਨ ਕਰਦੀ ਹੈ। ਇਹ ਕਹਾਣੀ ਦੋ ਕੇਂਦਰੀ ਪਾਤਰਾਂ ਦੇ ਮਨੋਸੰਸਾਰ ਰਾਹੀਂ ਉਹਨਾਂ ਦੀ ਅੰਦਰੂਨੀ ਅਸਥਿਰਤਾ, ਭਾਵਨਾਤਮਕ ਟਕਰਾਅ ਅਤੇ ਅਸਤਿਤਵੀ ਸੰਕਟ ਨੂੰ ਉਭਾਰਦੀ ਹੈ। ਨੈਰੇਟਿਵ ਪੱਧਰ 'ਤੇ ਕਹਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿਰਫ਼ ਘਟਨਾਵਾਂ ਦੀ ਲੜੀ ਨਹੀਂ ਪੇਸ਼ ਕਰਦੀ, ਸਗੋਂ ਪਾਤਰਾਂ ਦੇ ਮਨ ਦੀਆਂ ਪਰਤਾਂ ਵਿੱਚ ਝਾਤ ਮਾਰਦੀ ਹੋਈ ਉਨ੍ਹਾਂ ਦੇ ਅਚੇਤਨ ਡਰਾਂ, ਇੱਛਾਵਾਂ ਅਤੇ ਦੱਬੀਆਂ ਭਾਵਨਾਵਾਂ ਨੂੰ ਵੀ ਉਜਾਗਰ ਕਰਦੀ ਹੈ। ਇਸ ਤਰ੍ਹਾਂ ਇਹ ਰਚਨਾ ਮਨੋਯਥਾਰਥਵਾਦ (psychological realism) ਦੇ ਸਿਧਾਂਤ ਨੂੰ ਅੱਗੇ ਵਧਾਉਂਦੀ ਹੈ। ਕਹਾਣੀ ਦੇ ਦੋਵੇ ਪਾਤਰ ਆਪਣੇ ਕੀਤੇ ਗਏ ਫੈਸਲਿਆਂ ਅਤੇ ਸੰਬੰਧਾਂ ਦੇ ਨਤੀਜਿਆਂ ਕਾਰਨ ਪਛਤਾਵੇ ਦੀ ਗਹਿਰੀ ਮਨੋਸਥਿਤੀ ਵਿੱਚੋਂ ਗੁਜ਼ਰਦੇ ਹਨ। ਇਹ ਪਛਤਾਵਾ ਸਿਰਫ਼ ਵਿਅਕਤੀਗਤ ਅਨੁਭਵ ਨਹੀਂ ਰਹਿੰਦਾ, ਸਗੋਂ ਇਹ ਉਨ੍ਹਾਂ ਦੀ ਅਸਤਿਤਵੀ ਪਛਾਣ ਅਤੇ ਰਿਸ਼ਤਿਆਂ ਦੀ ਸਮਝ ਨੂੰ ਵੀ ਪ੍ਰਭਾਵਿਤ ਕਰਦਾ ਹੈ। **"ਪਛਤਾਵਾ ਸਿੰਘ-ਉਹ ਵਧਾਵੇ ਯਾਰਾ, 25 ਵਰ੍ਹੇ ਅਮਰੀਕਾ ਰਹਿ ਕੇ ਕੀ ਖੱਟਿਆ ਏ ਅਸਾਂ ਡਾਲਰਾਂ ਦੀ ਖ਼ਾਤਰ ਜ਼ਿੰਦਗੀ ਰੁਲ ਗਈ ਏ। ਭੂਆ, ਚਾਚੇ, ਮਾਮੇ, ਤਾਏ ਸਾਡੇ ਪਿਛੋਂ ਸਾਰੇ ਟੁਰਦੇ ਬਣੇ। ਵਧਵਾ ਸਿੰਘ-ਮਿੱਤਰਾ ਹੁਣ ਕਾਹਦਾ ਰੋਣਾ ਏ । ਸਭ ਕੁਝ ਅਸੀਂ ਆਪਣੇ ਹੱਥੀਂ ਗਵਾਇਆ ਏ।**[14]

ਰਾਣੀ ਦੀਆਂ ਕਹਾਣੀਆਂ ਪ੍ਰਵਾਸੀ ਪੰਜਾਬੀ ਸਾਹਿਤ ਦੇ ਅੰਦਰ ਇੱਕ ਮਹੱਤਵਪੂਰਨ ਵਿਚਾਰਧਾਰਾਤਮਕ ਅਤੇ ਕਲਾਤਮਕ ਦਸਤਾਵੇਜ਼ ਵਜੋਂ ਸਾਹਮਣੇ ਆਉਂਦੀਆਂ ਹਨ। ਇਹ ਕਹਾਣੀਆਂ ਡਾਇਸਪੋਰੀਕ ਅਨੁਭਵਾਂ ਦੀ ਉਸ ਜਟਿਲ ਹਕੀਕਤ ਨੂੰ ਰੂਪਮਾਨ ਕਰਦੀਆਂ ਹਨ ਜਿੱਥੇ ਵਿਅਕਤੀ ਸਿਰਫ਼ ਭੂਗੋਲਿਕ ਤੌਰ 'ਤੇ ਹੀ ਨਹੀਂ, ਸਗੋਂ ਸੰਸਕ੍ਰਿਤਿਕ, ਭਾਵਨਾਤਮਕ ਅਤੇ ਅਸਤਿਤਵੀ ਪੱਧਰ 'ਤੇ ਵੀ ਬੇਗਾਨਗੀ ਦਾ ਅਨੁਭਵ ਕਰਦਾ ਹੈ। ਨੈਰੇਟੋਲੋਜੀ ਦ੍ਰਿਸ਼ਟੀਕੋਣ ਤੋਂ ਇਹ ਕਹਾਣੀਆਂ ਰੇਖੀ ਕਥਾ-ਸੰਰਚਨਾ ਤੋਂ ਅੱਗੇ ਵਧ ਕੇ ਮਨੋਵਿਗਿਆਨਕ, ਪ੍ਰਤੀਕਾਤਮਕ ਅਤੇ ਬਹੁ-ਅਰਥਕ ਕਥਾ-ਤਕਨੀਕਾਂ ਦੀ ਵਰਤੋਂ ਕਰਦੀਆਂ ਹਨ। ਪਾਤਰਾਂ ਦੀ ਅੰਦਰੂਨੀ ਮਨੋਸਥਿਤੀ, ਸੰਘਰਸ਼ ਅਤੇ ਟਕਰਾਅ ਕਥਾ ਦੇ ਕੇਂਦਰ ਵਿੱਚ ਰਹਿੰਦੇ ਹਨ, ਜਿਸ ਨਾਲ ਇਹ ਕਹਾਣੀਆਂ ਸਿਰਫ਼ ਘਟਨਾਵਾਂ ਦੀ ਪੇਸ਼ਕਾਰੀ ਨਹੀਂ ਰਹਿੰਦੀਆਂ, ਸਗੋਂ ਅਰਥ-ਨਿਰਮਾਣ ਦੀ ਪ੍ਰਕਿਰਿਆ ਬਣ ਜਾਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਪ੍ਰਵਾਸੀ ਜੀਵਨ ਦੀਆਂ ਸਮਾਜਿਕ, ਆਰਥਿਕ ਅਤੇ ਸੰਸਕ੍ਰਿਤਿਕ ਵਿਰੋਧਾਭਾਸੀ ਸਥਿਤੀਆਂ ਨੂੰ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਰਿਸ਼ਤਿਆਂ ਵਿੱਚ ਉਭਰਦੀ ਬੇਗਾਨਗੀ, ਪਹਿਚਾਣ ਦਾ ਸੰਕਟ ਅਤੇ ਪੂੰਜੀਵਾਦੀ ਦਬਾਵਾਂ ਹੇਠ ਮਨੁੱਖੀ ਸੰਵੇਦਨਸ਼ੀਲਤਾ ਦਾ ਘਟਣਾ ਇਨ੍ਹਾਂ ਕਥਾਵਾਂ ਦੇ ਮੁੱਖ ਵਿਸ਼ੇ ਹਨ। ਕਹਾਣੀ-ਲਿਖਤ ਨਾ ਸਿਰਫ਼ ਪ੍ਰਵਾਸੀ ਪੰਜਾਬੀ ਸਾਹਿਤ ਨੂੰ ਨਵੀਂ ਦਿਸ਼ਾ ਦਿੰਦੀ ਹੈ, ਸਗੋਂ ਨੈਰੇਟੋਲੋਜੀ ਅਤੇ ਡਾਇਸਪੋਰਾ ਅਧਿਐਨ ਦੇ ਸੰਦਰਭ ਵਿੱਚ ਵੀ

ਇੱਕ ਮਹੱਤਵਪੂਰਨ ਅਧਿਐਨ-ਸਰੋਤ ਵਜੋਂ ਆਪਣੀ ਥਾਂ ਬਣਾਉਂਦੀ ਹੈ। ਅੱਜ ਦੇ ਵਿਸ਼ਵੀਕਰਨ ਅਤੇ ਪੂੰਜੀਵਾਦੀ ਯੁੱਗ ਵਿੱਚ ਵਿਸ਼ੇਸ਼ ਸਮਕਾਲੀ ਪਰਸੰਗਿਕਤਾ ਰੱਖਦੀਆਂ ਹਨ। ਆਧੁਨਿਕ ਸਮਾਜ ਵਿੱਚ ਰਿਸ਼ਤਿਆਂ ਦੀ ਬਦਲਦੀ ਪ੍ਰਕਿਰਤੀ, ਪਹਿਚਾਣ ਦਾ ਸੰਕਟ, ਭਾਵਨਾਤਮਕ ਬੇਗਾਨਗੀ ਅਤੇ ਨਾਰੀ ਦੇ ਅਸਤਿਤਵੀ ਸੰਘਰਸ਼ ਅੱਜ ਵੀ ਉਤਨੇ ਹੀ ਪ੍ਰਸੰਗਿਕ ਹਨ ਜਿਵੇ ਇਹਨਾਂ ਕਹਾਣੀਆਂ ਵਿੱਚ ਦਰਸਾਏ ਗਏ ਹਨ।ਡਾਇਸਪੋਰੀਕ ਜੀਵਨ ਦੇ ਸੰਦਰਭ ਵਿੱਚ ਪਰਿਵਾਰਕ ਅਤੇ ਵਿਆਹੁਤਾ ਸੰਬੰਧਾਂ ਵਿੱਚ ਆ ਰਹੀ ਟੁੱਟ-ਭੱਜ, ਆਰਥਿਕ ਦਬਾਅ ਅਤੇ ਸੰਸਕ੍ਰਿਤਿਕ ਟਕਰਾਅ ਆਧੁਨਿਕ ਮਨੁੱਖੀ ਜੀਵਨ ਦੀ ਹਕੀਕਤ ਬਣ ਚੁੱਕੇ ਹਨ। ਇਸ ਕਰਕੇ ਇਹ ਕਹਾਣੀਆਂ ਸਿਰਫ਼ ਸਾਹਿਤਕ ਰਚਨਾਵਾਂ ਨਹੀਂ, ਸਗੋਂ ਸਮਾਜਿਕ ਹਕੀਕਤਾਂ ਦੀ ਦਸਤਾਵੇਜ਼ੀ ਪੇਸ਼ਕਾਰੀ ਵਜੋਂ ਵੀ ਮਹੱਤਵਪੂਰਨ ਹਨ।

ਹਵਾਲੇ ਅਤੇ ਟਿੱਪਣੀਆਂ

1. ਡਾ. ਹਰਚੰਦ ਸਿਘ ਬੇਦੀ, ਔਰਤ ਦੀਆਂ ਕਹਾਣੀਆਂ, ਪਰਵਾਸੀ ਪੰਜਾਬੀ ਕਹਾਣੀ (ਭਾਗ ਪਿਹਲਾ), ਪੰਨਾ 49
2. ਉਹੀ, ਪੰਨਾ, ਪੰਨਾ 234
3. ਚੀਮਾ ਮੰਡਾ ਨਗੋਜ਼ੀ ਐਡੀਚੇ, ਨਾਰੀਵਾਦੀ ਮੈਨੀਫੈਸਟੋ (ਅਨੁ. ਸਵਰਾਜਬੀਰ), ਪੰਜਾਬੀ ਟ੍ਰਿਬਿਊਨ, 8 ਮਾਰਚ, 2020
4. ਜਗਦੀਸ਼ਵਰ ਚਤੁਰਵੇਦੀ, ਸੁਧਾ ਸਿਘ, ਕਾਮੁਕਤਾ ਪੋਨਰੋਗਾਫੀ ਅਤੇ ਇਸਤਰੀਵਾਦ, ਪੰਨ 271-272
5. ਰਾਣੀ ਨੌਂਗਦਰ ਕੌਰ, ਕਹਾਣੀ-ਸੰਗ੍ਰਹਿ ਗਰਾਉਂਡ ਜ਼ੀਰੋ, ਪੰਨ 86-87
6. ਉਹੀ, ਪੰਨਾ 86
7. ਉਹੀ, ਪੰਨਾ 88
8. ਉਹੀ, ਪੰਨਾ 90
9. ਉਹੀ, ਪੰਨਾ 42
10. Vincent B.Leitch (General Editor), The Norton Anthology of Theory and criticism, p.1761
11. ਵਰਜੀਨੀਆ ਵੂਲਫ਼, ਆਪਣਾ ਇਕ ਕਮਰਾ, (ਅਨੁ. ਮੋਜ਼ੇਜ਼ ਮਾਈਕਲ), ਪੰਨ 64-65
12. ਰਾਣੀ ਨਗੇਂਦਰ ਕੋਰ, ਕਹਾਣੀ-ਸੰਗ੍ਰਹਿ ਧੁਖਦਾ ਸ਼ਹਿਰ, ਪੰਨਾ 104-105
13. ਉਹੀ, ਪੰਨਾ 68
14. ਉਹੀ, ਪੰਨਾ 107

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 187-199

ਬਰਤਾਨਵੀ ਪੰਜਾਬੀ ਨਾਰੀ-ਕਾਵਿ : ਇਤਿਹਾਸਕ ਸਰਵੇਖ਼ਣ

ਗਗਨਦੀਪ ਸਿੰਘ
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ।

ਸਾਰ

ਸਮੁੱਚੀ ਪੰਜਾਬੀ ਕਵਿਤਾ ਵਿੱਚ ਪੰਜਾਬੀ ਨਾਰੀ-ਕਾਵਿ ਦਾ ਮਹੱਤਵਪੂਰਨ ਸਥਾਨ ਹੈ। ਪ੍ਰਾਪਤ ਪੰਜਾਬੀ ਆਲੋਚਨਾਤਮਕ ਪੁਸਤਕਾਂ ਜਾਂ ਸਾਹਿਤ ਇਤਿਹਾਸਾਂ ਵਿੱਚ ਜਦੋਂ ਸਮੁੱਚੇ ਨਾਰੀ ਕਾਵਿ ਨੂੰ ਵਿਚਾਰਿਆ ਜਾਂਦਾ ਹੈ ਤਾਂ ਪਰਵਾਸੀ ਨਾਰੀ ਕਵਿਤਾ ਦਾ ਬਹੁਤ ਘੱਟ ਜ਼ਿਕਰ ਆਉਂਦਾ ਹੈ। ਜਦੋਂ ਕਿ ਵਿਸ਼ਵ ਦੇ ਕਈ ਦੇਸ਼ਾਂ: ਕੈਨੇਡਾ, ਇੰਗਲੈਂਡ, ਅਮਰੀਕਾ ਆਦਿ ਵਿੱਚ ਵੱਡੇ ਪੱਧਰ 'ਤੇ ਪੰਜਾਬੀ ਨਾਰੀ ਕਵਿਤਾ ਰਚੀ ਜਾ ਰਹੀ ਹੈ। ਹਥਲੇ ਖੋਜ-ਪੱਤਰ ਵਿੱਚ ਪਰਵਾਸੀ ਨਾਰੀ ਕਵਿਤਾ ਦੀ ਮਹੱਤਤਾ ਨੂੰ ਦਰਸਾਉਂਦਿਆਂ 'ਬਰਤਾਨਵੀ ਪੰਜਾਬੀ ਨਾਰੀ-ਕਾਵਿ' ਦੇ ਇਤਿਹਾਸਕ ਸਰਵੇਖ਼ਣ ਨੂੰ ਵਿਧੀਵਤ ਢੰਗ ਨਾਲ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਅਜਿਹਾ ਕਰਦੇ ਸਮੇਂ ਇਨ੍ਹਾਂ ਕਵੀਆਂ ਦੇ ਜਨਮ ਸਾਲ ਅਤੇ ਕਾਵਿ-ਪੁਸਤਕਾਂ ਦੇ ਪ੍ਰਕਾਸ਼ਨ ਵਰ੍ਹੇ ਦੇ ਆਧਾਰ 'ਤੇ ਇਸ ਸਮੁੱਚੇ ਇਤਿਹਾਸਕ ਸਫ਼ਰ ਨੂੰ ਕਾਲ ਕ੍ਰਮ ਅਨੁਸਾਰ ਪੇਸ਼ ਕੀਤਾ ਗਿਆ ਹੈ ਜਿਸ ਨਾਲ ਬਰਤਾਨਵੀ ਨਾਰੀ ਕਾਵਿ ਦੇ ਮੁੱਢ ਤੇ ਇਸਦੇ ਸਫ਼ਰ ਨੂੰ ਪ੍ਰਮਾਣਿਕ ਢੰਗ ਨਾਲ ਉਲੀਕਿਆ ਜਾ ਸਕੇ। ਇਸ ਖੋਜ ਪੱਤਰ ਲਈ ਵੱਖ-ਵੱਖ ਪ੍ਰਮਾਣਿਕ ਸ੍ਰੋਤਾ ਤੋਂ ਡਾਟਾ ਇਕੱਤਰ ਕੀਤਾ ਗਿਆ ਹੈ। ਇਸ ਖੋਜ ਕਾਰਜ ਲਈ ਵਧੇਰੇ ਕਰਕੇ ਪ੍ਰਾਇਮਰੀ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਕਵਿਤਾ ਦਾ ਵਿਸ਼ਲੇਸ਼ਣ ਪੇਸ਼ ਕਰਨ ਸਮੇਂ ਕਵੀਆਂ ਦੀਆਂ ਅਸਲ ਕਾਵਿ-ਟੈਕਸਟ ਨੂੰ ਆਧਾਰ ਬਣਾਇਆ ਗਿਆ ਹੈ। ਇਸ ਖੋਜ ਪੱਤਰ ਵਿੱਚ ਪੰਜਾਬੀ ਦੇ ਪ੍ਰਮਾਣਿਕ ਆਲੋਚਕਾਂ/ਵਿਦਵਾਨਾ ਦੀਆਂ ਪੁਸਤਕਾਂ ਨੂੰ ਸ੍ਰੋਤ ਵਜੋਂ ਵਰਤਿਆ ਗਿਆ ਹੈ। ਖੋਜ ਪੱਤਰ ਵਿੱਚ ਪ੍ਰਮਾਣਿਕ ਖੋਜ-ਵਿਧੀ ਲਈ MLA 9th edition ਦਾ ਅਨੁਸਰਨ ਕੀਤਾ ਗਿਆ ਹੈ। ਅੰਤ ਵਿੱਚ ਸਮੁਚੀ ਖੋਜ ਉਪਰੰਤ ਪ੍ਰਾਪਤ ਸਿੱਟਿਆਂ ਨੂੰ ਪੇਸ਼ ਕੀਤਾ ਗਿਆ ਹੈ। ਸਮੁੱਚੇ ਪੰਜਾਬੀ ਨਾਰੀ-ਕਾਵਿ ਵਿੱਚ ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦਾ ਮਹੱਤਵਪੂਰਨ ਸਥਾਨ ਹੈ। ਆਸ ਹੈ ਕਿ ਇਹ ਖੋਜ-ਪੱਤਰ ਮਹਿਜ਼ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਮੁੱਲਵਾਨ ਵਾਧਾ ਨਹੀਂ ਕਰੇਗਾ ਸਗੋਂ ਬਰਤਾਨਵੀ ਪੰਜਾਬੀ ਕਵਿਤਾ ਦੀਆਂ ਮਹੱਤਵਪੂਰਨ ਨਾਰੀ ਕਵੀਆਂ ਨੂੰ ਪੰਜਾਬੀ ਪਾਠਕਾਂ/ਖੋਜਾਰਥੀਆਂ ਸਨਮੁੱਖ ਕਰਨ ਵਿੱਚ ਪ੍ਰਮੁੱਖ ਰੋਲ ਅਦਾ ਕਰੇਗਾ।

ਮੁੱਖ ਸ਼ਬਦ: ਬਰਤਾਨਵੀ ਕਵਿਤਾ, ਪਰਵਾਸ, ਨਾਰੀਵਾਦੀ, ਪਿਤਰਕੀ, ਇਤਿਹਾਸਕ ਸਰਵੇਖ਼ਣ, ਪੰਜਾਬੀ ਨਾਰੀ, ਪੰਜਬੀ ਸਭਿਆਚਾਰ, ਪੱਛਮੀ ਸਭਿਆਚਾਰ

ਭੂਮਿਕਾ

ਸਮੁੱਚੀ ਪੰਜਾਬੀ ਕਵਿਤਾ ਵਿੱਚ ਪਰਵਾਸੀ ਪੰਜਾਬੀ ਕਵਿਤਾ ਦਾ ਮਹੱਤਵਪੂਰਨ ਸਥਾਨ ਹੈ। ਪਰਵਾਸੀ ਕਵਿਤਾ ਵਿਸ਼ਵ ਦੇ ਕਈ ਮੁਲਕਾਂ ਵਿੱਚ ਰਚੀ ਜਾ ਰਹੀ ਹੈ। ਮਰਦ ਤੇ ਨਾਰੀ ਕਵੀਆਂ ਦਾ ਪਰਵਾਸ ਨਾਲ ਸੰਬੰਧਿਤ ਵਿਭਿੰਨ ਅਨੁਭਵਾਂ ਨੂੰ ਮਹਿਸੂਸਣ ਤੇ ਕਵਿਤਾਉਣ ਦਾ ਅੰਦਾਜ਼ ਵੱਖਰਾ ਵੱਖਰਾ ਹੈ। ਪੰਜਾਬੀ ਨਾਰੀ ਕਵਿਤਾ ਇਕੋ ਵਰਗੀ ਨਹੀਂ ਹੈ ਸਗੋਂ ਇਸ ਵਿੱਚ ਵਿਸ਼ੇਗਤ ਅਤੇ ਦ੍ਰਿਸ਼ਟੀਗਤ ਵਿਲੱਖਣਤਾ ਵਿਦਮਾਨ ਹੈ। ਪੰਜਾਬੀ ਕਵਿਤਾ ਦੇ ਸਮਾਨਾਂਤਰ ਪਰਵਾਸੀ ਨਾਰੀ ਕਵਿਤਾ ਨੂੰ ਬਹੁਤ ਘੱਟ ਗੌਲਿਆ ਗਿਆ ਹੈ ਅਤੇ ਪੰਜਾਬੀ ਸਾਹਿਤ ਇਤਿਹਾਸ ਦੀਆ ਪੁਸਤਕਾਂ ਵਿੱਚ ਵੀ ਪਰਵਾਸੀ ਨਾਰੀ ਕਵਿਤਾ ਬਾਰੇ ਬਹੁਤ ਘੱਟ ਜਾਣਕਾਰੀ ਉਪਲਬਧ ਹੈ। ਹਥਲੇ ਖੋਜ-ਪੱਤਰ ਵਿੱਚ ਬਰਤਾਨਵੀ ਨਾਰੀ ਕਵਿਤਾ ਦੇ ਵਿਸ਼ਲੇਸ਼ਣ ਤੇ ਇਤਿਹਾਸਕ ਸਰਵੇਖ਼ਣ ਨੂੰ ਵਿਸਥਾਰਪੂਰਵਕ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਪੱਤਰ ਵਿੱਚ ਪਰਵਾਸੀ ਪੰਜਾਬੀ ਨਾਰੀ ਕਵਿਤਾ ਦੇ ਉਤਪਤੀ ਤੇ ਵਿਕਾਸ ਸੰਬੰਧੀ ਮਹੱਤਵਪੂਰਨ ਪਹਿਲੂਆਂ ਬਾਰੇ ਚਰਚਾ ਕੀਤੀ ਗਈ ਹੈ। ਨਾਰੀ ਕਵਿਤਾ ਦੇ ਇਤਿਹਾਸ ਨੂੰ ਉਸਦੇ ਸਮਾਜ-ਸਭਿਆਚਾਰ ਦੇ ਪ੍ਰਸੰਗ ਵਿੱਚ ਰੱਖ ਕੇ ਸਮਝਣ ਦਾ ਯਤਨ ਕੀਤਾ ਗਿਆ ਹੈ। ਬੇਸ਼ੱਕ ਪੰਜਾਬੀ ਮਰਦ ਤੇ ਔਰਤ ਇੱਕੋਂ ਪੱਛਮੀ ਸਮਾਜਿਕ ਸਭਿਆਚਾਰਕ ਪਰਿਵੇਸ਼ ਵਿੱਚ ਵਿਚਰਦੇ ਹਨ ਪਰ ਦੋਨ੍ਹਾਂ ਦੇ ਪਰਵਾਸੀ ਅਨੁਭਵ ਤੇ ਪੱਛਮੀ ਯਥਾਰਥ ਨੂੰ ਸਮਝਣ ਦਾ ਢੰਗ ਨਿਵੇਕਲਾ ਹੈ। ਪਰਵਾਸੀ ਮਰਦ-ਕਾਵਿ ਦੇ ਸਮਾਨਾਂਤਰ ਪਰਵਾਸੀ ਨਾਰੀ-ਕਾਵਿ ਦੇ ਸਰੋਕਾਰਾਂ ਤੇ ਪ੍ਰਗਟਾਓ ਜੁਗਤਾਂ ਵਿੱਚ ਕਾਫੀ ਵਿਲੱਖਣਤਾ ਹੈ। ਬਰਤਾਨਵੀ ਪੰਜਾਬੀ ਨਾਰੀ-ਕਾਵਿ ਦੇ ਅਧਿਐਨ ਉਪਰੰਤ ਕਈ ਮਹੱਤਵਪੂਰਨ ਤੱਥਾਂ/ਧਾਰਨਾਵਾਂ ਦਾ ਸਥਾਪਨ/ਵਿਸਥਾਪਨ ਹੁੰਦਾ ਹੈ ਜਿਨ੍ਹਾਂ ਨੂੰ ਇਸ ਖੋਜ-ਪੱਤਰ ਵਿੱਚ ਵਿਧੀਵਤ ਰੂਪ ਵਿੱਚ ਪ੍ਰਸਤੁਤ ਕੀਤਾ ਹੈ। ਵਿਸ਼ਵ ਦੇ ਕਈ ਮੁਲਕਾਂ: ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਵਿੱਚ ਪੰਜਾਬੀ ਔਰਤਾਂ ਸਰਗਰਮੀ ਨਾਲ ਨਿਰੰਤਰ ਕਾਵਿ-ਸਿਰਜਣਾ ਕਰ ਰਹੀਆਂ ਹਨ ਪਰ ਇਸਦੇ ਬਾਵਜੂਦ ਪ੍ਰਾਪਤ ਉਪਾਧੀ ਸਾਪੇਖ ਤੇ ਉਪਾਧੀ ਨਿਰਪੇਖ ਖੋਜ ਕਾਰਜਾਂ ਵਿੱਚ ਇਸ ਸਭ ਕਾਸੇ ਦਾ ਵਰਨਣ ਬਹੁਤ ਘੱਟ ਪ੍ਰਾਪਤ ਹੁੰਦਾ ਹੈ। ਬਹੁਤੀ ਵਾਰ ਨਾਰੀ ਰਚਿਤ ਕਵਿਤਾ ਸੰਬੰਧੀ ਪੂਰਵ-ਨਿਰਧਾਰਿਤ ਧਾਰਨਵਾਂ ਨੂੰ ਹੀ ਪਰਵਾਸੀ ਨਾਰੀ ਕਵਿਤਾ 'ਤੇ ਥੋਪ ਦਿੱਤਾ ਜਾਂਦਾ ਰਿਹਾ ਹੈ ਕਿਉਂਕਿ ਸਾਰੇ ਨਾਰੀ-ਕਾਵਿ ਨੂੰ ਬਿਨਾਂ ਇਸਦੀ ਵਿਲੱਖਣਤਾ ਸਮਝੇ ਇੱਕੋਂ ਸਾਂਚੇ ਵਿੱਚ ਰੱਖ ਕੇ ਪ੍ਰੰਪ੍ਰਾਗਤ ਨਜ਼ਰੀਏ ਤੋਂ ਅਧਿਐਨ ਕਰਨ ਦੀ ਪ੍ਰੰਪਰਾ ਭਾਰੂ ਰਹੀ ਹੈ। ਪੰਜਾਬੀ ਕਵਿਤਾ ਦੇ ਇਤਿਹਾਸਾਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਨ੍ਹਾਂ ਇਤਿਹਾਸਾਂ ਦੇ ਪਰਵਾਸੀ ਕਵਿਤਾ ਵਾਲੇ ਭਾਗ ਵਿੱਚ ਇੱਕ ਦੋ ਪਰਵਾਸੀ ਨਾਰੀ ਕਵੀਆਂ ਦਾ ਜ਼ਿਕਰ ਮਾਤਰ ਹੀ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 187-199

ਮਿਲਦਾ ਜਿਸ ਤੋਂ ਅਸੀਂ ਸਮੁੱਚੀ ਪਰਵਾਸੀ ਨਾਰੀ ਕਵਿਤਾ ਸੰਬੰਧੀ ਕੋਈ ਧਾਰਨਾ ਨਹੀਂ ਬਣਾ ਸਕਦੇ ਅਤੇ ਨਾ ਹੀ ਸਾਡੇ ਕੋਲ ਹੁਣ ਤੱਕ ਪਰਵਾਸੀ ਨਾਰੀ-ਕਾਵਿ ਦੀ ਸਮੁਚਤਾ ਨੂੰ ਪੇਸ਼ ਕਰਦਾ ਕੋਈ ਸਾਹਿਤ ਇਤਿਹਾਸ ਉਪਲਬਧ ਹੈ।

ਖੋਜ ਦਾ ਉਦੇਸ਼

ਇਸ ਖੋਜ ਪੱਤਰ ਦਾ ਮੰਤਵ ਪਰਵਾਸੀ ਨਾਰੀ ਕਵਿਤਾ ਦੇ ਮਹੱਤਵਪੂਰਨ ਭਾਗ 'ਬਰਤਾਨਵੀ ਪੰਜਾਬੀ ਨਾਰੀ-ਕਾਵਿ' ਦੇ ਵਿਸ਼ਲੇਸ਼ਣ ਅਤੇ ਇਸਦੇ ਇਤਿਹਾਸਕ ਸਫ਼ਰ ਨੂੰ ਰੂਪਮਾਨ ਕਰਨਾ ਹੈ। ਅਜਿਹਾ ਕਰਦਿਆਂ ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦੀ ਉਤਪਤੀ ਦੇ ਪਿਛੋਕੜ ਵਿੱਚ ਕਾਰਜਸ਼ੀਲ ਇਤਿਹਾਸਕ ਪ੍ਰਸਥਿਤੀਆਂ ਨੂੰ ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਬਰਤਾਨਵੀ ਨਾਰੀ ਕਵੀਆਂ ਤੇ ਉਨ੍ਹਾਂ ਦੀਆ ਕਾਵਿ-ਪੁਸਤਕਾਂ ਨੂੰ ਉਨ੍ਹਾਂ ਦੇ ਕਾਲ ਕ੍ਰਮ ਅਨੁਸਾਰ ਪੇਸ਼ ਕੀਤਾ ਗਿਆ ਹੈ ਤਾਂ ਜੋ ਇਸ ਕਵਿਤਾ ਦੇ ਇਤਿਹਾਸਕ ਸਫ਼ਰ ਨੂੰ ਆਸਾਨੀ ਨਾਲ ਸਮਝਿਆ ਜਾ ਸਕੇ। ਬਰਤਾਨਵੀ ਪੰਜਾਬੀ ਕਵਿਤਾ ਦਾ ਅਧਿਐਨ ਕਰਦਿਆਂ ਬਹੁਤ ਸਾਰੇ ਅਜਿਹੇ ਤੱਥ ਉਭਰਦੇ ਹਨ ਜੋ ਆਪਣੇ ਆਪ ਵਿੱਚ ਨਿਵਕਲੇ ਅਤੇ ਮੌਲਿਕ ਹਨ, ਜਿਨ੍ਹਾਂ ਨੂੰ ਇਸ ਖੋਜ-ਪੱਤਰ ਵਿੱਚ ਸੁਚੱਜੇ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਖੋਜ ਵਿਧੀ

ਇਸ ਖੋਜ-ਪੱਤਰ ਵਿੱਚ ਐਮ.ਐਲ.ਏ.(Modern Language Association) ਦਆਰਾ ਸੁਝਾਈ ਖੋਜ ਵਿਧੀ ਦਾ ਅਨੁਸਾਰਨ ਕੀਤਾ ਗਿਆ ਹੈ। ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦੇ ਇਤਿਹਾਸਕ ਸਰਵੇਖ਼ਣ ਲਈ ਇਸ ਨਾਲ ਸੰਬੰਧਿਤ ਸਮੱਗਰੀ ਦੇ ਇਕੱਤਰੀਕਰਨ ਦੀ ਲੋੜ ਸੀ ਜਿਸ ਲਈ ਪ੍ਰਾਇਮਰੀ ਤੇ ਸੈਕੰਡਰੀ ਸ੍ਰੋਤਾਂ ਨੂੰ ਆਧਾਰ ਬਣਾਇਆ ਗਿਆ ਹੈ। ਪ੍ਰਾਇਮਰੀ ਸ੍ਰੋਤਾਂ ਤੱਕ ਵੱਖ-ਵੱਖ ਸ਼ੋਸ਼ਲ ਮੀਡੀਆ ਪਲੇਟਫਾਰਮਾਂ ਰਾਹੀ ਪਹੁੰਚ ਕਰਕੇ ਸੰਬੰਧਿਤ ਲੇਖਕਾਂ ਤੋਂ ਪ੍ਰਸ਼ਨਾਵਲੀ ਤੇ ਇੰਟਰਵਿਊ ਦੇ ਮਾਧਿਅਮ ਰਾਹੀਂ ਜਾਣਕਾਰੀ ਇਕੱਤਰ ਕੀਤੀ ਗਈ ਹੈ। ਸੈਕੰਡਰੀ ਸ੍ਰੋਤਾਂ ਲਈ ਵੱਖ-ਵੱਖ ਯੂਨੀਵਰਸਿਟੀ ਲਾਇਬ੍ਰੇਰੀਆਂ ਵਿੱਚੋਂ ਪੁਸਤਕ ਰੂਪ ਵਿੱਚ ਸਮੱਗਰੀ ਪ੍ਰਾਪਤ ਕੀਤੀ ਗਈ ਹੈ। ਪ੍ਰਾਪਤ ਸਮੱਗਰੀ ਦਾ ਵਿਧੀਵਤ ਢੰਗ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦੇ ਇਤਿਹਾਸਕ ਸਫ਼ਰ ਲਈ ਕਾਲ ਕ੍ਰਮ ਵਿਧੀ ਦੀ ਵਰਤੋਂ ਕੀਤੀ ਗਈ ਹੈ। ਹਵਾਲੇ ਐਮ.ਐਲ.ਏ. (9th ਐਡੀਸ਼ਨ) ਦੇ ਅਨੁਸਾਰ ਦਿੱਤੇ ਗਏ ਹਨ।

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 187-199

ਵਿਸ਼ਲੇਸ਼ਣ ਅਤੇ ਨਤੀਜੇ

ਬਰਤਾਨਵੀ ਪੰਜਾਬੀ ਨਾਰੀ ਕਵਿਤਾ ਨੂੰ ਸਹੀ ਸੰਦਰਭ ਵਿਚ ਸਮਝਣ ਲਈ ਇਸਦੇ ਉਦਭਵ ਦੇ ਮੂਲ ਕਾਰਨਾਂ ਤੇ ਸਮਾਜਿਕ ਪ੍ਰਸਥਿਤੀਆਂ ਨੂੰ ਸਮਝਣਾ ਜਰੂਰੀ ਹੈ। ਬਰਤਾਨੀਆ ਵਿਚ ਪੰਜਾਬੀਆਂ ਦੇ ਪਰਵਾਸ ਦੀ ਪ੍ਰਕ੍ਰਿਆ ਬੇਸ਼ੱਕ ਉਨੀਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਮਜ਼ਦੂਰਾਂ ਤੇ ਸੈਨਿਕਾਂ ਦੇ ਰੂਪ ਵਿਚ ਸ਼ੁਰੂ ਹੁੰਦੀ ਹੈ ਪਰ ਭਰਵੇਂ ਰੂਪ ਵਿਚ ਪੰਜਾਬੀਆਂ ਦਾ ਬਰਤਾਨੀਆ ਵਿਚ ਪ੍ਰਵੇਸ਼ ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਹੀ ਸੰਭਵ ਹੋਇਆ ਜਦੋਂ ਉਨੀ ਸੌ ਸੱਠ (**1960**) ਵਿਚ ਹੋਂਦ ਵਿਚ ਆਏ 'ਵਾਊਚਰ ਸਿਸਟਮ' ਤਹਿਤ ਬਹੁਤ ਸਾਰੇ ਪੜ੍ਹੇ-ਲਿਖੇ ਪੰਜਾਬੀ ਇੰਗਲੈਂਡ ਵਿਚ ਪ੍ਰਵੇਸ਼ ਕਰਦੇ ਹਨ। ਜੇਕਰ ਬਰਤਾਨੀਆ ਵਿਚ ਔਰਤਾਂ ਦੇ ਪਰਵਾਸ ਦੀ ਗੱਲ ਕਰੀਏ ਤਾਂ ਇਹ 1962 ਵਿਚ ਪਾਸ ਹੋਏ ਕਾਨੂੰਨ 'ਕਾਮਨਵੈਲਥ ਇੰਮੀਗਰੈਂਟਸ ਐਕਟ' ਦੇ ਜ਼ਰੀਏ ਹੀ ਸੰਭਵ ਹੋ ਸਕਿਆ। "ਇੰਗਲੈਂਡ ਦੀ ਧਰਤੀ ਤੇ ਪਰਵਾਸੀਆਂ ਲਈ ਪਰਿਵਾਰ ਬੁਲਾ ਕੇ ਵੱਸਣ ਦਾ ਕਾਨੂੰਨ 'ਕਾਮਨਵੈਲਥ ਇੰਮੀਗਰੈਂਟਸ ਐਕਟ'1962 ਵਿਚ ਲਾਗੂ ਹੋਇਆ। ਗਿਣਤੀ ਦੇ ਪੰਜਾਬੀ ਪਰਵਾਸੀ ਜਿਹੜੇ ਉਥੇ ਵੱਸ ਰਹੇ ਸਨ, ਨੂੰ ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਬੁਲਾਉਣ ਦੀ ਇਜਾਜ਼ਤ ਇਸੇ ਕਾਨੂੰਨ ਤਹਿਤ ਮਿਲੀ।"[1]

ਜਿਥੇ ਪੰਜਾਬੀ ਮਰਦ ਦੇ ਪਰਵਾਸ ਦਾ ਸੰਬੰਧ ਆਰਥਿਕਤਾ ਨਾਲ ਹੈ, ਉਥੇ ਔਰਤ ਦਾ ਮੁੱਢਲਾ ਪਰਵਾਸ ਵਿਆਹ ਤੋਂ ਬਾਅ ਦ ਹੀ ਸੰਭਵ ਹੋਇਆ ਅਤੇ ਜਿਥੋਂ ਤਕ ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦਾ ਸੰਬੰਧ ਹੈ, ਇਸਦਾ ਆਰੰਭ ਉਨ੍ਹਾਂ ਨਾਰੀ-ਕਵੀਆਂ ਦੁਆਰਾ ਹੁੰਦਾ ਹੈ ਜੋ ਭਾਰਤ/ਪੰਜਾਬ ਵਿਚ ਵੀ ਸਾਹਿਤ-ਸਿਰਜਣਾ ਨਾਲ ਜੁੜੀਆਂ ਹੋਈਆਂ ਸਨ ਅਤੇ ਬਰਤਾਨੀਆ ਵਿਚ ਪਰਵਾਸ ਕਰਨ ਉਪਰੰਤ ਵੀ ਸਰਗਰਮੀ ਨਾਲ ਕਾਵਿ-ਸਿਰਜਣਾ ਕਰਦੀਆਂ ਰਹੀਆਂ ਹਨ। ਆਮ ਤੌਰ 'ਤੇ ਬਰਤਨੀਆ ਦੀਆਂ ਲਗਭਗ ਸਾਰੀਆਂ ਹੀ ਲੇਖਿਕਾਵਾਂ ਭਾਰਤ/ਪੰਜਾਬ ਵਿਚ ਜੰਮ-ਪਲ ਕੇ ਹੀ ਵਿਆਹ ਤੋਂ ਬਾਅਦ ਬਰਤਾਨੀਆ ਪਹੁੰਚਦੀਆਂ ਹਨ ਜਿਸ ਕਾਰਨ ਪੰਜਾਬੀ ਸਮਾਜ-ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦਾ ਉਨ੍ਹਾਂ ਦੇ ਅਵਚੇਤਨ 'ਤੇ ਡੂੰਘਾ ਪ੍ਰਭਾਵ ਹੈ। ਪੱਛਮੀਂ ਸਮਾਜ ਦੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਵਿਚਰਨ ਦੇ ਬਾਵਜੂਦ ਵੀ ਪੰਜਾਬੀ ਔਰਤ ਆਪਣੇ ਪੰਜਾਬੀ ਸਮਾਜ ਦੀਆਂ ਪਰੰਪਰਾਗਤ ਕਦਰਾਂ-ਕੀਮਤਾਂ ਤੋਂ ਪੂਰੀ ਤਰ੍ਹਾਂ ਟੁੱਟ ਨਹੀਂ ਸਕੀ, ਉਪਰੋਕਤ ਦਰਸਾਈਆਂ ਸਮਾਜਿਕ-ਰਾਜਸੀ ਪ੍ਰਸਥਿਤੀਆਂ ਵਿਚੋਂ ਹੀ ਬਰਤਨਾਵੀ ਪੰਜਾਬੀ ਨਾਰੀ-ਕਾਵਿ ਆਪਣਾ ਸਿਧਾਂਤਕ ਚੌਖਟਾ ਗ੍ਰਹਿਣ ਕਰਦਾ ਹੈ। ਜੇਕਰ ਬਰਤਾਨਵੀ ਪੰਜਾਬੀ ਨਾਰੀ ਕਾਵਿ ਦੀ ਗੱਲ ਕਰੀਏ ਤਾਂ ਇਸਦਾ ਆਰੰਭ ਕੈਲਾਸ਼ ਪੁਰੀ ਦੁਆਰਾ 1967 ਵਿਚ ਇੰਗਲੈਂਡ ਪਰਵਾਸ ਕਰਨ ਉਪਰੰਤ 1973 ਵਿਚ ਛਪੇ ਉਸਦੇ ਕਾਵਿ-ਸੰਗ੍ਰਹਿ 'ਲਹੂ ਦਾ ਸਫ਼ਰ' ਨਾਲ ਹੁੰਦਾ ਹੈ। 1973 ਤੋਂ ਬਾਅਦ ਬਰਤਾਨਵੀ ਨਾਰੀ-ਕਾਵਿ ਨਿਰੰਤਰ ਵਿਕਾਸ ਕਰਦਾ ਦਿਖਾਈ ਦਿੰਦਾ ਹੈ। ਇਸ ਤੋਂ ਬਾਅਦ ਦੇਵਿੰਦਰ ਕੌਰ, ਦਲਵੀਰ ਕੌਰ ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦੇ ਪ੍ਰਮੁੱਖ ਹਸਤਾਖ਼ਰ ਹਨ। ਇਸਤੋਂ ਇਲਾਵਾ ਕਮਲ

ਇਕਾਰਸ਼ੀ, ਵੀਨਾ ਵਰਮਾ ਤੇ ਅਮਰ ਜਿਉਤੀ ਨੇ ਵੀ ਇਸ ਖੇਤਰ ਵਿਚ ਕਾਵਿ-ਸਿਰਜਣਾ ਕੀਤੀ ਹੈ। ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦਾ ਇਤਿਹਾਸਿਕ ਸਰਵੇਖ਼ਣ ਇਸ ਪ੍ਰਕਾਰ ਹੈ:

ਕੈਲਾਸ਼ ਪੁਰੀ (1928): ਪੰਜਾਬੀ ਸਾਹਿਤ ਦੀ ਬਹੁ-ਵਿਧਾਵੀ ਲੇਖਿਕਾ ਹੈ। ਉਸਨੂੰ ਪਰਵਾਸੀ ਜੀਵਨ ਦਾ ਡੂੰਘਾ ਅਨੁਭਵ ਹੈ ਕਿਉਂਕਿ ਉਸਨੇ ਆਪਣੀ ਜ਼ਿੰਦਗੀ ਦਾ ਵਧੇਰੇ ਹਿੱਸਾ ਅਫ਼ਰੀਕਾ ਤੇ ਯੂਰਪ ਦੇ ਦੇਸ਼ਾਂ ਵਿਚ ਹੀ ਗੁਜ਼ਾਰਿਆ ਹੈ, ਜਿਸ ਕਾਰਨ ਉਸਨੂੰ ਉੱਥੋਂ ਦੇ ਜੀਵਨ ਦਾ ਡੂੰਘਾ ਅਨੁਭਵ ਹੈ। ਉਸਦੇ ਕਾਵਿ-ਸੰਗ੍ਰਿਹਾਂ ਦਾ ਵੇਰਵਾ ਇਸ ਪ੍ਰਕਾਰ ਹੈ: ਬਿਬਿਨੀ(1966), ਲਹੂ ਦਾ ਸਫ਼ਰ(1973), ਨਾ ਸੀਮਾ ਨਾ ਸੰਮਤੀ(1989), ਪੈਗ਼ਾਮੇ ਮੁਹੱਬਤ(2002) ਮੇਰੀ ਕਵਿਤਾ(2002) । ਉਸ ਦੁਆਰਾ 1966 ਵਿਚ ਰਚਿਤ ਕਾਵਿ-ਸੰਗ੍ਰਹਿ 'ਬਿਬਿਨੀ' ਨਾਲ ਸਮੁੱਚੇ ਪਰਵਾਸੀ ਪੰਜਾਬੀ ਨਾਰੀ-ਕਾਵਿ ਦਾ ਆਰੰਭ ਹੁੰਦਾ ਹੈ। ਕੈਲਾਸ਼ ਪੁਰੀ ਦੀ ਕਵਿਤਾ ਦਾ ਵਡੇਰਾ ਹਿੱਸਾ ਭਾਰਤੀ/ਪੰਜਾਬੀ ਸਮਾਜ ਦੀ ਬਜਾਇ ਅਫ਼ਰੀਕੀ/ਯੂਰਪੀ ਸਮਾਜ-ਸਭਿਆਚਾਰ ਦੀ ਪੇਸ਼ਕਾਰੀ ਵਧੇਰੇ ਕਰਦੀ ਹੈ। ਉਸਦੀ ਕਵਿਤਾ ਵਿੱਚ ਨਿੱਜੀ ਤੇ ਬਾਹਰਮੁਖੀ ਦੋਨੋਂ ਤਰ੍ਹਾਂ ਦੇ ਸਰੋਕਾਰ ਰੂਪਮਾਨ ਹੁੰਦੇ ਹਨ। ਉਹ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿੱਚ ਵਿਚਰਦੀ ਰਹੀ ਹੈ ਜਿਸ ਕਾਰਨ ਉਸਦੀ ਸ਼ਾਇਰੀ ਵਿੱਚ ਰਾਸ਼ਟਰੀ/ਪਾਰ-ਰਾਸ਼ਟਰੀ ਮਸਲਿਆਂ/ਮੁੱਦਿਆਂ ਦੀ ਪੇਸ਼ਕਾਰੀ ਵਧੇਰੇ ਮਿਲਦੀ ਹੈ। ਹੋਰਨਾਂ ਪਰਵਾਸੀ ਸ਼ਾਇਰਾਵਾਂ ਦੀ ਤਰ੍ਹਾਂ ਉਸਦੀ ਕਵਿਤਾ ਨਾਰੀਵਾਦੀ ਚੌਖਟਿਆਂ ਤਕ ਮਹਿਦੂਦ ਨਹੀ ਰਹਿੰਦੀ ਸਗੋਂ ਸਮੁੱਚੀ ਮਾਨਵੀ ਹੋਂਦ ਲਈ ਵੰਗਾਰ ਬਣੇ ਕਈ ਰਾਸ਼ਟਰੀ/ਅੰਤਰ-ਰਾਸ਼ਟਰੀ ਸੰਕਟਾਂ ਦੀ ਨਿਸ਼ਾਨਦੇਹੀ ਕਰਦੀ ਹੋਈ ਉਹਨਾਂ ਨਾਲ ਦਸਤਪੰਜਾ ਵੀ ਲੈਂਦੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਭਾਈਚਾਰਕ ਸਾਂਝ ਪੈਦਾ ਕਰਨਾ ਉਸਦੀ ਕਵਿਤਾ ਦਾ ਮੂਲ ਉਦੇਸ਼ ਹੈ। ਉਹ ਵਿਸ਼ਵ ਪੱਧਰ 'ਤੇ ਪਸਰੇ ਆਤੰਕਵਾਦ/ ਫ਼ਿਰਕਾਪ੍ਰਸਤੀ ਪ੍ਰਤੀ ਨਾਬਰੀ ਦਾ ਸ਼ਕਤੀਸ਼ਾਲੀ ਪ੍ਰਵਚਨ ਸਿਰਜਦੀ ਹੈ:

ਉਹ ਵੇਲਾ ਹੁਣ ਦੂਰ ਨਹੀਂ ਹੈ
ਸੁੱਟ ਸੰਗੀਨਾਂ ਭੰਨ ਕੇ ਤੋਪਾਂ
ਹੱਦਾਂ-ਬੰਨੇ ਲੰਘ ਕੇ ਸਾਰੇ
ਵੈਰ-ਵਿਰੋਧ ਦੀ ਚਿਖਾ ਜਲਾਈਏ
ਨਫ਼ਰਤ ਬੀਜ ਨੂੰ ਸਾੜ-ਪੀਸ ਕੇ
ਸਾਮਰਾਜ ਮੱਥੇ 'ਤੇ ਲਾ ਕੇ
ਪਾਕ-ਹਿੰਦ ਦਾ ਨਾਂ ਰੁਸ਼ਨਾਈਏ।[2]

ਉਸਦੇ ਕਾਵਿ ਦੀ ਮੂਲ ਵਿਸ਼ੇਸ਼ਤਾ ਉਸਦੀ ਦੀਰਘ ਜੀਵਨ ਦ੍ਰਿਸ਼ਟੀ ਹੈ ਜੋ ਉਸਨੇ ਵਿਸ਼ਵ ਦੇ ਵੱਖ ਵੱਖ ਮੁਲਕਾਂ ਵਿੱਚ ਵਿਚਰਦਿਆਂ ਗ੍ਰਹਿਣ ਕੀਤੀ। ਉਸਦੀ ਕਵਿਤਾ ਨੂੰ ਪੜ੍ਹਦਿਆਂ ਵਿਸ਼ਵ ਦੇ ਵੱਖ-ਵੱਖ ਦੇਸਾਂ ਦੇ ਸਮਾਜ-ਸਭਿਆਚਾਰ ਤੇ ਭਗੋਲਿਕ ਪ੍ਰਸਥਿਤੀਆਂ ਬਾਰੇ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ। ਉਸਦੀ ਕਵਿਤਾ ਸੰਬੰਧੀ ਪ੍ਰੀਤਮ ਸਿੰਘ ਕੈਂਬੋ ਦੇ ਵਿਚਾਰ ਹਨ: "ਕਵੀ ਨੇ ਨਿੱਜ-ਮਨ ਦੀ ਪੀੜਾ ਵੀ ਗਾਈ ਹੈ। ਪਰਵਾਸੀ ਜ਼ਿੰਦਗੀ ਦੀ ਭੱਜ-ਦੌੜ ਤੇ ਪਦਾਰਥਕਤਾ ਦੇ ਚੱਕਰ ਵਿੱਚ ਮਾਨਸਿਕ ਹੁਲਾਰੇ ਦੀ ਅਤ੍ਰਿਪਤੀ ਦੇ ਅਹਿਸਾਸਾਂ ਨੂੰ ਵੀ ਕਵਿਤਾਇਆ ਹੈ। ਦੇਸ਼-ਪ੍ਰੇਮ ਦੇ ਜਜ਼ਬਿਆਂ ਤੇ ਪੀੜਾਂ-ਭਰਪੂਰ ਅਹਿਸਾਸਾਂ ਨੂੰ ਵੀ ਕਾਵਿ-ਅਨੁਭੂਤੀ ਬਖਸ਼ੀ ਹੈ। ਉਸਦੀ ਕਵਿਤਾ ਦੀ ਵਿਲੱਖਣਤਾ ਉਸਦੀ ਵਿਸ਼ਾਲ ਜੀਵਨ ਦ੍ਰਿਸ਼ਟੀ ਹੈ ਜੋ ਉਸ ਨੇ ਵਿੰਭਿਨ ਦੇਸ਼ਾਂ ਦੇ ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਜੀਵਨ ਤੇ ਤਜ਼ਰਬੇ ਵਿਚੋਂ ਪ੍ਰਾਪਤ ਕੀਤੀ ਹੈ।"[3] ਭਾਰਤ/ਪੰਜਾਬ ਦੀਆਂ ਸਮਕਾਲੀਨ ਪ੍ਰਸਥਿਤੀਆਂ/ਘਟਨਾਵਾਂ ਉਸਦੀ ਕਾਵਿ-ਸਿਰਜਣਾ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ। ਇਸ ਕਰਕੇ ਉਸਦੀ ਕਵਿਤਾ ਵਿੱਚ ਭਾਰਤ/ਪੰਜਾਬ ਵਿੱਚ ਵਾਪਰੀ ਹਰ ਮਹੱਤਵਪੂਪਨ ਘਟਨਾ ਪ੍ਰਤੀ ਭਾਵੁਕ ਪ੍ਰਗਟਾਵਾ ਮਿਲਦਾ ਹੈ। ਆਪਣੀ ਕਵਿਤਾ 'ਤਾਸ਼ਕੰਦ' ਵਿੱਚ ਉਹ ਅਫ਼ਰੀਕਾ ਬੈਠੀ ਵੀ ਨਹਿਰੂ ਦੀ ਮੌਤ 'ਤੇ ਡੂੰਘਾ ਸ਼ੋਕ ਪ੍ਰਗਟ ਕਰਦੀ ਹੈ। ਉਹ ਆਪਣੀ ਜਨਮ-ਭੂਮੀ ਨਾਲ ਬਹੁਤ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਉਹ ਭਾਰਤ ਵਿਚ ਨਿਘਰਦੇ ਜਾਂਦੇ ਹਲਾਤਾਂ ਪ੍ਰਤੀ ਲੋਕਾਂ ਨੂੰ ਚੇਤਨ ਕਰਦੀ ਹੋਈ ਇਸ ਤਰ੍ਹਾਂ ਦੇ ਮਾਹੌਲ ਪ੍ਰਤੀ ਇਕਜੁਟ ਹੋਕੇ ਲੜਨ ਲਈ ਪ੍ਰੇਰਦੀ ਹੈ। ਕੈਲਾਸ਼ ਪੁਰੀ ਪਰਦੇਸ ਬੈਠੀ ਵੀ ਭਾਰਤ/ਪੰਜਾਬ ਦੀ ਸਮਾਜਿਕ-ਰਾਜਸੀ ਪ੍ਰਸਥਿਤੀਆਂ ਨੂੰ ਨੇੜਿਓਂ ਵਾਚਦੀ ਹੈ ਤੇ ਉਸਦਾ ਅੰਤਰ ਮਨ ਭਾਰਤ ਦੀ ਤਰੱਕੀ ਦੀ ਕਾਮਨਾ ਕਰਦਾ ਹੈ:

ਇਕ ਘੜੀ ਨਾ ਹੋਰ ਲੰਘਾਓ

ਕੋਝੀ ਵੰਡ, ਚੋਰ-ਬਾਜ਼ਾਰੀ

ਸੱਟੇਬਾਜੀ ਝੱਟ ਮੁਕਾਉ

ਮਾਨਵਤਾ ਦੀ ਸੱਚੀ ਸੇਵਾ

ਹਰ ਬੰਦੇ ਦੇ ਤਨ 'ਤੇ ਕਪੜਾ

ਰੱਜ ਦੀ ਰੋਟੀ

ਭਾਰਤ ਮਾਂ ਦੀ ਲਾਜ ਵਧਾਓ[4]

ਕੈਲਾਸ਼ ਪੁਰੀ ਦੀ ਕਵਿਤਾ ਦਾ ਸਮੁੱਚੇ ਰੂਪ ਵਿਚ ਅਧਿਐਨ ਕਰਨ ਉਪਰੰਤ ਇਹ ਮੂਲ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਉਸਦੀ ਕਵਿਤਾ ਕਿਸੇ ਵਿਸ਼ੇਸ ਰਾਸ਼ਟਰ, ਵਿਸ਼ੇਸ ਸਭਿਆਚਾਰ ਤੋਂ ਪਾਰ ਵਿਚਰਦੀ ਹੋਈ ਸਮੁੱਚੀ ਮਾਨਵ ਜਾਤੀ ਦੇ ਮਸਲਿਆਂ ਨੂੰ ਆਪਣੇ ਕਲੇਵਰ ਵਿਚ ਲੈਣ ਦਾ ਯਤਨ ਕਰਦੀ ਹੈ। ਉਹ ਅੰਤਰਰਾਸ਼ਟਰੀ ਪੱਧਰ 'ਤੇ ਪਸਰੇ ਆਤੰਕਵਾਦ ਤੇ ਸਾਮਰਾਜਵਾਦੀ ਸ਼ਕਤੀਆਂ ਦੁਆਰਾ ਕਮਜੋਰ ਮੁਲਕਾਂ ਦੀ ਹੁੰਦੀ ਅੰਨ੍ਹੀ ਲੁੱਟ ਵਿਰੁੱਧ ਆਵਾਜ਼ ਬੁਲੰਦ ਕਰਦੀ ਹੈ। ਉਸਦੀ ਕਵਿਤਾ ਦਾ ਵਡੇਰਾ ਹਿੱਸਾ ਅਫ਼ਰੀਕਾ ਤੇ ਯੂਰਪੀਅਨ ਦੇਸ਼ਾਂ ਦੇ ਸਮਾਜ-ਸਭਿਆਚਾਰ ਦੇ ਤਾਣੇ-ਬਾਣੇ ਦੀ ਪੇਸ਼ਕਾਰੀ ਕਰਦਾ ਹੈ। **ਦੇਵਿੰਦਰ ਕੌਰ (1948)** : ਬਰਤਾਨਵੀ ਪੰਜਾਬੀ ਕਵਿਤਾ ਤੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਹੈ। ਉਹ 1994 ਵਿੱਚ ਇੰਗਲੈਂਡ ਪਰਵਾਸ ਕਰਦੀ ਹੈ। ਉਸਦੇ ਕਾਵਿ-ਸੰਗ੍ਰਹਿ ਇਸ ਪ੍ਰਕਾਰ ਹਨ: 'ਇਸਤੋਂ ਪਹਿਲਾਂ ਕਿ' (1981), 'ਨੰਗੀਆਂ ਸੜਕਾਂ ਦੀ ਦਾਸਤਾਨ' (1997), 'ਅਗਨ ਚੋਲਾ' (2002) ਅਤੇ 'ਸਫ਼ਰ'(2010)। ਬੇਸ਼ੱਕ ਦੇਵਿੰਦਰ ਕੌਰ 1981 ਤੋਂ ਨਿਰੰਤਰ ਕਾਵਿ ਸਿਰਜਣਾ ਕਰਦੀ ਰਹੀ ਹੈ ਪਰ ਇੰਗਲੈਂਡ ਪਰਵਾਸ ਧਾਰਨ ਕਰਨ ਉਪਰੰਤ 1997 ਵਿਚ ਦੇਵਿੰਦਰ ਚੰਦਨ ਦੇ ਨਾਮ ਅਧੀਨ ਉਸਦਾ ਕਾਵਿ-ਸੰਗ੍ਰਿਹ 'ਨੰਗੀਆਂ ਸੜਕਾਂ ਦੀ ਦਾਸਤਾਨ' ਪ੍ਰਕਾਸ਼ਿਤ ਹੁੰਦਾ ਹੈ ਜੋ ਪੱਛਮੀ ਸਮਾਜ-ਸਭਿਆਚਾਰ ਨਾਲ ਸੰਵਦ ਰਚਾਉਂਦਾ ਹੈ। ਜੇਕਰ ਦੇਵਿੰਦਰ ਦੀ ਸਮੁੱਚੀ ਕਵਿਤਾ ਦੇ ਸੰਦਰਭ ਵਿਚ ਗੱਲ ਕੀਤੀ ਜਾਵੇ ਤਾਂ ਸਮਕਾਲੀ ਗਲੋਬਲੀ ਪ੍ਰਸੰਗ ਵਿਚ ਔਰਤ ਦੀ ਦਸ਼ਾ ਤੇ ਦਿਸ਼ਾ ਦੀ ਪੇਸ਼ਕਾਰੀ ਕਰਨਾ ਉਸਦੀ ਕਵਿਤਾ ਦਾ ਪ੍ਰਮੁਖ ਪ੍ਰਯੋਜਨ ਹੈ। ਉਸਦੀ ਸ਼ਾਇਰੀ ਦੇ ਕੇਂਦਰ ਵਿਚ ਸਿਰਫ਼ ਪੰਜਾਬੀ/ਭਾਰਤੀ ਔਰਤ ਹੀ ਨਹੀਂ ਹੈ ਸਗੋਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਦੁਖਾਂਤ ਭੋਗਦੀ ਨਾਰੀ ਹੈ। ਇਸ ਸੰਬੰਧੀ ਡਾ. ਜਸਪਾਲ ਕੌਰ ਦਾ ਕਥਨ ਹੈ, "ਸ਼ਾਇਰਾ ਦੇਵਿੰਦਰ ਕੌਰ ਤਾਂ ਨਾਰੀ ਹਸਤੀ ਦੀ ਪਹਿਚਾਣ ਵੇਲੇ ਵਿਸ਼ਵ ਧਰਾਤਲ ਤੀਕ ਇਸ ਨੂੰ ਫੈਲਾਅ ਕੇ ਦੇਖਦੀ ਹੈ। ਜਿਥੇ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿਚ ਵੱਸਦੀ ਨਾਰੀ ਦੀ ਹੋਂਦ ਥੋੜ੍ਹੇ-ਬਹੁਤ ਫ਼ਰਕ ਨਾਲ ਇਕ ਦੂਜੀ ਨਾਲ ਮੇਲ ਖਾਂਦੀ ਕਹੀ ਜਾ ਸਕਦੀ ਹੈ।"[5] ਨਾਰੀਵਾਦੀ ਪ੍ਰਵਚਨ ਉਸਦੀ ਕਵਿਤਾ ਦਾ ਮੂਲ ਸਾਰ-ਤੱਤ ਹੈ। ਉਹ ਦੇਸ਼, ਕੌਮ, ਨਸਲ ਅਤੇ ਧਰਮ ਦੀਆਂ ਹੱਦਬੰਦੀਆਂ ਤੋਂ ਉੱਪਰ ਉੱਠ ਕੇ ਸਮੁੱਚੀ ਔਰਤ ਜਾਤੀ ਦੇ ਮਸਲਿਆਂ ਨੂੰ ਕਲਮਬੱਧ ਕਰਦੀ ਹੈ:

ਕੰਮ ਤੇ ਨਾਲ ਦੀਆਂ ਕੁਲੀਗਜ਼ ਨਾਲ
ਹੱਸਦਿਆਂ ਗੱਲਾਂ ਕਰਦਿਆਂ ਸ਼ਸ਼ੀ ਤੇ ਲਾਂਡਾ
ਅਨੀਲਾ ਤੇ ਪੀਨਾ
ਸਰਲਾ ਤੇ ਨੌਰਮਾ
ਵਿਚਲਾ ਫ਼ਰਕ ਮਿਟ ਜਾਂਦਾ ਹੈ।[6]

ਦੇਵਿੰਦਰ ਦੀ ਕਵਿਤਾ ਭਾਰਤੀ/ਪੰਜਾਬੀ ਸਮਾਜ ਵੱਲੋਂ ਔਰਤ ਦੇ ਅਸਤਿਤਵ ਨੂੰ ਨਿਗੂਣਾ ਕਰਕੇ ਵੇਖਣ ਦੀ ਪ੍ਰਵਿਰਤੀ ਦਾ ਵਿਰੋਧ ਕਰਦੀ ਹੈ। ਇਸ ਸਬੰਧੀ ਜੇਕਰ ਭਾਰਤੀ ਮਿੱਥਾਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹ ਮਿੱਥਾਂ ਜਿਆਦਾਤਰ ਔਰਤ ਦੇ ਵਿਰੋਧ ਵਿਚ ਹੀ ਭੁਗਤਦੀਆਂ ਆ ਰਹੀਆਂ ਹਨ। ਇਹਨਾਂ ਮਿੱਥਾਂ ਜ਼ਰੀਏ ਹੀ ਪਿੱਤਰਕੀ ਔਰਤ ਨੂੰ ਆਪਣੇ ਨਿਯੰਤਰਣ ਵਿਚ ਰੱਖਣ ਵਿਚ ਸਫ਼ਲ ਹੁੰਦੀ ਆਈ ਹੈ। ਉਹ ਭਾਰਤੀ/ਪੰਜਾਬੀ ਅਵਚੇਤਨ ਵਿਚ ਪਈਆਂ ਮਿੱਥਾਂ ਨੂੰ ਪੁਨਰ-ਪਰਿਭਾਸ਼ਿਤ (Reconstruct) ਕਰਕੇ ਨਾਰੀ ਦੀ ਅਸਲ ਪਛਾਣ ਨੂੰ ਉਭਾਰਨ ਦਾ ਯਤਨ ਕਰਦੀ ਹੈ:

ਉਹ ਮਾਂ ਬਣਨਾ ਲੋਚਦੀ ਸੀ
ਕਿਸੇ ਗੱਭਰੂ ਦੇ ਪੁੱਤ ਦੀ
ਤੁਸੀਂ ਉਸਦੀ ਝੋਲੀ
ਬੁੱਢੇ ਸਲਵਾਨ ਦਾ ਰਸਾਲੂ ਪਾਇਆ।[7]

ਦੇਵਿੰਦਰ ਆਪਣੀ ਕਵਿਤਾ ਵਿਚ ਵਿਦੇਸ਼ਾਂ ਵਿਚ ਵਸ ਰਹੀਆਂ ਉਨ੍ਹਾਂ ਪੰਜਾਬੀ ਔਰਤਾਂ ਦੇ ਦੁੱਖਾਂ ਤੇ ਸੰਕਟਾਂ ਨੂੰ ਚਿਤਰਣ ਦੀ ਕੋਸ਼ਿਸ਼ ਕਰਦੀ ਹੈ ਜਿਹੜੀਆਂ ਆਪਣੀ ਧਰਤੀ ਤੇ ਪਰਿਵਾਰਾਂ ਤੋਂ ਦੂਰ ਰੋਜ਼ੀ ਰੋਟੀ ਤੇ ਆਤਮ ਸਨਮਾਨ ਦੀ ਲੜਾਈ ਲੜ ਰਹੀਆਂ ਹਨ। ਉਹ ਪੰਜਾਬੀ ਔਰਤ ਦੁਆਰਾ ਪਰਵਾਸ ਧਾਰਨ ਕਰਨ ਉਪਰੰਤ ਭਾਰਤ/ਪੰਜਾਬ ਵਸਦੇ ਆਪਣੇ ਕਰੀਬੀ ਰਿਸ਼ਤਿਆਂ ਤੋਂ ਟੁੱਟਣ ਦੇ ਸੰਤਾਪ ਨੂੰ ਕਰੁਣਾਮਈ ਭਾਸ਼ਾ ਰਾਹੀਂ ਪ੍ਰਗਟਾਉਂਦੀ ਹੈ। ਨਾਰੀ ਲਈ ਪਰਵਾਸ ਹਮੇਸ਼ਾ ਮਰਦ ਨਾਲੋਂ ਜਿਆਦਾ ਤ੍ਰਾਸਦਿਕ ਹੁੰਦਾ ਹੈ। ਔਰਤ ਨੂੰ ਹਮੇਸ਼ਾ ਦੋਹਰਾ ਪਰਵਾਸ ਹੰਢਾਉਣਾ ਪੈਂਦਾ ਹੈ। ਦੇਵਿੰਦਰ ਪਰਵਾਸੀ ਪੰਜਾਬੀ ਔਰਤ ਦੀ ਇਸ ਮੂਕ ਵੇਦਨਾ ਤੇ ਆਪਣੇ ਨੇੜਲੇ ਰਿਸ਼ਤਿਆਂ ਨੂੰ ਮਿਲਣ ਦੀ ਸੱਧਰ ਨੂੰ ਆਪਣੀ ਸ਼ਾਇਰੀ ਰਾਹੀਂ ਬੜੇ ਭਾਵਪੂਰਤ ਢੰਗ ਨਾਲ ਬਿਆਨਦੀ ਹੈ:

ਦੂਰ ਸਮੁੰਦਰੋਂ ਪਾਰ
ਫ਼ਾਸਲੇ 'ਤੇ ਬੈਠੀ
ਮੈਂ ਮਾਂ ਮਗਰ ਦੋੜਦੀ ਹਾਂ।
ਫੋਨ ਕਰਦੀ ਹਾਂ
ਭਰਜਾਈ ਚੁੱਕਦੀ ਹੈ

Volume: 13, March 2026 ISSN: 2394-0980
PP: 187-199

ਗੱਲ ਨਹੀਂ ਔੜਦੀ

ਖ਼ਾਮੋਸ਼ੀ ਤੈਹਾਂ ਫ਼ਰੋਲਦੀ

ਲੱਭ ਰਹੀ ਹੈ ਮਾਂ ਦੀ ਆਵਾਜ਼[8]

ਮੰਡੀ ਸਭਿਆਚਾਰ ਆਪਣੇ ਸ਼ਕਤੀਸ਼ਾਲੀ ਸੰਦ ਤੇ ਵਾਹਕ ਮੀਡੀਆ ਜ਼ਰੀਏ ਔਰਤ ਦੀ ਦੇਹ ਨੂੰ ਇਕ ਵਸਤੂ (Product) ਵਜੋਂ ਪ੍ਰਚਾਰ/ਪ੍ਰਸਾਰ ਰਿਹਾ ਹੈ। ਇਸ ਪ੍ਰਚਾਰ ਨੇ ਮਰਦ ਦੀ ਔਰਤ ਪ੍ਰਤੀ ਭੋਗਵਾਦੀ ਪ੍ਰਵਿਰਤੀ ਨੂੰ ਹੋਰ ਪ੍ਰਚੰਡ ਕੀਤਾ ਹੈ। ਔਰਤ ਦੀ ਪਛਾਣ ਇਕ ਭੋਗਣਯੋਗ ਵਸਤੂ ਵਜੋਂ ਉਭਾਰੀ ਜਾ ਰਹੀ ਹੈ। ਇਹਨਾਂ ਸਭ ਵਰਤਾਰਿਆਂ ਨੂੰ ਦੇਵਿੰਦਰ ਆਪਣੀ ਸ਼ਾਇਰੀ ਦੇ ਸੰਵਾਦ ਦਾ ਹਿੱਸਾ ਬਣਾਉਂਦੀ ਹੈ। ਉੱਤਰ ਆਧੁਨਿਕ ਸਮੇਂ ਵਿਚ ਔਰਤ ਮੁਕਤੀ ਦਾ ਜੋ ਭਰਮ ਸਿਰਜਿਆ ਜਾ ਰਿਹਾ ਹੈ, ਇਸ ਭਰਮ/ਪ੍ਰਚਾਰ ਪਿੱਛੇ ਕਾਰਜਸ਼ੀਲ ਨਾਰੀ ਨੂੰ ਭੋਗਣ/ਵਰਤਣ ਦੀ ਰੁੱਚੀ/ਰਾਜਨੀਤੀ ਨੂੰ ਉਹ ਆਪਣੀ ਸ਼ਾਇਰੀ ਰਾਹੀਂ ਨਸ਼ਰ ਕਰਦੀ ਹੈ:

ਕੱਚੀਆਂ ਕਲੀਆਂ ਕਚਨਾਰ ਜਹੀਆਂ

ਹੁਸਨਾਂ ਦੇ ਬਾਜ਼ਾਰ ਦੀਆਂ ਰੌਣਕਾਂ

ਜਿਸਮ-ਮੰਡੀ ਵਿਚ ਵਿਕਦੀਆਂ

ਕੂਲੇ ਕੂਲੇ ਮਲੂਕ ਜਿਹੇ ਨਾਜ਼ੁਕ ਫੁੱਲ

ਕੁਝ ਸ਼ੋਖ਼ ਕੁਝ ਸਫਿਆਨੇ ਰੰਗਾਂ ਵਾਲੇ

ਸਕਾਫ਼ਤੀ ਖ਼ੂਨ ਦਾ ਸੌਦਾ

ਮੰਡੀ ਭਾਸ਼ਾ ਨਾਲ ਵਟਾਉਣ ਲਈ ਮਜਬੂਰ ਹੁੰਦੇ ਹਨ।[9]

ਦੇਵਿੰਦਰ ਕੌਰ ਦੀ ਸਮੁੱਚੀ ਸ਼ਾਇਰੀ ਨੂੰ ਵਿਚਾਰਦਿਆਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਦੇਵਿੰਦਰ ਦੀ ਮੂਲ ਸੁਰ ਨਾਰੀਵਾਦੀ ਹੈ। ਉਸਦੀ ਸ਼ਾਇਰੀ ਦਾ ਵਡੇਰਾ ਹਿੱਸਾ ਨਾਰੀ-ਜੀਵਨ ਨਾਲ ਸੰਬੰਧਿਤ ਮਸਲਿਆਂ ਨੂੰ ਚਿਤਰਦਾ ਹੈ। ਉਸਦੀ ਕਵਿਤਾ ਮਿਥਿਹਾਸਕ ਯੁੱਗ ਤੋਂ ਲੈ ਕੇ ਉੱਤਰ-ਆਧੁਨਿਕ ਸਮੇਂ ਤਕ ਕਾਰਜਸ਼ੀਲ ਨਾਰੀ-ਵਿਰੋਧੀ ਵਰਤਾਰਿਆਂ ਨੂੰ ਉਭਾਰ ਕੇ ਉਨ੍ਹਾਂ ਨੂੰ ਆਪਣੇ ਪ੍ਰਵਚਨ ਦਾ ਹਿੱਸਾ ਬਣਾਉਂਦੀ ਹੈ। ਉਹ ਨਾਰੀ ਅਸਤਿਤਵ ਨੂੰ ਪੁਨਰ-ਪਰਿਭਾਸ਼ਿਤ ਕਰਨ ਲਈ ਮਿੱਥਾਂ ਨੂੰ ਪੁਨਰ-ਪਰਿਭਾਸ਼ਤ ਵੀ ਕਰਦੀ ਹੈ ਇਸ ਤਰ੍ਹਾਂ ਉਸਦਾ ਕਾਵਿ-ਸੰਵਾਦ ਨਾਰੀਵਾਦੀ ਚੌਖਟਿਆਂ ਤੋਂ ਪਾਰ ਜਾਂਦਾ ਹੋਇਆ ਵਿਸ਼ਵੀ ਸਰੂਪ ਧਾਰਨ ਕਰ ਲੈਂਦਾ ਹੈ। **ਦਲਵੀਰ ਕੌਰ(1966):** ਦਲਵੀਰ ਕੌਰ ਦਾ ਪਰਵਾਸੀ ਪੰਜਾਬੀ ਕਵਿਤਾ ਵਿੱਚ ਮਹੱਤਵਪੂਰਨ ਸਥਾਨ ਹੈ। 1985 ਤੋਂ ਉਹ ਇੰਗਲੈਂਡ ਵਿੱਚ

Volume: 13, March 2026 ISSN: 2394-0980
PP: 187-199

ਰਹਿ ਰਹੀ ਹੈ। ਹੁਣ ਤਕ ਉਸਦੇ ਤਿੰਨ ਕਾਵਿ-ਸੰਗ੍ਰਹਿ 'ਸੋਚ ਦੀ ਦਹਿਲੀਜ਼ 'ਤੇ' (2003), 'ਅਹਿਦ'(2009) ਤੇ 'ਹਾਸਿਲ' (2013) ਪ੍ਰਕਾਸ਼ਿਤ ਹੋ ਚੁੱਕੇ ਹਨ। ਉਸਦੀ ਕਵਿਤਾ ਜੀਵਨ ਦੇ ਵੱਖ ਵੱਖ ਪੜਾਵਾਂ ਨੂੰ ਪਾਰ ਕਰਦੀ ਹੋਈ ਚਿੰਤਾ ਤੋਂ ਚਿੰਤਨ ਤਕ ਦਾ ਸਫ਼ਰ ਤੈਅ ਕਰਦੀ ਹੈ। ਉਹ ਆਪਣੀ ਕਾਵਿ-ਵਸਤੂ ਦੇ ਪ੍ਰਗਟਾਵੇ ਲਈ ਮਨੋਵਿਗਿਆਨਕ, ਯਥਾਰਥਕ, ਵਿਅੰਗਾਤਮਕ, ਪ੍ਰਸ਼ਨੋਤਰੀ, ਦਾਰਸ਼ਨਿਕ ਅਤੇ ਸੰਬੋਧਨੀ ਸ਼ੈਲੀ ਦੀ ਵਰਤੋਂ ਵਧੇਰੇ ਕਰਦੀ ਹੈ। ਦਲਵੀਰ ਦੀ ਕਵਿਤਾ ਨਿੱਜ ਤੋਂ ਲੈ ਕੇ ਰਾਸ਼ਟਰੀ/ਪਾਰ-ਰਾਸ਼ਟਰੀ ਮਸਲਿਆਂ/ ਮੁੱਦਿਆਂ ਨਾਲ ਸੰਵਾਦ ਰਚਾਉਂਦੀਂ ਹੈ। ਪਿੱਤਰਕੀ ਪ੍ਰਬੰਧ ਅਧੀਨ ਤ੍ਰਾਸਦਿਕ ਜੀਵਨ ਹੰਢਾ ਰਹੀ ਨਾਰੀ ਅਤੇ ਆਧੁਨਿਕ ਸੰਵੇਦਨਾ ਨਾਲ ਲੈਸ ਚੇਤਨ ਔਰਤ ਇਹ ਦੋਨੋਂ ਹੀ ਨਾਰੀ ਰੂਪ ਉਸਦੀ ਕਵਿਤਾ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਦਲਵੀਰ ਕੌਰ ਦੀ ਕਵਿਤਾ ਪੈਤਰਿਕ ਸਮਾਜ ਦੇ ਰੂੜੀਵਾਦੀ ਜਗੀਰੂ-ਪ੍ਰਬੰਧ ਦੇ ਪ੍ਰਤੀਰੋਧ ਵਜੋਂ ਨਾਰੀਵਾਦੀ ਵਿਚਾਰਧਾਰਾ ਨੂੰ ਖੜ੍ਹਾ ਕਰਦੀ ਹੈ। ਦਲਵੀਰ ਦੀ ਕਵਿਤਾ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਸਾਮੰਤੀ ਤੇ ਪੂੰਜੀਵਾਦੀ ਪ੍ਰਬੰਧ ਦੀ ਸੰਰਚਨਾ ਵਿਚ ਨਿਹਿਤ ਨਾਰੀ-ਵਿਰੋਧੀ ਤੱਤਾਂ ਨੂੰ ਪਛਾਣ ਕੇ ਆਪਣੀ ਕਵਿਤਾ ਦਾ ਮੂਲ ਵਸਤੂ ਬਣਾਉਣ ਦਾ ਯਤਨ ਕਰਦੀ ਹੈ। ਉਹ ਪਰੰਪਰਕ ਨਾਰੀ ਚੇਤਨਾ ਵਾਲੀ ਕਵਿਤਾ ਤੋਂ ਵਿੱਥ ਸਥਾਪਿਤ ਕਰਦੀ ਹੋਈ ਸਮਕਾਲੀ ਔਰਤ ਦੀਆਂ ਸਮੱਸਿਆਵਾਂ ਨੂੰ ਮਹਿਜ਼ ਪੇਸ਼ ਕਰਨ ਤਕ ਸੀਮਿਤ ਨਹੀ ਰਹਿੰਦੀ ਸਗੋਂ ਇਹਨਾਂ ਸਮੱਸਿਆਵਾਂ ਦੇ ਕਾਰਨਾਂ ਦੀ ਥਾਹ ਪਾਉਣ ਵੱਲ ਵਧੇਰੇ ਰੁਚਿਤ ਹੁੰਦੀ ਹੈ। ਡਾ. ਸਰਬਜੀਤ ਸਿੰਘ ਅਨੁਸਾਰ: "ਦਲਵੀਰ ਕੌਰ ਇੰਗਲੈਂਡ ਵਿਚ ਵਸਦੀ ਪੰਜਾਬੀ ਦੀ ਸੁਚੇਤ ਕਵਿੱਤਰੀ ਹੈ ਜੋ ਸ਼ਬਦ, ਵਿਚਾਰ, ਸੁਹਜ, ਭਾਸ਼ਾ ਅਤੇ ਰੂਪ ਪ੍ਰਤੀ ਚੇਤੰਨ ਹੈ। ਉਸਨੇ ਆਪਣਾ ਕਾਵਿ-ਆਰੰਭ ' ਸੋਚ ਦੀ ਦਹਿਲੀਜ਼ 'ਤੇ' ਪਰੰਪਰਿਕ ਨਾਰੀ ਚੇਤਨਾ ਵਾਲੀ ਕਵਿਤਾ ਤੋਂ ਆਰੰਭ ਕੀਤਾ ਸੀ ਪਰੰਤੂ ਅਹਿਦ ਅਤੇ ਹਾਸਿਲ ਕਾਵਿ ਸੰਗ੍ਰਹਿ ਤਕ ਪਹੁਚਦਿਆਂ ਜਿੱਥੇ ਉਹ ਰਵਾਇਤੀ ਕਵਿਤਾ ਤੋਂ ਮੁਕਤ ਹੁੰਦੀ ਹੈ, ਉੱਥੇ ਉਸਨੇ ਨਾਰੀ ਦੇ ਵਜੂਦ ਨਾਲ ਜੁੜੇ ਵਿਭਿੰਨ ਮਸਲਿਆਂ ਨੂੰ ਵਿਚਾਰਧਾਰਕ ਸੋਝੀ ਨਾਲ ਉਠਾਇਆ ਹੈ।"[10] ਉਹ ਕਈ ਦਹਾਕਿਆਂ ਤੋਂ ਵਿਦੇਸ਼ੀ ਧਰਤੀ 'ਤੇ ਵਿਚਰ ਰਹੀ ਹੈ ਜਿਸ ਕਾਰਨ ਪੱਛਮੀ ਜੀਵਨ ਤੇ ਪਰਵਾਸ ਨਾਲ ਸੰਬੰਧਤ ਅਨੇਕ ਗੁੰਝਲਾਂ ਦਾ ਉਸਨੂੰ ਗਹਿਰਾ ਅਨੁਭਵ ਹੈ। ਉਹ ਪੰਜਾਬੀਆਂ ਦੁਆਰਾ ਵਿਦੇਸ਼ ਜਾਣ ਦੀ ਕਾਮਨਾ ਤਹਿਤ ਵਰਤੇ ਜਾਂਦੇ ਜਾਇਜ਼/ਨਜਾਇਜ਼ ਹੱਥਕੰਡਿਆਂ ਨੂੰ ਵੀ ਤਿੱਖੀ ਸੁਰ ਵਿੱਚ ਨਸ਼ਰ ਕਰਦੀ ਹੈ। ਦਲਵੀਰ ਆਪਣੀ ਇੱਕ ਕਵਿਤਾ 'ਬਿਜੜਾ' ਵਿਚ ਪਰਵਾਸੀਆਂ ਦੀ ਸਭ ਕੁਝ ਹੁੰਦਿਆਂ ਵੀ ਬੇਘਰੇ ਹੋਣ ਦੀ ਅਵੱਸਥਾ ਨੂੰ 'ਬਿਜੜੇ' ਦੇ ਚਿਹਨ ਰਾਹੀਂ ਰੂਪਮਾਨ ਕਰਦੀ ਹੈ। ਉਸਦੀ ਸ਼ਾਇਰੀ ਪੱਛਮੀ ਮੁਲਕਾਂ ਦੀ ਪੂੰਜੀਵਾਦੀ ਤਰਜ਼ ਦੀ ਜੀਵਨ ਸ਼ੈਲੀ ਦੇ ਅਨੇਕ ਨਕਾਰਾਤਮਕ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਉਸਦੀ ਕਵਿਤਾ ਇਹਨਾ ਮੁਲਕਾਂ ਦੇ ਮਸਨੂਈ ਵਿਕਸਿਤ ਮਾਡਲ ਦੇ ਪਿਛੋਕੜ ਵਿਚ ਪਏ ਕੋਝੇ/ਅਣਮਨੁੱਖੀ ਯਥਾਰਥ ਨੂੰ ਸਤਾ 'ਤੇ ਉਭਾਰਨ ਦਾ ਯਤਨ ਕਰਦੀ ਹੈ। ਬੇਗਾਨੀ ਧਰਤੀ 'ਤੇ ਆਪਣੀ ਖੁਰ ਰਹੀ ਪਛਾਣ ਨੂੰ ਬਹਾਲ ਰੱਖਣ ਲਈ ਤਾਂਘਦੇ ਪਰਵਾਸੀ

Volume: 13, March 2026 ISSN: 2394-0980
PP: 187-199

ਪੰਜਾਬੀਆਂ ਦੀ ਬੇਬੱਸ ਮਾਨਸਿਕਤਾ ਨੂੰ ਪੇਸ਼ ਕਰਦੀ ਉਸਦੀ ਕਵਿਤਾ 'ਸਿਟੀਜਨਸ਼ਿਪ' ਇਸ ਸੰਦਰਭ ਵਿੱਚ ਵਿਚਾਰਨਯੋਗ ਹੈ:

ਦੂਜੇ ਹੀ ਪਲ
ਇੰਜ ਮਹਿਸੂਸ ਕੀਤਾ,
ਜਿਵੇਂ ਅਸਲੀ ਅੰਗ ਕੱਟ ਕੇ,
ਨਕਲੀ ਲਗਾ ਦਿੱਤੇ ਗਏ ਹੋਣ
ਭਾਰੇ ਜਿਹੇ ਪੈਰੀਂ
ਦਫ਼ਤਰ 'ਚੋ ਬਾਹਰ ਨਿਕਲੀ,
ਜਿਵੇਂ ਆਪਣੀ ਸ਼ਨਾਖਤ,
ਆਪਣੀ ਅਸਲੀਅਤ,
ਦਫ਼ਤਰ ਵਿੱਚ ਦਫ਼ਨਾ ਕੇ ਜਾ ਰਹੀ ਸਾਂ।[11]

ਉਹ ਔਰਤ ਦੀ ਸਮਕਾਲੀ ਸਮਾਜਿਕ ਸਥਿਤੀ ਨੂੰ ਹੀ ਨਹੀਂ ਉਭਾਰਦੀ ਸਗੋਂ ਮਨੋਵਿਗਿਆਨਕ ਕਿੱਤੇ ਨਾਲ ਸੰਬੰਧਿਤ ਹੋਣ ਕਰਕੇ ਆਪਣੀ ਕਵਿਤਾ ਵਿੱਚ ਔਰਤ ਦੀ ਮਨੋਅਵਸਥਾ ਨੂੰ ਵੀ ਪਕੜਨ ਦੀ ਕੋਸ਼ਿਸ਼ ਕਰਦੀ ਹੈ। ਮਨੋਵਿਗਿਆਨਕ ਕਿਤੇ ਨਾਲ ਸਬੰਧ ਹੋਣ ਕਾਰਨ ਉਸਦੀ ਕਵਿਤਾ ਵਿੱਚ ਅਜਿਹੀ ਸੁਰ ਉਪਜਣੀ ਸੁਭਾਵਿਕ ਹੈ। ਉਸਦੀ ਕਵਿਤਾ ਪੂੰਜੀਵਾਦੀ ਮੁਲਕਾਂ ਵਿਚ ਤਿੜਕ ਰਹੇ ਘਰ ਪਰਿਵਾਰ ਤੇ ਸਮਾਜਿਕ ਰਿਸ਼ਤਿਆਂ ਦਾ ਦੋਹਰਾ ਸੰਤਾਪ ਭੋਗਦੀ ਔਰਤ ਦੀ ਮਾਨਸਿਕ ਅਵਸਥਾ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਉਸਦੀ ਕਵਿਤਾ ਵਿੱਚ ਪਰਵਾਸੀ ਪਰਿਵੇਸ਼ ਵਿੱਚ ਖੁਰ ਰਿਹਾ ਘਰ ਕਿਸੇ ਨਾ ਕਿਸੇ ਰੂਪ ਵਿੱਚ ਸਾਡੇ ਸਾਹਮਣੇ ਪ੍ਰਗਟ ਹੁੰਦਾ ਰਹਿੰਦਾ ਹੈ।

ਘਰ ਦੀ ਕੰਧ ਤੋਂ ਇੱਕ ਇੱਟ
ਡਿੱਗ ਰਹੀ ਅੰਦਰ ਵੱਲ
ਅੱਭੜਵਾਹੀਂ ਬੱਤੀਆਂ ਜਗਾਣ ਦੌੜਦੀ ਹਾਂ
ਉਖੜੀ ਇੱਟ ਨੂੰ ਲੋਅ ਦੀ ਨਹੀਂ

ਖੋਜ ਪੰਧ (Khoj Pandh) Peer Reviewed Refereed Journal
Volume: 13, March 2026 ISSN: 2394-0980
PP: 187-199

ਗਾਰੇ ਦੀ ਜ਼ਰੂਰਤ ਹੈ।[12]

ਦਲਵੀਰ ਕੌਰ ਨੇ ਪ੍ਰਮੁੱਖ ਰੂਪ ਵਿੱਚ ਖੁੱਲ੍ਹੀ ਕਵਿਤਾ ਅਤੇ ਗੀਤਾਂ ਦੀ ਰਚਨਾ ਕੀਤੀ ਹੈ। ਇਸਤੋਂ ਇਲਾਵਾ ਉਸਦੀਆਂ ਕਈ ਲਘੂ ਕਵਿਤਾਵਾਂ ਵੀ ਮਿਲਦੀਆਂ ਹਨ। ਉਸਦੀਆਂ ਕੁਝ ਮਹੱਤਵਪੂਰਨ ਲਘੂ ਕਵਿਤਾਵਾਂ ਜੰਜ਼ੀਰ, ਆਤਮ ਖੋਜ, ਛੱਲ, ਸੀਮਾ, ਲਿਬਾਸ, ਹਾਸਿਲ, ਮੇਰਾ ਹਿੱਸਾ, ਪ੍ਰੇਤ, ਹੋਸ਼ ਆਦਿ ਹਨ। ਦਲਵੀਰ ਕੌਰ ਆਪਣੀ ਸ਼ਾਇਰੀ ਵਿੱਚ ਵਿਭਿੰਨ ਕਿਸਮ ਦੇ ਪ੍ਰਤੀਕ, ਬਿੰਬ, ਤੇ ਅਲੰਕਾਰਾਂ ਦੀ ਵਰਤੋਂ ਕਰਦੀ ਹੈ। ਉਹ ਪੰਜਾਬੀ ਤੋਂ ਇਲਾਵਾਂ ਅੰਗਰੇਜ਼ੀ, ਮਨੋਵਿਗਿਆਨ ਤੇ ਉਰਦੂ-ਫ਼ਾਰਸੀ ਸ਼ਬਦਾਵਲੀ ਦੀ ਵੀ ਭਰਪੂਰ ਵਰਤੋਂ ਕਰਦੀ ਹੈ। ਉਹ ਆਪਣੀ ਕਵਿਤਾ ਵਿਚ ਅੰਗਰੇਜ਼ੀ ਭਾਸ਼ਾ ਦੇ ਇੰਨਸਟੈਂਟ, ਅਪਾਰਟ, ਮੈਡਮ, ਇਲੈਕਟਰੋਨਿਕ, ਸਿਟੀਜਨਸ਼ਿਪ, ਕੇਅਰਹੋਮ, ਕੋਰਨਰ, ਕ੍ਰਿਸਮਿਸ, ਗਰਲ, ਗੌਡ, ਬਲੱਡੀ, ਬੀਸਟ, ਨੈਕਸਟ, ਫ਼ਰੈਸ਼, ਰਸੀਵ, ਲਵ, ਟੋਰਨ, ਸਪਾਇਡਰ, ਵਾਈਟ ਆਦਿ ਅਤੇ ਉਰਦੂ-ਫ਼ਾਰਸੀ ਦੇ ਆਮਦ, ਇਬਾਰਤ, ਹਦਾਇਤ, ਜਿਹਾਦ, ਖ਼ੈਰਾਤ, ਕੁਫ਼ਰ, ਕਿਆਮਤ, ਰੁਖ਼ਸਤ, ਰਹਿਮਤ, ਅਜ਼ਲ ਆਦਿ ਸ਼ਬਦਾਵਲੀ ਦੀ ਵਰਤੋਂ ਕਰਦੀ ਹੈ। ਦੁਆਬੇ ਖੇਤਰ ਨਾਲ ਸੰਬੰਧਿਤ ਹੋਣ ਕਰਕੇ ਦਲਵੀਰ ਦੀ ਕਵਿਤਾ ਵਿੱਚ ਦੁਆਬੀ ਉਪ-ਭਾਸ਼ਾ ਦੀ ਸ਼ਬਦਾਵਲੀ ਵੀ ਮਿਲਦੀ ਹੈ: ਚਿੜਕਦੀਆਂ, ਚੁਆਂਕਦੀ, ਚੋਭੇ, ਜ਼ੀਰਦਾ, ਡੰਮਣਾਂ, ਤ੍ਰਬਕ, ਤ੍ਰੀਮਤ, ਚੌਂਕਾ, ਜ਼ੰਮ, ਮੂਧਾ, ਮਤਾਂ, ਵਾਟਾਂ, ਵੀਣੀ, ਕਾਹੜਾ, ਨੱਸਣ, ਪਰਛੱਤੀ, ਤ੍ਰਕਾਲਾਂ ਆਦਿ। ਉਹ ਇਤਿਹਾਸਕ/ਮਿਥਿਹਾਸਕ ਪਾਤਰਾਂ ਜਿਵੇਂ ਸੱਸੀ, ਸੋਹਣੀ, ਹੀਰ-ਰਾਂਝਾ, ਬੁੱਧ, ਸਿਕੰਦਰ, ਮਾਈ ਭਾਗੋ, ਸੀਤਾ, ਦਰੋਪਦੀ, ਰਾਵਣ, ਚੰਡਿਕਾ ਆਦਿ ਨੂੰ ਆਪਣੀ ਕਵਿਤਾ ਵਿੱਚ ਪ੍ਰਤੀਕਾਤਮਕ ਰੂਪ ਵਿੱਚ ਪੇਸ਼ ਕਰਦੀ ਹੈ। ਇਸ ਤੋਂ ਇਲਾਵਾ ਕਮਲ ਇਕਾਰਸ਼ੀ (ਪ੍ਰੇਮ-ਪਿਆਸ), ਵੀਨਾ ਵਰਮਾ (ਜੀਅ ਕਰਦੈ), ਅਮਰ ਜਿਉਤੀ (ਵਕਤ, ਮੌਸਮ ਤੇ ਨਜ਼ਮ) ਵੀ ਬਰਤਾਨਵੀਂ ਪੰਜਾਬੀ ਨਾਰੀ-ਕਵਿਤਾ ਦੀਆਂ ਜ਼ਿਕਰਯੋਗ ਕਵਿੱਤਰੀਆਂ ਹਨ। ਵੈਸੇ ਤਾਂ ਅਮਰ ਜਿਉਤੀ ਨੀਦਰਲੈਂਡ ਦੀ ਸ਼ਾਇਰਾ ਹੈ ਤੇ ਉਸਨੇ ਅਪਣੀ ਵਧੇਰੇ ਕਾਵਿ-ਸਿਰਜਣਾ ਵੀ ਉਥੇ ਹੀ ਕੀਤੀ ਹੈ। ਪਰ ਉਹ 2009 ਤੋਂ ਲੰਡਨ ਵਿਚ ਰਹਿ ਰਹੀ ਹੈ। ਲੰਡਨ ਦੇ ਸਮਾਜ-ਸਭਿਆਚਾਰ ਵਿਚ ਵਿਚਰਦਿਆਂ ਉਸਨੇ ਇੱਕ ਕਾਵਿ-ਸੰਗ੍ਰਹਿ 'ਵਕਤ, ਮੌਸਮ ਤੇ ਨਜ਼ਮ'(2014) ਦੀ ਰਚਨਾ ਕੀਤੀ ਹੈ।

ਨਿਸ਼ਕਰਸ਼

ਬਰਤਾਨਵੀ ਪੰਜਾਬੀ ਨਾਰੀ-ਕਵਿਤਾ ਦਾ ਇਤਿਹਾਸਕ ਸਰਵੇਖ਼ਣ ਕਰਨ ਉਪਰੰਤ ਜੋ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ, ਉਨ੍ਹਾਂ ਤੱਥਾਂ ਦੇ ਆਧਾਰ 'ਤੇ ਇਹ ਆਖਿਆ ਜਾ ਸਕਦਾ ਹੈ ਕਿ ਪਰਵਾਸੀ ਪੰਜਾਬੀ ਨਾਰੀ-ਕਵਿਤਾ ਦਾ ਮੁੱਢ ਬੰਨਣ ਵਿਚ ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦੀ ਮਹੱਤਵਪੂਰਨ ਭੂਮਿਕਾ ਹੈ। ਬਰਤਾਨਵੀ ਪੰਜਾਬੀ ਨਾਰੀ-ਕਾਵਿ ਪੰਜਾਬ ਵਿਚ ਹੀ ਜੰਮੀਆਂ-ਪਲੀਆਂ ਲੇਖਿਕਾਵਾਂ ਵੱਲੋਂ ਰਚਿਆ ਗਿਆ ਹੈ ਜਿਸ ਕਰਕੇ ਇਸ ਕਵਿਤਾ ਵਿਚ ਔਰਤ ਦੀ ਪੇਸ਼ਕਾਰੀ ਵਧੇਰੇ ਕਰਕੇ ਪੰਜਾਬੀ ਸਮਾਜ-ਸਭਿਆਚਾਰ ਦੇ ਪ੍ਰਸੰਗ ਵਿਚ ਹੀ ਕੀਤੀ ਗਈ ਹੈ। ਇਸਤੋਂ

ਇਲਾਵਾ ਪੰਜਾਬੀ ਨਾਰੀ-ਲੇਖਿਕਾਵਾਂ ਪੱਛਮੀ ਸਮਾਜ ਵਿਚ ਵਿਚਰਦਿਆਂ ਨਾਰੀਵਾਦੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਉਥੋਂ ਦੀ ਚੇਤਨ ਔਰਤ ਦੇ ਬਿੰਬ ਨੂੰ ਵੀ ਉਭਾਰਦੀਆਂ ਹਨ। ਬਰਤਾਨਵੀ ਪੰਜਾਬੀ ਨਾਰੀ-ਕਵਿਤਾ ਦੀ ਸ਼ੁਰੂਆਤ 1970 ਤੋਂ ਬਾਅਦ ਕੈਲਾਸ਼ਪੁਰੀ ਦੇ ਕਾਵਿ-ਸੰਗ੍ਰਹਿ 'ਲਹੂ ਦੇ ਰੰਗ'(1973) ਦੇ ਪ੍ਰਕਾਸ਼ਿਤ ਹੋਣ ਨਾਲ ਹੁੰਦੀ ਹੈ। ਇਸਤੋਂ ਬਾਅਦ ਬਾਕੀ ਸ਼ਾਇਰਾਵਾਂ ਦੇਵਿੰਦਰ ਕੌਰ, ਦਲਵੀਰ ਕੌਰ, ਅਮਰ ਜਿਉਤੀ, ਕਮਲ ਇਕਾਰਸ਼ੀ ਆਦਿ ਬਰਤਾਨਵੀ ਪੰਜਾਬੀ ਨਾਰੀ ਕਵਿਤਾ ਦੇ ਵਿਕਾਸ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ। ਬਰਤਾਨਵੀ ਨਾਰੀ ਕਵਿਤਾ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਕੁਝ ਤੱਥ ਜਰੂਰ ਉਭਰਦੇ ਹਨ ਪਰ ਇਨ੍ਹਾਂ ਨੂੰ ਅਸੀਂ ਸਮੁੱਚੀ ਪਰਵਾਸੀ ਪੰਜਾਬੀ ਨਾਰੀ ਕਵਿਤਾ ਤੇ ਨਹੀਂ ਥੋਪ ਸਕਦੇ ਕਿਉਂਕਿ ਬਰਤਾਨਵੀ ਪੰਜਾਬੀ ਨਾਰੀ ਕਵਿਤਾ ਪਰਵਾਸੀ ਪੰਜਾਬੀ ਨਾਰੀ ਕਵਿਤਾ ਦਾ ਇੱਕ ਹਿੱਸਾ ਹੈ। ਜੇਕਰ ਪਰਵਾਸੀ ਨਾਰੀ-ਕਾਵਿ ਸੰਬੰਧੀ ਕਿਸੇ ਨਿਰਣੇ ਤੇ ਪਹੁਚਣਾ ਹੈ ਤਾਂ ਸਮੁੱਚੀ ਪਰਵਾਸੀ ਨਾਰੀ ਕਵਿਤਾ ਨੂੰ ਵੱਖਰੇ ਤੌਰ ਤੇ ਅਧਿਐਨ ਦਾ ਕੇਂਦਰ ਬਣਾਉਣਾ ਪਵੇਗਾ।

ਹਵਾਲੇ

1. ਧਨਵੰਤ ਕੌਰ (ਡਾ.), *ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ,* ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2018,ਪੰਨਾ-93
2. ਕੈਲਾਸ਼ ਪੁਰੀ, *ਮੇਰੀ ਕਵਿਤਾ*, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2002, ਪੰਨਾ-114
3. ਡਾ. ਪ੍ਰੀਤਮ ਸਿੰਘ, ਕੈਬੋਂ, *ਬਰਤਾਨਵੀ ਪੰਜਾਬੀ ਕਵਿਤਾ: ਇਕ ਦ੍ਰਿਸ਼ਟੀ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999,ਪੰਨਾ-161
4. ਕੈਲਾਸ਼ ਪੁਰੀ, *ਮੇਰੀ ਕਵਿਤਾ*, ਪੰਨਾ-117
5. ਡਾ. ਜਸਪਾਲ ਕੌਰ, *ਡਾਇਸਪੋਰਾ: ਸਾਹਿਤਕ ਪ੍ਰਵਚਨ*, ਆਰਸੀ ਪਬਲਿਸ਼ਰਜ਼, ਦਿੱਲੀ, 2017, ਪੰਨਾ-109
6. ਦੇਵਿੰਦਰ ਕੌਰ, *ਅਗਨ ਚੋਲਾ*, ਸਤਵੰਤ ਬੁੱਕ ਏਜੰਸੀ, ਦਿੱਲੀ, 2000, ਪੰਨਾ- 81
7. ਉਹੀ, ਪੰਨਾ- 66
8. *ਸਮਦਰਸ਼ੀ*, ਅੰਕ-142 (ਨਵੰਬਰ-ਦਸੰਬਰ), ਪੰਜਾਬੀ ਅਕਾਦਮੀ, ਦਿੱਲੀ,ਪੰਨਾ- 58
9. ਦੇਵਿੰਦਰ ਕੌਰ, *ਅਗਨ ਚੋਲਾ*, ਪੰਨਾ- 26
10. ਡਾ. ਸਰਬਜੀਤ ਸਿੰਘ, "ਦਲਵੀਰ ਕੌਰ: ਨਾਰੀ ਵਜੂਦ ਦਾ ਸੁਆਲੀਆ ਪ੍ਰਵਚਨ",*ਨਵੀ ਪੰਜਾਬੀ ਕਵਿਤਾ: ਪਛਾਣ ਤੇ ਸਰੋਕਾਰ*, ਡਾ. ਸਰਬਜੀਤ ਸਿੰਘ (ਸੰਪਾ.), ਦੀਪਕ ਪਬਲਿਸ਼ਰਜ਼ ਜਲੰਧਰ, 2015, ਪੰਨਾ-127
11. ਦਲਵੀਰ ਕੌਰ, *ਸੋਚਾਂ ਦੀ ਦਹਿਲੀਜ਼ 'ਤੇ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ-67
12. ਉਹ, ਪੰਨਾ-21

ਸੰਸਥਾਂ ਬਾਰੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਿਹਾ ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿਘ ਖ਼ਾਲਸਾ ਕਾਲਜ, ਪਟਿਆਲਾ ਪੰਜਾਬ ਦੀਆਂ ਉਚੇਰੀ ਸਿੱਖਿਆ ਵਾਲੀਆਂ ਵਿਦਿਅਕ ਸੰਸਥਾਵਾਂ ਵਿਚ ਮੋਹਰੀ ਸਥਾਨ `ਤੇ ਆਉਣ ਵਾਲੀਆਂ ਸੰਸਥਾਵਾਂ ਵਿਚ ਸ਼ੁਮਾਰ ਹੈ। ਇਥੇ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਜੋ ਉਨ੍ਹਾਂ ਦੀ ਸਰਬਪੱਖੀ ਸ਼ਖ਼ਸੀਅਤ ਉਸਾਰੀ ਲਈ ਬਹੁਮੁੱਲਾ ਯੋਗਦਾਨ ਦਿੰਦੀ ਹੈ। ਇਹ ਸੰਸਥਾ ਆਪਣੇ ਟੀਚੇ 'ਸੰਪੂਰਨਤਾ ਲਈ ਯਤਨ ਤੇ ਸਰਵੋਤਮਤਾ ਦੀ ਪ੍ਰਾਪਤੀ` ਪ੍ਰਤੀ ਲਗਾਤਾਰ ਯਤਨਸ਼ੀਲ ਹੈ। ਸੰਸਥਾ ਲਈ ਇਹ ਮਾਣ ਵਾਲੀ ਗੱਲ ਹੈ ਕਿ ਰਾਸ਼ਟਰੀ ਪੱਧਰ `ਤੇ ਸੰਸਥਾਵਾਂ ਦੀ ਦਰਜਾਬੰਦੀ ਕਰਨ ਵਾਲੀ ਕੌਂਸਲ ਨੈਕ ਵੱਲੋਂ ਕਾਲਜ ਨੂੰ ਅਕਾਦਮਿਕ, ਖੇਡਾਂ ਤੇ ਸਭਿਆਚਾਰਕ ਸਰਗਰਮੀਆਂ ਦੀਆਂ ਬੇਮਿਸਾਲ ਪ੍ਰਾਪਤੀਆਂ ਸਦਕਾ 'ਏ ਗਰੇਡ' ਪ੍ਰਦਾਨ ਕੀਤਾ ਗਿਆ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ **2016** ਵਿਚ ਕਾਲਜ ਨੂੰ 'ਕਾਲਜ ਵਿਦ ਪੋਟੈਸ਼ੀਅਲ ਫ਼ਾਰ ਐਕਸੀਲੈਂਸ` ਅਤੇ 'ਆਟੋਨੋਮਸ ਸਟੇਟਸ` ਦਾ ਦਰਜਾ ਦਿੱਤਾ ਗਿਆ ਹੈ।

ਖ਼ਾਲਸਾ ਕਾਲਜ, ਪਟਿਆਲਾ ਦਾ ਆਰੰਭ ਪਦਮ ਸ੍ਰੀ ਡਾ. ਖੁਸ਼ਦੇਵਾ ਸਿੰਘ ਅਤੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਅਣਥੱਕ ਯਤਨਾਂ ਸਦਕਾ **1960** ਈ. ਵਿਚ ਹੋਇਆ। ਇਸਦਾ ਆਰੰਭ ਗੁਰਦੁਆਰਾ ਦੂਖਨਿਵਾਰਨ ਸਾਹਿਬ ਦੇ ਪੰਜ ਕਮਰਿਆਂ ਵਿਚ **35** ਵਿਦਿਆਰਥੀਆਂ ਨਾਲ ਹੋਇਆ। ਕਾਲਜ ਨੂੰ ਮੌਜੂਦਾ ਸਥਾਨ `ਤੇ **1973** ਈ. ਵਿਚ ਗੁਰਦੁਆਰਾ ਸਾਹਿਬ ਤੋਂ ਤਬਦੀਲ ਕਰ ਦਿੱਤਾ ਗਿਆ। 1991 ਵਿਚ ਇਹ ਕਾਲਜ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਆ ਗਿਆ।

ਕਾਲਜ ਦਾ ਕੈਂਪਸ ਬਡੂੰਗਰ ਰੋਡ, ਪਟਿਆਲਾ ਦੀ **20.5** ਏਕੜ ਦੀ ਸ਼ਹਿਰੀ ਜਮੀਨ ਤੇ **18.5** ਏਕੜ ਧਬਲਾਨ ਪਿੰਡ ਦੀ ਜਮੀਨ ਦੇ ਸ਼ਾਂਤਮਈ ਰਮਣੀਕ ਚੌਗਿਰਦੇ ਵਿਚ ਬਣਿਆ ਹੋਇਆ ਹੈ। ਇਸ ਸਮੇਂ ਕਾਲਜ ਵਿਚ **10000 ਤੋਂ ਵੱਧ** ਵਿਦਿਆਰਥੀ ਵੱਖ-ਵੱਖ ਅਨੁਸਾਸ਼ਨਾਂ ਵਿਚ ਵਿੱਦਿਆ ਹਾਸਲ ਕਰ ਰਹੇ ਹਨ। ਵਿਦਿਆਰਥੀਆਂ ਦੀ ਰਹਿਨੁਮਾਈ ਲਈ **211** ਸਟਾਫ਼ ਮੈਂਬਰਾਂ ਦੀ ਟੀਮ ਕਾਰਜਸ਼ੀਲ ਹੈ। ਇਸ ਸਮੇਂ ਸੰਸਥਾ ਵਿਚ **23** ਪੋਸਟ ਗ੍ਰੈਜੂਏਟ ਤੇ **34** ਅੰਡਰ ਗ੍ਰੈਜੂਏਟ ਕੋਰਸ ਸਫਲਤਾਪੂਰਵਕ ਚਲ ਰਹੇ ਹਨ। ਇੱਥੇ ਯੂ.ਜੀ.ਸੀ. ਸਕੀਮ ਅਧੀਨ ਨਿਵੇਕਲੇ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ। ਖ਼ਾਲਸਾ ਕਾਲਜ ਪਟਿਆਲਾ ਭਾਰਤ ਦੀਆਂ ਉਨ੍ਹਾਂ **47** ਸੰਸਥਾਵਾਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਯੂ.ਜੀ.ਸੀ. ਵੱਲੋਂ ਡੀ.ਡੀ. ਕੌਸ਼ਲ ਕੇਂਦਰ ਸਥਾਪਿਤ ਕਰਨ ਲਈ ਚੁਣਿਆ ਗਿਆ।

ਖ਼ਾਲਸਾ ਕਾਲਜ ਪਟਿਆਲਾ

(ਇੱਕ ਖ਼ੁਦਮੁਖ਼ਤਿਆਰ ਸੰਸਥਾ)

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ)

NAAC Accredited "A" Grade

College with 'Potential for Excellence' Status by UGC

Production & Hosting By

NATIONAL PRESS ASSOCIATES

PUBLISHERS AND DISTRIBUTORS OF INDIAN AND INTERNATIONAL JOURNALS

ADMIN OFFICE: C-24, Ground Floor, Panscheel Vihar, Malviya Nagar, New Delhi-110017, India.

REGIONAL OFFICE: 79, GAD Nagar, Flower Enclave, Dugri, Ludhiana-141013, Punjab, India.

BRANCH OFFICE: G-1003, Prakriti Society, Baner-Balewadi Road, Balewadi Pune, 411045 Maharashtra, India.

E-MAIL: info@npajournals.org **Website: www.npajournals.org**

ਪੰਜਾਬੀ ਵਿਭਾਗ
ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ
ਖ਼ਾਲਸਾ ਕਾਲਜ, ਪਟਿਆਲਾ
ਪੰਜਾਬ, ਭਾਰਤ

ISSN: 2394-0980

www.khojpandh.com